ਆਤਮ ਮਾਰਗ ਪ੍ਰਕਾਸ਼ਨ

# ਆਤਮ ਮੰਡਲ

ਕਿਤਾਬ ਅੰਦਰ ਸਿਰਲੇਖ

1. ਸ਼ਕਤੀ ਰੂਪਮਾਨ ਹੋਈ
2. ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ
3. ਹੋਵੈ ਅਨੰਦੁ ਘਣਾ
4. ਕਲਿਯੁਗ ਕੀਰਤਨ ਪ੍ਰਧਾਨ
5. ਸਤਿਗੁਰੂ ਤੇਗ ਬਹਾਦੁਰ ਸਾਹਿਬ
6. ਵਿਸਾਖੀ
7. ਸ਼ਹੀਦੀ ਸਾਕਾ
8. ਦਸ਼ਮੇਸ਼ ਪਿਤਾ ਵੱਲੋਂ ਭਾਈ ਨਿੰਗਰ ਨੂੰ ਉਪਦੇਸ਼ ਬਖਸ਼ਿਸ਼ ਕਰਨਾ
9. ਗੁਰੂ ਅਰਜਨ ਦੇਵ ਜੀ ਤੇ ਭਾਈ ਬਹਿਲੋ
10. ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ

ਲੇਖਕ : ਸ੍ਰੀ ਮਾਨ ਸੰਤ ਬਾਬਾ ਹਰਿਨਾਮ ਸਿੰਘ ਜੀ ਮਹਾਰਾਜ ਰਾਮਪੁਰ ਖੇੜਾ ਸਾਹਿਬ

# ਆਤਮ ਮੰਡਲ

- : ਕਰਤਾ :-

**ਸੰਤ ਬਾਬਾ ਵਰਿਆਮ ਸਿੰਘ ਜੀ**

**ਰਤਵਾੜਾ ਸਾਹਿਬ**

ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।

**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**

**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ ਸੰਪਰਕ ਕੀਤਾ ਸਕਦਾ ਹੈ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**

**ਸੰਪਰਕ ਨੰ: ਦਫਤਰ-94172-14391, 79**

# ਦੋ ਸ਼ਬਦ

ਰਸਕ ਵੈਰਾਗੀ, ਬ੍ਰਹਮ ਵਕਤਾ, ਬ੍ਰਹਮ ਸਰੋਤਰੀ, ਬ੍ਰਹਮ ਦ੍ਰਿਸ਼ਟਾ, ਪੂਰਨ ਮਹਾਂਪੁਰਖ ਸ੍ਰੀ ਮਾਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਪ੍ਰਵਚਨ ਜੋ ਮਨੁੱਖਤਾ ਦੀ ਜੀਵ ਆਤਮਾ ਦੀ ਭਲਾਈ ਲਈ ਆਏ ਹਨ। ਅੱਜ ਦੇ ਦਿਨ ਜਿਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਆਪ ਜੀ ਦਾ ਗੁਰਮਤਿ ਗੁਰੂ ਘਰ ਨਾਲ ਪਿਆਰ ਬਚਪਨ ਤੋਂ ਹੀ ਸੀ 5 ਸਾਲ ਦੀ ਉਮਰ ਵਿੱਚ ਆਪ ਜੀ ਨੇ ਅੰਮ੍ਰਿਤ ਪਾਨ ਕਰਕੇ 'ਵਾਹਿਗੁਰੂ' ਮੰਤਰ ਦੀ ਕਮਾਈ ਸ਼ੁਰੂ ਕਰ ਦਿਤੀ ਸੀ। ਆਪ ਜੀ ਦੱਸਿਆ ਕਰਦੇ ਸਨ ਕਿ ਮੈਂ ਛੋਟਾ ਹੁੰਦਾ ਆਪਣੇ ਭੈਣ ਜਸਵੰਤ ਕੌਰ ਦੇ ਘਰ ਗਿਆ ਥੋੜੇ ਦਿਨ ਲਈ ਪਿੰਡ ਧਲੇਤੇ (ਨਵਾਂ ਸ਼ਹਿਰ) ਗਿਆ ਹੋਇਆ ਸੀ। ਜਦੋਂ ਰਾਤ ਹੋਈ ਮੈਂ ਪੈਣ ਲੱਗਿਆ ਕੀ ਦੇਖਿਆ, 'ਕਿ ਉਚੀ ਦਿਵਾਰ ਤੇ ਕੀਲੀ ਦੇ ਉਤੇ ਇਕ 108 ਮਣਕੇ ਵਾਲੀ ਮਾਲਾ ਪਈ ਹੈ। ਮੈਂ ਇਕ ਵੱਡਾ ਡੰਡਾ ਲੈ ਕੇ ਉਸ ਨੂੰ ਹੌਲੀ ਹੌਲੀ ਉਤਾਰ ਲਿਆ। ਜਦੋਂ ਮੇਰੇ ਹੱਥ ਵਿੱਚ ਉਹ ਮਾਲਾ ਆਈ ਤਾਂ ਮੈਨੂੰ ਐਂਉਂ ਮਹਿਸੂਸ ਹੋਇਆ ਕਿ ਜਿਵੇਂ ਕਿ ਮੇਰੇ ਹੱਥ ਬਹੁਤ ਵੱਡਾ ਖਜਾਨਾ ਲਗ ਗਿਆ ਹੋਵੇ। ਮੈਂ ਉਸੇ ਵੇਲੇ ਉਸ ਨੂੰ ਫੇਰਨਾ ਸ਼ੁਰੂ ਕਰ ਦਿਤਾ, ਅੰਦਰ ਨਾਮ ਧੁਨ ਉਠੀ ਉਸ ਨੇ ਮੇਰੇ ਸਾਰੇ ਸਰੀਰ ਵਿੱਚ ਝਰਨਾਹਟ ਛੇੜ ਦਿਤੀ। ਉਸ ਤੋਂ ਬਾਅਦ ਮੈਂ ਆਪਣੀ ਭੈਣ ਦੇ ਮੰਜੇ ਦੀ ਪੈਂਦ ਵੱਲ ਰਾਤ ਨੂੰ ਸੌਂਦਾ ਸੀ। ਜਦੋਂ ਰਾਤ ਬ੍ਰਹਮ ਮੂਹਰਤ ਵਿੱਚ 1.00 ਵੱਜਣਾ, ਮੈਂ ਉਠ ਕੇ ਬੈਠ ਜਾਣਾ ਅਤੇ ਕੇਸੀ ਇਸ਼ਨਾਨ ਕਰ ਲੈਣਾ। ਇਕ ਟੱਕ ਬਹਿਠ ਕੇ ਦਿਨ ਚੜੇ ਤੱਕ 6 ਮਾਲਾ ਪੱਕਿਆਂ ਵਾਹਿਗੁਰੂ ਮੰਤਰ ਦੀਆਂ ਕਰਨੀਆਂ। ਜਿਸ ਨਾਲ 69984 ਵਾਰੀ ਵਾਹਿਗੁਰੂ ਮੰਤਰ ਦਾ ਜਾਪ ਹੋ ਜਾਣਾ। ਫੇਰ ਦਿਨ ਚੜ੍ਹ ਜਾਣਾ ਵਾਹਿਗੁਰੂ ਮੰਤਰ ਅੰਦਰ ਚਲਦਾ ਰਹਿਣਾ। ਫੇਰ ਕਿਤੇ ਇਕੱਲੇ ਬੈਠਣ ਨੂੰ ਦਿਲ ਕਰਨਾ ਆਪ ਜੀ ਦੱਸਿਆ ਕਰਦੇ ਸਨ ਕਿ ਮੈਂ ਬਿਲਕੁਲ ਇਕਾਂਤ ਜਗ੍ਹਾ ਲੱਭਣ ਲਈ ਗੁੜ ਕੱਢਣ ਵਾਲੀ ਘੁਲਾੜੀ ਤੇ ਪਹੁੰਚਣਾ ਜੋ ਉਸ ਦੀ ਵੈਹਣੀ (ਭੱਠੀ) ਉਸ ਦੇ ਥੱਲੇ ਜਾ ਕੇ ਸਮਾਧੀ ਲਗਾ ਲੈਣੀ ਸਾਰਾ ਸਾਰਾ ਦਿਨ ਦੇਸ਼ ਕਾਲ ਵਸਤੂ ਤੋਂ ਉਪਰ ਉਠ ਕੇ ਸਿਧੇ ਬੈਠੈ ਰਹਿਣਾ। ਇਕ ਦਿਨ ਮੇਰੀ ਭੈਣ (ਜਸਵੰਤ ਕੌਰ) ਮੇਰੇ ਪਿਛੇ ਪਿਛੇ ਚਲੇ ਆਏ ਦੇਖਣ ਲਈ ਕਿ ਇਹ ਕਿਥੇ ਜਾਂਦਾ ਹੈ ਜਦੋਂ ਉਨ੍ਹਾਂ ਨੇ ਦੇਖਿਆ ਕਿ ਇਹ ਬਹੁਤ ਕਸੁਸਰੇ ਵਾਲੀ ਜਗ੍ਹਾਂ ਬੈਠਦਾ ਹੈ ਉਨ੍ਹਾਂ ਨੇ ਫੇਰ ਯੋਗ ਜਗ੍ਹਾਂ ਦੱਸੀ ਬੈਠਣ ਲਈ।

ਕਹਿਣ ਦਾ ਭਾਵ ਆਪ ਜੀ ਸਿਰਫ ਓਦੋਂ 5 ਸਾਲ ਦੀ ਉਮਰ ਸੀ ਐਨਾ ਨਾਮ 'ਵਾਹਿਗੁਰੂ' ਜਪਦੇ ਸਨ। ਐਨੀ ਛੋਟੀ ਉਮਰ ਤੋਂ ਹੀ ਆਪ ਨਾਮ ਰਸੀਏ ਬਣ ਗਏ ਸਨ। ਆਪ ਜੀ ਦੱਸਿਆ ਕਰਦੇ ਸਨ ਕਿ ਇਕ ਵਾਰੀ ਸਾਡੇ ਪਿੰਡ ਧਮੋਟ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੌਰੰਗਾਬਾਦ ਵਾਲੇ ਆਏ ਹੋਏ ਸਨ ਕਿ ਮੈਂ ਵੀ ਉਨ੍ਹਾਂ ਦੇ ਦਰਸ਼ਨ ਕਰਨ ਲਈ ਕਿਸੇ ਦੇ ਘਰ ਪਹੁੰਚਿਆ। ਸਾਰੀ ਸੰਗਤ ਬੈਠੀ ਸੀ ਮੈਂ ਵੀ ਨਮਸ਼ਕਾਰ

ਕਰਕੇ ਬੈਠ ਗਿਆ। ਅਚਾਨਕ ਮੇਰੀ ਸੁਰਤਿ ਦੇ ਅੰਦਰ ਝੁੰਣਝੁਨਾਹਟ ਆਈ ਮੈਂ ਬੈਠਾ ਹੌਲੀ ਹੌਲੀ ਹਿਲ ਰਿਹਾ ਸੀ। ਭਾਈ ਸਾਹਿਬ ਜੀ ਨੇ ਮੇਰੇ ਵੱਲ ਨਿਗਾਹ ਮਾਰੀ ਅਤੇ ਕੋਲ ਬੁਲਾਇਆ ਪੁਛਿਆ ਬਾਲਕੇ ਤੂੰ ਹੌਲੀ ਹੌਲੀ ਹਿਲ ਕਿਉਂ ਰਿਹਾ ਸੀ। ਕਹਿੰਦੇ ਮੈਂ ਦੱਸਿਆ, ਕਿ ਮੇਰੇ ਅੰਦਰ ਸ਼ਬਦ ਚਲ ਰਿਹਾ ਸੀ ਭਾਈ ਸਾਹਿਬ ਨੇ ਪੁਛਿਆ, 'ਕਿ ਕਿਹੜਾ ਸ਼ਬਦ ਚਲ ਰਿਹਾ ਬੇਟਾ। ਆਪ ਨੇ ਦੱਸਿਆ ਕਿ 'ਮਨ ਬੈਰਾਗ ਭਇਆ ਦਰਸ਼ਨ ਦੇਖਣੇ ਕਾ ਚਾਉ'। ਭਾਈ ਸਾਹਿਬ ਨੇ ਸਾਰੀ ਸੰਗਤ ਵਿੱਚ ਦੱਸਿਆ ਕਿ ਭਾਈ ਇਸ ਛੋਟੇ ਜਿਹੇ ਬਾਲਕ ਅੰਦਰ ਅਨਹਦ ਦਾ ਨਾਦ ਹੋ ਰਿਹਾ ਹੈ ਜਿਸ ਕਰਕੇ ਇਹ ਪਿਆਰੀਆਂ ਝੂੰਮਣੀਆਂ ਲੈ ਰਿਹਾ ਹੈ।

ਕਹਿਣ ਦਾ ਭਾਵ, ਆਪ ਜੀ ਨੂੰ ਐਨੀ ਛੋਟੀ ਉਮਰ ਵਿੱਚ ਉਹ ਸ਼ਬਦ ਸੁਣ ਰਿਹਾ ਸੀ ਜਿਹੜਾ ਬਹੁਤ ਤਪੱਸਿਆ ਕਰਨ ਨਾਲ ਵੱਡੀਆਂ ਉਮਰਾਂ ਵਾਲੇ ਯੋਗੀਆਂ ਨੂੰ ਬਹੁਤ ਮਿਹਨਤ ਕਰਨ ਤੋਂ ਬਾਅਦ ਸੁਣਾਈ ਦਿੰਦਾ ਹੈ।

ਇਹ ਕਿਤਾਬ 'ਆਤਮ ਮੰਡਲ' ਜਿਸ ਦਾ ਸਿਰਲੇਖ ਹੈ। ਇਹ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦੀ ਕਿਰਤ ਹੈ। ਜਿਸ ਨਾਮ ਨੂੰ ਜਪ ਜਪ ਕੇ ਆਪ ਜੀ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਆਤਮ ਮੰਡਲ ਦੇ ਵਾਸੀ ਹੋਏ। ਘਾਲਣਾ ਕਮਾਈ ਕਰਕੇ ਉਨ੍ਹਾਂ ਉਚੀਆਂ ਅਵਸਥਾ ਨੂੰ ਆਪ ਜੀ ਨੇ ਛੋਹਿਆ ਹੈ। ਇਹ ਪ੍ਰਵਚਨ ਆਮ ਪੁਸਤਕਾਂ ਵਿੱਚੋਂ ਕਿਸੇ ਜਗਿਆਸੂ ਨੂੰ ਨਹੀਂ ਲੱਭਣੇ। ਜਿਥੇ ਜਗਿਆਸੂ ਆਪਣੇ ਮਨ ਦੇ ਭਰਮਾਂ ਭੁਲੇਖਿਆਂ ਅੰਦਰ ਫਸ ਜਾਂਦਾ ਹੈ। ਫੇਰ ਇਹ ਬਚਨ ਮਹਾਂਪੁਰਖਾਂ ਦੇ ਉਸ ਜਗਿਆਸੂ ਨੂੰ ਕਢ ਕੇ 'ਆਤਮ ਮੰਡਲ' ਦੇ ਰਸਤੇ ਤੋਰਦੇ ਹਨ। ਇਹ ਉਹ ਪ੍ਰਵਚਨ ਹਨ ਜਿਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੀ ਇਕ ਰੁਵਾਈ ਅੰਦਰ ਫੁਰਮਾਨ ਕਰਦੇ ਹਨ –

***ਜਿਨ੍ਹਾਂ ਉਚਯਾਈਆਂ ਉੱਤੋਂ 'ਬੁੱਧੀ' ਖੰਭ ਸਾੜ ਢੱਠੀ,***
***ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।***
***ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,***
***ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।***
***'ਗਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,***
***ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'***
***ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।***

ਉਸ ਵਲਵਲੇ ਦੇ ਦੇਸ਼ 'ਆਤਮ ਮੰਡਲ' ਵਿੱਚ ਆਪ ਜੀ ਦੀ ਸੁਰਤਿ ਛੋਟੀ ਉਮਰੇ ਹੀ ਪਹੁੰਚੀ ਹੋਈ ਸੀ। ਅੱਜ ਉਨ੍ਹਾਂ ਦੇ ਪ੍ਰਵਚਨ ਸਾਨੂੰ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਸੁਰਤਿ ਨੂੰ ਉਪਰ ਲਿਜਾਣ ਲਈ ਅਤੁਰ ਹਨ। ਮੇਰਾ ਵਿਸ਼ਵਾਸ਼ ਹੈ ਜਿਹੜਾ ਜਗਿਆਸੂ ਇਸ ਕਿਤਾਬ ਨੂੰ ਆਪਣੇ ਕੰਮਾਂ

ਕਾਰਾਂ ਤੋਂ ਵਿਹਲਾ ਹੋ ਕੇ ਇਕਾਂਤ ਵਾਸ ਕਰਕੇ ਪੜ੍ਹੇਗਾ ਉਸ ਨੂੰ ਸਹਿਜ ਨਾਲ ਹੀ 'ਆਤਮ ਮੰਡਲ' ਦਾ ਅਨੁਭਵੀ ਗਿਆਨ ਹਿਰਦੇ ਵਿੱਚ ਪਰਗਟ ਹੋ ਜਾਵੇਗਾ ਅਤੇ ਆਪਣੇ ਅਸਲੀ ਜਿੰਦਗੀ ਦੇ ਮਨੋਰਥ ਨੂੰ ਪ੍ਰਾਪਤ ਹੋ ਕੇ ਜਿੰਦਗੀ ਦੇ ਅਸਲੀ ਮੰਤਵ ਨੂੰ ਪ੍ਰਾਪਤ ਕਰ ਜਾਵੇਗਾ। ਇਸ ਫਾਨੀ ਸੰਸਾਰ ਤੇ ਉਸ ਦਾ ਆਉਣਾ ਸਫਲ ਹੋ ਜਾਵੇਗਾ।

ਬੇਨਤੀ ਹੈ ਕਿ ਇਸ ਪੁਸਤਕ ਨੂੰ ਰਤਵਾੜਾ ਸਾਹਿਬ ਵਾਲਿਆਂ ਦੀ 20ਵੀਂ ਬਰਸੀ ਅਤੇ ਉਨ੍ਹਾਂ ਦੇ ਜੀਵਨ ਸਾਥੀ ਪਰਮ ਪੂਜਯ ਸੰਤ ਮਾਤਾ ਬੀਜੀ ਦੀ ਰਣਜੀਤ ਕੌਰ ਜੀ ਦੀ ਅੱਠਵੀਂ ਬਰਸੀ ਤੇ ratwarasahib.com ਵੈਬਸਾਇਟ ਤੇ ਰੀਲੀਜ ਕੀਤਾ ਜਾ ਰਿਹਾ ਹੈ। ਆਪ ਪੜ੍ਹੋ ਅਤੇ ਹੋਰਨਾਂ ਨੂੰ ਇਸ ਦਾ ਲਿੰਕ ਭੇਜੋ ਜੀ।

ਗੁਰਿੰਦਰ ਸਿੰਘ
ਸੇਵਾਦਾਰ
ਅਦਾਰਾ 'ਆਤਮ ਮਾਰਗ'
ਰਤਵਾੜਾ ਸਾਹਿਬ
ਮੋ. 9417214379

ਤਰੀਕ 31.10.2021

# ਤੱਤਕਰਾ


| ਲੜੀ ਨੰ | ਸਿਰਲੇਖ | ਪੰਨਾ ਨੰਬਰ |
|---|---|---|
| 1. | ਸ਼ਕਤੀ ਰੂਪਮਾਨ ਹੋਈ | 2 |
| 2. | ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ | 39 |
| 3. | ਹੋਵੈ ਅਨੰਦੁ ਘਣਾ | 64 |
| 4. | ਕਲਿਯੁਗ ਕੀਰਤਨ ਪ੍ਰਧਾਨ | 91 |
| 5. | ਸਤਿਗੁਰੂ ਤੇਗ ਬਹਾਦੁਰ ਸਾਹਿਬ | 134 |
| 6. | ਵਿਸਾਖੀ | 177 |
| 7. | ਸ਼ਹੀਦੀ ਸਾਕਾ | 210 |
| 8. | ਦਸ਼ਮੇਸ਼ ਪਿਤਾ ਵੱਲੋਂ ਭਾਈ ਨਿੰਗਰ ਨੂੰ ਉਪਦੇਸ਼ ਬਖਸ਼ਿਸ਼ ਕਰਨਾ | 243 |
| 9. | ਗੁਰੂ ਅਰਜਨ ਦੇਵ ਜੀ ਤੇ ਭਾਈ ਬਹਿਲੋ | 271 |
| 10. | ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ | 311 |

# ਸ਼ਕਤੀ ਰੂਪਮਾਨ ਹੋਈ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*

*ਅੰਗ - 290*

*ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨਾ ਜਾਏ ਮਾਲਕਾ।*

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ॥*

*ਜਾਪੁ ਸਾਹਿਬ*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ।ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਅੱਜ ਦਾ ਜੋ ਸ਼ੁੱਭ ਦਿਹਾੜਾ ਵਿਸਾਖੀ ਦਾ ਹੈ ਜਿਸਨੂੰ ਖਾਲਸਾ ਪੰਥ ਦਾ ਪ੍ਰਕਾਸ਼ ਉਤਸਵ ਆਖਿਆ ਜਾਂਦਾ ਹੈ। ਸਾਰੀ ਦੁਨੀਆਂ ਆਪਣੇ-ਆਪਣੇ ਜਨਮ ਦਿਨ ਮਨਾਉਂਦੀ ਹੈ, ਬਹੁਤ ਧੂਮਧਾਮ ਨਾਲ ਮਨਾਉਂਦੇ ਨੇ, ਹਜ਼ਾਰਾਂ ਰੁਪਏ ਖਰਚ ਦਿੰਦੇ ਨੇ। ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ, ਸ਼ੁਭ-ਚਿੰਤਕਾਂ, ਰਿਸ਼ਤੇਦਾਰਾਂ ਨੂੰ ਬੁਲਾਉਂਦੇ ਨੇ, ਤੋਹਫੇ ਲੈ ਲੈ ਕੇ ਆਉਂਦੇ ਨੇ। ਬਹੁਤ ਖੁਸ਼ੀਆਂ ਕੀਤੀਆਂ ਜਾਂਦੀਆਂ ਨੇ। ਪ੍ਰੋਗਰਾਮ ਬਣਾਏ ਜਾਂਦੇ ਨੇ। ਵੱਡੇ-ਵੱਡੇ ਆਦਮੀ ਲੱਖਾਂ ਰੁਪਏ ਖਰਚ ਕਰ ਦਿੰਦੇ ਨੇ। ਇਸ ਤਰ੍ਹਾਂ ਦੇ ਨਾਲ ਇਕ ਕੌਮ ਦਾ ਜਨਮ ਦਿਨ ਜਿਸ ਨੂੰ ਆਖਦੇ ਨੇ, ਜਿਸ ਦਿਨ ਤੋਂ ਖਾਲਸਾ ਪੰਥ ਪ੍ਰਗਟ ਹੋਇਆ ਹੈ, ਉਹ ਅੱਜ ਦਾ ਦਿਨ ਸੀ। ਅੱਜ ਨਵਾਂ ਸਾਲ ਚੜ੍ਹਦਾ ਹੈ, 2050 ਬਿਕ੍ਰਮੀ ਹੈ। ਜਿਹੜਾ ਚੰਦ ਦਾ ਚੜ੍ਹਿਆ ਹੈ, ਥੋੜ੍ਹਾ ਜਿਹਾ ਪਿਛੋਂ ਚੜ੍ਹਿਆ ਹੈ। ਨਾਨਕਸ਼ਾਹੀ ਜੋ ਸੰਮਤ ਅੱਜ ਚੜ੍ਹਦਾ ਹੈ ਉਹ 524 ਹੈ। ਜੋ ਖਾਲਸੇ ਦਾ ਜਨਮਦਿਨ ਹੈ ਉਹ 295 ਸਾਲ ਹੋ ਗਏ। ਅੱਜ ਦਾ ਦਿਨ ਜੋ ਹੈ ਇਤਿਹਾਸ ਦੇ ਪੰਨਿਆਂ ਦੇ ਉੱਤੇ ਬੜੀ ਮਹੱਤਤਾ

ਵਾਲਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਧਿਆਨ ਧਰ ਕੇ ਦੇਖਿਆ, ਕੀ ਦੇਖਦੇ ਨੇ ਕਿ ਸਾਰੀ ਪ੍ਰਿਥਵੀ ਦੇ ਵਿੱਚ ਹਨ੍ਹੇਰ ਮਚਿਆ ਪਿਆ ਹੈ। ਕਿਤੇ ਚਾਨਣੇ ਦੀ ਲਿਸ਼ਕ ਨਹੀਂ ਦਿੱਸ ਰਹੀ। ਅੰਧੇਰਾ ਹੀ ਅੰਧੇਰਾ ਛਾਇਆ ਪਿਆ ਹੈ।

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***

***ਅੰਗ - 145***

ਧਰਮ ਨਾਮ ਦੀ ਚੀਜ਼ ਸੰਸਾਰ 'ਚੋਂ ਚਲੀ ਗਈ।

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

***ਅੰਗ - 145***

ਸੱਚ ਦਾ ਚੰਦਰਮਾ ਝੂਠ ਦੀ ਮੱਸਿਆ ਨੇ ਛੁਪਾ ਲਿਆ।

***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

***ਅੰਗ - 145***

ਅੱਜ ਦੇ ਦਿਨ ਗੁਰੂ ਨਾਨਕ ਪਾਤਸ਼ਾਹ ਨੇ ਸਾਰੇ ਕਾਰੋਬਾਰ ਛੱਡਦੇ ਹੋਏ, ਬਾਲ-ਬੱਚਿਆਂ ਦੀ ਪ੍ਰਵਾਹ ਨਾ ਕਰਦੇ ਹੋਏ। ਮਾਂ-ਬਾਪ ਦੀ ਪਰਵਾਹ ਨਾ ਕਰਦੇ ਹੋਏ, ਦੁਖੀ ਸੰਸਾਰ ਨੂੰ ਸੁੱਖ ਦੇਣ ਵਾਸਤੇ ਪਹਿਲਾ ਕਦਮ ਸੁਲਤਾਨਪੁਰ ਤੋਂ ਪੁੱਟਿਆ। ਮਰਦਾਨਾ ਕਹਿੰਦਾ ਹੈ ਮਹਾਰਾਜ! ਕਿੱਥੇ ਜਾ ਰਹੇ ਓਂ। ਭਾਈ ਬਾਲਾ ਰਜ਼ਾ ਵਿੱਚ ਰਾਜ਼ੀ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ! ਹੁਣ ਬੈਠਣ ਦੀ ਥਾਂ ਨਹੀਂ ਹੈ, ਹੁਣ ਚੱਲੀਏ। ਸੰਸਾਰ ਬਹੁਤ ਦੁਖੀ ਹੈ।

ਪਾਤਸ਼ਾਹ! ਕਿੱਥੇ ਜਾਓਂਗੇ?

ਆਪ ਨੇ ਕਿਹਾ ਕਿ ਜਿੱਥੇ ਨਿਰੰਕਾਰ ਲੈ ਜਾਏਗਾ। ਅੱਜ ਦੇ ਦਿਨ ਗੁਰੂ ਨਾਨਕ ਪਾਤਸ਼ਾਹ ਨੇ ਸੁਲਤਾਨਪੁਰ ਤੋਂ ਅੱਜ ਦੇ ਦਿਨ ਚੜ੍ਹਾਈ ਆਰੰਭ ਕਰੀ ਸੰਸਾਰ ਦੇ ਉਧਾਰ ਵਾਸਤੇ। ਜਿਵੇਂ ਫੌਜਾਂ ਚੜ੍ਹਾਈ ਕਰਦੀਆਂ ਨੇ, ਐਉਂ ਧਰਤ ਲੁਕਾਈ ਨੂੰ ਸੋਧਣ ਵਾਸਤੇ ਗੁਰੂ ਨਾਨਕ ਨੇ ਅੱਜ ਦੇ ਦਿਨ ਚੜ੍ਹਾਈ ਕਰੀ। ਦੋਹਾਂ ਬੱਚਿਆਂ ਨੇ ਗੁਰੂ ਮਹਾਰਾਜ ਦੀ ਇੱਕ-ਇੱਕ ਲੱਤ ਦੇ ਨਾਲ, ਜੱਫੀ ਪਾਈ ਹੋਈ ਹੈ। ਪਤਾ ਹੈ ਉਨ੍ਹਾਂ ਨੂੰ ਕਿ ਹੁਣ ਚਲੇ ਜਾਣਾ ਹੈ। ਮਾਤਾ ਜੀ ਹੱਥ ਬੰਨ੍ਹੀ ਖੜ੍ਹੇ ਨੇ ਕਿ ਅਸਾਡਾ ਵੀ ਕੁਝ ਬਣੇਂਗਾ? ਇਹ ਤਾਂ ਮਾਸੂਮ ਨੇ, ਕਿੱਡਾ ਵੱਡਾ ਕਾਰੋਬਾਰ ਤੁਸੀਂ ਛੱਡ ਰਹੇ ਓਂ। ਗੁਰੂ ਨਾਨਕ ਦੇ ਕੋਲ ਮੋਦੀ ਦਾ ਅਹੁਦਾ ਸੀਗਾ। ਮੋਦੀ ਉਸ ਵੇਲੇ ਵਜ਼ੀਰ ਹੋਇਆ ਕਰਦਾ ਸੀ ਉਨ੍ਹਾਂ ਦਿਨਾਂ 'ਚ। ਅੱਠਵਾਂ ਵਜ਼ੀਰ ਸੀ ਇਹ ਜਿਹਦੇ ਕੋਲ ਸਾਰੀ ਸਪਲਾਈ ਹੋਇਆ ਕਰਦੀ ਸੀ। ਗਰੀਬ-ਗੁਰਬਿਆਂ ਨੂੰ ਸੰਭਾਲਣਾ, ਲੋੜਵੰਦਾਂ ਨੂੰ ਦੇਣਾ। ਸਾਰਾ ਕੁਛ ਛੱਡ ਕੇ ਆਪ ਬੱਚਿਆਂ ਨੂੰ ਰੋਂਦਿਆਂ ਨੂੰ, ਮਾਤਾ ਜੀ ਨੂੰ ਸਿਸਕੀਆਂ ਲੈਂਦਿਆਂ ਨੂੰ ਛੱਡ ਕੇ ਆਪ ਸੰਸਾਰ ਦੇ ਉਧਾਰ ਵਾਸਤੇ ਚੱਲੇ ਤੇ ਅੱਜ ਦਾ ਹੀ ਦਿਨ ਮਹੱਤਤਾ ਰਖਦਾ ਹੈ। ਗੋਇੰਦਵਾਲ ਸਾਹਿਬ ਬਉਲੀ ਸਾਹਿਬ ਦਾ ਕੜ ਨਹੀਂ ਸੀ ਟੁੱਟਦਾ। ਬਹੁਤ ਯਤਨ ਕੀਤਾ, ਲੇਕਿਨ ਉਹ ਟੁੱਟਦਾ ਨਹੀਂ ਸੀ, ਐਡਾ ਸਖਤ ਪੱਥਰ ਆਇਆ ਹੋਇਆ

ਸੀ, ਅੱਜ ਦੇ ਦਿਨ ਉਹ ਕੜ ਟੁੱਟਿਆ। ਇਸੇ ਤਰ੍ਹਾਂ ਦੇ ਨਾਲ ਅੱਜ ਦਾ ਦਿਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੇ ਬਾਰੇ ਸ਼ੱਕ ਸੀ ਸਾਰਿਆਂ ਦੇ ਮਨਾਂ 'ਚ, ਪੂਰੀ ਤਰ੍ਹਾਂ ਪ੍ਰਗਟ ਨਹੀਂ ਸੀ ਹੋ ਰਿਹਾ, ਲੇਕਿਨ ਅੱਜ ਕੌਤਕ ਵਰਤਿਆ। ਪਿੰਗਲੇ ਦੀ ਖਾਰੀ ਲਿਆ ਕੇ ਕੰਢੇ 'ਤੇ ਰੱਖ ਦਿੱਤੀ। ਬੀਬੀ ਪ੍ਰਸ਼ਾਦਾ ਲਿਆਉਣ ਵਾਸਤੇ ਅਤੇ ਸੇਵਾ ਕਰਨ ਵਾਸਤੇ ਗੁਰੂ ਕੇ ਲੰਗਰਾਂ 'ਚ ਜਾਂਦੀ ਹੈ, ਉਹ ਕੀ ਦੇਖਦਾ ਹੈ ਕਿ ਕਾਉਂ ਆ ਕੇ ਚੁੱਭੀ ਮਾਰਦੇ ਨੇ ਤੇ ਚਿੱਟੇ ਹੋ ਕੇ ਨਿਕਲ ਜਾਂਦੇ ਨੇ। ਇਸਨੇ ਵੀ ਖਾਰੇ ਤੋਂ ਰਿੜ੍ਹ-ਰਿੜ੍ਹ ਕੇ, ਉਹਦੇ ਵਿੱਚ ਆ ਕੇ ਜਲ ਦੇ ਚੁੱਭੀ ਮਾਰੀ। ਨਵਾਂ ਨਰੋਆ ਹੋ ਗਿਆ ਤੇ ਅੰਮ੍ਰਿਤਸਰ ਸਾਹਿਬ ਦਾ ਜੋ ਪ੍ਰਮ ਪਵਿੱਤਰ ਤੀਰਥ ਹੈ ਅੱਜ ਦੇ ਦਿਨ ਪ੍ਰਗਟ ਹੋ ਗਿਆ। ਅੱਜ ਦੇ ਦਿਨ ਹੀ ਗੁਰੂ ਅੱਠਵੇਂ ਪਾਤਸ਼ਾਹ ਨੇ ਆਦੇਸ਼ ਦਿੱਤਾ, ਪਾਤਸ਼ਾਹ! ਕੀਹਦੇ ਲੜ ਲਾ ਕੇ ਜਾ ਰਹੇ ਓਂ, ਕਹਿਣ ਲੱਗੇ, ਬਾਬਾ ਬਕਾਲੇ। ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਦਾ ਸੰਕੇਤ ਦਿੱਤਾ ਤੇ ਅੱਜ ਦੇ ਦਿਨ ਹੀ ਗੁਰੂ ਦਸ਼ਮੇਸ਼ ਪਿਤਾ ਨੇ ਇੱਕ ਆਦਰਸ਼ਕ ਮਨੁੱਖ ਪ੍ਰਗਟ ਕੀਤਾ। ਜੋ ਬਹੁਤ ਉੱਚਾ ਸੀ, ਜਿਸਦੀ ਪਦਵੀ ਖਾਲਸੇ ਦੀ ਪਦਵੀ ਹੋਈ, ਅੱਜ ਇਸ ਘਟਨਾ ਨੂੰ 294 ਸਾਲ ਪੂਰੇ ਹੋ ਚੁੱਕੇ ਨੇ ਤੇ ਅੱਜ ਦੇ ਦਿਨ ਸਾਲ ਸ਼ੁਰੂ ਹੋ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੇ 200 ਸੌ ਸਾਲ ਗੁਰੂ ਅੰਗਦ ਦੇ ਸਰੂਪ 'ਚ ਗੁਰੂ ਅਮਰਦਾਸ ਜੀ ਦੇ ਸਰੀਰ ਵਿੱਚ, ਗੁਰੂ ਰਾਮਦਾਸ ਜੀ ਦੇ ਸਰੀਰ ਵਿੱਚ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿਰਾਇ ਤੇ ਗੁਰੂ ਹਰਿਕ੍ਰਿਸ਼ਨ ਮਹਾਰਾਜ, ਗੁਰੂ ਤੇਗ ਬਹਾਦਰ ਸਾਹਿਬ ਦੇ ਸਰੀਰਾਂ 'ਚੋਂ ਹੋ ਕੇ ਕੰਮ ਕੀਤਾ ਤੇ ਜੋ ਮਨੁੱਖ ਸਦੀਆਂ ਦਾ ਗੁਲਾਮ ਹੋਇਆ ਹੋਇਆ ਸੀ, ਪੰਜ ਹਜ਼ਾਰ ਸਾਲ ਕਲਜੁਗ ਨੂੰ ਹੋ ਚੁੱਕੇ ਸਨ ਤੇ ਬੰਦਾ ਐਨਾ ਨਿਮਾਣਾ ਤੇ ਨਿਤਾਣਾ ਹੀਣਾ ਹੋ ਚੁੱਕਿਆ ਸੀ ਕਿ ਓਸ ਨੂੰ ਪ੍ਰਮੇਸ਼ਰ ਦੀ ਸਮਝ ਬਿਲਕੁਲ ਭੁੱਲ ਗਈ, ਆਪਣਾ ਅਹਿਸਾਸ ਹੀ ਭੁੱਲ ਗਿਆ, ਕੋਈ ਪਤਾ ਨਹੀਂ ਰਿਹਾ ਕਿ ਮੇਰਾ ਨਿੱਜ ਦਾ ਧਰਮ ਕੀ ਹੈ। ਬੇਮੁੱਖ ਹੋ ਗਿਆ, ਹੀਣਤਾ ਆ ਗਈ, ਬਾਹਰਲੇ ਪ੍ਰਦੇਸੀਆਂ ਨੇ ਆ ਕੇ ਗੁਲਾਮ ਬਣਾ ਲਿਆ, ਧਰਮ ਦੀ ਮਨਾਹੀ ਕਰ ਦਿੱਤੀ ਗਈ, ਅਜ਼ਾਦੀ ਜਾਂਦੀ ਰਹੀ। ਨਾ ਧਾਰਮਿਕ ਅਜ਼ਾਦੀ, ਨਾ ਆਰਥਿਕ ਅਜ਼ਾਦੀ, ਨਾ ਸਮਾਜਿਕ ਅਜ਼ਾਦੀ; ਆਰਥਿਕ ਤੌਰ 'ਤੇ ਪਾਬੰਦੀਆ ਲਾ ਦਿੱਤੀਆਂ ਕਿ ਭਾਰਤ ਵਰਸ਼ ਦਾ ਜੋ ਹਿੰਦੂ ਵਰਗ ਹੈ, ਉਹ ਛੇ ਮਹੀਨੇ ਤੋਂ ਵੱਧ ਖਾਣ ਲਈ ਦਾਣੇ ਆਪਣੇ ਘਰ ਨਹੀਂ ਰੱਖ ਸਕਦਾ। ਬਾਕੀ ਸਰਕਾਰ ਚੁੱਕ ਲੈਂਦੀ ਸੀ। ਇਹ ਘੋੜੇ 'ਤੇ ਨਹੀਂ ਚੜ੍ਹ ਸਕਦਾ, ਖੱਚਰ 'ਤੇ ਚੜ੍ਹ ਸਕਦਾ ਹੈ, ਘੋੜਾ ਰੱਖਣਾ ਮਨ੍ਹਾ ਕਰ ਦਿੱਤਾ ਸੀ। ਇਹ ਦਸਤਾਰ ਨਹੀਂ ਬੰਨ੍ਹ ਸਕਦਾ, ਨੰਗੇ ਸਿਰ ਰਹਿ ਸਕਦਾ ਹੈ। ਦਸਤਾਰ ਜੋ ਚਿੰਨ੍ਹ ਸੀ ਸਰਦਾਰੀ ਦਾ ਉਹ ਖੋਹ ਲਿਆ, ਇਹ ਗਿੱਟੇ ਉੱਚੇ ਕਰਕੇ ਪਜਾਮਾ ਪਾ ਸਕਦਾ ਹੈ। ਗਿੱਟੇ ਨਹੀਂ ਢਕ ਸਕਦਾ, ਖਾਣ ਦੇ ਉੱਤੇ, ਪਹਿਨਣ ਦੇ ਉੱਤੇ, ਚੱਲਣ ਫਿਰਨ ਦੇ ਉੱਤੇ ਪਾਬੰਦੀਆਂ ਹੀ ਪਾਬੰਦੀਆਂ ਨੇ ਜੇ ਹਿੰਦੂ ਦਾ ਘਰ ਨੇੜੇ ਤੇੜੇ ਇਸਲਾਮ ਵਾਲੇ ਦਾ ਘਰ ਹੈ, ਘਰ ਵਿੱਚ ਗਲੀ ਪੈ ਗਈ ਤੇ ਪਾਣੀ ਉੱਤੋਂ ਟਪਕਣਾ ਸ਼ੁਰੂ ਹੋਇਆ, ਉਹ ਕੋਠੇ 'ਤੇ ਨਹੀਂ ਸੀ ਚੜ੍ਹ ਸਕਦਾ,

ਪਹਿਲਾਂ ਆਪਣੇ ਪੜੌਸੀ ਨੂੰ ਆਵਾਜ਼ ਮਾਰਦਾ ਸੀ ਕਿ ਕ੍ਰਿਪਾ ਕਰ ਮੇਰੇ ਕੋਠੇ ਦੇ ਉੱਤੇ ਗਲੀ ਪੈ ਗਈ ਹੈ ਤੇ ਤੂੰ ਬੰਦ ਕਰ ਦੇ। ਜੇ ਉਹਨੇ ਇਜਾਜ਼ਤ ਦੇ ਦਿੱਤੀ ਕਿ ਚੰਗਾ ਬਈ ਤੂੰ ਆਪ ਚੜ੍ਹ ਜਾ, ਤਾਂ ਫੇਰ ਚੜ੍ਹ ਜਾਣਾ ਹੈ, ਨਹੀਂ ਤਾਂ ਨਹੀਂ ਚੜ੍ਹਨਾ। ਇਸੇ ਤਰ੍ਹਾਂ ਦੇ ਨਾਲ ਸੰਖ ਨਹੀਂ ਸੀ ਵੱਜ ਸਕਦਾ। ਘੜਿਆਲ ਨਹੀਂ ਸੀ ਵੱਜ ਸਕਦੀ। ਕੋਈ ਨਵਾਂ ਮੰਦਰ ਨਹੀਂ ਸੀ ਬਣ ਸਕਦਾ। ਠਾਕੁਰ ਦੁਆਰਾ ਨਹੀਂ ਸੀ ਬਣ ਸਕਦਾ, ਦੇਹੁਰਾ ਨਹੀਂ ਸੀ ਬਣ ਸਕਦਾ। ਮਨੁੱਖ ਦੇ ਉੱਤੇ ਪਾਬੰਦੀਆਂ ਹੀ ਪਾਬੰਦੀਆਂ ਲਗ ਗਈਆਂ। ਭਜਨ ਕਰਨ ਦੀ ਵੀ ਪਾਬੰਦੀ ਲਗ ਗਈ। ਖਾਣ ਪੀਣ ਦੀਆਂ ਪਾਬੰਦੀਆਂ ਲਗ ਗਈਆਂ। ਜੇ ਕਿਸੇ ਦਾ ਜੀਅ ਮਾਸ ਖਾਣ ਨੂੰ ਕਰਦਾ ਹੈ, ਉਹ ਖਾ ਨਹੀਂ ਸੀ ਸਕਦਾ, ਮੁੱਲਾਂ ਦੇ ਕੋਲ ਜਾਣਾ ਪੈਂਦਾ ਸੀ, ਉਹ ਕਲਮਾਂ ਪੜ੍ਹ ਕੇ ਉਹਨੂੰ ਹਲਾਲ ਕਰਕੇ ਦਿੰਦਾ ਤਾਂ ਖਾ ਸਕਦਾ ਸੀ। ਯਾਨਿ ਹਰ ਪਾਸੇ ਪਾਬੰਦੀਆਂ ਹੀ ਪਾਬੰਦੀਆਂ ਸੀ। ਇਹ ਸਦੀਆਂ ਦੀ ਗੁਲਾਮੀ ਨੇ ਮਨੁੱਖੀ ਮਨ 'ਤੇ ਐਨਾ ਅਸਰ ਕੀਤਾ ਕਿ ਇੱਕ ਤਰ੍ਹਾਂ ਨਾਲ ਉਹ ਮੁਰਦਾ ਹੀ ਹੋ ਗਿਆ। ਮੁਰਦੇ ਨੂੰ ਜੀਵਾਉਣ ਵਾਸਤੇ ਬੜਾ ਸਮਾਂ ਲੱਗਿਆ ਕਿਉਂਕਿ ਗੁਰੂ ਮਹਾਰਾਜ ਨੇ ਏਸ ਮੁਰਦੇ ਵਾਸਤੇ ਇੱਕ ਅੰਮ੍ਰਿਤ ਦਿੱਤਾ ਜਿਸ ਨੂੰ ਨਾਮ ਕਹਿੰਦੇ ਨੇ। ਉਹਦੇ ਨਾਲ ਇਹ ਹੌਲੀ-ਹੌਲੀ ਉਠਿਆ ਲੇਕਿਨ ਬਹੁਤ ਕੁਰੀਤੀਆਂ ਸੀ। ਜਿਸ ਥਾਂ ਦੇ ਉੱਤੇ ਬ੍ਰਾਹਮਣ ਬੈਠ ਜਾਂਦਾ, ਜੇ ਸ਼ੂਦਰ ਕੋਲ ਦੀ ਲੰਘ ਗਿਆ ਕੰਮ ਕਰਨ ਵਾਲਾ, ਉਹ ਖਾਣਾ ਨਹੀਂ ਸੀ ਖਾਂਦਾ, ਉਹ ਕਹਿੰਦੇ ਸੀ ਕਿ ਭਿੱਟ ਦਿੱਤਾ।

***ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥***

***ਅੰਗ - 472***

ਮਹਾਰਾਜ ਕਹਿੰਦੇ ਕਮਾਲ ਦੀਆਂ ਗੱਲਾਂ ਨੇ ਆਪ ਫਿੱਟੇ ਹੋਏ, ਆਪ ਮੈਲੇ, ਆਪ ਜੂਠੇ ਹੋ ਕੇ ਚਉਂਕੇ 'ਤੇ ਚੜ੍ਹਦੇ ਨੇ ਤੇ ਦੂਸਰਿਆਂ ਨੂੰ ਗਾਲ੍ਹਾਂ ਕੱਢਦੇ ਨੇ। ਸਮਾਜ ਦੀਆਂ ਸਾਰੀਆ ਬੁਰਿਆਈਆਂ ਦੇ ਨਾਲ ਬੰਦਾ ਬਿਲਕੁਲ ਹੇਠਾਂ ਆ ਗਿਆ, ਕੋਈ ਆਸ ਨਹੀਂ ਸੀ ਕਿ ਇਹ ਮੁੜ ਕੇ ਇਹ ਜੋ ਆਰੀਅਨ ਸਭਿਅਤਾ ਜੀਉਂਦੀ ਹੋ ਜਾਏਗੀ। ਬਹੁਤ ਵੱਡਾ ਕੰਮ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਬੜੀ ਦੀਰਘ ਨਿਗ੍ਹਾਂ ਦੌੜਾਈ, ਇਹ ਬੰਦਾ ਚਾਰ ਆਸ਼ਰਮਾਂ 'ਚ ਵੰਡਿਆ ਹੋਇਆ ਸੀ, ਚਾਰ ਵਰਨਾਂ 'ਚ, ਬੰਦੇ ਦੀ ਜ਼ਿੰਦਗੀ ਵੰਡੀ ਹੋਈ ਸੀ। ਚਾਰ ਆਸ਼ਰਮ - ਪੱਚੀ ਸਾਲ ਤੋਂ ਪਹਿਲਾਂ ਵਿਆਹ ਨਹੀਂ ਸੀ ਕਰਾ ਸਕਦਾ, ਪੱਚੀ ਸਾਲ ਗ੍ਰਹਿਸਤ 'ਚ ਰਹਿ ਸਕਦਾ ਹੈ, ਪੰਜਾਹ ਤੋਂ ਬਾਅਦ ਇਹਨੂੰ ਘਰ ਬਾਰ ਛੱਡਣਾ ਪੈਂਦਾ ਸੀ, ਪਝੱਤਰ ਸਾਲ ਦੀ ਉਮਰ ਤੋਂ ਬਾਅਦ ਇਹਨੂੰ ਰਮਣ ਕਰਨਾ ਪੈਂਦਾ, ਰਟਣ ਕਰਨਾ ਪੈਂਦਾ। ਇਸੇ ਤਰ੍ਹਾਂ ਜੋ ਆਦਮੀ ਦਾ ਕਿੱਤਾ ਸੀ। ਕਿੱਤੇ ਦੇ ਮੁਤਾਬਿਕ ਵੰਡਾਂ ਕੀਤੀਆਂ ਗਈਆਂ ਸੀ, ਜਿਸ ਕਿੱਤੇ ਨੂੰ ਕੋਈ ਅਪਨਾਉਣਾ ਚਾਹੁੰਦਾ ਹੈ, ਉਹਨੂੰ ਉਹ ਅਪਣਾਅ ਸਕਦਾ ਸੀ। ਨਹੀਂ ਅਪਨਾਉਣਾ ਤਾਂ ਦੂਸਰੇ 'ਚ ਆ ਸਕਦੇ ਸੀ। ਚਾਰ ਵੰਡਾਂ ਕੀਤੀਆਂ ਗਈਆਂ, ਇੱਕ ਪੜ੍ਹਨ ਲਿਖਣ ਵਾਲੇ ਖੋਜ ਕਰਨ ਵਾਲੇ ਬੰਦਿਆਂ ਦੀਆ। ਜਿਨ੍ਹਾਂ ਦੇ ਜ਼ਿੰਮੇ ਧਾਰਮਿਕ ਕਾਰਜ ਕਰਾਉਣੇ, ਵਿਆਹ, ਸ਼ਾਦੀਆਂ, ਜੰਮਣ ਮਰਨ, ਹੋਰ ਅਨੇਕਾਂ ਕੰਮ, ਉਨ੍ਹਾਂ ਨੂੰ ਬ੍ਰਾਹਮਣ

ਵਰਗ ਆਖਿਆ ਗਿਆ, ਦੂਸਰਾ ਵਰਗ ਸੀ ਜਿਨ੍ਹਾਂ ਨੇ ਸੀਸ ਤਲੀ 'ਤੇ ਧਰੇ ਹੋਏ ਸੀ, ਉਨ੍ਹਾਂ ਦੇ ਨਿਯਮ ਸੀ, ਉਹ ਕਸ਼ਤਰੀ ਕਹਾਉਂਦੇ ਸੀ, ਦੇਸ਼ ਦੀ ਰਾਖੀ ਵਾਸਤੇ ਮਰ ਮਿਟਦੇ ਸੀ। ਤੀਸਰੇ ਵਪਾਰ ਵਿੱਚ ਪੂਰਾ ਧਿਆਨ ਦਿੰਦੇ ਸੀ, ਉਨ੍ਹਾਂ ਵੈਸ ਆਖਿਆ ਜਾਂਦਾ ਸੀ। ਚੌਥੇ ਸਾਰੇ ਸਮਾਜ ਦੀ ਸੇਵਾ ਕਰਦੇ ਸੀ, ਹਰ ਥਾਂ ਦੇ ਉੱਤੇ ਕੰਮ ਕਰਦੇ ਸੀ। ਉਨ੍ਹਾਂ ਨੂੰ ਸ਼ੂਦਰ ਆਖਿਆ ਜਾਂਦਾ ਸੀ। ਵੰਡ ਐਸੀ ਹੋਈ ਕਿ ਹੌਲੀ-ਹੌਲੀ ਜਾਤਾਂ ਬਣ ਗਈਆਂ ਇਹ। ਇੱਕ ਜਾਤ ਦਾ ਬੰਦਾ ਓਸੇ ਜਾਤ 'ਚ ਬ੍ਰਾਹਮਣ ਕਹਾਉਣ ਲਗ ਗਿਆ। ਉਸੇ 'ਚ ਸ਼ੂਦਰ ਕਹਾਉਣ ਲਗ ਗਿਆ। ਸਮਾਜ ਦੀ efficiency ਜਾਂਦੀ ਰਹੀ, ਤੇ ਉਹ ਐਨਾ ਪੱਕ ਗਈ ਕਿ ਵਹਿਮ ਪ੍ਰਸਤੀ ਦੇ ਦਰਜੇ ਨੂੰ ਵੀ ਲੰਘ ਗਈ, ਕੋਈ ਇਲਾਜ ਨਹੀਂ ਸੀ ਨਜ਼ਰ ਆਉਂਦਾ। ਇੱਕ ਦੂਜੇ ਦੀ ਭਿੱਟ ਲੱਗਣ ਲਗ ਗਈ। ਆਪ ਵਿੱਚ ਵਰਤ ਵਿਹਾਰ ਬੰਦ ਹੋ ਗਿਆ, ਸ਼ਾਦੀਆਂ ਬੰਦ ਹੋ ਗਈਆਂ, ਸਮਾਜ ਖੇਰੂੰ-ਖੇਰੂੰ ਹੋ ਗਿਆ। ਇਲਾਜ ਕੋਈ ਨਹੀਂ ਸੀ ਇਸਦਾ ਨਜ਼ਰ ਆਉਂਦਾ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਐਸੀ ਕਰਾਮਾਤ ਕੀਤੀ ਕਿ ਇੱਕੋ ਬੰਦਾ ਉਹਦੇ ਵਿਚ ਚਾਰੋ ਹੀ ਵਰਨ 'ਤੇ ਚਾਰੋਂ ਹੀ ਜਾਤਾਂ ਜੋ ਕਿੱਤੇ ਸੀ, ਚਾਰੇ ਹੀ ਆਸ਼ਰਮ; ਇੱਕੋ ਬੰਦੇ ਵਿੱਚ ਲਿਆ ਦਿੱਤੇ ਮਹਾਰਾਜ ਨੇ ਕਿ ਪਹਿਲਾਂ ਉਹ ਵਿਦਿਆ ਪੜ੍ਹੇ, ਧਰਮ ਦਾ ਵਿਚਾਰ ਕਰੇ, ਵਿਦਿਆ 'ਚ ਨਿਪੁੰਨ ਹੋ ਕੇ ਫੇਰ ਗ੍ਰਹਿਸਤ ਆਸ਼ਰਮ 'ਚ ਆਵੇ। ਗ੍ਰਹਿਸਤੀ ਹੁੰਦਾ ਹੋਇਆ, ਬ੍ਰਾਹਮਣ ਦਾ ਵੀ ਕੰਮ ਕਰੇ, ਸ਼ੂਦਰ ਦਾ ਵੀ ਕੰਮ ਕਰੇ, ਸੇਵਾ ਕਰੇ, ਖੇਤੀ ਬਾੜੀ ਕਰੇ, ਹੋਰ ਮਿਹਨਤਾਂ ਮੁਸ਼ੱਕਤਾਂ ਕਰੇ ਤੇ ਓਹੀ ਬੰਦਾ ਵਪਾਰ ਕਰੇ। ਓਹੀ ਬੰਦਾ ਧਰਮ ਦਾ ਪ੍ਰਚਾਰ ਕਰੇ। ਬ੍ਰਾਹਮਣ ਦਾ ਕੰਮ ਕਰੇ। ਇੱਕੋ ਬੰਦੇ ਦੇ ਵਿੱਚ ਚਾਰੋ ਚੀਜ਼ਾਂ ਲਿਆ ਦਿੱਤੀਆਂ, ਗੁਰੂ ਦਸ਼ਮੇਸ਼ ਪਿਤਾ ਨੇ। ਉਹ ਜਿਹੜੀ ਵੰਡ ਸੀ ਉਹ ਹਟਾ ਦਿੱਤੀ, ਨਾ ਕੋਈ ਬ੍ਰਾਹਮਣ ਰਹਿਣ ਦਿੱਤਾ, ਨਾ ਖੱਤਰੀ, ਨਾ ਕੋਈ ਵੈਸ, ਨਾ ਕੋਈ ਸ਼ੂਦਰ, ਅੰਮ੍ਰਿਤ ਦਾ ਬਾਟਾ ਸਾਰਿਆਂ ਨੂੰ ਸਾਂਝਾ ਕਰਕੇ ਪਿਲਾ ਦਿੱਤਾ। ਕਰਮ ਨਾਸ਼ ਕਰ ਦਿੱਤੇ, ਜ਼ਾਤ ਨਾਸ਼ ਕਰ ਦਿੱਤੀ, ਧਰਮ ਨਾਸ਼ ਕਰ ਦਿੱਤਾ, ਇੱਕ ਸੋਹਣਾ, ਸੁਲਝਿਆ ਹੋਇਆ ਮਨੁੱਖ ਪੈਦਾ ਕਰ ਦਿੱਤਾ। ਜੋ ਅੰਦਰੋਂ ਵੀ ਜਾਗਦਾ ਸੀ ਤੇ ਬਾਹਰੋਂ ਵੀ ਖਬਰਦਾਰ ਸੀ ਤੇ ਉਹਨੂੰ ਉਪਾਧੀ ਦਿੱਤੀ ਖਾਲਸੇ ਦੀ। ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਬੁਨਿਆਦ ਰੱਖੀ ਤੁਰੀ ਆ ਰਹੀ ਸੀ। ਬ੍ਰਹਮਗਿਆਨ ਦੀ ਅਵਸਥਾ ਤੱਕ ਬੇਅੰਤ ਗੁਰਸਿੱਖ ਪਹੁੰਚ ਚੁੱਕੇ ਸਨ। ਗੁਰੂ ਮਹਾਰਾਜ ਨੇ ਸਾਰੇ ਨਿਰਾਰਥਕ ਕਰਮਾਂ ਨੂੰ ਹਟਾ ਕੇ ਭਰਮਾਂ ਨੂੰ ਹਟਾ ਕੇ, ਜੋ ਬੇਅੰਤ ਹੀ ਸਨ ਸਮਾਜ ਦੇ ਅੰਦਰ। ਇੱਕ ਨਾਅਰਾ ਦਿੱਤਾ ਕਿ ਪਿਆਰਿਓ! ਇਹ ਜਿਹੜਾ ਸਰੀਰ ਹੈ ਇਹ ਮਿਲਿਆ ਤਾਂ ਹੈ ਕਿ ਪ੍ਰਮੇਸ਼ਰ ਨੂੰ ਮਿਲਣਾ ਹੈ, ਲੇਕਿਨ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਤੁਹਾਨੂੰ ਖੱਪਣ ਦੀ ਲੋੜ ਨਹੀਂ, ਦੌੜਨ ਦੀ ਲੋੜ ਨਹੀਂ, ਘਰ ਬਾਰ ਛੱਡਣ ਦੀ ਲੋੜ ਨਹੀਂ, ਕੇਵਲ ਉਸ ਪ੍ਰਭੂ ਦੇ ਨਾਲ ਪਿਆਰ ਕਰਨ ਦੀ ਲੋੜ ਹੈ। ਉਹ ਪਿਆਰ ਜਿੰਨੀ ਦੇਰ ਤੱਕ ਗੁਰੂ ਨਾਲ ਨਹੀਂ ਨਾ ਕਰਦੇ, ਓਨੀਂ ਦੇਰ ਤੱਕ ਨਿਰਗੁਣ ਦਾ ਪਿਆਰ ਤੁਹਾਡੇ ਹਿਰਦੇ 'ਚ ਨਹੀਂ ਵਸਣਾ। ਕਿਉਂਕਿ ਗੁਰੂ ਉਹਦਾ ਰੂਪ ਹੈ ਪਿਆਰ ਦਾ ਆਪ ਨੇ ਨਾਅਰਾ ਦਿੱਤਾ ਤੇ ਥਿਊਰੀ

ਲਿਆਂਦੀ-

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ,*
*ਤਿਨ ਹੀ ਪ੍ਰਭ ਪਾਇਓ।*

ਸਿਰਫ ਪਿਆਰ ਕਰਨ ਵਾਲੇ ਨੂੰ ਪ੍ਰਮੇਸ਼ਰ ਮਿਲ ਸਕਦਾ ਹੈ, ਨਫਰਤ ਜਿਹਦੇ ਹਿਰਦੇ 'ਚ ਹੈ ਉਹਨੂੰ ਨਹੀਂ ਮਿਲਦਾ। ਸੋ ਪਿਆਰ ਦੇ ਬਾਰੇ ਵੀ ਦਸ ਦਿੱਤਾ ਕਿ ਗੁਰੂ ਦਾ ਪਿਆਰ ਜੋ ਹੁੰਦਾ ਹੈ, ਉਹ ਐਨਾ ਡੂੰਘਾ ਹੁੰਦਾ ਹੈ ਕਿ ਆਪਣਾ ਕੁਛ ਵੀ ਨਹੀਂ ਹੁੰਦਾ, ਪਿਆਰ ਦਾ ਤਾਂ ਅਨੁਭਵ ਸਾਰਿਆਂ ਨੂੰ ਹੈ ਪਰ ਉਹ ਪਿਆਰ ਅਸਲੀ ਪਿਆਰ ਨਹੀਂ। ਵਿਸ਼ੇ ਵਿਕਾਰਾਂ ਦਾ ਪਿਆਰ ਹੈ, ਗਰਜ ਦਾ ਪਿਆਰ ਹੈ, ਗੁਰੂ ਦਾ ਜੋ ਪਿਆਰ ਹੈ ਉਹ ਨਿਸ਼ਕਾਮ ਪਿਆਰ ਹੁੰਦਾ ਹੈ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸਿਰ ਧਰ ਕੇ ਤਲੀ 'ਤੇ ਆਜਾ,*
*ਲੰਘਣਾ ਪ੍ਰੇਮ ਦੀ ਗਲੀ ਪਿਆਰਿਆ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ - 1412*

ਪਿਆਰ ਦੀ ਪਛਾਣ, ਪਿਆਰ ਵਾਸਤੇ ਕੁਰਬਾਨੀ। ਕਹਿੰਦੇ, ਪਹਿਲਾਂ ਮਰਨਾ ਕਬੂਲ ਕਰਨਾ ਪੈਂਦਾ ਹੈ, ਆਪਣਾ ਆਪਾ ਜੋ ਹੈ ਉਹ ਗਵਾਉਣਾ ਪੈਂਦਾ ਹੈ। ਆਦਮੀ ਜੀਉਂਦਾ ਕਾਹਦੇ ਨਾਲ ਹੈ। ਆਦਮੀ ਦੇ ਅੰਦਰ ਇੱਕ ਤੱਤ ਹੈ, ਜਿਸਨੂੰ ਹਉਮੈ ਕਹਿੰਦੇ ਨੇ, ਇਹ ਹਉਮੈ ਕਰਕੇ ਵੱਖਰਾ ਹੋ ਕੇ ਜੀਉਂਦਾ ਹੈ। ਗੁਰੂ ਨਾਲੋਂ ਵਿਛੁੜ ਜਾਂਦਾ ਹੈ, ਪ੍ਰਮੇਸ਼ਰ ਦੇ ਨਾਲੋਂ ਵਿਛੜ ਜਾਂਦਾ ਹੈ ਤੇ ਵਖਰਾ ਹੋ ਕੇ ਦੁਨੀਆਂ ਰਚਦਾ ਹੈ, ਵਖਰੇ ਇਹਦੇ ਖਿਆਲ ਹੁੰਦੇ ਨੇ। ਮਹਾਰਾਜ ਕਹਿੰਦੇ, ਪਿਆਰਿਆ! ਦੋ ਤਾਂ ਇੱਕ ਥਾਂ ਨਹੀਂ ਰਹਿਣੇ, ਇੱਕੋ ਹੀ ਰਹੇਗਾ, ਦੋ ਦਾ ਤਾਂ ਪਿਆਰ ਹੀ ਨਹੀਂ ਹੁੰਦਾ। ਕਿਉਂਕਿ ਪਿਆਰ ਦੇ ਵਿੱਚ ਖਿੱਚ ਹੁੰਦੀ ਹੈ। ਮਹਾਰਾਜ ਨੇ ਮਿਸਾਲਾਂ ਦਿੱਤੀਆਂ ਨੇ ਪਿਆਰ ਦੀਆਂ ਕੁਛ -

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - 708*

ਚਾਰ-ਪੰਜ ਮਿਸਾਲਾਂ ਦਿੱਤੀਆਂ ਨੇ ਮਹਾਰਾਜ ਨੇ ਬਾਣੀ ਦੇ ਅੰਦਰ ਕਿ ਪਿਆਰ ਨੂੰ ਸਮਝਣ ਦਾ ਯਤਨ ਕਰੋ। ਪਿਆਰ ਕਬਜ਼ਾ ਨਹੀਂ ਹੁੰਦਾ, ਪਿਆਰ ਕੁਰਬਾਨੀ ਹੁੰਦੀ ਹੈ, ਪਿਆਰ ਵਾਲਾ ਆਪਣਾ ਬਾਕੀ ਕੁਛ ਨਹੀਂ ਰੱਖਣਾ ਚਾਹੁੰਦਾ। ਮਿਟਣਾ ਚਾਹੁੰਦਾ ਹੈ, ਬਕਾਇਆ ਨਹੀਂ ਰਖਦਾ, ਹਉਮੈ

ਵਾਲਾ ਆਪਣਾ ਆਪ ਬਚਾਅ ਕੇ ਰਖਣਾ ਚਾਹੁੰਦਾ ਹੈ। ਦੋਵੇਂ ਵਿਪਰੀਤ ਨੇ, ਪਿਆਰ ਤੇ ਹਉਮੈ ਇਕੱਠੇ ਨਹੀਂ ਹੋ ਸਕਦੇ। ਮਹਾਰਾਜ ਕਹਿੰਦੇ ਮਛਲੀ ਦਾ ਪਾਣੀ ਦੇ ਨਾਲ ਐਨਾ ਗਾੜ੍ਹਾ ਸਬੰਧ ਹੈ ਕਿ ਇੱਕ ਸਾਹ ਵੀ ਬਾਹਰ ਨਹੀਂ ਲੈਂਦੇ ਉਸੇ ਵੇਲੇ ਤੜਫ ਕੇ ਮਰ ਜਾਂਦੀ ਹੈ ਤੇ ਚਾਤ੍ਰਿਕ ਜਿਹੜਾ ਹੈ ਉਹ ਬੂੰਦ ਤੋਂ ਬਗੈਰ ਪ੍ਰਿਹੁ-ਪ੍ਰਿਹੁ ਲਾਉਂਦਾ ਹੈ, ਉਹ ਵੀ ਤੜਫ ਕੇ ਮਰ ਜਾਂਦਾ ਹੈ। ਭਾਵੇਂ ਸਮੁੰਦਰ ਵਰਸਦਾ ਹੈ, ਸਵਾਂਤੀ ਬੂੰਦ ਤੋਂ ਬਿਨਾਂ ਉਹਨੂੰ ਤ੍ਰਿਪਤੀ ਨਹੀਂ ਆਉਂਦੀ। ਹਰਨ ਜਿਹੜਾ ਹੈ ਘੰਡੇਹੇੜੇ ਦੀ ਆਵਾਜ਼ ਜਿਸ ਵਕਤ ਉਹਦੇ ਕੰਨਾਂ 'ਚ ਸੁਣਦੀ ਹੈ, ਉਸ ਵੇਲੇ ਲਿਟਣਾ ਸ਼ੁਰੂ ਕਰ ਦਿੰਦਾ ਹੈ, ਮਸਤ ਹੋ ਜਾਂਦਾ ਹੈ, ਸ਼ਿਕਾਰੀ ਆ ਕੇ ਗਲ 'ਚ ਰੱਸਾ ਪਾ ਲੈਂਦਾ ਹੈ ਤੇ ਭਵਰ ਜਦੋਂ ਫੁੱਲ ਦੇ ਵਿੱਚ ਬੈਠ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ ਕਿ ਉਹਨੂੰ ਛੱਡਦਾ ਨਹੀਂ, ਫੁੱਲ ਬੰਦ ਹੋ ਜਾਂਦਾ ਹੈ ਰਾਤ ਨੂੰ ਉਹ ਮਰ ਜਾਂਦਾ ਹੈ। ਕਹਿੰਦੇ, ਪਿਆਰ ਤਾਂ ਇਹ ਹੋਇਆ ਕਰਦਾ ਹੈ, ਇਹੋ ਜਿਹਾ ਹੀ ਪਿਆਰ ਗੁਰੂ ਦੇ ਨਾਲ ਹੁੰਦਾ ਹੈ।

***ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ***
***ਮਨ ਐਸਾ ਨੇਹੁ ਕਰੇਹੁ ॥*** ***ਅੰਗ - 455***

ਜੇ ਪਿਆਰ ਕਰਨਾ ਹੈ ਗੁਰੂ ਦੇ ਨਾਲ ਤਾਂ ਉਹ ਮਨਾਂ ਤਾਂ ਪਿਆਰ ਐਹੋ ਜਿਹਾ ਕਰ ਜਿਹੋ ਜਿਹਾ ਮੱਛੀ ਪਾਣੀ ਨਾਲ ਕਰਦੀ ਹੈ। ਤੂੰ ਤਾਂ ਸਾਰਾ ਦਿਨ ਭੁੱਲਿਆ ਰਹਿੰਦਾ ਹੈਂ। ਗੁਰੂ ਤੇਰੀ ਯਾਦ ਵਿੱਚ ਹੀ ਨਹੀਂ ਵਸਦਾ। ਵਾਧੂ ਚੀਜ਼ ਬਣ ਜਾਂਦੀ ਹੈ। ਗੁਰੂ ਕਿਤੇ ਸਤਿਸੰਗ 'ਚ ਗਿਆ, ਬਚਨ ਸੁਣੇ ਤਾਂ ਧਿਆਨ ਆ ਗਿਆ, ਪਿਆਰ ਨਹੀਂ ਗੁਰੂ ਦੇ ਨਾਲ ਪਿਆ। ਪਿਆਰ ਵਾਲਾ ਜਿਹੜਾ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਭਾਈ ਵੀਰ ਸਿੰਘ ਜੀ***

ਖਿੱਚ ਬਣ ਜਾਂਦੀ ਹੈ, ਖਿੱਚ ਵਾਲਾ ਬੰਦਾ ਰੁਕਿਆ ਨਹੀਂ ਕਰਦਾ। ਉਹਦੇ ਮੂਹਰੇ ਪਿਆਰ ਪ੍ਰਧਾਨ ਹੋਇਆ ਕਰਦਾ ਹੈ, ਚਾਹੇ ਜਾਨ ਜਾਂਦੀ ਰਹੇ।

ਦੁਨਿਆਵੀ ਪਿਆਰ ਦੀ ਕਹਾਣੀ ਹੈ ਕਿ ਇੱਕ ਲੜਕੀ ਸੀ ਜਿਸ ਦਾ ਨਾਂ ਸੱਸੀ ਸੀ ਤੇ ਇੱਕ ਲੜਕਾ ਸੀ ਪੁਨੂੰ ਜਿਨ੍ਹਾਂ ਦਾ ਪਿਆਰ ਪੈ ਗਿਆ। ਉਹ ਦਰਿਆ ਦੇ ਪਾਰ ਰਹਿੰਦਾ ਸੀ, ਉਹ ਉਰਾਰ ਰਹਿੰਦੀ ਸੀ। ਉਹਨੂੰ ਮਿਲਣ ਜਾਣ ਵਾਸਤੇ ਘੜਾ ਚਨਾਬ ਦਰਿਆ ਦੇ ਵਿੱਚ ਠੇਲ੍ਹ ਲੈਣਾ ਤੇ ਪਾਰ ਲੰਘ ਜਾਣਾ ਤੇ ਉਹਦੀ ਥਾਂ 'ਤੇ ਘੜਾ ਰੱਖ ਦਿੱਤਾ ਕੱਚਾ। ਟਣਕਾਇਆ, ਘੜਾ ਕੱਚਾ ਸੀ। ਮਨ 'ਚ ਨਹੀਂ ਆਇਆ ਕਿ ਘੜਾ ਕੱਚਾ ਹੈ, ਇਹਨੇ ਭਿੱਜ ਜਾਣਾ ਹੈ, ਟੁੱਟ ਜਾਣਾ ਹੈ, ਦਰਿਆ ਛੱਲਾਂ ਦਿੰਦਾ ਹੈ, ਕੋਈ ਪ੍ਰਵਾਹ ਨਹੀਂ ਕੀਤੀ, ਠਿੱਲ੍ਹ ਗਈ। ਰਸਤੇ ਦੇ ਵਿੱਚ ਵਿਚਾਲੇ ਘੜਾ

ਟੁੱਟ ਜਾਂਦਾ ਹੈ ਤੇ ਡੁੱਬ ਕੇ ਮਰ ਗਈ। ਉਹ ਵੀ ਜਿਹੜਾ ਸੀ ਉਹ ਵੀ ਨੱਠ ਕੇ ਆ ਕੇ ਨਾਲ ਹੀ ਮਰ ਗਿਆ। ਮਿਸਾਲਾਂ ਨੇ ਭਾਈ ਗੁਰਦਾਸ ਜੀ ਨੇ ਦਿੱਤੀਆਂ ਨੇ ਇਹ ਸਮਝਣ ਵਾਸਤੇ ਕਿ ਗੁਰੂ ਦਾ ਪਿਆਰ ਕਿੰਨਾਂ ਹੁੰਦਾ।

ਪਿਆਰ-ਪਿਆਰ ਤਾਂ ਸਾਰੀ ਦੁਨੀਆਂ ਕਰੀ ਜਾਂਦੀ ਹੈ, ਪਿਆਰ ਤਾਂ total ਕੁਰਬਾਨੀ ਹੁੰਦੀ ਹੈ।, ਆਪਣੀ ਮਤ ਨਹੀਂ ਹੋਇਆ ਕਰਦੀ, ਨਾ ਆਪਣਾ ਮਨ ਹੁੰਦਾ ਹੈ। ਮਹਾਰਾਜ ਕਹਿੰਦੇ-

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥***
***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - 286***

ਮਨ ਵੇਚਣਾ ਪੈਂਦਾ ਹੈ, ਮਨ ਦੇ ਵਿਚ ਹੀ ਹਉਮੈ ਰਹਿੰਦੀ ਹੈ, ਹਉਮੈ ਵੀ ਨਾਲ ਹੀ ਵੇਚਣੀ ਪੈਂਦੀ ਹੈ। ਆਪਣਾ ਆਪ ਸਮਰਪਣ ਕਰਨਾ ਪੈਂਦਾ ਹੈ। ਦੇਹ ਵੀ ਉਹਦੀ, ਤਨ ਵੀ ਉਹਦਾ, ਮਨ ਵੀ ਉਹਦਾ, ਧਨ ਵੀ ਉਹਦਾ ਤਾਂ ਸੌਦਾ ਗੁਰੂ ਨਾਲ ਨਿਭਦਾ ਹੈ ਨਹੀਂ ਤਾਂ ਨਹੀਂ ਨਿਭਦਾ। ਜੇ ਗੁਰੂ ਤੋਂ ਲੈਣਾ ਹੈ ਕੁਛ ਤਾਂ ਤਿੰਨੋਂ ਚੀਜ਼ਾਂ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ........॥***

***ਅੰਗ - 918***

ਫੇਰ ਅੱਗੇ ਕੀ ਕਰੀਏ? ਮਹਾਰਾਜ ਕਹਿੰਦੇ -

***...........ਹੁਕਮਿ ਮੰਨਿਐ ਪਾਈਐ ॥***

***ਅੰਗ - 918***

ਫੇਰ ਗੁਰੂ ਜੋ ਹੁਕਮ ਦਿੰਦਾ ਹੈ ਉਹਨੂੰ ਮੰਨੋ। ਫੇਰ ਪ੍ਰਾਪਤੀ ਹੋ ਜਾਏਗੀ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਜੇ ਪਿਆਰ ਕਰਨਾ ਹੈ ਜਿਵੇਂ ਮਛਲੀ ਪਾਣੀ ਬਿਨਾਂ ਇਕ ਖਿਨ ਵੀ ਧੀਰਜ ਨਹੀਂ ਕਰਦੀ, ਤੜਫਣ ਲਗ ਜਾਂਦੀ ਹੈ। ਜੇ ਪਿਆਰ ਕਰਨਾ ਤਾਂ ਐਹੋ ਜਿਹਾ ਕਰ ਲੈ -

***ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ***
***ਬਰਸੁ ਸੁਹਾਵੇ ਮੇਹੁ ॥ ਅੰਗ - 455***

ਜੇ ਤਾਂ ਮੀਂਹ ਪੈ ਗਿਆ, ਫੇਰ ਤਾਂ ਸੁਹਾਵਾ ਹੋ ਗਿਆ ਨਹੀਂ ਤਾਂ ਫੇਰ ਤੜਫਦਾ ਹੀ ਰਹਿੰਦਾ ਹੈ।

***ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ***
***ਅਤਿ ਲਾਈਐ ਚਿਤੁ ਮੁਰਾਰੀ ॥ ਅੰਗ - 455***

ਮਨ ਨੂੰ ਦੇ ਦੇਵੇ, ਆਖਰੀ ਹੱਦ ਤੱਕ ਚਿੱਤ ਜਿਹੜਾ ਹੈ ਕਿਸੇ ਵਸਤੂ ਨਾਲ ਨਾ ਲੱਗੇ -

*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥*

*ਅੰਗ - 455*

ਪੁੱਤਰਾਂ ਨਾਲ ਮਨ ਲਗ ਗਿਆ, ਘਰ ਨਾਲ ਮਨ ਲਗ ਗਿਆ, ਆਪਣੇ ਸਰੀਰ ਨਾਲ ਮਨ ਲਗ ਗਿਆ। ਪਰਿਵਾਰ ਨਾਲ ਮਨ ਲਗ ਗਿਆ, ਵਿਸ਼ੇ ਵਿਕਾਰਾਂ ਨਾਲ ਮਨ ਲਗ ਗਿਆ, ਖਾਣ ਪੀਣ ਨਾਲ ਮਨ ਲਗ ਗਿਆ, ਕਹਿੰਦੇ ਪਿਆਰ ਕਿੱਥੋਂ ਭਾਲਦਾ ਹੈਂ ਪਿਆਰਿਆ! ਤੇਰਾ ਸਾਰਾ ਮਨ ਗੁਰੂ ਨਾਲ ਲਗਣਾ ਚਾਹੀਦਾ ਹੈ। ਚਕਵੀ ਦੀ ਮਿਸਾਲ ਦਿੰਦੇ ਨੇ, ਸੂਰਜ ਛਿਪ ਜਾਂਦਾ ਹੈ ਅੱਡ ਹੋ ਜਾਂਦੇ ਨੇ, ਦੋਵੇਂ ਇਕੱਠੇ ਨਹੀਂ ਰਹਿੰਦੇ। ਸੂਰਜ ਚੜ੍ਹ ਜਾਂਦਾ ਹੈ, ਮੁੜ ਕੇ ਫੇਰ ਇੱਕਠੇ ਹੋ ਜਾਂਦੇ ਨੇ। ਇਸੇ ਤਰ੍ਹਾਂ ਚਕੋਰ ਹੈ, ਚਕੋਰ ਸਾਰੀ ਰਾਤ ਚੰਦਰਮਾ ਵਲ ਦੇਖਦਾ ਰਹਿੰਦਾ ਹੈ। ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਜਲ ਦੀ ਦੁੱਧ ਨਾਲ ਪ੍ਰੀਤ ਹੈ। ਪਾਣੀ ਪਾ ਕੇ ਦੁੱਧ ਕੜਨਾ ਧਰ ਦਿਓ। ਜਲਦਾ ਕੌਣ ਹੈ? ਦੁੱਧ ਨੂੰ ਨਹੀਂ ਜਲਣ ਦਿੰਦਾ ਆਪ ਜਲ ਜਾਂਦਾ ਹੈ ਸਾਰਾ ਹੀ। ਉਬਾਲੇ ਸਹਿੰਦਾ ਹੈ, ਆਪ ਖਤਮ ਹੁੰਦਾ ਹੈ ਲੇਕਿਨ ਦੁੱਧ ਨੂੰ ਬਚਾ ਦਿੰਦਾ ਹੈ, ਉਹਨੂੰ ਖੋਆ ਬਣਾ ਦਿੰਦਾ ਹੈ, ਉਹਨੂੰ ਨਹੀਂ ਜਲਣ ਦਿੰਦਾ। ਕਮਲ ਦਾ ਪਾਣੀ ਨਾਲ ਪਿਆਰ ਹੈ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੋ ਪਿਆਰ ਹੁੰਦਾ ਹੈ ਉਹ ਚੀਜ਼ ਹੁੰਦੀ ਹੈ, ਕੁਰਬਾਨੀ।

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*

*ਅੰਗ - 1363*

ਮਹਾਰਾਜ ਕਹਿੰਦੇ, ਪਿਆਰਿਓ! ਜੇ ਪਿਆਰ ਦਾ ਸੌਦਾ ਪੈਸਿਆਂ ਨਾਲ ਮਿਲਦਾ ਹੁੰਦਾ ਤਾਂ ਰਾਵਣ ਨੇ ਸ਼ਿਵ ਜੀ ਮਹਾਰਾਜ ਨੂੰ ਪ੍ਰਸੰਨ ਕਰਨ ਵਾਸਤੇ ਤਪੱਸਿਆ ਆਰੰਭ ਦਿਤੀ। ਹਰ ਵਾਰੀ ਉਹਨੂੰ ਸਿਰ ਕੱਟ ਕੇ ਦਿੰਦਾ ਰਿਹਾ। ਗਿਆਰ੍ਹਾਂ ਵਾਰੀ ਸੀਸ ਭੇਟ ਕਰਿਆ ਉਹਦੇ। ਹਰ ਵਾਰੀ ਜਨਮ ਲੈ ਕੇ ਫੇਰ ਤਪਸਿਆ ਕਰੇ, ਫੇਰ ਜਨਮ ਲੈ ਕੇ ਫੇਰ ਤਪੱਸਿਆ ਕਰੇ। ਗਿਆਰ੍ਹਾਂ ਵਾਰੀ ਸੀਸ ਅਰਪਣ ਕੀਤਾ। ਕਹਿੰਦੇ ਕਰ ਦਿਓਂਗੇ? ਹੈ ਤੁਹਾਡੇ 'ਚ ਹਿੰਮਤ ਐਨੀ। ਕਹਿੰਦੇ ਓਂ ਮੇਰਾ ਗੁਰੂ ਨਾਲ ਪਿਆਰ ਹੈ। ਕਹਿੰਦੇ, ਇਹ ਤਾਂ ਪੈਸੇ ਟਕੇ, ਗੱਲਾਂ ਬਾਤਾਂ ਨਾਲ ਨਹੀਂ ਕੋਈ ਮੁੱਲ ਹੁੰਦਾ।

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥*
*ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥*

*ਅੰਗ - 1363*

ਸਿੱਖ ਗੁਰੁ ਨਾਲ ਪਿਆਰ ਕਰਦੇ ਸੀ। ਗੁਰੂ ਨਾਨਕ ਨੇ ਪਰਖ ਕੀਤੀ ਬਾਕੀ ਖਿੜਕ ਗਏ, ਦੋ ਨਿਬੜੇ, ਇੱਕ ਨੂੰ ਗੁਰੂ ਮਹਾਰਾਜ ਨੇ ਆਪਣਾ ਰੂਪ ਬਣਾ ਲਿਆ, ਦੂਸਰੇ ਨੂੰ ਕਿਹਾ ਕਿ ਇਹ ਰਸਮ ਤਾਂ ਪੂਰੀ ਹੋਏਗੀ ਜੇ ਤੁਸੀਂ ਟਿੱਕਾ ਲਾਵੋਂਗੇ, ਦੋਹਾਂ ਨੂੰ ਵਡਿਆਈ ਦੇ ਦਿੱਤੀ। ਗੁਰੂ ਦੂਸਰੇ ਪਾਤਸ਼ਾਹ ਨੇ ਪਿਆਰ ਦੀ ਪਰਖ ਕਰੀ ਕੇਵਲ ਗੁਰੂ ਅਮਰਦਾਸ ਮਹਾਰਾਜ ਨਿਤਰੇ। ਉਨ੍ਹਾਂ ਨੇ ਗੁਰੂ ਰਾਮਦਾਸ ਮਹਾਰਾਜ ਜੀ ਨੂੰ ਪਾਸ ਕਰਿਆ। ਗੁਰੂ ਰਾਮਦਾਸ ਮਹਾਰਾਜ ਨੇ ਗੁਰੂ ਅਰਜਨ ਸਾਹਿਬ ਨੂੰ। ਇਸੇ

ਤਰ੍ਹਾਂ ਹੁੰਦੇ-ਹੁੰਦੇ ਗੁਰੂ ਦਸ਼ਮੇਸ਼ ਪਿਤਾ ਅੱਜ ਗੁਰਸਿੱਖੀ ਦੀ ਪਰਖ ਕਰਨ ਲਗ ਗਏ। ਗਿਆਰ੍ਹਾਂ ਮਹੀਨੇ ਦਾ ਸਮਾਂ ਆਪ ਨੇ ਇਕਾਂਤ ਵਾਸ ਵਿਚ ਲਾਇਆ। ਕਈ ਗ੍ਰੰਥ ਲਿਖੇ, ਕਈ ਖਿਆਲ ਨੇ ਇਤਿਹਾਸ ਦੇ ਵਿਚ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ, ਕੋਈ ਕਹਿੰਦਾ ਹੈ ਤਪਸਿਆ ਕਰਦੇ ਸੀ ਮਹਾਰਾਜ। ਮਹਾਰਾਜ ਨੂੰ ਤਪਸਿਆ ਕਰਨ ਦੀ ਕੀ ਲੋੜ ਪਈ ਸੀ। ਉਹ ਤਾਂ ਕਰਕੇ ਆਏ ਸੀ -

***ਇਹ ਬਿਧ ਕਰਤ ਤਪਸਿਆ ਭਯੋ॥ ਦ੍ਵੈ ਤੇ ਏਕ ਰੂਪ ਹੋਇ ਗਯੋ॥***

ਉਨ੍ਹਾਂ ਦੀ ਗੱਲ ਓਹੀ ਜਾਣਦੇ ਨੇ ਕਿ ਕਿਉਂ ਗਿਆਰ੍ਹਾਂ ਮਹੀਨੇ ਲਾਂਭੇ ਬੈਠੇ ਰਹੇ, ਫੇਰ ਇਤਿਹਾਸ ਵਿੱਚ ਲਿਖਦੇ ਨੇ ਕਿ ਕਿੰਨਾ ਜਲਾਲ ਵਧ ਗਿਆ ਗੁਰੂ ਸਾਹਿਬ ਦਾ ਕਿ ਕੋਈ ਦੇਖ ਨਾ ਸਕੇ। ਇਹ ਵੀ ਕੱਚੀ ਗੱਲ ਹੈ। ਗੁਰੂ ਸਾਹਿਬ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਸੀ, ਉਹ ਤਾਂ ਪੂਰਨ ਸੀਗੇ। ਜਿਹੜਾ ਪੂਰਨ ਹੁੰਦਾ ਹੈ ਉਹਨੂੰ ਲੋੜ ਨਹੀਂ ਹੋਇਆ ਕਰਦੀ। ਜਿਹੜਾ ਅਧੂਰਾ ਹੁੰਦਾ ਹੈ ਉਹਨੂੰ ਲੋੜ ਹੋਇਆ ਕਰਦੀ ਹੈ ਤਪ ਤਪਸਿਆ ਦੀ। ਐਸੇ ਖਿਆਲ ਕਿਉਂ ਪੈਦਾ ਹੁੰਦੇ ਨੇ ਕਿਉਂਕਿ ਅੰਦਰਲੀ ਅੱਖ ਨਹੀਂ ਖੁੱਲ੍ਹੀ ਹੋਈ। ਤੋਲ ਨਹੀਂ ਸਕਦੇ, ਨਿਰਣਾ ਨਹੀਂ ਕਰ ਸਕਦੇ। ਨਿਰਣਾ ਨਾ ਕਰਨ ਕਰਕੇ ਆਪ ਵੀ ਡੋਲਦੇ ਨੇ ਤੇ ਪੜ੍ਹਨ ਵਾਲਿਆਂ ਨੂੰ ਵੀ ਡੋਲਾਂਦੇ ਨੇ, ਲੈਕਚਰ ਦਿੰਦੇ ਨੇ, ਸਾਰੇ ਸੁਣ ਕੇ ਡੋਲ ਜਾਂਦੇ ਨੇ। ਗੁਰੂ ਮਹਾਰਾਜ ਦੇ ਸਾਮ੍ਹਣੇ ਆਦਰਸ਼ ਬੜਾ ਜ਼ਬਰਦਸਤ ਸੀ।

***ਮੈ ਅਪੁਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***

***ਅਕਾਲ ਪੁਰਖ ਬਾਚ॥ ਚੌਪਈ॥***

ਹੁਕਮ ਹੋਇਆ ਪ੍ਰਮੇਸ਼ਰ ਦੀ ਆਪਣੀ ਜੋਤ, ਆਪਣੇ ਦੇ ਵਿੱਚ ਐਨੀ ਚੁੱਭੀ ਹੋਈ ਸੀ -

***ਚਿਤ ਨ ਭਯੋ ਹਮਰੋ ਆਵਨ ਕਹ।***
***ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹ।***

ਉਥੇ ਦੋ ਨਹੀਂ ਸੀਗੇ।

***ਇਹ ਬਿਧਿ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ।***

ਜਿਹੜਾ ਦੋ ਸੀ ਦ੍ਵੈਤ ਮਿਟਾ ਕੇ, ਇੱਕ ਬਣ ਗਏ, ਜਿਵੇਂ ਪਾਣੀ 'ਚ ਪਾਣੀ ਰਲ ਜਾਂਦਾ ਹੈ, ਜੋਤੀ 'ਚ ਜੋਤ ਰਲ ਜਾਂਦੀ ਹੈ, ਇਸ ਤਰ੍ਹਾਂ ਦੇ ਨਾਲ ਇੱਕ ਹੋਏ ਹੋਏ ਸੀ। ਉਸੇ ਜੋਤ ਨੂੰ ਪ੍ਰਮੇਸ਼ਰ ਨੇ ਆਪਣੇ ਤੋਂ, ਆਪਣੀ ਕਿਸੇ ਕ੍ਰਿਆ ਦੇ ਨਾਲ ਫੇਰ ਵਖਰਾ ਕਰ ਦਿੱਤਾ। ਮਹਾਰਾਜ ਕਹਿੰਦੇ, ਸਾਡੀ ਸੁਰਤ ਐਨੀ ਚੁਭੀ ਹੋਈ ਸੀ ਆਪਣਾ ਆਪਾ ਲੀਨ ਸੀ, ਸਾਡਾ ਕੁਛ ਵੀ ਨਹੀਂ ਸੀ ਬਾਕੀ ਬਚਦਾ। ਲੇਕਿਨ ਅਕਾਲ ਪੁਰਖ ਨੇ ਫੇਰ ਵੱਖਰਾ ਕਰਕੇ ਸਾਨੂੰ ਹੁਕਮ ਦੇ ਦਿਤਾ ਕਿ ਤੁਸੀਂ ਜਾ ਕੇ ਇੱਕ ਐਸਾ

ਰਸਤਾ ਸੰਸਾਰ ਨੂੰ ਦਿਓ, ਘੋਰ ਕਲਜੁਗ ਦਾ ਵਾਸਾ ਹੋ ਗਿਆ, ਆਦਮੀ ਪ੍ਰਮੇਸ਼ਰ ਨੂੰ ਭੁੱਲ ਗਿਆ, ਰਸਤਾ ਉਹਨੂੰ ਲੱਭਦਾ ਨਹੀਂ ਹੈ ਤੇ ਕਬੁੱਧੀ ਦੇ ਵਿੱਚ ਪੈ ਕੇ ਕੋਈ ਕੁਛ ਕਰਦਾ ਹੈ, ਕੋਈ ਕੁਛ ਕਰਦਾ ਹੈ। ਬੇਅੰਤ ਕਿਸਮ ਦੀਆਂ ਭਾਵਨਾਵਾਂ ਹੋ ਗਈਆਂ, ਬੇਅੰਤ ਕਿਸਮ ਦੀਆਂ ਮਨੌਤਾਂ ਹੋ ਗਈਆਂ। ਉਨ੍ਹਾਂ ਨੂੰ ਬੁੱਧੀ ਬਖਸ਼ੋ ਕਿ ਸਾਰੇ ਮੇਰੀ ਜੋਤ ਪ੍ਰੀਪੂਰਨ ਹੈ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਬਾਢ ਹੈ ਨ ਘਾਟਿ ਬਾਢਿ ਹੋਤ ਹੈ। ਅਕਾਲ ਉਸਤਤਿ*

ਕੋਈ ਦਰਖਤਾਂ ਨੂੰ ਮੱਥੇ ਟੇਕੀ ਜਾਂਦਾ ਹੈ, ਕੋਈ ਪੱਥਰਾਂ ਨੂੰ, ਕੋਈ ਸੂਰਜ ਨੂੰ, ਕੋਈ ਚੰਦਰਮਾ ਨੂੰ, ਕੋਈ ਦਰਿਆਵਾਂ ਨੂੰ, ਕੋਈ ਪਹਾੜਾਂ ਨੂੰ, ਕੋਈ ਪੱਥਰ ਚੁੱਕ ਕੇ ਪੱਥਰਾਂ ਨੂੰ ਮੱਥਾ ਟੇਕੀ ਜਾਂਦਾ ਹੈ, ਕਿਸੇ ਨੇ ਪੱਥਰਾਂ ਨੂੰ ਸ਼ਕਲ ਦੇ ਦਿੱਤੀ ਓਸਨੂੰ ਮੇਰਾ ਰੂਪ ਬਣਾ ਦਿੱਤਾ, ਉਹਨੂੰ ਮੰਨੀ ਜਾਂਦੇ ਨੇ। ਕਹਿਣ ਲੱਗੇ, ਤੁਸੀਂ ਜਾਓ ਮੈਂ ਤੁਹਾਨੂੰ ਆਪਣਾ ਪੁੱਤਰ ਬਣਾਉਂਦਾ ਹਾਂ। ਬਲ ਦਿੰਦਾ ਹਾਂ ਸਾਰਾ, ਜੋ ਮੇਰੇ ਵਿੱਚ ਹੈ ਤੇ ਤੁਹਾਡੇ ਵਿੱਚ ਹੈ। ਤੁਸੀਂ ਜਾ ਕੇ ਕਬੁੱਧੀ ਨੂੰ ਹਟਾਓ, ਜੋ ਕਬੁੱਧੀ ਲੋਕ ਕਰ ਰਹੇ ਨੇ। ਗਲਤ ਧਾਰਨਾਵਾਂ ਦੇ ਵਿੱਚ ਪੈ ਗਏ, ਗਲਤ ਖਿਆਲ ਪੈਦਾ ਹੋ ਗਏ। ਇਨ੍ਹਾਂ ਨੂੰ ਸ਼ੁੱਧ ਗਿਆਨ ਦਿਓ। ਇਨ੍ਹਾਂ ਨੂੰ ਫਰਜ਼ਾਂ ਤੋਂ ਜਾਣੂੰ ਕਰਾਓ। ਸੰਸਾਰ ਦਾ ਕੰਮ ਜਿਹਦੇ ਨਾਲ ਸਹੀ ਚਲਦਾ ਰਹੇ, ਉਹ ਜਾ ਕੇ ਤੁਸੀਂ ਆਦਰਸ਼ ਸੰਸਾਰ ਦੇ ਵਿਚ ਪ੍ਰਗਟ ਕਰੋ। ਅੱਜ ਗੁਰੂ ਮਹਾਰਾਜ ਨੇ ਓਸ ਆਦਰਸ਼ ਨੂੰ ਪ੍ਰਗਟ ਕਰਨ ਵਾਸਤੇ ਬਹੁਤ ਵੱਡਾ ਦੀਵਾਨ ਲੱਗਿਆ ਹੋਇਆ ਹੈ, ਪਹਿਲਾਂ ਹੀ ਮਹਾਰਾਜ ਨੇ ਲਿਖ ਦਿੱਤਾ ਸੀ ਕਿਉਂਕਿ ਆਪ ਇਕਾਂਤ ਵਾਸ ਕਰਦੇ ਸੀ, ਸੰਗਤਾਂ ਦਰਸ਼ਨ ਕਰਨਾ ਚਾਹੁੰਦੀਆਂ ਸੀ। ਹੁਕਮ ਹੋ ਗਿਆ ਕਿ ਵਿਸਾਖੀ ਦੇ ਉੱਤੇ ਦਰਸ਼ਨ ਹੋਣਗੇ ਤੇ ਖਿੱਚ ਕਿੰਨੀ ਪਈ ਜ਼ਬਰਦਸਤ ਅੰਦਾਜ਼ਾ ਲਾਓ ਆਪ ਹੀ। ਕਿੰਨੀ ਖਿੱਚ, ਨਾ ਕੋਈ ਸਵਾਰੀ, ਨਾ ਤੁਰਨ-ਫਿਰਨ ਦੀ ਕੋਈ ਸਕਿਊਰਟੀ, ਕਿੱਥੋਂ ਚੱਲੇ, ਲੰਕਾ ਤਕ ਚੱਲੇ, ਆਸਾਮ ਤੋਂ ਚੱਲੇ, ਸਾਰਾ ਹਿੰਦੋਸਤਾਨ ਉਲਟ ਪਿਆ ਆਨੰਦਪੁਰ ਸਾਹਿਬ ਨੂੰ ਤੇ ਓਸ ਵੇਲੇ ਜਦੋਂ ਸਾਰਿਆਂ ਸੂਬਿਆਂ ਦੇ ਵੱਖ-ਵੱਖ ਬੋਲੀਆਂ ਬੋਲਣ ਵਾਲੇ ਬੰਦੇ, ਵੱਖ-ਵੱਖ ਪੁਸ਼ਾਕਾਂ ਪਹਿਨਣ ਵਾਲੇ ਬੰਦੇ, ਵੱਖ-ਵੱਖ ਰਹੁਰੀਤਾਂ ਨੂੰ ਮੰਨਣ ਵਾਲੇ ਬੰਦੇ, ਸੰਗਤ ਦੇ ਰੂਪ ਵਿੱਚ ਇਕੱਠੇ ਹੋਏ ਤਾਂ ਇੱਕ ਗੱਲ ਸਾਂਝੀ ਸੀ ਕਿ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਦੇ ਆਦਰਸ਼ਾਂ ਨੂੰ, ਬਾਣੀ ਨੂੰ, ਗੁਰੂ ਦਸ਼ਮੇਸ਼ ਪਿਤਾ ਨੂੰ ਪਿਆਰ ਕਰਦੇ ਸੀ, ਇਕ ਸਾਂਝ ਸੀ ਉਨ੍ਹਾਂ ਸਾਰਿਆਂ 'ਚ। ਬਾਕੀ ਵੱਖਰੇ-ਵੱਖਰੇ ਕਿਸੇ ਦਾ ਧਰਮ ਕੋਈ, ਕਿਸੇ ਦਾ ਕੋਈ, ਕਿਸੇ ਦਾ ਸੂਬਾ ਕੋਈ, ਕਿਸੇ ਦੀ ਬੋਲੀ ਕੋਈ। ਦੂਰ-ਦਰਾਜ਼ ਤੋਂ ਆਉਂਦੇ ਨੇ, ਭਾਈ ਦਇਆ ਸਿੰਘ ਜੀ ਦਇਆ ਰਾਮ ਜਿਨ੍ਹਾਂ ਦਾ ਨਾਮ ਸੀ, ਲਾਹੌਰ ਤੋਂ ਆਉਂਦੇ ਨੇ, ਭਾਈ ਧਰਮ ਚੰਦ ਜੀ ਹਸਤਨਾਪੁਰ ਤੋਂ ਆਏ। ਭਾਈ ਹਿੰਮਤ ਰਾਏ ਜੀ ਜਗਨਨਾਥਪੁਰੀ ਤੋਂ ਆਏ। ਕਿੱਡੀ ਦੂਰ ਹੈ, ਬਾਰ੍ਹਾਂ ਤੇਰ੍ਹਾ ਸੌ ਮੀਲ ਹੈ, ਇਸੇ ਤਰ੍ਹਾਂ ਭਾਈ ਮੋਹਕਮਚੰਦ ਜੀ ਦੁਆਰਕਾ ਤੋਂ ਆਏ। ਅੱਜ ਸਿੱਖੀ ਦਾ ਇਮਤਿਹਾਨ ਕਰਨਾ ਸੀ ਕਿ ਸਿੱਖ ਨੂੰ ਗੁਰੂ ਦਾ ਰੂਪ ਕਿਵੇਂ

ਦਿੱਤਾ ਜਾ ਸਕਦਾ ਹੈ। ਸਿੱਖ ਨੂੰ ਐਨਾ ਉੱਚਾ ਚੁੱਕ ਦਿਤਾ ਜਾਵੇ ਕਿ ਇਹ ਸਤਿਗੁਰੂ ਦਾ ਕੰਮ ਕਰੇ। ਇਹ ਆਪ ਗੁਰੂ ਦੇ ਬਰਾਬਰ ਹੋ ਜਾਏ। ਇਹ ਜਿਹੜਾ ਭੇਦ ਹੈ ਗੁਰੂ ਤੇ ਸਿੱਖ ਦਾ ਇਹਨੂੰ ਮਿਟਾ ਦੇਈਏ। ਅੱਗੇ ਸਮਾਂ ਦੇਖ ਲਿਆ ਸੀ ਕਿ ਸਮਾਂ ਬੜਾ ਗਲਤ ਆ ਰਿਹਾ ਹੈ ਤੇ ਸਿੱਖ ਦੀ ਐਨੀ ਤਰੱਕੀ ਹੋਣੀ ਚਾਹੀਦੀ ਹੈ ਕਿ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥***
***ਅੰਗ - 1369***

ਉਹ ਪ੍ਰਮੇਸ਼ਰ ਦਾ ਰੂਪ ਬਣ ਜਾਵੇ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - 273***

ਕਿਉਂਕਿ ਪ੍ਰਮੇਸ਼ਰ ਬਣ ਗਿਆ ਉਹ। ਐਡਾ ਉੱਚਾ ਆਦਰਸ਼ ਗੁਰੂ ਮਹਾਰਾਜ ਦਾ ਸੀ ਕਿ ਸਿੱਖ ਗੁਰੂ ਦਾ ਰੂਪ ਬਣ ਜਾਏ ਤੇ ਹੁਣ ਇਮਤਿਹਾਨ ਸ਼ੁਰੂ ਕਰ ਦਿੱਤਾ। ਜਦੋਂ ਇਮਤਿਹਾਨ ਸ਼ੁਰੂ ਹੋ ਜਾਏ ਫੇਰ ਵਿਰਲਾ ਹੀ ਪਾਸ ਹੋਇਆ ਕਰਦਾ ਹੈ।

***ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ।***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ - 948***

ਗੁਰੂ ਦੀ ਲਾਈ ਹੋਈ ਕਸਵੱਟੀ, ਪ੍ਰਮੇਸ਼ਰ ਦੀ ਲਾਈ ਹੋਈ ਕਸਵੱਟੀ ਜਿਹਨੂੰ ਇਮਤਿਹਾਨ ਕਹਿੰਦੇ ਨੇ, ਇਹਦੇ ਵਿਚੋਂ ਸਿਰਫ ਓਹੀ ਪਾਰ ਹੁੰਦਾ ਹੈ ਜਿਹੜਾ ਮਰ ਕੇ ਜੀਉਂਦਾ ਹੋਇਆ ਹੁੰਦਾ ਹੈ। ਜਿਹੜੇ ਅਜੇ ਮਰੇ ਨਹੀਂ ਹਨ, ਉਹ ਨਹੀਂ ਪਾਸ ਹੋਇਆ ਕਰਦੇ, ਕਿਉਂਕਿ ਦੂਰ ਹੈ ਇਹ ਖੇਲ੍ਹ, ਜਿਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।***

ਸਰੀਰ ਤੋਂ, ਮਨ ਤੋਂ, ਬੁੱਧੀ ਤੋਂ ਸਾਰਿਆਂ ਤੋਂ ਪਰ੍ਹੇ ਹੈ, ਮਾਮੂਲੀ ਗੱਲ ਨਹੀਂ ਹੈ, ਸਭ ਤੋਂ ਪਾਰ ਲੰਘਣਾ ਪੈਂਦਾ ਹੈ। ਬਾਬਾ ਫਰੀਦ ਨੇ 12 ਸਾਲ ਤਪਸਿਆ ਪਹਿਲਾਂ ਕੀਤੀ, 12 ਫੇਰ ਕੀਤੀ, ਪ੍ਰਮੇਸ਼ਰ ਦੀ ਪ੍ਰਾਪਤੀ ਨਾ ਹੋਈ। ਆਵਾਜ਼ ਆਈ -

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ਅੰਗ - 1378***

ਉਹ ਤਾਂ ਹਿਰਦੇ 'ਚ ਵਸਦਾ ਹੈ ਜਿਹਨੂੰ ਤੂੰ ਭਾਲਦਾ ਫਿਰਦਾ ਹੈਂ, ਜਾਹ ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿੱਚ ਉਹਨੂੰ ਮਨਾ ਲੈ। ਜੇ ਉਹ ਮੰਨ ਗਿਆ ਤੈਨੂੰ ਪ੍ਰਾਪਤੀ ਹੋ ਜਾਏਗੀ। ਕਿਉਂਕਿ ਉਸ ਤੋਂ ਬਿਨਾਂ ਨਹੀਂ ਪ੍ਰਾਪਤੀ ਹੁੰਦੀ।

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

*ਅੰਗ - 205*

ਜਦੋਂ ਤਕ ਪੂਰੇ ਸਤਿਗੁਰੂ ਦੀ ਸ਼ਰਨ ਨਹੀਂ ਜਾਂਦਾ ਓਨਾਂ ਚਿਰ ਨਹੀਂ ਮਿਲਦਾ। ਮੁਖਤਿਆਰ ਕਾਕੀ ਦੇ ਕੋਲ ਜਾ ਕੇ ਸੇਵਾ ਕਰਨ ਲਗ ਗਿਆ, ਮੁਰਸ਼ਦ ਧਾਰ ਲਿਆ ਤੇ ਦਿਨ ਰਾਤ ਸੇਵਾ ਕਰਦਾ ਹੈ ਤੇ ਮੁਰਦੇ ਵਾਂਗਣ ਸੇਵਾ ਕਰਦਾ ਹੈ। ਨਾ ਕੋਈ ਮਾਣ ਹੈ, ਨਾ ਕੋਈ ਅਪਮਾਨ ਦੀ ਪ੍ਰਵਾਹ ਹੈ, ਨਾ ਕਿਸੇ ਪ੍ਰਾਪਤੀ ਦੀ ਇੱਛਿਆ ਹੈ, ਨਾ ਕੁਛ ਛੱਡਣ ਦਾ ਦੁੱਖ ਹੈ। ਸੇਵਾ ਕਰ ਰਿਹਾ ਹੈ-

***ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥***

*ਅੰਗ - 528*

ਦੋਹਾਂ ਗੱਲਾਂ ਤੋਂ ਬਾਹਰ ਲੰਘ ਗਿਆ, ਮੁਰਸ਼ਦ ਨੇ ਇਮਤਿਹਾਨ ਲੈ ਲਿਆ। ਜਿੱਥੇ ਅੱਗ ਰਖਦਾ ਹੁੰਦਾ, ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਾਉਂਦਾ ਸੀ, ਐਡੇ ਜ਼ੋਰ ਦੀ ਬਾਰਿਸ਼ ਹੋਈ, ਪੋਹ ਦਾ ਮਹੀਨਾ ਹੈ, ਠੰਢ ਪੈਂਦੀ ਹੈ, ਬੇਅੰਤ ਠੰਢ ਹੈ ਤੇ ਬਹੁਤ ਤੇਜ਼ ਹਵਾ ਚੱਲ ਰਹੀ ਹੈ। ਝਾਂਜਾ ਚੱਲ ਰਿਹਾ ਹੈ, ਐਡੀ ਬੁਛਾੜ ਆਈ ਕਿ ਅੱਗ ਦਾ ਜੋ ਭੰਡਾਰ ਸੀ ਉਹਦੇ ਉਤੇ ਪੈ ਕੇ ਸਾਰੀ ਅੱਗ ਬੁਝ ਗਈ, ਅੰਮ੍ਰਿਤ ਵੇਲੇ ਜਾਗਦਾ ਹੈ, ਜਾਗ ਕੇ ਦੇਖਦਾ ਹੈ ਕਿ ਇਹ ਤਾਂ ਚੌਵੀ ਸਾਲ ਦੀ ਤਪਸਿਆ, 38 ਸਾਲ ਦੀ ਕੀਤੀ ਹੋਈ ਸੇਵਾ ਜੇ ਅੱਜ ਮੈਂ ਫੇਲ੍ਹ ਹੋ ਗਿਆ ਤਾਂ ਇਹ ਜ਼ੀਰੋ ਬਣ ਜਾਣੀ ਹੈ। ਕਿਉਂਕਿ ਬਹੁਤ ਔਖੀ ਹੈ ਗੁਰੂ ਤੇ ਪੀਰਾਂ ਦੀ ਚਾਕਰੀ। ਸ਼ਹਿਰ ਨੂੰ ਚਲਿਆ ਜਾਂਦਾ ਹੈ ਜਾ ਕੇ ਇੱਕ ਘਰ 'ਚ ਦੀਵਾ ਜਲਦਾ ਦੇਖ ਕੇ ਦਸਤਕ ਦਿਤੀ, ਅਵਾਜ਼ ਆਈ ਕੌਣ? ਕਹਿਣ ਲੱਗਿਆ, ਮੈਂ ਫਰੀਦ! ਕੌਣ ਫਰੀਦ? ਕਹਿਣ ਲੱਗਿਆ ਮੈਂ ਮੁਰਸ਼ਦ ਬੁਖਤਿਆਰ ਕਾਕੀ ਜੀ ਦੇ ਤਕੀਏ 'ਤੇ ਰਹਿੰਦਾ ਹਾਂ।

ਕੀ ਲੋੜ ਪੈ ਗਈ ਫਰੀਦਾ? ਇਹ ਤਾਂ ਵੇਸਵਾ ਦਾ ਘਰ ਹੈ, ਜਿਥੇ ਨਰਕਾਂ ਦਾ ਟਿਕਟ ਮਿਲਦਾ ਹੈ। ਇਹ ਪੀਰਾਂ ਫਕੀਰਾਂ ਦਾ ਥਾਉਂ ਨਹੀਂ ਆਉਣ ਦਾ।

ਕਹਿਣ ਲੱਗੇ, ਬੀਬਾ! ਮੈਨੂੰ ਤੇਰੇ ਤਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਅੱਗ ਬੁਝ ਗਈ। ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਆਇਆ। ਕ੍ਰਿਪਾ ਕਰ ਮੇਰੇ ਉੱਤੇ।

ਕਹਿਣ ਲੱਗੀ, ਫਰੀਦਾ! ਕਦੇ ਮੁਫਤ ਵੀ ਚੀਜ਼ਾਂ ਮਿਲਦੀਆਂ ਹੁੰਦੀਆਂ ਨੇ?

ਕਹਿਣ ਲੱਗੇ ਕਿ ਬੀਬਾ! ਵੱਡੀ ਤੋਂ ਵੱਡੀ ਚੀਜ਼ ਜਿਹੜੀ ਤੂੰ ਕਹੇਂ ਮੈਂ ਦੇਣ ਨੂੰ ਤਿਆਰ ਹਾਂ। ਤਨ ਕੀ ਹੈ?-

***ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆਂ ਕਾ ਖਾਣ,***
***ਸਿਰ ਦਿਤਿਆ ਜੇ ਹਰਿ ਮਿਲੇ ਤਾਂ ਵੀ ਸਸਤਾ ਜਾਣ।***

ਕਿਉਂਕਿ ਦੇਹ-ਅਧਿਆਸ ਜਿਹੜਾ ਹੈ ਇਹੀ ਰੁਕਾਵਟ ਪਾਉਂਦਾ ਹੈ, ਗੁਰੂ ਤੇ ਸਿੱਖ ਦੇ ਮਿਲਾਪ ਵਿੱਚ। ਅੱਗ ਲੈ ਆਉਂਦਾ ਹੈ, ਮੁਰਸ਼ਦ ਪ੍ਰਸੰਨ

ਹੋ ਗਿਆ। ਬ੍ਰਹਮਗਿਆਨ ਦੀ ਦਾਤ ਦੇ ਦਿੱਤੀ।

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*** ***ਅੰਗ - 206***

ਉਹਨੂੰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਸੁਣਾਉਂਦਾ ਹੈ ਜਿਹਦੇ ਉੱਤੇ ਅਤੀ ਪ੍ਰਸੰਨ ਹੋ ਜਾਵੇ।

ਇਸੇ ਤਰ੍ਹਾਂ ਦੇ ਨਾਲ ਇਮਤਿਹਾਨ ਸ਼ੁਰੂ ਹੋ ਗਿਆ। ਗੁਰੂ ਮਹਾਰਾਜ ਅਚਾਨਕ ਸਿੰਘਾਸ਼ਨ 'ਤੇ ਖੜ੍ਹੇ ਹੋ ਜਾਂਦੇ ਨੇ, ਆਵਾਜ਼ ਦਿੱਤੀ ਕਿ ਇੱਕ ਸੀਸ ਦੀ ਲੋੜ ਹੈ ਸਾਡੇ ਸ੍ਰੀ ਸਾਹਿਬ ਨੂੰ। ਆਜ਼ਾਦੀ ਦੀ ਦੇਵੀ ਨੂੰ ਮਨਾਉਣਾ ਹੈ, ਉਠੋ! ਕੋਈ ਪਿਆਰਾ ਆਪਣਾ ਸੀਸ ਭੇਟ ਕਰੋ। ਇੱਥੇ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਮਹਾਰਾਜ ਸਾਰੇ ਦੀਵਾਨ ਵਲ ਦੇਖਦੇ ਨੇ ਕੋਈ ਨਾ ਉਠਿਆ। ਕਾਫੀ ਦੇਰ ਲੱਗ ਗਈ, ਦੁਬਾਰਾ ਫੇਰ ਮਹਾਰਾਜ ਨੇ ਆਵਾਜ਼ ਦਿੱਤੀ, ਓ ਪਿਆਰਿਓ! ਕੋਈ ਤਾਂ ਉਠੋ। ਉਠੋ ਕੋਈ ਆਪਣਾ ਸੀਸ ਭੇਟ ਕਰੋ। ਕਹਿੰਦੇ ਫੇਰ ਵੀ ਨਾ ਕੋਈ ਉਠਿਆ, ਨੀਵੀਆਂ ਪਾ ਲਈਆਂ। ਤੀਸਰੀ ਵਾਰੀ ਆਵਾਜ਼ ਦਿੱਤੀ, ਕਹਿੰਦੇ ਫੇਰ ਉੱਠਿਆ। ਇਹ ਤਾਂ ਹੈਗਾ ਇਤਿਹਾਸਕ ਪੱਖ। ਮੈਂ ਇਹਦੇ ਨਾਲ ਸਹਿਮਤ ਨਹੀਂ ਹਾਂ। ਕਿਉਂ ਨਹੀਂ ਹਾਂ, ਇਸ ਕਰਕੇ ਕਿ ਕੋਈ ਵੀ ਗੁਰਸਿੱਖ ਐਸਾ ਨਹੀਂ ਸੀ, ਐਡੀ ਵੱਡੀ ਸੰਗਤ 'ਚ ਗੁਰੂ ਦਸ਼ਮੇਸ਼ ਪਿਤਾ ਦਾ ਸਮਾਂ ਹੋਵੇ, ਗੁਰੂ ਨਾਨਕ ਤੋਂ ਸਿੱਖੀ ਚਲਦੀ ਆ ਰਹੀ ਹੋਵੇ, ਕੀ ਇੱਕ ਵੀ ਸਿੱਖ ਨਹੀਂ ਸੀ ਜਿਹਦਾ ਦੇਹ-ਅਧਿਆਸ ਟੁੱਟਿਆ ਹੋਵੇ। ਸਾਰੇ ਦੀਵਾਨ 'ਚ ਇੱਕ ਵੀ ਨਹੀਂ ਸੀ ਕੀ ਪਿਆਰ ਵਾਲਾ? ਇਹ ਬੜਾ ਭੁਲੇਖਾ ਹੈ ਸਾਧਸੰਗਤ ਜੀ! ਸਿੱਖੀ ਐਨੀ ਕਮਜ਼ੋਰ ਤਾਂ ਨਹੀਂ ਸੀ। ਸਿੱਖੀ ਦੀ ਪਰਖ ਤਾਂ ਅਜੇ ਹੋ ਕੇ ਹਟੀ ਸੀ, ਗੁਰੂ ਨੌਵੇਂ ਪਾਤਸ਼ਾਹ ਦੇ ਵੇਲੇ, ਭਾਈ ਮਤੀ ਦਾਸ ਦੇ ਸੀਸ 'ਤੇ ਆਰਾ ਚੱਲਣ ਲੱਗਿਆ, ਅੱਖਾਂ ਦੇ ਵਿੱਚ ਚਮਕ ਆ ਗਈ। ਮੂੰਹ ਦੇ ਉੱਤੇ ਲਾਲੀ ਆ ਗਈ। ਜਲਾਦ ਠਹਿਰ ਗਿਆ ਕਹਿਣ ਲੱਗਿਆ, ਮਤੀਦਾਸਾ! ਮੈਂ ਤਾਂ ਮਰੇ ਹੋਏ ਹੀ ਚੀਰੇ ਨੇ, ਲੇਕਿਨ ਅੱਜ ਮੈਨੂੰ ਐਉਂ ਲੱਗਿਆ ਕਿ ਮੇਰੇ ਆਰੇ ਦੇ ਥੱਲੇ ਕੋਈ ਜੀਉਂਦਾ ਬੰਦਾ ਆ ਗਿਆ। ਤੂੰ ਦਸ ਸਕਦਾ ਹੈਂ ਕਿ ਤੇਰੇ ਨੇਤਰਾਂ 'ਚ ਕਿਉਂ ਚਮਕ ਆਈ। ਤੇਰੇ ਚਿਹਰੇ ਦੇ ਉੱਤੇ ਮੁਸਕਰਾਹਟ ਕਿਉਂ ਆਈ? ਆਹ ਲਾਲ ਰੰਗ ਚਿਹਰੇ 'ਤੇ ਕਿੱਥੋਂ ਆ ਗਿਆ। ਇਹ ਤਾਂ ਸੂਹਾ ਰੰਗ ਚੜ੍ਹ ਗਿਆ। ਇਹਨੂੰ ਦੱਸ ਸਕਦਾ ਹੈ ਕੀ ਤੂੰ?

ਕਹਿਣ ਲੱਗੇ, ਜਲਾਦ! ਹੁਣ ਤਾਂ ਸਮਾਂ ਨਹੀਂ ਹੈ?

ਕਹਿੰਦਾ, ਮਤੀਦਾਸਾ! ਮੌਤ ਤੋਂ ਤਾਂ ਵੱਡੇ-ਵੱਡੇ ਡਰ ਜਾਂਦੇ ਨੇ, ਤੂੰ ਨਹੀਂ ਡਰਿਆ। ਤੈਨੂੰ ਡਰ ਨਹੀਂ ਲੱਗਿਆ? ਕਹਿੰਦੇ, ਨਾ ਮੈਂ ਤਾਂ ਆਪਣੇ ਘਰ ਨੂੰ ਜਾ ਰਿਹਾ ਹਾਂ। ਮੈਨੂੰ ਤਾਂ ਸਗੋਂ ਖੁਸ਼ੀਆਂ ਚੜ੍ਹ ਰਹੀਆਂ ਨੇ।

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ!***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***

***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥      ਅੰਗ - 1365***

ਕਹਿਣ ਲੱਗੇ, ਜਲਾਦ! ਮੌਤ ਜਿਸਨੂੰ ਆਖਦੇ ਨੇ, ਇਹ ਕੇਵਲ ਅਗਿਆਨੀ ਪੁਰਸ਼ ਨੂੰ ਆਇਆ ਕਰਦੀ ਹੈ, ਗਿਆਨਵਾਨ ਪੁਰਸ਼ ਨੂੰ ਤਾਂ ਮੌਤ ਛੋਹ ਨਹੀਂ ਸਕਦੀ, ਕਿਉਂਕਿ ਉਸਨੇ ਪਹਿਲਾਂ ਹੀ ਅਕਾਲ ਮੰਡਲ ਵਿੱਚ ਪ੍ਰਵੇਸ਼ ਕੀਤਾ ਹੁੰਦਾ ਹੈ, ਕਿਉਂਕਿ ਉਥੇ ਮੌਤ ਪਹੁੰਚਦੀ ਨਹੀਂ ਹੈ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥***

*ਅੰਗ - ੨੭੩*

ਮਰਦਾ ਕੀ ਹੈ? ਅਗਿਆਨ ਮਰਦਾ ਹੈ, ਸਰੀਰ ਮਰਦਾ ਹੈ। ਜਿਹੜਾ ਇਹਦੇ ਵਿੱਚ ਹੈ ਆਤਮ ਸਰੂਪ ਆਪਣਾ, ਉਹ ਤਾਂ ਮਰਦਾ ਹੀ ਨਹੀਂ, ਉਹਦੇ ਨੇੜੇ ਤਾਂ ਆਰਾ ਜਾਂਦਾ ਹੀ ਨਹੀਂ। ਨਾ ਤਲਵਾਰ ਜਾਂਦੀ ਹੈ। ਕਹਿਣ ਲੱਗੇ, ਜਲਾਦ! ਇਹ ਮੌਤ ਦਾ ਜਿਹੜਾ ਭੇਤ ਹੈ ਇਹ ਗੁਰਸਿੱਖਾਂ ਦੇ ਸਾਮ੍ਹਣੇ ਖੁਲ੍ਹਿਆ ਹੋਇਆ ਹੈ। ਸਾਨੂੰ ਮੌਤ ਨਹੀਂ ਮਾਰ ਸਕਦੀ। ਸਰੀਰ ਚੀਰ ਦਏਂਗਾ ਇਹ ਵਿਨਾਸ਼ ਹੋਣ ਵਾਲੀ ਚੀਜ਼ ਹੈ। ਅੱਜ ਹੋ ਗਈ ਕਿ ਹੋਰ ਦਸ ਸਾਲ ਨੂੰ ਹੋ ਗਈ। ਇਹਨੇ ਜਾਣਾ ਹੀ ਜਾਣਾ ਹੈ। ਸੋ ਡਰ ਕਿਸ ਚੀਜ਼ ਦਾ, ਅਸੀਂ ਤਾਂ ਆਪਣੇ ਘਰ ਨੂੰ, ਆਪਣੇ ਸਰੂਪ ਵਿੱਚ ਜਾ ਰਹੇ ਹਾਂ। ਸਰੀਰ ਵਿੱਚ ਰਹਿੰਦੇ ਹੋਏ ਕਿੰਨੀਆਂ ਬਿਆਧੀਆਂ ਨੇ, ਰੋਜ਼ ਪ੍ਰਸ਼ਾਦੇ ਛਕੋ, ਰੋਜ਼ ਨਹਾਓ, ਰੋਜ਼ ਖਾਣ ਵਾਸਤੇ ਕਰੋ, ਕਦੇ ਬੀਮਾਰ ਹੋ ਗਿਆ, ਕਦੇ ਰਾਜ਼ੀ ਹੋ ਗਿਆ ਸਰੀਰ। ਸਾਡੇ ਤਕ ਤਾਂ ਨਾ ਕੋਈ ਰੋਗ ਪਹੁੰਚ ਸਕਦਾ ਹੈ, ਨਾ ਕੋਈ ਬੀਮਾਰੀ, ਨਾ ਕੋਈ ਗਮ। ਉਥੇ ਤਾਂ ਸਦਾ ਆਨੰਦ ਦੀ ਦਸ਼ਾ ਹੈ, ਪਰਮ ਆਨੰਦ ਦੀ। ਉਹ ਆਨੰਦ ਮੇਰੇ ਮਨ ਵਿੱਚ ਹੈ, ਕਿਉਂਕਿ ਮੈਂ ਆਪਣੇ ਘਰ ਵਿੱਚ ਜਾਣਾ ਹੈ। ਇਹ ਜਿਹੜਾ ਕਹਿਣਾ ਹੈ ਕਿ ਤਿੰਨ ਵਾਰੀ ਗੁਰੂ ਸਾਹਿਬ ਨੇ ਆਵਾਜ਼ ਦਿੱਤੀ, ਇਹਦਾ ਮਤਲਬ ਹੈ ਕਿ ਸਾਰੀ ਸੰਗਤ ਦੇ ਵਿੱਚ ਇੱਕ ਵੀ ਗਿਆਨ ਵਾਲਾ ਨਹੀਂ ਸੀ ਬੈਠਾ। ਕਿੱਡੀ ਗਲਤ ਗੱਲ ਕਹਿ ਦਿੱਤੀ। ਉਹਦੇ ਵਿੱਚ ਭਾਈ ਦਇਆ ਸਿੰਘ ਜੀ ਪੂਰਨ ਬ੍ਰਹਮਗਿਆਨੀ, ਪੂਰਨ ਯੋਗੀ, ਮਹਾਨ ਵਿਦਵਾਨ, ਦੇਹ ਅਧਿਆਸ ਜਿਨ੍ਹਾਂ ਦਾ ਟੁੱਟਿਆ ਹੋਇਆ ਸੀ। ਆਪਣੇ ਆਪ ਨੂੰ ਦੇਹ ਨਹੀਂ ਸੀ ਸਮਝਦੇ, ਦੇਹ ਤੋਂ ਉਤੇ ਆਤਮ ਸੂਰਪ, ਪ੍ਰਮੇਸ਼ਰ ਦਾ ਸਰੂਪ ਸੀ ਉਹ, ਕਿਉਂਕਿ ਜਦੋਂ ਦ੍ਵੈਤ ਮਿਟ ਜਾਵੇ, ਹਉਮੈ ਦਾ ਨਾਸ਼ ਹੋ ਜਾਵੇ, ਓਸ ਵੇਲੇ ਪ੍ਰਮੇਸ਼ਰ ਹੀ ਹੁੰਦਾ ਹੈ ਸਰੀਰ ਦੇ ਅੰਦਰ ਤੇ ਐਹੋ ਜਿਹੇ ਮਹਾਨ ਪੁਰਸ਼ ਬੈਠੇ ਹੋਣ, ਇਹ ਗੱਲ ਕੱਚੀ ਕਰ ਦਿੱਤੀ ਜਾਵੇ ਜੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਦਾਤਾ ਮੰਗਦਾ ਹੋਵੇ ਕੁਛ? ਉਹਨੂੰ ਦੇਣ ਤੋਂ ਗੁਰੇਜ਼ ਕਰਦਾ ਹੋਵੇ ਦੀਵਾਨ। ਆਹ ਗੱਲ ਨਹੀਂ ਹੈ।

ਗੁਰੂ ਮਹਾਰਾਜ ਨੇ ਜਿਸ ਵਕਤ ਬਚਨ ਕੀਤਾ, ਪੂਰਨ ਵਿਸ਼ਵਾਸ਼ ਵਾਲਾ ਗੁਰਸਿੱਖ, ਗੁਰੂ ਦਾ ਰੂਪ ਹੋਇਆ ਹੋਇਆ, ਕਿਉਂਕਿ ਗੁਰੂ ਦਾ ਰੂਪ ਹੋ ਜਾਂਦਾ ਹੈ ਗੁਰਸਿੱਖ ਜਦੋਂ ਮੈਂ ਮਿਟ ਜਾਦੀ ਹੈ। ਗੁਰੂ ਤੇ ਉਹਦੇ ਵਿੱਚ ਕੋਈ ਭੇਦ ਨਹੀਂ ਰਿਹਾ ਕਰਦਾ। ਉਸੇ ਵੇਲੇ ਉਠ ਕੇ ਹਾਜ਼ਰ ਹੋ ਗਏ ਕਹਿਣ ਲੱਗੇ ਪਾਤਸ਼ਾਹ! ਏਸ ਤਨ ਦੀ ਲੋੜ ਹੈ, ਆਪ ਦੇ ਹਾਜ਼ਰ ਹੈ।

ਦੂਜੀ ਵਾਰੀ ਮਹਾਰਾਜ ਨੇ ਫੇਰ ਆਵਾਜ਼ ਦਿੱਤੀ, ਕਹਿੰਦੇ ਨੇ ਕਿ ਤੰਬੂ ਵਿੱਚ ਲੈ ਗਏ, ਉਥੇ ਜਾ ਕੇ ਕੀ ਭਾਣਾ ਵਰਤਿਆ, ਬੜੀਆਂ ਗੱਲਾਂ ਨੇ ਇਹਦੇ ਬਾਰੇ। ਆਮ ਲਿਖਾਰੀ ਕੁਛ ਲਿਖਦੇ ਨੇ, ਕੋਈ ਕਹਿੰਦਾ ਹੈ ਬੱਕਰੇ ਬੰਨ੍ਹੇ ਹੋਏ ਸੀ, ਆਪਣੀਆਂ-ਆਪਣੀਆਂ ਦਲੀਲਾਂ ਦਿੰਦੇ ਨੇ। ਕੀ ਦੇਖਿਆ ਸੀ ਤੁਸੀਂ, ਸੌ ਸਾਲ ਬਾਅਦ ਇਤਿਹਾਸ ਲਿਖਿਆ ਹੈ। ਗੁਰਬਾਣੀ ਤੋਂ ਉਲਟ ਦੀਆਂ ਗੱਲਾਂ ਕਰਦੇ ਓਂ।

***ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਅੰਗ - 1142***

ਜੇ ਸਤਿਗੁਰੂ 'ਚ ਆਹੀ ਤਾਕਤ ਨਹੀਂ ਫੇਰ ਕਾਹਨੂੰ ਅਸੀਂ 300 ਸਾਲ ਤੋਂ ਯਾਦ ਕਰੀਏ। ਉਹ ਮਰਿਆ ਹੋਇਆਂ ਨੂੰ ਜੀਉਂਦਾ ਕਰਦੇ ਨੇ। ਸਤਿਗੁਰੂ ਤਾਂ ਇੱਕ ਪਾਸੇ ਰਿਹਾ, ਬਾਬਾ ਗੁਰਦਿੱਤਾ ਤੋਂ ਗਊ ਮਰ ਗਈ ਤੀਰ ਲਗ ਕੇ। ਨਾੜਾਂ ਨਿਕਲ ਕੇ ਔਹ ਗਈਆਂ ਤੀਰ ਦੇ ਨਾਲ, ਪਹਾੜੀਆਂ ਨੇ ਰੌਲਾ ਪਾ ਦਿੱਤਾ ਕਿ ਬਾਬਾ ਜੀ! ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਪੈਸੇ ਦੇ ਰਹੇ ਨੇ ਕਿ ਹਜ਼ਾਰ ਰੁਪਿਆ ਲੈ ਲਓ, ਦਸ ਗਾਈਆਂ ਆ ਜਾਣਗੀਆਂ। ਜਿੱਦ ਫੜ ਲਈ ਕਿ ਆਹੀ ਗਊ ਚਾਹੀਦੀ ਹੈ। ਵਾਹਿਗੁਰੂ ਆਖ ਕੇ ਛਿੱਟਾ ਦੇ ਦਿੱਤਾ, ਗਊ ਜੀਊਂਦੀ ਹੋ ਗਈ। ਗੁਰੂ ਪਾਤਸ਼ਾਹ ਨੇ ਕਿਹਾ ਕਿ ਟਿਕਾ ਜੀ! ਤੁਸੀਂ ਆਹ ਗੱਲ ਕਰਨੀ ਨਹੀਂ ਸੀ। ਚੁੱਪ ਕਰਕੇ ਚਲੇ ਗਏ, ਜਾ ਕੇ ਮਰਜ਼ੀ ਦੇ ਨਾਲ ਸਰੀਰ ਛੱਡ ਦਿੱਤਾ।

ਭਾਈ ਜੀਵਨ ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ, ਬ੍ਰਾਹਮਣ ਦਾ ਲੜਕਾ ਮਰਿਆ ਪਿਆ ਹੈ। ਬ੍ਰਾਹਮਣ ਕਹਿੰਦਾ ਹੈ ਕਿ ਜਾਂ ਤਾਂ ਜੀਉਂਦਾ ਕਰ ਦਿਓ ਜਾਂ ਮੈਂ ਚਿਖਾ ਦੇ ਉੱਤੇ ਬੈਠ ਕੇ ਖੁਦ ਵੀ ਤੁਹਾਡੇ ਦਰਬਾਰ ਸਾਮ੍ਹਣੇ ਜਲ ਜਾਵਾਂਗੇ। ਸਾਰੇ ਮਸੰਦ ਜ਼ੋਰ ਲਾ ਰਹੇ ਨੇ, ਗੁਰੂ ਮਹਾਰਾਜ ਕਹਿੰਦੇ ਜੇ ਐਉਂ ਜੀਉਂਦੇ ਕਰਨ ਲੱਗੇ ਬਾਦਸ਼ਾਹ! ਤਾਂ ਮਰਨੇ ਹੀ ਨਹੀਂ ਫੇਰ। ਐਥੇ ਮੁਰਦਿਆਂ ਦਾ ਢੇਰ ਲੱਗਿਆ ਰਿਹਾ ਕਰੇਗਾ। ਕਹਿੰਦੇ ਜੇ ਜੀਉਂਦਾ ਕਰਨਾ ਹੈ, ਕੋਈ ਆਪਣੀ ਜਾਨ ਦੇ ਦੇਵੇ, ਜੀਉਂਦਾ ਹੋ ਜਾਏਗਾ। ਭਾਈ ਜੀਵਨ ਗਏ, ਜਾ ਕੇ ਲੰਮੇ ਪੈ ਗਏ, ਬ੍ਰਾਹਮਣ ਦਾ ਬੱਚਾ ਜੀਉਂਦਾ ਹੋ ਗਿਆ ਤੇ ਆਪ ਚੜ੍ਹਾਈ ਕਰ ਗਏ। ਬਾਬਾ ਅਟੱਲ ਜੀ ਦੇ ਬਾਰੇ ਸਾਰੇ ਹੀ ਜਾਣਦੇ ਨੇ, ਮੋਹਨ ਦੇ ਜਾ ਕੇ ਖੂੰਡੀ ਪਾ ਕੇ ਕਹਿਣ ਲੱਗੇ, ਬਹਾਨੇ ਕਰਕੇ ਸੁੱਤਾ ਪਿਆ ਹੈਂ ਉੱਠ ਸਾਡੀ ਪਿੱਤ ਦੇ। ਰਾਤ ਦਾ ਸੱਪ ਦਾ ਡੰਗਿਆ ਹੋਇਆ, ਮਰਿਆ ਹੋਇਆ, ਜ਼ਹਿਰ ਚੜ੍ਹੀ ਹੋਈ ਅੰਗ-ਅੰਗ ਦੇ ਵਿੱਚ, ਸਾਰਾ ਖੂਨ ਜ਼ਹਿਰੀਲਾ ਹੋਇਆ-ਹੋਇਆ, ਕਿੱਧਰ ਗਈ ਜ਼ਹਿਰ ਉਠ ਕੇ ਬੈਠ ਗਿਆ।

ਸ਼ਮਸ਼ਤਬਰੇਜ਼ ਦੇ ਕੋਲ ਨਵਾਬ ਆਪਣਾ ਮੁਰਦਾ ਲੜਕਾ ਲੈ ਆਉਂਦਾ ਹੈ। ਤਿੰਨ ਵਾਰੀ ਕਿਹਾ ਓ ਲੜਕੇ! ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ, ਲੜਕਾ ਉੱਠਿਆ ਨਾ। ਕਹਿੰਦਾ, ਚੱਲ ਦਰਵੇਸ਼ ਕੇ ਹੁਕਮ ਸੇ ਉੱਠ ਖੜ੍ਹਾ ਹੋ, ਉਸੇ ਵੇਲੇ ਉੱਠ ਕੇ ਬੈਠ ਗਿਆ। ਇੱਕ ਤਾਂ ਨਹੀਂ ਮਿਸਾਲ ਸਾਧਸੰਗਤ ਜੀ! ਇਹ ਗੁਰੂ ਮਹਾਰਾਜ ਦੀ ਗੱਲ ਕਰਨ ਵੇਲੇ ਐਨੀ ਕਮਜ਼ੋਰੀ ਆ ਜਾਂਦੀ ਹੈ, ਐਨੇ ਬੇਦਿਲ ਹੋ ਜਾਦੇ ਨੇ ਕਿ ਡਰਨ ਲਗ ਜਾਂਦੇ ਨੇ ਕਿ ਜੇ ਅਸੀਂ ਲਿਖ ਦਿੱਤਾ ਕਿ ਗੁਰੂ ਮਹਾਰਾਜ ਨੇ ਸੀਸ ਕੱਟ ਦਿੱਤਾ ਤੇ ਫੇਰ

ਜੀਉਂਦੇ ਕਰ ਦਿੱਤੇ ਇਹ ਗੱਲ ਮੰਨਣੀ ਨਹੀਂ ਕਿਸੇ ਨੇ। ਆਪਾਂ ਇਹ ਲਿਖ ਦਿਓ ਕਿ ਬੱਕਰੇ ਲਿਆਏ ਹੋਏ ਸੀ, ਕਹਿੰਦੇ ਉਹ ਭਾਈ ਦਇਆ ਸਿੰਘ ਨੂੰ ਅੰਦਰ ਲੈ ਗਏ, ਭਾਈ ਦਇਆ ਸਿੰਘ ਨੂੰ ਕਹਿੰਦੇ ਕਿ ਬੱਕਰੇ ਦਾ ਗਲ ਵੱਢ ਦੇ। ਗਲ ਵੱਢ ਦਿੱਤਾ ਤੇ ਬਹਿ ਗਏ। ਐਨੇ ਨੂੰ ਭਾਈ ਧਰਮ ਸਿੰਘ ਜੀ ਏਸੇ ਤਰ੍ਹਾਂ ਦੇ ਨਾਲ, ਗੁਰੂ ਮਹਾਰਾਜ ਆਵਾਜ਼ ਦਿੰਦੇ ਨੇ ਕਿ ਹੈ ਕੋਈ ਦੂਸਰਾ ਸਿੱਖ, ਇੱਕ ਸੀਸ ਦੀ ਹੋਰ ਲੋੜ ਹੈ, ਕਹਿੰਦੇ ਸਨਾਟਾ ਛਾ ਗਿਆ, ਇਹਦਾ ਮਤਲਬ ਹੈ ਤਿੰਨ ਵਾਰੀ ਪਹਿਲਾਂ ਗੁਰੂ ਮਹਾਰਾਜ ਨੇ ਕਿਹਾ, ਤਿੰਨ ਵਾਰੀ ਫੇਰ ਆ ਕੇ ਕਿਹਾ, ਸਿੱਖਾਂ ਦੇ ਨਿਹਚੇ ਡੋਲ ਗਏ, ਛੇ ਵਾਰੀ ਗੁਰੂ ਮਹਾਰਾਜ ਨੇ ਸੀਸ ਮੰਗਿਆ, ਤਾਂ ਦੂਸਰਾ ਮਿਲਿਆ। ਇਸੇ ਤਰ੍ਹਾਂ ਨੌਂ ਵਾਰੀ ਮੰਗਿਆ ਤਾਂ ਜਾ ਕੇ ਤੀਸਰਾ ਮਿਲਿਆ। ਵੰਗਾਰਾਂ ਤਾਂ ਪਹਿਲੀਆਂ ਵੀ ਵਿਚੇ ਹੀ ਗਿਣੀਆਂ ਜਾਣਗੀਆਂ। ਆਖਰੀ ਦਾ ਸੀਸ ਪੰਦਰਾਂ ਵਾਰੀ ਗੁਰੂ ਮਹਾਰਾਜ ਨੇ ਮੰਗਿਆ। ਕੀ ਐਨੀ ਸਿੱਖੀ ਕਮਜ਼ੋਰ? ਐਸਾ ਨਹੀਂ ਹੈ ਸਾਧਸੰਗਤ ਜੀ, ਸੀਸ ਦੇਣ ਵਾਲੇ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਸੀਗੇ, ਦੇਹ ਅਧਿਆਸ ਟੁੱਟੇ ਹੋਏ ਸੀ ਤੇ ਗੁਰੂ ਨੂੰ ਸਭ ਕੁਛ ਅਰਪਣ ਕਰਨਾ ਚਾਹੁੰਦੇ ਸੀ। ਭਾਈ ਧਰਮ ਸਿੰਘ ਜੀ ਕਹਿੰਦੇ ਨੇ, ਜਦੋਂ ਆਪ ਉੱਠੇ ਨੇ ਆਵਾਜ਼ ਦੇਣ 'ਤੇ ਕਹਿੰਦੇ ਪਾਤਸ਼ਾਹ! ਮੈਂ ਤਾਂ ਤੁਹਾਨੂੰ ਕੁਛ ਨਹੀਂ ਦੇਣਾ। ਜੇ ਮੇਰੇ ਕੋਲ ਕੁਛ ਹੋਵੇ ਤਾਂ, ਤਾਂ ਮੈਂ ਦੇਵਾਂ। ਇਹ ਤਾਂ ਸਭ ਕੁਛ ਤੇਰਾ ਹੀ ਹੈ -

***ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,***
***ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - 827***

ਕਹਿਣ ਲੱਗੇ ਪਾਤਸ਼ਾਹ! ਮੈਂ ਕੀ ਦੇਣਾ ਹੈ ਇਹ ਤਾਂ ਤੇਰਾ ਹੀ ਹੈ ਆਪਣਾ ਆਪ। ਫੇਰ ਕਹਿੰਦੇ, ਫੇਰ ਗੁਰੂ ਮਹਾਰਾਜ ਨੇ ਆਵਾਜ਼ਾਂ ਦਿੱਤੀਆਂ। ਨਾ ਇਸ ਤਰ੍ਹਾਂ ਨਹੀਂ। ਉਹ ਤਾਂ ਉਡੀਕ ਰਹੇ ਸੀ ਕਿ ਹੁਣ ਆਵਾਜ਼ ਉਠੇ ਤੇ ਫੁਰਤੀ ਨਾਲ ਕਿਹੜਾ ਉਠਦਾ ਹੈ। ਉਸ ਵੇਲੇ ਭਾਈ ਹਿੰਮਤ ਸਿੰਘ ਜੀ ਉਠਦੇ ਨੇ, ਕਹਿੰਦੇ ਪਾਤਸ਼ਾਹ! ਦੇਵਾਂ ਤਾਂ, ਤਾਂ ਜੇ ਮੇਰਾ ਕੁਛ ਹੋਵੇ, ਪਾਤਸ਼ਾਹ! -

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥***

***ਅੰਗ - 1375***

ਮੈਂ ਤਾਂ ਅਮਾਨਤ ਲਈਂ ਫਿਰਦਾ ਸੀ ਸੀਸ ਤੇਰਾ। ਪਾਤਸ਼ਾਹ! ਆਪਣੇ ਸੀਸ ਨੂੰ ਸਾਂਭ, ਲਾ ਜਿਸ ਕੰਮ ਵੀ ਲਾਉਣਾ ਹੈ, ਭਾਈ ਮੋਹਕਮ ਚੰਦ ਦੀ ਵਾਰੀ ਆ ਜਾਂਦੀ ਹੈ ਦੁਆਰਕਾ ਵਾਲਿਆਂ ਦੀ। ਕਹਿੰਦੇ, ਪਾਤਸ਼ਾਹ! ਚੌਥਾ ਨੰਬਰ ਆਇਆ ਮੇਰਾ, ਪਹਿਲਾਂ ਮੈਨੂੰ ਆ ਜਾਣਾ ਚਾਹੀਦਾ ਸੀ। ਮੇਰੇ ਤੋਂ ਪਹਿਲਾਂ ਉਠ ਖੜ੍ਹੇ ਸਾਰੇ। ਹੁਣ ਲੈਣਾ ਕੀ ਹੈ?

***ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥***

***ਅੰਗ - 406***

ਬਾਅਦ ਵਿੱਚ ਭਾਈ ਸਾਹਿਬ ਸਿੰਘ ਜੀ ਦਾ ਨੰਬਰ ਆ ਗਿਆ, ਬਿਦਰ ਵਾਲਿਆਂ ਦਾ। ਇਸੇ ਤਰ੍ਹਾਂ ਪੰਜੇ ਸੀਸ ਅਰਪਣ ਹੋ ਗਏ, ਮਹਾਰਾਜ ਬਹੁਤ ਚਿਰ ਬਾਹਰ ਨਾ ਆਏ। ਉਸ ਵੇਲੇ ਮਹਾਰਾਜ ਜੀ ਨੇ ਪੰਜਾਂ ਨੂੰ ਬਾਹਰ ਲਿਆਂਦਾ, ਵਸਤਰ ਆਪਣੇ ਵਰਗੇ ਮੰਗਾ ਕੇ ਪਹਿਨਾਅ ਦਿੱਤੇ। ਇੱਕੋ ਰੂਪ ਬਣਿਆ ਆਉਂਦਾ ਹੈ, ਇੱਕੋ ਜਿਹੇ ਵਸਤਰ ਨੇ। ਸੰਗਤਾਂ ਹੈਰਾਨ ਹੋ ਗਈਆਂ। ਦੂਸਰਾ ਦਿਨ ਹੋਇਆ ਤਾਂ ਆਪ ਨੇ ਸਤਲੁਜ ਤੋਂ ਸ਼ੁੱਧ ਜਲ ਮੰਗਾਇਆ ਤੇ ਆਪ ਨੇ ਕੂੰਡੇ ਦੇ ਉੱਤੇ ਰੱਖ ਕੇ ਬੀਰ ਆਸਣ ਹੋ ਕੇ, ਪੰਜਾਂ ਨੂੰ ਸਾਮ੍ਹਣੇ ਖੜ੍ਹਾ ਕਰ ਲਿਆ, ਬਹੁਤ ਸੰਗਤ ਜੁੜ ਗਈ ਕਿ ਕੱਲ੍ਹ ਤਾਂ ਗੱਲ ਕੋਈ ਹੋਰ ਹੀ ਸੀ, ਅਸੀਂ ਐਵੇਂ ਹੀ ਡਰ ਗਏ, ਜਿਹੜੇ ਡਰਪੋਕ ਬੰਦੇ ਸੀ। ਬੇਅੰਤ ਕਿਸਮ ਦੇ ਬੰਦੇ ਸੰਗਤ 'ਚ ਆਉਂਦੇ ਨੇ, ਸਾਰੇ ਤਾਂ ਸ਼ਰਧਾਲੂ ਨਹੀਂ ਹੁੰਦੇ। ਬਹੁਤ ਤਾਂ ਐਵੇਂ ਹੀ ਆਏ ਹੁੰਦੇ ਨੇ। ਕਿੰਨੇ ਕਿਸਮ ਦੇ ਜਗਿਆਸੂ ਨੇ, ਪੰਜ ਕਿਸਮ ਦੀ ਸਿੱਖੀ ਹੈ, ਉਸ ਵੇਲੇ ਬੜੇ ਨੀਝ ਲਾ ਕੇ ਦੇਖ ਰਹੇ ਨੇ ਕਿ ਹੁਣ ਕੀ ਹੋਏਗਾ ਅੱਜ। ਗੁਰੂ ਮਹਾਰਾਜ ਜੀ ਨੇ ਖੰਡਾ ਫੇਰਨਾ ਸ਼ੁਰੂ ਕਰਿਆ ਤੇ ਅੰਮ੍ਰਿਤ ਦੀ ਤਿਆਰੀ ਕਰ ਰਹੇ ਨੇ। ਪੂਰਾ ਜੋਸ਼ ਜਲ ਵਿੱਚ ਭਰ ਰਹੇ ਨੇ। ਜਲ ਕਿਉਂ ਲਿਆ ਮਹਾਰਾਜ ਜੀ ਨੇ? ਹੋਰ ਚੀਜ਼ ਕਿਉਂ ਨਾ ਲਈ ਮਹਾਰਾਜ ਜੀ ਨੇ? ਜਲ ਦੇ ਵਿੱਚ ਸਭ ਤੋਂ ਜ਼ਿਆਦਾ ਪ੍ਰਵੇਸ਼ ਕਰਦੀ ਹੈ ਸ਼ਕਤੀ। ਦੂਸਰੇ ਨੰਬਰ ਦੇ ਉੱਤੇ ਮਿੱਟੀ 'ਚ ਪ੍ਰਵੇਸ਼ ਕਰਦੀ ਹੈ ਜਿਹਨੂੰ ਚਰਨ ਧੂੜ ਕਹਿੰਦੇ ਨੇ ਤੇ ਜਲ ਦੇ ਵਿੱਚ ਸ਼ਕਤੀ ਨੂੰ ਪ੍ਰਵੇਸ਼ ਕਰ ਦਿੱਤਾ। ਬਾਣੀ ਦੀ ਜੋ ਸ਼ਕਤੀ ਹੈ ਪੰਜ ਬਾਣੀਆਂ ਪੜ੍ਹ ਕੇ ਸ਼ਕਤੀ ਪ੍ਰਵੇਸ਼ ਕਰ ਦਿੱਤੀ। ਉਹਦੇ ਨਾਲ ਕੀ ਸੀ, ਬੰਦਗੀ ਤਾਂ ਸਾਰੇ ਕਰਦੇ ਹੀ ਸੀ, ਨਾਮ ਵੀ ਜਪਦੇ ਸੀ, ਉਹ ਇੱਕ ਐਸਾ ਜਜ਼ਬਾ ਮਹਾਰਾਜ ਜੀ ਨੇ ਲਿਆ ਦਿੱਤਾ ਕਿ ਇਹ ਕੁਰਬਾਨੀ ਦੇਣ ਵੇਲੇ ਕਿਸੇ ਚਿੰਤਾ 'ਚ ਨਾ ਪਵੇ ਤੇ ਬਲ ਹੋਵੇ ਇਹਦੇ ਵਿੱਚ। ਇਹ ਜਿੱਥੇ ਬ੍ਰਾਹਮਣ ਦਾ ਕੰਮ ਕਰੇ, ਬਾਣੀ ਪੜ੍ਹਦਾ ਪੜ੍ਹਾਉਂਦਾ, ਅਨੰਦ ਕਾਰਜ ਕਰਦਾ, ਦੀਵਾਨ ਲਾਉਂਦਾ, ਉਪਦੇਸ਼ ਕਰਦਾ, ਕਥਾ ਕਰਦਾ, ਪਾਠ ਸੁਣਾਉਂਦਾ, ਦਾਨ ਲੈਂਦਾ ਤੇ ਦਾਨ ਦਿੰਦਾ, ਉਥੇ ਕਸ਼ਤਰੀ ਵਾਲਾ ਕੰਮ ਵੀ ਕਰੇ, ਜਦੋਂ ਸਿਰ 'ਤੇ ਆ ਬਣੇ, ਗਰੀਬ ਦੀ ਬੇਬਸੀ ਹੋ ਜਾਵੇ ਉਹਦੀ ਰਾਖੀ ਦੇ ਵਾਸਤੇ ਆਪਣਾ ਤਨ ਬਲੀਦਾਨ ਦੇ ਦੇਵੇ। ਦਾਨ ਕਰ ਦੇਵੇ ਤਨ ਦਾ, ਸੀਸ ਦਾ ਦਾਨ ਕਰ ਦੇਵੇ। ਉਹ ਜਜ਼ਬਾ ਜਿਹੜਾ ਸੀ ਨਵੀਂ ਚੀਜ਼ ਗੁਰੂ ਮਹਾਰਾਜ ਨੇ ਉਸ ਜਲ ਦੇ ਰਾਹੀਂ ਜਿਸਨੂੰ ਪਾਹੁਲ ਕਹਿੰਦੇ ਨੇ ਉਹ ਤਿਆਰ ਕੀਤੀ, ਪਾਣੀ ਥੋੜ੍ਹਾ ਜਿਹਾ ਬਾਹਰ ਡੁੱਲ੍ਹ ਗਿਆ। ਦੋ ਚਿੜੇ ਉਸ ਥਾਂ ਦੇ ਉੱਤੇ ਆਏ ਤੇ ਘੁੱਟ-ਘੁੱਟ ਭਰ ਕੇ ਲੈ ਗਏ, ਪੀਂਦੇ ਸਾਰ ਐਸਾ ਜੋਸ਼ ਅੰਦਰ ਆ ਗਿਆ ਕਿ ਉਥੇ ਹੀ ਲੜਨਾ ਸ਼ੁਰੂ ਕਰ ਦਿੱਤਾ ਉਨ੍ਹਾਂ ਨੇ। ਅੰਮ੍ਰਿਤ ਤਿਆਰ ਹੋ ਗਿਆ ਤੇ ਮਹਾਰਾਜ ਜੀ ਦੇਖਣ ਲਗ ਗਏ ਉਨ੍ਹਾਂ ਵਲ, ਸਾਰੇ ਦੀਵਾਨ ਨੇ ਦੇਖਿਆ, ਉਸ ਵੇਲੇ ਬਾਬੇ ਬੁੱਢੇ ਕੇ, ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਰਾਮ ਕੌਰ ਪੂਰਨ ਬ੍ਰਹਮਗਿਆਨੀ ਤ੍ਰਿਕਾਲਦਰਸ਼ੀ ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹ ਜਲ ਪਿਲਾ ਦੇਣਾ ਹੈ ਇਨ੍ਹਾਂ ਨੂੰ, ਇਹ ਤਾਂ ਅਤਿ ਕਰੂਰ ਜਲ ਹੈ, ਕਠੋਰ ਹੋ ਜਾਣਗੇ। ਮਾਤਾ ਜੀਤੋ ਜੀ ਦੇ ਕੋਲ ਜਾਂਦੇ ਨੇ, ਕਹਿਣ ਲੱਗੇ, ਮਾਤਾ ਜੀ! ਗੁਰੂ ਮਹਾਰਾਜ ਨੇ

ਅੰਮ੍ਰਿਤ ਤਿਆਰ ਕਰਿਆ ਹੈ, ਨਵਾਂ ਪੰਥ ਸਾਜਣਾ ਹੈ ਤੇ ਜਿਥੇ ਪਿਉ ਦੀ ਲੋੜ ਹੈ ਉਥੇ ਮਾਤਾ ਦੀ ਵੀ ਲੋੜ ਹੈ। ਮਾਂ ਦੇ ਪਿਆਰ ਦੀ ਲੋੜ ਹੈ, ਪਿਉ ਦੇ ਤੇਜ਼ ਦੀ ਲੋੜ ਹੈ। ਕ੍ਰਿਪਾ ਕਰੋ, ਮਿਠਾਸ ਪਾਓ ਉਹਦੇ 'ਚ ਜਾ ਕੇ। ਉਸੇ ਵੇਲੇ ਮਾਤਾ ਜੀ ਨੇ ਪਤਾਸੇ ਲਏ ਗੁਰੂ ਮਹਾਰਾਜ ਕੋਲ ਆ ਗਏ ਆ ਕੇ ਆਗਿਆ ਲਈ, ਖੱਬੇ ਪਾਸੇ ਬੈਠ ਗਏ, ਆਗਿਆ ਮਿਲਣ 'ਤੇ ਪਤਾਸੇ ਆਪ ਨੇ ਜਲ ਵਿੱਚ ਪਾ ਦਿੱਤੇ। ਮਹਾਰਾਜ ਜੀ ਕਹਿਣ ਲੱਗੇ ਕਿ ਇਹ ਤਾਂ ਬਹੁਤ ਵਧੀਆ ਹੋਇਆ ਕਿ ਤੁਸੀਂ ਉਸ ਵੇਲੇ ਆ ਗਏ ਜਦੋਂ ਅਸੀਂ ਨਵਾਂ ਪੰਥ ਤਿਆਰ ਕਰਨ ਲੱਗੇ ਸੀ।

ਕਹਿੰਦੇ ਇਨ੍ਹਾਂ ਨੇ ਤਾਂ ਬਹੁਤ ਲੜਨਾ ਸੀ ਜਿਵੇਂ ਉਹ ਚਿੜੇ ਲੜੇ ਨੇ, ਚੰਗਾ ਹੋਇਆ ਜਦ ਹੁਣ ਲੜਿਆ ਵੀ ਕਰਨਗੇ ਤਾਂ ਮੇਰਾ ਧਿਆਨ ਆ ਜਾਇਆ ਕਰੇਗਾ ਇਨ੍ਹਾਂ ਨੂੰ ਤੇ ਨਾਲ ਬਾਟੇ ਦਾ ਆ ਜਾਇਆ ਕਰੇਗਾ। ਅਸੀਂ ਬਾਟੇ ਦੀ ਸਾਂਝ ਵਾਲੇ ਭਾਈ ਹਾਂ। ਦਸ਼ਮੇਸ਼ ਪਿਤਾ ਦੇ ਪੁੱਤਰ ਹਾਂ, ਉਸ ਵੇਲੇ ਇਹ ਲੜਦੇ-ਲੜਦੇ ਹਟ ਜਾਇਆ ਕਰਨਗੇ। ਮਹਾਰਾਜ ਜੀ ਨੇ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾ ਦਿੱਤਾ ਤੇ ਉਸ ਤੋਂ ਬਾਅਦ ਕਹਿਣ ਲੱਗੇ ਪਿਆਰਿਓ! ਤੁਹਾਡੀ ਪਦਵੀ ਜੋ ਹੈ ਉਹ ਸਿੱਖ ਦੀ ਨਹੀਂ ਰਹੀ, ਤੁਸੀਂ ਮੇਰਾ ਰੂਪ ਬਣ ਗਏ ਓਂ। ਐਸ ਤਰ੍ਹਾਂ ਦੇ ਨਾਲ ਪੜ੍ਹੋ ਪਿਆਰ ਨਾਲ -

***ਧਾਰਨਾ - ਕਰ ਲਏ ਆਪ ਸਮਾਨ, ਸਤਿਗੁਰੂ ਪੂਰੇ ਨੇ।***

ਆਪਣੇ ਵਰਗੇ ਬਣਾ ਲਏ। ਜਿਹੜੇ ਮੇਰੇ ਵਿੱਚ ਸਮਾਏ ਹੋਏ, ਹਰ ਵਕਤ ਮੇਰੇ ਵਿੱਚ ਰਹਿੰਦੇ ਨੇ, ਕਹਿੰਦੇ ਉਹ ਮੇਰਾ ਰੂਪ ਹੀ ਹੋਇਆ ਕਰਦੇ ਨੇ। ਮੈਂ ਹੀ ਉਨ੍ਹਾਂ 'ਚ ਵਰਤਦਾ ਹਾਂ। ਇਸ ਤਰ੍ਹਾਂ ਦੇ ਨਾਲ ਇਹ ਭਰਮ ਭੁਲੇਖੇ ਸਾਡੇ ਮਨਾਂ 'ਚ ਪਏ ਹੋਏ ਸਾਧਸੰਗਤ ਜੀ! ਬਈ ਉਨ੍ਹਾਂ ਨੂੰ ਸੱਚਮੁੱਚ ਸ਼ਹੀਦ ਕਰ ਦਿੱਤਾ ਸੀ। ਉਸ ਤੋਂ ਬਾਅਦ ਉਨ੍ਹਾਂ ਦੇ ਸਿਰ ਕਿਵੇਂ ਜੋੜੇ ਉਨ੍ਹਾਂ ਦਾ ਖ਼ੂਨ ਨਿਕਲ ਚੁੱਕਿਆ ਹੋਣਾ ਹੈ ਸਾਰਾ। ਆਹ ਗੱਲਾਂ ਨੇ ਜਿਹੜੀਆਂ ਇਨ੍ਹਾਂ ਦੇ ਬੜੇ ਵਹਿਮ ਪਏ ਹੋਏ ਨੇ।

ਆਹ ਮੈਂ ਇੱਕ ਜਾਦੂਗਰ ਦੇਖਿਆ ਸੀ, ਪਟਿਆਲੇ ਆਇਆ ਸੀ। ਉਹਨੇ ਐਸਾ ਇੱਕ ਖੇਲ੍ਹ ਕਰਿਆ ਕਿ ਇੱਕ ਬੰਦੇ ਨੂੰ ਛੁਰੇ ਦੇ ਉੱਤੇ ਪਾ ਦਿੱਤਾ, ਨਾ ਹੇਠਾਂ ਨਾ ਉੱਤੇ, ਛੁਰੇ ਦੇ ਉੱਤੇ ਖੜ੍ਹਾ ਤੇ ਹੱਥ ਕਰਕੇ ਉਹਦੀ ਜ਼ੁਬਾਨ ਖਿੱਚ ਲਈ, ਡਾ. ਜਗਜੀਤ ਸਿੰਘ ਤੇ ਅਮਰਜੀਤ ਸਿੰਘ ਹੁੰਦੇ ਉਥੇ, ਉਨ੍ਹਾਂ ਨੂੰ ਕਹਿੰਦਾ verify ਕਰੋ ਕਿ ਇਹ ਜੀਉਂਦਾ ਹੈ ਕਿ ਮਰ ਗਿਆ। ਡਾ. ਕਹਿਣ ਲੱਗਿਆ ਇਹ ਤਾਂ ਮਰ ਗਿਆ, ਖਤਮ ਹੈ ਬਿਲਕੁਲ। ਮੂੰਹ ਵਿੱਚ ਜੀਭ ਹੈ? ਕਹਿੰਦੇ ਨਾ, ਬਿਲਕੁਲ ਨਹੀਂ ਜੀਭ। ਕਹਿੰਦਾ, ਜੀਭ ਤਾਂ ਮੇਰੇ ਹੱਥ ਵਿੱਚ ਹੈ, ਆਹ ਦੇਖੋ। ਜੀਭ ਹੈ ਕੀ ਹੈ? ਕਹਿੰਦੇ ਜੀਭ ਹੈ। ਦੇਖ ਲਈ, ਟੈਸਟ ਕਰ ਲਈ। ਕਹਿੰਦਾ, ਇਸੇ ਦੀ ਜੀਭ ਹੈ, ਆਹ ਕਟੀ ਹੋਈ ਹੈ ਇੱਥੋਂ। ਉਹ ਉਸੇ ਤਰ੍ਹਾਂ ਪਿਆ ਰਿਹਾ ਤੇ ਉਸ ਤੋਂ ਬਾਅਦ ਡੀ.ਸੀ. ਸੀ ਸੰਤ ਪ੍ਰਤਾਪ ਸਿੰਘ, ਵੱਡੀ ਉਮਰ ਦੇ ਸੀ, ਉਹਨੂੰ ਕਹਿੰਦਾ ਡੀ.ਸੀ. ਸਾਹਿਬ ਉਪਰ ਆਇਓ। ਉਪਰ ਆਏ, ਕਹਿਣ ਲੱਗੇ ਕਿ ਦਰਸ਼ਕੋ,

ਦੇਖੋ ਤਾਂ ਕੌਣ ਹੈ? ਉਹ ਇਸਤਰੀ ਨਜ਼ਰ ਆਵੇ, ਡੀ.ਸੀ. ਸਾਹਿਬ ਦੀ ਤਾਂ ਪਤਾ ਨਹੀਂ ਕਿੱਧਰ ਸ਼ਕਲ ਚਲੀ ਗਈ, ਸਾੜ੍ਹੀ ਪਾਈ ਹੋਈ, ਔਰਤ ਹੀ ਦਿਸੇ। ਕਹਿੰਦਾ ਹੋਰ ਬੀਬੀਆਂ ਆ ਜਾਓ, ਜਿਹੜੀਆਂ ਆਦਮੀਆਂ ਤੋਂ ਤੰਗ ਨੇ ਤੁਹਾਨੂੰ ਫੇਰ ਆਦਮੀ ਬਣਾ ਦਿੰਦੇ ਹਾਂ, ਇਥੇ ਹੀ ਸ਼ਾਦੀਆਂ ਕਰ ਦੇਵਾਂਗੇ ਤੁਹਾਡੀਆਂ, ਆ ਜਾਓ ਸਾਰੇ। ਸਾਰੇ ਹੈਰਾਨ ਹੋ ਗਏ। ਜਿਸ ਵਕਤ ਖੇਲ੍ਹ ਖਤਮ ਹੋ ਗਿਆ, ਉਸ ਵੇਲੇ ਹੱਥ ਜਿਹਾ ਘੁੰਮਾ ਕੇ ਜੀਭ ਮਾਰੀ, ਡਾਕਟਰ ਨੂੰ ਕਿਹਾ ਕਿ ਦੇਖੋ, ਜੁੜ ਗਈ? ਕਹਿੰਦੇ, ਜੁੜ ਗਈ। ਹੁਣ ਦੇਖੋ ਤਾਂ ਜੀਉਂਦਾ ਹੋ ਗਿਆ ਕਿ ਮਰਿਆ ਹੀ ਪਿਆ ਹੈ। ਕਹਿੰਦੇ, ਜੀਉਂਦਾ ਹੋ ਗਿਆ, ਇਹਦਾ ਤਾਂ ਦਿਲ ਚਲ ਪਿਆ, ਨਬਜ਼ ਵੀ ਚੱਲ ਪਈ।

ਇੱਕ ਜਾਦੂਗਰ ਦੇ ਵਿੱਚ ਇਹ ਸ਼ਕਤੀ ਹੈ। ਉਹਨੇ ਬਾਅਦ 'ਚ ਦੱਸਿਆ ਕਿ ਮੈਂ ਕੁਛ ਨਹੀਂ ਕਰਿਆ, ਨਾ ਕੋਈ ਮਾਰਿਆ ਹੈ, ਨਾ ਕੋਈ ਜੀਉਂਦਾ ਕਰਿਆ ਹੈ, ਇਹ ਮੈਂ ਤੁਹਾਨੂੰ ਸਾਰਿਆਂ ਨੂੰ ਹਿਪਨੋਟਾਈਜ਼ ਕਰ ਦਿੱਤਾ ਸੀ, ਜਿੰਨੇ ਬੈਠੇ ਸੀ ਤੇ ਜਿਹੜਾ ਕੁਛ ਮੈਂ ਚਾਹੁੰਦਾ ਸੀ, ਉਹ ਤੁਹਾਨੂੰ ਦਿਸਦਾ ਸੀ। ਕਹਿੰਦੇ, ਬੰਦੇ ਤਾਂ ਉਵੇਂ ਜਿਵੇਂ ਸੀਗੇ। ਲੇਕਿਨ ਜੋ ਮੇਰਾ ਖਿਆਲ ਸੀ ਉਹਦੇ ਮੁਤਾਬਿਕ ਸੀ। ਜੇ ਇੱਕ ਜਾਦੂਗਰ 'ਚ ਐਨੀ ਸ਼ਕਤੀ ਹੈ, ਐਹੋ ਜਿਹੇ ਖੇਲ੍ਹ ਕਰ ਸਕਦਾ ਹੈ ਫੇਰ ਗੁਰੂ ਮਹਾਰਾਜ 'ਤੇ ਸ਼ੱਕ ਕਰੀ ਜਾਂਦੇ ਨੇ। ਗੁਰੂ ਮਹਾਰਾਜ ਨੇ ਆਪਣਾ ਸਰੂਪ ਬਣਾ ਲਿਆ, ਅੰਮ੍ਰਿਤ ਛਕਾ ਦਿੱਤਾ, ਉਸ ਤੋਂ ਬਾਅਦ ਕਹਿੰਦੇ ਪਿਆਰਿਓ! ਹੁਣ ਤੁਹਾਡਾ ਤੇ ਮੇਰਾ ਕੋਈ ਫਰਕ ਨਹੀਂ ਹੈ ਤੇ ਤੁਸੀਂ ਤਖਤ ਦੇ ਉੱਤੇ ਬੈਠੋ ਭੂੰਜੇ ਜਾ ਕੇ। ਤਖਤ 'ਤੇ ਬਿਠਾ ਦਿੱਤੇ, ਆਪ ਮਹਾਰਾਜ ਸਾਮ੍ਹਣੇ ਖੜ੍ਹੇ ਹੋ ਗਏ, ਗਲ 'ਚ ਪੱਲਾ ਪਾ ਲਿਆ। ਕਹਿਣ ਲੱਗੇ, ਹੁਣ ਜਿਸ ਤਰ੍ਹਾਂ ਦੇ ਨਾਲ ਮੈਂ ਤੁਹਾਨੂੰ ਰਹਿਤਾਂ ਦੱਸੀਆਂ ਨੇ, ਜਿਸ ਰੀਤੀ ਦੇ ਨਾਲ ਅੰਮ੍ਰਿਤ ਤਿਆਰ ਕਰਿਆ ਹੈ, ਹੁਣ ਨਵਾਂ ਬਾਟਾ ਤਿਆਰ ਕਰੋ ਤੇ ਮੈਨੂੰ ਅੰਮ੍ਰਿਤ ਛਕਾਓ। ਇੱਥੇ ਵੀ ਕਈ ਗੱਲਾਂ ਦਾ ਭੇਤ ਹੈ, ਧਿਆਨ ਨਾਲ ਸਮਝ ਲਓ ਇਹ ਗੱਲ। ਸਾਡੇ ਇਹ ਹੁੰਦਾ ਹੈ ਕਿ ਜਿੰਨਾਂ ਚਿਰ ਬੀਬੀ ਨਾ ਆਵੇ ਭਾਈ ਨੂੰ ਅੰਮ੍ਰਿਤ ਨਹੀਂ ਛਕਾਉਂਦੇ। ਕਿਸੇ ਇਤਿਹਾਸ 'ਚ ਨਹੀਂ ਲਿਖਿਆ ਹੋਇਆ ਕਿ ਪੰਜ ਪਿਆਰਿਆਂ ਨੇ ਕਿਹਾ ਕਿ ਮਾਤਾਵਾਂ ਨੂੰ ਵੀ ਬੁਲਾਓ ਤੁਸੀਂ ਤਾਂ ਅੰਮ੍ਰਿਤ ਛਕਾਵਾਂਗੇ। ਜਦੋਂ ਗੁਰੂ ਸਾਹਿਬ ਨੇ ਪੰਜਾਂ ਪਿਆਰਿਆਂ, ਨੂੰ ਅੰਮ੍ਰਿਤ ਛਕਾਇਆ, ਸਾਰੇ ਗ੍ਰਿਹਸਤੀ ਸੀ ਜਿੰਨੇ ਵੀ ਸੀ ਤੇ ਉਨ੍ਹਾਂ ਦੀਆਂ ਘਰਵਾਲੀਆਂ ਦੀਵਾਨ 'ਚ ਬੈਠੀਆਂ ਸੀ। ਭਾਈ ਹਿੰਮਤ ਸਿੰਘ ਜੀ ਦੇ ਬਾਰੇ, ਜਦੋਂ ਜਾਣ ਲੱਗੇ, ਬਾਈ-ਤੇਈ ਸਾਲ ਦੇ ਨੌਜਵਾਨ ਸੀ ਤੇ ਆਪਣੇ ਵਸਤਰ ਲਾਹ ਕੇ, ਜਿਹੜਾ ਵਾਧੂ ਚੁੱਕੀਂ ਫਿਰਦੇ ਸੀ, ਘਰਵਾਲੀ ਨੂੰ ਫੜਾ ਆਏ ਕਹਿੰਦੇ ਮੈਂ ਤਾਂ ਹੁਣ ਸੀਸ ਦੇਣਾ ਹੈ, ਤੂੰ ਆਹ ਰੱਖ। ਕੋਈ ਆਵਾਜ਼ ਨਹੀਂ ਪਈ ਕਿ ਉਨ੍ਹਾਂ ਨੂੰ ਬੁਲਾ ਲਓ ਕਿ ਉਨ੍ਹਾਂ ਨੂੰ ਵੀ ਨਾਲ ਹੀ ਅੰਮ੍ਰਿਤ ਛਕਾ ਦੇਈਏ। ਰਸਮਾਂ ਰੀਤਾਂ ਹੌਲੀ-ਹੌਲੀ ਬਣ ਜਾਇਆ ਕਰਦੀਆਂ ਨੇ ਬਾਅਦ ਵਿੱਚ। ਗੁਰੂ ਮਹਾਰਾਜ ਇਕੱਲੇ ਸੀਗੇ, ਜਦੋਂ ਅੰਮ੍ਰਿਤ ਛਕਾਉਣ ਲੱਗੇ, ਪੰਜਾਂ ਨੇ

ਅੰਮ੍ਰਿਤ ਛਕਾਇਆ, ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਮੇਰਾ ਨਾਮ ਵੀ ਬਦਲੋ, ਜਿਵੇਂ ਤੁਹਾਡੇ ਨਾਮ ਨਾਲ ਸਿੰਘ ਲੱਗਿਆ ਹੈ, ਓਸ ਵੇਲੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਨਾਮ ਰੱਖਿਆ ਤੇ ਉਸ ਵੇਲੇ ਦਾ ਸਮਕਾਲੀ ਕਵੀ ਜੋ ਭਾਈ ਗੁਰਦਾਸ ਸਿੰਘ ਸੀ, ਉਸ ਨੇ ਐਸਾ ਉਚਾਰਨ ਕੀਤਾ।

*ਧਾਰਨਾ – ਵਾਹੁ ਵਾਹੁ ਗੋਬਿੰਦ ਸਿੰਘ ਪਿਆਰਾ।*
*ਆਪੇ ਗੁਰ ਚੇਲਾ।*

*ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ 41/1*

ਆਪ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕਰਕੇ ਪੰਜ ਪਿਆਰਿਆਂ ਨੂੰ ਛਕਾਇਆ ਤੇ ਖਾਲਸੇ ਦਾ ਆਦਰਸ਼ ਸਮਝਾਇਆ ਤੇ ਉਸ ਤੋਂ ਬਾਅਦ ਆਪ ਨੇ ਹੁਕਮ ਕੀਤਾ ਕਿ ਹੁਣ ਤੁਸੀਂ ਜਿਵੇਂ ਮੈਂ ਕੀਤਾ ਹੈ, ਇਸੇ ਤਰ੍ਹਾਂ ਦੇ ਨਾਲ ਹੁਣ ਤੁਸੀਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ। ਇਹਦਾ ਮਤਲਬ ਇਹ ਹੈ ਕਿ ਕੋਈ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰੇ ਤੋਂ ਬਗੈਰ ਗੁਰਸਿੱਖੀ ਦੇ ਮੰਡਲ ਵਿੱਚ ਸਿੱਖ ਨਹੀਂ ਕਹਾ ਸਕਦਾ, ਉਹਨੂੰ ਛਕਣਾ ਹੀ ਪੈਣਾ ਹੈ। ਕਿਉਂਕਿ ਨਾਮ ਦੀ ਸ਼ਰਤ ਰੱਖ ਦਿੱਤੀ ਕਿ ਪੰਜ ਪਿਆਰੇ ਨਾਮ ਦੇਣਗੇ।

ਜਦੋਂ ਬਾਬਾ ਸੋਭਾ ਸਿੰਘ ਜੀ ਗੁਰੂ ਮਹਾਰਾਜ ਦੇ ਖਾਨਦਾਨ 'ਚੋਂ, ਬਹੁਤ ਨਜ਼ਦੀਕੀ ਰਿਸ਼ਤੇਦਾਰ, ਭਰਾ ਲਗਦੇ, ਆਪ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ 'ਚ ਹਾਜ਼ਰ ਹੋਏ, ਕਹਿਣ ਲੱਗੇ, ਪਾਤਸ਼ਾਹ! ਤੁਸੀਂ ਸਾਰੇ ਸੋਢੀਆਂ ਤੇ ਬੇਦੀਆਂ ਨੂੰ ਕਹਿ ਦਿੱਤਾ ਕਿ ਤੁਸੀਂ ਅੰਮ੍ਰਿਤ ਛਕੋ ਤਾਂ ਸਿੱਖੀ ਮੰਡਲ 'ਚ ਰਹੋਂਗੇ। ਮੈਂ ਤਾਂ ਤੁਹਾਡੇ ਤੋਂ ਅੰਮ੍ਰਿਤ ਛਕਣਾ ਹੈ। ਤੁਸੀਂ ਆਪਣੇ ਕਰ ਕਮਲਾਂ ਦੇ ਨਾਲ ਮੈਨੂੰ ਅੰਮ੍ਰਿਤ ਛਕਾਓ। ਕਹਿਣ ਲੱਗੇ, ਸੋਭਾ ਸਿੰਘ ਜੀ! ਅਸੀਂ ਹੁਣ ਜਿਹੜੀ ਗੁਰੂ ਦੀ ਕ੍ਰਿਆ ਸੀ, ਪਹਿਲਾਂ ਗੁਰੂ ਚਰਨਾਮ੍ਰਿਤ ਦਇਆ ਕਰਦੇ ਸੀ । ਉਹ ਅਸੀਂ ਰੀਤ ਸਮੇਂ ਨੂੰ ਵਿਚਾਰ ਕੇ ਬਦਲ ਦਿੱਤੀ। ਗੁਰੂ ਨੇ ਨਹੀਂ ਅੰਮ੍ਰਿਤ ਕਿਸੇ ਨੂੰ ਵੀ ਛਕਾਉਂਣਾ। ਹੁਣ ਗੁਰੂ ਦੇ ਸਾਜੇ ਹੋਏ ਜਿਹੜੇ ਉਨ੍ਹਾਂ ਦਾ ਰੂਪ ਬਣੇ ਹੋਏ ਨੇ, ਉਹ ਤੁਹਾਨੂੰ ਬ੍ਰਹਮਗਿਆਨ ਦੀ ਦਾਤ, ਨਾਮ ਦੀ ਦਾਤ ਉਨ੍ਹਾਂ ਤੋਂ ਪ੍ਰਾਪਤ ਹੋਏਗੀ, ਉਹ ਭਾਈ ਦਇਆ ਸਿੰਘ ਜੀ ਪਰਮ ਉਤਮ ਬ੍ਰਹਮਗਿਆਨੀ ਮਹਾਂਪੁਰਸ਼ ਨੇ, ਤੁਸੀਂ ਉਨ੍ਹਾਂ ਤੋਂ ਦਾਤ ਪ੍ਰਾਪਤ ਕਰੋ। ਆਪ ਨੂੰ ਭਾਈ ਦਇਆ ਸਿੰਘ ਜੀ ਦੇ ਹਜ਼ੂਰ ਜਾਣਾ ਪਿਆ, ਉਨ੍ਹਾਂ ਤੋਂ ਜਾ ਕੇ ਅੰਮ੍ਰਿਤ ਛਕਣਾ ਪਿਆ। ਭਾਈ ਦਇਆ ਸਿੰਘ ਜੀ ਦੀ ਸੰਪਰਦਾ ਦੇ ਦੂਸਰੇ ਮਹਾਂਪੁਰਸ਼ ਬਾਬਾ ਸੋਭਾ ਸਿੰਘ ਜੀ ਹੋਏ ਨੇ। ਬਾਬਾ ਸੋਭਾ ਸਿੰਘ ਜੀ ਤੋਂ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਗੁਰੂ ਨਾਨਕ ਪਾਤਸ਼ਾਹ ਤੋਂ ਗਿਆਰ੍ਹਵੀਂ ਥਾਂ, ਉਨ੍ਹਾਂ ਨੂੰ ਵੀ ਅੰਮ੍ਰਿਤ ਛਕਣਾ

ਪਿਆ, ਸਿੱਖੀ ਦੇ ਮੰਡਲ ਵਿੱਚ ਰਹਿਣ ਵਾਸਤੇ। ਉਨ੍ਹਾਂ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਨੂੰ ਵੀ ਅੰਮ੍ਰਿਤ ਛਕਣਾ ਪਿਆ, ਬਾਬਾ ਕਲਾਧਾਰੀ ਨੇ ਗੁਰੂ ਦਸ਼ਮੇਸ਼ ਪਿਤਾ ਜੀ ਨੂੰ ਪੁਛਿਆ ਕਿ ਹੁਣ ਸਾਡਾ ਦੱਸੋ। ਮਹਾਰਾਜ ਕਹਿੰਦੇ, ਪੰਥ 'ਚ ਰਲਣ ਵਾਸਤੇ ਤੁਹਾਨੂੰ ਅੰਮ੍ਰਿਤ ਛਕਣਾ ਪੈਣਾ ਹੈ । ਬੇਦੀ ਕੁਲ ਸੋਢੀ ਕੁਲ ਕੋਈ ਨਹੀਂ ਫਰੀ ਰਿਹਾ, ਸਭ ਨੂੰ ਅੰਮ੍ਰਿਤ ਛਕਾਇਆ। ਅੰਮ੍ਰਿਤ ਛਕਾਉਣ ਤੋਂ ਬਾਅਦ ਬਹੁਤ ਸਾਰੇ ਸਿੰਘ ਉਠ ਖੜ੍ਹੇ, ਵੀਹ ਉਠੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਦਿਤਾ, ਉਸ ਤੋਂ ਬਾਅਦ ਡੇਢ ਸੌ ਉਠਿਆ ਉਨ੍ਹਾਂ ਨੂੰ ਛਕਾ ਦਿੱਤਾ ਤੇ ਲਿਖਦੇ ਨੇ ਤਵਾਰੀਖ ਵਾਲੇ, ਗੁਲਾਮ ਹੁਸੈਨ, ਕਹਿਣ ਲੱਗੇ, ਮੈਂ ਵਿੱਚ ਬੈਠਾ ਸੀ, ਮੈਂ ਰਿਪੋਰਟ ਭੇਜੀ ਔਰੰਗਜ਼ੇਬ ਨੂੰ ਤੇ ਮੈਂ ਮੋਟੀ ਜਿਹੀ ਗਿਣਤੀ ਲਾਈ ਕਿ ਓਸ ਵੇਲੇ ਵੀਹ ਹਜ਼ਾਰ ਸਿੰਘਾਂ ਨੇ ਅੰਮ੍ਰਿਤ ਛਕਿਆ। ਕਹਿੰਦੇ, ਬਹੁਤ ਸਾਰੇ ਮੁਖਾਲਫਤ ਵੀ ਕਰਦੇ ਸੀ, ਬਹੁਤ ਸਾਰੇ ਜਿਹੜੇ ਕੱਚੇ ਸੀ ਉਹ ਜਨੇਊ ਹੱਥਾਂ 'ਚ ਲੈ ਕੇ ਕਹਿ ਰਹੇ ਸੀ ਕਿ ਇਨ੍ਹਾਂ ਨੇ ਤਾਂ ਵਰਣ ਆਸ਼ਰਮ ਹੀ ਖਤਮ ਕਰ ਦਿੱਤਾ। ਇਹ ਤਾਂ ਕੁਛ ਹੋਰ ਹੀ ਬਣਾ ਰਹੇ ਨੇ। ਤਰਕਾਂ ਕਰਨ ਵਾਲੇ ਵੀ ਕੱਚੇ ਪਿੱਲੇ ਬਥੇਰੇ ਬੈਠੇ ਸੀ, ਪਰ ਵੀਹ ਹਜ਼ਾਰ ਸਿੱਖਾਂ ਨੇ ਜਾ ਕੇ ਖਾਲਸਾ ਬਰਾਦਰੀ ਦੇ ਵਿੱਚ ਸ਼ਾਮਲ ਹੋ ਗਿਆ, ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਸਨਮੁਖ ਕਰਕੇ ਉਪਦੇਸ਼ ਦਿੱਤਾ ਕਿ ਪਿਆਰਿਓ! ਕਬਰਾਂ ਨੂੰ ਨਹੀਂ ਮੰਨਣਾ, ਹੋਰ ਚੀਜ਼ਾਂ ਸੂਰਜ, ਚੰਦਰਮਾ, ਤਾਰਿਆਂ ਨੂੰ ਨਹੀਂ ਮੰਨਣਾ, ਇਹ ਪ੍ਰਮੇਸ਼ਰ ਦੀਆਂ ਸ਼ਕਤੀਆਂ ਹੁਕਮ 'ਚ ਕੰਮ ਕਰ ਰਹੀਆਂ ਨੇ, ਧਰਮਰਾਜ ਹੁਕਮ 'ਚ ਕੰਮ ਕਰ ਰਿਹਾ ਹੈ, ਦੇਵਤੇ ਹੁਕਮ 'ਚ ਕੰਮ ਕਰ ਰਹੇ ਨੇ। ਜਿਹੜਾ ਸਾਰਿਆਂ ਨਾਲੋਂ ਵੱਡਾ ਹੈ ਖੜਗ ਕੇਤ ਮੈਂ ਉਹਦੀ ਗੋਦੀ 'ਚ ਤੁਹਾਨੂੰ ਪਾਉਂਦਾ ਹਾਂ ਤੇ ਉਹਦੀ ਗੋਦੀ 'ਚ ਪੈ ਕੇ ਉਹਦੇ ਪੁੱਤਰ ਬਣਾਉਂਦਾ ਹਾਂ ਤੁਹਾਨੂੰ। ਇਹ ਜਿਹੜੇ ਦੇਵੀ ਦੇਵਤੇ ਨੇ ਇਹ ਉਹਦੇ ਬਣਾਏ ਹੋਏ ਨੇ ਸਾਰੇ। ਹੁਣ ਵਿਚਾਲੇ ਮੀਡੀਆ ਨਹੀਂ ਕੋਈ ਵੀ ਰਖਣਾ, ਸਿੱਧਾ ਤੁਹਾਡਾ ਅਕਾਲ ਪੁਰਖ ਨਾਲ ਸਬੰਧ ਜੋੜ ਕੇ, ਤੁਹਾਨੂੰ ਜੋ ਉਪਦੇਸ਼ ਹੈ ਉਸਨੂੰ ਤੁਸੀਂ ਕਮਾਉਣਾ –

***ਧਾਰਨਾ – ਜਪੋ ਖਾਲਸਾ, ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ***
***ਪਛਾਨੈ॥ ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਹੋਰ ਕੋਈ ਜਾਪ ਨਹੀਂ ਕਰਨਾ, ਹੋਰ ਕਿਸੇ ਨੂੰ ਸੀਸ ਨਹੀਂ ਨਿਵਾਉਣਾ, ਹੋਰ ਕਿਸੇ ਦੇ ਉੱਤੇ ਭਰੋਸਾ ਨਹੀਂ ਰੱਖਣਾ ਤੇ ਅਕਾਲ ਦਾ ਭਰੋਸਾ ਰਖਣਾ ਹੈ। ਕਿਉਂਕਿ ਜਿਧਰ ਵੀ ਜਾਂਦੇ ਸੁਭਾਅ ਪਿਆ ਹੋਇਆ ਸੀ, ਜਿਹੜਾ ਕੁਛ ਮੂਹਰੇ ਆ ਗਿਆ ਉਹਨੂੰ ਮੱਥਾ ਟੇਕ ਦਿੱਤਾ। ਸਾਰਿਆਂ ਨੂੰ ਹੀ ਮੰਨੀ ਜਾਂਦੇ ਸੀ, ਵਾਢਾ ਧਰ ਕੇ। ਚਾਹੇ ਕਬਰ ਆ ਗਈ, ਚਾਹੇ ਕੁਛ ਆ ਗਿਆ। ਇਕ ਇਤਿਹਾਸਕਾਰ ਨੇ ਲਿਖਿਆ ਹੈ –

***ਕਈ ਹਨੂੰਮਾਨ ਕਈ ਭੈਰੋਂ ਦੇ ਕਈ ਪਰਬਤ ਵਾਲੀ ਨੈਣਾਂ ਦੇ।***
***ਕੋਈ ਵੈਸ਼ਨੂੰ ਦੇਵੀ ਜਵਾਲਾ ਦਾ, ਫਿਰ ਢੋਲ ਢਮੱਕਾ ਸਰਵਰ ਦਾ***
***ਤੇ ਹਿਰਸ ਬਾਬੇ ਨਾਨਕ ਦੀ।***

ਕਹਿੰਦੇ ਨੇ ਗੁਰੂ ਕਿਆਂ ਨੂੰ ਵੀ ਮੱਥਾ ਟੇਕ ਚੱਲੀਏ ਭਾਈ ਕਿਤੇ ਨਰਾਜ਼ ਨਾ ਹੋ ਜਾਣ। ਐਹੋ ਜਿਹਾ ਹਾਲ ਸੀ ਮਹਾਰਾਜ ਕਹਿੰਦੇ ਹੁਣ ਨਹੀਂ ਇਹ ਗੱਲ ਕਰਨੀ। ਹੁਣ ਕੇਵਲ ਅਕਾਲ ਪੁਰਖ ਦੇ ਲੜ ਤੁਹਾਨੂੰ ਲਾਇਆ ਹੈ। ਉਹਦੇ ਨਾਲ ਹੀ ਪਿਆਰ ਕਰਨਾ ਹੈ, ਉਹਦਾ ਹੀ ਨਾਮ ਜਪਣਾ ਹੈ ਤੇ ਨਾਲ ਮੂਲਮੰਤਰ ਦੇ ਦਿੱਤਾ ਕਿ ਮੂਲਮੰਤਰ ਦੀ ਬਖਸ਼ਿਸ਼, ਗੁਰੂ ਨਾਨਕ ਪਾਤਸ਼ਾਹ ਜਦੋਂ ਦਰਗਾਹ ਵਿੱਚ ਗਏ, ਉਸ ਵੇਲੇ ਅਕਾਲ ਪੁਰਖ ਨੇ ਕੀਤੀ।

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਹੇ ਨਾਨਕ! ਇਹਦੇ ਉਤੇ ਹੁਣ ਤੂੰ ਆਪਣੀ ਮੋਹਰ ਲਾ, ਕਿਉਂਕਿ ਮੈਂ ਤੈਨੂੰ ਗੁਰੂ ਪਦਵੀ ਦਿੱਤੀ। ਗੁਰੂ ਬਣ ਕੇ ਤੈਨੂੰ ਉਪਦੇਸ਼ ਦਿੰਦਾ ਹਾਂ ਤੇ ਹੁਣ ਤੂੰ ਗੁਰੂ ਪਦਵੀ ਦੇ ਵਿੱਚ ਆ ਕੇ ਮੋਹਰ ਲਾ। ਗੁਰੂ ਨਾਨਕ ਨੇ ਕਿਹਾ –

***ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਹੇ ਨਾਨਕ! ਇਹ ਮੈਂ ਤੈਨੂੰ ਮੂਲਮੰਤਰ ਦਿੱਤਾ ਹੈ, ਇਸਨੂੰ ਪ੍ਰਗਟ ਕਰਨਾ ਵਾਲਾ ਜੋ ਮੰਤਰ ਹੈ ਉਹ ਵਾਹਿਗੁਰੂ ਮੰਤਰ ਹੈ। ਇਹ ਤੇਰਾ ਮੰਤਰ ਹੈ ਗੁਰੂ ਦੇ ਮੰਤਰ ਦੇ ਰੂਪ ਵਿੱਚ ਤੂੰ ਆਪਣੇ ਗੁਰਸਿੱਖਾਂ ਨੂੰ ਦੇਣਾ ਹੈ –

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।***

ਗੋਪ ਮੰਤ੍ਰ ਹੈ, ਬਹੁਤ ਪ੍ਰੇਮੀਆਂ ਦਾ ਖਿਆਲ ਹੈ ਕਿ ਗੁਰੂ ਗ੍ਰੰਥ 'ਚ ਰਾਮ ਆਉਂਦਾ ਹੈ, ਹਰੀ ਆਉਂਦਾ ਹੈ, ਨਾਰਾਇਣ ਆਉਂਦਾ ਹੈ, ਗੋਬਿੰਦ ਆਉਂਦਾ ਹੈ, ਵਾਹਿਗੁਰੂ ਤਾਂ ਬੜਾ ਥੋੜ੍ਹਾ ਆਉਂਦਾ ਹੈ, ਗੁਰੂਆਂ ਨੇ ਤਾਂ ਵਾਹਿਗੁਰੂ ਲਿਖਿਆ ਨਹੀਂ ਹੈ, ਭੱਟਾਂ ਨੇ ਜ਼ਰੂਰ ਲਿਖਿਆ ਹੈ, ਵਾਹਿਗੁਰੂ-ਵਾਹਿਗੁਰੂ, ਵਾਹ ਜੀਉ। ਕਾਰਨ ਕੀ ਹੈ? ਕਿਉਂਕਿ ਗੁਰੂ ਮੰਤਰ ਜੋ ਹੁੰਦਾ ਹੈ, ਗੋਪ ਮੰਤਰ ਹੋਇਆ ਕਰਦਾ ਹੈ, ਗੁਪਤ ਮੰਤਰ; ਇਸ ਗੁਪਤ ਮੰਤਰ ਨੂੰ ਗੁਰੂ ਸਾਹਿਬ ਨੇ ਪ੍ਰਕਾਸ਼ ਕੀਤਾ ਹੈ, ਹਿਰਦਿਆਂ 'ਚ ਪ੍ਰਕਾਸ਼ ਕੀਤਾ ਤੇ ਪੂਰਾ ਸ਼ਕਤੀਸ਼ਾਲ ਵਾਹਿਗੁਰੂ ਮੰਤਰ ਹੈ, ਜਿਸਨੇ ਮੂਲਮੰਤਰ ਦੇ ਭਾਵ ਵਿੱਚ ਪਾਉਣਾ ਹੈ ਕਿਉਂਕਿ ਜੋ ਮੂਲਮੰਤਰ ਹੈ ਉਹ ਵਿਆਪਕ ਨਾਮ ਹੈ ਸਾਰਾ ਹੀ। ਇਹ ਗੱਲ ਸਮਝਣੀ ਔਖੀ ਹੈ ਕਿਉਂਕਿ ਅਸੀਂ ਅੱਖਰਾਂ ਤੋਂ ਅੱਗੇ ਓਸ ਸ਼ਕਤੀ 'ਚ ਨਹੀਂ ਜਾ ਸਕਦੇ, ਜਿਥੇ ਮਹਾਰਾਜ ਬਚਨ ਕਰ ਰਹੇ ਨੇ। ਉਹ ਸਾਖਸ਼ਾਤ ਪ੍ਰਮੇਸ਼ਰ ਨਜ਼ਰ ਆਉਂਦਾ ਹੈ ਜਦੋਂ ਮੂਲਮੰਤਰ ਦਾ ਹੱਥ ਖੁਲ੍ਹ ਜਾਵੇ, ਉਹਨੂੰ ਪ੍ਰਗਟ ਕਰਨ ਵਾਲਾ ਵਾਹਿਗੁਰੂ ਮੰਤਰ ਹੈ। ਕਹਿਣ ਲੱਗੇ ਕਿ ਹੁਣ ਤੁਸੀਂ ਇਸਦਾ ਜਾਪ ਕਰਨਾ ਹੈ, ਰਹਿਤਾਂ ਦਸ ਦਿੱਤੀਆਂ ਤੇ ਕੁਰਹਿਤਾਂ ਦਸ ਦਿਤੀਆਂ ਕਿ ਇਸ ਤਰ੍ਹਾਂ ਕਰਨ ਦੇ ਨਾਲ ਸਿੱਖੀ ਦੇ ਮੰਡਲ 'ਚੋਂ ਖਾਰਜ ਹੋ ਜਾਓਂਗੇ। ਸੋ ਇਸ ਕਰਕੇ –

***ਰਹਿਣੀ ਰਹੈ ਸੋਈ ਸਿਖ ਮੇਰਾ। ਓਹੁ ਠਾਕੁਰੁ ਮੈ ਉਸ ਕਾ ਚੇਰਾ।***
***ਰਹਿਤਨਾਮਾ ਭਾਈ ਦੇਸਾ ਸਿੰਘ ਜੀ***

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬੇਅੰਤ ਰਹਿਤਾਂ ਨੇ, ਜੇ ਇੱਕ ਕੁਰਹਿਤ ਕਰ ਲਓ ਨਿੰਦਿਆਂ ਦੀ ਹੀ ਇਕੱਲੀ, ਮਹਾਰਾਜ ਕਹਿੰਦੇ ਉਹਦਾ ਜਿਹੜਾ ਸਾਰਾ ਹੀ ਕੀਤਾ ਹੋਇਆ ਪਾਠ ਪੂਜਾ ਭ੍ਰਿਸ਼ਟ ਹੋ ਜਾਂਦਾ ਹੈ।

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ਅੰਗ - 755***

ਕਹਿੰਦੇ ਨਿੰਦਿਆਂ ਕਰਨ ਵਾਲਾ ਬਿਲਕੁਲ ਗਲਤ ਹੁੰਦਾ ਹੈ, ਈਰਖਾਲੂ ਪੁਰਸ਼ ਹੁੰਦਾ ਹੈ ਉਹ ਤਾਂ ਨਿੰਦਿਆ ਕਰਦਾ ਹੈ ਜਿਹੜਾ ਈਰਖਾਲੂ ਹੁੰਦਾ ਹੈ, ਕਹਿੰਦੇ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - 308***

ਉਹਦਾ ਭਲਾ ਹੀ ਨਹੀਂ ਹੁੰਦਾ, ਭੇਖ ਧਾਰਨਾ ਹੈ ਧਾਰੀ ਫਿਰ। ਵੱਡਾ ਗੁਰਸਿੱਖ ਬਣ ਜਾ, ਵੱਡਾ ਸੰਤ ਬਣ ਜਾ। ਜੇ ਤੇਰੇ ਅੰਦਰ ਈਰਖਾ ਹੈ, ਤੇਰੇ ਅੰਦਰ ਨਿੰਦਿਆ ਹੈ ਤਾਂ ਤੂੰ ਕੁਛ ਵੀ ਨਹੀਂ ਹੈ, ਇਕ ਸਾਧਾਰਣ ਗ੍ਰਹਿਸਤੀ ਦੇ ਨਾਲੋਂ ਵੀ ਛੋਟਾ ਹੈਂ, ਉਹਦੇ ਚਰਨਾਂ ਦੀ ਧੂੜ ਲਾਇਆ ਕਰ ਮੱਥੇ ਨੂੰ। ਅਜੇ ਤੂੰ ਸੰਤ ਨਹੀਂ ਬਣਿਆ ਕਿਉਂਕਿ ਨਿਕਲ ਨਹੀਂ ਸਕਿਆ ਅਜੇ। ਕੁਰਹਿਤ ਕਰ ਰਿਹਾ ਹੈ। ਕੁਰਹਿਤ ਵੀ ਉਹ ਜਿਹੜੀ ਗੁਰੂ ਗ੍ਰੰਥ ਸਾਹਿਬ ਵਰਜਿਤ ਕਰ ਰਹੇ ਨੇ। ਕੁਛ ਬਾਹਰਲੀਆਂ ਰਹਿਤਾਂ।

ਇਸ ਤਰ੍ਹਾਂ ਮਹਾਰਾਜ ਜੀ ਨੇ ਕਿਹਾ ਕਿ ਹੁਣ ਜਾਤ-ਪਾਤ ਕੋਈ ਨਹੀਂ। ਜਾਤਾਂ-ਪਾਤਾਂ ਦੇ ਜਿਹੜੇ ਰੌਲੇ-ਰੱਪੇ ਸੀ ਉਹਨੇ ਹਿੰਦੋਸਤਾਨ ਨੂੰ ਕਮਜ਼ੋਰ ਕਰ ਦਿੱਤਾ ਸੀ। ਮਨੁੱਖ ਸਾਰਾ ਮਨੁੱਖ ਹੀ ਹੈ। ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਉਹਦੇ faith ਨੇ ਆਪਣੇ-ਆਪਣੇ। ਕੋਈ ਕਿਸੇ ਰਸਤੇ ਨਾਲ ਲੰਘਣਾ ਚਾਹੁੰਦਾ ਹੈ, ਕੋਈ ਕਿਸੇ ਨਾਲ ਲੰਘਣਾ ਚਾਹੁੰਦਾ ਹੈ। ਐਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਜੀ! ਮਾਨਸ ਕੀ ਜਾਤ ਏਕੋ ਹੈ।***

***ਕੋਊ ਭਇਓ ਮੁੰਡੀਆਂ ਸੰਨਿਆਸੀ,***
***ਕੋਊ ਜੋਗੀ ਭਇਓ,***
***ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

***ਅਕਾਲ ਉਸਤਤਿ***

ਕਹਿਣ ਲੱਗੇ, ਖਾਲਸਾ ਜੀ! ਨਿਗ੍ਹਾ ਮਾਰੋ ਪੰਜਾਂ ਤੱਤਾਂ ਤੋਂ ਅੱਗੇ, ਪਹਿਲਾਂ ਪੰਜ ਤੱਤ ਇੱਕੋ ਜਿਹੇ ਨੇ ਸਾਰੇ, ਉਸ ਤੋਂ ਅੱਗੇ ਕੀ ਹੈ, ਕਹਿੰਦੇ

ਪ੍ਰਮੇਸ਼ਰ ਦੀ ਜੋਤ ਹੈ ਇਹਦੇ ਅੰਦਰ ਵਸਦੀ ਹਰ ਸਰੀਰ ਦੇ ਅੰਦਰ। ਫਿਰ ਜਾਤ ਕਿਹੜੀ ਚੀਜ਼ ਨੂੰ ਲੱਗੀ। ਪਾਣੀ ਜਾਤ ਵਾਲਾ ਹੈ ਕਿ ਹਵਾ ਨੂੰ ਜਾਤ ਲਗ ਗਈ, ਅੱਗ ਨੂੰ ਜਾਤ ਲਗ ਗਈ, ਮਿੱਟੀ ਦੀ ਜਾਤ ਹੈ ਜਾਂ ਫੇਰ ਅਕਾਸ਼ ਦੀ ਜਾਤ ਹੈ, ਜਦੋਂ ਇਨ੍ਹਾਂ ਪੰਜਾਂ ਚੀਜ਼ਾਂ ਦੀ ਜਾਤ ਨਹੀਂ ਫੇਰ ਮਨ ਦੀ ਵੀ ਕੋਈ ਜਾਤ, ਬੁੱਧੀ ਦੀ ਕੋਈ ਜਾਤ, ਅੰਤਸ਼ਕਰਣ, ਕੋਈ ਚਿੱਤ ਦੀ ਜਾਤ? ਕਿੱਡਾ ਭੁਲੇਖਾ ਪੈ ਗਿਆ ਹਉਮੈ ਨੂੰ ਭੁਲੇਖਾ ਪੈ ਗਿਆ। ਇਹ ਤਾਂ ਅੰਦਰ ਪ੍ਰਮੇਸ਼ਰ ਦੀ ਜੋਤ ਹੈ -

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥* **ਅੰਗ - 309**

ਇਹਦੇ ਵਿੱਚ ਤਾਂ ਸੱਚੇ ਦੀ ਜੋਤ ਵਸਦੀ ਹੈ, ਇਹ ਭੁਲੇਖਾ ਨਾ ਖਾਇਓ। ਇਸ ਤਰ੍ਹਾਂ ਦੇ ਉਪਦੇਸ਼ ਦੇ ਕੇ ਆਪ ਕਹਿਣ ਲੱਗੇ ਕਿ ਦੇਖੋ, ਤੁਸੀਂ ਵਾਹਿਗੁਰੂ ਦੇ ਬਣ ਗਏ। ਖਾਲਸਾ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਆਪਣੇ ਕੋਲ ਰੱਖਿਆ, ਮਲਕੀਅਤ ਨਹੀਂ ਰੱਖੀ, ਮਹਾਰਾਜ ਕਹਿੰਦੇ, ਮੈਂ ਤਾਂ ਆਪ ਖਾਲਸੇ 'ਚ ਸ਼ਾਮਲ ਹੋ ਗਿਆ। ਇਸ ਕਰਕੇ ਮੈਂ ਤੇ ਤੁਸੀਂ ਇੱਕੋ ਹੀ ਹੋ ਗਏ। ਹੁਣ ਜਿਹੜਾ ਖਾਲਸਾ ਹੈ ਉਹ ਵਾਹਿਗੁਰੂ ਜੀ ਦਾ ਬਣ ਗਿਆ ਤੇ ਵਾਹਿਗੁਰੂ ਜੀ ਦਾ ਜਿਹੜਾ ਖਾਲਸਾ ਹੁੰਦਾ ਹੈ, ਵਾਹਿਗੁਰੂ ਦੀ ਕਦੇ ਹਾਰ ਨਹੀਂ ਹੁੰਦੀ। ਉਹ ਤਾਂ ਸਦਾ ਹੀ ਜਿੱਤਦਾ ਹੈ ਹਾਰਿਆ ਨਹੀਂ ਕਦੇ। ਇਸ ਕਰਕੇ ਯਾਦ ਰੱਖਿਓ -

*ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।*

ਜਿੰਨਾਂ ਚਿਰ ਵਾਹਿਗੂਰੂ ਦੇ ਬਣੇ ਰਹੋਂਗੇ, ਵਾਹਿਗੁਰੂ ਜੀ ਦੀ ਫਤਹਿ ਹੁੰਦੀ ਰਹਿਣੀ ਹੈ, ਜਦੋਂ ਪਿੱਠ ਮੋੜ ਲਓਂਗੇ ਫੇਰ ਤੁਹਾਡੀ ਫਤਹਿ ਨਹੀਂ ਹੋਣੀ, ਹਾਰ ਹੋ ਜਾਇਆ ਕਰਦੀ ਹੈ। ਪ੍ਰਮੇਸ਼ਰ ਤੋਂ ਵਿਛੜ ਕੇ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
**ਅੰਗ - 522**

ਸਦਾ ਉਹਨੂੰ ਯਾਦ ਰੱਖਣਾ ਹੈ ਤੇ ਜਦੋਂ ਤਕ ਤੁਸੀਂ ਇਸ ਤਰ੍ਹਾਂ ਰਹੋਂਗੇ, ਮੈਂ ਵੀ ਜੁੜਿਆ ਰਹਾਂਗਾ, ਪ੍ਰਮੇਸ਼ਰ ਦੇ ਨਾਲ ਜੁੜੇ ਰਹਾਂਗੇ, ਓਸ ਵੇਲੇ ਪ੍ਰਮੇਸ਼ਰ ਦਾ ਤੇਜ਼ ਜਿਹੜਾ ਹੈ ਉਹ ਰੋਮ-ਰੋਮ ਦੇ ਵਿੱਚ ਰਮਿਆ ਹੋਇਆ ਹੋਵੇਗਾ। ਅੱਖਾਂ ਵਿੱਚ ਪ੍ਰਮੇਸ਼ਰ ਦੇਖੇਗਾ, ਕੰਨਾਂ ਵਿੱਚ ਪ੍ਰਮੇਸ਼ਰ ਸੁਣੇਗਾ, ਬੁੱਧੀ ਨੂੰ ਪ੍ਰਮੇਸ਼ਰ 'ਚ ਲਾਏਗਾ, ਜਦੋਂ ਤੁਸੀਂ ਪ੍ਰਮੇਸ਼ਰ ਦੇ ਬਣ ਗਏ, ਪ੍ਰਮੇਸ਼ਰ ਸਾਰਿਆਂ ਦਾ ਦਾਤਾ ਹੈ ਤੇ ਫੇਰ ਇਹ ਤੁਹਾਡੇ ਵਿੱਚ ਵੀ ਜਲਾਲ ਰਹੇਗਾ। ਜੋ ਪ੍ਰਮੇਸ਼ਰ ਦਾ ਹੋ ਗਿਆ, ਉਹਦਾ ਜਲਾਲ ਸਾਰਿਆਂ ਨਾਲੋਂ ਉੱਚਾ ਹੁੰਦਾ ਹੈ, ਕੋਈ ਉਸ ਦੇ ਸਾਮ੍ਹਣੇ ਆ ਨਹੀਂ ਸਕਦਾ, ਵੱਡਿਆਂ-ਵੱਡਿਆਂ ਨੂੰ ਹਾਰ ਹੋ ਜਾਂਦੀ ਹੈ ਕਿਉਂਕਿ ਉਹਦੇ ਅੰਦਰ ਪ੍ਰਮੇਸ਼ਰ ਦਾ ਜਲਾਲ ਹੈ -

*ਧਾਰਨਾ - ਦਿੱਤਾ ਖਾਲਸਾ ਤੈਨੂੰ ਤੇਜ਼ ਆਪਣਾ ਮੈਂ।*

*ਜਬ ਲਗ ਖਾਲਸਾ ਰਹੇ ਨਿਆਰਾ॥*

*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਕਹਿਣ ਲੱਗੇ, ਖਾਲਸਾ ਜੀ! ਇਹ ਜੋ ਆਦਰਸ਼ ਪ੍ਰਗਟ ਹੋਇਆ ਹੈ। ਜੇ ਤੁਹਾਨੂੰ ਪਦਵੀ ਦਿੱਤੀ ਹੈ, ਤੁਸੀਂ ਅਕਾਲ ਪੁਰਖ ਦੀ ਫੌਜ ਬਣ ਗਏ, ਅਕਾਲ ਪੁਰਖ ਦੀ ਫੌਜ ਵਾਸਤੇ ਸਾਰਾ ਸੰਸਾਰ ਉਨ੍ਹਾਂ ਦਾ ਹੁੰਦਾ ਹੈ, ਭਾਵੇਂ ਦਰਖਤ ਹੋਣ, ਭਾਵੇਂ ਜੀਵ ਜੰਤੂ ਹੋਣ, ਭਾਵੇਂ ਬੰਦੇ ਹੋਣ, ਸਾਰਿਆਂ ਦੇ ਵਿੱਚ ਅਮਨ ਕਾਇਮ ਰੱਖਣਾ, ਸਾਰਿਆਂ ਦੇ ਦੁਖ ਦੂਰ ਕਰਨੇ ਇਹ ਡਿਊਟੀ ਤੁਹਾਡੀ ਹੋ ਗਈ ਕਿਉਂਕਿ ਤੁਸੀਂ ਪ੍ਰਮੇਸ਼ਰ ਦੀ ਮੌਜ ਨਾਲ ਪ੍ਰਗਟੇ ਓਂ।

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਜਦੋਂ ਤਕ ਤੁਸੀਂ ਇਸ ਆਦਰਸ਼ 'ਤੇ ਖੜ੍ਹੇ ਰਹੋਂਗੇ। ਪ੍ਰਮੇਸ਼ਰ ਤੋਂ ਇਲਾਵਾ ਕਿਸੇ ਹੋਰ ਪਾਸੇ ਨਹੀਂ ਭਟਕੋਂਗੇ, ਕਿਸੇ ਰਸਮ-ਰਿਵਾਜ, ਭਰਮ ਭੇਖ ਤੋਂ ਨਿਆਰੇ ਰਹੋਂਗੇ, ਓਨੀਂ ਦੇਰ ਤਕ ਤੁਹਾਡਾ ਸਬੰਧ ਅਕਾਲ ਪੁਰਖ ਨਾਲ ਜੁੜਿਆ ਰਹਿਣਾ ਹੈ। ਅਕਾਲ ਪੁਰਖ ਦਾ ਤੇਜ, ਅਕਾਲ ਪੁਰਖ ਦਾ ਜਦੋਂ ਤੁਸੀਂ ਹੋਣਾ 'ਵਾਹਿਗੁਰੂ ਜੀ ਕਾ ਖਾਲਸਾ' ਤਾਂ ਫਤਹਿ ਹੋਣੀ ਹੈ। ਵਾਹਿਗੁਰੂ ਜੀ ਦਾ ਤੇਜ ਤੁਹਾਡੇ ਵਿੱਚ ਰਹਿਣਾ ਹੈ। ਜਦੋਂ ਤੁਸੀਂ ਪਿੱਠ ਮੋੜ ਲਓਂਗੇ, ਸ਼ਰਾਬਾਂ ਕਬਾਬਾਂ, ਝਗੜੇ-ਝਾਟੇ, ਖੁਦਗਰਜ਼ੀਆਂ ਦੇ ਵਿੱਚ ਆ ਜਾਓਂਗੇ, ਫੇਰ ਮੈਂ ਨਹੀਂ ਪਰਤੀਤ ਕਰਨੀ, ਤੁਹਾਡਾ ਤੇਜ ਵਾਪਸ ਹੋ ਜਾਏਗਾ। ਨਹੀਂ ਤਾਂ ਮੈਂ ਸੰਭਾਲ ਕਰਾਂਗਾ -

*ਪੰਥ ਖਾਲਸਾ ਖੇਤੀ ਮੇਰੀ। ਕਰੌਂ ਸੰਭਾਲਨਿ ਮੈਂ ਤਿਸ ਬੇਰੀ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ 5642*

ਕਹਿਣ ਲੱਗੇ, ਮਹਾਰਾਜ! ਪਦਵੀ ਕਿੱਡੀ ਕੁ ਹੈ ਖਾਲਸੇ ਦੀ? ਮਹਾਰਾਜ ਕਹਿੰਦੇ ਪਦਵੀ, ਪਦਵੀ ਤਾਂ ਇਹਦੀ ਅਤਿ ਉੱਚੀ ਹੈ-

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*

*ਸਰਬ ਲੋਹ ਗ੍ਰੰਥ 'ਚੋਂ*

ਜਿਸਨੇ ਆਪਣੀ ਸੁਰਤ ਨੂੰ ਖਿੱਚ ਲਿਆ ਪੰਜਾਂ ਤੱਤਾਂ ਤੋਂ ਕਿ ਨਾ ਮੈਂ ਮਿੱਟੀ ਹਾਂ, ਨਾ ਮੈਂ ਪਾਣੀ ਹਾਂ, ਨਾ ਮੈਂ ਅੱਗ ਹਾਂ, ਨਾ ਮੈਂ ਹਵਾ ਹਾਂ, ਨਾ ਮੈਂ ਅਕਾਸ਼ ਹਾਂ ਤੇ ਨਾ ਮੈਂ ਪੰਜ ਪ੍ਰਾਣਾਂ ਦੇ ਵਿਚੋਂ ਉਪਾਨ, ਬਿਆਨ, ਉਦਾਨ, ਸਮਾਨ, ਪ੍ਰਾਣ; ਪੰਜਾਂ ਦੇ ਵਿਚੋਂ ਮੈਂ ਇਹ ਵੀ ਕੋਈ ਤੇ ਮੈਂ ਤਿੰਨੋ ਗੁਣਾਂ ਦੇ ਵਿਚੋਂ ਕੋਈ ਨਹੀਂ, ਨਾ ਮੈਂ ਰਜੋ ਗੁਣ ਹਾਂ, ਨਾ ਤਮੋ ਗੁਣ ਹਾਂ, ਨਾ ਮੈਂ ਸਤੋ ਗੁਣ ਹਾਂ; ਤਿੰਨਾਂ ਸਰੀਰਾਂ ਦੇ ਵਿਚੋਂ ਮੈਂ ਕੋਈ ਨਹੀਂ, ਨਾ ਮੈਂ ਸਥੂਲ ਸਰੀਰ ਹਾਂ, ਨਾ ਮੈਂ ਸੂਖਸ਼ਮ ਸਰੀਰ ਹਾਂ, ਨਾ ਮੈਂ ਕਾਰਨ ਸਰੀਰ ਹਾਂ ਤੇ ਮੈਂ ਫੁਰਨੇ ਕਰਨ ਵਾਲਾ ਮਨ ਵੀ ਨਹੀਂ ਹਾਂ। ਨਾ ਮੈਂ ਬੁੱਧੀ ਹਾਂ ਮਨ ਨੂੰ ਟੋਕਣ ਵਾਲੀ, ਨਾ ਮੈਂ ਚਿੱਤ ਹਾਂ ਤੇ ਜਿਹੜਾ ਝੂਠਾ ਪਰਛਾਵਾਂ ਹੈ

ਜਿਹਦੇ ਨਾਲ ਮੈਂ ਨੂੰ ਮੈਂ ਪਰਤੀਤ ਦਿੰਦਾ ਹੈ ਉਹ ਵੀ ਮੈਨੂੰ ਪਤਾ ਲਗ ਗਿਆ ਕਿ ਇਹ ਪਰਛਾਵਾਂ ਅਣਹੋਈ ਚੀਜ਼ ਹੈ, ਹੈ ਨਹੀਂ ਇਹ ਜਿਹਨੂੰ ਹਉਮੈ ਕਹਿੰਦੇ ਨੇ। ਸੋ ਮੈਂ ਤਾਂ ਇਸ ਸਾਰੇ ਦਾ ਸਾਖੀ ਹਾਂ, ਦੇਖਣ ਵਾਲਾ ਹਾਂ, ਮੈਨੂੰ ਅੱਗ ਜਾਲ ਨਹੀਂ ਸਕਦੀ, ਤਲਵਾਰ ਕੱਟ ਨਹੀਂ ਸਕਦੀ, ਮਾਰਿਆ ਹੋਇਆ ਮਰ ਨਹੀਂ ਸਕਦਾ। ਕਾਲ ਦੀ ਮੇਰੇ ਤਕ ਪਹੁੰਚ ਨਹੀਂ, ਮੈਂ ਨਿਰਲੇਪ ਹਾਂ, ਮੈਂ ਅਸੰਗ ਹਾਂ, ਮੈਂ ਪ੍ਰੀਪੂਰਨ ਹਾਂ। ਕਹਿੰਦੇ, ਇਹਦਾ ਰਸ ਹੈ ਆਪਣੇ ਰੂਪ ਨੂੰ ਪਛਾਣ ਲਿਆ। ਜਿਹਨੂੰ ਆਤਮਾ ਕਹਿੰਦੇ ਨੇ, ਆਤਮਾ ਨੂੰ ਪਛਾਣ ਕੇ ਆਤਮਾ ਦੇ ਰਸ ਵਿਚ ਲੀਨ ਹੋ ਗਿਆ। ਆਤਮਾ ਨੂੰ ਵਿਆਪਕ ਨਾਮ ਕਹਿੰਦੇ ਨੇ। ਵਿਆਪਕ ਨਾਮ ਦਾ ਰਸ ਆ ਗਿਆ, ਉਹ ਹੈ ਖਾਲਸਾ। ਉਹਦੀ ਪਦਵੀ ਕਿੰਨੀ ਹੈ, ਉਹ ਪ੍ਰਮੇਸ਼ਰ ਵਿੱਚ ਰਹਿੰਦੇ ਨੇ, ਵਿਆਪਕ ਨਾਮ ਦੇ ਵਿੱਚ ਉਨ੍ਹਾਂ ਦੀ ਰੁਸਵਾਈ ਹੋ ਗਈ। ਉਹ ਹਿਰਦੇ 'ਚ ਵਸ ਗਿਆ ਜਿਹਦੇ ਬਾਰੇ ਮਹਾਰਾਜ ਕਹਿੰਦੇ, ਓ ਪ੍ਰੇਮੀਆਂ! ਸੰਸਾਰ 'ਤੇ ਆ ਕੇ ਤੂੰ ਨਾਮ ਹਿਰਦੇ 'ਚ ਨਹੀਂ ਵਸਾਇਆ, ਤੈਨੂੰ curse ਲੱਗੇ –

***ਜਿਨ ਹਰਿ ਹਿਰਦੈ ਨਾਮੁ ਨ ਬਸਿਓ***
***ਤਿਨ ਮਾਤ ਕੀਜੈ ਹਰਿ ਬਾਂਝਾ ॥*** ***ਅੰਗ – 697***

ਬਾਂਝ ਕਰ ਦਿਓ ਉਹਦੀ ਮਾਂ ਨੂੰ ਜਿਹਦੇ ਹਿਰਦੇ 'ਚ ਨਾਮ ਨਹੀਂ ਵਸਿਆ। ਜਿਹਦੇ ਹਿਰਦੇ 'ਚ ਆਤਮ ਰਸ ਦਾ ਪ੍ਰਕਾਸ਼ ਨਹੀਂ ਹੋਇਆ।

***ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ***
***ਓਇ ਖਪਿ ਖਪਿ ਮੁਏ ਕਰਾਂਝਾ ॥*** ***ਅੰਗ – 697***

ਉਹ ਤਾਂ ਸੁੰਨੀਆਂ ਡਰਾਉਣੀਆਂ ਦੇਹਾਂ ਤੁਰੀਆਂ ਫਿਰਦੀਆਂ ਨੇ। ਜੀਉਂਦੇ ਨਹੀਂ ਹਨ, ਉਹ ਮਰੇ ਹੋਏ ਨੇ –

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥*** ***ਅੰਗ – 142***

ਕਹਿੰਦੇ ਪਿਆਰਿਓ! ਆਹ ਜਿਹੜੀ ਪਦਵੀ ਹੈ ਨਾ ਇਸ ਪਦਵੀ ਦੇ ਵਿੱਚ ਜਿਹੜਾ ਰਹਿੰਦਾ ਹੈ, ਟਿਕਦਾ ਹੈ, ਓਸ ਨੂੰ ਅਸੀਂ ਖਾਲਸਾ ਕਿਹਾ ਹੈ, ਰੂਪ ਨੂੰ ਅਸੀਂ ਨਹੀਂ ਖਾਲਸਾ ਕਿਹਾ। ਭੁਲੇਖਾ ਪੈ ਗਿਆ ਸਾਨੂੰ ਫੇਰ ਮੁੜ ਕੇ। ਆਪੇ ਹੀ ਨਾਉਂ ਦੇ ਨਾਲ ਲਾ ਲੈਂਦੇ ਹਾਂ, ਫਲਾਣਾ ਸਿੰਘ ਖਾਲਸਾ। ਐਉਂ ਤਾਂ ਖਾਲਸਾ ਨਹੀਂ ਬਣਨਾ, ਖਾਲਸਾ ਤਾਂ ਇੱਕ ਆਦਰਸ਼ ਹੈ। ਉਹ ਆਦਰਸ਼ ਕਿੰਨਾ ਉੱਚਾ ਹੈ –

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ 1 ॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ 1 ॥***

***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥***
***ਅੰਗ - 633***

ਕਹਿੰਦੇ, ਜਿਹਦੇ ਘਟ ਦੇ ਵਿੱਚ ਬ੍ਰਹਮ ਦਾ ਨਿਵਾਸ ਹੋ ਗਿਆ, ਆਤਮਾ ਦਾ ਰਸ ਜਿਹਨੇ ਮਾਣ ਲਿਆ। ਉਹਨੂੰ ਅਸੀਂ ਖਾਲਸਾ ਕਿਹਾ ਹੈ। ਸਾਵਧਾਨ ਹੋਵੋ। ਅਸੀਂ ਖਾਲਸਾ ਕਹਾਉਂਦੇ ਹਾਂ ਆਪਣੇ ਆਪ ਨੂੰ। ਖਾਲਸਾ ਤਾਂ -

***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***

ਪੰਜੇ ਭਰਮਾਂ ਦਾ ਜਿਹਦੇ ਅੰਦਰੋਂ ਨਾਸ਼ ਹੋ ਗਿਆ, ਜਿਹੜਾ ਆਪਣੇ ਆਤਮ ਸਰੂਪ 'ਚ ਪਹੁੰਚ ਗਿਆ, ਵਿਆਪਕ ਨਾਮ ਦੇ ਵਿੱਚ ਜਿਹਦਾ ਪ੍ਰਵੇਸ਼ ਹੋ ਗਿਆ ਉਹ ਖਾਲਸਾ ਹੈ। ਉਹ ਇੱਕ ਆਦਰਸ਼ ਹੈ ਉਹਦੇ ਵਾਸਤੇ, ਸਾਰਾ ਸੰਸਾਰ ਹੀ ਇੱਕ ਹੈ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥***
***ਅੰਗ - 1427***

ਨਾ ਡਰ ਕਿਸੇ ਨੂੰ ਦੇਵੇ ਤੇ ਨਾ ਡਰ ਕਿਸੇ ਦਾ ਮੰਨੇ। ਇਹ ਇਕ ਆਦਰਸ਼ ਹੈ, ਸਭ ਦਾ ਸਾਂਝਾ, ਸਭ ਨਾਲ ਪਿਆਰ ਕਰਨ ਵਾਲਾ, ਸਭ ਦਾ ਆਪਣਾ ਆਪ, ਸਭ ਦੇ ਵਿੱਚ ਪ੍ਰਮੇਸ਼ਰ ਨੂੰ ਦੇਖਣ ਵਾਲਾ, ਜਿਹਦੀ ਅੱਖ ਖੁਲ੍ਹੀ ਹੋਈ ਹੈ -

***ਗੁਰਹਿ ਦਿਖਾਇਓ ਲੋਇਨਾ ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***
***ਅੰਗ - 407***

ਜਿਹਦੇ ਨੇਤਰ ਖੁਲ੍ਹ ਗਏ ਕਹਿੰਦੇ ਉਹ ਖਾਲਸਾ ਹੈ ਪਿਆਰਿਓ! ਉਹਦਾ ਦਰਜਾ ਕਿੰਨਾ ਹੈ ਪੜ੍ਹੋ ਪਿਆਰ ਨਾਲ -

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*** ***ਅੰਗ - 397***

ਕਿਹੋ ਜਿਹੇ ਨੇ ਭਾਈ, ਜਿਹੜੇ ਆਤਮ ਸਰੂਪ 'ਚ ਸਥਿਤ ਰਹਿੰਦੇ ਨੇ। ਜਿਹੜੇ ਵਿਆਪਕ ਨਾਮ ਨੂੰ ਹਿਰਦੇ 'ਚ ਵਸਾਉਂਦੇ ਨੇ ਉਨ੍ਹਾਂ ਦਾ ਦਰਜਾ ਕਿਹੋ ਜਿਹਾ ਹੈ? ਮਹਾਰਾਜ ਕਹਿੰਦੇ, ਉਨ੍ਹਾਂ ਤੇ ਰੱਬ ਵਿੱਚ ਫਰਕ ਨਹੀਂ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥*** ***ਅੰਗ - 273***

ਕਿੱਡਾ ਉੱਚਾ ਦਰਜਾ ਦਿੱਤਾ, ਦੂਜਾ ਉਹ ਨਹੀਂ ਉਹ ਦੇਖਦੇ -

***ਮਨਿ ਸਾਚਾ ਮੁਖਿ ਸਾਚਾ ਸੋਇ ॥***

***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***
***ਅੰਗ - 272***

ਜਿਸਦੀ ਰੁਸਵਾਈ ਅੰਮ੍ਰਿਤ ਤਕ ਹੋ ਗਈ। ਮਹਾਰਾਜ ਨੇ ਪਾਹੁਲ ਪਿਲਾ ਕੇ ਅੰਮ੍ਰਿਤ ਤਕ ਸਾਨੂੰ ਪਹੁੰਚਾਇਆ ਹੈ ਜਿਸਨੂੰ-

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - 918***

ਇਹ ਗੱਲ ਵਿਚਾਰਨ ਵਾਲੀ ਹੈ। ਉਹ ਇਹ ਹੈ ਕਿ ਅੰਮ੍ਰਿਤ ਪ੍ਰਮੇਸ਼ਰ ਦਾ ਨਾਮ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - 293***

ਕਿੱਥੇ ਹੈ? ਉਹਦੀ ਨਿਸ਼ਾਨੀ ਕੀ ਹੈ, ਜਿਥੇ ਪਿਆ ਹੈ? ਕਹਿੰਦੇ ਉਥੇ ਕੋਈ ਫੁਰਨਾ ਨਹੀਂ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - 293***

ਉਹ ਘਰ ਜਿਹੜਾ ਅੰਮ੍ਰਿਤ ਦਾ ਹੈ, ਜਿੱਥੇ ਅੰਮ੍ਰਿਤ ਪਿਆ ਹੈ -

***ਘਰ ਮਹਿ ਘਰੁ ਦੇਖਾਇ ਦੇਇ***
***ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - 1291***

ਅੰਮ੍ਰਿਤ ਦੇ ਚਸ਼ਮੇ ਤਕ ਜਿਹੜਾ ਲੈ ਜਾਵੇ, ਉਹ ਸਤਿਗੁਰੂ ਹੋਇਆ ਕਰਦਾ ਹੈ। ਕਹਿੰਦੇ ਅੰਮ੍ਰਿਤ ਜਿਹੜਾ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - 538***

ਜਦੋਂ ਅੰਮ੍ਰਿਤ ਮਿਲ ਗਿਆ ਫੇਰ ਕੀ ਹੁੰਦਾ ਹੈ। ਕਹਿੰਦੇ -

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ - 538***

ਹਉਮੈ ਤੇ ਮਾਇਆ ਬਿਹੁ ਹੈ, ਜ਼ਹਿਰ ਹੈ, ਜਦੋਂ ਅੰਮ੍ਰਿਤ ਮਿਲ ਗਿਆ, ਉਸ ਵੇਲੇ ਬਿਹੁ ਲਹਿ ਜਾਂਦੀ ਹੈ। ਬਿਹੁ ਖਾ ਕੇ ਬੰਦਾ ਮਰ ਜਾਂਦਾ ਹੈ। ਬਿਹੁ ਨੂੰ ਲਾਹੁਣ ਵਾਲੀ ਦਵਾਈ ਜੇ ਮਿਲ ਜਾਵੇ ਉਹਦੇ ਬਾਰੇ ਮਹਾਰਾਜ ਕਹਿੰਦੇ ਉਹਨੂੰ ਸਦਾ ਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ -

***ਧਾਰਨਾ - ਅਮਰ ਹੋ ਜਾਂਦੇ ਨੇ, ਅੰਮ੍ਰਿਤ ਨੂੰ ਪੀਂਦੇ ਜਿਹੜੇ।***

ਅੰਮ੍ਰਿਤ ਦਾ ਰਸ ਮਹਾਰਾਜ ਕਹਿੰਦੇ ਕੋਈ ਵਿਰਲਾ ਪੀਂਦਾ ਹੈ।

***ਇਹੁ ਹਰਿ ਰਸੁ ਪਾਵੈ ਜਨੁ ਕੋਇ ॥***
***ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਅੰਗ - 287***

ਉਹ ਮੌਤ ਦੇ ਮੰਡਲ ਨੂੰ ਪਾਰ ਕਰ ਜਾਂਦਾ ਹੈ, ਫੇਰ ਨਹੀਂ ਉਹ ਮੁੜ ਕੇ ਮਰਦਾ। ਮਰਦੀ ਹਉਮੈ ਹੁੰਦੀ ਹੈ, ਹਉਮੈ ਦੀ ਵਿਹੁ ਲਹਿ ਜਾਂਦੀ ਹੈ।

ਵਿਹੁ ਲਹਿਣ ਦੇ ਨਾਲ ਆਪਣੇ ਸਰੂਪ 'ਚ ਆ ਜਾਂਦਾ ਹੈ। ਕਹਿੰਦੇ ਸਦਾ ਦਾ ਜੀਵਨ ਹੁੰਦਾ ਹੈ –

*ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥*
*ਜਾ ਕੈ ਮਨਿ ਪ੍ਰਗਟੇ ਗੁਨਤਾਸ ॥*
*ਆਠ ਪਹਰ ਹਰਿ ਕਾ ਨਾਮੁ ਲੇਇ ॥*
*ਸਚੁ ਉਪਦੇਸੁ ਸੇਵਕ ਕਉ ਦੇਇ ॥*
*ਮੋਹ ਮਾਇਆ ਕੈ ਸੰਗਿ ਨ ਲੇਪੁ ॥*
*ਮਨ ਮਹਿ ਰਾਖੈ ਹਰਿ ਹਰਿ ਏਕੁ ॥* ***ਅੰਗ – 287***

ਕਦੇ ਨਹੀਂ ਵਿਨਾਸ ਹੁੰਦਾ। ਰਹਿਤ ਦਸਦੇ ਨੇ ਮੋਹ ਨਾਲ ਬਿਲਕੁਲ ਉਸਦਾ ਲੇਪ ਨਹੀਂ ਹੈ।

ਹਰ ਵਕਤ ਪ੍ਰਮੇਸ਼ਰ ਉਹਦੇ ਮਨ 'ਚ ਰਹਿੰਦਾ ਹੈ।

*ਅੰਧਕਾਰ ਦੀਪਕ ਪਰਗਾਸੇ ॥*
*ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥* ***ਅੰਗ – 287***

ਉਥੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਪੀਵੇ ਕਿਵੇਂ ਕਹਿੰਦੇ? ਪੀਣ ਦਾ ਵੀ ਤਰੀਕਾ ਲਿਖਿਆ ਹੋਇਆ ਹੈ ਬਾਣੀ ਦੇ ਅੰਦਰ। ਕਹਿੰਦੇ ਜਿਵੇਂ ਖੂਹ ਦੇ ਵਿਚੋਂ ਕੱਢੀ ਜਾਂਦੀ ਹੈ ਨਾ ਬਾਲਟੀ। ਪਾਣੀ ਭਰਨ ਵਾਲੀਆ ਕੁੜੀਆਂ ਕੱਢਦੀਆਂ ਨੇ ਜਾਂ ਬੰਦੇ ਕੱਢਦੇ ਨੇ। ਕਹਿੰਦੇ ਇਹਦੇ ਅੰਦਰਲੇ ਪਾਸੇ ਇਸ ਤਰ੍ਹਾਂ ਖੂਹ ਹੈ ਅੰਮ੍ਰਿਤ ਦਾ ਸਰੀਰ 'ਚ। ਪਰ ਉਹਦੇ 'ਚ ਲੱਜ ਪੈਂਦੀ ਹੈ ਭਰੋਸੇ ਦੀ, ਪਿਆਰ ਦੀ, ਸ਼ਰਧਾ ਦੀ ਤੇ ਬਾਲਟੀ ਬਣਦੀ ਹੈ, ਵਾਹਿਗੁਰੂ ਮੰਤ੍ਰ ਦੀ। ਇਹ ਵਾਹਿਗੁਰੂ ਮੰਤਰ ਦੀਆਂ ਬਾਲਟੀਆਂ ਕੱਢ-ਕੱਢ ਕੇ ਪੀਈ ਜਾਵੇ ਕਹਿੰਦੇ ਫੇਰ ਇਹ ਅੰਮ੍ਰਿਤ ਪੀ ਹੋ ਜਾਂਦਾ ਹੈ –

*ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ*
*ਸਾਚ ਸਬਦਿ ਬੀਚਾਰੀ ॥* ***ਅੰਗ – 570***

ਰਸਨਾ ਦੇ ਨਾਲ ਜਦੋਂ ਅਸੀਂ ਵਾਹਿਗੁਰੁ-ਵਾਹਿਗੁਰੂ ਕਰਾਂਗੇ, ਅੰਦਰ ਭਿੱਜ ਜਾਏਗਾ ਰਸ ਦੇ ਨਾਲ। ਫੇਰ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਦੀ ਵਿਚਾਰ ਪ੍ਰਗਟ ਹੋ ਜਾਏਗੀ।

*ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*
*ਸਬਦੇ ਕਾਢਿ ਪੀਐ ਪਨਿਹਾਰੀ ॥* ***ਅੰਗ – 570***

ਸ਼ਬਦ ਨਾਲ ਕੱਢ ਕੇ ਪੀਤਾ ਜਾਂਦਾ ਹੈ। ਹਉਮੈ ਤ੍ਰਿਸ਼ਨਾ, ਦੋਵੇਂ ਚੀਜ਼ਾਂ ਮਰ ਜਾਂਦੀਆਂ ਨੇ।

*ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥*
*ਨਾਨਕ ਗੁਰਮੁਖਿ ਨਦਰੀ ਆਇਆ*
*ਹਰਿ ਆਤਮ ਰਾਮੁ ਮੁਰਾਰਿ ॥* ***ਅੰਗ – 1281***

ਵਰਸਦਾ ਹੈ ਉਹ ਕ੍ਰਿਪਾ ਧਾਰ ਕੇ ਫੇਰ ਅੰਦਰ। vibration ਹੁੰਦੀ ਹੈ ਫੇਰ ਸਰੀਰ ਦੇ ਅੰਦਰ। ਅਮਰ ਜੀਵਨ ਮਿਲ ਜਾਂਦਾ ਹੈ। ਸਦਾ ਵਾਸਤੇ ਕਾਲ ਨੂੰ ਫਤਹਿ ਕਰ ਲੈਂਦਾ ਹੈ। ਐਸੀ ਜੁਗਤ ਮਹਾਰਾਜ ਜੀ ਨੇ ਅੱਜ ਦੇ

ਦਿਨ ਖਾਲਸੇ ਵਿੱਚ ਪ੍ਰਗਟ ਕੀਤੀ। ਪਾਹੁਲ ਪਿਲਾਈ –

*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*

ਜਿਸਨੂੰ ਅਸੀਂ ਬਾਅਦ ਵਿੱਚ 'ਅੰਮ੍ਰਿਤ' ਕਹਿਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤ ਛਕਣਾ, ਅੰਮ੍ਰਿਤ ਪੀਣਾ, ਹੁਣ ਅਸੀਂ ਇਹਨੂੰ ਅੰਮ੍ਰਿਤ ਹੀ ਕਹਿੰਦੇ ਹਾਂ। ਇਹ ਅੰਮ੍ਰਿਤ ਬਾਹਰੋਂ ਪਾ ਕੇ ਜਿਵੇਂ ਪਾਣੀ ਧਰਤੀ 'ਚੋਂ ਕੱਢੀਦਾ ਹੈ, ਇਸੇ ਤਰ੍ਹਾਂ ਦੇ ਨਾਲ ਜਦੋਂ ਤਕ ਇਹ ਅੰਮ੍ਰਿਤ ਨਹੀਂ ਪੈਂਦਾ, ਓਨੀਂ ਦੇਰ ਤਕ ਅੰਦਰਲੇ ਅੰਮ੍ਰਿਤ ਦੇ ਨਾਲ ਮਿਲਾਪ ਨਹੀਂ ਹੁੰਦਾ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ ਪਿਆਰਿਓ! ਇਹ ਜਿਹੜਾ ਏਸ ਆਦਰਸ਼ ਦਾ ਮਾਨੁਖ ਹੈ, ਆਪ ਨਾਮ ਜਪਦਾ ਹੈ ਤੇ ਦੂਸਰਿਆਂ ਨੂੰ ਨਾਮ ਜਪਾਉਂਦਾ ਹੈ। ਸੰਸਾਰ ਦਾ ਭਲਾ ਚਾਹੁੰਦਾ ਹੈ ਤੇ ਆਪਣੀ ਦੇਹ-ਹੰਗਤਾ ਨੂੰ ਤਿਆਗ ਕੇ ਸੰਸਾਰ ਦੇ ਭਲੇ ਵਾਸਤੇ ਲਾਉਂਦਾ ਹੈ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਦੂਜਿਆਂ ਵਾਸਤੇ ਮਰ ਜਾਣਾ ਹੀ ਵੱਡੀ ਚੀਜ਼ ਹੈ? ਨਹੀਂ ਪਿਆਰਿਓ! ਦੇਹ ਨੂੰ, ਵਰਤੋਂ 'ਚ ਲਿਆਓ ਵਿਉਂਤ ਦੇ ਨਾਲ, ਆਪ ਜਪੋ ਤੇ ਨਾਮ ਜਪਾਵੋ, ਅੰਧਕਾਰ ਸੰਸਾਰ ਦਾ ਦੂਰ ਕਰੋ, ਤੁਰੇ ਫਿਰੋ ਸੰਸਾਰ ਦੇ ਅੰਦਰ। ਹੋਕਾ ਦਿਓ ਗੁਰੂ ਨਾਨਕ ਦੀ ਬਾਣੀ ਦਾ। ਉਹ ਜੀਉਂਦੇ ਬੰਦੇ ਨਹੀਂ ਦੇ ਸਕਦੇ, ਜਿਹੜੇ ਮਿਰਤਕ ਹੋਏ ਹੋਏ ਨੇ, ਫੇਰ ਜੀਉਂਦੇ ਹੋਏ ਨੇ, ਓਹੀ ਦੇ ਸਕਦੇ ਨੇ। ਬਾਕੀਆਂ ਨੂੰ ਤਾਂ ਘਰ-ਬਾਰ ਮੂਹਰੇ ਆ ਜਾਏਗਾ। ਰੌਲਾ ਪੈ ਜਾਏਗਾ ਕਿ ਇਹ ਤਾਂ ਪੈਸੇ ਥੋੜ੍ਹੇ ਦਿੰਦੇ ਨੇ। ਇਥੇ ਅਸੀਂ ਕੀ ਕਰਨ ਜਾਣਾ ਹੈ। ਇਹ ਤਾਂ ਗੱਲਾਂ ਗਲਤ ਹੋ ਜਾਂਦੀਆਂ ਨੇ। ਪੈਸਾ ਕਮਾਉਣ ਜਾਣਾ ਹੈ, ਬਿਜ਼ਨਸ ਬਣਾ ਲਈ, ਗੁਰਮਤਿ ਬਹੁਤ ਹੋਰ ਚੀਜ਼ ਹੈ। ਗੁਰਮਤਿ ਤੋਂ ਲਾਂਭੇ ਹੋ ਜਾਂਦੇ ਨੇ। ਇਹ ਜਿਹੜਾ ਪ੍ਰਮੇਸ਼ਰ ਦਾ ਸੇਵਕ ਹੈ ਉਹਨੂੰ ਪੈਸੇ ਦਾ ਨਹੀਂ ਖਿਆਲ ਕਦੇ ਵੀ ਹੁੰਦਾ, ਮਾਇਆ ਤਾਂ ਉਹਦੇ ਪਿਛੇ ਲਗ ਤੁਰਦੀ ਹੈ। ਠੇਡੇ ਮਾਰਦਾ ਹੈ। ਜਦੋਂ ਠੇਡੇ ਮਾਰਦਾ ਹੈ, ਨੱਠ-ਨੱਠ ਆਉਂਦੀ ਹੈ। ਸੋ ਉਹ ਜਿਹੜਾ ਜੀਵਨ ਹੈ ਉਹ ਸੰਸਾਰ ਦੇ ਵਿੱਚ ਹੋਕਾ ਦਿੰਦਾ ਹੈ। ਓਹੀ ਜੀਵਨ ਜੇ ਇਕ ਦਮ ਖਤਮ ਹੋ ਜਾਵੇ ਫੇਰ ਹੋਕਾ ਕੌਣ ਦੇਵੇ। ਸਾਰਾ ਹੀ ਜੀਵਨ ਪ੍ਰਮੇਸ਼ਰ ਦੇ ਲੇਖੇ ਲਾ ਦੇਣਾ। ਆਖਰੀ ਸਵਾਸ ਤਕ ਆਪ ਨਾਮ ਜਪਣਾ ਤੇ ਦੂਜਿਆਂ ਨੂੰ ਜਪਾਉਣਾ, ਪਦਵੀ ਕਿੱਡੀ ਹੈ?

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ – 306*

ਇਹ ਲੇਖੇ ਵਿੱਚ ਲਾਉਣਾ ਹੈ ਜਿਹੜਾ ਸਰੀਰ ਹੈ। ਦੋ ਤਰ੍ਹਾਂ ਨਾਲ ਲਾਉਣਾ ਹੈ, ਇਕ ਤਾਂ ਪ੍ਰਮੇਸ਼ਰ ਨੂੰ ਨਹੀਂ ਭੁੱਲਣਾ, ਹਰ ਵਕਤ ਰਸਨਾ ਹਿਲਦੀ ਰਹੇ। ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ; ਸੁਰਤ ਜਿਹੜੀ ਹੈ ਪ੍ਰਮੇਸ਼ਰ 'ਚ ਰਹੇ। ਕਿਉਂਕਿ ਜਦੋਂ ਲੇਖੇ 'ਚ ਲਾ ਦਿੱਤਾ, ਫੇਰ ਬਾਕੀ ਗੱਲਾਂ ਤਾਂ ਮੂਹਰੇ ਨਾ ਰਹੀਆਂ। ਦੂਸਰਾ ਇਹ ਹੈ ਕਿ ਆਪ ਹੀ ਆਨੰਦ ਨਾ ਉਠਾਵੇ, ਸੰਸਾਰ ਦੇ ਨਾਲ ਅਨੰਦ ਸਾਂਝਾ ਕਰੇ। ਉਨ੍ਹਾਂ ਨੂੰ ਹਨ੍ਹੇਰੇ 'ਚੋਂ

ਕੱਢੇ, ਘੁੰਮਣ ਘੇਰੀਆਂ 'ਚੋਂ ਕੱਢ ਕੇ ਸਿੱਧੇ ਰਸਤੇ 'ਤੇ ਤੋਰੇ। ਭਰਮਾਂ 'ਚੋਂ ਕੱਢ ਲਵੇ, ਉਹਦੀ ਬੜੀ ਭਾਰੀ ਸੇਵਾ ਹੁੰਦੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਜਿਹੜੇ ਐਸੇ ਪ੍ਰੇਮੀ ਨੇ, ਉਨ੍ਹਾਂ ਵਿੱਚ ਤੇ ਮੇਰੇ ਵਿੱਚ ਗਲਤੀ ਨਾਲ ਭੇਦ ਨਾ ਜਾਣ ਲਿਓ।

***ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥***
***ਖਾਲਸਾ ਮੇਰੋ ਮੁਖ ਹੈ ਅੰਗਾ॥ ਖਾਲਸੇ ਕੇ ਹੌਂ ਸਦ ਸਦ ਸੰਗਾ॥***
***ਸਰਬ ਲੋਹ ਗ੍ਰੰਥ 'ਚੋਂ***

ਜਿਹੜਾ ਇਸ ਬਿਰਤੀ ਦਾ ਬੰਦਾ ਹੈ, ਉਹ ਕਦੇ ਵੀ ਆਪਣੇ ਆਪ ਨੂੰ ਇਕੱਲਾ ਨਹੀਂ ਸਮਝਦਾ। ਉਹ ਕਹਿੰਦਾ ਮੈਨੂੰ ਤਾਂ ਗੁਰੂ ਸਾਹਿਬ ਲਈਂ ਫਿਰਦੇ ਨੇ, ਉਹ ਮੇਰੀ ਪਿੱਠ 'ਤੇ ਨੇ, ਜੋ ਬੁਲਾਉਂਦੇ ਨੇ ਮੈਂ ਬੋਲਦਾ ਹਾਂ। ਜਿੱਥੇ ਮੈਨੂੰ ਲਿਜਾਂਦੇ ਨੇ ਮੈਂ ਜਾਂਦਾ ਹਾਂ। ਉਹ ਤਾਂ ਮੇਰੇ ਨਾਲ ਨੇ। ਉਹ ਐਸੇ ਵਿਸ਼ਵਾਸ਼ 'ਚ ਹੁੰਦਾ ਹੈ, ਉਹਦਾ ਵਿਸ਼ਵਾਸ਼ ਨਹੀਂ ਟੁੱਟਦਾ ਕਦੇ ਵੀ। ਉਹ ਕਹਿੰਦਾ ਜਦ ਉਨ੍ਹਾਂ ਨੇ ਕਹਿ ਦਿੱਤਾ ਕਿ 'ਖਾਲਸੇ ਕੇ ਹੌਂ ਸਦ ਸਦ ਸੰਗਾ' ਕੀ ਇਹ ਝੂਠੀ ਗੱਲ ਕਹੀ ਹੈ। ਇਹ ਪ੍ਰਗਟ ਕਰਨ ਵਾਲੀਆਂ ਨਹੀਂ ਗੱਲਾਂ ਹੁੰਦੀਆਂ। ਗੁਰੂ ਮਹਾਰਾਜ ਸੰਗਤ ਦੇ ਵਿੱਚ ਹੁੰਦੇ ਨੇ ਹਾਜ਼ਰ ਨਾਜ਼ਰ। ਅੱਖਾਂ ਵਾਲਿਆਂ ਨੂੰ ਦਿਸ ਜਾਂਦੇ ਨੇ। ਦੂਜੇ ਹਨ੍ਹੇਰੇ 'ਚ ਰਹਿੰਦੇ ਨੇ। ਆਹ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ, ਕਿਉਂਕਿ ਉਨ੍ਹਾਂ ਦਾ ਬਚਨ ਹੈ ਕਿ ਜਿਥੇ ਜਾਏਗਾ ਮੈਂ ਨਾਲ ਹੋਵਾਂਗਾ ਉਹਦੇ।

***ਖਾਲਸਾ ਮੇਰੋ ਇਸ਼ਟ ਸੁਹਿਰਦ॥ ਖਾਲਸਾ ਮੇਰੋ ਕਹੀਅਤ ਬਿਰਦ॥***
***ਖਾਲਸੇ ਮੇਰੋ ਪਛ ਅਰ ਪਾਤਾ॥ ਖਾਲਸਾ ਮੇਰੋ ਸੁਖ ਅਹਿਲਾਦਾ॥***
***ਖਾਲਸਾ ਮੇਰੋ ਮਿੱਤਰ ਸਖਾਈ॥ ਖਾਲਸਾ ਮਾਤ ਪਿਤਾ ਸੁਖਦਾਈ॥***
***ਸਰਬ ਲੋਹ ਗ੍ਰੰਥ 'ਚੋਂ***

ਜਿਹੜਾ ਇਨ੍ਹਾਂ ਦੀ ਸੇਵਾ ਕਰਦਾ ਹੈ, ਉਹ ਕਹਿੰਦੇ ਫੇਰ ਮੇਰੀ ਹੀ ਸੇਵਾ ਕਰਦਾ ਹੈ -

***ਧਾਰਨਾ - ਪਿਆਰੇ ਜੀ, ਦਾਨ ਦਿੱਤਾ ਖਾਲਸੇ ਨੂੰ,***
***ਉਹ ਦੋਹੀਂ ਜਹਾਨੀਂ ਫਲਦਾ।***

***ਸੇਵ ਕਰੀ ਇਨਹੀ ਕੀ ਭਾਵਤ,***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ,***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ ਗਿਆਨ ਪ੍ਰਬੋਧ ਪਾ. 10***

ਕਹਿਣ ਲੱਗੇ, ਪਿਆਰਿਓ! ਇਨ੍ਹਾਂ ਬ੍ਰਹਮਗਿਆਨੀਆਂ ਦੇ ਰਾਹੀਂ ਜੋ ਤੁਹਾਡੀ ਸ਼ੁੱਭ ਕਮਾਈ ਖਰਚ ਆਵੇਗੀ, ਕਹਿੰਦੇ ਉਹ ਇੱਥੇ ਵੀ ਫਲੇਗੀ ਤੇ ਦਰਗਾਹ 'ਚ ਵੀ ਫਲੇਗੀ। ਸੇਵਾ ਵੀ ਇਨ੍ਹਾਂ ਦੀ ਕਰਨੀ ਹੈ, ਦਾਨ ਵੀ

ਇਨ੍ਹਾਂ ਦੇ ਹੱਥੀਂ ਦੇਣਾ ਹੈ। ਦੂਜਿਆਂ ਦੇ ਹੱਥੀਂ ਕਿਉਂ ਨਹੀਂ ਦੇਣਾ, ਇੱਕ ਪੁਰਾਣ ਹੈ ਜਿਹਦਾ ਨਾਉਂ ਸੁਕੰਦ ਪੁਰਾਣ ਹੈ, ਹਜ਼ਾਰਾਂ ਸਾਲ ਪਹਿਲਾਂ ਦਾ ਛਪਿਆ ਹੋਇਆ ਹੈ, ਛਾਪਾ ਤਾਂ ਹੁੰਦਾ ਨਹੀਂ ਸੀ, ਸੀਨੇ-ਬ-ਸੀਨੇ ਆਉਂਦਾ ਹੈ, ਯਾਨਿ ਪ੍ਰਚਲਤ ਹੈ ਉਹ ਪੁਰਾਣ। ਉਹਦੇ ਵਿੱਚ ਇੱਕ ਪੂਰਾ ਚੈਪਟਰ ਆਉਂਦਾ ਹੈ, ਉਹਦੇ ਵਿੱਚ ਬ੍ਰਹਮਾ ਜੀ ਤੇ ਨਾਰਦ ਆਪਸ ਵਿੱਚ ਗੱਲਾਂ ਕਰਦੇ ਨੇ, ਨਾਰਦ ਕਹਿਣ ਲੱਗਿਆ, ਮਹਾਰਾਜ! ਜਦੋਂ ਕਲਜੁਗ ਆ ਜਾਣਾ ਹੈ ਫੇਰ ਦੁਆਪਰ, ਤ੍ਰੇਤੇ, ਸਤਿਜੁਗ ਦੇ ਐਨੇ ਧਰਮੀ ਕਰਮੀ, ਕਰਮ ਕਰਨ ਵਾਲੇ, ਆਪਣੇ ਧਰਮ ਨੂੰ ਪਛਾਨਣ ਵਾਲੇ ਇਕ ਦਮ ਕਿਵੇਂ ਮਨਮੁਖ ਹੋ ਜਾਣਗੇ? ਕਿਹੜੀ ਚੀਜ਼ ਹੈ ਜਿਹੜੀ ਉਨ੍ਹਾਂ ਦੇ ਕਰਮ ਧਰਮ ਨੂੰ ਭ੍ਰਿਸ਼ਟ ਕਰ ਦੇਵੇਗੀ ਤੇ ਦੁੱਖ ਕਿਉਂ ਆ ਜਾਏਗਾ ਕਲਜੁਗ ਵਿੱਚ। ਕਿਉਂਕਿ ਜਿਸ ਯੁੱਗ ਦੇ ਅੰਦਰ ਪੁੰਨ ਦਾਨ ਚਲਦਾ ਹੈ, ਉਥੇ ਕਲੇਸ਼ ਨਹੀਂ ਹੋਇਆ ਕਰਦਾ। ਜਿਥੇ ਖੁਦਗਰਜ਼ੀ ਹੈ ਉਥੇ ਭੂਤਾਂ ਦਾ ਵਾਸਾ ਹੋ ਜਾਂਦਾ ਹੈ, ਉਥੇ ਕਲੇਸ਼ ਹੀ ਕਲੇਸ਼ ਹੇ। ਇੱਕ ਦਮ ਆਦਮੀ ਦੇ ਅੰਦਰ ਐਨਾ ਪਤਨ ਕਿਵੇਂ ਆ ਜਾਏਗਾ? ਕ੍ਰਿਪਾ ਕਰਕੇ ਦੱਸੋ?

ਕਹਿਣ ਲੱਗੇ, ਨਾਰਦ! ਕਾਫੀ ਸਮਾਂ ਲੰਘਣ ਤੋਂ ਬਾਅਦ ਇੱਕ ਬੂਟੀ ਜੋ ਹੈ, ਕਾਮਧੇਨ ਗਊ ਦੇ ਸਰਾਫ ਨਾਲ ਪੈਦਾ ਹੋਈ ਹੋਈ ਸੰਸਾਰ ਦੇ ਉਤੇ, ਜਮਦਗਨ ਨੇ ਬਾਣ ਮਾਰਿਆ। ਜਮਦਗਨ ਰਿਸ਼ੀ ਦੇ ਕੋਲੋਂ ਸਹੰਸਰਬਾਹੂ ਰਾਜਾ ਖੋਹਣ ਲੱਗਿਆ, ਉਨ੍ਹਾਂ ਨੇ ਅਕਾਸ਼ ਦੇ ਰਸਤੇ ਤੋਰ ਦਿੱਤੀ ਤੇ ਜਾਂਦੀ-ਜਾਂਦੀ ਦੇ ਬਾਣ ਮਾਰਿਆ। ਉਹਦੇ ਕੰਨ ਤੇ ਖੁਰ ਵਿਚੋਂ ਖੂਨ ਦਾ ਕਤਰਾ ਨਿਕਲਿਆ, ਨਾਲ ਆਵਾਜ਼ ਆਈ ਕਿ ਐ ਮੇਰੇ ਕਤਰੇ ਦੇ ਵਿਚੋਂ ਇੱਕ ਬੂਟੀ ਪੈਦਾ ਹੋਏਗੀ ਜਿਹੜਾ ਉਹਨੂੰ ਹੱਥ ਲਾ ਲਏਗਾ, ਜਿਹੜਾ ਉਹਨੂੰ ਪੀ ਲਏਗਾ, ਧੂਮਰ ਪਾਨ ਕਰ ਲਏਗਾ, ਉਹਦੀ ਬੁੱਧੀ ਭ੍ਰਿਸ਼ਟ ਹੋ ਜਾਏਗੀ, ਕਰਮ ਧਰਮ ਸਾਰੇ ਨਸ਼ਟ ਹੋ ਜਾਣਗੇ ਤੇ ਉਹ ਨਰਕਾਂ ਵਿੱਚ ਜਾਏਗਾ। ਕੁਲਾਂ ਨੂੰ ਗਾਲੇਗਾ। ਕਹਿਣ ਲੱਗੇ, ਉਹ ਬੂਟੀ ਜਿਹੜੀ ਸੀ ਉਹ ਪ੍ਰਗਟ ਹੋ ਗਈ। ਪਾਤਾਲ ਲੋਕ ਦੇ ਵਿੱਚ ਪੈਦਾ ਹੋ ਗਈ। ਅਰਜਨਟਾਈਨਾ 'ਚ ਹੋਈ ਹੈ ਸਭ ਤੋਂ ਪਹਿਲਾਂ ਇਹ। ਉਸ ਤੋਂ ਬਾਅਦ ਬੋਧੀ ਗਏ, ਇਹ ਇਲਾਸਕਾ ਦੇ ਵਿਚੀਂ ਹੁੰਦੇ ਹੋਏ, ਉਪਰ ਦੀ ਗਏ, ਅਮਰੀਕਾ, ਸਿਰੜੀ ਸੀਗੇ, ਹੇਠਾਂ ਚਲੇ ਗਏ, ਉਥੋਂ ਲੈ ਆਏ, ਇਹ ਅੱਗ ਦੇ ਵਿੱਚ ਪਾ ਕੇ ਪੀਣ ਲਗ ਗਏ। ਨਾਸਤਕ ਸੀਗੇ। ਬ੍ਰਹਮਾ ਜੀ ਕਹਿਣ ਲੱਗੇ, ਨਾਰਦ ਜੀ! ਇਹ ਸਮਾਂ ਪਾ ਕੇ ਆ ਜਾਣੀ ਹੈ ਭਾਰਤ ਦੇ ਵਿੱਚ ਵੀ, ਜਿਹਨੂੰ ਕਰਮ ਭੂਮੀ, ਓਸ ਵੇਲੇ ਧਰਮ ਭੂਮੀ ਕਹਿੰਦੇ ਸੀ। ਧਰਮ ਦਾ ਦੇਸ਼ ਸੀ, ਧਰਮ ਕਮਾਉਣ ਵਾਲਾ। ਉਨ੍ਹਾਂ ਨੂੰ ਭੋਗ ਭੂਮੀਆਂ ਕਹਿੰਦੇ ਸੀ। ਕਹਿੰਦੇ, ਇਹ ਜਿਹੜੀ ਬੂਟੀ ਹੈ ਇਹਨੂੰ ਅੱਗ ਵਿੱਚ ਪਾ ਕੇ ਪੀਆ ਕਰਨਗੇ। ਕੁਛ ਮੂਰਖ ਖਾਇਆ ਕਰਨਗੇ। ਇਹ ਸਿਹਤ ਵਾਸਤੇ ਬਹੁਤ ਹਾਨੀਕਾਰਕ, ਕਹਿੰਦੇ ਇਹਦੇ ਨਾਲ ਦੇਵਤੇ ਵੀ ਨਰਾਜ਼ ਹੋ ਜਾਣਗੇ। ਜੋ ਦੇਵਤੇ ਅੱਜ ਅਰਾਮ ਨਾਲ ਆ ਜਾਂਦੇ ਨੇ ਧਰਤੀ 'ਤੇ। ਉਹ ਆਉਣਾ ਬੰਦ ਕਰ ਦੇਣਗੇ। ਬੇਅੰਤ ਪ੍ਰਯਤਨ ਕਰਨ ਨਾਲ ਵੀ ਦੇਵਤਾ ਪ੍ਰਗਟ ਨਹੀਂ ਹੋਣਗੇ। ਕਹਿਣ ਲੱਗੇ,

ਮਹਾਰਾਜ! ਫੇਰ ਤਾਂ ਬੜੀ ਬੁਰੀ ਗੱਲ ਹੋਈ। ਕਹਿੰਦੇ, ਇਹਨੂੰ ਬ੍ਰਾਹਮਣ ਲੋਕ ਵੀ ਪੀਣਗੇ। ਕਹਿੰਦੇ ਐਨਾ ਬੁਰਾ ਅਸਰ ਹੋਏਗਾ ਕਿ ਜੇ ਕੋਈ ਧੂਮਰ ਪਾਨ ਕਰਨ ਵਾਲੇ ਨੂੰ ਦਾਨ ਦੇਵੇਗਾ, ਤਾਂ ਦਾਨ ਦੇਣਾ ਵਾਲਾ ਇੱਕ ਜਨਮ ਸੂਰ ਦਾ ਭੁਗਤੇਗਾ ਤੇ ਜਿਹੜਾ ਦਾਨ ਲੈਣ ਵਾਲਾ ਬ੍ਰਾਹਮਣ ਹੈ, ਸੱਤ ਜਨਮ ਸੂਰ ਦੇ ਧਾਰ ਕੇ ਪਿੰਡ ਦਾ ਮਲਮੂਤਰ ਸਾਫ ਕਰੇਗਾ। ਕਹਿੰਦੇ, ਇਸ ਕਰਕੇ ਪਿਆਰਿਆ! ਜੋ ਦਾਨ ਹੈ ਅਸੀਂ ਖਾਲਸੇ ਨੂੰ ਲਿਖ ਦਿੱਤਾ।

ਪਦਵੀ ਦੇ ਦਿਤੀ, ਦਾਨ ਦਾ ਵੀ ਅਧਿਕਾਰੀ ਬਣਾ ਦਿੱਤਾ, ਲੈਣ ਦਾ ਤੇ ਖਰਚਣ ਦਾ। ਨਾਮ ਜਪਣ, ਜਪਾਉਣ ਦਾ ਅਧਿਕਾਰ ਦੇ ਦਿਤਾ। ਦੇਸ਼ ਦੀ ਰੱਖਿਆ ਵਾਸਤੇ ਸ਼ਸਤਰਧਾਰੀ ਬਣਾ ਦਿੱਤਾ। ਸੇਵਾ ਕਰਨ ਵਾਸਤੇ ਬਹੁਤ ਵੱਡੀ ਤਾਕੀਦ ਕਰ ਦਿਤੀ। ਵਣਜ ਵਪਾਰ ਕਰਨ ਦੀ ਤਾਕੀਦ ਕਰ ਦਿੱਤੀ। ਇੱਕੋ ਮਨੁੱਖ ਦੇ ਅੰਦਰ ਚਾਰੇ ਵਰਨ ਪਾ ਦਿਤੇ। ਜਦੋਂ ਇਸ ਤਰ੍ਹਾਂ ਦੇ ਬਚਨ ਹੋਏ ਤਾਂ ਜਿਹੜੇ ਬ੍ਰਾਹਮਣ ਸੀ ਉਸ ਵੇਲੇ ਹਾਜ਼ਰ, ਕੇਸਵ ਦਾਸ ਵਰਗੇ ਜਿਹੜੇ ਦੇਵੀ ਪ੍ਰਗਟ ਕਰਨ ਵਾਸਤੇ ਆਏ ਹੋਏ ਸੀ। ਉਹ ਬੜੇ ਨਰਾਜ਼ ਹੋ ਗਏ। ਆਪਸ ਵਿੱਚ ਮੀਟਿੰਗਾਂ ਕਰਨ ਲਗ ਗਏ। ਕਹਿਣ ਲੱਗੇ, ਗੁਰੂ ਸਾਹਿਬ ਨੇ ਮਰਿਯਾਦਾ ਉਲਟਾ ਦਿੱਤੀ। ਸਤਿਜੁਗ ਦੀ ਮਰਿਯਾਦਾ ਬਦਲ ਦਿੱਤੀ। ਇਹ ਕਾਹਦੇ ਅਵਤਾਰ ਆਏ ਨੇ ਇਨ੍ਹਾਂ ਨੇ ਤਾਂ ਸਾਰੀਆਂ ਮਰਿਯਾਦਾ ਭੰਗ ਕਰ ਦਿੱਤੀਆਂ ਤੇ ਮਹਾਰਾਜ ਜੀ ਕੋਲ ਆ ਗਏ, ਕਹਿੰਦੇ, ਮਹਾਰਾਜ! ਤੁਸੀਂ ਆਹ ਸ਼ੂਦਰਾਂ ਨੂੰ ਸਾਡੇ ਵਾਲਾ ਕੰਮ ਦੇ ਦਿੱਤਾ। ਦਾਨ ਲੈਣ ਦਾ ਵੀ ਤੇ ਦੇਣ ਦਾ ਵੀ। ਇਨ੍ਹਾਂ ਨੂੰ ਤੁਸੀਂ ਪੜ੍ਹਨ ਪੜ੍ਹਾਉਣ ਦਾ ਕੰਮ ਦੇ ਦਿੱਤਾ, ਬ੍ਰਾਹਮਣਾਂ ਵਾਲਾ। ਇਹ ਸ਼ੂਦਰਾਂ ਨੂੰ ਤੁਸੀਂ ਕਿਵੇਂ ਦੇ ਦਿੱਤਾ। ਇਹ ਤਾਂ ਆਪ ਨਰਕਾਂ ਨੂੰ ਜਾਣਗੇ ਤੇ ਦੂਜਿਆਂ ਨੂੰ ਵੀ ਨਰਕਾਂ 'ਚ ਭੇਜਣਗੇ। ਮਹਾਰਾਜ ਕਹਿੰਦੇ, ਪਿਆਰਿਓ! ਤੁਹਾਨੂੰ ਨਹੀਂ ਪਤਾ, ਇਹ ਖਾਲਸਾ ਪਦਵੀ, ਜਾਤ ਪਾਤ ਵਾਲਾ ਬ੍ਰਾਹਮਣ ਤਾਂ ਉਥੇ ਪਹੁੰਚ ਹੀ ਨਹੀਂ ਸਕਦਾ। ਇਹ ਤਾਂ ਪ੍ਰਮੇਸ਼ਰ ਦਾ ਰੂਪ ਨੇ। ਇਹ ਮੇਰੇ ਅਤਿ ਪਿਆਰੇ ਨੇ। ਐਸ ਤਰ੍ਹਾਂ ਕਹਿੰਦੇ ਨੇ –

***ਧਾਰਨਾ – ਮੇਰਾ ਰੂਪ ਹੈ ਖਾਲਸਾ ਮੇਰਾ,***
***ਮੰਦੇ ਕਾਹਤੋਂ ਬੋਲ ਬੋਲਦੈਂ।***

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,***
***ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥***
***ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ,***
***ਇਨਹੀ ਕ੍ਰਿਪਾ ਫੁਨ ਧਾਮ ਭਰੇ॥***
***ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ***
***ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥***
***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ***
***ਨਹੀ ਮੋ ਸੇ ਗਰੀਬ ਕਰੋਰ ਪਰੇ॥*** ***ਸਵੈਯਾ***

ਪੰਡਤ ਜੀ! ਐਸੇ ਬਚਨ? ਤੁਹਾਨੂੰ ਨਹੀਂ ਪਤਾ। ਤੁਹਾਨੂੰ ਜਿਹੜੇ ਵੱਡੇ-ਵੱਡੇ ਦਾਨ ਅਸੀਂ ਕਰਦੇ ਰਹੇ ਹਾਂ, ਉਹ ਇਨ੍ਹਾਂ ਦੀ ਹੀ ਕ੍ਰਿਪਾ ਸੀ।

ਜਿੰਨੇ ਵਿਘਨ ਸੀ ਸਾਰੇ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੋਏ ਨੇ। ਜਿਹੜੇ ਧਾਮ ਭਰੇ ਹੋਏ ਨਜ਼ਰ ਆਉਂਦੇ ਨੇ, ਇਨ੍ਹਾਂ ਦੀ ਕ੍ਰਿਪਾ ਨਾਲ ਹੀ ਭਰੇ ਨੇ। ਕਿੱਡਾ ਵੱਡੇ ਬਚਨ ਮਹਾਰਾਜ ਜੀ ਨੇ ਕਹਿ ਦਿੱਤਾ। ਕਹਿਣ ਲੱਗੇ, ਪੰਡਤ ਜੀ! ਫੇਰ ਤੁਸੀਂ ਮਾੜਾ ਨਾ ਇਨ੍ਹਾਂ ਨੂੰ ਆਖਿਓ। ਆਹ ਜਿਹੜਾ ਤੁਸੀਂ ਮੈਨੂੰ ਦੇਖਦੇ ਓਂ, ਮੈਂ ਵੀ ਇਨ੍ਹਾਂ ਦੀ ਕ੍ਰਿਪਾ ਨਾਲ ਸਜਿਆ ਹੋਇਆ ਹਾਂ, ਨਹੀਂ ਮੇਰੇ ਵਰਗੇ ਗਰੀਬ ਕਰੋੜਾਂ ਰੁਲਦੇ ਫਿਰਦੇ ਨੇ। ਐਸਾ ਦਰਜਾ ਗੁਰੂ ਮਹਾਰਾਜ ਨੇ ਖਾਲਸੇ ਨੂੰ ਦਿੱਤਾ ਤੇ ਨਾਲ ਖਾਲਸਾ ਪਦ ਦੀ ਵਿਆਖਿਆ ਵੀ ਆਪ ਨੇ ਦੱਸੀ ਕਿ ਖਾਲਸਾ ਉਹ ਹੈ ਜਿਹਦੇ ਅੰਦਰ ਜੋਤ ਜਗਦੀ ਹੈ –

***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***

ਅੱਜ ਸਾਡਾ 295ਵਾਂ ਜਨਮ ਦਿਨ ਸ਼ੁਰੂ ਹੁੰਦਾ ਹੈ, ਪ੍ਰਕਾਸ਼, ਪ੍ਰਗਟ ਹੋਣ ਦਾ, ਆਦਰਸ਼, ਕਿੱਥੇ ਅਸੀਂ ਪਹੁੰਚੇ ਹਾਂ। ਵਿਚਾਰ ਕਰਕੇ ਦੇਖਿਓ ਕਦੇ, ਕਿੱਥੇ ਅਸੀਂ ਹਾਂ। ਕੀ ਅਸੀਂ ਕੰਮ ਕਰਦੇ ਹਾਂ, ਕਿਹੋ ਜਿਹੇ ਸਾਡੇ ਖਿਆਲ ਨੇ, ਕਿੱਥੇ ਗੁਰੂ ਸਾਨੂੰ ਪਦਵੀਆਂ ਦਿੰਦਾ ਹੈ ਤੇ ਅਸੀਂ ਤਾਂ ਫੇਰ ਖਾਲਸਾ ਪਦਵੀ ਦੇ ਵਿੱਚ ਹੋਏ ਨਾ, ਕੁਛ ਹੋਰ ਹੋ ਗਏ, ਸਿੱਖੀ ਨੂੰ ਕੁਛ ਹੋਰ ਬਣਾ ਦਿੱਤਾ ਅਸੀਂ, ਅਰ ਬਣਾਉਂਦੇ ਹੀ ਚਲੇ ਜਾਂਦੇ ਹਾਂ, ਜ਼ੋਰ ਨਾਲ, ਧੱਕੇ ਨਾਲ ਬਣਾ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਸਾਡੇ ਗੁਰੂ ਨੇ, ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਲਾਂਭੇ ਨਹੀਂ ਜਾਣਾ ਬਿਲਕੁਲ, ਇਤਿਹਾਸ ਕੁਛ ਕਹੀ ਜਾਵੇ, ਮਨੁੱਖ ਕੁਛ ਕਹੀ ਜਾਣ, ਲੇਖ ਕੁਛ ਲਿਖੀ ਜਾਣ। ਜਿਹੜੀ ਗੱਲ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੇ ਉਲਟ ਹੋਏਗੀ, ਉਹ ਨਹੀਂ ਅਸੀਂ ਮੰਨਣੀ। ਖੋਜੋ ਗੁਰੂ ਗ੍ਰੰਥ ਸਾਹਿਬ ਨੂੰ, ਲੜ ਫੜ ਲਓ ਗੁਰੂ ਗ੍ਰੰਥ ਸਾਹਿਬ ਦਾ, ਇਹਦਾ ਨਾ ਛੱਡਿਓ ਨਹੀਂ ਰੁਲ ਜਾਵਾਂਗੇ। ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਮਨੁੱਖਾਂ ਦੀਆਂ ਗੱਲਾਂ ਨਾ ਸੁਣੋ। ਇਨ੍ਹਾਂ ਦੇ ਸਿਧਾਂਤ ਨੂੰ ਜਾਣੂੰ ਹੋ ਕੇ ਬੰਦਗੀ ਕਰੋ। ਨਾਮ ਜਪੋ। ਸਾਰਿਆਂ ਦੇ ਸਾਂਝੇ ਬਣੋ, ਸਭ ਨਾਲ ਪਿਆਰ ਕਰੋ। ਸੱਚੇ ਦਿਲ ਨਾਲ ਰੋਜ਼ ਕਹੋ –

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।***

ਜਦੋਂ ਸਰਬੱਤ ਦਾ ਭਲਾ ਮੰਗੇਂਗਾ, ਤੇਰਾ ਵੀ ਭਲਾ ਹੋਏਗਾ। ਤੂੰ ਵੀ ਸਰਬੱਤ ਦੇ ਵਿੱਚ ਆਪੇ ਹੀ ਆ ਜਾਂਦਾ ਹੈਂ। ਸੋ ਇਸ ਤਰ੍ਹਾਂ ਦਾ ਆਦਰਸ਼ ਬਹੁਤ ਉੱਚਾ ਗੁਰੂ ਮਹਾਰਾਜ ਨੇ ਲਿਆਂਦਾ। ਸੋ ਵਧਦੇ ਤਾਂ ਜਾਓ, ਘਟੋ ਨਾ, ਪਿਛੇ ਨੂੰ ਨਾ ਹਟੋ। ਅੰਮ੍ਰਿਤ ਛਕ ਲਿਆ ਬਹੁਤ ਸਾਰੇ ਪ੍ਰੇਮੀਆਂ। ਦਿਨ ਰਾਤ ਇਸ ਗੱਲ ਦੀ ਚਰਚਾ ਹੁੰਦੀ ਰਹਿੰਦੀ ਹੈ ਕਿ ਨਿਗੁਰੇ ਨਾ ਰਹੋ, ਗੁਰੂ ਤੋਂ ਨਾਮ ਪ੍ਰਾਪਤ ਕਰੋ। ਗੁਰੂ ਘਰ ਦੇ ਅੰਦਰ ਪਹਿਲਾਂ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਨੇ, ਫੇਰ ਜਾ ਕੇ ਨਾਮ ਦਿੰਦੇ ਨੇ, ਉਹ ਨਾਮ ਅਸਲੀ ਚੀਜ਼ ਹੈ। ਉਹ ਨਾਮ ਲੈ ਕੇ ਅਸੀਂ ਪ੍ਰਮੇਸ਼ਰ ਨੂੰ ਮਿਲਣਾ ਹੈ, ਸਫਲ ਕਰਨਾ ਹੈ ਆਪਣਾ ਜੀਵਨ। ਇਹ ਨਹੀਂ ਕਿ ਅੰਮ੍ਰਿਤ ਛਕ ਲਿਆ ਤੇ ਨਾਮ ਨੂੰ ਛੱਡ ਦਿਤਾ, ਇਹੀ ਭੁਲੇਖਾ ਪਿਆ ਹੋਇਆ ਹੈ ਤੇ ਮਨ 'ਚ ਭਰਮ ਹੋ ਜਾਂਦਾ ਹੈ ਕਿ ਮੈਂ ਹੁਣ ਅੰਮ੍ਰਿਤ ਛਕ ਲਿਆ ਤੇ ਮੈਂ ਹੁਣ ਬਣ

ਗਿਆ ਸਭ ਕੁਛ। ਨਹੀਂ ਪਿਆਰਿਆ! ਤੂੰ ਤਾਂ ਸਕੂਲ 'ਚ ਦਾਖਲ ਹੋਇਆ ਹੈਂ ਅਜੇ ਪੜ੍ਹਾਈ ਤਾਂ ਅੱਗੇ ਚੱਲਣੀ ਹੈ, ਜੇ ਪੜ੍ਹਨ ਦਾ ਸ਼ੌਂਕ ਹੈ ਫੇਰ ਗੁਰੂ ਮਹਾਰਾਜ ਦੀ ਹਦਾਇਤ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ – 306*

ਇਹ ਪ੍ਰੋਗਰਾਮ ਦੇ ਦਿਤਾ।

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ*
*ਅਵਰਹ ਨਾਮੁ ਜਪਾਵੈ ॥*
*ਅੰਗ – 306*

ਜਿਹੜਾ ਪਾਸ ਹੋ ਜਾਏਗਾ, ਉਹਨੂੰ ਫੇਰ ਗੁਰੂ ਸਾਹਿਬ ਨੇ ਕੀ ਕਰਨਾ ਹੈ, ਜੀਵ ਨੂੰ ਪ੍ਰਮੇਸ਼ਰ ਬਣਾ ਦੇਣਾ ਹੈ, ਬ੍ਰਹਮਗਿਆਨ ਦੇ ਦੇਣਾ ਹੈ। ਇਹਦਾ ਜੀਵ ਭਾਵ ਖਤਮ ਕਰ ਦੇਣਾ ਹੈ। ਮੈਂ ਇਹਦੀ ਮੁੱਕ ਜਾਣੀ ਹੈ, ਇਹਨੂੰ ਅੰਦਰ ਵੀ ਬਾਹਰ ਵੀ ਪ੍ਰਮੇਸ਼ਰ ਦਿਸਣਾ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ – 293*

ਜਦੋਂ ਇਹ ਉਪਦੇਸ਼ ਦੇ ਦਿਤਾ ਗੁਰੂ ਨੇ, ਫੇਰ ਨਾਮ ਜਪਣਾ ਅਧਿਕਾਰ ਹੋ ਜਾਂਦਾ ਹੈ। ਆਪ ਨਾਮ ਜਪਣਾ ਹੈ ਤੇ ਸੰਸਾਰ ਨੂੰ ਜਪਾਉਣਾ ਹੈ। ਸੋ ਅੰਮ੍ਰਿਤ ਦਾ ਬਾਟਾ ਤਿਆਰ ਹੋਇਆ ਹੈ ਤੇ ਤੁਸੀਂ ਅੰਮ੍ਰਿਤ ਦੇ ਸਾਂਝੀਦਾਰ ਬਣੇ ਓਂ, ਖਾਲਸਾ ਬਰਾਦਰੀ ਦੇ ਵਿੱਚ ਆਏ ਓਂ। ਅੱਜ ਤੋਂ ਤੁਹਾਡਾ ਜਨਮ ਗੁਰੂ ਘਰ ਦੇ ਅੰਦਰ ਨਵਾਂ ਹੋਇਆ ਹੈ। ਪੁਰਾਣਾ ਜਿਹੜਾ ਸੀ, ਜਿੰਨੇ ਵੀ

ਪ੍ਰਭਾਵ ਵੀ ਸਭ ਖਤਮ ਕਰ ਦਿੱਤੇ। ਇਕ ਥਾਂ ਦੇ ਅਸੀਂ ਵਾਸੀ ਹਾਂ, ਅਨੰਦਪੁਰ ਸਾਹਿਬ ਦੇ। ਇੱਕ ਸਾਡਾ ਪਿਤਾ ਹੈ, ਇਕ ਸਾਡੀ ਮਾਤਾ ਹੈ। ਇੱਕ ਸਾਡੇ ਇਸ਼ਟ ਨੇ ਗੁਰੂ ਗ੍ਰੰਥ ਸਾਹਿਬ ਸਾਹਿਬ। ਇਨ੍ਹਾਂ ਦੇ ਅਸੀਂ ਬਣ ਕੇ ਚਲਣਾ ਹੈ। ਸਾਰੇ ਸੰਸਾਰ ਦਾ ਭਲਾ ਕਰਨਾ ਹੈ, ਸਾਰੇ ਸੰਸਾਰ ਦੀ ਸਾਂਝ ਵਿੱਚ ਰਹਿਣਾ ਹੈ, ਜਾਗਦੇ ਰਹਿਣਾ ਹੈ, ਸੌਣਾ ਨਹੀਂ ਹੈ ਸੁਰਤ ਨੂੰ ਨਹੀਂ ਸੌਣ ਦੇਣਾ, ਜਾਗ ਵਿੱਚ ਰਖਣਾ ਹੈ। ਸਾਰੇ ਸੰਸਾਰ ਦਾ ਭਲਾ ਮੰਗਣਾ ਹੈ, ਅਰਦਾਸਾਂ ਕਰਨੀਆਂ ਨੇ –

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*

***ਅੰਗ – 853***

ਰੱਖ ਲੈ ਵਾਹਿਗੁਰੂ! ਚਾਹੇ ਈਸਾਈ ਬਣਾ ਕੇ ਰੱਖ ਲੈ, ਚਾਹੇ ਬੋਧੀ ਬਣਾ ਕੇ, ਚਾਹੇ ਜੈਨੀ ਬਣਾ ਕੇ, ਚਾਹੇ ਯਹੂਦੀ, ਚਾਹੇ ਹਿੰਦੂ ਬਣਾ ਲੈ, ਚਾਹੇ ਸਿੱਖ ਬਣਾ ਲੈ, ਚਾਹੇ ਮੁਸਲਮਾਨ ਬਣਾ ਲੈ; ਜਿਹੜਾ ਕੁਛ ਬਣਾਉਣਾ ਹੈ, ਜਿਥੇ ਵੀ ਹੈਗਾ ਕੋਈ ਰੱਖ ਲੈ ਤੂੰ ਉਨ੍ਹਾਂ ਨੂੰ। ਦੁਆਰੇ ਢਾਹੁੰਣੇ ਨਹੀਂ ਹੈ ਉਨ੍ਹਾਂ ਦੇ। ਦੁਆਰੇ ਸੰਵਾਰਨੇ ਨੇ, ਬਣਾਉਣੇ ਨੇ, ਧਾਰਮਿਕ ਈਰਖਾ 'ਚ ਨਹੀਂ ਕਿਸੇ ਨਾਲ ਆਉਣਾ। ਫੇਰ ਗੁਰੂ ਦੀਆਂ ਖੁਸ਼ੀਆਂ ਹੋਣਗੀਆਂ, ਫੇਰ ਸਾਡਾ ਅੱਜ ਦਾ ਮਨਾਇਆ ਹੋਇਆ ਦਿਹਾੜਾ ਸਫਲ ਹੋਏਗਾ। ਮਹਾਰਾਜ ਕਹਿੰਦੇ, ਪਿਛਲੇ ਸਾਲ ਦਾ ਤੂੰ ਬਣਾ ਲੈ ਲੇਖਾ ਪੱਤਾ, ਕਿੱਥੇ-ਕਿੱਥੇ ਮੈਂ ਗਿਰਿਆ, ਕਿੱਥੇ-ਕਿੱਥੇ ਮੈਂ ਭੁੱਲਿਆ, ਕਿੱਥੇ-ਕਿੱਥੇ ਮੈਂ ਅਵੱਗਿਆ ਕੀਤੀ। ਅਗਲੇ ਵਾਸਤੇ ਪ੍ਰਣ ਕਰ ਲੈ ਕਿ ਐਤਕੀਂ ਦੇ ਸਾਲ 'ਚ ਮੈਂ ਨਾਮ ਬਹੁਤਾ ਜਪਣਾ ਹੈ, ਬੰਦਗੀ ਕਰਨੀ ਹੈ, ਬਾਣੀ ਪੜ੍ਹਨੀ ਹੈ, ਲੋਕ ਭਲਾਈ ਦੇ ਕੰਮ ਬਹੁਤੇ ਕਰਨੇ ਨੇ। ਜਦੋਂ ਐਉਂ ਚੜ੍ਹਦੇ ਜਾਵਾਂਗੇ ਫੇਰ ਅਸੀਂ ਸਫਰ ਤਹਿ ਕਰ ਲਵਾਂਗੇ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

# ਸਤਿਗੁਰ ਕੀ ਸੇਵੈ ਲਗਿਆ
# ਭਉਜਲੁ ਤਰੈ ਸੰਸਾਰੁ ॥

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਪਿਆਰੇ ਜੀ ਚਰਨਾਂ ਦੇ ਵਿਚ ਰੱਖ ਲਓ।*
*ਕੋਈ ਗੁਣ ਨਾ ਮੇਰੇ ਵਿਚ ਸਾਹਿਬਾ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ॥*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*

*ਭਾਈ ਗੁਰਦਾਸ ਜੀ, ਵਾਰ 36 ਪਉੜੀ 21*

*ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ*
*ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥*
*ਮਾਯਾ ਮੋਹ ਭਰਮ ਪੈ ਭੂਲੇ*
*ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥*
*ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ*
*ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥*
*ਇਕ ਅਰਦਾਸਿ ਭਾਟ ਕੀਰਤਿ ਕੀ*
*ਗੁਰ ਰਾਮਦਾਸ ਰਾਖਹੁ ਸਰਣਾਈ ॥* *ਅੰਗ - 1406*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਆਪ ਕਾਰੋਬਾਰ ਸੰਕੋਚਦੇ ਹੋਏ ਆਸਾੜ ਦੀ ਸੰਗਰਾਂਦ ਦਾ ਦਿਹਾੜਾ ਮਨਾਉਣਾ ਵਾਸਤੇ ਦੂਰ-ਦਰਾਜ਼ ਤੋਂ ਗੁਰੂ ਮਹਾਰਾਜ ਦੀ ਚਰਨ ਸ਼ਰਨ ਪਹੁੰਚੇ ਓਂ, ਏਸ ਪਵਿੱਤਰ ਅਸਥਾਨ 'ਤੇ (ਰਤਵਾੜਾ ਸਾਹਿਬ)। ਜਿਸ ਥਾਂ ਦੇ ਵਿਚ ਇਹ ਬਰਕਤਾਂ ਨੇ ਕਿ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ ਨੇ, ਕੋਈ ਕਾਮਨਾਵਾਂ ਵਾਲੇ ਆਉਂਦੇ ਨੇ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਨੇ। ਵਾਹਿਗੁਰੂ ਜਾਣਦਾ ਹੈ ਕਿ ਏਸ ਦੇ ਵਿਚ ਕਿੰਨੀ ਪਵਿੱਤਰਤਾ ਹੈ ਇਸ ਅਸਥਾਨ ਦੇ ਅੰਦਰ। ਆਸਾ ਪੂਰੀਆਂ ਹੋ ਜਾਂਦੀਆਂ ਹੈ। ਮਹਾਰਾਜ ਜੀ ਨੇ ਸਾਨੂੰ ਸਾਰੇ ਇਲਾਕੇ ਨੂੰ

ਦੂਰ-ਦਰਾਜ਼ ਤੱਕ ਇਹ ਪਵਿੱਤਰ ਅਸਥਾਨ ਦੀ ਬਖਸ਼ਿਸ਼ ਕਰਕੇ ਜੋ ਆਪਾਂ ਭੁੱਲੇ ਰਹੇ ਸੀ। ਬੜੀ ਦੇਰ ਤੋਂ ਪ੍ਰਮੇਸ਼ਰ ਨੂੰ ਗੁਰੂਆਂ ਨੂੰ ਕ੍ਰਿਪਾ ਕਰ ਦਿਤੀ, ਕੋਈ ਪੁੰਨ ਕਰਮ ਜਾਗ ਪਏ ਏਸ ਇਲਾਕੇ ਦੇ। ਕਿਉਂ ਮੈਂ ਇਹ ਗੱਲ ਕਹਿੰਦਾ ਹਾਂ ਕਿਉਂਕਿ ਮੇਰੇ ਮਨ ਵਿਚ ਸਾਰੀ ਜ਼ਿੰਦਗੀ ਕਦੇ ਵੀ ਨਹੀਂ ਸੀ ਇਹ ਖਿਆਲ ਆਇਆ ਕਿ ਕੋਈ ਅਸਥਾਨ ਬਣਾਇਆ ਜਾਵੇ। ਸੰਕਲਪ ਤਕ ਨਹੀਂ ਸੀ ਆਇਆ, ਜਦੋਂ ਬਣਿਆ ਇਹ ਜ਼ਬਰਦਸਤੀ ਹੀ ਬਣ ਗਿਆ। ਓਸ ਵੇਲੇ ਤੋਂ ਹੀ ਇਥੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਦੇ ਜਿਨ੍ਹਾਂ ਦੇ ਫਲ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਜੇ ਕੇਵਲ ਕੀਰਤਨ ਦਾ ਹੀ ਹਿਸਾਬ ਲਾਈਏ ਆਪਾਂ ਤਾਂ ਮਹਾਰਾਜ ਕਹਿੰਦੇ ਜਿਹੜੇ ਇੱਕ ਵਾਰੀ ਕੀਰਤਨ ਸੁਣ ਲੈਂਦੇ ਨੇ, ਉਨ੍ਹਾਂ ਪ੍ਰੇਮੀਆ ਨੂੰ ਫਲ ਕਿੰਨਾ ਹੁੰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਹੁੰਦਾ ਹੈ ਤੇ ਇੱਥੇ ਕਿੰਨਾਂ ਕੀਰਤਨ ਹੋ ਰਿਹਾ ਹੈ, ਸੰਗਰਾਂਦ ਦਾ ਹੁੰਦਾ ਹੈ, ਪੂਰਨਮਾਸ਼ੀ ਦਾ ਹੁੰਦਾ ਹੈ, ਹਰ ਰੋਜ਼ ਹੁੰਦਾ ਹੈ, ਆਸਾ ਜੀ ਦੀ ਵਾਰ ਲਗਦੀ ਹੈ, ਸ਼ਾਮ ਨੂੰ ਹੁੰਦਾ ਹੈ, ਕੀਰਤਨ ਕਰਨ ਵਾਲੇ ਜੱਥੇ ਇਥੋਂ ਦੂਰ-ਦੂਰ ਜਾਂਦੇ ਨੇ। ਸਭ ਤੋਂ ਉਤਮ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਦਾ ਲਗਾਤਾਰ ਪ੍ਰਸਾਰ ਹੋ ਰਿਹਾ ਹੈ, ਜਿਸ ਦਿਨ ਤੋਂ ਇੱਥੇ ਆਪ ਦੇ ਦਰਸ਼ਨ ਹੋਏ ਤੇ ਆਪ ਸਸ਼ੋਭਤ ਹੋਏ। ਮੂਲਮੰਤਰ ਦੇ ਪਾਠ ਕਈ ਸਾਲ ਹੁੰਦੇ ਰਹੇ। ਕਈ ਸਾਲ ਗੁਰਮੰਤਰ ਦੇ ਨਾਲ ਹੁੰਦੇ ਰਹੇ ਤੇ ਹੁਣ ਜਪੁਜੀ ਸਾਹਿਬ ਦਾ ਹੋ ਰਿਹਾ ਹੈ। ਮਹਾਨ ਤੀਰਥ ਬਣ ਜਾਂਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਹਜ਼ਾਰ ਪਾਠ ਹੋ ਜਾਵੇ, ਉਥੇ ਆ ਕੇ ਕੋਈ ਵੀ ਬੰਦਾ ਸੱਚੇ ਦਿਲ ਦੇ ਨਾਲ, ਪੂਰੀ ਸ਼ਰਧਾ ਦੇ ਨਾਲ ਜੋ ਕੁਛ ਆ ਕੇ ਮੰਗਦਾ ਹੈ ਉਹ ਮਿਲ ਜਾਂਦਾ ਹੈ। ਪਰ ਮੰਗਣ ਦੇ ਵਿਚ ਫਰਕ ਹੋਇਆ ਕਰਦਾ ਹੈ। ਇਕ ਤਾਂ ਮੰਗਤਾ ਹੁੰਦਾ ਹੈ ਜਿਹੜਾ ਸਿੱਧਾ ਹੀ ਆਉਂਦਾ ਹੈ ਤੇ ਮੰਗਣ ਲਗ ਜਾਂਦਾ ਹੈ। ਇੱਕ ਉਹ ਨੇ ਜਿਹੜੇ ਗੁਰੂ ਨੂੰ ਪ੍ਰਸੰਨ ਕਰਦੇ ਨੇ ਪਹਿਲਾਂ, ਉਹ ਫੇਰ ਗੁਰੂ ਉਨ੍ਹਾਂ ਦੀ ਵੱਡੀ ਤੋਂ ਵੱਡੀ ਜੋ ਮੰਗ ਹੈ ਉਸਨੂੰ ਪ੍ਰਵਾਨ ਕਰ ਲੈਂਦਾ ਹੈ। ਸਿਹਤ ਦਾ ਰਾਜ਼ੀ ਹੋ ਜਾਣਾ ਬਹੁਤ ਵੱਡੀ ਮੰਗ ਹੈ, ਪੁੱਛੋ ਉਨ੍ਹਾਂ ਬੀਮਾਰਾਂ ਨੂੰ ਜਿਨ੍ਹਾਂ ਨੂੰ ਕੋਈ ਦਵਾਈ ਨਹੀਂ ਲਗਦੀ, ਡਾਕਟਰਾਂ ਨੇ ਜਵਾਬ ਦੇ ਦਿਤਾ, ਸੈਂਕੜਿਆਂ ਦੀ ਤਾਦਾਦ 'ਚ ਅੱਜ ਤੰਦਰੁਸਤ ਹੋਏ ਫਿਰਦੇ ਨੇ, ਪਰ ਸੇਵਾ ਜੋ ਹੈ, ਗੁਰੂ ਨੂੰ ਰਿਝਾਉਣਾ ਜੋ ਹੈ, ਉਹ ਬੜੀ ਜ਼ਰੂਰੀ ਬਾਤ ਹੋਇਆ ਕਰਦੀ ਹੈ। ਦੁਕਾਨਦਾਰੀ ਨਹੀਂ ਹੈ ਕਿ ਦਸ ਰੁਪਏ ਮੱਥਾ ਟੇਕਿਆ ਕਿ ਜੀ ਮੇਰਾ ਆਹ ਕੰਮ ਹੋ ਜਾਵੇ। ਨਹੀਂ। ਸੇਵਾ ਵੀ ਕਰੋ, ਸੇਵਾ ਕਰਕੇ ਗੁਰੂ ਰੀਝਦਾ ਹੈ। ਗੁਰੂ ਘਰ ਦੇ ਅੰਦਰ ਦੋਵੇਂ ਸਾਧਨ ਵੱਡੇ ਨੇ, ਸੇਵਾ ਕਰਨਾ ਤੇ ਨਾਮ ਜਪਣਾ। ਨਾਮ ਜਪਣ ਦੇ ਨਾਲ ਕੁੱਲ ਦੁੱਖਾਂ ਤੋਂ ਛੁਟਕਾਰਾ ਮਿਲ ਜਾਇਆ ਕਰਦਾ ਹੈ। ਇਸ ਗੱਲ ਨੂੰ ਅਸੀਂ ਭੁੱਲੇ ਹੋਏ ਹਾਂ, ਬਹੁਤ ਵਾਰੀ ਮੈਂ ਦੱਸਿਆ ਹੈ ਖੋਲ੍ਹ-ਖੋਲ੍ਹ ਕੇ ਕਿ ਨਾਮ ਜਪਣ ਦੇ ਨਾਲ ਕਿਵੇਂ ਸੁੱਖ ਪ੍ਰਾਪਤ ਹੋ ਜਾਇਆ ਕਰਦੇ ਨੇ। ਸਾਰੇ

ਹੀ ਸੁੱਖ ਨਾਮ ਦੇ ਵਿਚ ਨੇ। ਸੇਵਾ ਕਰਨ ਦੇ ਨਾਲ ਗੁਰੂ ਪ੍ਰਸੰਨ ਹੁੰਦਾ ਹੈ। ਗੁਰੂ ਪ੍ਰਸੰਨ ਹੋ ਕੇ ਜੋ ਉਸ ਤੋਂ ਮੰਗੋ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ ਤੇ ਗੁਰੂ ਘਰ 'ਚ ਜਦੋਂ ਸੇਵਾ ਪ੍ਰਵਾਨ ਹੋ ਜਾਂਦੀ ਹੈ ਤਾਂ ਇੱਥੇ ਵੀ ਮਾਣ ਮਿਲਦਾ ਹੈ ਤੇ ਜਦੋਂ ਸੰਸਾਰ ਤੋਂ ਜਾਂਦਾ ਹੈ ਨਾ ਸੇਵਾਦਾਰ, ਉਸ ਵੇਲੇ ਜੈ-ਜੈਕਾਰ ਹੁੰਦੀ ਹੈ ਅੱਗੇ।

***ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥***
***ਅੰਗ - 293***

ਸੇਵਾ ਕਰਨ ਵਾਲਿਆਂ ਦੀਆਂ, ਕਿੰਨਿਆਂ ਦੀਆਂ ਮਿਸਾਲਾਂ ਅੰਤ ਦੇ ਸਮੇਂ ਦੀਆਂ ਸੀਨੇ-ਬ-ਸੀਨੇ ਚਲੀਆਂ ਆਉਂਦੀਆਂ ਨੇ।

ਬਾਬਾ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਆਪ ਦੇ ਜੱਥੇ ਦੇ ਦੋ ਸਿੰਘਾਂ ਦੀ ਵਾਰਤਾ ਹੈ। ਆਪ ਦੇ ਕੋਲ ਪੜ੍ਹਦੇ ਸਨ ਤੇ ਬੀਮਾਰ ਹੋ ਗਏ। ਉਹ ਬੀਮਾਰ ਹੋਏ ਤਾਂ ਸੰਤਾਂ ਨੇ ਕਿਹਾ ਕਿ ਇਨ੍ਹਾਂ ਦਾ ਤਾਂ ਅੰਤ ਸਮਾਂ ਆ ਗਿਆ। ਗੁਰੂ ਘਰ ਦੇ ਵਿਚ ਰਹਿੰਦਾ ਸੇਵਾਦਾਰ ਜਦੋਂ ਸਾਰੀ ਜ਼ਿੰਦਗੀ ਉਹਨੇ ਗੁਰੂ ਦੇ ਉੱਤੇ ਨਿਛਾਵਰ ਕਰ ਦਿੱਤੀ। ਆਪਣਾ ਆਪ ਗੁਰੂ ਨੂੰ ਦੇ ਦਿੱਤਾ। ਗੁਰੂ ਦਾ ਵੀ ਫਰਜ਼ ਹੋਇਆ ਕਰਦਾ ਹੈ, ਡਿਊਟੀ ਹੈ ਗੁਰੂ ਦੀ ਕਿ-

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥*** ***ਅੰਗ - 403***

ਸੰਤ ਜਾਂਦੇ ਨੇ ਕਹਿਣ ਲੱਗੇ ਕਿ ਖਬਰ ਦਿਤੀ ਕਿ ਮਹਾਰਾਜ! ਉਹ ਤਾਂ ਆਖਰੀ ਸਵਾਸਾਂ ਤੇ ਹੀ ਲਗਦਾ ਹੈ, ਮਾੜਾ ਮਾੜਾ ਬੋਲਦਾ ਹੈ। ਸੰਤ ਗਏ ਜਾ ਕੇ ਫਤਹਿ ਬੁਲਾਈ, ਗੁਰਸਿਖ ਨੇ ਹੱਥ ਉਤੇ ਚੁੱਕ 'ਤੇ। ਬਾਬਾ ਜੀ ਨੇ ਪੁੱਛਿਆ ਸੁਣਾ ਬਈ ਸਿੰਘਾਂ ਕੀ ਹਾਲ ਹੈ? ਕਹਿੰਦਾ, ਮਹਾਰਾਜ! ਮੈਂ ਤਾਂ ਤੁਹਾਡੇ ਤੋਂ ਆਗਿਆ ਮੰਗ ਰਿਹਾ ਸੀ, ਅੱਛਾ ਹੋ ਗਿਆ ਤੁਸੀਂ ਦਰਸ਼ਨ ਦੇ ਦਿੱਤੇ ਤੇ ਕ੍ਰਿਪਾ ਕਰੀ, ਕੀ ਹਾਲ ਹੈ ਅਗਲੇ ਲੋਕ ਦਾ ਕੁਛ ਦਸ ਸਾਨੂੰ? ਕਿਉਂਕਿ ਅਗਲੇ ਲੋਕ ਦਾ ਕਈਆਂ ਦੇ ਕੋਲ ਸਮਾਂ ਹੁੰਦਾ ਹੈ ਕਿ ਦਸ ਵੀ ਦਿੰਦੇ ਨੇ।

ਸਾਡੇ ਇੱਕ ਰਿਸ਼ਤੇਦਾਰ ਸੀ, ਜਦੋਂ ਚੜ੍ਹਾਈ ਕਰਨ ਲੱਗੇ ਪੁੱਛਿਆ ਉਨ੍ਹਾਂ ਨੂੰ ਕਿ ਕੀ ਹੈ? ਕਹਿੰਦਾ ਮੈਂ ਬਹੁਤ ਹਾਂ, ਔਹ ਸਾਮ੍ਹਣੇ ਭਿਆਨਕ ਸ਼ਕਲਾਂ ਵਾਲੇ ਜਮਦੂਤ ਮੈਨੂੰ ਤੰਗ ਕਰ ਰਹੇ ਨੇ। ਮੇਰੇ ਵਲ ਦੇਖ ਰਹੇ ਨੇ, ਮੇਰਾ ਅੰਤ ਸਮਾਂ ਆ ਗਿਆ, ਹੁਣ ਨਹੀਂ ਮੈਂ ਬਚਦਾ। ਬਹੁਤ ਭਿਆਨਕ ਸ਼ਕਲਾਂ ਵਾਲੇ ਨੇ ਦੇਖੇ ਨਹੀਂ ਜਾ ਰਹੇ ਉਹ। ਡਰ ਗਿਆ ਉਹ।

ਇੱਥੇ ਮਹਾਂਪੁਰਸ਼ਾਂ ਨੇ ਪੁੱਛਿਆ ਕਿ ਤੁਸੀਂ ਦੱਸੋ? ਕਹਿਣ ਲੱਗੇ, ਜੀ ਐਸ ਵੇਲੇ ਮੈਂ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਨੂੰ, ਬਾਬਾ ਅਤਰ ਸਿੰਘ ਨੂੰ ਸਾਰੀ ਜ਼ਿੰਦਗੀ ਪਿਆਰ ਕਰਦਾ ਰਿਹਾ ਹਾਂ। ਉਹ ਆਪ ਹਾਜ਼ਰ ਹੋਏ ਨੇ ਮੈਨੂੰ ਇੱਥੋਂ ਲਿਜਾਣ ਵਾਸਤੇ। ਸਾਮ੍ਹਣੇ ਨੇ ਤੇ ਮੈਂ ਆਪ ਦੀ ਆਗਿਆ

ਮੰਗਦਾ ਹਾਂ। ਥੋੜ੍ਹੀ ਦੇਰ ਤੋਂ ਬਾਅਦ ਉਹ ਸਰੀਰ ਛੱਡ ਗਏ। ਇੱਕ ਹੋਰ ਪ੍ਰੇਮੀ ਗੁਰਦਾਸਪੁਰ ਜਾ ਕੇ ਬੀਮਾਰ ਹੋ ਗਿਆ ਤੇ ਉਨ੍ਹਾਂ ਨੂੰ ਵੀ ਪੁੱਛਿਆ, ਕਹਿਣ ਲੱਗਿਆ, ਮਹਾਰਾਜ! ਪੰਜ ਸਿੰਘ ਆਏ ਨੇ ਲੈਣ ਵਾਸਤੇ, ਆਗਿਆ ਦੇਵੋ ਤੇ ਮੈਂ ਇਨ੍ਹਾਂ ਦੇ ਨਾਲ ਚਲਿਆ ਜਾਵਾਂ। ਕਿਉਂਕਿ ਸੇਵਾ ਕਰਨ ਵਾਲਾ–

***ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ – 26***

ਉਥੇ ਮੋਢੇ ਸੰਗੋੜ ਕੇ ਨਹੀਂ ਤੁਰਦਾ, ਚੌੜੀ ਛਾਤੀ ਨਾਲ ਤੁਰਦਾ ਹੈ, ਕਿਉਂਕਿ ਦੁਨੀਆ 'ਚ ਸੇਵਾ ਕੀਤੀ ਹੋਈ ਹੈ। ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ –

***ਧਾਰਨਾ – ਦਰਗਹ ਬੈਸਣ ਪਾਈਐ ਜੀ,***
***ਜੇ ਵਿਚ ਦੁਨੀਆ ਸੇਵ ਕਮਾਈਐ।***

ਕਿਹੋ ਜਿਹਾ ਸੁੰਦਰ ਰਸਤਾ ਗੁਰੂ ਮਹਾਰਾਜ ਨੇ ਸਾਨੂੰ, ਬੜਾ ਹੀ ਸੁਖੈਨ ਦਸ ਦਿਤਾ ਕਿ ਸੰਸਾਰ ਦੇ ਅੰਦਰ ਸੇਵਾ ਕਰੋ ਭਾਈ। ਦਰਗਾਹ ਦੇ ਵਿਚ ਜੈ–ਜੈਕਾਰ ਹੋਏਗੀ, ਥਾਂ ਮਿਲੇਗਾ।

ਇਸ ਤਰ੍ਹਾਂ ਦੇ ਨਾਲ ਬਾਬਾ ਸਾਹਿਬ ਸਿੰਘ ਜੀ ਮਹਾਰਾਜ, ਆਪ ਦੇ ਲੰਗਰ ਵਿਚ ਭਾਗ ਸਿੰਘ ਨਾਮ ਦੇ ਲਾਂਗਰੀ ਹੋਇਆ ਕਰਦੇ ਸੀ। ਬਹੁਤ ਪ੍ਰੇਮੀ ਸਨ, ਸ੍ਰੀ ਮਾਨ ਸੀ ਸਾਰੀ ਸੰਗਤ ਨੂੰ ਖੁਸ਼ ਰਖਣਾ, ਆਇਆਂ ਗਿਆਂ ਦਾ ਆਦਰ ਸਤਿਕਾਰ ਕਰਨਾ, ਮਿੱਠਾ ਬੋਲਣਾ। ਦੋ ਤਰ੍ਹਾਂ ਦੇ ਹੁੰਦੇ ਨੇ ਇਹ, ਇਕ ਹੁੰਦਾ ਹੈ ਕਿ ਹੱਠ ਦੇ ਨਾਲ ਸੇਵਾ ਕਰ ਰਿਹਾ ਹੈ, ਉਹਦੇ 'ਚ ਤਮੋ ਗੁਣ ਵਧ ਜਾਇਆ ਕਰਦਾ ਹੈ, ਉਹਨੂੰ ਜੇ ਬੁਲਾਓ ਖਿੱਝ ਕੇ ਬੋਲੇਗਾ, ਕੌੜਾ ਬੋਲੇਗਾ। ਕਿਉਂਕਿ ਸੇਵਾ ਦੇ ਨਾਲ ਮਿਠਾਸ ਨਹੀਂ ਆਈ, ਹੱਠ ਦੇ ਨਾਲ ਸੇਵਾ ਕਰ ਰਿਹਾ ਹੈ। ਮਹਾਰਾਜ ਕਹਿੰਦੇ –

***ਹਠੁ ਕਰਿ ਮਰੈ ਨ ਲੇਖੈ ਪਾਵੈ ॥*** ***ਅੰਗ – 226***

ਦੂਸਰਾ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦਾ ਲੰਗਰ, ਇਹਦੀ ਸੇਵਾ ਮੈਨੂੰ ਮਿਲ ਗਈ, ਮੇਰੇ ਤਾਂ ਭਾਗ ਜਾਗ ਪਏ। ਐਸਾ ਮੈਂ ਭਾਗਾਂ ਵਾਲਾ ਹੋ ਗਿਆ ਸੰਸਾਰ ਦੇ ਅੰਦਰ ਕਿ ਸੱਚੇ ਪਾਤਸ਼ਾਹ ਨੇ ਆਪਣੇ ਲੰਗਰ ਦੀ ਸੇਵਾ ਮੈਨੂੰ ਬਖਸ਼ ਦਿਤੀ ਇਹ ਲੰਗਰ ਕਿਸੇ ਦਾ ਨਾਉਂ ਅੱਜ ਤਕ ਸੁਣਿਆ ਹੈ ਕਿ ਕਿਸੇ ਦਾ, ਜਾਂ ਫਲਾਣੇ ਦਾ ਲੰਗਰ ਚੱਲ ਰਿਹਾ ਹੈ। ਕਸ਼ੇਤਰ ਤਾਂ ਚਲਦੇ ਸੀ ਸੇਠ ਲੋਕਾਂ ਦੇ। ਲੇਕਿਨ ਲੰਗਰ ਜਿੰਨੇ ਚੱਲ ਰਹੇ ਨੇ ਕਿਸੇ ਦਾ ਨਾਉਂ ਨਹੀਂ ਉਹਦੇ ਉਤੇ, ਨਾ ਕਿਸੇ ਸੰਤਾਂ ਦਾ ਨਾਉਂ ਹੈ, ਨਾ ਕਿਸੇ ਹੋਰ ਦਾ। ਜਦੋਂ ਨਾਉਂ ਹੋਏਗਾ ਗੁਰੂ ਕਾ ਲੰਗਰ ਹੋਏਗਾ, ਤੇ ਗੁਰੂ ਨਾਨਕ ਪਾਤਸ਼ਾਹ ਦਾ ਹੋਵੇ ਲੰਗਰ ਕਿਉਂਕਿ –

***ਦੇਗ ਤੇਗ ਜਗ ਮਹਿ ਦੋਊ ਚਲੈ।***

ਮਹਾਰਾਜ ਨੇ ਅਕਾਲ ਪੁਰਖ ਤੋਂ ਵੀ ਇਹੀ ਮੰਗਿਆ ਹੈ ਕਿ ਸੰਸਾਰ 'ਚ ਜਿੰਨਾਂ ਚਿਰ ਰਹਿਣਾ ਹੈ, ਜਿੰਨਾਂ ਚਿਰ ਤੇਰੇ ਪ੍ਰੇਮੀਆਂ ਨੇ ਰਹਿਣਾ ਹੈ

ਦੇਗ ਵੀ ਚੱਲੇ, ਤੇਗ ਵੀ ਚੱਲੇ। ਨਾਮ ਰੂਪੀ ਤੇਗ ਤੇ ਅੰਨ ਰੂਪੀ ਦੇਗ। ਨਾਮ ਰੂਪੀ ਤੇਗ ਚਲਾ ਕੇ ਪਾਪਾਂ ਦਾ ਨਾਸ਼ ਹੁੰਦਾ ਹੈ, ਕਾਮ ਕ੍ਰੋਧ, ਲੋਭ ਮੋਹ, ਅਹੰਕਾਰ, ਈਰਖਾ ਨਿੰਦਿਆ ਚੁਗਲੀ ਵਖੀਲੀ। ਵੱਡੇ-ਵੱਡੇ ਯੋਧਿਆਂ ਦਾ ਖਾਤਮਾ ਹੁੰਦਾ ਹੈ।

***ਖਾਲਸਾ ਸੋ ਜੋ ਕਰੈ ਨਿਤ ਜੰਗ।***

ਕਹਿੰਦੇ ਇਸ ਤਰ੍ਹਾਂ ਦੇ ਨਾਲ -

***ਮਨ ਮਹਿ ਜੁਧ ਬੀਚਾਰੈ।***

ਹਰ ਵਕਤ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਦੇ ਨਾਲ ਜਿਹੜਾ ਯੁੱਧ ਵੀਚਾਰਦਾ ਹੈ। ਉਹ ਨਾਮ ਦੀ ਤੇਗ ਤੋਂ ਬਗੈਰ ਨਹੀਂ ਹੋਇਆ ਕਰਦਾ। ਸੋ ਦੇਗ ਹੈ ਇਹ ਸੰਸਾਰ ਦੇ ਅੰਦਰ ਬਹੁਤ ਵੱਡੀ ਚੀਜ਼ ਹੈ। ਜਿਹੜੇ ਪੁੰਨ ਦਾਨ ਕਰਦੇ ਨੇ, ਇੱਕ ਬੋਰੀ ਦਿੰਦੇ ਨੇ ਸੈਂਕੜੇ ਬੋਰੀਆਂ ਦਰਗਾਹ ਦੇ ਵਿਚ ਉਥੇ ਵੀ ਤੇ ਇੱਥੇ ਵੀ ਬਰਕਤਾਂ ਪੈ ਜਾਂਦੀਆਂ ਨੇ। ਇਹ ਨਹੀਂ ਕਿ ਗੁਰੂ ਘਰ ਨੂੰ ਦੇ ਦਿਤਾ ਤੇ ਉਹਦੇ ਨਾਲ ਕਰੋੜਾਂ ਵਿਘਨ ਗੁਰੂ ਸਾਹਿਬ ਨਾਲ ਦੀ ਨਾਲ ਕੱਟ ਦਿੰਦੇ ਨੇ, ਸਾਨੂੰ ਪਤਾ ਨਹੀਂ ਹੈ ਗੁਰੂ ਮਹਾਰਾਜ ਜਾਣਦੇ ਨੇ। ਲੰਗਰ ਦੀ ਸੇਵਾ ਮਿਲ ਜਾਣੀ, ਦੋਵੇਂ ਤਰੀਕੇ ਹੁੰਦੇ ਨੇ, ਇੱਕ ਤਾਂ ਉਹ ਹੁੰਦਾ ਹੈ ਕਿ ਗੁਰੂ ਨਾਨਕ ਰੂਪ ਸਮਝਣਾ, ਸਾਰੇ ਮਹਾਂਪੁਰਸ਼ਾਂ ਦਾ ਇਹੀ ਮੱਤ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਹੀ ਮਹਾਰਾਜ, ਰਾੜਾ ਸਾਹਿਬ) ਆਹੀ ਬਚਨ ਸੰਗਤ 'ਚ ਕਰਿਆ ਕਰਦੇ ਸੀ ਕਿ ਪਿਆਰਿਓ! ਗੁਰੂ ਨਾਨਕ ਰੂਪ ਸਮਝ ਕੇ ਸੇਵਾ ਕਰਿਆ ਕਰੋ ਸੰਗਤਾਂ ਦੀ। ਇਨ੍ਹਾਂ ਦੇ ਵਿਚ ਹੀ ਪ੍ਰਮੇਸ਼ਰ ਹੈ, ਇਹ ਜਦੋਂ ਅੰਨ੍ਹ ਛਕ ਕੇ ਚਿੱਤ ਪ੍ਰਸੰਨ ਹੋਣਾ ਹੈ, ਪ੍ਰਮੇਸ਼ਰ ਪ੍ਰਸੰਨ ਹੋ ਜਾਂਦਾ ਹੈ।

***ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧੁਨ ਕੇ ਸੁਖੀ॥***

***ਕਬਯੋ ਬਾਚ ਬੇਨਤੀ ਚੌਪਈ, ਪਾਤਸ਼ਾਹੀ 10***

ਤੇ ਹਰ ਵਕਤ ਇਹ ਤਾਗੀਦ ਕਰਦੇ ਸੀ।

ਇਕ ਵਾਰੀ ਬਾਬਾ ਜਵਾਲਾ ਸਿੰਘ ਜੀ ਦੇ ਸਿੰਘ ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਕਹਿੰਦੇ ਓਂ ਕਿ ਗੁਰੂ ਨਾਨਕ ਲੰਗਰ ਵਿਚ ਆਉਂਦੇ ਨੇ, ਕਦੇ ਦਰਸ਼ਨ ਤਾਂ ਕਰਾ ਦਿਓ। ਕਹਿੰਦੇ ਦਰਸ਼ਨ ਤਾਂ ਹੋ ਜਾਣਗੇ, ਪਰ ਤੁਹਾਡੇ ਤੋਂ ਸਾਂਭੇ ਨਹੀਂ ਜਾਣੇ। ਕਹਿਣ ਲੱਗੇ, ਨਹੀਂ ਮਹਾਰਾਜ! ਕਹਿੰਦੇ ਚੰਗਾ। ਅੱਜ ਮੈਨੂੰ ਦੱਸਿਓ ਸਾਰਾ ਕਿ ਕੌਣ-ਕੌਣ ਆਇਆ। ਲੰਗਰ ਨੌਂ-ਦਸ ਵਜੇ ਰਾਤ ਤਕ ਚਲਦਾ ਰਿਹਾ ਉਸ ਤੋਂ ਬਾਅਦ ਲਾਂਗਰੀ ਸਿੰਘ ਪੈ ਗਏ ਤੇ ਇੱਕ ਪ੍ਰੇਮੀ ਆਇਆ ਤੇ ਆ ਕੇ ਕਹਿਣ ਲੱਗਿਆ ਕਿ ਭਾਈ! ਮੈਨੂੰ ਪ੍ਰਸ਼ਾਦਾ ਦਿਓ, ਬਹੁਤ ਭੁੱਖ ਲੱਗੀ ਹੋਈ ਹੈ। ਕਈ ਹਾਕਾਂ ਮਾਰੀਆਂ ਤੇ ਕੋਈ ਜਾਗਿਆ ਨਾ। ਅਖੀਰ ਇਕ ਜਾਗਿਆ, ਦੂਸਰੇ ਨੂੰ ਜਗਾਇਆ, ਪ੍ਰਸ਼ਾਦਾ ਪਕਾਇਆ, ਪਕਾ ਕੇ ਛਕਾ ਦਿੱਤਾ ਤੇ ਜਦੋਂ ਹੱਥ ਸੁੱਚੇ ਕਰਾਏ, ਚੂਲਾ ਪੜ੍ਹਿਆ ਉਨ੍ਹਾਂ ਨੇ ਤੇ ਜਿਹੜੇ ਨੇੜੇ-ਨੇੜੇ ਬੈਠੇ ਸੀ, ਉਨ੍ਹਾਂ 'ਤੇ ਇਨ੍ਹਾਂ

ਨੇ ਕੁਰਲੀ ਡੋਲ੍ਹ ਦਿੱਤੀ। ਬੜਾ ਬੁਰਾ ਮਨਾਇਆ ਉਨ੍ਹਾਂ ਨੇ, ਕਹਿੰਦੇ ਆਹ ਕੀ ਕਰਿਆ, ਸਾਨੂੰ ਇਸ਼ਨਾਨ ਕਰਨ ਵਾਲਾ ਕਰ ਦਿੱਤਾ ਤੁਸੀਂ। ਉਹ ਹੱਸ ਕੇ ਚਲੇ ਗਏ, ਕੋਈ ਗੱਲ ਦਾ ਜਵਾਬ ਨਹੀਂ ਦਿੱਤਾ। ਦੂਸਰੇ ਦਿਨ ਮਹਾਂਪੁਰਸ਼ਾਂ ਨੂੰ ਕਹਿਣ ਲੱਗੇ ਕਿ ਮਹਾਰਾਜ! ਹੋਰ ਤਾਂ ਸਭ ਠੀਕ ਸੀ, ਇੱਕ ਰਾਤ ਨੂੰ ਆਇਆ, ਉਹਨੇ ਆਹ ਗੱਲ ਕਰੀ, ਮਹਾਰਾਜ ਕਹਿੰਦੇ, ਤੁਹਾਡੇ ਤੋਂ ਫੇਰ ਪਛਾਣਿਆ ਗਿਆ, ਗੁਰੂ ਨਾਨਕ ਆਇਆ ਸੀ ਟੈਸਟ ਲੈਣ ਤੁਹਾਡਾ ਕਿ ਸਹੀ ਨੇ, ਕਿਵੇਂ ਕਰਦੇ ਨੇ, ਕੋਈ ਬੁਰਾ ਬਚਨ ਤਾਂ ਨਹੀਂ ਬੋਲ, ਕਹਿੰਦੇ ਨਹੀਂ ਮਹਾਰਾਜ! ਬੁਰਾ ਤਾਂ ਨਹੀਂ ਬੋਲੇ, ਪਰ ਐਨਾ ਜ਼ਰੂਰ ਕਿਹਾ ਹੈ ਕਿ ਆਹ ਤੂੰ ਕੀ ਕਰਿਆ ਹੈ। ਮਹਾਰਾਜ ਜੀ ਦੇ ਸਿਆਲ ਦਾ ਮਹੀਨਾ ਸੀ, ਧੁੰਦ ਪੈ ਰਹੀ ਸੀ ਬਹੁਤ, ਰਾਤ ਦੇ ਬਾਰ੍ਹਾਂ ਵਜੇ ਇੱਕ ਆ ਗਿਆ ਸਿੰਘ, ਮਹਾਰਾਜ ਜੀ ਦੇ ਕੋਲ ਚਲਿਆ ਗਿਆ, ਓਦੋਂ ਪਹਿਰੇ ਘੱਟ ਹੁੰਦੇ ਸੀ। ਨੇੜੇ ਹੀ ਰਹਿੰਦੇ ਸੀ, ਮਹਾਰਾਜ ਜੀ ਉੱਠੇ, ਉਠ ਕੇ ਕਹਿਣ ਲੱਗੇ, ਕੁਵੇਲੇ ਆਇਆਂ ਹੈਂ ਬਹੁਤ, ਪ੍ਰਸ਼ਾਦਾ ਲੰਗਰ ਛਕ ਚੱਲ ਕੇ। ਲੰਗਰ 'ਚ ਆਇਆ ਤਾਂ ਉਥੇ ਬੱਤੀਆਂ ਘੱਟ ਕੀਤੀਆਂ ਹੋਈਆਂ ਸੀ, ਚਲਿਆ ਗਿਆ ਵਾਪਸ ਕਹਿੰਦਾ, ਮਹਾਰਾਜ! ਉਥੇ ਤਾਂ ਸੌਂ ਗਏ। ਕਹਿੰਦੇ, ਸੌਂਦੇ ਨਹੀਂ, ਲੰਗਰ ਬੰਦ ਕਰਨ ਦਾ ਹੁਕਮ ਨਹੀਂ ਹੈ। ਦਰਵਾਜ਼ੇ ਖੁਲ੍ਹੇ ਨੇ, ਅੰਦਰ ਧੱਕਾ ਦੇ ਲੈ ਅੰਦਰ ਲਾਂਗਰੀ ਸਿੰਘ ਹੋਣਗੇ ਤੇ ਓਸ ਵੇਲੇ ਅੰਦਰ ਗਿਆ ਤਾਂ ਲਾਂਗਰੀ ਸਿੰਘ ਜਿਹੜਾ ਡਿਊਟੀ 'ਤੇ ਸੀ, ਉਹ ਊਂਘ ਰਿਹਾ ਸੀ, ਕਹਿਣ ਲੱਗਿਆ ਕਿ ਮੈਂ ਪ੍ਰਸ਼ਾਦਾ ਛਕਣਾ ਹੈ, ਕੋਈ ਜਵਾਬ ਹੀ ਨਾ ਦਿੱਤਾ। ਫੇਰ ਮਹਾਰਾਜ ਜੀ ਕੋਲ ਮੁੜ ਕੇ ਚਲਿਆ ਗਿਆ। ਕਹਿੰਦਾ, ਮਹਾਰਾਜ! ਉਹ ਤਾਂ ਕੋਈ ਜਵਾਬ ਨਹੀਂ ਦਿੰਦੇ। ਕਹਿੰਦੇ, ਚਲੋ ਅਸੀਂ ਚਲਦੇ ਹਾਂ। ਮਹਾਰਾਜ ਜੀ ਨੇ ਆਪਣਾ ਸਰਦੀ ਦਾ ਮਹੀਨਾ ਸੀ, ਉਪਰ ਕਪੜਾ ਵੇੜਿਆ ਤੇ ਦਸਤਾਰੇ ਦੇ ਉੱਤੇ ਦੀ ਝੂੰਬੀਆਂ ਹੁੰਦੀਆਂ ਸੀ, ਝੂੰਬੀ ਲੈ ਲਈ ਤੇ ਇੱਕ ਪਟਕੇ ਦੇ ਨਾਲ ਗੰਢ ਦੇ ਲਈ। ਆ ਕੇ ਸਿੱਧੇ ਹੀ ਲੰਗਰ ਵਿਚ ਆ ਗਏ ਤੇ ਪਰਾਤ ਚੁੱਕੀ ਤੇ ਆਟਾ ਗੁੰਨਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਮਹਾਰਾਜ ਜੀ ਨੇ ਆਟਾ ਗੁੰਨ ਲਿਆ ਤੇ ਜਾ ਕੇ ਪ੍ਰਸ਼ਾਦਾ ਪਾਉਣ ਵਾਸਤੇ ਅੱਗ ਜਾਲੀ, ਓਸ ਵੇਲੇ ਸਿੰਘਾਂ ਨੂੰ ਜਾਗ ਗਈ। ਜਾਗ ਆਈ ਤਾਂ ਦੇਖਣ ਕਿ ਐਸ ਵੇਲੇ ਲੰਗਰ 'ਚ ਕੌਣ ਆ ਗਿਆ। ਸਾਡੇ ਹੁਕਮ ਤੋਂ ਬਗੈਰ ਪ੍ਰਸ਼ਾਦਾ ਕੌਣ ਲਾਹੁੰਣ ਲੱਗਿਆ ਹੈ। ਜਦੋਂ ਨੇੜੇ ਗਏ ਤਾਂ ਕੀ ਦੇਖਦੇ ਨੇ ਕਿ ਮਹਾਰਾਜ ਜੀ ਨੇ ਨੀਵੀਂ ਪਾਈ ਹੋਈ ਹੈ ਬਹੁਤ, ਤੇ ਆਪਣਾ ਪੇੜਾ ਵਗੈਰਾ ਕਰਕੇ ਪ੍ਰਸ਼ਾਦਾ ਲਾਹੁੰਣ ਦੀ ਤਿਆਰੀ ਕਰ ਰਹੇ ਨੇ। ਸ੍ਰੀ ਮਾਨ ਵੀ ਬੇਨਤੀਆਂ ਕਰਦਾ ਹੈ, ਮੱਥੇ ਟੇਕਦਾ ਹੈ ਮਹਾਰਾਜ! ਭੁੱਲ ਹੋ ਗਈ, ਕ੍ਰਿਪਾ ਕਰੋ, ਗਲਤੀ ਗਈ ਸਾਡੇ ਤੋਂ। ਬਹੁਤ ਬੇਨਤੀਆਂ ਕਰਨ ਤੋਂ ਬਾਅਦ ਆਟਾ ਮਹਾਰਾਜ ਜੀ ਦੇ ਹੱਥ 'ਚੋਂ ਲੈ ਲਿਆ। ਮਹਾਰਾਜ ਕਹਿਣ ਲੱਗੇ, ਕਿਉਂ ਭਾਈ ਇਹ ਲੰਗਰ ਈਸ਼ਰ ਸਿੰਘ ਦਾ ਹੈ ਕਿ ਗੁਰੂ ਨਾਨਕ ਦਾ ਹੈ? ਚੁੱਪ ਕਰ ਗਏ ਉਹ। ਕਹਿੰਦੇ ਗੁਰੂ ਨਾਨਕ ਦੇ ਲੰਗਰ 'ਚੋਂ ਕੋਈ ਬੰਦਾ ਭੁੱਖਾ ਚਲਿਆ ਜਾਵੇ, ਤਾਂ ਇਹ ਟਰੱਸਟੀ ਦਾ, ਮੇਰੇ ਜ਼ਿੰਮੇ ਕਰਿਆ ਹੋਇਆ ਹੈ, ਮੇਰੀ ਡਿਊਟੀ ਲਾਈ ਹੋਈ ਹੈ ਉਨ੍ਹਾਂ ਨੇ ਕਿ ਲੰਗਰ ਚਲਾਉਣਾ ਹੈ ਤੂੰ। ਫੇਰ ਜਵਾਬ ਤਾਂ ਮੈਨੂੰ ਹੀ ਦੇਣਾ

ਪੈਣਾ ਹੈ, ਤੁਸੀਂ ਤਾਂ ਪਾਸੇ ਹਟ ਜਾਣਾ ਹੈ। ਕਹਿੰਦੇ, ਮਹਾਰਾਜ! ਅੱਜ ਕ੍ਰਿਪਾ ਕਰੋ, ਅਗਾਂਹਾਂ ਨੂੰ ਜੋ ਹੁਕਮ ਹੋਏਗਾ ਕਰਾਂਗੇ। ਮਹਾਰਾਜ ਕਹਿਣ ਲੱਗੇ, ਪਿਆਰਿਓ! ਚੌਵੀ ਘੰਟੇ ਜਦੋਂ ਕੋਈ ਆਉਂਦਾ ਹੈ ਖੁਦੀਆਵੰਤ, ਉਸ ਵੇਲੇ ਹੀ ਉਹਨੂੰ ਛਕਣ ਨੂੰ ਕੁਛ ਦਿਓ ਤੁਸੀਂ। ਲੰਗਰ ਨਹੀਂ ਬੰਦ ਕਰਨਾ ਕਦੇ ਵੀ, ਨਹੀਂ ਹੈਗਾ ਤਾਂ ਤਾਜ਼ੀ ਲਾਹ ਕੇ ਦਿਓ। ਇਹ ਸੇਵਾ ਹੋਇਆ ਕਰਦੀ ਹੈ।

ਭਾਗ ਸਿੰਘ ਲਾਂਗਰੀ ਸੇਵਾ ਕਰਦਾ ਹੈ। ਸੇਵਾ ਉਹ ਹੁੰਦੀ ਜਿਹਦੇ ਉਤੇ ਮਹਾਂਪੁਰਸ਼ਾਂ ਦਾ ਚਿੱਤ ਪ੍ਰਸੰਨ ਹੋਵੇ, ਕਿਉਂਕਿ ਉਨ੍ਹਾਂ ਦੀ ਡਿਊਟੀ ਹੋਇਆ ਕਰਦੀ ਹੈ, ਡਿਊਟੀ ਹੋਣ ਦੇ ਨਾਲ ਉਹ ਦੇਖਦੇ ਰਹਿੰਦੇ ਨੇ ਕਿ ਠੀਕ ਚੱਲ ਰਿਹਾ ਹੈ ਕੰਮ। ਕਿਉਂਕਿ ਜਵਾਬ ਤਲਬੀ ਤਾਂ ਉਨ੍ਹਾਂ 'ਤੇ ਹੋਇਆ ਕਰਦੀ ਹੈ। ਗਲਤੀ ਕਰਨ ਵਾਲੇ ਤੋਂ ਥੋੜ੍ਹਾ ਨਾ ਹੁੰਦੀ ਹੈ, ਸੰਤਾਂ ਤੇ ਬਹੁਤੀ ਜਵਾਬ ਤਲਬੀ ਹੁੰਦੀ ਹੈ ਕਿ ਤੁਸੀਂ ਕੀ ਕਰਦੇ ਸੀ? ਦੂਸਰਾ ਦਿਨ ਹੋਇਆ ਤਾਂ ਦੱਸਿਆ ਬਾਬਾ ਜੀ ਨੂੰ ਕਿ ਬਾਬਾ ਜੀ! ਇਹਦੀ ਮਾਤਾ ਜੀ! ਚੜ੍ਹਾਈ ਕਰ ਗਈ। ਅੰਤਰ ਧਿਆਨ ਹੋਏ, ਕਹਿੰਦੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਨਾ ਕਰਿਓ, ਸਰੀਰ ਰੋਕ ਲੈਣਾ, ਉਹਨੇ ਆ ਜਾਣਾ ਹੈ। ਕਾਫੀ ਸਮੇਂ ਤੋਂ ਬਾਅਦ ਉਹ ਮਾਤਾ ਜਿਉਂਦੀ ਹੋ ਗਈ। ਇਕੱਠੇ ਹੋ ਕੇ ਮਹਾਂਪੁਰਸ਼ਾਂ ਵਲ ਆਏ ਸਾਰੇ। ਸਾਰੀ ਵਾਰਤਾ ਦੱਸੀ ਕਿ ਮਹਾਰਾਜ! ਚੜ੍ਹਾਈ ਕਰ ਗਈ ਸੀ, ਕਿੰਨੇ ਘੰਟੇ ਮਰੀ ਪਈ ਰਹੀ ਹੈ ਤੇ ਫੇਰ ਜਿਉਂਦੀ ਹੋ ਗਈ। ਮਹਾਂਪੁਰਸ਼ ਕਹਿਣ ਲੱਗੇ, ਕਿਉਂ ਬੀਬੀ! ਐਉਂ ਦਸ ਜਦੋਂ ਤੂੰ ਇਥੋਂ ਗਈ ਹੈਂ ਤਾਂ ਕੀ ਹਾਲ ਤੇਰੇ ਨਾਲ ਹੋਇਆ। ਕਿਸ ਤਰ੍ਹਾਂ ਦੇ ਨਾਲ ਭਾਣਾ ਵਰਤਿਆ, ਕਹਿਣ ਲੱਗੀ ਬਾਬਾ ਜੀ! ਇਥੋਂ ਹੀ ਮੈਨੂੰ ਇੱਜ਼ਤ ਦੇ ਨਾਲ, ਸਤਿਕਾਰ ਦੇ ਨਾਲ ਲੈ ਗਏ। ਜਦੋਂ ਮੈਂ ਧਰਮਰਾਜ ਦੇ ਕੋਲ ਗਈ, ਧਰਮਰਾਜ ਨੇ ਕਿਹਾ ਚਿਤਰਗੁਪਤਾ ਨੂੰ ਕਿ ਇਹਦਾ ਹਿਸਾਬ ਕਿਤਾਬ ਜੋ ਹੈ, ਪਾਪ ਪੁੰਨ, ਉਹ ਮੇਰੇ ਸਾਮ੍ਹਣੇ ਪੇਸ਼ ਕਰੋ। ਉਥੇ ਨਾਉਂ ਦੇਖਦੇ ਨੇ, ਨਾਉਂ ਲੱਭਿਆ ਨਾ ਮਹਾਰਾਜ ਮੇਰਾ। ਬੜਾ ਹੈਰਾਨ ਹੋ ਗਿਆ ਧਰਮਰਾਜ, ਕਹਿਣ ਲੱਗਿਆ, ਬੜੀ ਭਾਰੀ ਭੁੱਲ ਹੋਈ ਭਾਈ ਆਪਾਂ ਤੋਂ ਇਹ ਤਾਂ ਗੁਰੂ ਨਾਨਕ ਦੀ ਦਰਗਾਹ ਨੂੰ ਜਾਣ ਵਾਲੀ ਬੀਬੀ ਸੀ, ਮੇਰੇ ਕੋਲ ਕਿਉਂ ਲੈ ਕੇ ਆਏ ਓਂ। ਐਡੀ ਵੱਡੀ ਭੁੱਲ ਤੁਹਾਡੀ? ਕਿਉਂਕਿ –

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***

***ਅੰਗ – 38***

ਜਿਹੜੇ ਦੁਸ਼ਟ ਬੰਦੇ ਨੇ, ਪਾਪੀ ਬੰਦੇ ਨੇ, ਸਿਰਫ ਓਹੀ ਧਰਮਰਾਜ ਦੀ ਦਰਗਾਹ 'ਚ ਜਾਂਦੇ ਨੇ, ਜਿਹੜੇ ਗੁਰੂ ਵਾਲੇ ਗੁਰੂ ਨਾਨਕ ਨਾਲ ਪਿਆਰ ਕਰਦੇ ਨੇ। ਗੁਰੂ ਘਰ ਦੀ ਸੇਵਾ ਕਰਦੇ ਨੇ, ਉਹ ਨਹੀਂ ਜਾਇਆ ਕਰਦੇ, ਜੇ ਕਿਤੇ ਚਲੇ ਜਾਣ, ਤਾਂ ਧਰਮਰਾਜਾ ਵੀ ਉਨ੍ਹਾਂ ਦੀ ਸੇਵਾ ਕਰਦਾ ਹੈ।

***ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥***

***ਅੰਗ – 252***

ਉਥੇ ਅਰੇ-ਅਰੇ ਨਹੀਂ ਕਰਦੇ ਕੋਈ ਵੀ ਫੇਰ, ਜਿਹੜੇ ਨਾਮ ਜਪਣ ਵਾਲੇ, ਸੇਵਾ ਕਰਨ ਵਾਲੇ ਨੇ, ਉਨ੍ਹਾਂ ਨੂੰ ਦਰਗਾਹ ਦੇ ਵਿਚ ਆਦਰ ਮਿਲਦਾ। ਕਹਿਣ ਲੱਗੀ ਮਹਾਂਪੁਰਸ਼ੋ! ਉਨ੍ਹਾਂ ਨੇ ਮੈਨੂੰ ਬੜੇ ਪਿਆਰ ਦੇ ਨਾਲ ਉਸ ਥਾਂ ਦੇ ਉਤੇ ਵਰਤਾਵ ਕਰਿਆ। ਮੈਨੂੰ ਕਹਿਣ ਲੱਗੇ, ਬੀਬੀ! ਸਾਡੇ ਤੋਂ ਭੁੱਲ ਹੋ ਗਈ ਤੇ ਤੇਰੇ ਸਰੀਰ 'ਚ ਅਸੀਂ ਤੈਨੂੰ ਵਾਪਸ ਕਰਦੇ ਹਾਂ। ਹੋਰ ਬੀਬੀ ਲਿਆਉਣੀ ਸੀ, ਲੈ ਆਏ ਤੈਨੂੰ। ਮਹਾਰਾਜ! ਕਹਿਣ ਲੱਗੇ, ਕਿਉਂ ਭਾਈ ਸਾਧਸੰਗਤ ਜੀ! ਸੁਣ ਲਈ ਤੁਸੀਂ ਵਿਥਿਆ ਤੇ ਤੁਹਾਡੇ ਯਾਦ ਹੈ 'ਸੁਖਮਨੀ ਸਾਹਿਬ' ਦੇ ਵਿਚ ਜੋ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਫੁਰਮਾਨ ਕੀਤਾ ਹੈ। ਸਾਰੇ ਚੁੱਪ ਕਰ ਗਏ, ਕਹਿੰਦੇ ਬਾਬਾ ਜੀ! ਯਾਦ ਨਹੀਂ ਆ ਰਿਹਾ, ਆਪ ਹੀ ਕ੍ਰਿਪਾ ਕਰਕੇ ਦੱਸੋ, ਆਪ ਕਿਸ ਪਾਸੇ ਇਸ਼ਾਰਾ ਕਰ ਰਹੇ ਓਂ। ਫੁਰਮਾਨ ਕੀਤਾ ਇਸ ਤਰ੍ਹਾਂ -

***ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ, ਸੰਤਾਂ ਦੇ ਸੰਗੀਆਂ ਦੀ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - 271***

ਕਿਉਂ ਸਾਧਸੰਗਤ ਜੀ! ਫੇਰ ਆਇਆ ਯਕੀਨ ਏਸ ਫੁਰਮਾਨ 'ਤੇ ਗੁਰੂ ਨਾਨਕ ਪਾਤਸ਼ਾਹ ਦੇ? ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੇ ਜੋ ਸੁਖਮਨੀ ਸਾਹਿਬ 'ਚ ਫੁਰਮਾਨ ਕੀਤਾ ਹੈ ਕਿ 'ਸਾਧਸੰਗਿ ਧਰਮ ਰਾਇ ਕਰੇ ਸੇਵਾ॥' ਇਹ ਬੀਬੀ ਇੱਥੇ ਲੰਗਰ ਦੇ ਵਿਚ ਸੇਵਾ ਕਰਿਆ ਕਰਦੀ ਸੀ, ਬਰਤਨ ਮਾਂਜਦੀ ਸੀ, ਝਾੜੂ ਦਿੰਦੀ ਸੀ, ਹੋਰ ਅਨੇਕਾਂ ਕਿਸਮ ਦੀ ਸੇਵਾ ਕਰਦੀ ਸੀ ਤੇ ਜਦੋਂ ਗਲਤੀ ਦੇ ਨਾਲ ਉਥੇ ਚਲੀ ਗਈ ਤਾਂ ਧਰਮਰਾਜ ਨੇ ਬੜੀ ਸੇਵਾ ਕੀਤੀ। ਕਹਿਣ ਲੱਗੇ, ਬੀਬੀ! ਫੇਰ ਕੀ ਹੋਇਆ? ਕਹਿਣ ਲੱਗੀ, ਮੈਂ ਕਿਹਾ ਕਿ ਮਹਾਰਾਜ! ਮੈਂ ਜਿੱਥੇ ਆਉਣਾ ਹੈ ਫੇਰ? ਤੇ ਤੁਸੀਂ ਕਹਿੰਦੇ ਓਂ ਕਿ ਤੇਰੀ ਅਜੇ ਉਮਰ ਰਹਿੰਦੀ ਹੈ ਛੇ-ਸੱਤ ਸਾਲ ਦੀ ਤੇ ਉਸ ਤੋਂ ਬਾਅਦ ਮੈਂ ਕਿੱਥੇ ਆਉਣਾ ਹੈ, ਮੈਨੂੰ ਉਹ ਜਗ੍ਹਾ ਤਾਂ ਦਿਖਾ ਦਿਓ। ਕਹਿੰਦੇ, ਬੀਬੀ! ਉਹ ਜਗ੍ਹਾ ਹੈ ਗੁਰੂ ਦੀ ਦਰਗਾਹ। ਉਹਦੇ ਵਿਚ ਜੋ ਗੁਰੂ ਦੇ ਨਾਲ ਪਿਆਰ ਕਰਦੇ ਨੇ -

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***

***ਅੰਗ - 517***

***ਧਾਰਨਾ - ਦਰਗਹ ਮਿਲਦੈ ਥਾਉਂ,***
***ਗੁਰਾਂ ਨਾ ਰੱਤਿਆਂ-ਗੁਰਾਂ ਨਾਲ ਰੱਤਿਆਂ।***

ਬਾਬਾ ਜੀ ਕਹਿਣ ਲੱਗੇ ਕਿ ਦੇਖੋ ਗੁਰਮੁਖੋ! ਜਿਹੜੇ ਬੰਦੇ ਗੁਰੂ ਦੇ ਨਾਲ ਪਿਆਰ ਕਰਦੇ ਨੇ, ਉਹ ਧਰਮਰਾਜ ਦੇ ਨਹੀਂ ਜਾਇਆ ਕਰਦੇ। ਕਹਿੰਦੇ, ਮਹਾਰਾਜ! ਕੋਈ ਵੀ ਨਹੀਂ ਜਾਂਦਾ? ਕਹਿੰਦੇ, ਜਿਹੜਾ ਗਲਤ ਸੋਚਦਾ ਹੈ ਸਿੱਖ, ਉਹਨੂੰ ਤਾਂ ਜਾਣਾ ਪੈਂਦਾ ਹੈ? ਕੀ ਗਲਤ ਸੋਚਦਾ ਹੈ? ਕਹਿੰਦੇ, ਦਾਨ ਦਿੰਦਾ ਹੈ, ਦਾਨ ਦਾ ਬਦਲਾ ਚਾਹੁੰਦਾ ਹੈ ਦਰਗਾਹ ਵਿਚ।

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥*

*ਅੰਗ - 1414*

ਮਹਾਰਾਜ ਨੇ ਕਹਿ ਦਿਤਾ ਕਿ ਉਹ ਤਾਂ ਸਾਰੇ ਜਾਣਗੇ, ਨਰਕਾਂ ਵਿਚ ਨਹੀਂ ਉਨ੍ਹਾਂ ਨੇ ਜਾਣਾ, ਉਹ ਸਵਰਗ ਭੋਗਣ ਵਾਸਤੇ ਜਾਂਦੇ ਨੇ ਪਰ ਉਨ੍ਹਾਂ ਸਵਰਗਾਂ ਦੇ ਵਿਚ ਇੱਕ ਨੁਕਸ ਹੈ, ਜਿਹਦਾ ਸਾਨੂੰ ਪਤਾ ਨਹੀਂ ਹੈ, ਉਹ ਇਹ ਹੈ ਕਿ ਜੇ ਉਨ੍ਹਾਂ ਦੇ ਨਮਿੱਤ ਉਨ੍ਹਾਂ ਦੇ ਵਾਰਸ ਸਾਲ ਤੋਂ ਬਾਅਦ ਪੂਜਾ ਪਾਠ ਕਰਾਉਂਦੇ ਰਹਿਣ, ਦਾਨ ਦਿੰਦੇ ਰਹਿਣ ਫੇਰ ਉਹ ਦਾਨ ਹਜ਼ਾਰਾਂ ਗੁਣਾਂ ਹੋ ਕੇ ਉਥੇ ਪਹੁੰਚ ਜਾਂਦਾ ਹੈ, ਪਿੱਤਰ ਲੋਕ ਤਕ। ਤੇ ਉਹ ਭੋਗ ਦੀ ਇਛਿਆ ਨਾਲ ਜਾਂਦੇ ਨੇ, ਉਹ ਭੋਗ ਦੀ ਇੱਛਿਆ ਨਾਲ ਸਵਰਗਾਂ 'ਚ ਜਾਣਗੇ। ਪਰ ਫੇਰ ਵੀ ਇੱਥੋਂ ਉਨ੍ਹਾਂ ਦੇ ਵਾਰਸਾਂ ਨੂੰ ਭੇਜਣਾ ਪੈਂਦਾ ਹੈ, ਜੇ ਨਹੀਂ ਭੇਜਦੇ ਫੇਰ ਉਨ੍ਹਾਂ 'ਤੇ ਕਰਜ਼ਾ ਚੜ੍ਹ ਜਾਂਦਾ ਹੈ, ਵਿਘਨ ਆ ਜਾਂਦਾ ਹੈ। ਕਿਉਂਕਿ ਪਿੱਤਰ ਰਿਣ ਹੋਇਆ ਕਰਦਾ ਹੈ। ਬਾਕੀ ਸੰਸਾਰ ਸਾਰੇ ਨੂੰ ਵਿਧਾਨ ਹੈ, ਗੁਰਸਿਖੀ ਵਿਚ ਹੋਰ ਤਰ੍ਹਾਂ ਨਾਲ ਉਹ ਇਹ ਹੈ ਕਿ ਅਸੀਂ ਜਾਂਦੇ ਹਾਂ ਗੁਰੂ ਨਾਨਕ ਦੀ ਦਰਗਾਹ 'ਚ। ਉਥੇ ਭੰਡਾਰੇ ਸਾਰੇ ਭਰਪੂਰ ਨੇ, ਕਿਸੇ ਚੀਜ਼ ਦੀ ਲੋੜ ਨਹੀਂ ਕਿ ਹੁਣ ਪਿੱਛੋਂ ਆਵੇ। ਉਥੇ ਆਪ ਹੀ ਸਭ ਕੁਛ ਭਜਨ ਬੰਦਗੀ ਵਧਦੀ ਹੈ। ਆਪ ਹੀ ਆਦਮੀ ਨਾਮ ਜਪਦਾ ਹੈ, ਬੰਦਗੀ ਕਰਦਾ ਹੈ, ਦਰਸ਼ਨ ਕਰਦਾ ਹੈ ਸੰਗਤਾਂ ਦੇ, ਬ੍ਰਹਮਗਿਆਨੀਆਂ ਦੇ ਉਹਦੇ ਨਾਲ ਉਹਦਾ ਫਲ ਵਧੀ ਜਾਂਦਾ ਹੈ। ਇਹ ਫਰਕ ਹੈ, ਉਹ ਨਹੀਂ ਜਾਂਦੇ, ਜਿਹੜੇ ਨਿਸ਼ਕਾਮ ਜਾਂਦੇ ਨੇ ਸੇਵਾ ਕਰਕੇ, ਦਾਨ ਕਰਕੇ ਅਰਦਾਸ ਕਰਦੇ ਨੇ ਕਿ ਹੇ ਸੱਚੇ ਪਾਤਸ਼ਾਹ! ਜੋ ਅੱਜ ਸਵੇਰ ਤੋਂ ਲੈ ਕੇ ਹੁਣ ਤਕ ਪਾਠ ਕੀਤੇ ਨੇ, ਇਨ੍ਹਾਂ ਨੂੰ ਸੋਧ ਕੇ ਆਪਣੇ ਖਜ਼ਾਨੇ ਵਿਚ ਦਾਖਲ ਕਰ ਤੇ ਦਰੋਂ ਘਰੋਂ ਜੋ ਮੈਨੂੰ ਦੇਣਾ ਹੈ ਉਹ ਸਿੱਖੀ ਸਿਦਕ ਦੇ, ਪਿਆਰ ਦੇ ਆਪਣਾ। ਮੰਗਦੇ ਨਹੀਂ ਹੈਗੇ, ਅਣਮੰਗਿਆ ਜੋ ਦਾਨ ਹੈ, ਉਹ ਬੇਅੰਤ ਵਧ ਜਾਂਦਾ ਹੈ, ਉਹਦਾ ਫਲ ਦਰਗਾਹ 'ਚ ਜਾ ਕੇ ਮਿਲਿਆ ਕਰਦਾ ਹੈ। ਕਹਿਣ ਲੱਗੀ ਕਿ ਬਾਬਾ ਜੀ! ਫੇਰ ਮੈਨੂੰ ਉਨ੍ਹਾਂ ਨੇ ਗੁਰੂ ਨਾਨਕ ਦੀ ਦਰਗਾਹ ਦਿਖਾ ਦਿਤੀ। ਉਥੇ ਗਈ ਤਾਂ ਉਹ ਕਹਿਣ ਲੱਗੀ ਕਿ ਬੀਬੀ ਤੇਰੇ ਤਾਂ ਅਜੇ ਸੱਤ ਸਾਲ ਬਾਕੀ ਨੇ, ਸਾਰੀ ਗੱਲ ਦੱਸੀ ਕਿ ਮੈਂ ਇਸ ਤਰ੍ਹਾਂ ਆਈ ਹਾਂ। ਕਹਿੰਦੇ ਨਹੀਂ ਤੁਸੀਂ ਸੱਤ ਸਾਲ ਕੱਟ ਕੇ ਇੱਥੇ ਹੀ ਆ ਜਾਣਾ।

ਇਹ ਜੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ - 26*

ਕਿੱਡੀ ਵੱਡੀ ਚੀਜ਼ ਹੈ ਸੇਵਾ ਤੇ ਦਰਗਾਹ ਵਿਚ ਥਾਂ ਮਿਲ ਜਾਂਦੀ ਹੈ -

ਦਰਗਾਹ ਵਿਚ ਥਾਂ ਮਿਲ ਜਾਂਦੀ ਹੈ, ਫੇਰ ਉਹ ਸੁੰਗੜ ਕੇ ਨਹੀਂ ਤੁਰਿਆ ਕਰਦਾ। ਛਾਤੀ ਕੱਢ ਕੇ ਤੁਰਦਾ ਹੈ, ਬੇ-ਡਰ ਹੋ ਕੇ, ਬੇਖੌਫ ਹੋ

ਕੇ ਤੁਰਦਾ ਹੈ। ਕਿਉਂਕਿ ਥਾਂ ਮਿਲ ਜਾਂਦਾ ਹੈ, ਕਿਉਂਕਿ ਗੁਰੂ ਮਹਾਰਾਜ ਨੇ ਦੋਵੇਂ ਸਾਧਨ ਸਾਡੇ ਵਾਸਤੇ, ਸਿਮਰਨ ਦਾ ਤੇ ਸੇਵਾ ਦਾ ਇਹ ਪ੍ਰਧਾਨ ਸਾਧਨ ਦੱਸੇ ਨੇ ਕਿ ਕਲਜੁਗ 'ਚ ਉਮਰ ਥੋੜ੍ਹੀ ਹੈ ਤੇ ਜੇ ਸੇਵਾ ਕਰੇ, ਤੇ ਅੰਦਰਲੀ ਨਾਮ ਜਪੇ। ਇਨ੍ਹਾਂ ਦੋਹਾਂ ਦਾ ਫਲ ਬੇਅੰਤ ਅਧਿਕ ਹੋਣ ਕਰਕੇ, ਉਹਦੀ ਗਤੀ ਬਹੁਤ ਉਤਮ ਹੋਇਆ ਕਰਦੀ ਹੈ।

***ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,***
***ਸੇਵਾ ਕਰਕੇ ਮਾਣ ਪਾਈਦੈ।***

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - 274***

ਇੱਥੇ ਵੀ ਮਾਣ ਤੇ ਦਰਗਾਹ 'ਚ ਵੀ। ਦੋ ਸਾਧਨ ਗੁਰੂ ਮਹਾਰਾਜ ਨੇ ਸਾਡੇ ਵਾਸਤੇ ਪ੍ਰਚਲਤ ਕਰੇ ਨੇ। ਮਹਾਰਾਜ ਦੀ ਬੜੀ ਮਿਹਰ ਹੈ। ਇਹੀ ਨਹੀਂ ਕਿ ਦਰਗਾਹ ਦੇ ਵਿਚ ਥਾਂ ਮਿਲਦਾ ਹੈ। ਦੁਨੀਆਂ ਦੇ ਵਿਚ ਵੀ ਜੋ ਚੀਜ਼ ਲੋੜੀਂਦੀ ਹੈ, ਸੇਵਾ ਕਰੋ ਮਿਲ ਜਾਂਦੀ ਹੈ। ਜਿਹੜੀ ਮਿਲ ਹੀ ਨਹੀਂ ਸਕਦੀ ਕਿਸੇ ਕੀਮਤ ਦੇ ਨਾਲ, ਉਹ ਵੀ ਮਿਲ ਜਾਂਦੀ ਹੈ। ਇਹ ਹੈ ਕਿ ਸੇਵਾ ਕਰਕੇ ਦੇਖੋ ਤਾਂ ਸਹੀ, ਐਸਾ ਫੁਰਮਾਨ ਹੈ -

***ਧਾਰਨਾ - ਕਰਕੇ ਕੋਈ ਵੇਖ ਲਓ,***
***ਸੇਵਾ ਤੋਂ ਮਿਲਦੈ ਮੇਵਾ।***

***ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ,***
***ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।***
***ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ,***
***ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।***
***ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,***
***ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।***
***ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ,***
***ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ।***

***ਕਬਿੱਤ ਭਾਈ ਗੁਰਦਾਸ ਜੀ***

ਪੁੰਨਾਂ ਦਾ ਵੇਰਵਾ ਲਿਖਿਆ ਹੈ ਭਾਈ ਗੁਰਦਾਸ ਜੀ ਨੇ ਕਿ ਜੇ ਇਕ ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦਾ ਸਮੇਂ ਸਿਰ ਇਸ਼ਨਾਨ ਕਰਾ ਦਿਤਾ ਤਾਂ ਫਲ ਕਿੰਨਾ ਲਗਦਾ ਹੈ, ਜਿੰਨਾਂ ਪੰਜ ਵਾਰ ਗੰਗਾ ਜਾਵੇ ਤੇ ਪੰਜ ਵਾਰ ਪਰਾਗ ਜਾ ਕੇ ਨਹਾ ਕੇ ਆਵੇ। ਜੇ ਗੁਰਸਿਖ ਨੂੰ, ਗੁਰਮੁਖ ਪਿਆਰੇ ਨੂੰ ਸ਼ਰਧਾ ਪਿਆਰ ਦੇ ਨਾਲ ਪਾਣੀ ਪਿਲਾ ਦਿਤਾ ਤੇ ਉਹਦਾ ਫਲ ਕੁਰਸ਼ੇਤਰ ਦੇ ਇਸ਼ਨਾਨ ਦੇ ਬਰਾਬਰ ਲਗਦਾ ਹੈ ਤੇ ਉਹਨੂੰ ਪ੍ਰਸ਼ਾਦਾ ਛਕਾ ਦਿਤਾ ਤਾਂ ਅਸ੍ਵਮੇਧ ਜਗ ਦਾ ਫਲ ਪ੍ਰਾਪਤ ਹੋ ਜਾਇਆ ਕਰਦਾ ਹੈ। ਸੋਨੇ ਦੇ ਸੱਤ ਮੰਦਰ ਸੋਨੇ ਦੇ ਬਣਾ ਕੇ ਭੇਟਾ ਕਰਨੇ ਤੇ ਇਕ ਸ਼ਬਦ ਗੁਰਸਿੱਖ ਨੂੰ ਸਿਖਾ ਦੇਣਾ, ਯਾਦ ਕਰਾ ਦੇਣਾ। ਹੌਲੀ-ਹੌਲੀ 'ਜਪੁਜੀ ਸਾਹਿਬ' ਯਾਦ ਕਰਾ ਦੇਣਾ। ਹੋਰ ਕੋਈ ਬਾਣੀ ਯਾਦ ਕਰਾ ਦੇਣੀ, ਸੱਤ ਮੰਦਰ ਸੋਨੇ ਦੇ ਦਾਨ ਕਰਨ ਜਿੰਨਾਂ ਪੁੰਨ ਹੋਇਆ ਕਰਦਾ ਹੈ। ਵੀਹ ਵਾਰੀ ਕਿਸੇ ਸਾਧ ਦੇ ਦਰਸਨ ਕਰਨ ਜਾਂਦਾ ਹੈ ਤੇ ਜੇ ਇੱਕ ਗੁਰਸਿੱਖ ਬੰਦਗੀ ਕਰਨ ਵਾਲਾ, ਨਾਮ ਜਪਣ

ਵਾਲਾ ਥੱਕਿਆ ਹੋਇਆ ਹੈ, ਜੇ ਉਹਦੀਆਂ ਲੱਤਾਂ ਘੁੱਟ ਕੇ, ਚਰਨ ਘੁੱਟ ਕੇ, ਪਿੱਠ ਦੱਬ ਕੇ, ਨੀਂਦ ਆ ਜਾਵੇ ਉਸਨੂੰ ਤਾਂ ਕਿ ਸਮੇਂ ਸਿਰ ਫੇਰ ਉਠ ਸਕੇ, ਕਹਿੰਦੇ ਐਨਾ ਫਲ ਹੋਇਆ ਕਰਦਾ ਹੈ। ਸੇਵਾ ਤੋਂ ਸਭ ਕੁਛ ਮਿਲਦਾ ਹੈ, ਸੇਵਾ ਕਰਕੇ ਦੇਖ ਲਓ। ਜੋ ਚੀਜ਼ ਨਾਯਾਬ ਹੈ ਉਹ ਵੀ ਮਿਲ ਜਾਂਦੀ ਹੈ। ਐਸੀਆਂ ਚੀਜ਼ਾਂ ਨੇ ਦੁਨੀਆਂ ਦੇ ਅੰਦਰ ਜਿਹੜੀਆਂ ਮਿਲਦੀਆਂ ਹੀ ਨਹੀਂ, ਪੁੱਤਰ ਦੀ ਲੋੜ ਹੈ ਕਿਸੇ ਨੂੰ ਨਹੀਂ ਮਿਲਦਾ। ਜ਼ੋਰ ਲਾ ਲਏ ਜਿੰਨਾਂ ਲਗਦਾ ਹੈ, ਡਾਕਟਰ ਵੀ ਹਾਰ ਜਾਂਦੇ ਨੇ ਜਿਹੜੇ ਪੰਜਾਹ-ਪੰਜਾਹ ਹਜ਼ਾਰ ਰੁਪਏ ਲੈਂਦੇ ਨੇ ਕਿ ਸਾਡੇ ਕੋਲ ਆਓ, ਸਾਡੇ ਇਲਾਜ ਨਾਲ ਹੋ ਜਾਏਗਾ ਪੁੱਤਰ, ਨਹੀਂ ਹੁੰਦਾ। ਕਿਉਂਕਿ ਦਰਗਾਹ 'ਚੋਂ ਲੇਖ ਲਿਖਿਆ ਹੀ ਨਹੀਂ ਹੈ। ਨਾ ਲਿਖਣ ਦੇ ਨਾਲ ਮਿਲੇਗਾ ਕਿੱਥੋਂ? ਲੇਕਿਨ ਗੁਰੂ ਘਰ ਦੇ ਅੰਦਰ ਜੇ ਗੁਰੂ ਨੂੰ ਪ੍ਰਸੰਨ ਕਰ ਲਓ, ਗੁਰੂ ਦੀ ਦਇਆ ਹੋ ਜਾਵੇ ਤਾਂ ਇਹ ਨਾਯਾਬ ਚੀਜ਼ ਜਿਹੜੀ ਪੈਸਿਆਂ ਨਾਲ ਨਹੀਂ ਕਿਸੇ ਤਰੀਕੇ ਨਾਲ ਮਿਲਦੀ। ਉਹ ਚੀਜ਼ ਵੀ ਗੁਰੂ ਦੀ ਸੇਵਾ ਤੋਂ ਪ੍ਰਾਪਤ ਹੋ ਜਾਂਦੀ ਹੈ। ਹੋਰ ਚੀਜ਼ਾਂ ਤਾਂ ਅਮੀਰੀ ਹੋ ਜਾਣੀ, ਪੈਸਾ ਟਕਾ ਹੋ ਜਾਣਾ, ਇਹ ਤਾਂ ਮਾਮੂਲੀ ਗੱਲਾਂ ਹੁੰਦੀਆਂ ਨੇ। ਜਿਹੜੀ ਇਹ ਚੀਜ਼ ਇਹ ਨਹੀਂ ਆਉਂਦੀ, ਪੁੱਤਰ ਕਦੇ ਪੈਸਿਆਂ ਨਾਲ ਕਿਸੇ ਨੂੰ ਮਿਲਿਆ ਹੈ ਅੱਜ ਤਕ? ਨੱਠ ਭੱਜ ਕੇ ਮਿਲਿਆ ਹੈ?

ਇਕ ਵਾਰੀ ਗੁਰੂ ਚੌਥੇ ਪਾਤਸ਼ਾਹ ਦੇ ਸਮੇਂ ਦੀ ਵਾਰਤਾ ਹੈ ਕਿ ਬਠਿੰਡੇ ਜ਼ਿਲੇ ਦੇ ਵਿਚ ਇੱਕ ਚੰਗਾ ਪ੍ਰੇਮੀ, ਗੁਰਮੁਖ ਪਿਆਰਾ ਭਲਾ ਪੁਰਸ਼, ਆਏ ਗਏ ਦੀ ਸੇਵਾ ਕਰਨ ਵਾਲਾ, ਆਏ ਗਏ ਸਾਧ ਸੰਤ ਦੀ ਸੇਵਾ 'ਚ ਕੁਛ ਨਾ ਕੁਛ ਭੇਟਾ ਦੇਣ ਵਾਲਾ। ਆਦਮ ਨਾਮ ਦਾ ਸਿੱਖ ਵਸਦਾ ਸੀ। ਉਮਰ ਬੀਤਦੀ ਗਈ, ਪੁੱਤਰ ਦੀ ਦਾਤ ਪ੍ਰਾਪਤ ਨਾ ਹੋਈ। ਉਹਦੇ ਵਾਸਤੇ ਬਹੁਤ ਕੁਛ ਕਰਿਆ, ਜਗਰਾਤੇ ਕਰਾਏ ਹੋਰ ਦਾਨ ਕਰੇ, ਤੀਰਥਾਂ 'ਤੇ ਘੁੰਮਿਆ, ਬੜੇ ਥਾਵਾਂ 'ਤੇ ਗਿਆ, ਜਿਥੇ ਕਿਸੇ ਨੇ ਦੱਸਿਆ ਉਥੇ ਹੀ ਪਹੁੰਚਿਆ, ਲੇਕਿਨ ਪੁੱਤਰ ਦੀ ਦਾਤ ਨਾ ਮਿਲੀ, ਉਮਰ 70 ਸਾਲ ਦੀ ਹੋ ਗਈ, ਘਰਵਾਲੀ ਦੀ ਵੀ ਹੋ ਗਈ, ਪਰ ਪੁੱਤਰ ਦੀ ਵਾਸ਼ਨਾ ਐਨੀ ਪ੍ਰਬਲ ਕਿ ਪੂਰੀ ਨਾ ਹੋਈ।

ਭਾਰਤ ਵਰਸ਼ ਦੇ ਇਤਿਹਾਸ 'ਚ ਇੱਕ ਜ਼ਿਕਰ ਆਉਂਦਾ ਹੈ ਕਿ ਇਕ ਰਾਜਾ ਸੀ, ਉਹ ਰੋਜ਼ ਹੀ ਵਿਆਹ ਕਰਾਉਂਦਾ ਸੀ। ਪੁੱਤਰ ਦੀ ਲਾਲਸਾ ਦੇ ਨਾਲ, ਲੇਕਿਨ ਉਹਦੇ ਵੀ ਪੁੱਤਰ ਨਾ ਹੋਇਆ, ਅਖੀਰ ਬਹੁਤ ਦੁਖੀ ਹੋਇਆ, ਸੀ ਸੰਤ ਸੇਵੀ। ਸਾਰੇ ਸੰਤਾਂ ਨੇ ਸਮਝਾਇਆ ਕਿ ਤੈਨੂੰ ਪੁੱਤਰ ਵਾਸ਼ਨਾ ਗਲਤ ਹੋ ਗਈ। ਨਾ ਕਰ ਤੂੰ, ਇਹ ਤੈਨੂੰ ਨਰਕਾਂ 'ਚ ਲੈ ਜਾਏਗੀ। ਰਾਜੇ ਦਾ ਹਠ ਬੜਾ ਸੀ, ਕਹਿੰਦਾ ਜੀ ਮੈਂ ਇੱਕ ਵਾਰੀ ਮੈਂ ਪੁੱਤਰ ਦਾ ਮੂੰਹ ਦੇਖ ਲਵਾਂ। ਕਹਿੰਦੇ ਮੂੰਹ ਦੇਖਿਆ ਤਾਂ ਤੈਨੂੰ ਉਸੇ ਵੇਲੇ ਬਿਪਤਾ ਛਿੜ ਜਾਣੀ ਹੈ। ਨਾ ਹੋਣਾ ਚੰਗਾ ਹੈ, ਮੂੰਹ ਦੇਖ ਕੇ ਚਲੇ ਜਾਣ ਵਾਲਾ, ਮਾੜੀ ਗੱਲ। ਜਦੋਂ ਬਹੁਤ ਹੀ ਖਹਿੜੇ ਪਿਆ ਤਾਂ ਉਸ ਵੇਲੇ ਵਸਿਸ਼ਟ ਜੀ ਨੇ, ਵਿਸ਼ਵਾਮਿਤਰ ਨੇ ਤੇ ਦੂਸਰੇ ਰਿਸ਼ੀਆਂ ਨੇ ਇਕੱਠੇ ਹੋ

ਇੱਕ ਯੱਗ ਕਰਿਆ, ਉਹਦੇ ਫਲ ਸਰੂਪ, ਉਨ੍ਹਾਂ ਦੇ ਵਰ ਦੇਣ ਦੇ ਨਾਲ, ਇਨ੍ਹਾਂ ਦੇ ਘਰ ਪੁੱਤਰ ਹੋ ਗਿਆ। ਚਿਤਰਕੋਟੂ ਉਸ ਰਾਜੇ ਦਾ ਨਾਮ ਸੀ। ਵਿਆਹ ਤਾਂ ਲੱਖਾਂ ਦੀ ਤਾਦਾਦ 'ਚ ਉਹਦੇ ਲਿਖੇ ਨੇ, ਖੈਰ ਜਿੰਨੇ ਵੀ ਉਹਦੇ ਹੋ ਸਕਦੇ ਸੀ ਉਹ ਕਰਾਉਂਦਾ ਰਿਹਾ। ਜਿਸ ਵਕਤ ਬੱਚਾ ਸਾਲ ਦੋ ਸਾਲ ਦਾ ਹੋਇਆ, ਪਿਆਰ ਪੈ ਗਿਆ, ਉਸ ਤੋਂ ਬਾਅਦ ਉਹ ਚੜ੍ਹਾਈ ਕਰ ਗਿਆ, ਫੇਰ ਉਹ ਟੱਕਰਾਂ ਮਾਰੇ। ਬਹੁਤ ਦੁਖੀ ਹੋਇਆ। ਰਿਸ਼ੀਆਂ ਨੇ ਸਮਝਾਇਆ ਲੇਕਿਨ ਉਹ ਮੰਨੇ ਹੀ ਨਾ ਕਿਸੇ ਦੀ। ਇਹ ਪ੍ਰਬਲ ਵਾਸ਼ਨਾ ਹੋਇਆ ਕਰਦੀ ਹੈ, ਪੂਰੀ ਹੁੰਦੀ ਨਹੀਂ ਕਿਸੇ ਦਾ ਜ਼ੋਰ ਨਹੀਂ ਚਲਦਾ, ਕੋਈ ਸਿਫਾਰਸ਼ ਨਹੀਂ ਚਲਦੀ।

ਭਾਈ ਆਦਮ ਨੇ ਵੀ ਬੜੇ ਯਤਨ ਕਰੇ, ਭਾਈ ਆਦਮ ਜਿੱਥੇ ਕੋਈ ਦੱਸੇ ਉਥੇ ਹੀ ਚਲੇ ਜਾਇਆ ਕਰੇ। ਇੱਕ ਵਾਰੀ ਇਕ ਗੁਰਸਿੱਖ ਨਾਲ ਇਸ ਦੀ ਭੇਂਟ ਹੋ ਗਈ, ਇਹਨੇ ਆਪਣਾ ਮਨੋਰਥ ਦੱਸਿਆ ਕਿ ਗੁਰਸਿੱਖਾ ਕੋਈ ਥਾਂ ਦਸ ਜਿਸ ਥਾਂ 'ਤੇ ਜਾ ਕੇ ਮੇਰੀ ਵਾਸ਼ਨਾ ਪੂਰੀ ਹੋਵੇ। ਦਿਨ ਰਾਤ ਮੈਨੂੰ ਚਿੰਤਾ ਰਹਿੰਦੀ ਹੈ, ਵੱਡਾ ਮੈਂ ਜ਼ਿੰਮੀਦਾਰ ਹਾਂ, ਸਾਂਭਣ ਵਾਲਾ ਕੋਈ ਨਹੀਂ ਹੈ ਤੇ ਹੋ ਸਕਦਾ ਹੈ ਮੈਨੂੰ ਇੱਥੇ ਹੀ ਘੁੰਮਣਾ ਪਵੇ ਭੂਤ-ਪ੍ਰੇਤ ਬਣ ਕੇ, ਮੇਰੇ 'ਤੇ ਕ੍ਰਿਪਾ ਕਰ ਕੋਈ ਮੈਨੂੰ ਥਹੁ ਪਤਾ, ਉੱਘ ਸੁੱਘ ਦੇ ਕਿਸੇ ਥਾਂ ਤੋਂ ਮੇਰੀ ਇੱਛਾ ਵੀ ਕੀ ਪੂਰੀ ਹੋ ਸਕਦੀ ਹੈ? ਉਸ ਵੇਲੇ ਗੁਰਸਿੱਖ ਨੇ ਇਸ ਤਰ੍ਹਾਂ ਦੇ ਨਾਲ ਉਹਨੂੰ ਸਮਝਾਉਂਣਾ ਕੀਤਾ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

ਕਹਿਣ ਲੱਗੇ ਪਿਆਰਿਆ! ਗੁਰਸਿੱਖਾਂ ਦੀ ਸੇਵਾ ਕਰ ਲੈ। ਗੁਰੂ ਪ੍ਰਸੰਨ ਹੋ ਜਾਏਗਾ ਤੇ ਉਹਦੇ ਨਾਲ ਤੇਰੀ ਜੋ ਵਾਸ਼ਨਾ ਹੈ ਪੂਰੀ ਹੋ ਜਾਏਗੀ। ਕਿਉਂਕਿ ਗੁਰੂ ਦਾ ਮੰਨਣਾ ਜ਼ਰੂਰੀ ਹੋਇਆ ਕਰਦਾ, ਮਹਾਤਮਾ ਦਾ ਚਿੱਤ ਅਤਿ ਪ੍ਰਸੰਨ ਹੋ ਜਾਵੇ ਤੇ ਉਹਦੇ ਮੁਖ 'ਚੋਂ ਨਿਕਲ ਜਾਵੇ ਤਾਂ ਬਾਤ ਬਣ ਜਾਇਆ ਕਰਦੀ ਹੈ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਜਦੋਂ ਮੈਂ ਇੱਥੇ ਹੁੰਦਾ ਤਾਂ ਸਾਡੇ ਕੋਲ ਰਹਿ ਕੇ ਮਹਾਰਾਜ ਜੀ ਇੱਕੀ ਦਿਨ ਦੀਵਾਨ ਲਾਉਂਦੇ ਰਹੇ, ਬੜੀਆਂ ਸੰਗਤਾਂ ਆਈਆਂ, ਕਈ ਕਿਸਮ ਦੇ ਵਿਚਾਰ ਸਰਵਣ ਕਰਦੇ ਰਹੇ ਤੇ ਉਸ ਤੋਂ ਬਾਅਦ ਪੰਜ-ਛੇ ਦਿਨ ਕਾਲਕਾ ਆਪ ਰਿਹਾ ਕਰਦੇ ਸੀ, 22 ਤੋਂ 27 ਤੱਕ, ਮਈ ਦਾ ਮਹੀਨਾ ਸੀ, ਉਸ ਵੇਲੇ ਮਹਾਰਾਜ ਜੀ ਦੀ ਮੌਜ ਆਈ, ਕਿਸੇ ਪ੍ਰੇਮੀ ਨੇ ਕਿਹਾ ਕਿ ਮਹਾਰਾਜ! ਬਹੁਤ ਜ਼ਿਆਦਾ ਹੈ ਥੋੜ੍ਹੇ ਦਿਨ ਆਪ ਜੇ ਪਹਾੜਾਂ ਵਲ ਜਾ ਆਓ ਤੇ ਕੁਛ ਦਿਨਾਂ ਨੂੰ ਠੰਢ ਵੀ ਹੋ ਜਾਏਗੀ, ਬਰਸਾਤਾਂ ਆ ਜਾਣ ਗਈਆਂ ਤੇ ਤੁਸੀਂ ਕੁਝ ਦਿਨ ਕਿਸੇ ਪਹਾੜ ਦੇ ਉੱਤੇ ਜੇ ਕ੍ਰਿਪਾ ਕਰੋਂ ਜਾਣ ਦੀ ਤਾਂ ਬਹੁਤ ਵਧੀਆ ਹੈ। ਇੰਤਜ਼ਾਮ ਮੈਂ ਕਰ ਦੇਵਾਂਗਾ। ਮਹਾਰਾਜ ਜੀ ਕਹਿੰਦੇ, ਕਿਹੜਾ ਪਹਾੜ ਹੈ, ਸੋਹਣਾ? ਬਹੁਤਾ ਉੱਚਾ ਨਾ ਹੋਵੇ, ਹੋਵੇ ਠੰਢਾ। ਕਹਿਣ ਲੱਗੇ, ਯੂ.ਪੀ. ਦੇ ਅੰਦਰ ਨੈਨੀਤਾਲ ਤਾਂ ਠੰਢਾ ਹੈ ਤੇ ਥੋੜ੍ਹਾ

ਜਿਹਾ ਨੀਵਾਂ ਹੈ ਭੀਮਤਾਲ। ਉਹ ਵੀ ਸੁੰਦਰ ਜਗ੍ਹਾ ਹੈ, ਸਵੱਛ ਹੈ, ਇਕਾਂਤ ਹੈ, ਭਜਨ ਕਰਨ ਵਾਸਤੇ ਤੇ ਉਥੇ ਕੋਈ ਰਾਤ ਨੂੰ ਤੁਰਦਿਆਂ-ਫਿਰਦਿਆਂ ਨੂੰ ਬਹੁਤਾ disturb ਨਹੀਂ ਕਰੇਗਾ, ਪਹਾੜੀ ਲੋਕ ਹੈਗੇ। ਆਪ ਕ੍ਰਿਪਾ ਕਰੋ, ਉਥੇ ਬਹੁਤ ਸੋਹਣੀ ਕੋਠੀ ਹੈ, ਬਾਗ ਲੱਗਿਆ ਹੋਇਆ ਹੈ ਤੇ ਕੁਝ ਦਿਨ ਆਪ ਓਸ ਥਾਂ 'ਤੇ ਦਰਸ਼ਨ ਦਿਓ। ਮਹਾਰਾਜ ਜੀ ਇੱਥੋਂ ਚੰਡੀਗੜ੍ਹੋਂ ਤੁਰੇ, ਪਤਾ ਲਗ ਗਿਆ ਰਸਤੇ ਵਾਲਿਆਂ ਨੂੰ ਤੇ ਮੁਰਾਦਾਬਾਦ, ਪਹਿਲਾਂ ਹਾਪੜ ਗਏ। ਹਾਪੜ ਜਾ ਕੇ ਦੁਪਹਿਰ ਦਾ ਪ੍ਰਸ਼ਾਦ ਪਾਣੀ ਛਕਣ ਤੋਂ ਬਾਅਦ ਉਦੋਂ ਹੀ ਤੁਰ ਪਏ ਮਹਾਰਾਜ। ਮੁਰਾਦਾਬਾਦ ਚਲੇ ਜਾਂਦੇ ਨੇ, ਉਥੇ ਖੇੜਾ ਟਰਾਂਸਪੋਰਟ ਵਾਲੇ, ਉਨ੍ਹਾਂ ਦਿਨਾਂ 'ਚ ਸਰਦਾਰ ਚੰਨਣ ਸਿੰਘ, ਸੁਰਜੀਤ ਸਿੰਘ ਵਗੈਰਾ ਸਨ, ਹੁਣ ਤਾਂ ਚੜ੍ਹਾਈ ਕਰ ਗਏ ਸਾਰੇ ਹੀ। ਉਨ੍ਹਾਂ ਬੇਨਤੀ ਕੀਤੀ ਮਹਾਰਾਜ ਨੂੰ ਕਿ ਮਹਾਰਾਜ! ਆਪ ਨੇ ਅੱਗੇ ਜਾਣਾ ਹੈ ਅਸੀਂ ਰਸਤੇ ਵਿਚ ਆਉਂਦੇ ਹਾਂ। ਕੁਝ ਦੇਰ ਸਾਡੇ ਕੋਲ ਠਹਿਰੋ, ਪ੍ਰਵਾਨ ਹੋ ਗਈ ਬੇਨਤੀ ਤੇ ਮਹਾਰਾਜ ਜੀ ਨੂੰ ਠਹਿਰਨ ਵਾਸਤੇ, ਉਨ੍ਹਾਂ ਨੇ ਰਾਮੇਸ਼ ਕੁਮਾਰ ਸਾਹੂ ਕੋਟ ਦੁਆਰ ਦਾ ਛੋਟਾ ਜਿਹਾ ਰਾਜਾ ਹੁੰਦਾ ਇਹ, ਦੋ ਚਾਰ ਪਿੰਡਾਂ ਦਾ। ਉਹ ਜਦੋਂ ਰਾਜ ਲੈ ਲਏ ਤਾਂ ਕਹਿੰਦੇ ਤਾਂ ਰਾਜੇ ਰਹੇ, ਪਰ ਉਨ੍ਹਾਂ ਕੋਲ ਬਚਿਆ ਨਾ ਕੁਛ ਵੀ। ਮੁਰਾਦਾਬਾਦ ਉਹਦੀ ਬੜੀ ਜਾਇਦਾਦ ਸੀ, ਉਸਨੇ ਇੱਕ ਮਹੱਲ ਵਰਗੀ ਕੋਠੀ ਪਾਈ ਹੋਈ ਸੀ। ਉੱਥੇ ਜਾ ਕੇ ਉਨ੍ਹਾਂ ਨੇ ਪੁਛਿਆ ਕਿ ਸਾਡੇ ਮਹਾਂਪੁਰਸ਼ਾਂ ਨੇ ਆਉਣਾ ਹੈ, ਕਹਿੰਦਾ, ਮੈਂ ਸੇਵਾ ਕਰਾਂਗਾ, ਧੰਨ ਭਾਗ ਮੇਰੇ ਜੇ ਮਹਾਂਪੁਰਸ਼ ਦਰਸ਼ਨ ਦੇਣ। ਮਹਾਰਾਜ ਜੀ ਚਲੇ ਗਏ ਤਾਂ ਉਸ ਕੋਠੀ ਦੇ ਵਿਚ ਮਹਾਰਾਜ ਜੀ ਨੂੰ ਬਿਠਾਇਆ ਗਿਆ। ਦੁਪਹਿਰਾ ਆਪ ਨੇ ਕੱਟਿਆ, ਜਦੋਂ ਸ਼ਾਮ ਹੋਈ, ਭੀਮਤਾਲ ਨੂੰ ਜਾਣ ਵਾਸਤੇ ਤਿਆਰ ਹੋਏ ਉਸ ਵੇਲੇ ਸੁਰਜੀਤ ਸਿੰਘ ਜਿਹੜਾ ਛੋਟਾ ਸੀ ਚੰਨਣ ਸਿੰਘ ਤੋਂ ਕਹਿਣ ਲੱਗਿਆ, ਸਾਹੂ ਸਾਹਿਬ! ਤੇਰੇ ਘਰ ਭਗਵਾਨ ਆਏ ਹੋਏ ਨੇ, ਮੰਗ ਲੈ ਜੋ ਮੰਗ ਸਕਦਾ ਹੈਂ। ਕਹਿੰਦਾ ਮਿਲ ਜਾਏਗਾ? ਕਹਿੰਦੇ ਹਾਂ, ਤੇਰੀ ਸ਼ਰਧਾ ਦੀ ਲੋੜ ਹੈ। ਭੰਡਾਰੇ ਖੁਲ੍ਹੇ ਨੇ, ਮਿਲ ਜਾਣਗੇ ਗੱਫੇ। ਉਸ ਵੇਲੇ ਆਪਣੀ ਰਾਣੀ ਤੇ ਆਪ ਨੇ ਇਸ਼ਨਾਨ ਕਰਕੇ, ਸਫੈਦ ਵਸਤਰ ਪਹਿਨ ਕੇ, ਗਲ ਵਿਚ ਪਰਨੇ ਪਾ ਕੇ ਤੇ ਪੂਰੀ ਮਰਿਆਦਾ ਦੇ ਨਾਲ ਘਾਹ ਮੰਗਾ ਲਿਆ ਮਾਲੀ ਨੂੰ ਕਹਿ ਕੇ, ਘਾਹ ਫੜਿਆ ਹੋਇਆ ਹੈ ਹੱਥਾਂ ਦੇ ਅੰਦਰ, ਜਿਸ ਵਕਤ ਮਹਾਰਾਜ ਜੀ ਦੇ ਕੋਲ ਗਏ। ਉਥੇ ਜਾ ਕੇ ਦੋ-ਦੋ ਤਿਣਕੇ ਘਾਹ ਦੇ ਮੂੰਹ ਵਿਚ ਪਾ ਲਏ ਆਪ ਨੇ। ਰਾਣੀ ਨੇ ਵੀ ਤੇ ਓਸ ਨੇ ਵੀ। ਮਹਾਰਾਜ ਨੇ ਦੇਖਿਆ ਕਿ ਇਹ ਤਾਂ ਮਰਿਆਦਾ ਪੁਰਸ਼ੋਤਮ ਪੁਰਸ਼ ਨੇ, ਪੂਰੀ ਵਿਧੀ ਦੇ ਨਾਲ ਇਹ ਤਾਂ ਆਏ ਨੇ, ਜਿਵੇਂ ਮਹਾਂਪੁਰਸ਼ਾਂ ਕੋਲ ਆਉਣਾ ਚਾਹੀਦਾ ਹੈ। ਉਸ ਵੇਲੇ ਆਪ ਦਾ ਮਨ ਪਸੀਜ ਗਿਆ। ਕਹਿਣ ਲੱਗੇ, ਕੌਣ ਨੇ ਇਹ। ਸਿੰਘਾਂ ਨੇ ਕਿਹਾ ਕਿ ਮਹਾਰਾਜ ਜੀ ਇਸ ਕੋਠੀ ਦੇ ਮਾਲਕ ਨੇ ਇਹ। ਇਹਦਾ ਨਾਉਂ ਰਾਜਾ ਰਾਮੇਸ਼ ਕੁਮਾਰ ਸਾਹੂ ਹੈ ਤੇ ਐਮ.ਪੀ ਹੈ ਅੱਜਕਲ੍ਹ ਇਹ। ਮਹਾਰਾਜ ਕਹਿੰਦੇ ਭਾਈ! ਕਿਵੇਂ ਆਏ ਭਾਈ?

ਕਹਿਣ ਲੱਗੇ, ਮਹਾਰਾਜ! ਆਪ ਸਭ ਜਾਣਦੇ ਓਂ, ਸਾਡੇ ਇੱਕ ਲੜਕੀ

ਹੈ ਜੋ 25 ਸਾਲ ਦੀ ਹੋ ਗਈ ਹੈ, ਉਸ ਤੋਂ ਬਾਅਦ ਓਲਾਦ ਨਹੀਂ ਹੋਈ ਕੋਈ ਵੀ। ਕ੍ਰਿਪਾ ਕਰੋ ਆਪ।

ਮਹਾਰਾਜ ਜੀ ਕਹਿਣ ਲੱਗੇ, ਕੀ ਯਤਨ ਕਰੇ ਨੇ?

ਕਹਿੰਦੇ, ਮਹਾਰਾਜ! ਕੋਈ ਯਤਨ ਨਹੀਂ ਛੱਡਿਆ, 68 ਤੀਰਥਾਂ 'ਤੇ ਇਸ਼ਨਾਨ ਕਰਕੇ ਹਜ਼ਾਰਾਂ ਰੁਪਏ ਖਰਚੇ ਨੇ, ਵਿਧੀਪੂਰਵਕ ਦਾਨ ਕਰਨ ਵਾਸਤੇ। ਜੋ-ਜੋ ਉਥੇ ਦੇ ਅਚਾਰੀਆ ਨੇ, ਇੰਚਾਰਜਾਂ ਨੇ ਕਿਹਾ ਕਿ ਆਹ ਦਾਨ ਕਰੋ, ਆਹ ਕਰੋ, ਉਸੇ ਤਰ੍ਹਾਂ ਅਸੀਂ ਕਰਿਆ ਹੈ। ਉਸ ਤੋਂ ਬਾਅਦ ਇੱਥੇ ਆਪਣੀ ਕੋਠੀ ਦੇ ਪਾਰਕ ਵਿਚ ਬੜੇ ਜਗਰਾਤੇ ਕਰਾਏ ਨੇ, ਮਹਾਂਪੁਰਸ਼ਾਂ ਦੇ ਠਹਿਰਨ ਨੂੰ ਜਗ੍ਹਾ ਬਣਾਈ ਹੋਈ ਹੈ। ਸਾਧੂ ਆਉਂਦੇ ਨੇ ਸਭ ਦੇ ਕੋਲ ਅਸੀਂ ਬੇਨਤੀ ਕਰਦੇ ਹਾਂ, ਪਰ ਮਹਾਰਾਜ ਅਜੇ ਤਕ ਪੁੱਤਰ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ ਤੇ ਆਪ ਕ੍ਰਿਪਾ ਕਰੋ। ਸਮਰੱਥ ਪੁਰਸ਼ ਸਨ, ਆਪ ਦੇ ਮਨ ਵਿਚ ਦਇਆ ਆਈ। ਕਹਿਣ ਲੱਗੇ, ਸਾਹੂ ਸਾਹਿਬ! ਭਜਨ ਬੰਦਗੀ ਵੀ ਕੋਈ ਕਰਦੇ ਓਂ? ਕਹਿੰਦੇ, ਹਾਂ ਜੀ ਮਹਾਰਾਜ! ਮੈਂ ਉਪਾਸਨਾ ਕਰਿਆ ਕਰਦਾ ਹਾਂ, ਵਿਸ਼ਨੂੰ ਜੀ ਦੀ। ਮਹਾਰਾਜ ਕਹਿਣ ਲੱਗੇ, ਠੀਕ ਹੈ, ਐਸ ਵੇਲੇ ਰਾਜ ਗੁਰੂ ਨਾਨਕ ਦਾ ਚੱਲ ਰਿਹਾ ਹੈ, ਜਿਹਦਾ ਰਾਜ ਉਹਦਾ ਤੇਜ। ਵਿਸ਼ਨੂੰ ਜੀ ਮੁਖੀ ਦੇਵਤਾ ਨੇ, ਉਹ ਵੀ ਠੀਕ ਨੇ ਲੇਕਿਨ ਜੋ ਪੂਰੇ ਜ਼ੋਰ ਵਾਲਾ ਐਸ ਵੇਲੇ ਹੈ ਉਹ ਗੁਰੂ ਨਾਨਕ ਹੈ, ਉਹਦੇ ਘਰੋਂ ਜੋ ਕੁਛ ਮੰਗ ਲਓ ਉਹ ਪ੍ਰਾਪਤ ਹੋ ਜਾਂਦਾ ਹੈ। ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਸੇਵ ਹਰਿ ਕੇ ਚਰਨ ਰਸਾਇਣ ਜੀ,***
***ਜੋ ਜੋ ਮਾਂਗੈ ਸੋਈ ਸੋਈ ਪਾਵੈ।***

ਮਹਾਰਾਜ ਕਹਿਣ ਲੱਗੇ, ਐਉਂ ਕਰਿਆ ਕਰੋ ਸਾਹੂ ਸਾਹਿਬ! ਇਹ ਜਿੱਥੇ ਵਿਸ਼ਨੂੰ ਜੀ ਦੀ ਪ੍ਰੀਤਮਾ ਰੱਖੀ ਹੋਈ ਹੈ, ਮੂਰਤੀ ਰੱਖੀ ਹੋਈ ਹੈ ਓਥੇ ਗੁਰੂ ਸਾਹਿਬ ਦੀ ਵੱਡੀ ਤਸਵੀਰ ਲਾ ਲੈ। ਬਾਕੀ ਜਿਹੜੀ ਤੂੰ ਪੂਜਾ ਪਹਿਲਾਂ ਕਰਦਾ ਹੈਂ ਉਸੇ ਤਰ੍ਹਾਂ ਕਰੀ ਜਾਹ। ਇਹ ਬਾਹਰ ਦੀ ਉਪਾਸਨਾ ਹੈ, ਅੰਦਰ ਦੀ ਉਪਾਸਨਾ ਦਾ ਭਜਨ ਕਰਨ ਵਾਲਿਆਂ ਨੂੰ ਪਤਾ ਲਗਦਾ ਹੈ। ਬਾਹਰਲੀ ਉਪਾਸਨਾ ਦੇ ਨਾਲ ਚੀਜ਼ਾਂ ਮਿਲ ਜਾਂਦੀਆਂ ਨੇ, ਜੋ ਵੀ ਕਹੀਏ। ਇਹਦੀ ਥਾਂ 'ਤੇ ਹੁਣ ਗੁਰੂ ਨਾਨਕ ਦੀ ਭਗਤੀ ਕਰ, ਫਕੀਰ ਦੀ ਅਰਦਾਸ ਹੁੰਦੀ ਹੈ ਤੇ ਦੇਣ ਵਾਲਾ ਗੁਰੂ ਨਾਨਕ ਹੈ। ਸ਼ਰਧਾ ਦੇ ਨਾਲ ਰੋਜ਼ ਕਰੋ। ਬਚਨ ਕਰ ਦਿਤਾ, ਦੱਸ ਮਹੀਨੇ ਬਾਅਦ ਪੁੱਤਰ ਨੇ ਜਨਮ ਲੈ ਲਿਆ। ਇਹ ਪੂਰਾ ਹੋ ਜਾਇਆ ਕਰਦਾ ਹੈ। ਕਹਿਣ ਲੱਗੇ ਕਿ ਮਹਾਂਪੁਰਸ਼ਾਂ ਦੀ ਸੇਵਾ ਕਰਨ ਨਾਲ ਫਲ ਮਿਲ ਜਾਇਆ ਕਰਦਾ ਹੈ।

ਇਸ ਤਰ੍ਹਾਂ ਦੇ ਨਾਲ ਜੇ ਸੇਵਾ ਨਹੀਂ ਹੈ ਤਾਂ ਪ੍ਰਵਾਨ ਨਹੀਂ ਹੈ ਗੁਰੂ ਘਰ 'ਚ, ਬਿਲਕੁਲ। ਕਿੱਡਾ ਹੀ ਸਿਆਣਾ, ਕਿੱਡਾ ਹੀ ਲਿਖਾਰੀ ਕਿਉਂ ਨਾ ਹੋਵੇ। ਜੇ ਉਹ ਸੇਵਾ ਨਹੀਂ ਕਰਦਾ ਤਾਂ ਉਹ ਪ੍ਰਵਾਨ ਨਹੀਂ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੀਵਾਨ ਲੱਗਿਆ ਹੋਇਆ ਹੇ ਗਰਮੀ ਦਾ ਮਹੀਨਾ ਹੈ, ਲੂ ਚੱਲ ਰਹੀ ਹੈ। ਐਸਾ ਹੈ ਕਿ ਬਾਰ-ਬਾਰ ਪਾਣੀ ਪੀਣ ਨੂੰ ਜੀਅ ਕਰਦਾ ਹੈ ਤੇ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਜਲ ਕਹਿ ਹੋ ਗਿਆ। ਜਲ ਕਹਿਣ ਦੀ ਦੇਰ ਸੀ, ਉਹ ਜੋ ਜਾਲਮ ਸਿੰਘ ਸੀ ਉਸ ਥਾਂ ਦੇ ਉਤੇ ਸੇਵਾ ਕਰਨ ਵਾਲਾ, ਚੋਰ ਬਰਦਾਰ ਕਿਸੇ ਪਾਸੇ ਗਿਆ ਹੋਇਆ ਸੀ ਤੇ ਉਹ ਜਲ ਦੀ ਆਵਾਜ਼ ਕਿਸੇ ਬੱਚੇ ਨੇ ਸੁਣ ਲਈ। ਬਹੁਤ ਅਮੀਰ ਬੱਚਾ ਸੀ ਤੇ ਮਨ ਵਿਚ ਚਾਉ ਆਇਆ ਕਿ ਮੈਂ ਜਲ ਲਿਆ ਕੇ ਗੁਰੂ ਮਹਾਰਾਜ ਨੂੰ ਪਿਲਾਵਾਂ। ਬੜਾ ਬਰਤਨ ਧੋ ਕੇ, ਸਾਫ ਕਰਕੇ, ਹੱਥ ਧੋ ਕੇ ਕਟੋਰਾ ਮਹਾਰਾਜ ਜੀ ਦੇ ਕੋਲ ਲੈ ਕੇ ਆਇਆ ਤੇ ਮਹਾਰਾਜ ਜੀ ਨੇ ਜਲ ਪ੍ਰਵਾਨ ਕਰ ਲਿਆ। ਹੱਥ 'ਚ ਚੁੱਕ ਲਿਆ ਤੇ ਨਾਲ ਦੀ ਨਾਲ ਨਿਗ੍ਹਾ ਉਹਦੇ ਹੱਥਾਂ 'ਤੇ ਪਈ। ਮਹਾਰਾਜ ਜੀ ਨੇ ਦੇਖਿਆ ਕਿ ਇਹਦੇ ਹੱਥ ਐਨੇ ਕੋਮਲ ਨੇ, ਇਹ ਬੱਚਾ ਕੋਈ ਸੇਵਾ ਨਹੀਂ ਕਰਦਾ ਹੋਣਾ, ਕੰਮ ਨਹੀਂ ਕਰਦਾ ਹੋਣਾ ਤਾਂ ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿਉਂ ਬੇਟਾ! ਤੇਰੇ ਹੱਥ ਕਿਉਂ ਐਨੇ ਨਰਮ ਨੇ, ਤੂੰ ਕਦੇ ਸੇਵਾ ਨਹੀਂ ਕਰੀ? ਕਹਿੰਦਾ ਨਹੀਂ ਮਹਾਰਾਜ? ਆਪ ਦਾ ਦਿੱਤਾ ਹੋਇਆ ਹੈ ਕਿ ਸਾਨੂੰ ਲੋੜ ਹੀ ਨਹੀਂ ਪਈ ਕੰਮ ਕਰਨ ਦੀ। ਕਹਿੰਦੇ ਉਹ ਤਾਂ ਠੀਕ ਹੈ ਪਰ ਸਤਿਸੰਗ ਦੇ ਵਿਚ ਤਾਂ ਸੇਵਾ ਕਰਨੀ ਚਾਹੀਦੀ ਹੈ, ਕਿੱਡਾ ਹੀ ਵੱਡਾ ਕਿਉਂ ਨਾ ਹੋਵੇ। ਕਦੇ ਤੂੰ ਤੱਪੜ ਝਾੜ ਕੇ ਵਿਛਾਏ ਨੇ? ਕਦੇ ਤੇਰੇ ਉੱਤੇ ਧੂੜ ਪਈ ਹੈ ਤੱਪੜਾਂ ਦੀ? ਕਦੇ ਤੱਪੜਾਂ ਦੀ ਧੂੜੀ ਵਿਚ ਤੂੰ ਇਸ਼ਨਾਨ ਕਰਿਆ ਹੈ, ਕਿ ਡਰਦਾ ਮਾਰਿਆ ਦੂਰ ਹੀ ਹੋ ਜਾਂਦਾ ਹੈਂ ਕਿ ਮੇਰੇ ਉੱਤੇ ਗਰਦ ਨਾ ਪੈ ਜਾਏ?

ਕਹਿੰਦਾ ਨਾ ਮਹਾਰਾਜ।

ਕਹਿੰਦੇ, ਕਦੇ ਜਲ ਪਿਲਾਇਆ ਹੋਵੇ?

ਕਹਿੰਦਾ ਨਹੀਂ ਮਹਾਰਾਜ ਮੈਂ ਕਦੇ ਕਿਸੇ ਨੂੰ ਜਲ ਨਹੀਂ ਪਿਲਾਇਆ। ਸਾਡੇ ਨੌਕਰ ਹੀ ਐਨੇ ਨੇ ਉਨ੍ਹਾਂ ਨੂੰ ਕਹਿ ਦੇਈਦਾ ਹੈ।

ਕਦੇ ਜੋੜੇ ਸਾਫ ਕਰੇ ਹੋਣ?

ਕਹਿੰਦਾ, ਨਹੀਂ ਮਹਾਰਾਜਾ।

ਕਦੇ ਪ੍ਰਸ਼ਾਦ ਲਿਆ ਕੇ ਸੰਗਤ ਵਿਚ ਵੰਡਿਆ ਹੋਵੇ?

ਕਹਿੰਦਾ ਨਹੀਂ ਮਹਾਰਾਜ, ਮੈਂ ਨਹੀਂ ਕਦੇ ਐਹੋ ਜਿਹਾ ਕੰਮ ਕਰਿਆ।

ਕੋਈ ਹੋਰ ਸੇਵਾ, ਕਿਸੇ ਥੱਕੇ ਹਾਰੇ ਦੇ ਕਦੇ ਚਰਨ ਨੱਪੇ ਹੋਣ।

ਕਹਿੰਦਾ, ਨਾ ਮਹਾਰਾਜ! ਮੇਰੀ ਜ਼ਿੰਦਗੀ 'ਚ ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਦੇ ਪਾਸ ਜਲ ਦਾ ਕਟੋਰਾ ਭਰ ਕੇ ਲਿਆਇਆ ਹਾਂ। ਜਿੱਥੋਂ ਤਕ ਮੇਰੇ ਯਾਦ ਹੈ ਮੈਂ ਨਹੀਂ ਕਦੇ ਕੋਈ ਕੰਮ ਕਰਿਆ। ਮਹਾਰਾਜ ਜੀ ਨੇ ਜਿਹੜਾ ਜਲ ਦਾ ਕਟੋਰਾ ਸੀ, ਪਿੱਛੇ ਕਰਕੇ ਰੱਖ ਦਿੱਤਾ। ਕਹਿੰਦੀ ਭਾਈ! ਇਹਨੂੰ ਡੋਲ੍ਹ ਦਿਓ ਬਾਹਰ। ਡੁਲ੍ਹਾ ਦਿੱਤਾ ਆਪ ਨੇ ਜਲ। ਸੰਗਤ

ਦੇਖ ਰਹੀ ਹੈ ਬਚਨ ਕਰਦਿਆਂ ਨੂੰ ਆਪ ਨੂੰ। ਸਮਝ 'ਚ ਆ ਨਹੀਂ ਰਹੇ। ਉਸ ਵੇਲੇ ਜਦੋਂ ਸ਼ਬਦ ਦੀ ਸਮਾਪਤੀ ਹੋਈ, ਸੰਸਾ ਦੇਖ ਕੇ ਮਹਾਰਾਜ ਜੀ ਨੇ ਸੰਗਤ ਦਾ ਕਹਿਣ ਲੱਗੇ, ਗੁਰਸਿੱਖੋ! ਕੀ ਸੰਸਾ ਹੈ? ਇੱਕ ਗੁਰਸਿੱਖ ਖੜ੍ਹਾ ਹੋ ਗਿਆ ਹੱਥ ਬੰਨ੍ਹ ਕੇ ਕਿ ਪਾਤਸ਼ਾਹ! ਆਪ ਦੇ ਵਾਸਤੇ ਇਹ ਬੱਚਾ ਜਲ ਲੈ ਕੇ ਆਇਆ ਹੈ ਤੇ ਆਪ ਮੈਂ ਪਹਿਲਾਂ ਕੋਈ ਬਚਨ ਕਰੇ ਨੇ, ਪਹਿਲਾਂ ਜਲ ਆਪ ਨੇ ਇਸ ਕੋਲੋਂ ਫੜ ਲਿਆ ਫੇਰ ਰਖਾ ਦਿਤਾ, ਫੇਰ ਡੁਲ੍ਹਾ ਦਿੱਤਾ? ਇਹ ਗੱਲ ਸਾਡੇ ਸਮਝ ਵਿਚ ਨਹੀਂ ਆਈ। ਮਹਾਰਾਜ ਕਹਿੰਦੇ, ਕਿਉਂ ਭਾਈ ਗੁਰਮੁਖੋ! ਤੁਹਾਡੇ ਵਿਚ ਕੋਈ ਐਸਾ ਹੈ ਜਿਹਨੇ ਮੁਰਦੇ ਨਾਲ ਛੋਹਿਆ ਹੋਇਆ ਜਲ ਪੀਤਾ ਹੋਵੇ। ਕਹਿੰਦੇ, ਸੱਚੇ ਪਾਤਸ਼ਾਹ! ਮੁਰਦੇ ਨਾਲ ਜਲ ਛੋਹਿਆ ਤਾਂ ਇਕ ਪਾਸੇ ਰਿਹਾ ਅਸੀਂ ਤਾਂ ਜੇ ਮੁਰਦੇ ਦੇ ਪਿੱਛੇ ਸ਼ਮਸ਼ਾਨ ਭੂਮੀ ਤਕ ਜਾਈਏ, ਜਦੋਂ ਤੱਕ ਵਸਤਰਾਂ ਸਹਿਤ ਇਸ਼ਨਾਨ ਨਹੀਂ ਕਰਦੇ ਜਾਂ, ਪੰਜ ਇਸ਼ਨਾਨਾ ਨਹੀਂ ਕਰਦੇ, ਓਨੀਂ ਦੇਰ ਤਕ ਅਸੀਂ ਜਲ ਤੇ ਅੰਨ ਨੂੰ ਮੂੰਹ ਨਹੀਂ ਲਾਉਂਦੇ, ਕਿਉਂਕਿ ਸਾਡਾ ਸਰੀਰ ਅਪਵਿੱਤਰ ਹੋਇਆ ਹੁੰਦਾ ਹੈ। ਮਹਾਰਾਜ ਕਹਿੰਦੇ, ਫੇਰ ਭਾਈ ਅਸੀਂ ਕਿਵੇਂ ਜਲ ਪੀ ਲੈਂਦੇ? ਸਾਰੇ ਹੈਰਾਨ ਹੋ ਗਏ ਕਿ ਮਹਾਰਾਜ ਤਾਂ ਇੱਕ ਪਾਸੇ ਮੁਰਦੇ ਦੀ ਗੱਲ ਕਰਦੇ ਨੇ। ਇੱਕ ਪਾਸੇ ਅਮੀਰ ਬੱਚਾ ਹੈ ਐਨਾ ਖ਼ੂਬਸੂਰਤ।ਸਾਰਿਆਂ ਦੇ ਮਨ ਦਾ ਸ਼ੰਕਾ ਦੇਖ ਕੇ ਮਹਾਰਾਜ ਕਹਿਣ ਲੱਗੇ, ਤੁਹਾਨੂੰ ਗੁਰੂ ਨਾਨਕ ਦਾ ਸੰਦੇਸ਼ ਭੁੱਲ ਗਿਆ ਭਾਈ? ਕੋਈ ਵੀ ਨਹੀਂ ਜਿਹਦੇ ਯਾਦ ਹੋਵੇ? ਸਾਰੇ ਨੀਵੀਆਂ ਪਾ ਗਏ ਕਹਿਣ ਲੱਗੇ ਪਾਤਸ਼ਾਹ! ਸਾਨੂੰ ਨਹੀਂ ਪਤਾ, ਆਪ ਹੀ ਕ੍ਰਿਪਾ ਕਰਕੇ ਫੁਰਮਾਨ ਕਰੋ।

***ਧਾਰਨਾ - ਮ੍ਰਿਤਕ ਕਹੀਏ ਨਾਨਕਾ, ਜੇ ਪ੍ਰੀਤ ਨਹੀਂ ਭਗਵੰਤ।***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

*ਅੰਗ - ੨੫੩*

ਕਹਿਣ ਲੱਗੇ, ਸਾਧਸੰਗਤ ਜੀ! ਜੋ ਸੇਵਾ ਨਹੀਂ ਕਰਦਾ ਉਹ ਮੁਰਦਾ ਹੋਇਆ ਕਰਦਾ ਹੈ ਕਿਉਂਕਿ ਉਹ ਪਿਆਰ ਤੋਂ ਖਾਲੀ ਹੈ। ਪੰਜ ਸਿਫਤਾਂ ਇੱਕ ਬੰਦੇ 'ਚ ਹੋਣ, ਹੱਦ ਤੋਂ ਜ਼ਿਆਦਾ ਸੁੰਦਰ ਹੋਵੇ, ਸਾਰੇ ਲੋਕ ਦੇਖਦੇ ਹੋਣ ਕਿ ਜੀ ਇਹ ਤਾਂ ਸਾਰੀਆਂ ਦੁਨੀਆਂ ਵਿਚ ਸੁੰਦਰ ਹੈ। ਕੁਲੀਨ, ਹੋਵੇ, ਚਤੁਰ ਹੋਵੇ, ਗੱਲਬਾਤ 'ਚ ਕਿਸੇ ਨੂੰ ਬਾਰੇ ਨਾ ਆਉਣ ਦੇਵੇ। ਮੂੰਹ ਦਾ ਗਿਆਨੀ ਹੋਵੇ, ਧਨ ਉਹਦੇ ਕੋਲ ਸਾਰੀ ਦੁਨੀਆਂ ਨਾਲੋਂ ਜ਼ਿਆਦਾ ਹੋਵੇ ਪਰ ਜੇ ਪ੍ਰੀਤ ਨਹੀਂ ਉਹਦੇ ਹਿਰਦੇ 'ਚ। ਪਿਆਰਿਓ! ਇਸ ਬੱਚੇ ਨੇ ਕਦੇ ਸੇਵਾ ਨਹੀਂ ਕਰੀ। ਮਨ 'ਚ ਪਿਆਰ ਹੁੰਦਾ ਤਾਂ ਸੇਵਾ ਕਰਦਾ। ਪਿਆਰ ਤੋਂ ਬਿਨਾਂ ਮੁਰਦਾ ਹੈ। ਅਸੀਂ ਏਸਨੂੰ ਪੁੱਛਿਆ ਕਿ ਕਦੇ ਹੱਥਾਂ ਦੇ ਬਰਤਨ ਮਾਂਜੇ ਹੋਣ। ਕਦੇ ਪੱਖਾ ਝੱਲਿਆ ਹੋਵੇ, ਕਦੇ ਕੋਈ ਹੋਰ ਪਾਣੀ ਪਿਲਾਉਣ ਦੀ ਸੇਵਾ ਕੀਤੀ, ਜੋੜੇ ਸਾਫ ਕਰਨ ਦੀ, ਜੋੜੇ ਸਾਂਭਣ ਦੀ ਸੇਵਾ ਕੀਤੀ ਹੋਵੇ ਤੇ ਹੱਥਾਂ ਦੇ ਨਾਲ ਦਰੀਆਂ ਵਗੈਰਾ ਵਿਛਾਈਆਂ ਹੋਣ। ਹੋਰ ਕੰਮ ਕਰਿਆ ਹੋਵੇ ਤੇ ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਤਾਂ ਅੱਜ ਪਹਿਲਾ

ਦਿਨ ਹੈ ਕਿ ਆਪ ਲਈ ਜਲ ਲਿਆ ਕੇ ਦਿੱਤਾ। ਸੋ ਇਹਦਾ ਸਰੀਰ ਜਿਹੜਾ ਹੈ ਉਹ ਸੇਵਾ ਤੋਂ ਬਗੈਰ ਅਪਵਿੱਤਰ ਹੈ। ਪਵਿੱਤਰ ਨਹੀਂ ਹੋਇਆ ਕਰਦਾ, ਭਾਈ ਗੁਰਦਾਸ ਜੀ ਦਾ ਇਸ ਤਰ੍ਹਾ ਫੁਰਮਾਨ ਹੈ –

***ਧਾਰਨਾ – ਧਿਰਕਾਰ ਹੱਥਾਂ ਪੈਰਾਂ ਨੂੰ,***
***ਬਾਝ ਗੁਰਾਂ ਦੀ ਸੇਵਾ।***

***ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।***
***ਭਾਈ ਗੁਰਦਾਸ ਜੀ ਵਾਰ 27/10***

ਸੌ ਵਾਰੀ ਫਿਟੇ ਮੂੰਹ ਕਹੋ ਇਕ ਵਾਰੀ ਧਿਰਕਾਰ।

***ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।***
***ਭਾਈ ਗੁਰਦਾਸ ਜੀ ਵਾਰ 27/10***

ਕਹਿੰਦੇ, ਧਿਰਕਾਰ ਹੈ ਉਸ ਸੀਸ ਨੂੰ ਜੋ ਗੁਰੂ ਨੂੰ ਆ ਕੇ ਨਮਸ਼ਕਾਰ ਨਹੀਂ ਕਰਦਾ। ਉਹ ਅੱਖਾਂ ਧਿਰਕਾਰਯੋਗ ਨੇ ਜਿਹੜੀਆਂ ਸਾਧਾਂ, ਸੰਤਾਂ, ਗੁਰੂ ਦੇ ਪਿਆਰਿਆਂ ਦਾ ਦਰਸ਼ਨ ਨਹੀਂ ਕਰਦੀਆਂ। ਉਹ ਕੰਨ ਧਿਰਕਾਰਯੋਗ ਨੇ ਜਿਹੜੇ ਗੁਰੂ ਦੇ ਮੰਤਰ ਨੂੰ ਸੁਣ ਕੇ ਅੰਦਰ ਧਾਰਨ ਨਹੀਂ ਕਰਦੇ। ਉਹ ਰਸਨਾ ਧਿਰਕਾਰਯੋਗ ਹੈ ਜੋ ਗੁਰੂ ਦੇ ਸ਼ਬਦ ਨੂੰ ਛੱਡ ਕੇ, ਹੋਰ ਕੱਚ-ਪੱਚ ਗਾਉਂਦੀ ਫਿਰਦੀ ਹੈ। ਕਹਿਣ ਲੱਗੇ ਕਿ ਇਹਨੇ ਤਾਂ ਕਦੇ ਸੇਵਾ ਨਹੀਂ ਕਰੀ। ਇਸ ਕਰਕੇ ਮੁਰਦਾ ਹੈ, ਮੁਰਦੇ ਨਾਲ ਛੋਹਿਆ ਹੋਇਆ ਅਸੀਂ ਪਾਣੀ ਕਿਵੇਂ ਪੀ ਲਈਏ। ਮਹਾਰਾਜ ਕਹਿੰਦੇ, ਗੁਰੂ ਘਰ ਦੇ ਅੰਦਰ ਸੇਵਾ ਪ੍ਰਧਾਨ ਹੈ। ਸਾਧਸੰਗਤ ਜੀ! ਕਿਸੇ ਕਿਸਮ ਦੀ ਸੇਵਾ ਹੋਵੇ, ਇੱਕ ਉਹ ਨੇ ਜਿਹੜੇ ਪੋਥੀਆਂ ਲਿਖਦੇ ਨੇ, ਬਾਣੀ ਲਿਖ-ਲਿਖ ਕੇ ਦਿੰਦੇ ਸੀ, ਪ੍ਰੈਸ ਤਾਂ ਓਦੋਂ ਹੁੰਦੇ ਨਹੀਂ ਸੀ। ਉਹ ਦਿਨ ਰਾਤ ਬਾਣੀ ਲਿਖਦੇ ਰਹਿੰਦੇ ਸੀ। ਗੁਟਕੇ ਲਿਖੀ ਜਾਣੇ। ਜਿਹਨੇ ਕਹਿਣਾ ਭਾਈ ਮੈਨੂੰ ਗੁਟਕਾ ਚਾਹੀਦਾ ਹੈ, ਉਨ੍ਹਾ ਨੇ ਲਿਖ-ਲਿਖ ਦੇਈ ਜਾਣਾ। ਇੱਕ ਉਹ ਨੇ ਜਿਹੜੇ ਗੁਰੂ ਘਰ ਦੇ ਵਿਚ ਸੇਵਾ ਕਰਦੇ ਨੇ, ਕੋਈ ਪਸ਼ੂਆਂ ਦੀ ਸੇਵਾ ਕਰਦਾ ਹੈ, ਕੋਈ ਖੇਤੀਬਾੜੀ ਦੀ ਕਰਦਾ ਹੈ, ਇੱਕ ਉਹ ਨੇ ਜਿਹੜੇ ਸੰਸਾਰ ਦੇ ਅੰਦਰ ਸੇਵਾ ਕਰਦੇ ਨੇ। ਵਾਹਿਗੁਰੂ ਦੀ ਸੇਵਾ ਕਰਦੇ ਨੇ, ਟੀਚਰ ਨੇ, ਮਾਸਟਰ ਨੇ, ਚੰਗੀ ਤਰ੍ਹਾਂ ਦੇ ਨਾਲ ਪੜ੍ਹਾਉਂਦੇ ਹਨ, ਮਨ 'ਚ ਖਿਆਲ ਹੁੰਦਾ ਹੈ ਕਿ ਮੇਰਾ ਪੜ੍ਹਾਇਆ ਹੋਇਆ ਬੱਚਾ ਕੋਈ ਫੇਲ੍ਹ ਨਾ ਹੋਵੇ, ਡਾਕਟਰ ਹੈ ਕਿ ਮੇਰੀ ਦਿੱਤੀ ਹੋਈ ਦਵਾਈ, ਇਹਨੂੰ ਦੁਬਾਰਾ ਲੈਣ ਦੀ ਲੋੜ ਨਾ ਰਹੇ, ਇਹ ਛੇਤੀ ਤੋਂ ਛੇਤੀ ਰਾਜ਼ੀ ਹੋ ਜਾਵੇ। ਦਫਤਰ ਦੇ ਕਰਮਚਾਰੀ ਨੇ ਕਿ ਮੈਂ ਇਨ੍ਹਾਂ ਨੂੰ ਗੁਰੂ ਨਾਨਕ ਰੂਪ ਸਮਝ ਕੇ ਸੰਸਾਰ ਦੀ ਸੇਵਾ ਕਰਾ। ਪਰੇਸ਼ਾਨੀਆਂ ਘਟਾਵਾਂ ਇਨ੍ਹਾਂ ਦੇ ਕੰਮ ਕਰਾਂ। ਇਸੇ ਤਰ੍ਹਾਂ ਦੇ ਨਾਲ ਹਰ sphere ਦੇ ਅੰਦਰ ਸੇਵਾ ਹੀ ਸੇਵਾ ਹੀ ਹੈ, ਜੋ ਵੀ ਸੇਵਾ ਕਰਦਾ ਹੈ ਕਹਿੰਦੇ ਉਹ ਪ੍ਰਵਾਨ ਹੈ ਦਰਗਾਹ ਦੇ ਅੰਦਰ ਤੇ ਜਿਹੜਾ ਸੇਵਾ ਨਹੀਂ ਕਰਦਾ ਉਹ ਪ੍ਰਵਾਨ ਨਹੀਂ ਹੋਇਆ। ਗੁਰੂ ਘਰ ਦੇ ਵਿਚ ਆਪ ਸੇਵਾ ਕਰਕੇ ਦਿਖਾਓ। ਆਪ ਸਭ ਨੇ ਸੇਵਾ ਕਰੀ ਹੈ ਗੁਰੂ ਅਮਰਦਾਸ ਜੀ ਨੇ ਬਾਰ੍ਹਾਂ ਸਾਲ ਉਹ ਸੇਵਾ ਕਰੀ ਜੋ ਕਰ ਹੀ ਨਹੀਂ ਸਕਦਾ ਕੋਈ। ਗੁਰੂ ਚੌਥੇ ਪਾਤਸ਼ਾਹ ਨੇ ਕਿੰਨੀ ਸੇਵਾ

ਕਰੀ, ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨੀ ਸੇਵਾ ਕਰੀ। ਮਿਸਾਲਾਂ ਨੇ।

ਇੱਕ ਵਾਰੀ ਸੰਗਤ ਦੂਰ ਤੋਂ ਆ ਰਹੀ ਹੈ, ਪਿਸ਼ਾਵਰ ਤੋਂ। ਵੱਡੀਆਂ-ਵੱਡੀਆਂ ਮੰਜ਼ਲਾਂ ਮਾਰ ਕੇ। ਲਾਹੌਰ ਆ ਕੇ ਰਾਤ ਪੈ ਗਈ ਉਨ੍ਹਾਂ ਨੂੰ ਤੇ ਰਾਤ ਨੂੰ ਫੇਰ ਆਪਸ ਵਿਚ ਸਲਾਹ ਕਰਦੇ ਨੇ ਕਿ ਕੱਲ੍ਹ ਨੂੰ ਸਵੇਰੇ ਹੀ ਤੁਰ ਕੇ ਆਪਾਂ ਐਨੇ ਸਾਝਰੇ ਚੱਲੀਏ ਕਿ ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਵਿਸ਼ਰਾਮ ਕਰੀਏ ਤੇ ਅੰਮ੍ਰਿਤ ਵੇਲੇ ਸਰੋਵਰ ਦੇ ਵਿਚੋਂ ਇਸ਼ਨਾਨ ਕਰਕੇ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਪਹਿਲਾਂ ਸ਼ਬਦ ਸੁਣੀਏ ਆਸਾ ਜੀ ਦੀ ਵਾਰ ਦੇ ਫੇਰ ਕਥਾ ਵਗੈਰਾ, ਉਨ੍ਹਾਂ ਦੇ ਪ੍ਰਵਚਨ ਸੁਣੀਏ। ਬੜੀ ਹਿੰਮਤ ਦੇ ਨਾਲ ਆਏ, 35 ਮੀਲ ਦਾ ਸਫਰ ਸੀ। ਸੰਗ ਦੇ ਵਿਚ ਬੁੱਢੇ ਵੀ ਸਨ, ਬੀਬੀਆਂ ਵੀ ਸੀ, ਬੱਚੇ ਵੀ ਸੀ ਤੇ ਭਾਈ ਵੱਡੇ ਜੁਆਨ ਵੀ ਸੀ। ਬੜੀ ਤੇਜ਼ੀ ਦੇ ਨਾਲ ਆਉਂਦੇ-ਆਉਂਦੇ ਰਾਤ ਪੈ ਗਈ ਉਨ੍ਹਾਂ ਨੂੰ ਤੇ ਮਨ ਵਿਚ ਖਿਆਲ ਹੋ ਗਿਆ ਕਿ ਹੁਣ ਸਾਡੇ ਤੋਂ ਜਾ ਨਹੀਂ ਹੋਣਾ। ਇੱਕ ਤਾਂ ਰਸਤੇ 'ਚ ਕੁਛ ਪ੍ਰਸ਼ਾਦ ਪਾਣੀ ਨਹੀਂ ਛਕਿਆ। ਇੱਕ ਥੱਕ ਗਏ ਤੇ ਅਜੇ ਅੰਮ੍ਰਿਤਸਰ ਕਾਫੀ ਦੂਰ ਹੈ। ਓਧਰ ਇਹ ਉਨ੍ਹਾਂ ਦੇ ਮਨ ਵਿਚ ਹੈ, ਓਧਰ ਗੁਰੂ ਪੰਜਵੇਂ ਪਾਤਸ਼ਾਹ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਸੀਂ ਗੁਪਤ ਰੂਪ ਦੇ ਅੰਦਰ ਇੱਕ ਪਤੀਲਾ 'ਦਾਲੇ' ਦਾ ਤੇ ਇੱਕ ਟੋਕਰਾ 'ਪ੍ਰਸ਼ਾਦਿਆਂ' ਦਾ ਤਿਆਰ ਕਰਾਓ, ਦਸਣਾ ਨਹੀਂ ਕਿਸੇ ਨੂੰ, ਆਪਾਂ ਜਾਣਾ ਹੈ ਬਾਹਰ। ਮਾਤਾ ਜੀ ਨੇ ਆਪਣੇ ਹੱਥਾਂ ਦੇ ਨਾਲ ਪ੍ਰਸ਼ਾਦੇ ਲਾਹੇ ਦੇਗਾ ਤਿਆਰ ਕਰਿਆ, ਕਿਸੇ ਨੂੰ ਨਹੀਂ ਪਤਾ ਕਿ ਲੰਗਰ 'ਚ ਭੇਜਣਾ ਹੋਣਾ, ਸਾਰੇ ਧਿਆਨ ਨਹੀਂ ਦਿੰਦੇ ਹੁੰਦੇ। ਕੋਈ ਟਾਂਵਾਂ-ਟਾਂਵਾਂ ਹੁੰਦਾ ਹੈ ਜਿਹੜਾ ਬੰਦਾ ਧਿਆਨ ਦੇਵੇ। ਕਿਸੇ ਨੇ ਵੀ ਧਿਆਨ ਨਾ ਦਿੱਤਾ। ਜਦੋਂ ਸ਼ਾਮ ਹੋ ਗਈ ਜਿਉਂ ਹਨ੍ਹੇਰਾ ਹੋਣ ਲੱਗਿਆ। ਓਸ ਵੇਲੇ ਮਹਾਰਾਜ ਜੀ ਨੇ ਭੇਸ ਬਦਲ ਲਿਆ ਤੇ ਸਿੱਧੇ ਸਾਧੇ ਵਸਤਰ ਪਹਿਨ ਕੇ ਮਡਾਸਾ ਮਾਰ ਲਿਆ ਸਿਰ ਦੇ ਉੱਤੇ ਤੇ ਪੱਲਾ ਮੂੰਹ ਦੇ ਉੱਤੇ ਦੇ ਲਿਆ। ਕੇਵਲ ਅੱਖਾਂ-ਅੱਖਾਂ ਨੰਗੀਆਂ ਰਹਿ ਗਈਆਂ ਤੇ ਆਪ ਨੇ ਟੋਕਰਾ ਚੁੱਕਿਆ ਪ੍ਰਸ਼ਾਦਿਆਂ ਦਾ, ਇਸੇ ਤਰਾਂ ਮਾਤਾ ਜੀ ਨੇ ਦੇਗਾ ਚੁੱਕਿਆ, ਭੇਸ ਬਦਲ ਲਿਆ ਥੋੜ੍ਹਾ ਸੇਵਾਦਾਰਾਂ ਤੋਂ। ਕਿਸੇ ਦੇ ਧਿਆਨ ਵਿਚ ਨਾ ਆਏ, ਦੋ ਪੱਖੇ ਮੋਢਿਆਂ 'ਚ ਪਾ ਲਏ, ਇਸੇ ਤਰ੍ਹਾਂ ਚਲਦੇ-ਚਲਦੇ ਓਧਰੋਂ ਸੰਗਤ ਆ ਰਹੀ ਹੈ, ਏਧਰੋਂ ਕਾਹਲੀ ਨਾਲ ਗੁਰੂ ਮਹਾਰਾਜ ਜਾ ਰਹੇ ਨੇ ਤੇ ਪਿੱਪਲੀ ਸਾਹਿਬ ਪਹੁੰਚਦੇ ਨੇ, ਉਹ ਵੀ ਪਹੁੰਚ ਗਏ ਤੇ ਇਹ ਵੀ ਪਹੁੰਚ ਗਏ। ਕੋਲ ਖੂਹ ਸੀਗਾ ਤੇ ਉਸ ਵੇਲੇ ਬਚਨ ਹੋਣ ਲੱਗ ਗਏ, ਜਿਹੜੇ ਬਿਰਧ ਸੀ ਸੰਗ ਦੇ ਅੰਦਰ ਕਹਿਣ ਲੱਗੇ, ਹੁਣ ਨਹੀਂ ਹਿੰਮਤ ਰਹੀ ਜਾਣ ਦੀ। ਕਿੰਨੀ ਕੁ ਦੂਰ ਹੈ ਇਥੋਂ ਅੰਮ੍ਰਿਤਸਰ, ਜਥੇਦਾਰ ਨੇ ਦੱਸਿਆ ਕਿ ਅਜੇ ਤਾਂ ਐਨਾ ਫਾਸਲਾ ਹੈ, ਕਹਿੰਦੇ ਨਾ-ਨਾ ਹੁਣ ਨਹੀਂ ਜਾ ਹੋਣਾ। ਇੱਕ ਤਾਂ ਭੁੱਖੇ ਹਾਂ, ਪ੍ਰਸ਼ਾਦੇ ਦਾ ਬੰਦੋਬਸਤ ਕੋਈ ਹੈ ਨਹੀਂ, ਰਸਤੇ ਵਿਚ ਵੀ ਨਹੀਂ ਛਕਿਆ, ਇੱਥੇ ਵੀ ਕੋਈ ਬੰਦੋਬਸਤ ਹੈ ਨਹੀਂ। ਆਹ ਖੂਹ ਤਾਂ ਹੈਗਾ ਇਸ਼ਨਾਨ ਕਰਨ ਨੂੰ, ਇਥੇ ਇਸ਼ਨਾਨ ਕਰਕੇ ਅੰਮ੍ਰਿਤ ਵੇਲੇ ਚੱਲਾਂਗੇ। ਕੁਛ ਪੈ ਕੇ ਥੋੜ੍ਹਾ ਬਹੁਤਾ ਆਰਾਮ ਆ ਜਾਏਗਾ। ਅਜੇ ਕੋਈ ਫੈਸਲਾ ਨਹੀਂ ਸੀ ਹੋ ਰਿਹਾ। ਬਾਤਾਂ

ਹੀ ਹੋ ਰਹੀਆਂ ਸੀ ਤੇ ਇਧਰੋਂ ਮਹਾਰਾਜ ਪਹੁੰਚ ਗਏ, ਕਹਿਣ ਲੱਗੇ, ਗੁਰਸਿੱਖੋ! ਲੰਗਰ ਆ ਗਿਆ ਭਾਈ ਤੁਹਾਡੇ ਛਕਣ ਵਾਸਤੇ, ਸਾਵਧਾਨ ਰਹੋ, ਪੰਜ ਇਸ਼ਨਾਨੇ ਕਰੋ। ਅੱਗੇ ਵਧਿਆ ਇੱਕ ਸਿੰਘ ਤੇ ਉਸਨੇ ਮਹਾਰਾਜ ਜੀ ਦੇ ਸੀਸ ਤੋਂ ਟੋਕਰਾ ਉਤਰਵਾ ਲਿਆ, ਦੂਸਰਾ ਮਾਈ ਨੇ, ਮਾਤਾ ਜੀ ਦੇ ਸੀਸ ਤੋਂ ਜਿਹੜਾ ਦੇਗਾ ਸੀ ਉਹ ਉਤਰਵਾ ਲਿਆ, ਉਸ ਵੇਲੇ ਮਹਾਰਾਜ ਜੀ ਇੱਕ ਦਮ ਖੂਹ 'ਤੇ ਗਏ, ਡੋਲ ਫੜਿਆ, ਆਪ ਪਾਣੀ ਕੱਢਦੇ ਨੇ, ਮਾਤਾ ਗੰਗਾ ਜੀ ਸਾਰਿਆਂ ਦੇ ਚਰਨਾਂ 'ਤੇ ਜਲ ਪਾਉਂਦੀ ਹੈ ਨਾਲ ਚਰਨ ਧੋਈ ਜਾਂਦੀ ਹੈ, ਜਲ ਛਕਾਇਆ, ਕੁਰਲੇ ਕਰਾਏ, ਪੰਜ ਇਸ਼ਨਾਨੇ ਕਰਾਏ ਉਸ ਤੋਂ ਬਾਅਦ ਪੰਗਤ ਲਗ ਗਈ, ਉਸ ਤੋਂ ਬਾਅਦ ਪੰਗਤ ਲਗ ਗਈ, ਮਹਾਰਾਜ ਆਪ ਪ੍ਰਸ਼ਾਦੇ ਵਰਤਾਉਂਦੇ ਨੇ, ਮਾਤਾ ਜੀ ਦਾਲਾਂ ਵਰਤਾਉਂਦੇ ਨੇ। ਉਸ ਤੋਂ ਬਾਅਦ ਸੰਗਤ ਨੇ ਪ੍ਰਸ਼ਾਦਾ ਛਕ ਲਿਆ। ਥੋੜ੍ਹਾ ਵਿਸ਼ਰਾਮ ਕਰਨ ਵਾਸਤੇ ਬੈਠੇ ਨੇ ਕਿ ਸਲਾਹ ਕਰੀਏ ਕਿ ਹੁਣ ਕਿਵੇਂ ਕਰਨਾ ਹੈ। ਕਹਿੰਦੇ, ਲੈ ਬਈ ਆਹ ਗੁਰਸਿੱਖ ਤਾਂ ਬੜਾ ਭਲਾ ਬੰਦਾ ਹੈ ਵਿਚਾਰਾ, ਪ੍ਰਸ਼ਾਦਾ ਲੈ ਆਇਆ। ਮਹਾਰਾਜ ਜੀ ਨੇ ਸਾਡੇ ਵਾਸਤੇ ਪ੍ਰਸ਼ਾਦੇ ਭੇਜ ਦਿੱਤੇ, ਆਪ ਅੰਤਰਜਾਮੀ ਨੇ। ਐਸੇ ਬਚਨ ਕਰਨ ਲਗ ਗਏ, ਆਪਣੇ-ਆਪਣੇ ਸੁਣਾਉਣ ਲਗ ਗਏ ਕਿ ਮੈਂ ਜਦੋਂ ਮਹਾਰਾਜ ਜੀ ਕੋਲ ਆਇਆ ਸੀ ਮੇਰੇ ਨਾਲ ਐਸ ਤਰ੍ਹਾਂ ਹੋਇਆ, ਜਦ ਮੈਂ ਆਇਆ ਸੀ ਏਸ ਤਰ੍ਹਾਂ ਹੋਇਆ। ਬਚਨ ਕਰਦੇ ਰਹੇ, ਜਥੇਦਾਰ ਨੇ ਕਿਹਾ ਕਿ ਦੱਸੋ ਹੁਣ ਕੀ ਸਲਾਹ ਹੈ, ਕਹਿੰਦੇ ਹੁਣ ਤਾਂ ਤਕੜੇ ਹੋ ਗਏ ਆਪਾਂ ਪ੍ਰਸ਼ਾਦੇ ਛਕ ਕੇ। ਹੁਣ ਇਥੇ ਨਾ ਵਿਸ਼ਰਾਮ ਕਰੀਏ, ਹੁਣ ਜਾ ਕੇ ਪ੍ਰਕਰਮਾ 'ਚ ਕਰੀਏ, ਮਾਤਾ ਜੀ ਤੇ ਮਹਾਰਾਜ ਜੀ ਪੱਖੇ ਹੱਥਾਂ ਵਿਚ ਨੇ, ਗਰਮੀ ਦਾ ਮਹੀਨਾ ਹੈ ਤੇ ਝੱਲੀ ਜਾਂਦੇ ਨੇ। ਸਾਰਿਆਂ ਦੀ ਸਲਾਹ ਹੋਈ ਤਾਂ ਮਹਾਰਾਜ ਜੀ ਕਹਿਣ ਲੱਗੇ ਕਿ ਠੀਕ ਹੈ ਪਿਆਰਿਓ! ਸਫਰ ਹੁਣ ਨਿਕਲ ਜਾਏਗਾ, ਚਲੋ। ਜੱਥਾ ਅੱਗੇ ਹੋ ਗਿਆ। ਬਰਤਨ ਮਹਾਰਾਜ ਜੀ ਨੇ ਇੱਕ ਟੋਕਰੇ 'ਚੋਂ ਪਾ ਕੇ ਦੇਗਾ ਸਿੰਘ ਨੂੰ ਚੁਕਾ ਦਿੱਤੇ ਤੇ ਆਪ ਪੱਖੇ ਲੈ ਕੇ ਬੜੀ ਤੇਜ਼ੀ ਦੇ ਨਾਲ ਚਾਰੇ ਪਾਸੇ ਘੁੰਮ-ਘੁੰਮ ਕੇ ਸਭ ਨੂੰ ਪੱਖੇ ਦੀ ਝਾਲ ਮਾਰਦੇ ਨੇ। ਦਰਬਾਰ ਸਾਹਿਬ ਪਹੁੰਚੇ ਤੇ ਉਥੇ ਮਹਾਰਾਜ ਜੀ ਜਾਣੂੰ ਸੀ, ਕਹਿਣ ਲੱਗੇ ਆਓ ਤੁਹਾਨੂੰ ਦੱਸੀਏ ਕਿ ਟਿਕਾਣਾ ਕਿੱਥੇ ਪੈਣਾ। ਇੱਕ ਥਾਂ ਕਿਤੇ ਵਿਹਲਾ ਸੀ ਉਥੇ ਮਹਾਰਾਜ ਜੀ ਲੈ ਗਏ, ਲਿਜਾ ਕੇ ਕਿਹਾ ਐਥੇ ਤੁਸੀਂ ਪੈ ਜਾਓ। ਕਈ ਕਹਿਣ ਲੱਗੇ ਕਿ ਅਸੀਂ ਥੱਕ ਬਹੁਤ ਗਏ, ਕਹਿੰਦੇ ਕੋਈ ਨਹੀਂ ਅਸੀਂ ਤੁਹਾਡੇ ਚਰਨ ਨਪਦੇ ਹਾਂ। ਮਾਤਾ ਜੀ ਬੀਬੀਆਂ ਦੇ ਚਰਨ, ਲੱਤਾਂ ਵਗੈਰਾ ਘੁੱਟਣ ਲਗ ਗਏ। ਗੁਰੂ ਮਹਾਰਾਜ ਸੱਚੇ ਪਾਤਸ਼ਾਹ ਸੰਗਤ ਦੇ, ਜਿਹਨੂੰ ਨੀਂਦ ਆਈ ਜਾਵੇ, ਦੂਸਰੇ ਕੋਲ ਮਹਾਰਾਜ ਜੀ ਚਲੇ ਜਾਣ। ਇਕ ਬਿਰਧ ਬਹੁਤ ਥੱਕਿਆ ਹੋਇਆ ਸੀ, ਅੰਮ੍ਰਿਤ ਵੇਲਾ ਹੋ ਗਿਆ ਤੇ ਉਹਨੂੰ ਨੀਂਦ ਨਹੀਂ ਆ ਰਹੀ। ਮਾਤਾ ਜੀ ਪੱਖਾ ਝੱਲ ਰਹੇ ਨੇ, ਮਹਾਰਾਜ ਜੀ ਉਹਨੂੰ ਨੱਪ ਰਹੇ ਨੇ ਤੇ ਏਧਰਲੇ ਪਾਸੇ ਸੰਗਤ ਖੜ੍ਹੀ ਹੈ ਕਿ ਗੁਰੂ ਮਹਾਰਾਜ ਜੀ ਨੇ ਬਾਹਰ ਆਉਣਾ ਹੈ ਤੇ ਦਰਬਾਰ ਸਾਹਿਬ 'ਚ ਜਾਣ ਦਾ ਸਮਾਂ ਹੋ ਗਿਆ। ਪਤਾ ਮੰਗਾਇਆ ਤਾਂ ਉਹ ਕਹਿੰਦੇ ਗੁਰੂ ਮਹਾਰਾਜ ਤਾਂ ਸ਼ਾਮ ਦੇ ਹੀ ਹਨ ਇੱਥੇ। ਪਤਾ ਨਹੀਂ ਕਿੱਥੇ

ਗਏ ਨੇ, ਮਾਤਾ ਜੀ ਵੀ ਨਹੀਂ ਹਨ। ਭਾਈ ਗੁਰਦਾਸ ਜੀ ਕਹਿਣ ਲੱਗੇ, ਬਾਬਾ ਬੁੱਢਾ ਜੀ! ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਦਾ ਵਰਦਾਨ ਹੈ ਕਿ ਤੁਹਾਡੀ ਨਿਗ੍ਹਾ 'ਚੋਂ ਗੁਰੂ ਕਦੇ ਵੀ ਲਾਂਭੇ ਨਹੀਂ ਹੋਏਗਾ, ਹਰ ਵਕਤ ਤੁਹਾਨੂੰ ਗੁਰੂ ਦੇ ਦਰਸ਼ਨ ਹੁੰਦੇ ਰਹਿਣਗੇ। ਨਾਲ ਇਹ ਵੀ ਪਤਾ ਲੱਗੇਗਾ ਕਿ ਗੁਰੂ ਐਸ ਵੇਲੇ ਕਿੱਥੇ ਹੈ। ਕਹਿਣ ਲੱਗੇ ਸਾਧਸੰਗਤ ਜੀ! ਇਹ ਤਾਂ ਤੁਹਾਡੀਆਂ ਵਡਿਆਈ ਦੇਣ ਵਾਲੀਆਂ ਗੱਲਾਂ ਨੇ। ਮੈਂ ਵੀ ਤੁਹਾਡੇ ਵਰਗਾ ਹੀ ਹਾਂ, ਮੈਂ ਕਿਹੜਾ ਕੋਈ ਖਾਸ ਹਾਂ। ਆਓ ਮਹਾਰਾਜ ਨੂੰ ਇੱਥੇ ਤੁਰ ਫਿਰ ਕੇ ਦੇਖ ਲੈਂਦੇ ਹਾਂ ਕਿਤੇ ਸੰਗਤ ਵਿਚ ਹੋਣਗੇ। ਉਸ ਵੇਲੇ ਜਿਹੜੇ ਮੁਖੀ ਗੁਰਸਿਖ ਸੀ ਭਾਈ ਗੁਰਦਾਸ ਵਗੈਰਾ ਵਰਗੇ, ਬਾਬਾ ਜੀ ਦੇ ਪਿੱਛੇ ਹੋ ਗਏ, ਬਾਬਾ ਜੀ ਹੌਲੀ-ਹੌਲੀ ਪ੍ਰਕਰਮਾਂ ਦੇ ਵਿਚ ਘੁੰਮਦੇ ਫਿਰਦੇ ਉਥੇ ਹੀ ਜਾ ਰਹੇ। ਜਿੱਥੇ ਗੁਰੂ ਮਹਾਰਾਜ ਨੱਪ ਰਹੇ ਨੇ, ਘੁੱਟ ਰਹੇ ਨੇ ਤੇ ਮਾਤਾ ਜੀ ਪੱਖਾ ਝੱਲੀ ਜਾਂਦੇ ਨੇ ਤੇ ਉਸ ਵੇਲੇ ਉਹ ਬਿਰਧ ਕਹਿੰਦਾ ਹੈ ਕਿ ਗੁਰਸਿੱਖਾ ਕਿੰਨੇ ਘੰਟੇ ਤੋਂ ਤੂੰ ਮੈਨੂੰ ਨੱਪ ਰਿਹਾ ਹੈਂ, ਮੈਨੂੰ ਨੀਂਦ ਨਹੀਂ ਆਉਂਦੀ, ਮੈਨੂੰ ਤੂੰ ਆਪਣਾ ਨਾਉਂ ਤਾਂ ਦਸ ਦੇ, ਮੈਂ ਜਦੋਂ ਗੁਰੂ ਸਾਹਿਬ ਦੇ ਕੋਲ ਦਰਸ਼ਨ ਕਰਾਂਗਾ, ਤਾਂ ਮੈਂ ਤੇਰਾ ਜ਼ਿਕਰ ਜ਼ਰੂਰ ਕਰਨਾ ਹੈ। ਤੂੰ ਕਿੰਨੀ ਸੇਵਾ ਕਰੀ ਹੈ, ਸਾਡੇ ਨਾਲ ਹੀ ਪਹਿਲਾਂ ਤੁਰ ਕੇ ਆਇਆ ਹੈਂ। ਪਹਿਲਾਂ ਪ੍ਰਸ਼ਾਦੇ ਛਕਾਏ ਨੇ, ਫੇਰ ਤੂੰ ਚਰਨ ਵਗੈਰਾ ਧੋਤੇ। ਫੇਰ ਪੱਖਾ ਝੱਲਦਾ ਰਿਹਾ ਹੈਂ, ਹੁਣ ਆ ਕੇ ਨੱਪੀ ਜਾਂਦਾ ਹੈਂ, ਅਥੱਕ ਹੈ ਤੂੰ। ਉਹ ਕਹਿੰਦੇ, ਬਾਬਾ ਕੋਈ ਗੱਲ ਨਹੀਂ, ਗੁਰੂ ਸਾਹਿਬ ਤਾਂ ਸਭ ਕੁਛ ਜਾਣਦੇ ਨੇ। ਕਹਿੰਦੇ, ਇਹ ਤਾਂ ਮੈਂ ਮੰਨਦਾ ਹਾਂ ਕਿ ਉਹ ਜਾਣਦੇ ਨੇ। ਪਰ ਸਾਡਾ ਵੀ ਫਰਜ਼ ਹੈ, ਅਸੀਂ ਤੇਰਾ ਨਾਉਂ ਤਾਂ ਲਾਵਾਂਗੇ, ਕੁਛ ਥਹੁ ਪਤਾ ਅੱਗਾ, ਪਿੱਛਾ ਸਾਨੂੰ ਦਸ ਤਾਂ ਸਹੀ? ਮਹਾਰਾਜ ਜੀ ਚੁੱਪ ਨੇ, ਉਸ ਵੇਲੇ ਬਾਬਾ ਬੁੱਢਾ ਜੀ ਨੇੜੇ ਆ ਗਏ, ਨੇੜੇ ਆ ਕੇ ਜਿਉਂ-ਜਿਉਂ ਹੇਠਾਂ ਨੂੰ ਦੇਖਦੇ ਨੇ, ਮਹਾਰਾਜ ਜੀ ਨੇ ਹੋਰ ਨੀਵੀਂ ਪਾ ਲਈ, ਛੁਪ ਕਿੱਥੋਂ ਸਕਦੇ ਨੇ। ਉਸੇ ਵੇਲੇ ਬਾਬਾ ਜੀ ਚਰਨਾਂ 'ਤੇ ਢਹਿ ਪਏ, ਸੱਚੇ ਪਾਤਸ਼ਾਹ! ਐਨੇ ਗੁਰਸਿੱਖਾਂ ਦੇ ਹੁੰਦਿਆਂ ਅੱਜ ਸ਼ਾਮ ਤੋਂ ਤੁਸੀਂ ਇਹ ਕੰਮ ਕਰ ਰਹੇ ਓਂ? ਐਨੇ ਗੁਰਸਿੱਖ ਨੇ ਜਿਹੜੇ ਸੇਵਾ ਕਰ ਸਕਦੇ ਨੇ, ਪਾਤਸ਼ਾਹ ਆਪ ਹੁਕਮ ਦੀ ਦੇਰ ਸੀ। ਸੰਗਤਾਂ ਨੂੰ ਲੈ ਵੀ ਆਉਂਦੇ, ਸਵਾਰੀਆਂ ਵੀ ਭੇਜ ਦਿੰਦੇ, ਪ੍ਰਸ਼ਾਦੇ ਵੀ ਪਹੁੰਚ ਜਾਂਦੇ, ਤੇ ਤੁਸੀਂ ਆਪ ਐਨੀ ਖੇਚਲ ਕਰੀ? ਉਸ ਵੇਲੇ ਉਹ ਜਿਹੜਾ ਬਿਰਧ ਸੀ ਉੱਠ ਕੇ ਰੋਣ ਲਗ ਗਿਆ। ਸੰਗਤ ਸਾਰੀ ਉਠ ਖੜ੍ਹੀ, ਹੈਰਾਨ ਹੋ ਗਏ ਕਿ ਕੱਲ੍ਹ ਤੋਂ ਅਸੀਂ ਗੁਰੂ ਸਾਹਿਬ ਤੋਂ ਸੇਵਾ ਕਰਾ ਰਹੇ ਹਾਂ ਤੇ ਉਸ ਵੇਲੇ ਬੜਾ ਬੈਰਾਗ ਆ ਗਿਆ ਸੰਗਤ ਦੇ ਮਨ 'ਚ। ਚਰਨਾਂ 'ਤੇ ਢਹਿ ਪਏ। ਏਧਰ ਮਹਾਰਾਜ ਜੀ ਕਹਿਣ ਲੱਗੇ, ਭਾਈ ਗੁਰਦਾਸ ਜੀ ਤੁਸੀਂ ਤਾਂ ਸੇਵਾ ਕਰਦੇ ਰਹਿੰਦੇ ਓਂ, ਪਰ ਜੇ ਅਸੀਂ ਕਦੇ ਭੁੱਲ ਭੁਲਾ ਕੇ ਸੇਵਾ ਕਰਨ ਲੱਗੀਏ ਤੇ ਤੁਸੀਂ ਸਾਨੂੰ ਸੇਵਾ ਨਹੀਂ ਕਰਨ ਦਿੰਦੇ। ਅਸੀਂ ਤਾਂ ਸੇਵਾ ਕਰਕੇ ਨਿਹਾਲ ਹੁੰਦੇ ਹਾਂ, ਮਹਾਨ ਖੁਸ਼ ਹੁੰਦੇ ਹਾਂ -

***ਧਾਰਨਾ - ਹੋਵਾਂ ਮੈਂ ਨਿਹਾਲ ਪਾਣੀ ਪੱਖਾ ਪੀਸਣ ਪੀਸ ਕੇ।***

ਕਹਿਣ ਲੱਗੇ -

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥*

*ਅੰਗ - 811*

ਬਾਬਾ ਜੀ ਤੁਸੀਂ ਮੈਨੂੰ ਸੇਵਾ ਨਹੀਂ ਕਰਨ ਦਿੰਦੇ ਤੇ ਮੇਰਾ ਵੀ ਤਾਂ ਫਰਜ਼ ਬਣਦਾ ਹੈ ਜਦੋਂ ਸੰਗਤਾਂ ਸੇਵਾ ਕਰਦੀਆਂ ਨੇ ਤੇ ਮੈਂ ਵੀ ਸੇਵਾ ਕਰਦਾ ਹਾਂ। ਕਹਿੰਦੇ ਪਾਤਸ਼ਾਹ! ਤੁਸੀਂ ਤਾਂ ਦਿਨ ਰਾਤ ਸੇਵਾ ਕਰਦੇ ਓਂ। ਦਿਨ ਰਾਤ ਬਾਣੀ ਇੱਕਠੀ ਕਰਦੇ ਓਂ, ਬਾਣੀ ਉਚਾਰਦੇ ਓਂ, ਸੰਗਤਾਂ ਦੇ ਨਾਲ ਬਚਨ ਕਰਦੇ ਓਂ। ਉਨ੍ਹਾਂ ਦਾ ਉਧਾਰ ਕਰਦੇ ਓਂ, ਐਨੀ ਸੇਵਾ ਕਰਦੇ ਫੇਰ ਹੋਰ ਸੇਵਾ ਦੀ ਕਾਹਦੀ ਲੋੜ ਹੈ। ਕਹਿੰਦੇ, ਗੁਰਸਿੱਖੋ! ਮੈਂ ਵੀ ਹੱਥਾਂ ਪੈਰਾਂ ਦੇ ਨਾਲ ਸੇਵਾ ਕਰਨੀ ਚਾਹੁੰਦਾ ਹਾਂ। ਸੋ ਗੁਰੂ ਘਰ ਦੇ ਅੰਦਰ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਸਾਧਸੰਗਤ ਜੀ! ਸੇਵਾ ਪ੍ਰਧਾਨ ਹੈ, ਸੇਵਾ ਕਰਨ ਵਾਲਾ ਜਿਹੜਾ ਹੈ ਉਹ ਵਾਹਿਗੁਰੂ ਦੇ ਦਰਜੇ ਤਕ ਪਹੁੰਚ ਜਾਂਦਾ ਹੈ -

*ਧਾਰਨਾ - ਭੇਦ ਕੋਈ ਜਾਣਹੁ ਨਾ,*
*ਸੇਵਕ ਹੈ ਰੂਪ ਹਰੀ ਦਾ।*

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - 1076*

ਸਮੁੰਦਰ 'ਚੋਂ ਲਹਿਰਾਂ ਉਠਦੀਆਂ ਨੇ, ਕਹਿੰਦੇ ਫੇਰ ਪਾਣੀ ਵਿਚ ਸਮਾਅ ਜਾਂਦੀਆਂ ਨੇ, ਇਸੇ ਤਰ੍ਹਾਂ ਸੇਵਾ ਕਰਨ ਵਾਲਾ, ਉਹਦੇ ਅੰਦਰ ਬ੍ਰਹਮਦ੍ਰਿਸ਼ਟੀ ਹੁੰਦੀ ਹੈ ਤਾਂ ਸੇਵਾ ਕਰਦਾ ਹੈ ਕਿ ਇਹ ਤਾਂ ਸਾਰੇ ਹੀ ਗੁਰੂ ਨਾਨਕ ਦਾ ਰੂਪ ਹੈ। ਗੁਰੂ ਨਾਨਕ ਦੇ ਪਿਆਰੇ ਨੇ ਮੈਂ ਇਨ੍ਹਾਂ ਦੀ ਸੇਵਾ ਕਰਾਂ। ਉਹਦੇ 'ਚ ਮਾਣ ਨਹੀਂ ਹੁੰਦਾ ਉਹਦੀ ਸੇਵਾ ਸਫਲ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਦੇ ਨਾਲ ਭਾਈ ਆਦਮ ਨੂੰ ਸਲਾਹ ਦਿਤੀ ਕਿ ਤੂੰ ਗੁਰੂ ਦੇ ਜਾ ਕੇ ਸੇਵਾ ਕਰ ਤੇ ਉਥੇ ਤੇਰੀ ਇੱਛਿਆ ਜੋ ਹੈ ਉਹ ਪੂਰੀ ਹੋ ਜਾਏਗੀ। ਘਰਵਾਲੀ ਨੂੰ ਨਾਲ ਲਿਆ ਤੇ ਲੜਕੀ ਸੀ ਇੱਕ, ਉਹ ਵੀ ਨਾਲ ਲੈ ਲਈ ਤੇ ਆਪ ਵੀ ਚੱਲਿਆ ਤੇ ਅੰਮ੍ਰਿਤਸਰ ਜਿਹਨੂੰ ਉਸ ਵੇਲੇ ਰਾਮਦਾਸਪੁਰ ਕਹਿੰਦੇ ਸੀ। ਗੁਰੂ ਚੌਥੇ ਪਾਤਸ਼ਾਹ ਸੇਵਾ ਕਰਾ ਰਹੇ ਨੇ। ਸੰਗਤਾਂ ਦੇ ਰਹਿਣ ਵਾਸਤੇ ਛੱਪਰ1 ਆਦਿ, ਮਕਾਨ ਆਦਿ ਬਣ ਰਹੇ ਨੇ ਤੇ ਏਧਰੋਂ ਭਾਈ ਆਦਮ ਆ ਕੇ ਸੇਵਾ ਕਰਦਾ ਹੈ, ਬਹੁਤ ਸੇਵਾ ਕਰ ਰਿਹਾ ਹੈ। ਇੱਕ ਭਰ੍ਹਾ ਹਰ ਰੋਜ਼ ਲੱਕੜਾਂ ਦਾ ਲੰਗਰ ਵਾਸਤੇ ਲਿਆਉਂਦਾ ਹੈ ਤੇ ਇੱਕ ਭਾਰ ਜਦੋਂ ਵਿਹਲਾ ਹੁੰਦਾ ਹੈ ਉਸ ਵੇਲੇ ਆਪਣੇ ਘਰ ਰੱਖ ਲੈਂਦਾ ਹੈ। ਬੀਬੀ ਵੀ ਬਰਤਨ ਮਾਂਜਦੀ ਰਹਿੰਦੀ ਹੈ, ਲੜਕੀ ਵੀ ਉਥੇ ਹੀ ਝਾੜੂ ਵਗੈਰਾ ਦਿੰਦੀ ਹੈ। ਦਿਨ ਰਾਤ ਸੇਵਾ ਕਰਦੇ ਨੇ, ਪ੍ਰਸ਼ਾਦਾ ਜਾ ਕੇ ਘਰ ਛਕਦੇ ਨੇ। ਇਸ ਤਰ੍ਹਾਂ ਕਰਦੇ-ਕਰਦੇ ਸਮਾਂ ਕਾਫੀ ਬੀਤ ਗਿਆ ਤੇ ਇੱਕ ਦਿਨ ਦਾ ਐਸਾ ਜ਼ਿਕਰ ਹੈ ਕਿ ਗੁਰੂ ਮਹਾਰਾਜ ਬਾਹਰ ਗਏ ਹੋਏ ਸੀ ਤੇ ਸੰਗਤ ਵੀ ਨਾਲ ਸੀ ਬਾਹਰੋਂ ਆਈ ਹੋਈ, ਜਿਨ੍ਹਾਂ 'ਚ ਬੀਬੀਆਂ ਸੀ, ਬਿਰਧ ਸੀ, ਛੋਟੇ ਬੱਚੇ ਸੀ। ਸਰਦੀ ਦਾ ਮਹੀਨਾ ਸੀ, ਪੋਹ ਦਾ

ਮਹੀਨਾ ਝੜੀ ਲੱਗੀ ਹੋਈ ਸੀ। ਛੋਟੀਆ-ਛੋਟੀਆ ਕਣੀਆਂ ਪੈਂਦੀਆਂ ਸੀ, ਉਨ੍ਹਾਂ ਦੇ ਨਾਲ ਉਨ੍ਹਾਂ ਦੇ ਵਸਤਰ ਗਿੱਲੇ ਹੋ ਗਏ, ਅੰਮ੍ਰਿਤਸਰ ਪਹੁੰਚਦੇ-ਪਹੁੰਚਦੇ ਕਾਫੀ ਗਿੱਲੇ ਹੋ ਗਏ। ਉਸ ਵੇਲੇ ਮਹਾਰਾਜ ਜੀ ਜਦੋਂ ਸੰਗਤਾਂ ਸਮੇਤ ਰਾਤ ਨੂੰ ਪਹੁੰਚਦੇ ਨੇ ਤੇ ਬਹੁਤ ਠੰਢੀ ਹਵਾ ਵਗ ਰਹੀ ਹੈ, ਸਰੀਰ ਦੇ ਵਿਚੋਂ ਨਿਕਲ ਰਹੀ ਹੈ। ਮਹਾਰਾਜ ਕਹਿਣ ਲੱਗੇ ਕਿ ਗੁਰਮੁਖੋ! ਆਹ ਸਿੱਖਾਂ ਦੀ ਕੀ ਹਾਲ ਹੋਏਗਾ ਇਨ੍ਹਾਂ ਕੋਲ ਤਾਂ ਵਸਤਰ ਵੀ ਬੜੇ ਥੋੜ੍ਹੇ ਨੇ, ਬੁਲਾਓ ਸ੍ਰੀ ਮਾਨ ਨੂੰ। ਸ੍ਰੀ ਮਾਨ ਨੂੰ ਬੁਲਾਇਆ। ਕਹਿਣ ਲੱਗੇ ਭਾਈ! ਲੱਕੜਾਂ ਦੀ ਧੂਣੀਆਂ ਲਾ ਦੇ, ਇਨ੍ਹਾਂ ਦੇ ਕਪੜੇ ਵੀ ਗਿੱਲੇ ਨੇ, ਕੁਛ ਹਵਾ ਵੀ ਬਹੁਤ ਠੰਢੀ ਚੱਲ ਰਹੀ ਹੈ। ਪਾਲੇ ਤੋਂ ਬਚ ਜਾਣਗੇ, ਗੁਰਸਿੱਖਾਂ ਦਾ ਦੁੱਖ ਮੇਰੇ ਤੋਂ ਦੇਖਿਆ ਨਹੀਂ ਜਾਂਦਾ। ਹੱਥ ਬੰਨੇ ਸ੍ਰੀ ਮਾਨ ਨੇ ਕਹਿਣ ਲੱਗਿਆ, ਪਾਤਸ਼ਾਹ! ਲੰਗਰ ਵਿਚ ਤਾਂ ਓਨੀਆਂ ਹੀ ਲੱਕੜੀਆਂ ਹੁੰਦੀਆਂ ਨੇ ਜਿੰਨੀਆਂ ਨਾਲ ਪ੍ਰਸ਼ਾਦਾ ਤਿਆਰ ਹੋ ਸਕੇ, ਹੁਣ ਤਾਂ ਕੇਵਲ ਸਵੇਰ ਵੇਲੇ ਦੇ ਪ੍ਰਸ਼ਾਦੇ ਵਾਸਤੇ ਲੱਕੜਾਂ ਰਹਿ ਗਈਆਂ। ਥੋੜ੍ਹੀਆਂ ਨੇ ਤੇ ਹੋਰ ਕੋਈ ਲੱਕੜ ਦਾ ਬੰਦੋਬਸਤ ਨਹੀਂ ਹੈ। ਐਨੇ ਬਚਨ ਹੋਏ ਤੇ ਮਹਾਰਾਜ ਕਹਿ ਕੇ ਚਲੇ ਗਏ। ਉਸ ਵੇਲੇ ਭਾਈ ਆਦਮ ਜੋ ਵਿਚ ਹੀ ਖੜ੍ਹਾ ਸੀ। ਉਹਨੇ ਸੁਣਿਆ ਤੇ ਘਰਵਾਲੀ ਨੇ ਸੁਣਿਆ, ਬੱਚੀ ਨੇ ਸੁਣਿਆ, ਘਰ ਚਲੇ ਜਾਂਦੇ ਨੇ ਤੇ ਕਹਿੰਦੇ ਹੁਣ ਸੇਵਾ ਦਾ ਮੌਕਾ ਹੈ ਅੱਜ। ਜਿੰਨਾਂ ਬਾਲਣ ਆਪਾਂ ਇਕੱਠਾ ਕਰਿਆ ਹੈ ਪੰਜ ਛੇ ਮਹੀਨੇ ਦੇ ਅੰਦਰ ਅੱਜ ਸਾਰੇ ਦੀਆਂ ਧੂਣੀਆਂ ਲਾ ਲਓ ਬਾਹਰ ਤੇ ਮਹਾਰਾਜ ਪ੍ਰਸੰਨ ਹੋ ਜਾਣਗੇ। ਕਿਉਂਕਿ ਸੇਵਾ ਓਹੀ ਸਫਲ ਹੋਇਆ ਕਰਦੀ ਹੈ। ਜਿਹਦੇ ਵਿਚ ਗੁਰੂ ਦੀ ਪ੍ਰਸੰਨਤਾ ਹੋ ਜਾਵੇ -

***ਧਾਰਨਾ - ਸਾ ਸੇਵਾ ਕੀਤੀ ਸਫਲ ਹੈ,***
***ਜਿਤੁ ਸਤਿਗੁਰ ਕਾ ਮਨ ਮੰਨੇ।***

***ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥***
***ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥***

***ਅੰਗ - 314***

ਥੋੜ੍ਹੀ ਜਿਹੀ ਸੇਵਾ ਕਰਕੇ ਵੱਡੀ ਤੋਂ ਵੱਡੀ ਚੀਜ਼ ਅਸੀਂ ਮੰਗਦੇ ਹਾਂ, ਇੱਕ ਉਹ ਹੁੰਦਾ ਹੈ ਸੇਵਾ ਕਰਕੇ ਗੁਰੂ ਦੀ ਪ੍ਰਸੰਨਤਾ ਮੰਗੀਏ। ਸੇਵਾ ਕੀਤੀ ਉਹੀ ਸਫਲ ਹੈ ਭਾਈ ਜਿਹਦੇ 'ਚ ਗੁਰੁ ਦਾ ਮਨ ਮੰਨ ਜਾਵੇ ਕਿ ਹਾਂ ਸੇਵਾ ਕੀਤਿ ਇਹਨੇ। ਜਦੋਂ ਮਨ ਮੰਨ ਗਿਆ ਤਾਂ ਸਾਰੇ ਪਾਪਾਂ ਦਾ ਖਾਤਮਾ ਗੁਰੂ ਕਰ ਦਿੰਦਾ ਹੈ। ਸਾਰਾ ਕੁਛ ਮਿਲ ਜਾਂਦਾ ਹੈ, ਫੇਰ ਜੋ ਮੰਗੇ ਓਹੀ ਚੀਜ਼ ਮਿਲ ਜਾਂਦੀ ਹੈ।

***ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥***
***ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥***

***ਅੰਗ - 1422***

***ਧਾਰਨਾ - ਮਨ ਮੰਗੀਆਂ ਮੁਰਾਦਾਂ ਪਾਵੇ,***
***ਸੇਵਾ ਕਰਕੇ ਸਤਿਗੁਰ ਦੀ।***

ਇਸ ਤਰ੍ਹਾਂ ਦੇ ਨਾਲ ਲਿਆ-ਲਿਆ ਕੇ ਲੱਕੜੀਆਂ ਧੂਣੇ ਕਰ ਦਿੱਤੇ,

ਅੰਮ੍ਰਿਤ ਵੇਲੇ ਉਠ ਕੇ ਮਹਾਰਾਜ ਜੀ ਜਦੋਂ ਇਸ਼ਨਾਨ ਕਰਦੇ ਨੇ, ਪਹਿਲਾਂ ਖਿਆਲ ਸੀ ਆਪ ਦੇ ਮਨ ਵਿਚ ਸੀ ਕਿ ਸੰਗਤਾਂ ਕਿਸ ਤਰ੍ਹਾਂ ਦੇ ਨਾਲ ਆਰਾਮ ਕਰਨਗੀਆ, ਠੰਢ ਬੜੀ ਹੈ ਤੇ ਸੇਕਣ ਨੂੰ ਕੁਛ ਨਹੀਂ ਹੈ। ਜਦੋਂ ਆਪ ਬਾਹਰ ਦੇਖਦੇ ਨੇ ਚਾਨਣਾ ਹੋਇਆ ਪਿਆ ਹੈ। ਮਹਾਰਾਜ ਜੀ ਦਾ ਚਿੱਤਾ ਅਤਿ ਪ੍ਰਸੰਨ ਹੋ ਗਿਆ ਕਿ ਕੌਣ ਹੈ ਜਿਸਨੇ ਐਨੇ ਧੂਣੇ ਲਾ ਦਿਤੇ ਤੇ ਗੁਰਸਿੱਖਾਂ ਨੂੰ ਆਰਾਮ ਪਹੁੰਚਾ ਦਿੱਤਾ। ਗੁਰੂ ਜੋ ਹੁੰਦਾ ਹੈ ਗੁਰਸਿੱਖਾਂ ਦੇ ਆਰਾਮ ਦੇ ਵਿਚ ਅਤਿ ਪ੍ਰਸੰਨ ਹੋਇਆ ਕਰਦਾ ਹੈ ਜੇ ਗੁਰਸਿੱਖਾਂ ਨੂੰ ਕੋਈ ਤੰਗ ਕਰੇ, ਨਰਾਜ਼ ਵੀ ਹੋ ਜਾਇਆ ਕਰਦੇ ਨੇ। ਸੋ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਕੇ ਹਟਿਆ, ਭੋਗ ਪਿਆ ਤੇ ਮਹਾਰਾਜ ਜੀ ਨੇ ਪਹਿਲਾਂ ਸਵਾਲ ਕਰਿਆ ਤੇ ਕਹਿਣ ਲੱਗੇ ਸਾਧਸੰਗਤ ਜੀ! ਰਾਤ ਵਾਲੇ ਪ੍ਰੇਮੀ ਜਿਹੜੇ ਨੇ, ਉਹ ਸੁਖ-ਸ਼ਾਂਤੀ ਨਾਲ ਪਏ ਭਾਈ? ਕਿਹਨੇ ਧੂਣੇ ਲਾਏ? ਉਸ ਵੇਲੇ ਕਈ ਪ੍ਰੇਮੀ ਖੜ੍ਹੇ ਹੋ ਗਏ, ਕਹਿਣ ਲੱਗੇ, ਸੱਚੇ ਪਾਤਸ਼ਾਹ! ਆਹ ਗੁਰਸਿੱਖ ਜਿਹੜਾ ਬੈਠਾ ਹੈ, ਜਾਣਕਾਰਾਂ ਨੇ ਦੱਸਿਆ ਕਿ ਮਹਾਰਾਜ! ਇਹ ਭਾਈ ਬਰਾੜ ਹੈ, ਬਠਿੰਡੇ ਜ਼ਿਲੇ ਤੋਂ ਆਇਆ ਹੋਇਆ, ਕਾਫੀ ਸਮੇਂ ਤੋਂ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਸੇਵਾ ਦੇ ਬਚਨ ਦੱਸਣ ਲਗ ਗਏ ਕਿ ਮਹਾਰਾਜ! ਬੀਬੀ ਜੋ ਹੈ ਇਸ ਦੇ ਘਰੋਂ ਸਾਰਾ ਦਿਨ ਲੰਗਰ 'ਚ ਝਾੜੂ ਦਿੰਦੀ ਹੈ, ਪੋਚੇ ਦਿੰਦੀ ਹੈ, ਸਫਾਈਆਂ ਕਰਦੀ ਹੈ, ਬਰਤਨ ਮਾਂਜਦੀ ਹੈ। ਪ੍ਰਸ਼ਾਦੇ ਲਾਹੁੰਣ ਦੇ ਵਿਚ ਹੱਥ ਵਟਾਉਂਦੀ ਹੈ ਮਾਂ ਤੇ ਧੀ, ਇਹ ਛੋਟਾ ਜਿਹਾ ਪਰਿਵਾਰ ਹੈ। ਮਹਾਰਾਜ! ਇਹ ਵੀ ਪਾਣੀ ਭਰਦਾ ਹੈ, ਹੋਰ ਬੜੀਆਂ ਸੇਵਾ ਕਰਦਾ ਹੈ ਤੇ ਉਸ ਤੋਂ ਬਾਅਦ ਜੰਗਲ 'ਚ ਚਲਿਆ ਜਾਂਦਾ ਹੈ, ਉਥੋਂ ਭਰਾ ਲੈ ਕੇ ਆਉਂਦਾ ਹੈ, ਬਹੁਤ ਭਾਰਾ ਚੁੱਕਿਆ ਨਹੀਂ ਜਾਂਦਾ, ਲਿਆ ਕੇ ਲੰਗਰ ਵਿਚ ਹਰ ਰੋਜ਼ ਬਿਨਾਂ ਨਾਗ੍ਹਾ ਲੰਗਰ ਦੇ ਵਾਸਤੇ ਬਾਹਰੋਂ ਲੈ ਕੇ ਆਉਂਦਾ ਹੈ। ਮਹਾਰਾਜ ਜੀ ਦਾ ਚਿੱਤ ਖਿੜ ਗਿਆ। ਕਹਿਣ ਲੱਗੇ, ਮਹਾਰਾਜ! ਇਹ ਇੱਕ ਭਰਾ ਘਰ ਰੱਖ ਲੈਂਦਾ ਸੀ, ਇੱਕ ਇੱਥੇ ਦਿੰਦਾ ਸੀ, ਉਹਦੇ ਵਿਚੋਂ ਕਦੇ-ਕਦੇ ਵੇਚ ਕੇ ਲੱਕੜੀ, ਉਹਦੇ ਪੈਸੇ ਲੈ ਕੇ ਉਹਦੇ ਨਾਲ ਆਪਣਾ ਨਿਰਭਾਹ ਕਰਦਾ ਸੀ, ਪ੍ਰਸ਼ਾਦਾ ਆਪਣੇ ਘਰੋਂ ਛਕਦਾ ਸੀ, ਸੇਵਾ ਇੱਥੇ ਕਰਦੇ ਰਹਿੰਦੇ ਇਹ। ਉਸ ਵੇਲੇ ਮਹਾਰਾਜ ਇਹਨੇ ਰਾਤ ਫੇਰ ਸਾਰੀਆਂ ਲੱਕੜੀਆਂ ਜਿਹੜੀਆਂ ਇਹਦੇ ਕੋਲ ਸੀ, ਸਭ ਲਿਆ ਕੇ ਇਹਨੇ ਧੂਣੇ ਲਾ ਦਿੱਤੇ। ਮਹਾਰਾਜ! ਦਾ ਚਿੱਤ ਪ੍ਰਸੰਨ ਹੋ ਗਿਆ, ਕਹਿੰਦੇ ਗੁਰਸਿੱਖਾ! ਦਸ ਬਈ ਪਿਆਰਿਆ! ਕੀ ਮੰਗ ਹੈ ਤੇਰੀ, ਜੋ ਇੱਛਿਆ ਹੈ ਉਹ ਦਸ, ਤੇਰੀ ਇੱਛਿਆ ਪੂਰੀ ਹੋ ਜਾਏਗੀ -

*ਧਾਰਨਾ - ਤੇਰੀ ਹੋ ਗਈ ਹੈ ਪ੍ਰਵਾਨ ਕੀਤੀ ਸੇਵਾ*
*ਪੂਰੀ ਤੇਰੀ ਹੋ ਜਾਊ ਇੱਛਿਆ।*

*ਹਰਿ ਕੀ ਤੁਮ ਸੇਵਾ ਕਰਹੁ*
*ਦੂਜੀ ਸੇਵਾ ਕਰਹੁ ਨ ਕੋਇ ਜੀ ॥*
*ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ*
*ਜਨਮੁ ਬਿਰਥਾ ਜਾਇ ਜੀ ॥*

*ਅੰਗ - 490*

ਉਸ ਵੇਲੇ ਆਪ ਕਹਿਣ ਲੱਗੇ ਕਿ ਦਸ ਭਾਈ ਕੀ ਚਾਹੀਦਾ ਹੈ ਤੈਨੂੰ, ਗੁਰੂ ਨਾਨਕ ਦੇ ਘਰ ਤੋਂ ਦਿਵਾਈਏ। ਸੰਗ ਗਿਆ, ਕਹਿਣ ਲੱਗਿਆ ਕਿ ਮੈਂ ਕਿਵੇਂ ਕਹਿ ਦੇਵਾਂ? ਕਹਿੰਦਾ, ਮਹਾਰਾਜ! ਨਾਮ ਦਾਨ ਦੀ ਦਾਤ ਚਾਹੀਦੀ ਹੈ। ਕਿਉਂਕਿ ਤੇਰੇ ਕੋਲ ਆ ਕੇ ਅਸੀਂ ਤੇਰੇ ਬਚਨ ਸੁਣੇ ਨੇ ਤੇ ਬਚਨ ਮੇਰੇ ਮਨ ਵਿਚ ਬੈਠ ਗਿਆ ਆਪ ਦਾ। ਚਾਹੇ ਮੈਂ ਕੋਈ ਚੀਜ਼ ਮੰਗਣ ਆਇਆ ਸੀ, ਪਰ ਹੁਣ ਮੈਨੂੰ ਸੋਝੀ ਹੋ ਗਈ ਹੈ।

***ਧਾਰਨਾ - ਵਿਣੁ ਤੁਧ ਹੋਰ ਜੇ ਮੰਗਣਾ, ਸਿਰ ਦੁਖਾਂ ਦੇ ਦੁਖ।***

***ਧਾਰਨਾ - ਉਤਰੇ ਮਨ ਕੀ ਭੁਖ, ਦੇ ਦੇ ਨਾਮ ਸੰਤੋਖੀਆ।***

ਪਾਤਸ਼ਾਹ! ਤੇਰੀ ਸ਼ਰਨ ਵਿਚ ਆ ਕੇ ਸੋਝੀ ਹੋਈ ਹੈ, ਮੰਗਾਂ ਤਾਂ ਅਸੀਂ ਬੇਅੰਤ ਮੰਗਦੇ, ਦਿਨ ਰਾਤ ਕਹਿੰਦੇ ਹਾਂ, ਦੇ ਦੇ ਦੇ ਦੇ -

***ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥***

***ਅੰਗ - 2***

ਉਹ ਦਿੰਦਾ ਜਾਂਦਾ ਹੈ, ਇਹ ਮੰਗਦਾ ਜਾਂਦਾ ਹੈ, ਮੰਗਦਾ ਹੀ ਤੁਰਿਆ ਆਉਂਦਾ ਹੈ। ਸੋ ਮਹਾਰਾਜ ਮੰਗਾਂ ਤਾਂ ਮੁਕਦੀਆਂ ਨਹੀਂ ਆਦਮੀ ਦੀਆਂ, ਪਰ ਤੇਰੇ ਕੋਲ ਆ ਕੇ ਤਾਂ ਇੱਕੋ ਮੰਗ ਰਹਿ ਗਈ, ਉਹ ਨਾਮ ਦੀ ਮੰਗ ਹੈ। ਮਹਾਰਾਜ ਕਹਿੰਦਾ, ਨਾ ਭਾਈ ਆਦਮ! ਸਹੀ-ਸਹੀ ਦਿਲ ਦੀ ਬਾਤ ਕਹਿ, ਜੋ ਤੇਰੇ ਅੰਦਰ ਹੈ। ਚੰਗਾ ਅੱਜ ਨਹੀਂ ਕਹਿ ਸਕਦਾ, ਸਵੇਰੇ ਕਹਿ ਦੇਵੀ। ਦੂਸਰੇ ਦਿਨ ਫੇਰ ਪੁਕਾਰ ਹੋਈ ਕਿ ਕੱਲ੍ਹ ਵਾਲਾ ਗੁਰਸਿੱਖ ਦੱਸੇ ਕੀ ਮੰਗਦਾ ਹੈ, ਤਿੰਨੋਂ ਖੜ੍ਹੇ ਹੋ ਗਏ, ਲੜਕੀ ਵੀ ਹੋ ਗਈ, ਘਰਵਾਲੀ ਵੀ ਹੋ ਗਈ, ਆਪ ਵੀ ਖੜ੍ਹਾ ਹੋ ਗਿਆ। ਵਿਚਾਲੇ ਲੜਕੀ ਹੈ, ਲੜਕੀ ਨੇ ਦੋਵੇਂ ਹੱਥ ਜੋੜ ਕੇ ਕਿਹਾ ਕਿ ਪਾਤਸ਼ਾਹ! ਪਿਤਾ ਦੀ ਤੇ ਮੇਰੀ ਮਾਤਾ ਦੀ ਵੱਡੀ ਉਮਰ ਹੋਣ ਕਰਕੇ ਸੰਗਦੇ ਨੇ, ਸੱਤਰ ਸਾਲ ਦੇ ਹੋ ਗਏ ਨੇ ਤੇ ਮੈਨੂੰ ਆਗਿਆ ਹੋਵੇ ਤਾਂ ਮੈਂ ਮੰਗਾਂ। ਕਹਿੰਦਾ ਹਾਂ ਬੇਟਾ।

ਕਹਿੰਦੇ, ਮੈਨੂੰ ਇੱਕ ਵੀਰ ਦੀ ਲੋੜ ਹੈ। ਇੱਕ ਭਰਾ ਦੀ ਲੋੜ ਹੈ। ਉਸ ਵੇਲੇ ਉਨ੍ਹਾਂ ਨੇ ਵੀ ਸਿਰ ਹਿਲਾ ਦਿੱਤਾ ਕਿ ਮਹਾਰਾਜ! ਆਹੀ ਮੰਗ ਸੀ ਸਾਡੀ। ਮਹਾਰਾਜ ਕਹਿੰਦੇ, ਭਾਈ ਆਦਮ! ਤੇਰੀ ਸੇਵਾ ਬਹੁਤ ਸਫਲ ਹੈ ਤੇ ਸਾਡਾ ਮਨ ਮੰਨ ਗਿਆ। ਤੈਨੂੰ ਗੁਰੂ ਨਾਨਕ ਦੇ ਘਰੋਂ ਦਿਵਾਉਣਾ ਹੈ ਪਿਆਰਿਆ ਇੱਕ ਗੱਲ ਸੁਣ ਲੈ। ਤੂੰ ਪਿਛਲੇ ਜਨਮਾਂ 'ਚ ਇੱਕ ਕਰਮ ਕਰਿਆ ਸੀ ਜਿਸਦੇ ਕਰਕੇ ਤੇਰੇ ਸੱਤ ਜਨਮ ਪੁੱਤਰ ਨਹੀਂ ਹੋਇਆ। ਮੂੰਹ ਨਹੀਂ ਦੇਖਣਾ ਤੂੰ ਸੱਤ ਜਨਮ ਪੁੱਤਰ ਦਾ। ਪਰ ਤੂੰ ਸੇਵਾ ਕਰੀ ਹੈ, ਤੇ ਜਿਹੜੀ ਮਾੜੀ ਰੇਖਾ ਸੀ, ਉਹਦੇ ਮੁਤਾਬਿਕ ਤੇਰੇ ਪੁੱਤਰ ਨਹੀਂ ਹੋਣਾ ਸੀ। ਪਰ ਅਸੀਂ ਏਸ ਤਰ੍ਹਾਂ ਕਰ ਲੈਂਦੇ ਹਾਂ ਕਿ ਤੇਰੀ ਸੇਵਾ 'ਤੇ ਮੈਂ ਏਨਾ ਪ੍ਰਸੰਨ ਹੋਇਆ ਹਾਂ, ਸਾਡਾ ਚਿੱਤ ਐਨਾ ਪ੍ਰਸੰਨ ਹੋਇਆ ਹੈ ਕਿ ਅਸੀਂ ਆਪਣੇ ਆਉਣ ਵਾਲੇ ਪੁੱਤਰ ਨੂੰ ਜਿਹੜਾ ਸਾਡੇ ਚੌਥਾ ਪੁੱਤਰ ਹੋਣਾ ਸੀ, ਉਹਨੂੰ ਤੇਰਾ ਪੁੱਤਰ ਬਣਾ ਦਿੰਦੇ ਹਾਂ ਤੇ ਉਹਦਾ ਨਾਉਂ ਭਾਈ ਭਗਤੂ ਰੱਖੀਂ। ਇਸ ਤਰ੍ਹਾਂ ਦੇ ਨਾਲ ਗੁਰੂ ਦੀ ਸੇਵਾ ਕਰਕੇ ਗੁਰੂ ਪ੍ਰਸੰਨ ਹੋ ਜਾਵੇ, ਜੋ ਕੁਛ

ਵੀ ਮੰਗੋ ਉਹ ਪ੍ਰਾਪਤ ਹੋ ਜਾਇਆ ਕਰਦਾ ਹੈ।

***ਧਾਰਨਾ - ਕਰਕੇ ਕੋਈ ਵੇਖ ਲਓ, ਸੇਵਾ ਤੋਂ ਮਿਲਦਾ ਮੇਵਾ।***

ਸਮਾਂ ਪਾ ਕੇ ਕਰਨੀ ਕਮਾਈ ਵਾਲੀ ਜਨਮ ਸਿੱਧ ਪੁੱਤਰ ਭਾਈ ਭਗਤੂ ਪ੍ਰਾਪਤ ਹੋਇਆ ਤੇ ਨਾਲ ਬਰਕਤਾਂ ਵੀ ਘਰ ਵਿਚ ਆ ਗਈਆਂ। ਇਨ੍ਹਾਂ ਦੀ ਓਲਾਦ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਰਹੀ, ਬੰਦਾ ਬਹਾਦਰ ਦੇ ਨਾਲ ਰਹੀ ਤੇ ਉਸ ਤੋਂ ਬਾਅਦ ਕੈਥਲ ਦੇ ਰਾਜੇ ਇਨ੍ਹਾਂ ਦੀ ਓਲਾਦ ਵਿਚੋਂ ਹੋਏ ਜਿਨ੍ਹਾਂ ਨੇ ਸੂਰਜ ਪ੍ਰਕਾਸ਼ ਲਿਖਵਾਇਆ ਬੜੀ ਭਾਰੀ ਸੇਵਾ ਕਰੀ। ਜੇ ਸੂਰਜ ਪ੍ਰਕਾਸ਼ ਸਾਡੇ ਕੋਲ ਨਾ ਹੁੰਦਾ ਤਾਂ ਤਰ੍ਹਾਂ-ਤਰ੍ਹਾਂ ਦੀਆਂ ਸਾਖੀਆਂ ਬਣ ਜਾਣੀਆਂ ਸੀ ਹੁਣ ਤਕ, ਊਟ-ਪਟਾਂਗ ਕੁਛ ਤੇ ਕੁਛ ਸਾਨੂੰ ਸੁਣਨਾ ਪੈਣਾ ਸੀ। ਬੜੀ ਭਾਰੀ ਇਨ੍ਹਾਂ ਨੇ ਸੇਵਾ ਕਰਾਈ ਇਸ ਤਰ੍ਹਾਂ ਦੇ ਨਾਲ ਸੇਵਾ ਕਰਨ ਦੇ ਨਾਲ -

***ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥***
***ਅੰਗ - 26***

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

(-----)

# ਹੋਵੈ ਅਨੰਦੁ ਘਣਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

ਅੰਗ - ੨੮੯

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥*
*ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* *ਅੰਗ - 894*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਚੇਤ ਦੇ ਮਹੀਨੇ ਦੀ ਸੰਗਰਾਂਦ, ਜਦੋਂ ਕਿ ਚੰਦ ਦਾ ਨਵਾਂ ਸਾਲ ਚੜ੍ਹਿਆ ਕਰਦਾ ਹੈ। ਸੂਰਜ ਦਾ ਸਾਲ ਪਹਿਲੀ ਵੈਸਾਖਿ ਤੋਂ ਚੜ੍ਹਿਆ ਕਰਦਾ ਹੈ। ਚੰਦਰਮਾ ਦਾ ਸਾਲ ਪਹਿਲੇ ਚੇਤਰ ਤੋਂ ਚੜ੍ਹਿਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ-ਨਾਲ ਵੱਖਰੇ-ਵੱਖਰੇ ਸਾਲ, ਵੱਖਰੇ-ਵੱਖਰੇ ਮਹੀਨਿਆਂ ਤੋਂ ਚੜ੍ਹਿਆ ਕਰਦੇ ਨੇ। ਜੋ ਈਸਾ ਜੀ ਦਾ ਸਾਲ ਹੈ, ਉਹ ਪਹਿਲੀ ਜਨਵਰੀ ਤੋਂ ਚੜ੍ਹਿਆ ਕਰਦਾ ਹੈ। ਹਿਸਾਬ-ਕਿਤਾਬ ਦੇ ਜੋ ਸਾਲ ਨੇ ਉਹ ਪਹਿਲੀ ਅਪ੍ਰੈਲ ਤੋਂ ਚੜ੍ਹਿਆ ਕਰਦੇ ਨੇ। ਬੜੀਆਂ ਖੁਸ਼ੀਆਂ ਹੁੰਦੀਆਂ

ਨੇ ਕਿ ਪਿਛਲਾ ਸਾਲ, ਸੁੱਖ-ਸਾਂਦ ਨਾਲ ਲੰਘ ਜਾਵੇ, ਅਗਲਾ ਸ਼ੁਰੂ ਹੋ ਜਾਵੇ। ਹੇ ਵਾਹਿਗੁਰੂ! ਤੂੰ ਆਪਣਾ ਹੱਥ ਦੇ ਕੇ ਅਗਲਾ ਸਾਲ ਲੰਘਾਈਂ, ਬਚਾਈਂ ਅਸੀਂ ਗਰੀਬ ਆਦਮੀ ਹਾਂ, ਸਾਡੇ ਤੋਂ ਤੇਰੇ ਭਾਣੇ 'ਤੇ ਸ਼ਾਕਰ ਨਹੀਂ ਹੋਇਆ ਜਾਣਾ। ਕੁਝ ਰਿਆਇਤ ਕਰੀਂ, ਸਾਡੇ ਕਰਮਾਂ ਦੇ ਵਿਚ ਨਰਮੀ ਲਿਆਈਂ, ਕੀਤੇ ਅਸੀਂ ਜ਼ਰੂਰ ਨੇ ਕਰਮ ਪਰ ਪਤਾ ਨਹੀਂ ਸੀ ਸਾਨੂੰ, ਭੋਗਣ ਵੇਲੇ ਪਤਾ ਲੱਗਿਆ ਹੈ ਕਿ ਇਹ ਤਾਂ ਬੜਾ ਮਾੜਾ ਹੋਇਆ, ਬਦਲੇ ਦੇਣੇ ਬਹੁਤ ਔਖੇ ਨੇ, ਕਰਮ ਭੋਗਣੇ ਬਹੁਤ ਔਖੇ ਨੇ। ਇਕ ਤਰਲਾ ਹੋਇਆ ਕਰਦਾ ਹੈ, ਅਰਦਾਸ ਹੋਇਆ ਕਰਦੀ ਹੈ। ਸ਼ੁਭ-ਕਾਮਨਾ ਦੇ ਨਾਲ ਗੁਰੂ ਦਰਬਾਰ 'ਚ ਆਉਂਦੇ ਹਾਂ, ਅੰਦਰੋਂ ਅਰਦਾਸ ਹੁੰਦੀ ਹੈ ਕਿ ਮਹੀਨਾ ਸੁੱਖ-ਸਾਂਦ ਦਾ ਲੰਘੇ। ਮਹਾਰਾਜ ਕਹਿੰਦੇ, ਭਾਈ! ਉਹ ਤਾਂ ਲੰਘਣਾ ਹੀ ਹੈ, ਤੁਹਾਨੂੰ ਇੱਕ ਜੁਗਤ ਦੱਸ ਦਿੰਦੇ ਹਾਂ, ਜੇ ਉਹ ਜੁਗਤ ਵਰਤਦੇ ਰਹੋਂਗੇ, ਸਾਲ ਵੀ ਵਧੀਆ ਲੰਘੇਗਾ ਤੇ ਤੁਹਾਡਾ ਮਹੀਨਾ ਵੀ ਵਧੀਆ ਲੰਘੇਗਾ। ਉਹ ਇਹ ਹੈ ਕਿ ਜੇ ਤੁਸੀਂ ਸੱਚਮੁੱਚ ਅਨੰਦ ਚਾਹੁੰਦੇ ਓਂ ਸਾਰੇ ਜਣੇ, ਦੁੱਖ ਦਾ ਲੇਸ਼ ਨਹੀਂ ਚਾਹੁੰਦੇ, ਨਹੀਂ ਚਾਹੁੰਦੇ ਕਿ ਸਾਡੀਆਂ ਅੱਖਾਂ ਦੇ ਵਿਚੋਂ ਹੰਝੂ ਕਿਰਦੇ ਰਹਿਣ, ਹਉਕੇ ਸਾਨੂੰ ਨਾ ਆਉਣ, ਹਾਵੇ ਸਾਨੂੰ ਨਾ ਆਉਣ; ਕ੍ਰੋਧ ਨਾ ਆਵੇ, ਪਛਤਾਵਾ ਨਾ ਆਵੇ; ਮਹਾਰਾਜ ਕਹਿੰਦੇ, ਜੇ ਤੁਸੀਂ ਅਨੰਦ ਚਾਹੁੰਦੇ ਓਂ, ਤਾਂ ਨਵਾਂ ਸਾਲ ਚੰਦਰਮਾ ਦਾ ਚੜ੍ਹਦਾ ਹੈ, ਨਵੇਂ ਸਾਲ ਦਾ ਜੋ ਪਹਿਲਾ ਹੀ ਸਾਡਾ ਉਪਦੇਸ਼ ਹੈ ਉਸਨੂੰ ਹਿਰਦੇ 'ਚ ਵਸਾਓ, ਉਹ ਹੈ –

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ – 133***

ਆਰਾਧਣਾ ਕਰੋ ਪ੍ਰਮੇਸ਼ਰ ਦੀ, ਉਹ ਦਿਆਲੂ ਹੈ, ਕਰਮਾਂ ਨੂੰ ਕੱਟ ਦਿੰਦਾ ਹੈ, ਮਰਜ਼ੀ ਹੈ ਉਹਦੀ ਭੁਗਤਾਉਣੇ ਹੋਣ ਤਾਂ ਭੁਗਤਾ ਲਏ, ਨਹੀਂ ਤਾਂ ਮਾਫ ਵੀ ਕਰ ਦਿੰਦਾ ਹੈ। ਕੋਈ ਜ਼ਰੂਰੀ ਨਹੀਂ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਬੜੀ ਦਿਆਲਤਾ ਕਰਕੇ, ਸਾਡੇ ਮਨਾਂ ਦੇ ਉਤੋਂ ਇੱਕ ਬਹੁਤ ਵੱਡਾ ਬੋਝ ਚੁੱਕ ਦਿੱਤਾ। ਬਹੁਤ ਬੋਝ ਸੀ ਕਰਮਾਂ ਦਾ, ਨਾ ਤਾਂ ਕਰਮ ਕਰਨ ਤੋਂ ਅਸੀਂ ਹਟਦੇ ਸੀ, ਨਾ ਸਾਡੇ ਤੋਂ ਭੋਗੇ ਜਾਂਦੇ ਸੀ, ਨਾ ਭੋਗੇ ਬਿਨਾਂ ਹਟਦੇ ਸੀ –

***ਭੋਗੇ ਬਿਨ ਭਾਗਹਿ ਨਹੀ ਕਰਮ ਗਤੀ ਬਲਵਾਨ।***

ਕਰਮਾਂ ਦੇ ਚੱਕਰ 'ਚ ਪਏ ਹੋਏ, ਦੁੱਖੀ-ਸੁਖੀ, ਹਜ਼ਾਰਾਂ ਸਾਲਾਂ ਦੇ ਲੰਘ ਜਾਣ ਤੋਂ ਵੀ ਕਰਮ ਆ ਜਾਂਦੇ ਨੇ। ਕਿਵੇਂ ਛੁੱਟੇ ਆਦਮੀ ਇਸ ਤੋਂ? ਇੱਕ ਸੌ ਸੱਤ ਜਨਮ ਲੰਘ ਗਿਆ, ਧ੍ਰਿਤਰਾਸ਼ਟਰ ਨੇ ਸੌ ਬੱਚਾ ਹੰਸ ਦਾ ਖਾਧਾ ਸੀ, ਇੱਕ ਸੌ ਸੱਤ ਜਨਮ ਲੰਘਣ ਤੋਂ ਬਾਅਦ ਇਹਦਾ ਇਕ ਸੌ ਬੱਚਾ ਮਹਾਂਭਾਰਤ ਦੇ ਯੁੱਧ ਵਿੱਚ ਮਾਰਿਆ ਗਿਆ। ਟਲ ਨਾ ਸਕਿਆ ਕਰਮ। ਇੱਕ ਸੌ ਚਾਰ ਜਨਮ ਪਹਿਲਾਂ ਇੱਕ ਟਿੱਡਾ ਫੜ ਕੇ, ਉਹਦੀਆਂ ਦੋਵੇਂ ਅੱਖਾਂ ਦੇ ਵਿਚੀਂ ਸੂਲ ਲੰਘਾ ਕੇ ਛੱਡ ਦਿੱਤਾ, ਉਹ ਤੜਫ-ਤੜਫ ਕੇ ਮਰਿਆ, ਪੰਜ ਦਿਨ ਜੀਉਂਦਾ ਰਿਹਾ, ਚਾਰ ਦਿਨ ਜੀਉਂਦਾ ਰਿਹਾ, ਕੁਛ

ਪਤਾ ਨਹੀਂ, ਲੇਕਿਨ ਕਰਮ ਬਣ ਗਿਆ। ਇਕ ਸੌ ਚੌਥਾ ਜਨਮ ਆਇਆ, ਜਮਾਂਦਰੂ ਅੰਨਾ ਕਰ ਦਿੱਤਾ ਉਸ ਕਰਮ ਨੇ। ਸਾਰੀ ਜ਼ਿੰਦਗੀ ਅੰਧ ਦੇ ਵਿੱਚ ਲੰਘਾਈ। ਰਾਜਾ ਸੀ ਤਖਤ 'ਤੇ ਬੈਠਦਾ ਸੀ, ਪਰ ਕੋਈ ਸੁਆਦ ਨਹੀਂ, ਕਿਉਂਕਿ –

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ਅੰਗ – 325*

ਦੋਨੋਂ ਰੋਂਦੇ ਨੇ। ਬੜਾ ਬੋਝ ਸੀ ਆਦਮੀ ਦੇ ਉਤੇ। ਮਹਾਤਮਾ ਬੁੱਧ ਨੇ ਕਿਹਾ ਕਰਮਾਂ ਦਾ ਕੋਈ ਇਲਾਜ ਨਹੀਂ, ਭੋਗਣੇ ਪੈਣਗੇ, ਕੋਈ ਇਲਾਜ ਨਹੀਂ, ਕਰਮ ਕਰਨੇ ਬੰਦ ਕਰ ਦਿਓ। ਇੱਕ ਜਨਮ 'ਚ ਕਰ ਦੇਵਾਂਗੇ, ਪਰ ਕਰਮ ਤਾਂ ਹਜ਼ਾਰਾਂ ਜਨਮਾਂ ਦੇ ਬਕਾਇਆ ਪਏ ਨੇ। ਉਹ ਤਾਂ ਭੋਗਣੇ ਹੀ ਪੈਂਦੇ ਨੇ, ਜੁੱਗ ਲੰਘ ਗਿਆ ਪੂਰਾ, ਅੱਠ ਲੱਖ 32 ਹਜ਼ਾਰ ਸਾਲ, ਇੱਕ ਕਰਮ ਪਿਆ ਸੀ, ਸ੍ਰੀ ਰਾਮਚੰਦਰ ਜੀ ਨੇ ਬਾਲੀ ਦੇ ਛੁੱਪ ਕੇ ਬਾਣ ਮਾਰਿਆ। ਬਾਲੀ ਨੇ ਇਤਰਾਜ਼ ਕਰਿਆ ਕਿ ਇਹ ਨੈਤਿਕਤਾ ਨਹੀਂ ਹੈ। ਛੁੱਪ ਕੇ ਕਿਸੀ ਨੂੰ ਮਾਰਨਾ ਇਹ ਕੋਈ ਚੰਗਾ ਕੰਮ ਨਹੀਂ, ਇਹ ਕਰਮ ਕੀਤਾ ਹੈ, ਯੁੱਧ ਵਿੱਚ ਤੂੰ ਮੈਨੂੰ ਮਾਰ ਲੈਂਦਾ, ਮੈਂ ਤੈਨੂੰ ਮਾਰ ਦਿੰਦਾ, ਕਰਮ ਨਹੀਂ ਹੋਇਆ ਕਰਦਾ ਉਹ, ਕਿਉਂਕਿ ਉਹ ਡਿਊਟੀ ਹੈ। ਛੁਪ ਕੇ ਤੂੰ ਮੈਨੂੰ ਮਾਰਿਆ, ਤੇਰਾ ਵਿਗਾੜਿਆ ਮੈਂ ਕੁਛ ਨਹੀਂ ਸੀ। ਕਰਮ ਬਣ ਗਿਆ, ਕ੍ਰਿਸ਼ਨ ਮਹਾਰਾਜ –,

*ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।*
*ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ ਮਿਰਗ ਜਾਣਿ ਬਾਣੁ ਲੈ ਮਾਰੇ।*
*ਦਰਸਣ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੂਕਾਰੇ।*
*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।*
*ਭਾਈ ਗੁਰਦਾਸ ਜੀ, ਵਾਰ 1/23*

ਰੋਂਦਾ ਹੈ ਕੁਰਲਾਉਂਦਾ ਹੈ ਕਿ ਮੈਂ ਬੜਾ ਮਾੜਾ ਕੰਮ ਕਰਿਆ। ਕਹਿੰਦੇ, ਇਥੇ ਆ, ਤੈਨੂੰ ਨਹੀਂ ਪਤਾ –

*ਗਲਿ ਵਿਚਿ ਲੀਤਾ ਕ੍ਰਿਸ਼ਨ ਜੀ*
*ਅਵਗੁਣੁ ਕੀਤਾ ਹਰਿ ਨ ਚਿਤਾਰੇ।*
*ਭਾਈ ਗੁਰਦਾਸ ਜੀ, ਵਾਰ 1/23*

ਗਲ 'ਚ ਲੈ ਲਿਆ, ਕਹਿੰਦੇ ਬੱਧਕ ਤੈਨੂੰ ਨਹੀਂ ਪਤਾ, ਇਹ ਕਰਮ ਅੱਠ ਲੱਖ ਬੱਤੀ ਹਜ਼ਾਰ ਸਾਲ ਤੋਂ ਜੀਉਂਦਾ ਸੀ। ਇਹ ਮੇਰੇ ਮਗਰ ਲੱਗਿਆ ਹੋਇਆ ਸੀ, ਭੋਗਣਾ ਸੀ। ਸੋ ਮੈਂ ਵੀ ਤੈਨੂੰ ਮਾਰਿਆ ਸੀ, ਜਦੋਂ ਤੂੰ ਬਾਲੀ ਸੀ, ਮੈਂ ਤੇਰੇ ਬਾਣ ਮਾਰਿਆ ਸੀ ਤੂੰ ਇਤਰਾਜ਼ ਕਰਿਆ ਸੀ, ਮੈਂ ਕਿਹਾ ਮੈਂ ਭੋਗਾਂਗਾ ਫਿਕਰ ਨਾ ਕਰ। ਜਦ ਤੋਂ ਬਾਅਦ ਅੱਠ ਲੱਖ ਬੱਤੀ ਹਜ਼ਾਰ ਸਾਲ ਲੰਘਣ ਤੋਂ ਬਾਅਦ ਦੁਬਾਰਾ ਮੈਂ ਸੰਸਾਰ 'ਚ ਆਇਆ, ਤੂੰ

ਵੀ ਆ ਗਿਆ ਪਿਆਰਿਆ! ਕਰਮ ਨੇ ਇਕੱਠੇ ਕਰ ਦਿੱਤੇ, ਤੂੰ ਬਾਣ ਮਾਰਿਆ ਹੈ, ਤੂੰ ਕਾਹਨੂੰ ਰੋਂਦਾ ਹੈਂ, ਹੁਣ ਰੋਣ ਦਾ ਕੀ ਫਾਇਦਾ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ - 433***

ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰ ਦਿੱਤੀ ਕਲਜੁਗੀ ਜੀਵਾਂ 'ਤੇ, ਪਰ ਪਿਆਰਿਓ! ਕਰਮ ਤਾਂ ਭੋਗਣਾ ਪਵੇਗਾ, ਪਰ ਇਹਦੀ ਤਾਕਤ ਘਟ ਸਕਦੀ ਹੈ ਕਿਉਂਕਿ ਕਲਜੁਗ ਦਾ ਸਮਾਂ ਹੈ ਇਹਦੇ 'ਚ ਸਭ ਤੋਂ ਵੱਡੀ ਜੋ ਜ਼ੋਰਾਵਰ ਚੀਜ਼ ਹੈ, ਕਰੋੜਾਂ ਪਾਪਾਂ ਨੂੰ ਜਾਲ ਦੇਣ ਵਾਲੀ ਚੀਜ਼ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਉਹ ਨਾਮ ਦੇ ਵਿੱਚ ਐਨੀ ਸ਼ਕਤੀ ਹੈ ਕਿ ਸਾਰੇ ਜਿੰਨੇ ਵੀ ਕਰਮ ਨੇ ਇਕੱਠਾ ਸਾਰਿਆਂ ਦੀ ਜੜ੍ਹ ਕੱਟ ਸਕਦਾ ਹੈ, ਦਗਧ ਕਰ ਸਕਦਾ ਹੈ। ਕਣਕ ਦਾ ਬੀਜ ਕਿਸੇ ਕੋਠੇ 'ਚ ਪਿਆ ਹੋਵੇ, ਉਹਦੇ ਥੱਲੇ ਸੇਕ ਲੱਗ ਜਾਵੇ, ਦਾਣੇ ਸੇਕ ਦੇ ਵਿੱਚ ਆ ਜਾਣ। ਉਹਦੀ ਜੰਮਣ ਸ਼ਕਤੀ ਖਤਮ ਹੋ ਜਾਇਆ ਕਰਦੀ ਹੈ। ਕਹਿੰਦੇ, ਨਾਮ ਐਸੀ ਚੀਜ਼ ਹੈ ਇਹ ਕਰਮਾਂ ਦੇ ਸਟੋਰ ਨੂੰ ਜਾਲ ਦਿੰਦਾ ਹੈ। ਇਹਦੀ ਮਹਿਮਾ ਨੂੰ ਸੰਸਾਰ ਦੇ ਵਿੱਚ ਕਿਸੇ ਨੇ ਜਾਣਿਆ ਨਹੀਂ। ਕਲਜੁਗ 'ਚ ਤਾਂ ਇਹ ਫਲੀਭੂਤ ਹੁੰਦਾ ਹੈ। ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਕੀਤੀ ਹੋਈ ਤਪਸਿਆ, ਜਪਿਆ ਹੋਇਆ ਨਾਮ, ਤ੍ਰੇਤੇ ਜੁਗ ਦੇ ਹਜ਼ਾਰ ਸਾਲ ਦੇ ਬਰਾਬਰ ਹੈ ਤੇ ਦੁਆਪਰ ਦੇ ਸੌ ਸਾਲ ਦੇ ਬਰਾਬਰ ਹੈ। ਦਸ ਹਜ਼ਾਰ ਸਤਿਜੁਗ ਦਾ ਤੇ ਕਲਜੁਗ ਦਾ ਦੋ ਘੜੀ ਚਿੱਤ ਬਿਰਤੀ ਇਕਾਗਰ ਕਰਕੇ ਸਤਿਸੰਗ ਕਰ ਲਓ, ਉਹਦੇ ਬਰਾਬਰ ਹੈ। ਇਸ ਤੋਂ ਵੀ ਵੱਧ ਜੇ ਮਨ ਚਿੱਤ ਇਕਾਗਰ ਕਰਕੇ ਵਾਹਿਗੁਰੂ ਦਾ ਨਾਮ ਹਿਰਦੇ 'ਚ ਵਸ ਜਾਵੇ ਤਾਂ ਸਾਰੇ ਜਿੰਨੇ ਵੀ ਕੀਤੇ ਹੋਏ ਪਾਪ ਨੇ, ਚਾਹੇ ਇਸ ਜਨਮ ਦੇ ਨੇ ਚਾਹੇ ਪਹਿਲੇ ਜਨਮ ਦੇ ਨੇ ਉਹ ਸਾਰੇ ਫਲ ਨਹੀਂ ਦੇਣਗੇ, ਲੇਕਿਨ ਇੱਕ ਕਰਮ ਜਿਹੜਾ ਹੈ ਉਹ ਬਚ ਜਾਂਦਾ ਹੈ। ਉਹ ਭੋਗਣਾ ਪੈਂਦਾ ਹੈ, ਉਹਦੀ ਜਿਹੜੀ ਸ਼ਕਤੀ ਹੈ ਉਹ ਘਟ ਜਾਇਆ ਕਰਦੀ ਹੈ। ਉਹਨੂੰ ਪਰਾਲਬਧ ਕਰਮ ਕਹਿੰਦੇ ਨੇ, ਉਹ ਸੂਲੀ ਤੋਂ ਸੂਲ ਬਣ ਜਾਂਦੀ ਹੈ। ਸੁਪਨੇ 'ਚ ਭੁਗਤ ਜਾਂਦੀ ਹੈ ਲੇਕਿਨ ਉਹ ਕਿਉਂਕਿ ਪਰਾਲਬਧ ਕਰਮ ਹੈ, ਉਹ ਭੋਗਣਾ ਪੈਂਦਾ ਹੈ। ਮਹਾਰਾਜ ਕਹਿੰਦੇ, ਤੁਸੀਂ ਧਿਆਨ ਨਾਲ ਸੁਣੋ, ਨਵਾਂ ਸਾਲ ਸ਼ੁਰੂ ਹੁੰਦਾ ਹੈ ਚੰਦਰਮਾ ਦਾ। ਚੰਦਰਮਾ ਦਾ ਆਪਾਂ ਪਹਿਲਾ ਦਿਨ ਮਨਾਉਂਦੇ ਹਾਂ। ਸੰਗਰਾਂਦ ਹੁੰਦੀ ਹੈ ਉਸ ਦਿਨ, ਬੜੀਆਂ ਆਸਾਂ ਲੈ ਕੇ ਆਉਂਦੇ ਹਾਂ। ਮਹਾਰਾਜ ਕਹਿੰਦੇ ਯਾਦ ਕਰ ਲਓ ਜੇ ਸੁੱਖੀ ਰਹਿਣਾ ਹੈ। ਚੇਤ ਦੇ ਵਿਚ ਭਜਨ ਕਰੋ। ਜਿੰਨਾਂ ਨਾਮ ਜਪਿਆ ਜਾ ਸਕਦਾ ਹੈ ਜਪੋ। ਹੋਏਗਾ ਕੀ, ਬੇਅੰਤ ਅਨੰਦ ਸਾਰੀਆਂ ਸੂਈਆਂ ਪਾਰ ਕਰ ਜਾਏਗਾ ਘੜੀ ਦੀਆਂ, ਸਿਖਰ ਚਲਿਆ ਜਾਏਗਾ, ਕੋਈ ਅੰਤ ਨਹੀਂ, ਐਨਾ ਅਨੰਦ ਤੁਹਾਨੂੰ ਪ੍ਰਾਪਤ ਹੋ ਜਾਏਗਾ। ਇਸ ਬਚਨ ਨੂੰ ਕੋਈ ਵੀ ਦੁਨੀਆਂ ਦੇ ਵਿੱਚ ਐਸਾ ਨਹੀਂ ਹੈ, ਨਾ ਕੋਈ ਦੇਵਤਾ, ਜਿਹੜਾ ਇਹਦੇ ਫਲ ਨੂੰ ਘਟਾ ਸਕੇ। ਮਹਾਰਾਜ ਕਹਿੰਦੇ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ - 133***

ਪਰ ਦੂਸਰੀ ਸ਼ਰਤ ਨਾਲ ਰੱਖ ਦਿਤੀ ਮਹਾਰਾਜ ਨੇ, ਆਰਾਧਣਾ ਜਿਹੜੀ ਹੈ ਇਹ ਤੇਰੇ ਇਕੱਲੇ ਤੋਂ ਨਹੀਂ ਹੋਣੀ, ਤੂੰ ਸੰਗਤ ਵਿੱਚ ਰਲ ਕੇ, ਸੰਤਾਂ ਦੀ ਸੰਗਤ; ਅਰਦਾਸ ਤਾਂ ਅਸੀਂ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ! ਕੋਈ ਗੁਰਮੁਖ ਪਿਆਰਾ ਮੇਲ। ਜਿਹਦੇ ਮਿਲਣ 'ਤੇ ਤੇਰਾ ਨਾਮ ਜਪੀਏ। ਪਰ ਜੇ ਉਥੇ ਕਹਿ ਦੇਵੇ ਕਿ ਸੱਚੇ ਪਾਤਸ਼ਾਹ! ਕੋਈ ਸੰਤ ਮੇਲ, ਫੇਰ ਸੰਤ ਬਾਰੇ ਐਲਰਜੀ ਹੋ ਜਾਂਦੀ ਹੈ ਸਾਨੂੰ। ਦਵੈਤ ਹੈ ਸਾਡੇ ਅੰਦਰ ਨਾਮ ਜਪਣ ਵਾਲਿਆਂ ਬਾਰੇ। ਨਾਮ ਜਪਣ ਵਾਲੇ ਦਾ ਕੋਈ ਮਜ਼੍ਹਬ ਨਹੀਂ ਹੋਇਆ ਕਰਦਾ। ਕਿਸੇ ਦਾ ਨਹੀਂ ਹੁੰਦਾ ਉਹ, ਉਹ ਬਿਲਕੁਲ ਆਜ਼ਾਦ ਹੁੰਦਾ ਹੈ -

***ਭਠ ਨਮਾਜ਼ਾ ਚਿਕੜ ਰੋਜੇ ਮੁਲਾਂ ਦੇ ਗਲ ਫਾਹੀ।***

ਬਚ ਗਿਆ ਵਿਚਾਰਾ ਨਹੀਂ ਤਾਂ ਸ਼ਰ੍ਹਾ ਦੀ ਕੈਦ ਵਿਚ ਆ ਜਾਣਾ ਸੀ, ਮਾਰਿਆ ਜਾਣ ਸੀ, ਮਨਸੂਰ ਨੇ ਆਵਾਜ਼-ਏ-ਹੱਕ ਲਾਈ ਸੀ। ਸੂਲੀ 'ਤੇ ਚੜ੍ਹਾ ਦਿੱਤਾ ਕਿਉਂਕਿ ਸੁਣ ਨਹੀਂ ਸਕਦੇ। ਲਾ-ਮਜ਼੍ਹਬ ਹੋਇਆ ਕਰਦਾ ਹੈ ਪ੍ਰਮੇਸ਼ਰ ਦਾ ਪਿਆਰਾ, ਕੋਈ ਮਜ਼ਬ ਨਹੀਂ ਉਹਦਾ ਹੋਇਆ ਕਰਦਾ ਹੈ। ਉਹਦਾ ਮਜ਼੍ਹਬ ਹੋਇਆ ਕਰਦਾ ਹੈ ਸਤਿ ਦੀ ਪਛਾਣ। ਅਗਿਆਨ ਦਾ ਨਾਸ਼, ਗਿਆਨ ਦਾ ਪ੍ਰਕਾਸ਼। ਹੋਰ ਕੋਈ ਨਹੀਂ ਹੁੰਦਾ। ਹੁਣ ਜਿਹੜੇ ਪ੍ਰਮੇਸ਼ਰ ਦੇ ਬਖਸ਼ੇ ਹੋਏ ਨੇ, ਜੇ ਮਿਲ ਵੀ ਜਾਵੇ ਸਾਨੂੰ ਦਵੈਤ ਆ ਜਾਂਦੀ ਹੈ ਉਨ੍ਹਾਂ ਨਾਲ। ਮਹਾਰਾਜ ਕਹਿੰਦੇ, ਉਨ੍ਹਾਂ ਤੋਂ ਬਿਨਾਂ ਤਾਂ ਮਿਲਣਾ ਨਹੀਂ ਪਿਆਰਿਆ। ਨਾਮ ਦੀ ਪ੍ਰਾਪਤੀ ਵੀ ਉਨ੍ਹਾ ਨਾਲ ਮਿਲ ਕੇ ਹੁੰਦੀ ਹੈ, ਫੇਰ ਰਸਨਾ ਦੇ ਨਾਲ ਤੂੰ ਨਾਮ ਜਪਣਾ ਸ਼ੁਰੂ ਕਰ ਦੇ, ਪਹਿਲੀ ਜਮਾਤ ਤੋਂ। ਸੰਸਾਰ ਦੇ ਵਿੱਚ ਸਿਰਫ ਗਿਣਤੀ ਉਨ੍ਹਾਂ ਦੀ ਹੁੰਦੀ ਹੈ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਉਨ੍ਹਾਂ ਦਾ ਆਇਆ ਤਾਂ ਸਫਲ ਹੈ, ਉਨ੍ਹਾਂ ਨੂੰ ਕਹੋ ਕਿ ਆ ਗਏ ਆਉਣ ਵਾਲਿਆਂ 'ਚ।

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥***
***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥***
***ਅੰਗ - 133***

ਕਹਿੰਦੇ ਏਸੇ ਸਰੀਰ ਦੇ ਅੰਦਰ ਧਿਆਨ ਨਾਲ ਇਸ ਗੱਲ ਨੂੰ ਸੁਣੋ ਤੁਸੀਂ, ਆਹੀ ਸਰੀਰ ਜਿਹੜਾ ਸਾਨੂੰ ਮਿਲਿਆ ਹੈ। ਇਹਦੇ 'ਚ ਸਾਨੂੰ ਸਤਿਸੰਗ ਪ੍ਰਾਪਤ ਹੋਈ ਹੈ। ਜੇ ਤਾਂ ਅਸੀਂ ਕੰਮ ਕਰ ਲਿਆ ਤਾਂ, ਤਾਂ ਠੀਕ ਹੈ, ਜੇ ਰਹਿ ਗਿਆ ਅਧੂਰਾ ਫੇਰ ਬੜਾ ਮੁਸ਼ਕਲ ਹੈ। ਆਚਾਰੀਆ ਰਜਨੀਸ਼ ਦਸਦਾ ਹੈ ਕਹਿਣ ਲੱਗਿਆ ਕਿ ਮੇਰਾ ਜਪ-ਤਪ ਸਿਰਫ ਤਿੰਨ ਦਿਨ ਦਾ ਰਹਿ ਗਿਆ ਸੀ। ਮੈਂ ਅਠਾਰ੍ਹਾਂ ਦਿਨ ਮੰਜ਼ਲਾਂ ਚੜ੍ਹਦਾ ਗਿਆ, ਚੜ੍ਹਦਾ ਗਿਆ, ਸਿਰਫ ਤਿੰਨ ਦਿਨ ਰਹਿ ਗਏ ਸੀ, ਉਹ ਤਿੰਨ ਦਿਨ ਵਿੱਚ ਮੈਨੂੰ ਸਮਾਧੀ ਵਿੱਚ ਕਿਸੇ ਨੇ ਕਤਲ ਕਰ ਦਿੱਤਾ। ਸੱਤ ਸੌ ਸਾਲ ਮੈਂ ਦਰਗਾਹ ਦੇ ਵਿੱਚ ਰਿਹਾ। ਵਾਰੀ ਨਾ ਆਈ ਆਉਣ ਦੀ। ਸਮਾਂ ਦੱਸ ਦਿੱਤਾ ਗਿਆ ਕਿ ਐਨੀ ਦੇਰ ਤੂੰ ਫੇਰ ਜਾਵੇਂਗਾ, ਕਹਿਣ ਲੱਗਿਆ ਹੁਣ ਵਾਰੀ ਆਈ ਹੈ, ਤਿੰਨ ਦਿਨ ਵਾਸਤੇ ਪੂਰਾ ਜਨਮ ਮੇਰਾ ਲੱਗਣਾ ਹੈ।

ਬੜੀਆਂ ਪੁਰਾਣੀਆਂ ਗੱਲਾਂ ਨੇ ਉਹਦੀਆਂ, ਜਦੋਂ ਇਹ ਗੱਲਾਂ ਕਹਿੰਦਾ ਸੀ, ਪ੍ਰੋਫੈਸਰੀ ਤੋਂ ਅਸਤੀਫਾ ਦਿੱਤਾ ਸੀ ਉਹਨੇ। ਮਹਾਰਾਜ ਕਹਿੰਦੇ ਆਹੀ ਵਾਰੀ ਹੈ ਤੇਰੀ –

*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥* *ਅੰਗ – 1159*

ਆਹੀ ਤੇਰੀ ਅਉਸਰੁ ਹੈ, ਆਹੀ ਵਾਰੀ ਹੈ, ਜੇ ਤਾਂ ਤੂੰ ਕਰ ਗਿਆ ਕੰਮ, ਤਾਂ ਤੂੰ ਜਿੱਤ ਗਿਆ, ਜੇ ਨਾ ਕਰਿਆ ਪਿਆਰਿਆ! ਫੇਰ ਤਾਂ ਵਾਹਵਾ–ਵਾਹਵਾ ਦੁਨੀਆਂ ਦੀ ਕਿਸੇ ਕੰਮ ਨਹੀਂ ਆਉਣੀ। ਵੱਡੇ–ਵੱਡੇ ਜਲੂਸ ਕੱਢੇ ਹੋਏ ਕਿਸੇ ਕੰਮ ਨਹੀਂ ਆਉਣੇ, ਫੁੱਲਾਂ ਦੀ ਵਰਖਾ ਕਿਸੇ ਕੰਮ ਦੀ ਨਹੀਂ ਹੈ। ਦੁਨੀਆਂ ਦਾ ਮਾਣ ਸਤਿਕਾਰ ਕਿਸੇ ਕੰਮ ਦਾ ਨਹੀਂ ਹੈ, ਐਵੇਂ ਭੁਲੇਖਾ ਹੈ ਤੈਨੂੰ ਆਪਣੇ ਆਪ ਨੂੰ। ਕਿਉਂਕਿ ਉਹ ਤੈਨੂੰ ਚੀਜ਼ ਮਿਲ ਨਾ ਸਕੀ, ਜਿਹੜੀ ਤੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਕੋਲ ਹੀ ਰੱਖੀ ਹੋਈ ਸੀ। ਉਹ ਸੀਗਾ ਗਿਆਨ ਦਾ ਪ੍ਰਕਾਸ਼। ਗੱਲਾਂ ਨਾਲ ਤਾਂ ਗਿਆਨ ਹੁੰਦਾ ਨਹੀਂ –

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ – 465*

ਮਹਾਤਮਾ ਬੁੱਧ ਬਹੁਤ ਨੇ ਵੱਡੀ ਤਤੀਕਸ਼ਾ ਕਰੀ, ਆਦਮੀ ਹੈਰਾਨ ਹੋ ਜਾਂਦਾ ਹੈ, ਉਹਦੀ ਤਪਸਿਆ ਨੂੰ ਦੇਖ ਕੇ, ਰਾਜੇ ਦਾ ਲੜਕਾ। ਰਾਜ ਭਾਗ ਛੱਡ ਦਿੱਤਾ, ਕੇਵਲ ਇਸ ਕੰਮ 'ਤੇ ਹੋ ਗਿਆ। ਜਿਹੜਾ ਅਸੀਂ ਕਹਿੰਦੇ ਹਾਂ ਕਿ ਅਸੀਂ ਪਰਉਪਕਾਰ ਕਰਦੇ ਹਾਂ, ਅਸੀਂ ਕੀਰਤਨ ਕਰਦੇ ਹਾਂ, ਕੱਖ ਨਹੀਂ ਹੈਗਾ। ਕੁਛ ਨਹੀਂ ਹੈ ਇੱਕ ਧੰਦੇ ਲਾਇਆ ਹੋਇਆ ਹੈ ਰੱਬ ਨੇ, ਤੁਰੇ ਫਿਰਦੇ ਹਾਂ। ਕੋਈ ਨੌਕਰੀਆਂ–ਚਾਕਰੀਆਂ ਕਰਦਾ ਹੈ, ਕੋਈ ਇੰਜਨੀਅਰ ਹੈ, ਕੋਈ ਕੁਛ ਹੋਰ ਹੈ, ਕੋਈ ਕੀਰਤਨ ਕਰਦਾ ਹੈ, ਜਿੱਤਿਆ ਤਾਂ ਉਹ ਹੈ ਜਿਹਨੇ ਪ੍ਰਮੇਸ਼ਰ ਨੂੰ ਆਪਣੇ ਅੰਦਰੋਂ ਪ੍ਰਗਟ ਕਰ ਲਿਆ। ਉਹ ਚਾਹੇ ਕਿਸੇ ਗੁਫਾ 'ਚ ਬੈਠ ਕੇ ਕਰ ਲਏ, ਕਿਤੇ ਕਰ ਲਏ। ਜਿਹਦਾ ਤਾਂ ਮਤਲਬ ਸਿੱਧ ਹੋ ਗਿਆ ਉਹ ਤਾਂ ਜਿੱਤ ਗਿਆ, ਚਾਹੇ ਗ੍ਰਹਿਸਤ 'ਚ ਕਰ ਲਓ, ਐਵੇਂ ਰੌਲਾ ਪਾਉਂਦਾ ਹੈ ਕਿ ਗ੍ਰਿਹਸਤ 'ਚ ਰਹੋ ਜੀ ਇਹ ਬੜਾ ਚੰਗਾ ਧਰਮ ਹੈ। ਹੋਣਾ ਚੰਗਾ। ਪਰ ਉਹ ਕੰਮ ਤਾਂ ਹੋਇਆ ਨਾ ਜਿਹੜੇ ਕੰਮ ਨੂੰ ਤੂੰ ਕਰਨ ਆਇਆ ਸੀ। ਚੰਗਾ ਤਾਂ ਹੈ ਜੇ ਵਿਚੇ ਪ੍ਰਾਪਤ ਕਰ ਗਿਆ। ਜੇ ਨਹੀਂ ਕਰ ਗਿਆ, ਰੌਲੇ–ਰੱਪੇ 'ਚ ਹੀ ਰਿਹਾ, ਸਾਰੀ ਜ਼ਿੰਦਗੀ ਕਲਾ–ਕਲੇਸ਼ ਤੇਰੇ ਮਨ 'ਚੋਂ ਨਹੀਂ ਹਟਿਆ। ਗ੍ਰਹਿਸਤ ਦੇ ਕਿਤੇ ਥੋੜ੍ਹੇ ਝੰਜਟ ਨੇ, ਤੇਰੇ ਮੁੰਡੇ ਨੂੰ ਕੁਛ ਹੋ ਗਿਆ, ਕਿਸੇ ਪੋਤੇ ਨੂੰ ਕੁਛ ਹੋ ਗਿਆ। ਕਿਸੇ ਘਾਟਾ ਪੈ ਗਿਆ, ਕਿਸੇ ਦਾ ਵਾਧਾ ਪੈ ਗਿਆ। ਰਾਗ, ਦਵੈਸ਼ ਮਨ 'ਤੇ ਆਉਂਦੀ ਹੈ, ਕਿ ਔਹ ਮੇਰਾ ਪਰਿਵਾਰ ਹੈ, ਆਹ ਮੇਰਾ ਹੈ। ਕਿਤੇ ਸੰਗਲ ਥੋੜ੍ਹੇ ਪਏ ਹੋਏ ਨੇ, ਜਿੱਤਿਆ ਉਹ ਹੈ, ਜੇ ਤਾਂ ਜਿੱਤ ਗਿਆ ਤਾਂ, ਤਾਂ ਮਹਾਰਾਜ ਕਹਿੰਦੇ ਠੀਕ ਹੈ। ਤਾਂ ਬਨਵਾਸੀ ਵੀ ਧੰਨਤਾ ਦੇ ਯੋਗ ਹੈ, ਘਰ ਰਹਿਣ ਵਾਲਾ ਜਿਹਨੇ ਗ੍ਰਹਿਸਤ 'ਚ ਰਹਿ ਕੇ ਪਾ ਲਿਆ ਉਹ ਗਿਣਤੀ 'ਚ ਆ ਗਿਆ ਕਿ ਹਾਂ ਆ ਗਏ। ਉਨ੍ਹਾਂ ਦਾ ਨਾਉਂ ਕਾਇਮ

ਰਹਿੰਦਾ ਹੈ, ਸਦਾ ਜੀਉਂਦੇ ਨੇ, ਮਰਦੇ ਨਹੀਂ ਉਹ। ਉਹ ਟਾਂਵੇ-ਟਾਂਵੇ ਬੰਦੇ ਹੁੰਦੇ ਨੇ, ਸਾਰੇ ਨਹੀਂ ਹੁੰਦੇ। ਮਹਾਰਾਜ ਕਹਿੰਦੇ, ਜੇ ਤਾਂ ਪ੍ਰਮੇਸ਼ਰ ਮਿਲ ਗਿਆ, ਫੇਰ ਤਾਂ ਤੂੰ ਆਇਆਂ 'ਚ ਗਿਣਿਆ ਗਿਆ। ਜੇ ਨਹੀਂ ਮਿਲਿਆ ਤਾਂ ਤੂੰ ਬਾਜ਼ੀ ਹਾਰ ਗਿਆ। ਸਿਰੇ 'ਤੇ ਜਾ ਕੇ ਹਾਰ ਗਿਆ। ਰੇਸ ਦੇ ਵਿੱਚ ਚਲਦਾ ਹੈ। ਬਰਾਬਰ-ਬਰਾਬਰ ਦੌੜਦੇ ਨੇ। ਅੰਦਾਜ਼ਾ ਨਹੀਂ ਲਗਦਾ ਕਿ ਫਸਟ ਕਿਹੜਾ ਆਏਗਾ। ਪੰਜ-ਸੱਤ ਕਦਮਾਂ ਮੂਹਰੇ ਹੀ ਜਾਣਾ ਹੈ ਪਰ ਅਖੀਰਲੀ ਵਾਰੀ ਦੇ ਵਿੱਚ ਆ ਕੇ ਪਤਾ ਹੀ ਜਦ ਲਗਦਾ ਹੈ ਜਦੋਂ ਪਿੱਛੇ ਵਾਲਾ ਸਾਰਿਆਂ ਤੋਂ ਮੂਹਰੇ ਲੰਘ ਗਿਆ। ਉਹ ਜਿੱਤ ਗਿਆ, ਬਾਕੀ ਨੰਬਰਾਂ 'ਚ ਹਾਰ ਗਿਆ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੇ ਤਾਂ ਜਿੱਤ ਗਿਆ ਬਾਜ਼ੀ, ਪ੍ਰਮੇਸ਼ਰ ਨੂੰ ਪ੍ਰਾਪਤ ਕਰ ਲਿਆ ਤਾਂ, ਤਾਂ ਗਿਣਿਆ ਗਿਆ ਆਉਣ ਵਾਲਿਆਂ 'ਚ, ਨਹੀਂ ਤਾਂ ਪਿਆਰਿਆ! ਕਿਸ ਚੱਕਰ ਦੇ ਵਿੱਚ ਪੈ ਗਿਆ। ਠਹਿਰਿਆ ਨਹੀਂ ਕਿਤੇ। ਜਿਹਨੂੰ ਮਿਲ ਗਿਆ ਉਹ ਜੀਉਂਦਾ ਨਹੀਂ ਰਹਿ ਸਕਦਾ ਉਸ ਤੋਂ ਬਗੈਰ।

***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥***
***ਅੰਗ - 133***

ਜਿਹਨੂੰ ਮਿਲਿਆ ਹੈ ਉਹ ਹੈ ਕਿੱਥੇ? ਕਹਿੰਦੇ -

***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥***
***ਅੰਗ - 133***

ਕੋਈ ਥਾਂ ਨਹੀਂ ਜਿੱਥੇ ਉਹ ਨਹੀਂ ਹੈ, ਜੇ ਉਹ ਨਹੀਂ ਯਾਦ ਵਿੱਚ ਆਉਂਦਾ -

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥***
***ਅੰਗ - 133***

ਕਿੰਨਾ ਦੁੱਖ ਹੈ ਗਿਣਤੀ ਦੇ ਵਿੱਚ ਆ ਨਹੀਂ ਸਕਦਾ। ਪਹਿਲਾਂ ਤਾਂ ਜਨਮ ਮਰਨ ਦਾ ਹੀ ਦੁੱਖ ਹੈ। ਜੰਮ ਕੇ ਪਤਾ ਨਹੀਂ ਕਿਹੜੇ ਘਰ ਪੈਦਾ ਹੋਵੇ, ਕਿਹੋ ਜਿਹੇ ਮਾਂ-ਬਾਪ ਮਿਲਣ, ਅਮੀਰ ਮਿਲਣ, ਗਰੀਬ ਮਿਲਣ, ਉਸ ਤੋਂ ਬਾਅਦ ਕੋਈ ਪਤਾ ਨਹੀਂ ਹੈ ਕਿ ਵਿਕਾਰਾਂ 'ਚ ਪੈ ਜਾਵਾਂਗੇ ਕਿ ਸ਼ੁੱਧ ਜੀਵਨ ਰਹਿ ਜਾਵੇਗਾ। ਕਿਹੋ ਜਿਹੀ ਸੁਸਾਇਟੀ ਮਿਲਣੀ ਹੈ, ਕਿਹੋ ਜਿਹੇ ਲੋਕਾਂ 'ਚੋਂ ਲੰਘਣਾ ਹੈ, ਫੇਰ ਦੁੱਖ ਹੀ ਦੁੱਖ ਨੇ ਜ਼ਿੰਦਗੀ ਭਰ ਦੇ ਅੰਦਰ, ਸੁਖੀ ਤਾਂ ਕੋਈ ਹੈ ਨਹੀਂ। ਕਹਿੰਦੇ, ਪ੍ਰਮੇਸ਼ਰ ਨੂੰ ਭੁੱਲ ਕੇ ਦੁੱਖ ਹੀ ਦੁੱਖ ਨੇ। ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਮਿਲ ਲਿਆ ਉਨ੍ਹਾਂ ਦੇ ਜਿਹੜੇ ਭਾਗ ਨੇ ਮਹਾਰਾਜ ਕਹਿੰਦੇ ਉਹ ਬਹੁਤ ਵੱਡੇ ਭਾਗ ਨੇ-

***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥***
***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ਅੰਗ - 133***

ਫੈਸਲਾ ਕਰ ਦਿੱਤਾ ਮਹਾਰਾਜ ਨੇ, ਇਹਦੇ 'ਚ ਨਹੀਂ ਮਹਾਰਾਜ ਨੇ ਕੋਈ ਵੀ ਗੱਲ ਕਰੀ। ਕਹਿੰਦੇ ਜਿਹੜਾ ਵੀ ਮਿਲਾ ਦੇਵੇ ਉਹਦੇ ਚਰਨਾਂ

ਨਾਲ ਮੈਂ ਜੁੜ ਜਾਵਾਂਗਾ। ਐਉਂ ਪੜ੍ਹ ਲਓ-

*ਧਾਰਨਾ - ਜਿਹੜਾ ਮੇਲ ਦੇਵੇ ਰਾਮ ਪਿਆਰਾ,*
*ਚਰਨੀਂ ਉਹਦੇ ਲਗ ਜਾ ਮਨਾਂ।*

ਜਿਹੜਾ ਵੀ ਮੇਲ ਦੇਵੇ, ਮਹਾਰਾਜ ਕਹਿੰਦੇ ਜੋ ਵੀ ਮਿਲਾ ਦੇਵੇ -

*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥*

*ਅੰਗ - 133*

ਪਿਆਸ ਲੱਗੀ ਹੋਈ ਹੈ, ਜਿਹੜਾ ਪਾਣੀ ਦਾ ਗਿਲਾਸ ਪਿਆਸੇ ਨੂੰ ਲਿਆ ਦੇਵੇ, ਉਹਦਾ ਹੀ ਧੰਨਵਾਦ ਕਰਾਂ, ਕਿਉਂਕਿ ਉਹਨੇ ਜਾਨ ਬਚਾ ਦਿੱਤੀ। ਪ੍ਰਮੇਸ਼ਰ ਦੇ ਨਾਮ ਦੀ, ਮਿਲਾਪ ਦੀ ਪਿਆਸ ਲੱਗੀ ਹੋਈ ਹੈ। ਮਹਾਰਾਜ ਕਹਿੰਦੇ ਜਿਹੜਾ ਇਸ ਜਨਮ ਦੇ ਅੰਦਰ ਹੀ ਮਿਲਾ ਦੇਵੇ ਉਹਦੇ ਚਰਨੀਂ ਲਗ, ਕਿਉਂਕਿ ਨਾਮ ਜਪਣ ਵਿੱਚ ਅਨੰਦ ਹੈ। ਸਾਰੇ ਸੁੱਖ ਨੇ, ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ। ਮੁਕਤ ਪਦ ਦੀ ਪ੍ਰਾਪਤੀ, ਨਿਰਵਾਣ ਪਦ ਦੀ ਪ੍ਰਾਪਤੀ, ਫਿਨਾਅ ਫਿਲਾਅ ਪਦ ਦੀ ਪ੍ਰਾਪਤੀ ਨਾਮ ਜਪ ਕੇ ਹੋਇਆ ਕਰਦੀ ਹੈ। ਗੱਲਾਂ ਨਾਲ ਨਹੀਂ ਹੋਇਆ ਕਰਦੀ। 'ਨਾਮ' ਤੋਂ ਬਗੈਰ ਸਾਰਾ ਸੰਸਾਰ ਮਹਾਰਾਜ ਕਹਿੰਦੇ ਜਿੰਨਾਂ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ, ਨਾਮ ਤੋਂ ਖਾਲੀ, ਬਾਹਰਲਾ ਪਾਸਾ ਤਾਂ ਇਨ੍ਹਾਂ ਦਾ ਬਹੁਤ ਵਧੀਆ ਹੈ, ਜੇ ਨੇੜੇ ਹੋ ਕੇ ਨਾ ਮਿਲੋ। ਜੇ ਨੇੜੇ ਹੋ ਕੇ ਮਿਲੋ ਤਾਂ ਅਸਲੀਅਤ ਖੁਲ੍ਹ ਜਾਂਦੀ ਹੈ, ਕਿੱਡੀ ਵੱਡੀ ਕੋਠੀ ਹੋਵੇ ਪੰਜ ਚਾਰ ਏਕੜ 'ਚ ਪਾਈ ਹੋਈ, ਕਾਰਾਂ ਹੀ ਕਾਰਾਂ ਖੜ੍ਹੀਆਂ ਹੋਣ, ਹਵਾਈ ਜਹਾਜ਼ ਵੀ ਖੜ੍ਹਾ ਹੋਵੇ, ਉਥੋਂ ਹੀ ਹਵਾਈ ਜਹਾਜ਼ ਵਿੱਚ ਬੈਠ ਕੇ ਉਡ ਜਾਵੇ। ਪੈਸੇ ਟਕੇ ਦੀ ਕੋਈ ਘਾਟ ਨਾ ਹੋਵੇ, ਅਰਬਾਂ ਪਤੀ ਹੋਵੇ। ਮਹਾਰਾਜ ਕਹਿੰਦੇ, ਮਨ ਦੀ ਖੁਸ਼ੀ ਨਾਲ ਇਹਦਾ ਕੋਈ ਸਬੰਧ ਨਹੀਂ ਹੋਇਆ ਕਰਦਾ। ਪਦਾਰਥਾਂ ਦੀ ਪ੍ਰਾਪਤੀ ਹੋਰ ਚੀਜ਼ ਹੈ। ਅਨੰਦ ਦੀ ਪ੍ਰਾਪਤੀ ਹੋਰ ਚੀਜ਼ ਹੈ। ਮਹਾਰਾਜ ਕਹਿੰਦੇ, ਜਿਨ੍ਹਾਂ ਨੂੰ ਤੁਸੀਂ ਬਹੁਤ ਵੱਡੇ-ਵੱਡੇ ਗਿਣਦੇ ਹੋ, ਅਵਤਾਰੀ ਪੁਰਸ਼ ਵੀ ਸੀਗੇ, ਜਿਨ੍ਹਾਂ ਦੀਆਂ ਕਥਾ ਕਥਾਵਾਂ ਸੰਸਾਰ 'ਚ ਚੱਲ ਰਹੀਆਂ ਨੇ, ਚਲਦੀਆਂ ਰਹਿਣੀਆਂ ਨੇ; ਉਹ ਵੀ ਨਾਮ ਤੋਂ ਬਿਨਾਂ ਨਹੀਂ ਸੁਖੀ ਹੋਏ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਵੱਡਿਆਂ-ਵੱਡਿਆਂ ਦੀ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ ਗਿਣਤੀ ਕੀਤੀ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥*
*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* *ਅੰਗ - 954*

ਸਾਰਾ ਪੁਰਾਤਨ ਜਿਹਨੂੰ ਮਿਥਿਹਾਸ ਕਹਿ ਦਿੰਦੇ ਨੇ ਗਲਤੀ ਦੇ ਨਾਲ, ਮਹਾਰਾਜ ਨੇ ਇਹਦੇ ਵਿੱਚ ਜੋ ਪ੍ਰਚਲਤ ਸੀ ਭਾਰਤ ਵਰਸ਼ ਦੇ ਅੰਦਰ ਉਹ ਸਾਰੇ ਬਚਨ, ਉਹ ਸਾਰੀਆਂ ਹਸਤੀਆਂ ਦਾ ਜ਼ਿਕਰ ਕੀਤਾ ਹੈ ਕਿ ਵੱਡੇ-ਵੱਡੇ ਸੰਸਾਰ 'ਤੇ ਆਏ, ਉਨ੍ਹਾਂ ਦੇ ਦੁੱਖ ਨੂੰ ਕੋਈ ਕੱਟ ਨਾ ਸਕਿਆ। ਛੋਟੀ-ਛੋਟੀ ਤੋਂ ਛੋਟੀ ਵੀ ਮਿਸਾਲ ਦਿੱਤੀ ਹੈ, ਵੱਡੀ ਤੋਂ ਵੱਡੀ ਵੀ ਦਿੱਤੀ ਹੈ। ਇੱਕ ਰਾਜਾ ਭੋਜ ਸੀ ਜਿਸ ਤਰ੍ਹਾਂ ਅਕਬਰ ਦੇ ਨੌਂ ਰਤਨ ਸੀ, ਉਸ ਦੇ ਦਰਬਾਰ ਵਿੱਚ ਵੀ ਨੌਂ ਬਹੁਤ ਪੜ੍ਹੇ ਲਿਖੇ ਬੰਦੇ ਸੀ। ਜਿਨ੍ਹਾਂ ਦੀ ਧਾਂਕ ਪਈ ਹੋਈ ਸੀ ਭਾਰਤ ਵਰਸ਼ ਵਿੱਚ। ਕੋਈ ਮਸਲਾ ਹੋਵੇ, ਹਰੇਕ ਆਪਣੇ-ਆਪਣੇ ਮਸਲੇ ਦੇ ਵਿੱਚ, ਆਪਣੇ-ਆਪਣੇ ਵਿਸ਼ੇ ਦੇ ਵਿੱਚ ਮਾਹਿਰ ਸੀ। ਕੋਈ ਜੋਤਸ਼ ਵਿਦਿਆ ਸੀ, ਕੋਈ ਕਖੋਲ ਸੀ, ਕੋਈ ਇਤਿਹਾਸ ਦੇ ਵਿੱਚ ਸੀ ਕੋਈ ਕਥਾ ਕਰਨ ਵਿੱਚ ਸੀ। ਇੱਕ ਵਾਰੀ ਇੱਕ ਪੰਡਤ ਸਾਰੇ ਭਾਰਤ ਵਰਸ਼ ਨੂੰ ਜਿੱਤਦਾ ਹੋਇਆ, ਪਤਾ ਲੱਗਿਆ ਕਿ ਰਾਜੇ ਭੋਜ ਦੇ ਕੋਲ ਨੌਂ ਰਤਨ ਨੇ। ਜੇ ਉਹਨੂੰ ਨਾ ਮੈਂ ਹਰਾਇਆ ਫੇਰ ਤਾਂ ਬੜੀ ਮਾੜੀ ਗੱਲ ਹੈ। ਫੇਰ ਮੈਂ ਵਿਜੈਈ ਨਹੀਂ ਕਹਾ ਸਕਦਾ। ਉਥੇ ਆ ਗਿਆ, ਆ ਕੇ ਪਤਾ ਲੱਗ ਗਿਆ ਉਨ੍ਹਾਂ ਨੂੰ ਵੀ, ਪੰਡਤਾਂ ਨੂੰ ਵੀ ਕਿ ਬਹੁਤ ਪ੍ਰਸਿੱਧ ਹਸਤੀ ਆ ਗਈ ਹੈ, ਸਾਰੇ ਭਾਰਤ ਵਰਸ਼ ਵਿੱਚ ਇਹਦੀ ਜੈ ਹੁੰਦੀ ਆਈ ਹੈ। ਕਿਵੇਂ ਕਰਿਆ ਜਾਵੇ, ਦੂਸਰੇ ਦਿਨ ਢੰਡੋਰਾ ਫੇਰ ਦਿੱਤਾ ਸ਼ਹਿਰ 'ਚ ਕਿ ਮੈਂ ਰਾਜਾ ਭੋਜ ਦੇ ਨੌਂ ਰਤਨਾਂ ਦੇ ਨਾਲ ਸ਼ਾਸਤਰਅਰਥ ਕਰਨਾ ਚਾਹੁੰਦਾ ਹਾਂ। ਜੇ ਮੈਂ ਜਿੱਤ ਗਿਆ ਤਾਂ ਸਾਰੀਆਂ ਪੁਸਤਕਾਂ ਉਨ੍ਹਾਂ ਦੀਆਂ ਮੇਰੇ ਹਵਾਲੇ ਜੇ ਮੈਂ ਹਾਰ ਗਿਆ ਤਾਂ ਸਾਰਾ ਜੋ ਕੁਛ ਮੇਰੇ ਕੋਲ ਹੈ ਉਨ੍ਹਾਂ ਦੇ ਹਵਾਲੇ ਤੇ ਦਿਗਵਿਜਈ ਦਾ ਖਿਤਾਬ ਇਹਨੂੰ ਜਿੱਤ ਕੇ ਕਰਨਾ ਹੈ, ਉਹ ਮੈਂ loose ਕਰ ਜਾਵਾਂਗਾ ਤਾਂ ਇਨ੍ਹਾਂ ਨੂੰ ਦੇ ਦੇਵਾਂਗਾ ਉਹ ਖਿਤਾਬ ਕਿਉਂਕਿ ਆਖਰੀ

ਮੈਚ ਇੱਥੇ ਪਿਆ ਸੀ, ਫਾਈਨਲ ਜਿਹੜਾ ਸੀ। ਪਹਿਲਾਂ ਜਿੱਤਦਾ ਤੁਰਿਆ ਆਇਆ, ਹਰਾਉਂਦਾ ਆਇਆ। ਸਾਥੀਆਂ ਦੇ ਮਨਾਂ 'ਚ ਬੜੀਆਂ ਖੁਸ਼ੀਆਂ ਸੀ, ਜਿਸ ਸੂਬੇ ਦਾ ਸੀ ਉਨ੍ਹਾਂ ਦੇ ਮਨ ਵਿੱਚ ਬੜੀਆਂ ਖੁਸ਼ੀਆਂ ਕਿ ਸਾਡਾ ਪੰਡਤ ਆਖਰੀ ਫਾਈਨਲ ਮੈਚ ਖੇਲ੍ਹ ਰਿਹਾ ਹੈ ਤੇ ਹੁਣ ਇਹਨੇ ਜਿੱਤ ਜਾਣਾ ਹੈ, ਦਿਗ ਵਿਜੈਈ ਦੀ ਇਹਨੂੰ ਉਪਾਧੀ ਮਿਲ ਜਾਵੇਗੀ। ਇਹਦੀ ਜੋ ਗੱਲ ਹੈ ਉਹ ਪ੍ਰਵਾਣਿਤ ਹੋਏਗੀ, ਜੋ ਇਹ ਲਿਖ ਦਏਗਾ ਕਿਤਾਬਾਂ 'ਤੇ ਉਹ ਮੰਨਣਾ ਪਵੇਗਾ ਸਾਰਿਆਂ ਨੂੰ। ਰਾਜੇ ਭੋਜ ਦੇ ਪੰਡਤ ਜਿਹੜੇ ਸੀ ਘਬਰਾਹਟ 'ਚ ਪੈ ਗਏ। ਰਾਜੇ ਭੋਜ ਨੇ ਕਿਹਾ ਕਿ ਦੇਖੋ ਮੈਂ ਕਿੰਨੀਆਂ-ਕਿੰਨੀਆਂ ਤਨਖਾਹਾਂ ਤੁਹਾਨੂੰ ਦਿੰਦਾ ਹਾਂ, ਜੇ ਤੁਹਾਡੀ ਹਾਰ ਹੋ ਗਈ ਤਾਂ ਬਹੁਤ ਬੁਰੀ ਗੱਲ ਹੋਏਗੀ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਨਹੀਂ ਹਾਰਦੇ, ਪਰ ਜੇ ਆਗਿਆ ਦਿਓ ਤਾਂ ਇੱਕ ਅਸੀਂ ਥੋੜ੍ਹਾ ਜਿਹਾ ਖੜਯੰਤਰ ਰਚ ਦੇਈਏ। ਕਹਿੰਦੇ, ਮੈਨੂੰ ਨਹੀਂ ਪਤਾ ਮੇਰੇ ਨੌਂ ਰਤਨਾਂ 'ਚੋਂ ਕਿਸੇ ਦੀ ਹਾਰ ਨਹੀਂ ਹੋਣੀ ਚਾਹੀਦੀ। ਉਸੇ ਸ਼ਹਿਰ ਦੇ ਅੰਦਰ ਇੱਕ ਗੀਗਾ ਨਾਮ ਦਾ ਤੇਲੀ ਰਿਹਾ ਕਰਦਾ ਸੀ। ਬਹੁਤ ਗੱਲਾਂ ਮਾਰਿਆ ਕਰਦਾ ਸੀ ਉਹ, ਆਹ ਜਿਹੜਾ ਖਰੜ ਗਿਆਨ ਹੁੰਦਾ ਹੈ ਨਾ, ਕਈ ਖਰੜ ਗਿਆਨੀ ਹੁੰਦੇ ਨੇ ਉਹ ਲੈਕਚਰ ਵੀ ਦਿੰਦੇ ਨੇ, ਸਾਰੇ ਲੋਕਾਂ ਨੂੰ ਹਿਪਨੋਟਾਈਜ਼ ਕਰ ਦਿੰਦੇ ਨੇ, ਪਤਾ ਹੀ ਨਹੀਂ ਲਗਦਾ ਕਿ ਕੀ ਕਹਿ ਗਿਆ। ਪਿੱਛੋਂ ਕਹਿਣਗੇ ਕਿ ਇਹ ਗਲਤ ਗੱਲਾਂ ਕਹਿ ਗਿਆ। ਉਸ ਵੇਲੇ ਸਭ ਅਸਰ ਵਿੱਚ ਆ ਜਾਂਦੇ ਨੇ, ਉਹ ਵੀ ਐਸਾ ਸੀ ਜਿੱਥੇ ਬਹਿ ਜਾਣਾ ਉਹਨੇ, ਖਰੜ ਗਿਆਨ ਦੇ ਨਾਲ ਗੱਲਾਂ ਕਰਨੀਆਂ ਤੇ ਦੂਜੇ ਨੂੰ ਬੋਲਣ ਹੀ ਨਹੀਂ ਸੀ ਦਿੰਦਾ। ਉਹਦੇ ਕੋਲ ਗਏ ਰਾਤ ਨੂੰ, ਕਹਿਣ ਲੱਗੇ ਦੇਖ, ਤੇਰੀ ਵੀ ਮਹਾਨਤਾ ਹੈ ਸ਼ਹਿਰ ਦੇ ਅੰਦਰ। ਕੱਲ੍ਹ ਨੂੰ ਪੰਡਤ ਆਏਗਾ ਤੇਰੀ ਉਹਦੇ ਨਾਲ ਗੱਲਬਾਤ ਕਰਾਉਣੀ ਹੈ, ਕਹਿੰਦਾ ਫਿਕਰ ਹੀ ਨਾ ਕਰੋ। ਕਹਿੰਦਾ ਮੈਂ ਕਦੇ ਨਹੀਂ ਹਾਰਦਾ, ਇੱਕ ਮੇਰੀ ਮਾਂ ਨੇ ਜੁਗਤ ਦੱਸੀ ਸੀ ਉਹ ਮੈਂ ਵਰਤਦਾ ਹਾਂ। ਕਹਿੰਦੇ ਉਹ ਕੀ ਹੈ? ਉਹ ਕਹਿੰਦਾ ਕਿ ਮੈਂ ਸੁਣਦਾ ਹੀ ਨਹੀਂ ਦੂਜੇ ਦੀ, ਆਪਣੀਆਂ ਹੀ ਦੇਈ ਜਾਂਦਾ ਹਾਂ। ਉਹਨੇ ਘੰਟੇ ਦੋ ਘੰਟੇ ਬਾਅਦ ਥੱਕ ਕੇ ਉਹਨੇ ਹਾਰ ਜਾਣਾ ਹੈ ਤੇ ਮੈਂ ਜਿੱਤ ਜਾਣਾ ਹੈ। ਮੈਂ ਕਦੇ ਸੁਣੀ ਹੀ ਨਹੀਂ ਕਿਸੇ ਦੀ ਗੱਲ। ਆਪਣੀਆਂ ਹੀ ਦੇਈ ਜਾਂਦਾ ਹੁੰਦਾ ਹਾਂ, ਪਿਆ ਉਹ ਬੋਲੀ ਜਾਵੇ। ਮੈਂ ਤਾਂ ਪੰਡਤ ਨੂੰ ਪੈਰੋਂ ਕੱਢ ਲਊਂ। ਉਹ ਕਹਿੰਦੇ, ਉਥੇ ਹੋਣੇ ਨੇ ਸ਼ਾਸਤਰ ਅਰਥ। ਕੋਈ ਹੋਵੇ, ਮੈਨੂੰ ਕੋਈ ਗੱਲ ਦੱਸੇ ਸਹੀ, ਮੈਂ ਉਹਦੀ ਗੱਲ ਅੱਗੇ ਚੱਲਣ ਹੀ ਨਹੀਂ ਦੇਣੀ।

ਦੂਜੇ ਦਿਨ ਪੰਡਤਾਂ ਵਾਲਾ ਉਹਦਾ ਲਿਬਾਸ ਬਣਾ ਦਿੱਤਾ। ਉਧਰਲੇ ਪਾਸੇ ਉਹ ਪੰਡਤ ਬੜਾ ਖੁਸ਼ ਹੋ ਰਿਹਾ ਹੈ, ਬਈ ਨੌਂ ਰਤਨਾਂ 'ਚੋਂ ਤਾਂ ਨਹੀਂ ਕੱਢਿਆ ਉਨ੍ਹਾਂ ਨੇ ਕੋਈ ਹੋਰ ਪੰਡਤ ਕੱਢਿਆ ਹੈ। ਕਹਿੰਦਾ, ਉਹਨੂੰ ਤਾਂ ਮੈਂ ਐਵੇਂ ਹੀ ਹਰਾ ਦੇਵਾਂਗਾ। ਇਨ੍ਹਾਂ ਤੋਂ ਹੀ ਮੈਨੂੰ ਥੋੜ੍ਹਾ ਡਰ ਲਗਦਾ ਸੀ। ਤੇਲੀ ਦੇ ਪੰਡਤਾਂ ਵਾਲੀ ਦਸਤਾਰ ਬੰਨ੍ਹ ਦਿਤੀ, ਮੱਥੇ 'ਤੇ ਤਿਲਕ ਲਾ ਦਿੱਤਾ, ਗਲ 'ਚ ਲਾਲ ਰੰਗ ਦਾ ਪਰਨਾ ਪਾ ਦਿੱਤਾ। ਜੋੜਾ ਨਵਾਂ ਲੈ ਕੇ

ਪਾ ਦਿੱਤਾ, ਕੱਢਿਆ ਹੋਇਆ ਜੋੜਾ, ਬਹੁਤ ਹੀ ਵਧੀਆ, ਸਾਰਾ ਦਰਬਾਰ ਲੱਗ ਗਿਆ, ਦਰਬਾਰ ਵਾਲੇ ਦੇਖ ਰਹੇ ਨੇ ਤੇ ਉਹ ਪੰਡਤ ਪਹਿਲਾਂ ਆ ਕੇ ਬਹਿ ਗਿਆ, ਇਧਰ ਇੰਤਜ਼ਾਰ ਹੋ ਰਿਹਾ ਹੈ ਕਿ ਕਿਹੜਾ ਪੰਡਤ ਹੈ ਜਿਹਦੇ ਨਾਲ ਇਹਦਾ ਮੁਕਾਬਲਾ ਹੋਣਾ ਹੈ ਕਿਸੇ ਨੂੰ ਨਹੀਂ ਪਤਾ। ਉਹ ਆ ਗਿਆ ਤੇ ਸਾਰੇ ਦੇਖਦੇ ਨੇ। ਜਿਸ ਵਕਤ ਆ ਗਿਆ ਤਾਂ ਉਹਨੇ ਕਿਹਾ ਕਿ ਇਕੱਠ ਬਹੁਤਾ ਹੋਇਆ, ਹੋਇਆ ਹੈ, ਮੇਰਾ ਕੋਈ ਜੋੜਾ ਹੀ ਨਾ ਚੁੱਕ ਲਏ, ਉਹਨੇ ਜੋੜੇ 'ਤੇ ਜੋੜਾ ਮੂਧਾ ਮਾਰਿਆ, ਆਪਣੇ ਪਰਨੇ 'ਚ ਵਲੇਟ ਲਿਆ। ਕਹਿੰਦਾ, ਮੈਂ ਉਥੇ ਕੋਲ ਹੀ ਰੱਖ ਲਵਾਂਗਾ ਇਹਨੂੰ। ਜਦੋਂ ਨੇੜੇ ਆਇਆ, ਪੰਡਤ ਨੇ ਦੇਖਿਆ ਕਿ ਆਹ ਕਿਹੜਾ ਗ੍ਰੰਥ ਹੈ? ਪਹਿਲਾਂ ਇਹ ਪੁੱਛੀਏ ਇਹਦੇ ਵਿਚੋਂ ਹੀ ਸਵਾਲ ਕਰਾਂਗੇ। ਕਹਿਣ ਲੱਗਿਆ, ਪੰਡਤ ਜੀ! ਕ੍ਰਿਪਾ ਕਰਕੇ ਮੈਨੂੰ ਇਹ ਦੱਸੋ ਕਿ ਜਿਹੜਾ ਗ੍ਰੰਥ ਤੁਹਾਡੀ ਕੱਛ ਵਿਚ ਲਿਆ ਹੋਇਆ ਹੈ, ਇਹਦੇ ਵਿਚੋਂ ਤੁਸੀਂ ਮੇਰੇ ਨਾਲ ਸ਼ਾਸਤਰ ਅਰਥ ਕਰਨਾ ਹੈ? ਕਹਿੰਦਾ ਹਾਂ, ਕਹਿੰਦਾ ਇਹਦਾ ਨਾਉਂ ਕੀ ਹੈ? ਕਹਿੰਦਾ, ਕੰਟਕ ਚੂਰਨ ਗ੍ਰੰਥ। ਕੰਡਿਆਂ ਦਾ ਚੂਰਾ ਕਰਨ ਵਾਲਾ ਗ੍ਰੰਥ। ਸੁਣਿਆ ਹੀ ਨਹੀਂ ਸੀ ਅੱਜ ਤੱਕ ਉਹਨੇ ਕਿ ਕੰਡਿਆਂ ਦਾ ਵੀ ਚੂਰਾ ਕਰਨ ਵਾਲਾ ਗ੍ਰੰਥ ਹੈ। ਸਾਰਾ ਯਾਦ ਕਰਿਆ, ਮਿੰਟ ਭਰ ਅੱਖਾਂ ਵੀ ਮੀਚੀਆਂ ਕਿ ਇਹ ਤਾਂ ਮੇਰੀ ਨਿਗ੍ਹਾ 'ਚ ਲੰਘਿਆ ਹੀ ਨਹੀਂ ਅੱਜ ਤੱਕ, ਨਵਾਂ ਹੀ ਗ੍ਰੰਥ ਹੈ। ਅਖੀਰ ਉਹਨੇ ਕਿਹਾ ਕਿ ਐਸ ਤਰ੍ਹਾਂ ਕਰੀਏ ਕਿ ਜੇ ਮੈਂ ਬੋਲਿਆ ਜੇ ਇਹਨੇ ਇਹਦੇ ਵਿਚੋਂ ਕੋਈ ਸਵਾਲ ਪਾ ਦਿੱਤਾ, ਮੇਰੇ ਤੋਂ ਜਵਾਬ ਨਾ ਦੇ ਹੋਇਆ, ਬੜਾ ਮਾੜਾ ਕੰਮ ਹੋਏਗਾ। ਕਹਿੰਦਾ, ਇਸ਼ਾਰੇ ਨਾਲ ਹੀ ਬਹਿਸ ਕਰਦੇ ਹਾਂ। ਕਹਿਣ ਲੱਗਿਆ, ਲਓ ਪੰਡਤ ਜੀ। ਰਾਜਾ ਭੋਜ ਬੈਠਾ ਹੈ, ਕਹਿੰਦਾ, ਮਹਾਰਾਜ ਸਾਡੀ ਗੱਲਬਾਤ ਜਿਹੜੀ ਹੈ, ਇਸ਼ਾਰੇ ਨਾਲ ਮੈਂ ਕਰਨੀ ਹੈ ਪੁੱਛੋ ਆਪਣੇ ਪੰਡਤ ਤੋਂ। ਉਹ ਕਹਿੰਦਾ, ਠੀਕ ਹੈ ਮੈਂ ਇਸ਼ਾਰੇ ਨਾਲ ਹੀ ਕਰਾਂਗਾ ਮੈਨੂੰ ਆਉਂਦੀ ਹੈ ਜੁਗਤ ਸਭ। ਬਹਿਸ ਸ਼ੁਰੂ ਹੋ ਗਈ। ਕਹਿਣ ਲੱਗੇ, ਪੰਡਤ ਜੀ! ਤੁਸੀਂ ਪਹਿਲਾਂ ਸਵਾਲ ਕਰੋ। ਉਸਨੇ ਇੱਕ ਉਂਗਲੀ ਖੜ੍ਹੀ ਕਰ ਦਿੱਤੀ। ਕਹਿੰਦਾ, ਦਿਓ ਜਵਾਬ? ਉਹਨੇ ਦੋ ਕਰ ਦਿੱਤੀਆਂ, ਪੰਡਤ ਨੇ ਕਿਹਾ ਕਿ ਹੁਣ ਅੱਗੇ ਕੀ ਕਰੀਏ, ਇਹਨੇ ਤਾਂ ਜਵਾਬ ਸਹੀ ਦੇ ਦਿੱਤਾ। ਉਹਨੇ ਫਿਰ ਹੱਥ ਖੜ੍ਹਾ ਕਰ ਦਿੱਤਾ। ਉਹਨੇ ਹੱਥ ਮੁਠੀ ਬੰਦ ਕਰਕੇ ਖੜ੍ਹਾ ਕਰ ਦਿੱਤਾ। ਪੰਡਤ ਡਰ ਗਿਆ, ਘਬਰਾ ਗਿਆ, ਮੱਥਾ ਟੇਕ ਦਿੱਤਾ। ਅੱਗੋਂ ਗੱਲ ਹੀ ਨਾ ਆਈ ਕੋਈ। ਉਸੇ ਵੇਲੇ ਵਿਜੈ ਦੀ ਡੌਂਡੀ ਸੀ ਵੱਜਣੀ ਸ਼ੁਰੂ ਹੋ ਗਈ, ਨਫੀਰੀਆਂ ਵੱਜ ਗਈਆਂ, ਜੈ-ਜੈਕਾਰ ਹੋਣ ਲੱਗ ਗਈ। ਗਾਂਗੇ ਤੇਲੀ ਨੂੰ ਬਾਹਰ ਹਾਥੀ ਖੜ੍ਹਾ ਸੀ ਉਹਦੇ ਉਤੇ ਬਿਠਾ ਲਿਆ, ਜਲੂਸ ਕੱਢਿਆ, ਇਹ ਹਾਰਿਆ ਹੋਇਆ, ਕਿਤਾਬਾਂ ਖੋਹ ਲਈਆਂ ਇਹਦੀਆਂ ਸਾਰੀਆਂ। ਬੜਾ ਹੀ ਰੋਂਦਾ ਹੈ ਕਿ ਮੈਂ ਸਾਰੀ ਦੁਨੀਆਂ 'ਚ ਨਹੀਂ ਹਾਰਿਆ। ਇਥੇ ਮੈਂ ਹਾਰ ਖਾ ਗਿਆ। ਉਸ ਵੇਲੇ ਸਾਰੇ ਪੰਡਤ ਕਹਿਣ ਲੱਗੇ, ਪੰਡਤ ਜੀ! ਅਫਸੋਸ ਨਾ ਕਰੋ ਤੁਸੀਂ, ਕ੍ਰਿਪਾ ਕਰਕੇ ਸਾਨੂੰ ਤਾਂ ਸਮਝਾਂ ਦਿਓ ਕਿ ਤੁਸੀਂ ਪ੍ਰਸ਼ਨ ਕੀ ਕਰਿਆ ਸੀ ਤੇ ਉਹਦਾ ਉੱਤਰ ਕੀ ਸੀ? ਉਹ ਕਹਿੰਦਾ ਮੈਂ ਕਿਹਾ ਸੀ ਇੱਥੇ ਇੱਕ

ਅਦੁੱਤੀ ਬ੍ਰਹਮ ਹੈ, ਉਹ ਕਹਿੰਦਾ ਪੰਡਤ ਜੀ! ਅਦੁੱਤੀ ਬ੍ਰਹਮ ਦੇ ਨਾਲ ਮਾਇਆ ਹੈ। ਮਾਇਆ ਤੋਂ ਬਿਨਾਂ ਸੰਸਾਰ ਦੀ ਰਚਨਾ ਨਹੀਂ ਹੁੰਦੀ। ਕਹਿੰਦਾ ਮੈਂ ਕਿਹਾ, ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ, ਜਦੋਂ ਉਹਨੇ ਕਿਹਾ ਅੱਡ-ਅੱਡ ਕੁਛ ਨਹੀਂ ਹੁੰਦਾ, ਇਹ ਤਾਂ ਇਕੱਠੇ ਹੋਏ-ਹੋਏ ਨੇ ਪੰਜੋ ਤੱਤ, ਤਾਂ ਸਰੀਰ ਬਣਿਆ ਹੈ। ਕਹਿੰਦਾ, ਅੱਗੇ ਇੱਕੋ ਸਵਾਲ ਮੇਰਾ ਰਹਿ ਗਿਆ ਸੀ, ਤਿੰਨ ਕਰਨੇ ਸੀ, ਦੋ ਉਹ ਜਿੱਤ ਗਿਆ, ਹੁਣ ਮੈਂ ਤੀਸਰਾ ਕਰਕੇ ਲੈਣਾ ਕੀ ਸੀ। ਬਹੁਤ ਰੋਇਆ-ਬਹੁਤ ਰੋਇਆ।

ਰਾਜੇ ਭੋਜ ਨੇ ਗਾਂਗੇ ਤੇਲੀ ਨੂੰ ਬੁਲਾਇਆ ਕਿ ਤੂੰ ਜਵਾਬ ਕਿਵੇਂ ਦੇ ਦਿਤੇ, ਤੈਨੂੰ ਤਾਂ ਪਤਾ ਨਹੀਂ ਕਿਸੇ ਗੱਲ ਦਾ ਵੀ। ਕੀ ਸਮਝਿਆ ਜਦੋਂ ਪੰਡਤ ਨੇ ਕਿਹਾ ਕਿ ਇੱਕ ਅਦੁੱਤੀ ਬ੍ਰਹਮ ਹੈ, ਕਹਿੰਦਾ ਮੈਂ ਨਹੀਂ ਇਹ ਗੱਲ ਸਮਝੀ ਉਹਦੀ, ਮੈਂ ਸਮਝਿਆ ਕਿ ਮੇਰੀ ਇੱਕ ਅੱਖ ਤਾਂ ਕਾਣੀ ਹੈ, ਤੇਰੀ ਦੂਜੀ ਵੀ ਕੱਢ ਦਊਂਗਾ। ਕਹਿੰਦਾ ਮੈਂ ਕਿਹਾ, ਜੇ ਮੇਰੀ ਇੱਕ ਕੱਢੀ ਤੇਰੀਆਂ ਮੈਂ ਦੋਵੇਂ ਕੱਢ ਦੇਵਾਂਗਾ। ਕਹਿੰਦਾ, ਫੇਰ ਉਹਨੇ ਥੱਪੜ ਚੁੱਕ ਲਿਆ, ਮੈਂ ਕਿਹਾ ਤੇਰਾ ਤਾਂ ਥੱਪੜ ਹੈ, ਮੈਂ ਘਸੁੰਨ ਮਾਰੂੰ ਤੇਰੇ।

ਮਹਾਰਾਜ ਕਹਿੰਦੇ, ਦੇਖੋ! ਐਡਾ ਵਿਦਵਾਨ ਹੋ ਕੇ ਗੱਲ ਨਹੀਂ ਪੁੱਛ ਸਕਿਆ ਉਸ ਤੋਂ ਤੇ ਹਾਰ ਹੋਈ ਤੇ ਰੋਂਦਾ ਹੈ -

***ਪੰਡਿਤ ਰੋਵਹਿ ਗਿਆਨੁ ਗਵਾਇ ॥ ਅੰਗ - 954***

ਗਿਆਨ ਗਵਾ ਕੇ ਰੋਇਆ ਉਹ। ਇਸ ਤਰ੍ਹਾਂ ਸਾਰੇ ਹੀ ਸੰਸਾਰ ਦੀ ਮਹਾਰਾਜ ਨੇ ਗੱਲਾਂ ਕਰੀਆਂ -

***ਬਾਲੀ ਰੋਵੈ ਨਾਹਿ ਭਤਾਰੁ ॥ ਅੰਗ - 954***

ਇੱਕ ਇਸਤਰੀ ਪਿਛਲੇ ਜਨਮ ਦੇ ਅੰਦਰ, ਉਸ ਦਾ ਪਤੀ ਪ੍ਰਮੇਸ਼ਰ ਦਾ ਪਿਆਰਾ ਭਗਤ ਸੀ, ਬਹੁਤ ਦੁੱਖੀ ਕਰਿਆ ਉਹਨੂੰ। ਉਹਨੇ ਕਿਹਾ ਕਿ ਜਾਹ ਤੈਨੂੰ ਇਸ ਜਨਮ ਤਾਂ ਪਤੀ ਮਿਲ ਗਿਆ ਤੇ ਅਗਲੇ ਜਨਮ 'ਚ ਤੈਨੂੰ ਨਹੀਂ ਮਿਲਣਾ, ਚਾਹੇ ਪੰਜਾਹ ਵਿਆਹ ਕਰਾ ਲਈਂ। ਰਾਜੇ ਦੀ ਲੜਕੀ ਬਣ ਗਈ ਉਹ ਸੁਅੰਬਰ ਰਚ ਲਿਆ, ਜਿਹਦੇ ਗਲ 'ਚ ਹਾਰ ਪਾਵੇ, ਘਰ ਜਾਵੇ ਤੇ ਉਹ ਪਹਿਲਾਂ ਹੀ ਮਰ ਜਾਵੇ। ਵੀਹ ਪਤੀ ਮਰ ਗਏ, ਵੀਹ ਵਿਆਹ ਕਰਾਏ। ਫੇਰ ਉਹ ਰੋਈ ਬਹੁਤ ਕਿ ਮੇਰੀ ਕਿਸਮਤ 'ਚ ਪਤੀ ਨਹੀਂ ਲਿਖਿਆ ਹੋਇਆ। ਮਹਾਰਾਜ ਕਹਿੰਦੇ -

***ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - 954***

ਦੱਸੋ ਸੰਸਾਰ 'ਚ ਸੁਖੀ ਕਿਹੜਾ ਹੈ, ਕੋਈ ਹੈ ਐਸਾ ਜਿਹੜਾ ਸੰਸਾਰ 'ਚ ਸੁਖੀ ਹੋਵੇ।

***ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥***
***ਅੰਗ - 954***

ਜਿਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ, ਨਾਮ ਦਾ ਪ੍ਰਕਾਸ਼ ਹੋ ਗਿਆ, ਨਾਮ ਨੂੰ ਮੰਨ ਲਿਆ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* *ਅੰਗ - 3*

ਪਰੀਪੂਰਨ ਨਾਮ ਦੀ ਸ਼ਕਤੀ ਨੂੰ ਜਿਹਨੇ ਮੰਨ ਲਿਆ, ਕਿਉਂਕਿ ਸਾਰਾ ਪਸਾਰਾ ਨਾਮ ਦਾ ਹੀ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥*
*ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥*
*ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥* *ਅੰਗ - 284*

ਸਾਰੇ ਵੇਦ ਸ਼ਾਸਤਰ, ਜੋ ਕੁਛ ਵੀ ਹੈ ਸਭ ਨਾਮ ਸ਼ਕਤੀ ਨੇ ਧਾਰਨ ਕਰਿਆ ਹੋਇਆ ਹੈ। ਕਹਿੰਦੇ ਉਹ ਜਿੱਤ ਜਾਂਦਾ ਹੈ ਸੰਸਾਰ 'ਤੇ ਉਹ ਸੁਖੀ ਹੈ। ਬਾਕੀ ਪਦਾਰਥਾਂ ਦੀ ਪ੍ਰਾਪਤੀ ਚਾਹੇ ਕਿੰਨੀ ਹੀ ਹੋ ਜਾਵੇ, ਆਦਮੀ ਨੂੰ ਸੁੱਖ ਨਹੀਂ ਮਿਲਿਆ ਕਰਦਾ, ਸੁੱਖ ਕਿਸਮਤ 'ਚ ਨਹੀਂ ਆਇਆ ਕਰਦਾ। ਮਹਾਰਾਜ ਕਹਿੰਦੇ, ਜੇ ਬਹੁਤਾ ਧਨ ਹੈ -

*ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥*
*ਅੰਗ - 1019*

ਓਨੀਓਂ ਚਿੰਤਾ ਹੋਏਗੀ, ਓਨਾਂ ਹੀ ਡਾਕਟਰਾਂ ਦਾ ਫੇਰਾ ਉਹਦੇ ਘਰ 'ਚ ਬਹੁਤਾ ਲੱਗੇਗਾ। ਨਾ ਤਾਂ ਖ਼ੂਨ ਦਾ ਸੰਤੁਲਨ ਉਹਦਾ ਕਾਇਮ ਰਹਿਣਾ ਹੈ। ਨਾ ਦਿਲ ਦੀ ਚਾਲ ਕਾਇਮ ਰਹਿਣੀ ਹੈ। ਨਾ ਦਿਮਾਗ ਦੇ ਉਤੇ ਸ਼ਾਂਤੀ ਰਹਿਣੀ ਹੈ ਹਰ ਵਕਤ nervous system ਕਸਿਆ ਰਹੇਗਾ ਉਸ ਬੰਦੇ ਦਾ। ਤੱਤ ਦੀ ਗੱਲ ਮਹਾਰਾਜ ਨੇ ਕਰ ਦਿੱਤੀ। ਕਹਿੰਦੇ, ਫੇਰ ਵੀ ਦੁਨੀਆਂ ਪੈਸੇ ਪਿੱਛੇ ਪਈ ਹੋਈ ਹੈ। ਪਰ ਪਿਆਰਿਓ! ਕਹਿੰਦੇ -

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*
*ਅੰਗ - 417*

ਕਹਿੰਦੇ, ਇਹ ਚੀਜ਼ਾਂ ਨਹੀਂ ਸੁੱਖ ਦਿੰਦੀਆਂ, ਵੱਡੇ-ਵੱਡੇ ਦੁਨੀਆਂ ਦੇ ਉਤੇ ਹੋਏ ਨੇ, ਲੇਕਿਨ ਪਛਤਾਉਂਦੇ ਹੋਏ ਹੱਥ ਖਾਲੀ, ਸੰਸਾਰ ਤੋਂ ਜਾਂਦੇ ਨੇ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਵੱਡੇ-ਵੱਡੇ ਦੁਨੀਆਂ ਉਤੇ ਹੋਏ,*
*ਰੋਂਦੇ ਵੇਖੇ ਨਾਮ ਤੋਂ ਬਿਨਾਂ।*

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - 1365*

ਰੋਂਦੇ ਜਾ ਰਹੇ ਨੇ ਸੰਸਾਰ ਤੋਂ, ਹਸਦੇ ਨਹੀਂ ਜਾ ਰਹੇ।

ਸੋਮਨਾਥ ਦਾ ਮੰਦਰ ਜਦੋਂ ਲੁੱਟਿਆ, ਉਸ ਵੇਲੇ ਦਾ ਜੋ ਧਨ ਦਾ ਮੁੱਲ

ਸੀ ਚਾਰ ਅਰਬ ਗਿਣਿਆ ਹੈ ਸਿਆਣਿਆਂ ਨੇ। ਇੱਕ ਮੰਦਰ ਵਿਚੋਂ ਹੀ ਚਾਰ ਅਰਬ ਰੁਪਏ ਲੁੱਟੇ, ਹੀਰੇ ਜਵਾਹਾਰਾਤ। ਅੱਜ ਲਾ ਲਓ ਜਿੰਨਾਂ ਸਾਰੇ ਹਿੰਦੋਸਤਾਨ ਨੇ ਕਰਜ਼ਾ ਦੇਣਾ ਹੈ, ਚਾਰ ਅਰਬ ਰੁਪਿਆ ਦੇਣਾ ਹੈ ਹਿੰਦੋਸਤਾਨ ਨੇ, ਇੱਕ ਮੰਦਰ ਦੇ ਵਿਚ ਹੀ ਸੀ ਐਨਾ ਤਾਂ। ਬੇਅੰਤ ਧਨੀ ਦੇਸ਼ ਸੀ ਇਹਦੇ ਅੰਦਰ ਹੀਰੇ ਮਣੀਆਂ, ਜਵਾਹਰਾਤ ਸੋਨਾ ਨਿਕਲਦਾ ਸੀ, ਲੇਕਿਨ ਛੁੱਪ ਗਿਆ ਸਾਰਾ, ਪਾਰਸ ਵੀ ਛੁੱਪ ਗਿਆ, ਹਰੇਕ ਚੀਜ਼ ਛੁੱਪ ਗਈ। ਕਹਿੰਦੇ, ਸੰਤ ਵੀ ਛੁੱਪ ਗਏ ਨਾਲ ਹੀ, ਦੋਵੇਂ ਗੱਲਾਂ ਹੋਈਆਂ ਨੇ, ਜਦੋਂ ਕਲਜੁਗ ਦਾ ਪ੍ਰਭਾਵ ਵਧ ਜਾਂਦਾ ਹੈ, ਇਹ ਜਿਹੜੀਆਂ ਚੀਜ਼ਾਂ ਨੇ ਛੁੱਪ ਜਾਇਆ ਕਰਦੀਆਂ ਨੇ।

ਸੋਲਾਂ ਹਮਲਿਆਂ 'ਚ ਮਥੁਰਾ ਲੁੱਟੀ, ਵੱਡੇ-ਵੱਡੇ ਸ਼ਹਿਰ ਲੁੱਟੇ, ਕਿੰਨਾ ਕੁ ਰੁਪਈਆ ਲੈ ਗਿਆ। ਅਧਰੰਗ ਦਾ ਦੌਰਾ ਪੈ ਗਿਆ ਇਸਨੂੰ। ਜਦੋਂ ਮਾੜਾ-ਮਾੜਾ ਬੋਲਣ ਲੱਗਿਆ ਕਹਿੰਦਾ, ਮੈਨੂੰ ਮੇਰਾ ਦਿਖਾ ਦਿਓ ਧਨ, ਢੇਰਾਂ ਦੇ ਢੇਰ ਲਾ ਦਿੱਤੇ, ਜਿਵੇਂ ਦਾਣਿਆਂ ਦੇ ਲੱਗੇ ਹੁੰਦੇ ਨੇ ਮੰਡੀ 'ਚ। ਪਹੀਆਂ ਵਾਲੀ ਕੁਰਸੀ 'ਤੇ ਬਿਠਾ ਕੇ ਵਿਚ ਦੀ ਲੰਘਾ ਕੇ ਦੱਸੀ ਜਾਂਦੇ ਨੇ ਕਿ ਆਹ ਫਲਾਣੇ ਥਾਂ ਦਾ ਹੈ, ਫਲਾਣੇ ਥਾਂ ਦਾ ਹੈ। ਰੋਂਦਾ ਜਾਂਦਾ ਹੈ, ਹੰਝੂ ਗਿਰਦੇ ਨੇ ਕਿ ਮੈਂ ਬਹੁਤ ਮਾੜਾ ਕੰਮ ਕਰਿਆ। ਕੋਈ ਚੀਜ਼ ਵੀ ਨਹੀਂ ਜਾ ਰਹੀ ਮੇਰੇ ਨਾਲ। ਸੰਭਾਲਾ ਕੀਹਨੂੰ ਇਹ ਚੀਜ਼। ਪੁੱਤਰ ਮੇਰੇ ਕਮਜ਼ੋਰ ਨੇ, ਇਨ੍ਹਾਂ ਤੋਂ ਤਾਂ ਹੁਣੇ ਲੁੱਟ ਲੈਣਾ ਹੈ ਦੂਸਰਿਆਂ ਨੇ। ਬਹੁਤ ਰੋਇਆ, ਰੋਂਦਾ ਹੋਇਆ ਕਹਿਣ ਲੱਗਿਆ ਕਿ ਚੰਗਾ ਇੱਕ ਗੱਲ ਕਰ ਦਿਓ, ਮੇਰਾ ਜਨਾਜਾ ਜਦੋਂ ਜਾਵੇ ਤਾਂ ਮੇਰੇ ਹੱਥ ਤੇ ਪੈਰ ਬਾਹਰ ਹੋਣ, ਨਾਲ ਫੱਟੀ ਲੱਗੀ ਹੋਈ ਹੋਵੇ ਜਿਸ 'ਤੇ ਲਿਖਿਆ ਹੋਵੇ ਕਿ ਖਰਬਾਂ ਦਾ ਮਾਲਕ ਖਾਲੀ ਹੱਥ ਜਾ ਰਿਹਾ ਹੈ ਸੰਸਾਰ ਤੋਂ।

ਇਸ ਤਰ੍ਹਾਂ ਮਹਾਰਾਜ ਕਹਿੰਦੇ ਪੈਸੇ 'ਚ ਨਾ ਸੁੱਖ ਭਾਲ। ਪਦਾਰਥ 'ਚ ਤਾਂ ਸੁੱਖ ਹੈ ਹੀ ਨਹੀਂ, ਤਿੰਨ ਕਾਲ ਨਹੀਂ। 'ਆਤਮ ਮਾਰਗ' 'ਚ ਲੇਖ ਲਿਖਿਆ ਸੀ ਉਹਦੇ ਵਿੱਚ ਸੀ ਪ੍ਰਕ੍ਰਿਤੀ ਦੇ ਵਿੱਚ ਰਾਗ ਤੇ ਦਵੈਸ਼ ਕੁਦਰਤ ਵਲੋਂ ਹੈ, ਪ੍ਰਾਕ੍ਰਿਤੀ ਵਿੱਚ ਸੁੱਖ ਨਹੀਂ ਹੈ ਦੁੱਖ ਹੈ। ਜਿੰਨੇ ਪਦਾਰਥ ਵੱਧ ਓਨਾਂ ਹੀ ਦੁੱਖ ਵੱਧ। ਜਿੰਨਾਂ ਫੈਲਾਰਾ ਵੱਧ ਓਨਾਂ ਹੀ ਦੁੱਖ ਵੱਧ। ਦੁੱਖ ਕੱਟਣ ਤਾਂ ਨਹੀਂ ਸੰਸਾਰ 'ਤੇ ਆਇਆ ਆਦਮੀ। ਆਦਮੀ ਤਾਂ ਆਇਆ, ਇਹਦਾ ਜਨਮ ਤਾਂ ਹੋਇਆ ਸੀ ਕਿ ਪ੍ਰਭੂ ਨੂੰ ਮਿਲ ਕੇ ਪਰਮ ਸੁੱਖੀ ਹੋ ਜਾਵੇ। ਉਹਦੀ ਥਾਂ 'ਤੇ ਭੁੱਲ ਗਿਆ, ਮਨ ਨੂੰ ਚੈਨ ਨਹੀਂ ਆਉਂਦੀ, ਡਾਕਟਰਾਂ ਦੇ ਤੁਰਿਆ ਫਿਰਦਾ ਹੈ, ਇੰਦਰ ਕਹਿਣ ਲੱਗਿਆ ਆਪਣੇ ਗੁਰੂ ਨੂੰ ਕਿ ਮਹਾਰਾਜ! ਮੇਰੇ ਜਿੰਨੀ ਦੌਲਤ ਕਿਤੇ ਨਹੀਂ ਹੈ, ਮੇਰੇ ਜਿੰਨਾਂ ਸੁੱਖ ਕਿਤੇ ਨਹੀਂ ਹੈ, ਦੁਨੀਆਂ ਦੇ ਬਾਦਸ਼ਾਹਾਂ ਨਾਲੋਂ ਦੱਸ ਅਰਬ ਗੁਣਾਂ ਜ਼ਿਆਦਾ ਸੁੱਖ ਮੇਰੇ ਇੰਦਰ ਮੰਡਲ 'ਚ ਹੈ। ਵਜਹ ਕੀ ਹੈ, ਮੇਰੇ ਮਨ 'ਚ ਕਿਉਂ ਨਹੀਂ ਸ਼ਾਂਤੀ ਆਉਂਦੀ? ਮੇਰਾ ਮਨ ਕਿਉਂ ਭਟਕਦਾ ਹੈ, ਮੇਰੇ ਕੋਲ ਅਪੱਛਰਾ ਨੇ, ਜਿਨ੍ਹਾਂ ਦੇ ਸਰੀਰ ਨੂਰੀ ਨੇ, ਫੇਰ ਮੈਂ ਖਾਕੀ ਸਰੀਰ ਦੇ ਪਿੱਛੇ ਭਟਕਦਾ ਹੋਇਆ ਗੋਤਮ ਤਪੇ ਦੀ ਇਸਤ੍ਰੀ ਕੋਲ ਜਾ ਕੇ ਸਰਾਪ ਲਿਆ ਤੇ ਮੈਂ

ਰੋਇਆ ਉਸ ਸਰਾਪ ਨਾਲ। ਮਹਾਰਾਜ! ਮੇਰੇ ਕੋਲ ਉਹ ਕਿਹੜੀ ਚੀਜ਼ ਹੈ ਜੋ ਹੈ ਨਹੀਂ, ਜਿਹਦੇ ਕਰਕੇ ਮੈਂ ਦੁਨੀਆਂ ਵਿੱਚ ਵੀ ਭਟਕਦਾ ਫਿਰਦਾ ਹਾਂ। ਉਹ ਕਹਿਣ ਲੱਗੇ, ਇੰਦਰ! ਤੇਰੇ ਲੋਕ ਵਿੱਚ ਉਹ ਚੀਜ਼ ਹੈ ਨਹੀਂ। ਵਾਹਿਗੁਰੂ ਨੇ ਪੈਦਾ ਨਹੀਂ ਕਰੀ। ਉਹ ਕੇਵਲ ਮਾਤ ਲੋਕ ਵਿੱਚ ਹੈ, ਹੋਰ ਕਿਸੇ ਲੋਕ ਵਿੱਚ ਨਹੀਂ ਹੈ। ਨਾ ਉਹ ਬ੍ਰਹਮ ਲੋਕ ਵਿੱਚ ਹੈ, ਨਾ ਇੰਦਰ ਲੋਕ ਵਿੱਚ ਹੈ, ਨਾ ਪਰਜਾਪਤ ਲੋਕ 'ਚ ਹੈ, ਨਾ ਕਰਮਦੇਵ ਲੋਕ 'ਚ ਹੈ, ਨਾ ਸਵਰਗ ਵਿੱਚ ਹੈ, ਨਾ ਉਹ ਪਿੱਤਰ ਲੋਕ 'ਚ ਹੈ, ਨਾ ਗੰਧਰਭ ਲੋਕ ਵਿੱਚ ਹੈ, ਨਾ ਦੇਵ ਗੰਧਰਭ ਲੋਕ ਵਿੱਚ ਹੈ। ਉਹ ਚੀਜ਼ ਹੈ ਨਹੀਂ, ਬੈਕੁੰਠ ਧਾਮ ਤੱਕ ਇਹ ਚੀਜ਼ ਨਹੀਂ ਹੈ। ਬੈਕੁੰਠ ਧਾਮ ਦੀ ਜਿੱਥੇ ਹੱਦ ਖਤਮ ਹੁੰਦੀ ਹੈ ਉਸ ਤੋਂ ਅੱਗੇ ਹੈਗੀ, ਜਾਹ ਜੇ ਤੂੰ ਤਸੱਲੀ ਕਰਨੀ ਹੈ ਤਾਂ ਤੂੰ ਭਾਰਤ ਵਰਸ਼ ਵਿੱਚ ਚਲਿਆ ਜਾਹ। ਇਹਨੂੰ ਕਰਮ ਭੂਮੀ ਕਹਿੰਦੇ ਸੀ ਉਸ ਵੇਲੇ, ਇੱਥੇ ਭਜਨ ਬੰਦਗੀ ਫਲਿਆ ਕਰਦੀ ਸੀ ਕੀਤੀ ਹੋਈ। ਇੱਥੇ ਵੇਦਾਂ ਦਾ ਉਚਾਰਨ ਹੋਇਆ, ਇੱਥੇ ਬੇਅੰਤ ਵੱਡੇ ਰਿਸ਼ੀ ਮੁਨੀ ਹੋਏ, ਜਿਨ੍ਹਾਂ ਨੇ ਸੰਸਾਰ ਨੂੰ ਰਾਹ ਦਿਖਾਇਆ, ਅੱਜ ਤੱਕ ਵੀ ਉਨ੍ਹਾਂ ਦੇ ਬਚਨ ਰਾਹ ਦਿਖਾ ਰਹੇ ਨੇ, ਕਿਉਂਕਿ ਇੱਥੇ ਮਲੇਛ ਦੀ ਕੋਈ ਬਾਤ ਨਹੀਂ ਸੀ। ਗਊਆਂ ਦੀ ਸੇਵਾ ਹੁੰਦੀ, ਗਊਆਂ ਐਨਾ ਦੁੱਧ ਦਿੰਦੀਆਂ ਸੀ ਕਿ ਮੰਨ ਲਓ ਦੁੱਧ ਦੀਆਂ ਨਦੀਆਂ ਚਲਦੀਆਂ ਸੀ। ਇੱਥੇ ਦੇ ਲੋਕ ਤੰਦਰੁਸਤ ਸੀ, ਇਨ੍ਹਾਂ ਦੇ ਸਰੀਰ ਹੀ ਪ੍ਰਮੇਸ਼ਰ ਨੇ ਐਸੇ ਬਣਾਏ ਸੀ ਕਿ ਨਾ ਇਨ੍ਹਾਂ ਨੂੰ ਗਰਮੀ ਲਗਦੀ ਸੀ, ਨਾ ਸਰਦੀ ਲਗਦੀ ਸੀ ਕਿਉਂਕਿ ਪੂਰੇ ਸੰਤੁਸ਼ਟ ਸੀਗੇ, ਰਿਸ਼ਟ-ਪੁਸ਼ਟ ਸੀਗੇ। ਭਜਨ ਬੰਦਗੀ ਇੱਥੇ ਫਲਦੀ ਸੀ, ਬੇਅੰਤ ਫਲ ਦਿੰਦੀ ਹੈ। ਅੱਡ-ਅੱਡ ਥਾਂ ਹੋਇਆ ਕਰਦੇ ਨੇ ਜਿੱਥੇ ਭਜਨ ਫਲਦਾ ਹੈ। ਐਸੇ ਵੀ ਥਾਂ ਹੁੰਦੇ ਨੇ ਜਿੱਥੇ ਭਜਨ ਕਰੀ ਜਾਓ ਫਲ ਹੀ ਨਹੀਂ ਲਗਦਾ।

ਕਈ ਪ੍ਰੇਮੀਆਂ ਦੇ ਮਨਾਂ 'ਚ ਇਹ ਖਿਆਲ ਹੁੰਦਾ ਹੈ ਕਿ ਇਹ ਵੀ ਕੋਈ ਗੱਲ ਹੈ? ਹੁਣ ਤਾਂ ਇਹ ਗੱਲ ਸਮਝਦੇ ਨੇ ਕਿ ਜਿਹੜਾ ਵਾਤਾਵਰਣ ਹੈ ਇਹ ਅਸਰ ਕਰਦਾ ਹੈ।

ਇੱਕ ਡਾਕਟਰ ਹੋਇਆ ਯੌਜ਼ਿਫ ਜਰਮਨ ਦੇ ਅੰਦਰ, ਮਿਹਨਤ ਕਰੀ ਉਸ ਨੇ ਉਹਨੂੰ ਪਤਾ ਲੱਗ ਗਿਆ, ਧਰਤੀ ਨੂੰ read ਕਰਨ ਲੱਗ ਗਿਆ ਕਿ ਇੱਥੇ ਕੀ ਹੋਇਆ ਹੈ, ਇੱਥੇ ਕੀ ਹੋਇਆ ਹੈ, ਤਜਰਬੇ ਸ਼ੁਰੂ ਕਰ ਦਿੱਤੇ ਉਸਨੇ। ਉਹ ਲੋਕ ਇਸ ਤਰ੍ਹਾਂ ਤਾਂ ਮੰਨਦੇ ਨਹੀਂ ਹਨ। ਉਹ ਜਰਮਨ ਦਾ ਸੀਗਾ ਤੇ ਤਜਰਬੇ ਕਰੇ। ਇੱਕ ਥਾਂ ਦੇ ਉਤੇ ਕਤਲ ਹੋਇਆ, ਹੋਇਆ ਸੀ। ਉਥੇ ਉਹਨੂੰ ਲੈ ਗਏ ਕਹਿੰਦੇ ਡਾਕਟਰ ਸਾਹਿਬ! ਇੱਥੇ ਦਾ ਵਾਤਾਵਰਣ ਦੱਸੋ ਕਿਹੋ ਜਿਹਾ ਹੈ? ਥੋੜ੍ਹੀ ਦੇਰ ਬੈਠਿਆ, ਸਮਾਧੀ 'ਚ ਹੋਇਆ ਤੇ ਇਹ ਤਾਂ ਬੁਰਾ ਥਾਂ ਹੈ, ਇੱਥੇ ਬੰਦਾ ਮਾਰਿਆ ਗਿਆ ਹੈ ਬੁਰੀ ਤਰ੍ਹਾਂ ਦੇ ਨਾਲ, ਇਹ ਜਗ੍ਹਾ ਬੜੀ ਅਪਵਿੱਤਰ ਹੈ। ਦੋ ਚਾਰ ਥਾਂ ਹੋਰ ਲੈ ਗਏ, ਕਿਸੇ ਦਾ ਕੱਪੜਾ ਦੇ ਦਿੱਤਾ ਉਹਨੂੰ ਕਿ ਆਹ ਕੱਪੜਾ ਹੈ, ਇਹਦਾ ਦੱਸੋ ਕਿ ਇਹ ਕਿਹੋ ਜਿਹਾ ਬੰਦਾ ਹੈ, ਸਾਰਾ ਦੱਸ ਦਿੱਤਾ। ਧਰਤੀ ਨੂੰ ਦੱਸ ਦਿੰਦੇ ਸੀ ਉਹ। ਧਰਤੀ ਦੇ ਵਿੱਚ ਇਹ ਖਾਸੀਅਤ ਹੈ ਕਿ ਜੇ ਭਜਨ

ਕਰੋ, ਨਾਮ ਜਪੋ ਤਾਂ ਇੱਕ ਐਸੀ ਅਵਸਥਾ ਆਉਂਦੀ ਹੈ, ਇਹ ਧਰਤੀ ਦੇ ਵਿਚੋਂ ਇੱਕ ਜਿਹੜੀ ਚੇਤਨ ਸ਼ਕਤੀ ਹੈ, ਇਹਦਾ ਦੇਵਤਾ ਹੈ, ਉਹਦੇ ਨਾਲ ਮੇਲ ਹੋਣਾ ਸ਼ੁਰੂ ਹੋ ਜਾਂਦਾ ਹੈ, ਉਹ ਖਿੱਚਦਾ ਹੈ ਕਿ ਇੱਥੇ ਬਹਿ ਜਾ, ਇੱਥੇ ਨਾਮ ਜਪ। ਆਹ ਥਾਂ ਪਵਿੱਤਰ ਹੈ ਤੂੰ ਇੱਥੇ ਬੈਠ ਕੇ ਨਾਮ ਜਪ।

ਸ਼ਿਵ ਜੀ ਮਹਾਰਾਜ ਪਾਰਬਤੀ ਨਾਲ ਤੁਰੇ ਜਾਂਦੇ-ਜਾਂਦੇ, ਇੱਕ ਉੱਚਾ ਜਿਹਾ ਥੇਹ ਆਇਆ ਮੱਥੇ ਟੇਕਣ ਲੱਗ ਗਏ। ਪਾਰਬਤੀ ਕਹਿਣ ਲੱਗੀ, ਮਹਾਰਾਜ! ਇੱਥੇ ਨਾ ਤਾਂ ਕੋਈ ਮੱਠ ਹੈ, ਨਾ ਕੋਈ ਹੋਰ ਚੀਜ਼ ਹੈ, ਤੁਸੀਂ ਨਮਸ਼ਕਾਰ ਕਿਸ ਚੀਜ਼ ਨੂੰ ਕਰ ਰਹੇ ਓਂ। ਕਹਿਣ ਲੱਗੇ, ਪਾਰਬਤੀ! ਹਜ਼ਾਰਾਂ ਸਾਲ ਹੋਏ ਇੱਥੇ ਇੱਕ ਪ੍ਰਮੇਸ਼ਰ ਦਾ ਪਿਆਰਾ ਆਪਣੇ ਮਾਲਕ ਦੀ ਯਾਦ ਵਿੱਚ, ਸਾਰਾ ਜੀਵਨ ਭਰ ਉਸਨੂੰ ਯਾਦ ਕਰਦਾ ਰਿਹਾ। ਕਣ-ਕਣ ਇਸ ਧਰਤੀ ਦਾ ਪਵਿੱਤਰ ਹੋਇਆ, ਹੋਇਆ ਹੈ।

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ ॥*** ***ਅੰਗ - 450***

ਸੁਹਾਵਾ ਹੋ ਜਾਂਦਾ ਹੈ, ਸੁਹਾਵਾ ਹੀ ਨਹੀਂ ਸਗੋਂ ਉਸ ਥਾਂ ਨੂੰ ਸਾਹਿਬੀ ਮਿਲ ਜਾਂਦੀ ਹੈ। ਜਿੱਥੇ ਵੀ ਗਏ, ਰਾੜੇ ਗਏ ਤਾਂ ਰਾੜਾ ਸਾਹਿਬ ਬਣ ਗਿਆ। ਭੈਣੀ ਸਾਹਿਬ ਦੇ ਵਿੱਚ ਮਹਾਂਪੁਰਸ਼ ਹੋਏ ਬੰਦਗੀ ਕਰੀ, ਭੈਣੀ ਸਾਹਿਬ ਬਣ ਗਿਆ। ਸਾਹਿਬੀ ਮਿਲ ਜਾਂਦੀ ਹੈ ਜਿੱਥੇ ਭਜਨ ਹੋ ਜਾਂਦਾ ਹੈ, ਲੋਕ ਹੀ ਦਿੰਦੇ ਨੇ। ਲਿਖਿਆ ਨਹੀਂ ਹੁੰਦਾ ਕਿਤੇ ਰਿਕਾਰਡ ਨਹੀਂ ਹੁੰਦਾ ਕਿਤੇ, ਅਨੰਦਪੁਰ ਨੂੰ ਅਨੰਦਪੁਰ ਕੋਈ ਨਹੀਂ ਕਹਿੰਦਾ, ਅਨੰਦਪੁਰ ਸਾਹਿਬ ਕਹਿੰਦੇ ਨੇ। ਝਾੜ ਕੋਈ ਨਹੀਂ ਕਹਿੰਦਾ, ਝਾੜ ਸਾਹਿਬ ਕਹਿਣਗੇ। ਸਾਹਿਬੀ ਮਿਲ ਜਾਂਦੀ ਹੈ, ਜਿੱਥੇ ਬੰਦਗੀ ਕਰਨ ਵਾਲੇ ਦੇ ਚਰਨ ਟਿਕ ਜਾਣ, ਬੰਦਗੀ ਕਰਨ ਵਾਲਾ ਜਿੱਥੇ ਬੈਠ ਜਾਏ, ਉਹ ਥਾਂ ਪਵਿੱਤਰ ਹੋ ਜਾਇਆ ਕਰਦਾ।

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥***
***ਅੰਗ - 319***

ਉਹ ਥਾਨ ਸੁਹਾਵਾ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਇਸ ਥਾਂ ਨੂੰ ਵਸੀਖ ਹੁੰਦੀ ਹੈ ਕਿ ਉਥੇ ਭਜਨ ਹੁੰਦਾ ਹੈ। ਮਾੜਾ ਥਾਂ ਜਿਹੜਾ ਹੈ ਉਥੇ ਬਿਰਤੀ ਨਹੀਂ ਲੱਗਿਆ ਕਰਦੀ ਕਦੇ ਵੀ। ਪਤਾ ਲਗ ਜਾਂਦਾ ਹੈ ਬੰਦਗੀ ਕਰਨ ਵਾਲਿਆਂ ਨੂੰ ਕਿ ਇੱਥੇ ਤਾਂ ਆਹ ਗੱਲਾਂ ਹੋਈਆਂ-ਹੋਈਆਂ ਨੇ, ਇਹ ਨਹੀਂ ਥਾਂ ਪਵਿੱਤਰ, ਛੱਡ ਜਾਂਦੇ ਨੇ। ਪਹਿਲੇ ਜਿਹੜੇ ਸਾਡੇ ਬਜ਼ੁਰਗ ਹੁੰਦੇ ਸੀ ਉਹ ਦੇਖਦੇ ਸੀ ਜਿੱਥੇ ਹੀਰਾ ਹਰਨ ਨਹੀਂ ਸੀ ਹੁੰਦਾ ਤੇ ਮੋਰ ਨਹੀਂ ਸੀ ਬੋਲਦੇ। ਉਹ ਕਹਿੰਦੇ ਸੀ ਕਿ ਇਹ ਧਰਤੀ ਪਵਿੱਤਰ ਨਹੀਂ ਹੈ। ਜਿਸ ਵਕਤ ਸਰਵਣ ਆਪਣੇ ਮਾਂ-ਬਾਪ ਨੂੰ ਕੰਢੇ 'ਤੇ ਚੁੱਕੀਂ ਜਾ ਰਿਹਾ ਹੈ। ਇੱਕ ਤੀਰਥ ਭਾਰਤ ਵਰਸ਼ ਤੋਂ ਬਾਹਰ ਸੀਗਾ ਅਫਗਾਨਿਸਤਾਨ 'ਚ। ਉਥੇ ਨੂੰ ਜਾ ਰਿਹਾ ਹੈ। ਕਹਿੰਦੇ ਉਹ ਵੀ ਮੈਂ ਤੀਰਥ ਕਰ ਲਵਾਂ ਤੇ ਜਦੋਂ ਸਿੰਧ ਦਰਿਆ ਪਾਰ ਕਰਿਆ। ਥੋੜ੍ਹਾ ਅੱਗੇ ਗਿਆ। ਮਾਂ-ਬਾਪ ਦਾ

ਕਿਹਾ ਘੱਟ ਮੰਨਣ ਲੱਗ ਗਿਆ, ਮਾਂ-ਬਾਪ ਨੇ ਦੇਖਿਆ ਕਿ ਇਹ ਕੀ ਗੱਲ ਹੋ ਗਈ ਇਹਦੇ ਮਨ 'ਚ। ਜੇ ਅਸੀਂ ਕਹਿੰਦੇ ਹਾਂ ਕਿ ਪੁੱਤਰ ਜਲ ਲਿਆ। ਕਹਿੰਦਾ ਮੈਂ ਤਾਂ ਥੱਕਿਆ ਹੋਇਆ ਹਾਂ, ਆਰਾਮ ਕਰਕੇ ਲਿਆ ਦੇਵਾਂਗਾ। ਜੇ ਕਹਿੰਦੇ ਹਾਂ ਕਿਤੇ ਇਸ਼ਨਾਨ ਕਰਾਂ। ਤਾਂ ਕਹਿੰਦਾ, ਕਰਾਉਂਦਾ ਦੇਵਾਂਗਾ, ਕਿਤੇ ਪਾਣੀ ਵਗੈਰਾ ਟੋਲਾਂਗਾ, ਤਾਂ ਹੀ ਕਰਾਵਾਂਗਾ। ਇਹ ਗੱਲ ਤਾਂ ਹੈ ਨਹੀਂ ਸੀ, ਇਹ ਰੁੱਖਾਪਨ ਕਿੱਥੋਂ ਆ ਗਿਆ। ਦੋਵੇਂ ਵਿਚਾਰੇ ਸੂਰਮੇ (ਅੰਨ੍ਹੇ) ਸੀ, ਦੋਵੇਂ ਬਿਰਧ ਸੀ, ਤੁਰ ਨਹੀਂ ਸੀ ਹੁੰਦਾ। ਧੰਨ ਸੀ ਇਹ ਪੁੱਤਰ ਜਿਹੜਾ ਵਹਿੰਗੀ 'ਤੇ ਚੁੱਕ ਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਾਉਣ ਲਈ ਲੈ ਕੇ ਗਿਆ ਮਾਂ-ਬਾਪ ਨੂੰ। ਉਸ ਵੇਲੇ ਪਿਤਾ ਨੇ ਪੁੱਛਿਆ, ਬੇਟਾ! ਕਿਸ ਦੇਸ਼ 'ਚ ਆ ਗਏ ਆਪਾਂ, ਇੱਕ ਗੱਲ ਦੱਸ ਇੱਥੇ ਕਿਤੇ ਹਰਨ ਦੇਖਿਆ ਹੈ ਤੂੰ? ਕਹਿੰਦਾ, ਇੱਥੇ ਤਾਂ ਬਿਲਕੁਲ ਹੀ ਹਰਨ ਨਹੀਂ ਹਨ, ਕਿਉਂਕਿ ਉਨ੍ਹਾਂ ਦਿਨਾਂ 'ਚ ਜੰਗਲ ਬਹੁਤ ਹੁੰਦੇ ਸੀ। ਪੰਛੀਆਂ ਦੇ ਨਾਉਂ ਲਏ ਕਿ ਆਹ ਪੰਛੀ ਦੇਖੇ ਨੇ? ਕਹਿੰਦਾ ਨਹੀਂ। ਕਹਿੰਦੇ, ਮੁੜ ਚੱਲ। ਵਾਪਸ ਲੈ ਚੱਲ। ਕਹਿੰਦਾ, ਕੀ ਗੱਲ ਪਿਤਾ ਜੀ! ਵਾਪਸ ਕਿਉਂ ਚੱਲੀਏ, ਐਡੀ ਦੂਰ ਆਏ ਹਾਂ। ਕਹਿੰਦਾ, ਬਿਲਕੁਲ ਵਾਪਸ ਲੈ ਚੱਲ। ਇਹ ਸਾਡਾ ਆਖਰੀ ਬਚਨ ਹੈ। ਇਹ ਤਾਂ ਤੂੰ ਮਲੇਛ ਧਰਤੀ ਵਿੱਚ ਵੜ ਗਿਆ, ਬੇਟਾ! ਤੇਰੀ ਬੁੱਧੀ ਨੂੰ ਮਲੇਛਤਾ ਦੇ ਅੰਸ ਕਬੂਲਣ ਲੱਗ ਗਈ। ਵਾਪਸ ਚੱਲ। ਵਾਪਸ ਪੰਜਾਬ ਵਿੱਚ ਆ ਗਿਆ। ਪਹਿਲਾਂ ਸੀਸ ਨਿਵਾ ਕੇ ਮਾਫੀਆਂ ਮੰਗੀਆਂ, ਪਿਤਾ ਜੀ! ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ, ਮੈਂ ਤੁਹਾਡੀ ਨਿਰਾਦਰੀ ਕਰਦਾ ਰਿਹਾ। ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ? ਕਹਿਣ ਲੱਗੇ, ਪੁੱਤਰ! ਕੁਛ ਨਹੀਂ ਹੋਇਆ, ਮਲੇਛ ਦੇਸ਼ ਵਿੱਚ ਤੇਰਾ ਵਾਸਾ ਹੋ ਗਿਆ ਸੀ, ਆਪਾਂ ਉਥੇ ਚਲੇ ਗਏ ਸੀ।

ਇਸ ਕਰਕੇ ਭਾਰਤ ਨੂੰ ਐਡੀ ਵਡਿਆਈ ਸੀ, ਇਹਨੂੰ ਪੁੰਨ ਭੂਮੀ ਕਿਹਾ ਜਾਂਦਾ ਸੀ, ਕਰਮ ਭੂਮੀ ਕਹਿੰਦੇ ਸੀ। ਇਹ ਨਾਮ ਜਪਦੇ ਸੀਗੇ। ਇੰਦਰ ਨੂੰ ਉਹਦਾ ਗੁਰੂ ਕਹਿਣ ਲੱਗਿਆ ਕਿ ਤੂੰ ਭਾਰਤ ਭੂਮੀ ਵਿੱਚ ਜਾਹ, ਉਥੇ ਤੂੰ ਜਾ ਕੇ ਮਹਾਤਮਾ ਟੋਲ੍ਹ। ਤੈਨੂੰ ਮਹਾਤਮਾ ਮਿਲਣਗੇ ਉਥੇ ਚਲਿਆ ਜਾਹ। ਉਥੇ ਆ ਜਾਂਦਾ ਹੈ ਤੇ ਉਥੇ ਉਹਨੂੰ ਚਾਰ ਸਾਧੂ ਮਿਲੇ। ਸਮਾਧੀ ਸਥਿਤ ਨੇ। ਚਾਰ ਫਲ ਲਿਆਇਆ, ਵੱਡੇ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ ਤੇ ਉਹਨੇ ਫਲ ਰੱਖ ਦਿੱਤੇ। ਉਨ੍ਹਾਂ ਨੇ ਫਲ ਦੇਖ ਤਾਂ ਲਏ ਪਰ ਫੇਰ ਨੇਤਰ ਬੰਦ ਕਰ ਲਏ। ਸਮਾਧੀ ਵਿੱਚ ਫੇਰ ਲੀਨ ਹੋ ਗਏ। ਉਸਨੇ ਕਿਹਾ ਕਿ ਫੁਰਨਾ ਪੈਦਾ ਕਰਾਂ ਇਨ੍ਹਾਂ ਦੇ ਮਨ ਵਿੱਚ। ਫੁਰਨਾ ਪੈਦਾ ਕਰਿਆ, ਇੱਕ ਫਲ ਚੁੱਕ ਲਿਆ। ਜਦੋਂ ਸਾਰੇ ਸਮਾਧੀ ਤੋਂ ਉਥਾਨ ਹੋ ਗਏ, ਉਸ ਵੇਲੇ ਵੱਡੇ ਮਹਾਤਮਾ ਨੇ ਕਿਹਾ ਕਿ ਕੋਈ ਪ੍ਰੇਮੀ ਆਇਆ ਸੀ। ਅਸੀਂ ਦੇਖਿਆ ਹੈ ਉਸਨੂੰ ਚਾਰ ਫਲ ਲਿਆਇਆ ਸੀ ਤੇ ਹੁਣ ਤਿੰਨ ਨੇ ਇੱਕ ਕੌਣ ਲੈ ਗਿਆ? ਪਹਿਲਾ ਮਹਾਤਮਾ ਕਹਿਣ ਲੱਗਿਆ ਕਿ ਮੈਂ ਤਾਂ ਨਹੀਂ ਚੁੱਕਿਆ, ਪਰ ਮੈਂ ਇਹ ਸ਼ਪਤ ਲੈਂਦਾ ਹਾਂ ਕਿ ਮੈਨੂੰ ਆਤਮ ਰਸ ਭੁੱਲ ਜਾਵੇ, ਮੇਰਾ ਸਰੀਰ ਭਾਰਾ ਹੋ ਜਾਵੇ। ਕਿਉਂਕਿ ਭਾਰਾ ਹੋ ਜਾਣਾ, ਸਰੀਰ ਦਾ ਬਿਮਾਰ ਹੋਣਾ ਹੋਇਆ ਕਰਦਾ ਹੈ। ਬੇਅੰਤ ਬਿਮਾਰੀਆਂ ਬਿਨ

ਬੁਲਾਈਆਂ, ਭਾਰੇ ਸਰੀਰ 'ਚ ਆਪਣੇ ਆਪ ਆ ਜਾਇਆ ਕਰਦੀਆਂ ਨੇ। ਦੂਸਰਾ ਮਹਾਤਮਾ ਕਹਿਣ ਲੱਗਿਆ ਕਿ ਮਹਾਰਾਜ! ਜੇ ਮੈਂ ਫਲ ਚੁੱਕਿਆ ਹੋਵੇ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਮੈਂ ਸੰਸਾਰ ਦਾ ਚੱਕਰਵਰਤੀ ਬਾਦਸ਼ਾਹ ਬਣ ਕੇ ਦੁੱਖ ਭੋਗਾਂ। ਕਿਉਂਕਿ ਬਾਦਸ਼ਾਹ ਦਾ ਮਨ ਸ਼ਾਂਤ ਨਹੀਂ ਹੋਇਆ ਕਰਦਾ। ਤੀਸਰਾ ਕਹਿਣ ਲੱਗਿਆ, ਮਹਾਰਾਜ! ਜੇ ਮੈਂ ਚੁੱਕਿਆ ਹੋਵੇ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਇੰਦਰ ਦੀ ਮਹਾਂਨੀਚ ਪਦਵੀ ਮੈਨੂੰ ਪ੍ਰਾਪਤ ਹੋ ਜਾਵੇ। ਇੰਦਰ ਸੁਣ ਰਿਹਾ ਹੁੰਦਾ ਹੈ। ਚੌਥਾ ਮਹਾਤਮਾ ਕਹਿਣ ਲੱਗਿਆ ਕਿ ਜੇ ਮੈਂ ਗਲਤ ਬੋਲਦਾ ਹੋਵਾਂ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਕਾਸ਼ੀ ਦੇ ਸਭ ਤੋਂ ਵੱਡੇ ਮੰਦਰ ਦਾ ਪੁਜਾਰੀ ਬਣ ਜਾਵਾਂ। ਪੁਜਾਰੀ ਬਣਨ ਨਾਲ ਕੀ ਹੁੰਦਾ ਹੈ, ਪੂਜਾ ਦਾ ਧਾਨ ਉਹਦੇ ਅੰਦਰ ਜਾਂਦਾ ਹੈ, ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ।

ਮਹਾਤਮਾ ਨੇ ਕਿਹਾ ਕਿ ਜਿਸਨੇ ਚੁੱਕਿਆ ਹੈ ਉਹ ਸਾਮ੍ਹਣੇ ਆਵੇ। ਇੰਦਰ ਸਾਮ੍ਹਣੇ ਆਉਂਦਾ ਹੈ ਤੇ ਫਲ ਮੱਥਾ ਟੇਕ ਦਿੰਦਾ ਹੈ ਕਿ ਮਹਾਰਾਜ! ਤੁਸੀਂ ਸਮਾਧੀ ਸਥਿਤ ਸੀ, ਮੈਂ ਫੁਰਨਾ ਪੈਦਾ ਕਰਨ ਵਾਸਤੇ ਫਲ ਚੁੱਕਿਆ, ਮੈਂ ਇੰਦਰ ਹਾਂ। ਜਿਸਨੂੰ ਤੁਹਾਡੇ ਸਾਧੂ ਨੇ ਮਹਾਂਨੀਚ ਪਦਵੀ ਦਾ ਮਾਲਕ ਕਿਹਾ ਹੈ। ਕਹਿੰਦੇ, ਕੀ ਕਰਨ ਆਇਆ ਹੈਂ? ਕਹਿਣ ਲੱਗਿਆ, ਮਹਾਰਾਜ! ਮੇਰੇ ਕੋਲ ਸਭ ਕੁਛ ਹੈ, ਦੁਨੀਆਂ 'ਚ ਕਿਸੇ ਕੋਲ ਨਹੀਂ। ਤੁਹਾਡੇ ਰਾਜੇ ਨਾਲੋਂ ਮੇਰੇ ਕੋਲ ਦਸ ਅਰਬ ਗੁਣਾਂ ਜ਼ਿਆਦਾ ਸੁੱਖ ਹੈ। ਪਰ ਮੇਰਾ ਮਨ ਅਸ਼ਾਂਤ ਰਹਿੰਦਾ ਹੈ, ਸ਼ਾਂਤੀ 'ਚ ਨਹੀਂ ਆਉਂਦਾ ਹੈ। ਪਦਾਰਥ ਬੇਅੰਤ ਨੇ, ਭੋਗਾਂ ਦੇ ਨਾਲ ਮੇਰਾ ਮਨ ਸ਼ਾਂਤੀ ਵਿੱਚ ਨਹੀਂ ਆਉਂਦਾ। ਕ੍ਰਿਪਾ ਕਰੋ ਮੈਨੂੰ ਦੱਸੋ ਕਿਹੜੀ ਚੀਜ਼ ਹੈ ਜਿਹੜੀ ਮੇਰੇ ਕੋਲ ਨਹੀਂ ਹੈ। ਜਿਹਦੇ ਕਰਕੇ ਮੇਰਾ ਮਨ ਸ਼ਾਂਤ ਨਹੀਂ ਹੁੰਦਾ। ਉਸ ਵੇਲੇ ਐਸਾ ਫੁਰਮਾਨ ਕਰਦੇ ਨੇ ਮਹਾਂਪੁਰਖ –

*ਧਾਰਨਾ – ਕਿਤ ਬਿਧ ਮਨ ਧੀਰੇ ਜੀ,*
*ਬਿਨ ਹਰਿ ਨਾਮ ਨਾ ਸ਼ਾਂਤ ਹੋਵੇ।*

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*

*ਅੰਗ – 707*

ਕਹਿਣ ਲੱਗੇ, ਇੰਦਰ! ਜਿਸ ਚੀਜ਼ ਦੀ ਤੈਨੂੰ ਤਲਾਸ਼ ਹੈ ਉਹ ਹੈ ਨਾਮ। ਨਾਮ ਤੇਰੇ ਲੋਕ ਵਿੱਚ ਨਹੀਂ ਹੈ, ਤੇਰਾ ਲੋਕ ਭੋਗਾਂ ਦਾ ਲੋਕ ਹੈ। ਇੱਥੇ ਬੀਜਿਆ ਜਾਂਦਾ ਹੈ, ਉਥੇ ਜਾ ਕੇ ਵੱਢਿਆ ਜਾਂਦਾ ਹੈ। ਉਸ ਤੋਂ ਬਾਅਦ ਉਹਨੂੰ ਫੇਰ ਉਥੇ ਸੁੱਟ ਦਿੱਤਾ ਜਾਂਦਾ ਹੈ। ਇਸ ਕਰਕੇ ਕੇਵਲ ਇਹ ਧਰਤੀ ਹੈ ਤੇ ਮਨੁੱਖ ਦੀ ਦੇਹ ਜਿਹਦੇ ਵਿੱਚ 'ਨਾਮ' ਦੀ ਖੇਤੀ ਬੀਜੀ ਜਾ ਸਕਦੀ ਹੈ। ਹੋਰ ਨਹੀਂ ਕੋਈ ਤੇ ਜਿਸਦੇ ਹਿਰਦੇ ਦੇ ਵਿੱਚ ਨਾਮ ਦਾ

ਪ੍ਰਕਾਸ਼ ਆ ਗਿਆ, ਨਾਮ ਦੀ ਰੌ ਚੱਲ ਪਈ, ਨਾਮ ਦੀ ਕਰੰਟ ਚੱਲ ਪਈ। ਉਹਦੇ ਕੋਲ ਚਾਹੇ ਕੋਈ ਵੀ ਚੀਜ਼ ਨਹੀਂ ਦੁਨੀਆਂ ਦੀ। ਪਰ ਉਹਦਾ ਦਰਜਾ ਕਿੱਡਾ ਹੈ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ –

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* *ਅੰਗ – 5*

ਕਈ ਪ੍ਰੇਮੀ, ਆਹ ਛੋਟੇ-ਛੋਟੇ ਜਿਹੇ ਰਸਾਲੇ ਤੁਰੇ ਫਿਰਦੇ ਨੇ, ਮੈਗਜ਼ੀਨ, ਕਹਿੰਦੇ ਜੀ, ਜਿਹੜੇ ਸੰਤ ਨੇ ਇਨ੍ਹਾਂ ਨੂੰ ਮਹਾਰਾਜ ਕਿਉਂ ਕਹਿੰਦੇ ਨੇ? ਆਮ ਲਿਖਿਆ ਹੋਇਆ ਹੈ। ਕਿਉਂਕਿ ਪਹਿਲਾਂ ਤਾਂ ਸੰਤ ਦੀ ਕੀਮਤ ਨਹੀਂ ਸਮਝਦੇ। ਮੈਂ ਤਾਂ 'ਆਤਮ ਮਾਰਗ' ਵਿੱਚ 'ਸੰਤ ਰਹਤੁ ਸੁਨਹੁ ਮੇਰੇ ਭਾਈ' ਲੇਖ ਵਿੱਚ ਸਭ ਕੁਛ ਲਿਖ ਦਿੱਤਾ ਕਿ ਸੰਤ ਕੌਣ ਹੁੰਦਾ ਹੈ, ਐਵੇਂ ਨਾ ਹਰੇਕ ਨੂੰ ਸੰਤ ਕਿਹਾ ਕਰੋ। ਸਭ ਤੋਂ ਪਹਿਲਾਂ ਮੈਂ ਕਿਹਾ ਕਿ ਮੈਨੂੰ ਨਾ ਕਹੋ। ਮੈਨੂੰ ਹਟਦੇ ਹੀ ਨਹੀਂ ਕਹਿਣ ਤੋਂ, ਮੈਂ ਕਿਹਾ ਲਿਖਿਆ ਨਾ ਕਰੋ, ਲਿਖਣ ਵਾਲੇ ਹੀ ਨਹੀਂ ਹਟਦੇ। ਜੇ ਨਾ ਹੀ ਹੱਟਣ ਫੇਰ ਅੱਲ ਹੀ ਹੁੰਦੀ ਹੈ ਨਾਉਂ ਪੈ ਜਾਂਦਾ ਹੈ। ਸੰਤ ਬਹੁਤ ਉੱਚੀ ਚੀਜ਼ ਹੈ ਛੋਟੀ ਚੀਜ਼ ਨਹੀਂ ਹੈ। ਉਹਦਾ ਤੇ ਪ੍ਰਮੇਸ਼ਰ ਦਾ ਫਰਕ ਨਹੀਂ ਹੋਇਆ ਕਰਦਾ। ਐਡਾ ਵੱਡਾ ਦਰਜਾ ਹੈ ਉਹਦਾ। ਫੇਰ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ। ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਨੇ ਪਿਆਰਿਓ! ਜਿਹਨੂੰ ਸਿਫਤ ਸਲਾਹ ਬਖਸ਼ ਦਿੱਤੀ, ਨਿਰੰਕਾਰ ਨੇ, ਉਹ ਇਕੱਲਾ ਪਾਤਸ਼ਾਹ ਹੀ ਨਹੀਂ, ਮਹਾਰਾਜ ਹੀ ਨਹੀਂ, ਮਹਾਰਾਜਿਆਂ ਦਾ ਵੀ ਮਹਾਰਾਜ ਹੈ।

ਜਹਾਂਗੀਰ ਨਰਾਜ਼ ਹੋ ਗਿਆ ਗੁਰੂ ਸਾਹਿਬ ਨਾਲ ਕਿ ਮੈਂ ਵੀ ਮਹਾਰਾਜਾ ਹਾਂ। ਮੈਨੂੰ ਕਿੰਨੇ ਖਿਤਾਬ ਲੱਗਦੇ ਨੇ, ਕਿੱਡਾ ਵੱਡਾ ਮੇਰਾ ਰਾਜ ਹੈ ਤੇ ਮੈਨੂੰ ਸਾਰੇ ਪਾਤਸ਼ਾਹ ਕਹਿੰਦੇ ਨੇ ਤੇ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਸੇ ਨੂੰ ਕਹਿੰਦੇ ਕਿ ਸਾਨੂੰ ਸੱਚੇ ਪਾਤਸ਼ਾਹ ਕਹੋ। ਇਹ ਹੁਣ ਲੋਕਾਂ ਦੀ ਮਰਜ਼ੀ ਹੈ ਉਹ ਦੇਖਦੇ ਹੋਣੇ ਨੇ ਕੁਛ ਤਾਂ ਕਹਿੰਦੇ ਨੇ ਸੱਚੇ ਪਾਤਸ਼ਾਹ। ਕਹਿਣ ਲੱਗਿਆ, ਇਹ ਗੱਲ ਜਾਇਜ਼ ਨਹੀਂ ਹੈ ਹਟਾਉਣਾ ਚਾਹੀਦਾ ਹੈ। ਕਿਉਂਕਿ ਜਦ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ, ਤਾਂ ਮੈਂ ਝੂਠਾ ਪਾਤਸ਼ਾਹ ਬਣ ਜਾਂਦਾ। ਉਹ ਕਹਿੰਦੇ ਐਸੀ ਬਾਤ ਨਹੀਂ ਹੈ, ਚੰਗਾ ਤੈਨੂੰ ਸਮਝਾਵਾਂਗੇ।

ਇੱਕ ਦਿਨ ਤੰਬੂ ਲੱਗੇ ਹੋਏ ਨੇ, ਜੰਗਲ 'ਚ ਠਹਿਰੇ ਹੋਏ ਨੇ। ਇੱਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਆਏ ਹੋਏ ਨੇ ਇੱਥੇ। ਉਹਨੇ ਬਹੁਤ ਵਧੀਆ-ਵਧੀਆ ਘਾਹ ਖੋਤਿਆ ਕਿ ਮਹਾਰਾਜ ਜੀ ਦੇ ਘੋੜੇ ਨੇ ਖਾਣਾ ਹੈ। ਕੋਈ ਮਿੱਟੀ ਨਾ ਹੋਵੇ, ਕੋਈ ਹੋਰ ਗੱਲ ਨਾ ਹੋਵੇ। ਕੂਲਾ ਘਾਹ ਖੋਤ ਕੇ ਪੰਡ ਬੰਨ੍ਹੀ ਤੇ ਫੇਰ ਪੰਜ ਪੈਸੇ ਗੰਢ ਬੰਨ੍ਹੀ। ਕੱਪੜੇ ਫਟੇ ਹੋਏ ਨੇ, ਇਸ ਕਰਕੇ ਗੰਢਾਂ ਬੰਨ੍ਹੀਆਂ ਕਿ ਜੇਬ ਵਿਚੋਂ ਨਾ ਤਿਲਕ ਜਾਣ ਤੇ ਮੈਂ ਸੱਚੇ ਪਾਤਸ਼ਾਹ ਦੀ ਭੇਟਾ ਕਰ ਦੇਵਾਂ। ਜਹਾਂਗੀਰ ਦਾ ਕੈਂਪ ਅੱਗੇ ਲੱਗਿਆ ਹੋਇਆ ਸੀ। ਪਹਿਲਾਂ ਆ ਗਿਆ ਉਹਦੇ ਰਸਤੇ 'ਤੇ, ਸਿਪਾਹੀ ਖੜ੍ਹੇ ਨੇ,

ਪਹਿਰੇਦਾਰ ਖੜ੍ਹੇ ਹੋਏ ਨੇ, ਗੁਰੂ ਮਹਾਰਾਜ ਦੇ ਦਰਸ਼ਨ ਨਹੀਂ ਸੀ ਕੀਤੇ ਹੋਏ। ਕਹਿਣ ਲੱਗਿਆ, ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਸਿਪਾਹੀ ਕਹਿਣ ਲੱਗੇ, ਸੱਚਾ ਪਾਤਸ਼ਾਹ ਕਹਿੰਦਾ ਹੈ ਇਹ। ਜਹਾਂਗੀਰ ਨੇ ਸੁਣ ਲਿਆ, ਕਹਿੰਦਾ ਆ ਜਾਣ ਦਿਓ, ਆ ਜਾਣ ਦਿਓ। ਬਾਹਰ ਆ ਗਿਆ ਜਹਾਂਗੀਰ ਕਿ ਕੋਈ ਆ ਗਿਆ ਮੈਨੂੰ ਵੀ ਸੱਚਾ ਪਾਤਸ਼ਾਹ ਕਹਿਣ ਵਾਲਾ। ਜਾ ਕੇ ਪੰਡ ਰੱਖ ਦਿਤੀ ਕਿ ਸੱਚੇ ਪਾਤਸ਼ਾਹ! ਤੇਰੇ ਘੋੜਿਆਂ ਵਾਸਤੇ ਹੈ। ਜੇਬ 'ਚੋਂ ਲੀਰ ਕੱਢੀ, ਗੰਢਾਂ ਖੋਲ੍ਹੀ ਗਿਆ, ਖੋਲ੍ਹੀ ਗਿਆ ਤੇ ਪੰਜ ਪੈਸੇ ਚਰਨਾਂ 'ਚ ਰੱਖ ਕੇ ਮੱਥਾ ਟੇਕਿਆ, ਜਹਾਂਗੀਰ ਦੇਖਦਾ ਹੈ ਕਿ ਕੀ ਕਹੇਗਾ ਇਹ। ਅੰਦਰੋਂ ਪਤਾ ਹੈ ਕਿ ਭੁਲੇਖਾ ਖਾ ਗਿਆ ਸਿੱਖ। ਸਿੱਖ ਹੈਗਾ ਇਹ ਗੁਰੂ ਦਾ ਗਲਤੀ ਨਾਲ ਮੇਰੇ ਕੈਂਪ 'ਚ ਆ ਗਿਆ। ਕਹਿਣ ਲੱਗੇ, ਘਾਹੀ! ਦੱਸ ਤੂੰ ਕੀ ਚਾਹੁੰਦਾ ਹੈਂ, ਜਿਹੜੀ ਚੀਜ਼ ਚਾਹੁੰਦਾ ਹੈਂ ਉਹ ਮੈਂ ਤੈਨੂੰ ਹੁਣੇ ਦੇ ਦੇਵਾਂਗਾ। ਜੇ ਤੂੰ ਗਵਰਨਰ ਬਣਨਾ ਹੈ ਗਵਰਨਰ ਬਣਾ ਦੇਵਾਂਗਾ, ਕੋਠੀਆਂ ਦੇ ਦੇਵਾਂਗਾ, ਪੰਜ-ਦਸ ਪਿੰਡ ਦੇ ਦੇਵਾਂਗਾ। ਦੱਸ ਤੂੰ ਕੀ ਚਾਹੁੰਦਾ ਹੈਂ? ਉਸ ਵੇਲੇ ਘਾਹੀ ਕਹਿਣ ਲੱਗਿਆ ਕਿ ਜੇ ਤੂੰ ਦਿਆਲੂ ਹੈਂ ਸੱਚੇ ਪਾਤਸ਼ਾਹ ਤਾਂ ਮੈਨੂੰ ਇਹ ਦੇ ਦੇ -

***ਧਾਰਨਾ - ਜੀ ਮੈਂ ਬਹੁੜ ਜਨਮ ਨਾ ਆਵਾਂ,***
***ਇਹੋ ਮੇਰੀ ਬੇਨਤੀ ਗੁਰਾਂ।***

ਪਾਤਸ਼ਾਹ! ਜੇ ਤੂੰ ਤੁਠਾ ਹੈਂ, ਦਇਆਲ ਹੋਇਆ ਹੈਂ, ਮੈਨੂੰ ਜਮਾਂ ਦੀ ਮਾਰ ਤੋਂ ਬਚਾ ਦੇ। ਪਾਤਸ਼ਾਹ! ਮੈਂ ਦੋਜਕ ਦੀ ਅੱਗ ਵਿੱਚ ਨਾ ਸੜਾਂ ਜਾ ਕੇ ਤੇ ਮੇਰਾ ਜਨਮ ਮਰਨ ਕੱਟ ਦੇ। ਹੈਰਾਨ ਹੋ ਗਿਆ ਜਹਾਂਗੀਰ ਕਿ ਇਹੋ ਜਿਹੀ ਮੰਗ। ਦੋਜਕ ਤਾਂ ਮੈਨੂੰ ਸਾਮ੍ਹਣੇ ਖੜ੍ਹਾ ਦੀਂਹਦਾ ਹੈ, ਕਿਉਂਕਿ ਮੈਂ ਬਹੁਤ ਗਲਤੀਆਂ ਕੀਤੀਆਂ ਨੇ, ਜਦੋਂ ਲੇਖਾ ਮੇਰੇ ਤੋਂ ਲੈਣਾ ਹੈ ਮੈਨੂੰ ਵੀ ਦੋਜਕਾਂ 'ਚ ਸੁੱਟਿਆ ਜਾਣਾ ਹੈ।

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥***

***ਅੰਗ - 1383***

ਮੈਨੂੰ ਪੁਰਸਲਾਦ ਦੀ ਨਦੀ ਦੇ ਪੁੱਲ ਤੋਂ ਲੰਘਣਾ ਪੈਣਾ ਹੈ, ਮੈਂ ਕੱਟ-ਕੱਟ ਗਿਰਨਾ ਹੈ, ਇਹ ਤਾਂ ਜੰਮਣ ਮਰਨ ਨੂੰ ਕਹਿੰਦਾ ਹੈ ਕਿ ਕੱਟ ਦੇ। ਕਹਿੰਦਾ ਵੀ ਕਿੰਨੇ ਨਾਲ, ਪੰਜ ਪੈਸੇ ਦੇ ਕੇ ਨਾਲੇ ਘਾਹ ਦੀ ਪੰਡ ਦੇ ਕੇ। ਕਹਿਣ ਲੱਗਿਆ, ਘਾਹੀ! ਦੇਖ ਬਈ ਤੇਰੇ ਨਾਲ ਗੱਲ ਕਰਨੀ ਹੈ, ਮੈਂ ਤੈਨੂੰ ਪੰਜ ਪਿੰਡ ਦੇ ਦਿੰਦਾ ਹਾਂ, ਆਰਾਮ ਨਾਲ ਆਮਦਨ ਲਈਂ ਉਹਦੀ ਤੇ ਤੇਰਾ ਗੁਜ਼ਾਰਾ ਬਹੁਤ ਵਧੀਆਂ ਹੋ ਜਾਏਗਾ। ਜੇ ਤੈਨੂੰ ਇਹ ਨਹੀਂ ਮਨਜ਼ੂਰ ਤੈਨੂੰ ਪਰਗਣੇ ਦਾ ਹਾਕਮ ਬਣਾ ਦਿੰਦਾ ਹਾਂ। ਕਹਿੰਦਾ, ਨਹੀਂ ਸੱਚੇ ਪਾਤਸ਼ਾਹ। ਕਹਿੰਦਾ, ਮੈਂ ਤੈਨੂੰ ਨਵਾਬ ਬਣਾ ਦਿੰਦਾ ਹਾਂ ਤੇ ਨਾਲ ਖ਼ੂਬਸੂਰਤ ਔਰਤਾਂ ਦੇ ਨਾਲ ਤੇਰੀ ਸ਼ਾਦੀ ਹੋ ਜਾਏਗੀ, ਮਹਿਲ ਬਣੇ, ਕੋਠੀਆਂ ਸਭ ਕੁਛ ਦੇ ਦੇਵਾਂਗਾ। ਕਹਿੰਦਾ ਨਹੀਂ ਸੱਚੇ ਪਾਤਸ਼ਾਹ। ਕਹਿੰਦਾ, ਤੂੰ ਸੁਖੀ ਹੋ ਜਾਏਂਗਾ। ਘਾਹੀ ਨੇ ਕਿਹਾ ਕਿ ਫੇਰ ਵੀ ਸੱਚੇ ਪਾਤਸ਼ਾਹ ਇਹ ਸਭ ਕੁਛ ਛੱਡ ਕੇ

ਜਾਣਾ ਹੀ ਹੈ। ਤਿੰਨ ਚੀਜ਼ਾਂ ਦੀ ਲੋੜ ਹੈ ਕੁੱਲੀ, ਜੁੱਲੀ, ਗੁੱਲੀ; ਮਿਹਨਤ ਕਰਦਾ ਹਾਂ, ਰੋਟੀ ਖਾਣ ਜੋਗਾ ਆ ਜਾਂਦਾ ਹੈ ਮੈਂ ਸੰਤੁਸ਼ਟ ਹਾਂ। ਮੈਂ ਛਪਰੀ 'ਚ ਦਿਨ ਕੱਟ ਲੈਂਦਾ ਹਾਂ, ਦੂਜੇ ਪੱਕਿਆ 'ਚ ਕੱਟ ਲੈਂਦੇ ਨੇ। ਛਪਰੀ ਮੈਨੂੰ ਸੋਹਣੀ ਲਗਦੀ ਹੈ, ਮੈਂ ਸ਼ੁਕਰ ਕਰਦਾ ਹਾਂ ਪ੍ਰਮੇਸ਼ਰ ਦਾ ਕਿ ਯਾਦ ਕਰਦਾ ਹਾਂ ਉਸਨੂੰ। ਖਾਣ ਵਾਸਤੇ ਮੈਨੂੰ ਮਿਲ ਜਾਂਦਾ ਹੈ, ਕੱਪੜੇ ਚਲੋ ਪਾਟੇ ਹੋਏ ਨੇ ਤਾਂ ਵੀ ਕੀ ਹੈ, ਸਿਊਂ ਲਵਾਂਗੇ। ਵਕਤ ਲੰਘ ਜਾਏਗਾ। ਪਾਤਸ਼ਾਹ! ਜੇ ਤਰੁੱਠਾ ਹੈਂ ਤਾਂ ਇਹ ਕਰ।

ਜਹਾਂਗੀਰ ਨੂੰ ਕਹਿਣਾ ਪਿਆ ਕਿ ਜਿਹਨੂੰ ਤੂੰ ਮਿਲਣਾ ਹੈ ਉਹ ਦੂਸਰੇ ਕੈਂਪ ਵਿੱਚ ਹੈ। ਘਾਹੀ ਨੇ ਕਿਹਾ ਕਿ ਮੈਂ ਗਲਤ ਥਾਂ ਆ ਗਿਆ? ਕਹਿੰਦਾ ਹਾਂ। ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ। ਦੀਨ ਤੇ ਦੁਨੀਆਂ ਦਾ ਪਾਤਸ਼ਾਹ ਅੱਗੇ ਹੈ, ਦਰਗਾਹਾਂ ਦਾ ਮਾਲਕ। ਇੱਥੇ ਦਾ ਹੀ ਮਾਲਕ ਨਹੀਂ, ਉਹ ਤਾਂ ਦੋ ਜਹਾਨਾਂ ਦਾ ਮਾਲਕ ਹੈ, ਬਾਦਸ਼ਾਹਾਂ ਨੂੰ ਫਕੀਰ ਬਣਾ ਦੇਵੇ, ਫਕੀਰਾਂ ਨੂੰ ਗੱਦੀਆਂ 'ਤੇ ਬਿਠਾ ਦੇਵੇ, ਉਹਦੇ ਹੱਥ ਵਿੱਚ। ਭਰ੍ਹਾ ਚੁੱਕ ਲਿਆ ਤੇ ਪੰਜ ਪੈਸੇ ਵੀ ਚੁੱਕ ਲਏ। ਰੋਂਦਾ ਜਾਂਦਾ ਹੈ ਉੱਚੀ-ਉੱਚੀ, ਪਛਤਾਵਾ ਹੋ ਗਿਆ, ਮਹਾਰਾਜ ਜੀ ਨੇ ਸੁਣਿਆ ਕਿ ਕੋਈ ਸਿੱਖ ਰੋ ਰਿਹਾ ਹੈ। ਆਪ ਬਾਹਰ ਆ ਗਏ ਤੰਬੂ ਤੋਂ, ਸਿੱਖ ਨੇ ਦਰਸ਼ਨ ਕਰੇ ਜਾ ਕੇ ਭਰ੍ਹਾ ਰੱਖ ਦਿੱਤਾ। ਪਾਤਸ਼ਾਹ! ਮੇਰੇ ਤੋਂ ਬੜੀ ਭੁੱਲ ਹੋਈ ਕ੍ਰਿਪਾ ਕਰ। ਮਹਾਰਾਜ ਕਹਿੰਦੇ, ਸਿੱਖਾ! ਨਿਹਾਲ! ਨਿਹਾਲ! ਨਿਹਾਲ। ਤੇਰੀ ਭਾਵਨਾ ਨੂੰ ਫਲ ਲੱਗਿਆ ਤੇ ਤੂੰ ਨਿਹਾਲ ਹੋਇਆ। ਤੇਰਾ ਜਨਮ ਮਰਨ ਕੱਟਿਆ। ਜਹਾਂਗੀਰ ਦੇਖਦਾ ਹੈ ਕਿ ਬੜਾ ਫਰਕ ਹੈ, ਸਮਝ ਗਿਆ।

ਮਹਾਰਾਜ ਕਹਿੰਦੇ, ਜਹਾਂਗੀਰ! ਇਹ ਪਾਤਸ਼ਾਹੀਆਂ ਧੁਰ ਦਰਗਾਹ ਤੋਂ ਮਿਲੀਆਂ ਹੋਈਆਂ ਨੇ ਬੰਦਗੀ ਕਰਨ ਵਾਲਿਆਂ ਨੂੰ-

*ਧਾਰਨਾ - ਸੱਚੇ ਉਹ ਪਾਤਸ਼ਾਹ,*
*ਸੱਚੇ ਨਾਲ ਰੱਤੇ ਜਿਹੜੇ।*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

*ਅੰਗ - 707*

ਅਖਤਿਆਰ ਕਿੰਨਾ ਚਲਦਾ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186*

ਸਖਤ ਹੁਕਮ ਹੋਇਆ ਕਰਦਾ ਹੈ ਇਸ ਰਾਜੇ ਦਾ -

ਗੁਰੂ ਦਸਵੇਂ ਪਾਤਸ਼ਾਹ ਮਾਲਵੇ 'ਚ ਗਏ ਹੋਏ ਨੇ, ਡੱਲੇ ਨੂੰ ਸੁਪਨਾ

ਆਉਂਦਾ ਹੈ ਕਿ ਅਸਮਾਨੀ ਕੌਂਸਲ ਇਕੱਠੀ ਹੋਈ, ਫੈਸਲਾ ਕੀਤਾ ਕਿ ਦੁਨੀਆਂ ਦੇ ਵਿੱਚ ਪਾਪ ਵੱਧ ਗਿਆ। ਇਨ੍ਹਾਂ ਨੂੰ ਫਲ ਦੇਣ ਵਾਸਤੇ ਕਾਲ ਪਾ ਦਿੱਤਾ ਜਾਵੇ। ਬਾਰਿਸ਼ ਨਹੀਂ ਹੋਣੀ ਚਾਹੀਦੀ ਬਿਲਕੁਲ। ਵੀਜ਼ਨ ਦੇ ਵਿੱਚ ਚੀਜ਼ ਆ ਗਈ, ਹੈਰਾਨ ਹੋ ਗਿਆ, ਗੁਰੂ ਮਹਾਰਾਜ ਦੇ ਕੋਲ ਆ ਗਿਆ। ਮਹਾਰਾਜ ਕਹਿੰਦੇ, ਡੱਲਿਆ! ਕੀ ਗੱਲ ਅੱਜ ਤੇਰੇ ਚਿੱਤ ਦੇ ਵਿੱਚ ਮਲਾਲ ਹੈ ਕੋਈ, ਚਿਹਰਾ ਉਤਰਿਆ ਪਿਆ ਹੈ? ਪਾਤਸ਼ਾਹ ਅਸੀਂ ਕਿਸਾਨ ਲੋਕ ਹਾਂ, ਛੋਲੇ ਵਗੈਰਾ, ਮੋਠ ਵਗੈਰਾ ਬੀਜ ਕੇ ਗੁਜ਼ਾਰਾ ਕਰਦੇ ਹਾਂ। ਹੋਰ ਸਾਡੀ ਕੋਈ ਫਸਲ ਨਹੀਂ। ਮੀਂਹ ਪੈ ਜਾਂਦਾ ਹੈ ਤੇ ਉਸ ਮੀਂਹ ਦੀ ਗਿੱਲ ਅਸੀਂ ਸਾਂਭ ਕੇ ਰੱਖਦੇ ਹਾਂ ਪਾਤਸ਼ਾਹ। ਅੱਜ ਮੈਨੂੰ ਸੁਪਨਾ ਆਇਆ ਕਿ ਸਾਰੇ ਦੇਵਤੇ ਚੰਦਰਮਾ ਦਾ ਵੀ, ਸੂਰਜ ਦਾ ਵੀ, ਇੰਦਰ ਵੀ, ਬਾਰਸ਼ਾਂ ਦਾ ਦੇਵਤਾ ਜੋ ਹੈ ਇਕੱਠੇ ਹੋ ਕੇ ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਹੁਣ ਮੀਂਹ ਨਹੀਂ ਪਾਉਣਾ। ਮਹਾਰਾਜ ਕਹਿੰਦੇ ਇਹ ਤਾਂ ਠੀਕ ਤੈਨੂੰ ਪਤਾ ਲੱਗ ਗਿਆ, ਮੀਂਹ ਪਾਉਣਾ ਨਹੀਂ ਹੈ ਕਿਉਂਕਿ ਕਰਮ ਬੜੇ ਮਾੜੇ ਹੋ ਗਏ ਜਨਤਾਂ ਦੇ। ਸੱਚੇ ਪਾਤਸ਼ਾਹ! ਫੇਰ ਅਸੀਂ ਉੱਜੜ ਜਾਵਾਂਗੇ, ਭੁੱਖੇ ਮਰ ਜਾਵਾਂਗੇ। ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਐਉਂ ਕਰ ਰੜੇ ਮੈਦਾਨ 'ਚ ਚਲਿਆ ਜਾਹ, ਉਥੇ ਉੱਚੀ ਦੇ ਕੇ ਹਾਕ ਮਾਰ ਕਿ ਓ ਇੰਦਰਾ! ਮੀਂਹ ਪਾ ਦੇ। ਗੁਰੂ ਦਾ ਸਿੱਖ ਕਹਿ ਰਿਹਾ ਹੈ ਤੈਨੂੰ, ਮੀਂਹ ਪਾ ਦੇ। ਕਹਿੰਦਾ, ਮਹਾਰਾਜ! ਜੇ ਨਾ ਪਾਇਆ? ਕਹਿੰਦੇ, ਥੋੜ੍ਹਾ ਇੰਤਜ਼ਾਰ ਤਾਂ ਕਰੀਂ, ਜਦੇ ਤਾਂ ਨਹੀਂ ਵਰ੍ਹਨ ਲੱਗ ਜਾਣਾ। ਬੱਦਲ ਆਏਗਾ, ਫੇਰ ਵਰ੍ਹੇਗਾ। ਚਲਿਆ ਗਿਆ ਰੋਹੀ 'ਚ, ਜਾ ਕੇ ਹਾਕਾਂ ਮਾਰੀਆਂ। ਮੀਂਹ ਕਿੱਥੋਂ ਆਉਣਾ ਸੀ, ਨਾ ਬੱਦਲ ਆਇਆ ਨਾ ਮੀਂਹ ਆਇਆ। ਮਹਾਰਾਜ ਕੋਲ ਆ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਨਾ ਬੱਦਲ ਆਏ, ਨਾ ਮੀਂਹ ਆਇਆ। ਕਹਿੰਦੇ ਫੇਰ ਡੰਡੇ ਨਾਲ ਪੁਆ ਲੈ, ਕਹਿੰਦੇ ਜੋੜਾ ਲੈ ਜਾ। ਨੌਂ ਵਾਰੀ ਮਾਰੀ ਧਰਤੀ 'ਤੇ। ਕਹੀਂ ਕਿ ਜੇ ਐਸ ਤਰ੍ਹਾਂ ਨਹੀਂ ਪੁਆਉਣਾ ਤਾਂ ਇਸ ਤਰ੍ਹਾਂ ਪੁਆਵਾਂਗੇ ਤੇਰੇ ਤੋਂ ਅਸੀਂ। ਬਾਹਰ ਚਲਿਆ ਗਿਆ ਡੱਲਾ, ਪਹਿਲੀ ਆਵਾਜ਼ ਮਾਰੀ, ਜਦੋਂ ਨਾ ਕੋਈ ਜਵਾਬ ਆਇਆ ਤਾਂ ਧਰਤੀ ਦੇ ਉੱਤੇ ਨੌਂ ਜੁੱਤੀਆਂ ਮਾਰੀਆਂ, ਕਹਿੰਦਾ ਜੁੱਤੀਆਂ ਖਾ ਕੇ ਤਾਂ ਪਾਏਂਗਾ ਹੀ। ਉਸੇ ਵਕਤ ਬੱਦਲ ਹੋ ਗਏ, ਮੀਂਹ ਬੇਅੰਤ ਹੀ ਪੈਣਾ ਸ਼ੁਰੂ ਹੋ ਗਿਆ। ਦਰਗਾਹ ਵਿੱਚ ਕਿਹਾ ਹੋਇਆ ਉਹ ਮਿੰਨਤ ਨਹੀਂ ਕਰਦਾ, ਹੁਕਮ ਦਿੰਦਾ ਹੈ ਦਰਗਾਹ ਨੂੰ।

ਮੁਲਤਾਨ ਦਾ ਨਵਾਬ ਸੀ, ਉਹਦਾ ਲੜਕਾ ਬੀਮਾਰ ਹੋ ਗਿਆ। ਕਾਜ਼ੀ ਮੁੱਲਾਂ-ਮੁਲਾਣੇ ਸਾਰੇ ਫੜ ਲਏ। ਕਹਿੰਦਾ, ਦੇਖੋ ਤੁਸੀਂ ਦੁਨੀਆ ਲੁੱਟ ਕੇ ਖਾ ਲਈ, ਮੰਤਰ-ਜੰਤਰ ਕਰੀ ਜਾਂਦੇ ਓਂ, ਦੁਨੀਆਂ ਨੂੰ ਦੁੱਖੀ ਕਰਦੇ ਓਂ। ਮੇਰਾ ਲੜਕਾ ਜੇ ਰਾਜ਼ੀ ਨਾ ਹੋਇਆ ਤਾਂ ਤੁਹਾਨੂੰ ਸਾਰਿਆਂ ਨੂੰ ਮਾਰ ਦੇਵਾਂਗਾ, ਨਾਲ ਹੀ। ਬੜਾ ਸਖਤ ਨਵਾਬ ਸੀ। ਫਿਕਰ ਪੈ ਗਿਆ, ਸਾਰਿਆਂ ਨੂੰ। ਲੜਕਾ ਜ਼ਿਆਦਾ ਬੀਮਾਰ ਹੋ ਗਿਆ। ਕਹਿਣ ਲੱਗੇ, ਮਹਾਰਾਜ! ਸਾਡੇ ਨਾਲ ਦਾ ਇੱਕ ਬਾਹਰ ਹੈ। ਕਹਿੰਦਾ, ਨਾਉਂ ਕੀ ਹੈ? ਕਹਿੰਦੇ, ਸਮਸ਼ਤਬਰੇਜ਼ ਹੈ। ਉਹਨੂੰ ਲਿਆਓ। ਉਹਨੂੰ ਵੀ ਲਿਆਂਦਾ। ਬਹੁਤ ਮਿੰਨਤਾਂ-ਖੁਸ਼ਾਮੰਦਾਂ

ਕਰੀਆਂ ਸਾਰਿਆਂ ਨੇ। ਕਹਿੰਦਾ ਤੁਸੀਂ ਮੇਰੇ ਖਿਲਾਫ ਹੋ ਜਾਓਂਗੇ। ਬੱਚਾ ਤਾਂ ਜੀਉਂਦਾ ਕਰਨਾ ਕੋਈ ਗੱਲ ਨਹੀਂ, ਮਾਇਆ ਦੀ ਖੇਡ ਹੈ। ਕਹਿੰਦੇ, ਅਸੀਂ ਕਿਵੇਂ ਹੋ ਜਾਵਾਂਗੇ। ਕਹਿਣ ਲੱਗਿਆ ਕਿ ਮੈਨੂੰ ਪਤਾ ਹੈ ਕਿ ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਬੱਚਾ ਮਰ ਗਿਆ, ਨਵਾਬ ਚੁੱਕ ਲਿਆਇਆ। ਜਿੱਥੇ ਕੈਦ ਸੀ ਸਾਰੇ, ਉਥੇ ਲਿਆ ਕੇ ਕਹਿੰਦਾ ਕਿ ਲਓ ਨਹੀਂ ਤਾਂ ਕਰ ਦਿਓ ਜੀਉਂਦਾ, ਨਹੀਂ ਹੁਣੇ ਮਾਰ ਦਊਂ। ਸਭ ਰੋ ਰਹੇ ਨੇ, ਸਮਸ਼ਤਬਰੇਜ਼ ਦੀਆਂ ਮਿੰਨਤਾਂ ਕੀਤੀਆਂ। ਬਾਹਰ ਆ ਗਿਆ, ਆ ਕੇ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਖੜ੍ਹਾ ਹੋ। ਪਹਿਲੀ ਆਵਾਜ਼, ਦੂਸਰੀ ਆਵਾਜ਼, ਤੀਸਰੀ ਆਵਾਜ਼ ਕਹਿੰਦੇ ਬਈ ਖੁਦਾ ਦਾ ਤਾਂ ਹੁਕਮ ਨਹੀਂ ਮੰਨਦਾ। ਹੁਣ ਫੇਰ ਫੱਕਰਾਂ ਨੇ ਹੁਕਮ ਦੇਣਾ ਹੈ, ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਕਹਿੰਦਾ, ਓ ਲੜਕੇ! ਦਰਵੇਸ ਕੇ ਹੁਕਮ ਸੇ ਖੜ੍ਹਾ ਹੋ, ਲੜਕਾ ਉਸੇ ਵੇਲੇ ਉੱਠ ਕੇ ਖੜ੍ਹ ਗਿਆ। ਦਰਗਾਹ ਵਿੱਚ ਗੱਲ ਚਲਦੀ ਹੈ, ਮੌਤ ਦੇ ਫਰਿਸ਼ਤੇ ਨੂੰ ਕਹਿ ਦਿੱਤਾ ਕਿ ਮੋੜ ਦੇ ਇਹਦੀ ਜਾਨ। ਬਾਬਾ ਅਟੱਲ ਜੀ ਚਲੇ ਜਾਂਦੇ ਨੇ, ਮੋਹਨ ਸੱਪ ਲੜਿਆ ਪਿਆ ਹੈ। ਹਾਕਾਂ ਮਾਰਦੇ ਨੇ ਕਿ ਸਾਡੀ ਪਿੱਤ ਨਹੀਂ ਦੇਣੀ। ਕਹਿੰਦੇ, ਬਾਬਾ ਜੀ! ਤੁਹਾਡਾ ਉਠਾਇਆ ਉਠੇਗਾ। ਖੂੰਡੀ ਗਲ 'ਚ ਪਾਈ, ਕਹਿੰਦੇ ਪਿੱਤ ਦੇ ਸਾਡੀ, ਉਠ ਕੇ ਬੈਠ ਗਿਆ। ਦਰਗਾਹ 'ਚ ਹੁਕਮ ਚਲਦਾ ਹੈ। ਇੱਥੇ ਦਾ ਰਾਜਾ ਕੀ ਹੈ? ਮਹਾਰਾਜ ਕਹਿੰਦੇ ਇੱਥੇ ਦੇ ਰਾਜੇ –

***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥***

***ਅੰਗ – 856***

ਪਰ ਜਿਹੜੇ ਪਰਮੇਸ਼ਰ ਦੇ ਪਿਆਰੇ ਨੇ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***

***ਅੰਗ – 707***

ਉਨ੍ਹਾਂ ਦੀ ਬਰਾਬਰੀ ਇਹ ਕਿਵੇਂ ਕਰ ਸਕਦੇ ਨੇ –

***ਧਾਰਨਾ – ਪੰਡਤ ਸੂਰ ਛਤ੍ਰਪਤ ਰਾਜਾ,***
***ਭਗਤ ਬਰਾਬਰ ਕੋਈ ਨਾ।***

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥***

***ਅੰਗ – 858***

ਬਾਬਰ ਜੋ ਸੀ ਗੁਰੂ ਨਾਨਕ ਪਾਤਸ਼ਾਹ ਨੂੰ ਖੁਸ਼ ਕਰਿਆ ਉਸਨੇ, ਏਮਨਾਬਾਦ ਕੈਦੀ ਛੱਡ ਕੇ, ਸਮਾਨ ਮੋੜ ਕੇ। ਜਿਨ੍ਹਾਂ ਦੇ ਘਰ ਜਾਲ ਦਿੱਤੇ ਸੀ, ਉਨ੍ਹਾਂ ਨੂੰ ਥਾਂ ਦੇ ਕੇ, ਪੈਸੇ ਦੇ ਕੇ। ਮਹਾਰਾਜ ਨੇ ਕਿਹਾ ਕਿ ਬਾਬਰ! ਜੇ ਤੂੰ ਨੇਕ ਚਲੇਂਗਾ ਤਾਂ ਤੇਰੀਆਂ ਪੁਸ਼ਤਾਂ ਨੇਕ ਚਲਣਗੀਆਂ, ਤੇਰਾ ਰਾਜ ਬਣਿਆ ਰਹੇਗਾ। ਬਾਬਰ ਤੋਂ ਬਾਅਦ ਹਮਾਯੂੰ ਗੱਦੀ 'ਤੇ ਬੈਠਦਾ ਹੈ, ਪਰ ਥੋੜ੍ਹੀ ਦੇਰ ਤੋਂ ਬਾਅਦ ਸ਼ੇਰਸ਼ਾਹ ਸੂਰੀ ਬੰਗਾਲ ਦਾ ਗਵਰਨਰ ਸੀ ਉਹਦੇ ਨਾਲ, ਉਹਨੇ ਐਲਾਨ ਕਰ ਦਿੱਤਾ ਆਜ਼ਾਦੀ ਦਾ। ਇਹ ਲੜਨ ਗਿਆ ਤੇ ਮੈਦਾਨ-ਏ-ਜੰਗ ਵਿੱਚ ਸ਼ੇਰਸ਼ਾਹ ਸੂਰੀ ਤੋਂ ਹਾਰ ਗਿਆ। ਹਾਰਿਆ ਹੋਇਆ

ਇਸ ਖਿਆਲ ਨਾਲ ਕਿ ਮੈਂ ਫੌਜ ਹੋਰ ਬਣਾਵਾਂ, ਦਿੱਲੀ ਛੱਡ ਦਿੱਤੀ। ਸਾਰੇ ਦਰਿਆ ਪਾਰ ਕਰਦਾ ਆਉਂਦਾ ਹੈ, ਸਤਿਲੁਜ ਪਾਰ ਕਰ ਗਿਆ ਤੇ ਬਿਆਸਾ ਦਰਿਆ ਪਾਰ ਕਰ ਲਿਆ। ਪਤਾ ਲੱਗਿਆ ਕਿ ਖਡੂਰ ਸਾਹਿਬ ਜਿਨ੍ਹਾਂ ਬਜ਼ੁਰਗਾਂ ਨੇ ਸਾਡੇ ਬਜ਼ੁਰਗ ਨੂੰ ਰਾਜ ਦਿੱਤਾ ਸੀ ਉਨ੍ਹਾਂ ਦੀ ਥਾਂ 'ਤੇ ਕੋਈ ਬੈਠਾ ਹੈ। ਐਹੋ ਜਿਹੇ ਮੌਕੇ 'ਤੇ ਪੀਰਾਂ ਫਕੀਰਾਂ, ਗੁਰੂਆਂ, ਨਬੀਆਂ ਦੀ ਮਦਦ ਭਾਲਦੇ ਨੇ ਸਾਰੇ। ਫੌਜ ਸਮੇਤ ਗੁਰੂ ਮਹਾਰਾਜ ਕੋਲ ਆ ਜਾਂਦਾ ਹੈ। ਉਸ ਵੇਲੇ ਮਹਾਰਾਜ ਆਪਣੀ ਮੌਜ ਵਿੱਚ ਬੈਠੇ ਸੀ, ਬੱਚੇ ਖੇਲ੍ਹਦੇ ਸੀ ਸਾਮ੍ਹਣੇ ਤੇ ਆਪ ਬੈਠੇ ਦੇਖ ਰਹੇ ਸੀ। ਇਹ ਆਇਆ ਕਿਉਂਕਿ ਦੂਰੋਂ ਹੀ ਪਤਾ ਲਗ ਜਾਂਦਾ ਹੈ ਕਿ ਘੋੜੇ ਆ ਰਹੇ ਨੇ ਬੇਅੰਤ ਫੌਜ ਹੈ, ਉਨ੍ਹਾਂ ਨੂੰ ਉਥੇ ਖੜ੍ਹਾ ਕਰਕੇ ਅੱਗੇ ਵਧਿਆ ਤੇ ਗੁਰੂ ਮਹਾਰਾਜ ਦੇ ਸਾਮ੍ਹਣੇ ਆ ਗਿਆ। ਸਿਜਦਾ ਨਾ ਕੀਤਾ ਇਹਨੇ, ਮੱਥਾ ਨਾ ਟੇਕਿਆ। ਬੜਾ ਅਭਿਮਾਨ ਹੈ ਕਿ ਮੈਂ ਬਾਦਸ਼ਾਹ ਹਾਂ। ਕਹਿੰਦਾ, ਹਾਰਿਆ ਹੋਇਆ ਹਾਂ ਤਾਂ ਕੀ ਹੈ, ਹਾਂ ਤਾਂ ਮੈਂ ਬਾਦਸ਼ਾਹ। ਮਹਾਰਾਜ ਨੇ ਧਿਆਨ ਹੀ ਨਾ ਦਿੱਤਾ, ਪੰਦਰਾਂ ਮਿੰਟ ਲੰਘ ਗਏ ਇਹਨੂੰ ਖੜ੍ਹੇ ਨੂੰ। ਅਭਿਮਾਨ ਸਿਰ ਨੂੰ ਚੜ੍ਹ ਗਿਆ ਇਹਦੇ ਕਹਿਣ ਲੱਗਿਆ, ਮੈਂ ਬਾਦਸ਼ਾਹ ਹਾਂ, ਜੇ ਜੰਗ 'ਚ ਹਾਰ ਗਿਆ ਤਾਂ ਕੀ ਹੈ ਮੈਂ ਹੋਰ ਜੰਗ ਕਰਾਂਗਾ। ਜਿੱਤ ਵੀ ਜਾਵਾਂਗਾ, ਪਰ ਇਹ ਐਡੇ ਨੇ ਕਿ ਮੇਰੇ ਵੱਲ ਦੇਖਦੇ ਵੀ ਨਹੀਂ ਤੇ ਮੈਨੂੰ ਬੁਲਾਉਂਦੇ ਵੀ ਨਹੀਂ ਹਨ। ਮੈਂ ਸਜ਼ਾ ਦੇਵਾਂਗਾ ਇਨ੍ਹਾਂ ਨੂੰ ਇਸ ਕੰਮ ਦੀ ਕਿ ਬਾਦਸ਼ਾਹ ਹੋਵਾਂ ਤੇ ਮੇਰਾ ਆਦਰ ਕੋਈ ਨਹੀਂ ਕਰਿਆ। ਚਾਹੀਦਾ ਤਾਂ ਸੀ ਮੈਨੂੰ ਉੱਠ ਕੇ ਮਿਲਦੇ, ਹੱਥ ਬੰਨ੍ਹਦੇ ਮੇਰੇ ਅੱਗੇ, ਮੈਨੂੰ ਪੁੱਛਦੇ, ਉਲਟਾ ਮੈਂ ਇਨ੍ਹਾਂ ਦੇ ਅੱਗੇ ਖੜਾ ਹਾਂ। ਉਸੇ ਵੇਲੇ ਆਪਣਾ ਸੱਜਾ ਹੱਥ ਸੀ ਕਾਹਲੀ ਦੇ ਨਾਲ ਮਿਆਨ 'ਤੇ ਮੁੱਠੇ ਨੂੰ ਪਾ ਲਿਆ ਤੇ ਹੁਣ ਅੰਦਰੋਂ ਸੋਚਦਾ ਹੈ ਕਿ ਮੈਂ ਮਾਰਾਂ ਲੇਕਿਨ ਹੁੰਦਾ ਕੀ ਹੈ? ਐਉਂ ਪੜ੍ਹ ਲਓ –

***ਧਾਰਨਾ – ਮਾਰਨ ਨੂੰ ਲੋਚਦਾ, ਚਲਦਾ ਨਾ ਜ਼ੋਰ ਕੋਈ।***

ਹੱਥ ਜੁੜ ਗਿਆ, ਨਾਲ ਹੀ ਮੁੱਠੇ ਦੇ। ਜ਼ੋਰ ਲਾਉਂਦਾ ਹੈ ਹੱਥ ਛੁਡਾਉਣ ਨੂੰ ਲੇਕਿਨ ਨਾ ਤਲਵਾਰ ਖਿੱਚ ਹੁੰਦੀ ਹੈ, ਨਾ ਹੱਥ ਛੁਟਦਾ ਹੈ। ਉਥੇ ਹੀ ਜੁੜਿਆ ਖੜ੍ਹਾ ਹੈ –

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***

***ਭਾਈ ਗੁਰਦਾਸ ਜੀ, 10/18***

ਇੱਕ ਵਾਰੀ ਪਾਤਸ਼ਾਹਾਂ ਦੇ ਪਾਤਸ਼ਾਹ ਸਾਧੂ ਆ ਗਏ। ਦੇਖ ਲਿਆ ਕਿ ਮੈਂ ਤਾਂ ਹੁਣੇ ਮਾਰ ਦੇਵਾਂਗਾ, ਕੁਹਾੜਾ ਮੇਰੇ ਹੱਥ ਵਿੱਚ ਹੈ। ਪਰ ਜਦੋਂ ਦਰਸ਼ਨ ਕਰੇ ਅੰਦਰ ਹਿਲਜੁਲ ਪੈਦਾ ਹੋ ਗਈ। ਅੰਦਰੋਂ ਡਰ ਗਿਆ। ਕਹਿਣ ਲੱਗਿਆ ਕਿ ਇਹ ਕਿਹੋ ਜਿਹੇ ਮਨੁੱਖ ਆ ਗਏ, ਮੈਨੂੰ ਡਰ ਕਿਉਂ ਲਗਦਾ ਹੈ। ਕੁਹਾੜਾ ਉਗਰ ਲਿਆ ਕਿ ਪਹਿਲਾਂ ਹੀ ਜਿਹੜਾ ਮੂਹਰੇ ਹੈ ਇਹਦੇ ਸਿਰ 'ਚ ਮਾਰ ਕੇ ਦੋ ਫਾੜਾ ਕਰ ਦੇਵਾਂ ਪਰ ਉਹ ਪੂਰੇ ਸੀ –

***ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋਤਾੜਾ।***

***ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।***

***ਭਾਈ ਗੁਰਦਾਸ ਜੀ, 10/18***

ਹੱਥ ਹਿਲਦੇ ਹੀ ਨਹੀਂ, ਉਤੇ ਹੀ ਖੜ੍ਹੇ ਨੇ। ਕਹਿਣ ਲੱਗਿਆ ਕਿਹੋ ਜਿਹਾ ਆ ਗਿਆ। ਸਤਿਗੁਰੂ ਨੇ ਮਨ ਹੀ ਰੱਖ ਦਿੱਤਾ, ਫੁਰਨਾ ਹੀ ਖਤਮ ਕਰ ਦਿੱਤਾ। ਹਿਲਜੁਲ ਹੀ ਬੰਦ ਕਰ ਦਿੱਤੀ, ਜੜ੍ਹ ਬਣਾ ਦਿੱਤਾ –

***ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।***

***ਭਾਈ ਗੁਰਦਾਸ ਜੀ, 10/18***

ਹੁਣ ਸਾਮ੍ਹਣੇ ਖੜ੍ਹਾ ਹੈ ਹਿੰਦੋਸਤਾਨ ਦਾ ਬਾਦਸ਼ਾਹ। ਤਲਵਾਰ ਕੱਢਣ ਵਾਸਤੇ ਹੱਥ ਪਾਇਆ ਪਰ ਮੁੱਠੇ ਨਾਲ ਹੀ ਜੁੜ ਗਿਆ। ਕਹਿੰਦਾ, ਕੀ ਹੋਇਆ? ਪਛਤਾਇਆ, ਰੋ ਪਿਆ ਗੁਰੂ ਮੂਹਰੇ। ਮਹਾਰਾਜ ਕਹਿੰਦੇ, ਤੇਰੀ ਬਹਾਦਰੀ ਸ਼ੇਰਸ਼ਾਹ ਸੂਰੀ ਦੇ ਸਾਮ੍ਹਣੇ ਕਿੱਥੇ ਗਈ ਸੀ? ਉਥੋਂ ਪਿੱਠ ਦੇ ਕੇ ਬੁਝਦਿਲਾਂ ਵਾਂਗ ਨੱਠ ਆਇਆ ਤੇ ਹੁਣ ਸਾਧੂਆਂ ਦੇ ਉਤੇ ਤਲਵਾਰਾਂ ਚਲਾਉਂਦਾ ਹੈਂ?

ਜੋ ਸਾਧੂ ਹੈ ਪ੍ਰਮੇਸ਼ਰ ਦਾ ਉਹਦੇ ਬਰਾਬਰ ਨਹੀਂ ਕੋਈ ਹੋਇਆ ਕਰਦਾ। ਜੇ ਕਹੋ ਕਿ ਗੁਰੂ ਪੰਜਵੇਂ ਪਾਤਸ਼ਾਹ, ਗੁਰੂ ਨੌਵੇਂ ਪਾਤਸ਼ਾਹ ਸ਼ਹੀਦ ਹੋਏ, ਉਹ ਮਹਾਰਾਜ ਦੀ ਮਰਜ਼ੀ ਸੀ, ਭਾਣੇ ਦੇ ਵਿੱਚ ਗੱਲ ਹੋ ਰਹੀ ਸੀ। ਉਹਨੂੰ ਅਸੀਂ ਲੋਕ ਨਹੀਂ ਸੀ ਸਮਝ ਸਕਦੇ। ਕਿਹਦੀ ਤਾਕਤ ਸੀ ਕਿ ਗੁਰੂ ਮਹਾਰਾਜ ਨੂੰ ਕੋਈ ਫੜ ਲੈਂਦਾ? ਕਿਹਦੀ ਤਾਕਤ ਸੀ ਕਿ ਗੁਰੂ ਮਹਾਰਾਜ ਦੇ ਸਾਹਿਬਜ਼ਾਦੇ ਸ਼ਹੀਦ ਕਰ ਦਿੰਦਾ। ਮਹਾਰਾਜ ਨੇ ਇੱਕੋ ਬਾਣ ਚਲਾਇਆ ਸੀ, ਇਤਿਹਾਸ 'ਚ ਲਿਖਿਆ ਹੋਇਆ ਹੈ, ਦੱਸ ਹਜ਼ਾਰ ਫੌਜੀ ਇੱਕ ਦਮ ਹੀ ਮਾਰ ਦਿੱਤਾ ਸੀ। ਅਨੰਦਪੁਰ ਸਾਹਿਬ ਗੁਰੂ ਮਹਾਰਾਜ ਨੇ, ਜਦੋਂ ਬਹੁਤਾ ਹੀ ਸਿੰਘਾ ਨੇ ਬੇਨਤੀਆਂ ਕਰੀਆਂ, ਕਹਿੰਦੇ ਸਾਡਾ ਇਨ੍ਹਾਂ ਨਾਲ ਮੇਲ ਨਹੀਂ ਹੈ। ਇਹ ਤਾਂ ਮਾਮੂਲੀ ਗੱਲਾਂ ਨੇ ਇਨ੍ਹਾਂ ਦੀਆਂ। ਜਦੋਂ ਬਹੁਤ ਕਿਹਾ ਮਹਾਰਾਜ ਨੇ ਚਿਲ੍ਹੇ 'ਤੇ ਤੀਰ ਚਾੜ੍ਹ ਲਿਆ। ਨਾਲ ਦ੍ਰਿਸ਼ਟੀ ਦੇ ਦਿੱਤੀ, ਗੁਪਤ ਲੋਕ ਦੇ ਸਾਰੇ ਦੇਵਤੇ ਹੱਥ ਬੰਨ੍ਹੀ ਖੜ੍ਹੇ ਨੇ, ਮਹਾਰਾਜ! ਦਇਆ, ਦਇਆ, ਦਇਆ ਕਰੋ। ਮਹਾਰਾਜ ਕਹਿੰਦੇ, ਜੇ ਅਸੀਂ ਹੁਣ ਬਾਣ ਛੱਡ ਦੇਈਏ, ਜਿੱਥੇ ਤਕ ਵੀ ਫੌਜਾਂ ਪਈਆਂ ਨੇ ਇੱਕੋ ਬਾਣ ਨਾਲ ਸਾਰੀਆਂ ਖਤਮ ਹੋ ਜਾਣਗੀਆਂ। ਪਰ ਅਸੀਂ ਬਾਣ ਤਾਂ ਚਾੜ੍ਹ ਲਿਆ, ਉਹ ਅੰਬ ਸਾਹਿਬ ਦਾ ਦਰਖਤ ਹੈ, ਅੰਬ ਖੜ੍ਹਾ ਹੈ ਉਹਦੇ ਵਿੱਚ ਮਾਰਿਆ, ਅੱਜ ਤੱਕ ਨਿਸ਼ਾਨੀ ਤੁਰੀ ਆਉਂਦੀ ਹੈ, ਉਹਦੇ ਫਲਾਂ 'ਤੇ। ਇਹ ਤਾਂ ਖੇਡ ਹੈ ਮਹਾਂਪੁਰਸ਼ਾਂ ਦੀ। ਲੇਕਿਨ ਮੁਕਾਬਲਾ ਨਹੀਂ ਹੋਇਆ ਕਰਦਾ। ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ –

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥   ਅੰਗ – 133***

ਗੋਬਿੰਦ ਦੀ ਆਰਾਧਣਾ ਕਰੋ, ਜੇ ਤੁਸੀਂ ਅਨੰਦ ਵਿੱਚ ਰਹਿਣਾ ਹੈ। ਜੀਵਨ ਤੁਹਾਨੂੰ ਪ੍ਰਾਪਤ ਹੋਇਆ ਹੈ ਇਹਨੂੰ ਬਿਰਥਾ ਨਾ ਗਵਾਓ। ਬਿਰਥਾ

ਜਾ ਰਿਹਾ ਹੈ, ਅੱਜ ਲੰਘ ਜਾਂਦਾ ਹੈ, ਕੱਲ੍ਹ ਨੂੰ ਫੇਰ ਲੰਘ ਜਾਂਦਾ ਹੈ। ਪਰਸੋਂ ਨੂੰ ਫੇਰ ਲੰਘ ਜਾਂਦਾ ਹੈ। ਸੱਚ ਦੀ ਬਾਤ ਸੁਣੋ, ਜਦੋਂ ਤੱਕ ਅੰਦਰੋਂ ਪ੍ਰਗਟ ਨਹੀਂ ਕਰ ਲੈਂਦੇ। ਜਿਹੜਾ ਕੰਮ ਕਰਨ ਆਏ ਹਾਂ ਉਹ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*** ***ਅੰਗ – 12***

ਬਾਕੀ ਸਭ ਠਾਠੇ-ਬਾਗੇ ਨੇ ਕੁਛ ਨਹੀਂ ਮਾਇਅਨੇ ਰੱਖਦੇ। ਕਿੰਨਾ ਹੀ ਕਰ ਲੈ ਪਰਉਪਕਾਰ ਜਿੰਨਾਂ ਤੇਰਾ ਜੀਅ ਕਰਦਾ ਹੈ, ਰੱਬ ਕੋਲ ਕੀ ਹੈ? ਉਹ ਇੱਕ ਮਿੰਟ ਦੇ ਅੰਦਰ ਹੀ ਕਰ ਦਿੰਦਾ ਹੈ ਸਾਫ। ਜੇ ਉਹਨੂੰ ਭਾਉਂਦਾ ਹੋਵੇ ਤਾਂ ਉਹ ਇਕ ਸਕਿੰਟ 'ਚ ਕਰ ਦਿੰਦਾ ਹੈ। ਐਵੇਂ ਕਾਰੇ ਲਾਇਆ ਹੋਇਆ ਹੈ ਸਾਨੂੰ। ਇਹਦਾ ਹੀ ਅਸੀਂ ਮਾਣ ਕਰੀ ਜਾਈਏ ਕਿ ਐਨਾ ਅੰਮ੍ਰਿਤ ਛਕਾ ਦਿੱਤਾ ਜੀ। ਕੱਖ ਨਹੀਂ ਕਰਿਆ ਅਸੀਂ, ਉਹ ਤਾਂ ਰੱਬ ਨੇ ਸਾਨੂੰ ਕਾਰੇ ਲਾਇਆ ਹੋਇਆ ਹੈ, ਉਹ ਸ਼ਕਤੀ ਦਿੰਦਾ ਹੈ ਸਾਨੂੰ ਤੇ ਅਸੀਂ ਤੁਰੇ ਫਿਰਦੇ ਹਾਂ। ਆਪਣੇ ਆਪ ਤਾਂ ਕੁਛ ਨਹੀਂ ਹੁੰਦਾ। ਗੱਲ ਸਮਝੋ, ਆਹੀ ਵੇਲਾ ਹੈ ਬਾਰ-ਬਾਰ ਹੱਥ ਨਹੀਂ ਆਉਣਾ। ਸੋ ਬੰਦਗੀ ਕਰਿਆ, ਅੰਮ੍ਰਿਤ ਵੇਲੇ ਜਾਗਿਆ ਕਰੋ, ਮਿਹਨਤ ਕਰੋ। ਜਿੱਥੇ ਇੱਛਾ ਪ੍ਰਬਲ ਹੈ ਉਥੇ ਰਸਤਾ ਵੀ ਲੱਭ ਜਾਇਆ ਕਰਦਾ ਹੈ। ਸਮਾਂ ਲੰਘ ਜਾਣਾ ਹੈ ਪਿੱਛੋਂ ਪਛਤਾਉਣਾ ਪੈਂਦਾ ਹੈ, ਤੁਸੀਂ ਸਾਰੇ ਚੇਤਿ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਸ਼ਾਮਿਲ ਹੋਏ ਓਂ। ਯਾਦ ਰੱਖੋ –

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*** ***ਅੰਗ – 133***

ਦੂਜੀ ਗੱਲ ਹੈ –

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥***
***ਅੰਗ – 133***

ਤੀਸਰਾ ਹੈ –

***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥***
***ਅੰਗ – 133***

ਚੌਥੀ ਉਹਦੀ ਨਿਸ਼ਾਨੀ ਦੱਸੀ ਹੈ –

***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥***
***ਅੰਗ – 133***

ਪੰਜਵਾਂ ਉਹਦਾ ਅਤਾ-ਪਤਾ ਦੱਸਿਆ ਹੈ –

***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥***
***ਅੰਗ – 133***

ਪੰਜਵਾਂ ਉਸ ਤੋਂ ਵਿਛੁੜ ਕੇ ਜਿਹੜਾ ਕੁਛ ਹੁੰਦਾ ਹੈ, ਉਹ ਪੰਜਵੀਂ ਲਾਈਨ 'ਚ ਦੱਸਿਆ ਹੈ ਮਹਾਰਾਜ ਨੇ –

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥*** ***ਅੰਗ – 133***

ਇਸ ਤਰ੍ਹਾਂ ਦੇ ਨਾਲ ਜੋ ਮਹੀਨੇ ਦਾ ਆਪ ਨੂੰ ਉਪਦੇਸ਼ ਹੈ, ਕੋਸ਼ਿਸ਼ ਕਰੋ ਕਿ ਇਹਨੂੰ ਆਪਾਂ ਨਿਭਾਈਏ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇੱਥੇ ਹੀ ਸਮਾਪਤੀ ਹੈ, ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਕਲਿਯੁਗ ਕੀਰਤਨ ਪ੍ਰਧਾਨ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*

*ਅੰਗ - 624*

*ਧਾਰਨਾ - ਜਿਉ ਜਾਨਹਿ ਤਿਉ ਤਾਰ ਸੁਆਮੀ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ॥*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ॥*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ॥*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ॥*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ॥*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*

*ਭਾਈ ਗੁਰਦਾਸ ਜੀ, ਵਾਰ 36/ 21*

*ਕੁਚਿਲ ਕਠੋਰ ਕਪਟ ਕਾਮੀ ॥*
*ਜਿਉ ਜਾਨਹਿ ਤਿਉ ਤਾਰਿ ਸੁਆਮੀ ॥ 1 ॥ ਰਹਾਉ ॥*
*ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ ॥ 1 ॥*
*ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ ॥*
*ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ ॥*

*ਅੰਗ - 1301*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਸਿੱਖੀ ਦਾ ਜੋ ਬਹੁਤ ਵੱਡਾ ਗੁਰ ਹੈ ਜੇ ਅਸੀਂ ਅਪਣਾਅ ਲਈਏ ਤਾਂ ਸ਼ੀਘਰ ਸਾਡੀ ਕਲਿਆਣ ਹੋ ਸਕਦੀ ਹੈ। ਆਦਮੀ ਦੇ ਰਸਤੇ ਦੇ ਅੰਦਰ ਜੋ ਸਭ ਤੋਂ ਵੱਡਾ ਰੋੜਾ ਹੈ, ਜੋ ਪ੍ਰਮੇਸ਼ਰ ਨੂੰ ਮਿਲਣ ਨਹੀਂ ਦਿੰਦਾ ਤੇ ਸੁੱਖ ਦੀ ਪ੍ਰਾਪਤੀ ਨਹੀਂ ਹੋਣ ਦਿੰਦਾ। ਉਹ ਇਹਦੇ ਅੰਦਰ ਇੱਕ ਭਾਵ ਹੈ ਜਿਸਨੂੰ ਮੈਂ ਭਾਵ ਕਹਿੰਦੇ ਨੇ, ਕੁਛ ਬਣਨਾ ਚਾਹੁੰਦਾ ਹੈ ਆਦਮੀ, ਕੁਛ ਆਪਣੀ ਹੋਂਦ ਚਾਹੁੰਦਾ ਹੈ। ਜਿੰਨਾ-ਜਿੰਨਾ ਇਹ ਜਜ਼ਬਾ ਵਧਦਾ ਜਾਂਦਾ ਹੈ। ਓਨਾ-ਓਨਾ ਹੀ ਦੁਖੀ ਹੁੰਦਾ ਤੁਰਿਆ ਜਾਦਾ ਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਪਹਿਲਾਂ ਤੂੰ ਇੱਕ ਗੱਲ ਦਾ ਨਿਹਚਾ ਕਰ, ਬਾਕੀ ਦੀਆਂ ਗੱਲਾਂ ਫੇਰ ਦੱਸਾਂਗੇ। ਪਹਿਲਾਂ ਬੁਨਿਆਦ

'ਤੇ ਖੜ੍ਹ, ਜਿੰਨਾਂ ਚਿਰ ਬੁਨਿਆਦ ਨਹੀਂ ਬਣਦੀ, ਓਨੀ ਦੇਰ ਤਕ ਮਕਾਨ ਨਹੀਂ ਬਣਿਆ ਕਰਦਾ। ਉਹਦੇ ਵਿੱਚ ਇਹ ਹੈ ਕਿ ਸਭ ਤੋਂ ਪਹਿਲਾਂ ਤੂੰ ਇਹ ਸਮਝ ਕਿ ਮੇਰੇ ਨਾਲੋਂ ਸਾਰਾ ਸੰਸਾਰ ਚੰਗਾ ਹੈ, ਜੇ ਇੱਥੇ ਕੋਈ ਚੰਗਾ ਨਹੀਂ ਹੈ ਤਾਂ ਮੈਂ ਹੀ ਨਹੀਂ ਹਾਂ, ਬਾਕੀ ਤਾਂ ਸਾਰਾ ਸੰਸਾਰ ਚੰਗਾ ਹੈ। ਸ਼ਬਦ ਆਪਾਂ ਪੜ੍ਹਿਆ ਹੈ, ਬੇਨਤੀ ਕਰੀ ਹੈ ਕਿ ਹੇ ਪ੍ਰਭੂ! ਜਿਵੇਂ ਵੀ ਤੂੰ ਕਰ ਸਕਦਾ ਹੈਂ ਮੈਨੂੰ ਤਾਰ ਲੈ। ਆਪਣੇ ਅਉਗਣ ਦੱਸਣ ਦਾ ਯਤਨ ਕਰਿਆ ਹੈ। ਬੜੇ ਅਉਗਣ ਗਿਣ ਲਏ ਨੇ, ਪਰ ਸਾਡਾ ਮਨ ਨਹੀਂ ਮੰਨ ਰਿਹਾ ਹੈ ਕਿ ਇਹ ਔਗੁਣ ਸੱਚਮੁੱਚ ਮੇਰੇ ਵਿੱਚ ਹੈਗੇ? ਅਸੀਂ ਕਹਿੰਦੇ ਹਾਂ ਇਹ ਜਿੰਨੇ ਔਗੁਣ ਗਿਣੇ ਨੇ ਇਹ ਤਾਂ ਮੇਰੇ ਵਿੱਚ ਹੈ ਹੀ ਨਹੀਂ। ਇਨ੍ਹਾਂ ਤੋਂ ਤਾਂ ਮੈਂ ਪਾਕ ਹਾਂ। ਫੇਰ ਬੇਨਤੀ ਹੋਈ ਨਾ, ਫੇਰ ਝੂਠੀ ਬੇਨਤੀ ਕਰੀ, ਝੂਠੀ ਅਰਦਾਸ ਕਰੀ। ਜੇ ਸਾਡੇ ਵਿੱਚ ਔਗੁਣ ਨਾ ਹੋਣ ਤਾਂ ਅਸੀਂ ਪ੍ਰਮੇਸ਼ਰ ਨੂੰ ਮਿਲ ਜਾਈਏ। ਕਿਉਂਕਿ ਫੁਰਮਾਨ ਹੈ –

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*

*ਅੰਗ – 1382*

ਜਦੋਂ ਆਪਣੇ ਆਪ ਨੂੰ ਸੰਵਾਰ ਲੈਂਦਾ ਹੈ, ਸ਼ੁੱਧ ਕਰ ਲੈਂਦਾ ਹੈ। ਵਾਹਿਗੁਰੂ ਜੀ ਕਹਿੰਦੇ ਕਿ ਉਹ ਵਿਚਾਲੇ ਨਹੀਂ ਰਹਿੰਦਾ ਉਹ ਮੈਨੂੰ ਮਿਲ ਜਾਂਦਾ ਹੈ। ਜੇ ਅਸੀਂ ਨਹੀਂ ਮਿਲਦੇ ਇਹਦਾ ਮਤਲਬ ਅਸੀਂ ਸੰਵਾਰਿਆ ਨਹੀਂ ਆਪਣੇ ਆਪ ਨੂੰ। ਅਜੇ ਬਹੁਤ ਕੁਛ ਸਾਡੇ ਕੋਲ ਰੱਖਿਆ ਹੋਇਆ ਹੈ। ਸਾਨੂੰ ਨਹੀਂ ਪਤਾ ਕਿ ਉਹ ਕਿਹੜੇ ਖਾਨੇ 'ਚ ਪਿਆ ਹੈ, ਉਹਨੇ ਕਦੋਂ ਉਘੜ ਆਉਣਾ ਹੈ, ਕਿਹੜੇ ਵੇਲੇ ਓਸ ਨੇ ਐਕਸ਼ਨ 'ਚ ਆ ਜਾਣਾ ਹੈ। ਮਨ ਦੇ ਅੰਦਰ ਬਹੁਤ ਵੱਡਾ ਭੰਡਾਰਾ ਹੈ ਸਭ ਕੁਛ ਪਿਆ ਹੈ ਇਹਦੇ ਅੰਦਰ। ਕ੍ਰੋਧ ਵੀ ਪਿਆ ਹੈ, ਲੋਭ ਵੀ ਪਿਆ ਹੈ, ਅਹੰਕਾਰ ਵੀ ਪਿਆ ਹੈ, ਮੋਹ ਵੀ ਪਿਆ ਹੈ, ਕਾਮ ਵੀ ਪਿਆ ਹੈ; ਨਿੰਦਿਆ, ਚੁਗਲੀ, ਈਰਖਾ, ਵਖੀਲੀ, ਜਿੰਨੇ ਆਪਾਂ ਗਿਣੇ ਨੇ ਅਕਿਰਤਘਣਤਾ। ਸਭ ਤੋਂ ਵੱਡੀ ਅਕਿਰਤਘਣਤਾ ਸਾਡੀ ਇਹ ਹੈ ਕਿ ਉਹ ਪ੍ਰਭੂ ਜਿਸਨੇ ਸਾਨੂੰ ਨਾ ਦੇਖਣ ਵਾਲਿਆ ਤੋਂ ਦੇਖਣ ਵਾਲੇ ਬਣਾ ਕੇ, ਕਿੰਨੇ ਸੁੰਦਰ ਸਰੀਰ ਦਾ ਮਾਲਕ ਬਣਾ ਦਿੱਤਾ। ਕਿੰਨਾ ਸੋਹਣਾ ਪਰਿਵਾਰ ਦੇ ਦਿੱਤਾ। ਕਿੰਨਾ ਸੋਹਣਾ ਸਰੀਰ ਦਾ ਕੰਮ ਚਲਾਉਣ ਵਾਸਤੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ ਦੇ ਦਿੱਤੇ। ਕੋਈ ਬਿਮਾਰੀ ਨਹੀਂ ਹੈ, ਕੋਈ ਘਾਟਾ ਨਹੀਂ ਹੈ, ਬਾਲ-ਬੱਚੇ ਵੀ ਦੇ ਦਿੱਤੇ, ਪਰਿਵਾਰ ਵੀ ਦੇ ਦਿੱਤਾ। ਇੱਜ਼ਤ ਵੀ ਦੇ ਦਿੱਤੀ, ਉਹ ਸਾਡੇ ਯਾਦ ਨਹੀਂ ਰਹਿੰਦਾ ਹਰ ਵਕਤ, ਭੁੱਲੇ ਰਹਿੰਦੇ ਹਾਂ ਹਰ ਵਕਤ; ਕਦੇ-ਕਦੇ ਯਾਦ ਆਉਂਦਾ ਹੈ। ਮਹਾਰਾਜ ਕਹਿੰਦੇ ਇਹ ਸਾਰਿਆਂ ਤੋਂ ਵੱਡੀ ਅਕਿਰਤਘਣਤਾ ਹੈ, ਸਭ ਤੋਂ ਵੱਡਾ ਪਾਪ ਹੈ। ਫੇਰ ਅਸੀਂ ਕਿਵੇਂ ਕਹਿ ਦੇਈਏ ਕਿ ਮੈਂ ਅਕਿਰਤਘਣ ਨਹੀਂ ਹਾਂ। ਇਹ ਮੰਨਣਾ ਹੀ ਪੈਣਾ ਹੈ ਸਭ ਚੀਜ਼ ਜਿੰਨਾਂ ਚਿਰ ਅਸੀਂ ਇਹ ਚੀਜ਼ ਮੰਨਦੇ ਨਹੀਂ ਹਾਂ ਆਪਣੇ ਆਪ ਦੇ ਉੱਤੇ। ਓਨਾਂ ਚਿਰ ਅਗਾਹਾਂ ਨਹੀਂ ਚੱਲ ਸਕਦੇ। ਕਈ ਪ੍ਰੇਮੀਆਂ ਦਾ ਖਿਆਲ

ਹੈ ਇਹ ਤਾਂ negative approach ਹੈ, ਕਿਉਂਕਿ ਇੱਥੇ ਬਹੁਤ ਸਾਰੀਆ ਫਿਲੋਸਫੀਆਂ ਆਦਮੀ ਦੇ ਮਨ ਵਿੱਚ ਭਰੀਆਂ ਪਈਆਂ ਨੇ। ਇੱਕ ਨੀਸ਼ਟੇ ਹੋਇਆ ਹੈ ਜਰਮਨੀ ਦਾ, ਫਿਲਾਸਫਰ ਹੋਇਆ ਹੈ। ਉਹਨੇ ਦੁਨੀਆ 'ਚ ਬੜਾ ਫਤੂਰ ਪਾਇਆ। ਦੋ ਜੋ ਜਰਮਨੀ ਦੇ ਯੁੱਧ ਹੋਏ ਨੇ ਉਹ ਨੀਸ਼ਟੇ ਦੀ ਫਿਲਾਸਫੀ ਤੋਂ ਹੋਏ ਨੇ। ਉਹਦੀ ਫਿਲਾਸਫੀ ਸੀ ਆਦਮੀ ਜੀਉਂਦਾ ਉਹ ਰਹਿ ਸਕਦਾ ਹੈ ਜਿਹਦੀਆਂ ਬਾਹਾਂ 'ਚ ਜ਼ੋਰ ਹੈ। ਜਿਹੜਾ ਤਕੜਾ ਹੈ। ਮਾੜੇ ਦਾ ਇਸ ਸੰਸਾਰ ਵਿੱਚ ਕੋਈ ਕੰਮ ਨਹੀਂ ਹੈ। ਜਿਹੜਾ ਦਇਆ ਦਾ ਜ਼ਜਬਾ ਹੈ ਇਹ ਬੜੀ ਭਾਰੀ ਕਮਜ਼ੋਰੀ ਹੈ ਆਦਮੀ ਦੀ, ਗਿਰਾਵਟ ਹੈ, ਜਿਹੜਾ ਖਿਮਾ ਕਰਨ ਦਾ ਜਜ਼ਬਾ ਹੈ ਇਹ ਇੱਕ ਬਹੁਤ ਭੁੱਲ ਹੈ ਆਦਮੀ ਦੀ। ਕੋਈ ਵੀ ਤਰੀਕਾ ਅਪਣਾਓ, ਮੂਹਰੇ ਆਓ, ਚਾਹੇ ਸਾਥੀਆਂ ਦੀ ਲਾਸ਼ਾਂ 'ਤੇ ਪੈਦਲ ਤੁਰਨਾ ਪਵੇ, ਬੜੀ ਗਲਤ ਫਿਲੋਸਫੀ ਹੈ, ਬੜੀ ਦੁਨੀਆਂ ਨੇ ਅਪਣਾਈ ਹੈ ਇਹ। ਇਹਦਾ ਹੀ ਕਾਰਨ ਹੈ ਕਿ ਯੁੱਧ ਤੇ ਜੰਗ। ਸੰਸਾਰ ਨੂੰ ਦੋ ਵੱਡੇ ਜੰਗ ਦੇਖਣੇ ਪਏ। ਗੁਰੂ ਨਾਨਕ ਦੀ ਫਿਲਾਸਫੀ ਇਹ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਮੰਨਦੇ ਹਾਂ, ਕਿਸੇ ਕਿਤਾਬ ਨੂੰ ਨਹੀਂ ਮੰਨਦੇ। ਬਿਲਕੁਲ ਇਹ ਖਿਆਲ ਦਿਮਾਗ 'ਚੋਂ ਕੱਢ ਦਿਓ, ਕਿਤਾਬਾਂ ਦੇ ਪਿੱਛੇ ਨਾ ਜਾਓ। ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਤਖਤ ਦੇ ਮਾਲਕ ਕਹਿ ਕੇ, ਇੱਕ ਪਾਸੇ ਨਿਰੰਕਾਰ ਦਾ ਸਰੂਪ ਕਹਿ ਕੇ, ਮਸਤਕ ਨਿਵਾ ਦਿੱਤਾ ਤੇ ਗੁਰੂ ਮੰਨ ਲਿਆ। ਫੇਰ ਗੁਰੂ ਦੀ ਗੱਲ ਮੰਨੋ, ਗੁਰੂ ਗ੍ਰੰਥ ਸਾਹਿਬ 'ਚ ਕੱਢ ਕੇ ਦਿਖਾਓ ਇਹ ਚੀਜ਼। ਗੁਰੂ ਗ੍ਰੰਥ ਸਾਹਿਬ 'ਚ ਤਾਂ ਆਉਂਦਾ ਹੈ –

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥***

***ਅੰਗ – 1378***

ਕਿੱਥੇ ਗਈ ਗੱਲ। ਮਹਾਰਾਜ ਕਹਿੰਦੇ ਨੇ –

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਅੰਗ– 728***

ਅਸੀਂ ਚੰਗੇ ਨਹੀਂ ਤੇ ਸੰਸਾਰ 'ਚ ਬੁਰਾ ਵੀ ਕੋਈ ਨਹੀਂ। ਜੇ ਬੁਰਾ ਕਹਿਣਾ ਹੈ ਤਾਂ ਮੈਨੂੰ ਹੀ ਕਹਿ ਲਓ, ਮੈਂ ਹੀ ਬੁਰਾ ਹਾਂ।

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ – 1364***

ਮੈਨੂੰ ਛੱਡ ਦਿਓ ਬਾਕੀ ਸਾਰਾ ਸੰਸਾਰ ਭਲਿਆਂ ਦਾ ਹੈ। ਨਾਲ ਉਹ ਕਹਿਣ ਲੱਗੇ ਕਿ ਜਿਹੜਾ ਬੰਦਾ ਮਨ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਪੱਕਾ ਵਿਸ਼ਵਾਸ਼ ਕਰ ਲਏਗਾ ਉਹ ਫੇਰ ਸਾਡਾ ਮਿੱਤਰ ਬਣ ਜਾਏਗਾ, ਕਿਉਂਕਿ ਅਸੀਂ ਵੀ ਇਹੀ ਗੱਲ ਕਰਦੇ ਹਾਂ –

***ਆਸਾ ਇਸਟ ਉਪਾਸਨਾ ਖਾਣ ਪੀਣ ਪਹਿਰਾਣ।***
***ਤੁਲਸੀ ਖਟ ਲੱਛਣ ਮਿਲੇ ਮਿਤ੍ਰਤਾ ਪਹਿਚਾਣ।***

ਛੇ ਗੱਲਾ ਮਿੱਤਰ ਦੀਆਂ ਹੁੰਦੀਆਂ ਨੇ। ਆਸਾ ਵੀ ਇੱਕ ਹੋਵੇ,

ਉਪਸਨਾ ਵੀ ਇੱਕ ਹੋਵੇ। ਖਾਣਾ ਪੀਣਾ, ਈਸ਼ਟ ਇੱਕ ਹੋਵੇ। ਪਹਿਨਣਾ ਇੱਕ ਹੋਵੇ, ਕਹਿੰਦੇ ਫੇਰ ਮਿੱਤਰਤਾ ਨਿਭਿਆ ਕਰਦੀ ਹੈ। ਸੋ ਜਦੋਂ ਖਿਆਲ ਇੱਕ ਹੋ ਗਏ, ਮੈਂ ਵੀ ਸਮਝ ਲਿਆ ਕਿ ਮੈਂ ਹੀ ਦੁਨੀਆਂ 'ਤੇ ਮਾੜਾ ਹਾਂ, ਹੋਰ ਸਭ ਚੰਗੇ ਨੇ। ਝਗੜਾ ਹੀ ਖਤਮ ਹੋ ਜਾਂਦਾ ਹੈ, ਰੌਲਾ ਰੱਪਾ ਹੀ ਖਤਮ ਹੋ ਜਾਂਦਾ ਹੈ। ਗੁਰੂ ਕਹਿੰਦਾ ਹੈ ਕਿ ਚੰਗਾ ਬਣ ਕੇ ਮੇਰੇ ਕੋਲ ਨਾ ਆਈਂ। ਕੁਛ ਬਣ ਕੇ ਨਾ ਆਈਂ, ਜੇ ਆਉਣਾ ਹੈ ਤਾਂ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਪਹਿਲਾਂ ਮਰਨਾ ਕਬੂਲ ਲੈ, ਜਿਹੜੀ ਤੂੰ ego ਦੀ ਜ਼ਿੰਦਗੀ ਜੀਉਂਦਾ ਹੈਂ ਇਹਦੀ ਆਸ ਛੱਡ ਦੇ। ਕਿਉਂਕਿ ego ਦੀ ਜ਼ਿੰਦਗੀ ਤੇਰੇ ਤੇ ਮੇਰੇ ਵਿੱਚ ਇੱਕ ਬਹੁਤ ਵੱਡਾ ਪਾੜ ਹੈ, ਆਪਾਂ ਦੋਹਾਂ ਨੂੰ ਇਕੱਠੇ ਨਹੀਂ ਹੋਣ ਦਿੰਦੀ।

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥*** ***ਅੰਗ – 1263***

ਗੁਰੂ ਕਹਿੰਦੇ ਨੇ ਕਿ ਇਹ ਗੱਲ ਜੇ ਤੂੰ ਦਿਲ ਤੋਂ ਬੁੱਝ ਜਾਵੇਂ ਨਾ, ਗਾਉਣ ਵਾਸਤੇ ਨਹੀਂ ਹੈ, ਨਾ ਕਿਸੇ ਨੂੰ ਦੱਸਣ ਵਾਸਤੇ, ਤੂੰ ਅੰਦਰੋਂ ਬੁੱਝ ਇਸ ਚੀਜ਼ ਨੂੰ ਜੇ ਬੁੱਝ ਗਿਆ ਤਾਂ ਗੁੱਸਾ ਹੀ ਨਹੀਂ ਆਉਂਦਾ ਕਿਸੇ ਤੇ, ਕਿਸੇ ਨਾਲ ਰੌਲਾ-ਰੱਪਾ ਹੀ ਨਹੀਂ ਰਹਿੰਦਾ। ਪਰੈਕਟਿਸ ਕਰਕੇ ਦੇਖ ਲਓ, ਥੋੜ੍ਹੇ ਦਿਨਾਂ 'ਚ ਨਤੀਜਾ ਸਾਮ੍ਹਣੇ ਆ ਜਾਏਗਾ, ਗੁੱਸਾ ਘਟ ਹੀ ਜਾਏਗਾ, ਰਹੇਗਾ ਹੀ ਨਹੀਂ। ਦੁਨੀਆਂ ਦੀ ਸੋਚ ਹੋਰ ਹੈ। ਗੁਰੂ ਦੀ ਸੋਚ ਹੋਰ ਹੈ, ਗੁਰੂ ਦੀ ਸੋਚ ਹੈ ਕਿ ਦੁਨੀਆਂ ਦੇ ਅੰਦਰ ਜੇ ਤੂੰ ਵੱਡੇ ਤੋਂ ਵੱਡੀ ਕਾਮਯਾਬੀ ਵੀ ਹਾਸਿਲ ਕਰ ਲਈ, ਬੇਅੰਤ ਕੁਛ ਤੇਰੇ ਕੋਲ ਹੋ ਗਿਆ –

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***

***ਅੰਗ – 707***

ਪਰ ਜੇ ਦੂਜੇ ਪਾਸਿਓਂ ਟੁੱਟ ਗਿਆ –

***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ – 707***

ਜੇ ਮੈਂ ਬਣਿਆ ਹੋਇਆ ਹੈਂ ਤਾਂ ਮੈਂ ਤੇ ਰੱਬ ਦਾ ਤਾਂ ਸਾਥ ਨਹੀਂ ਹੈ। ਇਹ ਤਾਂ ਦੋਹਾਂ 'ਚੋਂ ਇੱਕ ਰਹਿੰਦਾ ਹੈ।

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥***

***ਅੰਗ – 560***

ਦੋਹਾਂ ਨੇ ਤਾਂ ਵਸਣਾ ਹੀ ਨਹੀਂ, ਇੱਕ ਨੇ ਵਸਣਾ ਹੈ। ਪਹਿਲਾਂ

ਆਪਣੇ ਆਪ ਨੂੰ ਸੰਵਾਰੋ। ਜੇ ਮੈਨੂੰ ਮਿਲ ਗਏ, ਫੇਰ ਸੁੱਖ ਦੀ ਪ੍ਰਾਪਤੀ ਹੋ ਜਾਏਗੀ। ਸੁੱਖਾਂ ਦੀ ਵਰਖਾ ਹੋਣ ਲਗ ਜਾਏਗੀ। ਪਹਿਲਾਂ ਸੰਵਾਰ ਤਾਂ ਸਹੀ ਆਪਣੇ ਆਪ ਨੂੰ, ਇਧਰ ਮਹਾਰਾਜ ਜੀ ਫੁਰਮਾਨ ਕਰਦੇ ਨੇ -

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਜਿਹੜਾ ਐਸੀ ਗੱਲ ਬੁੱਝ ਗਿਆ ਉਹ ਸਾਡਾ ਮਿੱਤਰ ਬਣ ਜਾਂਦਾ ਹੈ। ਉਹਦਾ ਜੀਵਨ ਫੇਰ ਆਪਣੇ ਵਾਸਤੇ ਨਹੀਂ ਹੁੰਦਾ ਸਾਧਸੰਗਤ ਜੀ। ਉਹਦਾ ਜੀਵਨ ਕੁਦਰਤੀ ਵਾਹਿਗੁਰੂ ਦੇ ਵਾਸਤੇ ਹੁੰਦਾ ਹੈ। ਵਾਹਿਗੁਰੂ ਜੀ ਸਾਰੇ ਸੰਸਾਰ 'ਚ ਵਸਦੇ ਨੇ। ਦੂਸਰਿਆਂ ਦੇ ਦੁੱਖ ਦੂਰ ਕਰਨ ਵਾਸਤੇ, ਦੂਜਿਆਂ ਦੀਆਂ ਮੁਸ਼ਕਿਲਾਂ ਠੀਕ ਕਰਨ ਵਾਸਤੇ, ਉਹਦਾ ਜੀਵਨ ਵਰਤਦਾ ਹੈ ਗੁਰਸਿੱਖੀ ਦੇ ਅੰਦਰ। ਥੋੜ੍ਹਾ ਜਿਹਾ ਇੱਥੇ ਭੇਤ ਸਮਝੋ। ਇੱਕ ਜੀਵਨ ਉਹ ਹੈ ਕਿ ਜਿਹੜਾ ਸਭ ਕੁਛ ਛੱਡ ਕੇ ਸੰਸਾਰ ਨੂੰ ਮਿਥਿਆ ਕਹਿ ਕੇ, ਇਹ ਝੂਠਾ ਹੈ ਸੰਸਾਰ, ਤਿੰਨ ਕਾਲ ਹੋਇਆ ਨਹੀਂ, ਇਹ ਗੱਲ ਹੋਰ ਹੈ ਇਹਨੂੰ ਇਸ ਤਰ੍ਹਾਂ ਨਾਲ ਸਮਝ ਕੇ ਦੁਨੀਆਂ ਨੂੰ ਛੱਡ ਜਾਣਾ। ਕਿਤੇ ਗੋਸ਼ਾ ਨਸ਼ੀਨੀ, ਜੰਗਲ ਤਾਂ ਹੁਣ ਰਹੇ ਹੀ ਨਹੀਂ ਹਨ। ਕਿਸੇ ਇਕਲਵਾਂਜੇ ਤਾਂ ਜਾ ਕੇ ਇਹ ਗੱਲ ਕਹਿ ਦੇਣੀ ਕਿ ਮੈਨੂੰ ਕੀ ਹੋਈ ਜਾਣ ਦਿਓ ਜਿਹੜਾ ਕੁਛ ਹੁੰਦਾ ਹੈ। ਮਹਾਰਾਜ ਕਹਿੰਦੇ -

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥***

***ਅੰਗ - 679***

ਇਹ ਨਹੀਂ ਕਿ ਹਾਰ ਨੂੰ ਜੱਫਾ ਲਾ ਲੈ। ਲੇਕਿਨ ਕੁਛ ਕਰਦਾ ਰਹਿ -

***ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥***

***ਅੰਗ - 661***

ਕੁਛ ਕਹਿੰਦਾ ਰਹਿ, ਕੁਛ ਸੁਣਦਾ ਰਹਿ। ਨਿਵੇਕਲਾ ਹੋ ਕੇ ਨਾ ਬੈਠੀਂ, ਨਿਵੇਕਲਾ ਹੋ ਜਦੋਂ ਬੈਠੇਂਗਾ, ਬਹੁਤ ਸਾਰੀਆਂ ਜ਼ਿੰਮੇਵਾਰੀਆਂ ਜੋ ਤੇਰੇ ਉਤੇ ਆਈਆਂ ਹੋਈਆਂ ਸੀ, ਉਨ੍ਹਾਂ ਤੋਂ ਪਿੱਠ ਫੇਰ ਕੇ ਬੈਠੇਂਗਾ। ਸੰਸਾਰ ਦੇ ਵਿੱਚ ਰਹਿ, ਲੇਕਿਨ ਜੀਵਨ ਅਪਣਾਅ -

***ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਅੰਗ - 952***

ਗ੍ਰਿਹਸਤ 'ਚ ਰਹਿੰਦਾ ਹੋਇਆ, ਬਾਲ-ਬੱਚੇ ਪਾਲਦਾ ਹੋਇਆ, ਨਿਰਲੇਪ ਰਹਿ ਸਾਰੀਆਂ ਚੀਜ਼ਾਂ ਨਾਲੋਂ, ਮੇਰ ਨਾ ਕਰ ਕਿਸੇ ਚੀਜ਼ ਦੀ। ਟੁੱਟ ਕੇ ਰਹਿ ਇਨ੍ਹਾਂ ਦੇ ਨਾਲੋਂ, ਪ੍ਰਮੇਸ਼ਰ ਦੀ ਦਾਤ ਸਮਝ ਕੇ ਰਹਿ। ਆਪਣਾ ਨਾ ਕੁਛ ਵੀ ਬਣਾ ਤੇ ਰੱਬ ਦੇ ਕੋਲੋਂ ਮੰਗਣਾ ਕੀ ਹੈ, ਹਰ ਰੋਜ਼ ਮੰਗਣਾ ਹੈ। ਨਾਮ ਦੀ ਦਾਤ ਮੰਗਣੀ ਹੈ, ਗੁਰਮੁਖਾਂ ਦੇ ਦਰਸ਼ਨ ਮੰਗਣੇ ਨੇ।

***ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥***

***ਅੰਗ - 952***

ਕਹਿੰਦੇ ਉਹ ਤਾਂ ਪਵਿੱਤਰ ਗ੍ਰਿਹਸਤੀ ਹੈ ਜਿਹੜਾ ਸੰਸਾਰ ਦੇ ਅੰਦਰ ਰਹਿੰਦਾ ਹੋਇਆ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਦਾ ਹੈ। ਆਪਣੇ

ਵਾਸਤੇ ਸਾਰਾ ਸੰਸਾਰ ਜੀਊਂ ਰਿਹਾ ਹੈ। ਆਪਣੀ ਤਰੱਕੀ ਵਾਸਤੇ ਜਿਊਂ ਰਹੇ ਨੇ। ਲੇਕਿਨ ਕੋਈ ਵਿਰਲਾ ਪੁਰਸ਼ ਹੈ, ਕੋਈ ਲੱਭੇਗਾ ਲੱਖਾਂ ਦੇ ਵਿੱਚੋਂ, ਕਰੋੜਾਂ ਦੇ ਵਿਚੋਂ ਜਿਹੜਾ ਦੂਜਿਆਂ ਦੇ ਵਾਸਤੇ ਆਪਣਾ ਜੀਵਨ ਜਿਊਂ ਰਿਹਾ ਹੈ। ਇਹ ਬਣਾਇਆ ਹੋਇਆ ਨਹੀਂ ਹੁੰਦਾ। ਜਦੋਂ ਪ੍ਰਮੇਸ਼ਰ ਦਾ ਭਜਨ ਕਰਦਾ ਹੈ ਹਰ ਵਕਤ ਵਾਹਿਗੁਰੂ ਯਾਦ ਰਹਿੰਦਾ ਹੈ ਤਾਂ ਉਹਦੀ ਅਵਸਥਾ ਇਹ ਪਰਪੱਕ ਹੋ ਜਾਇਆ ਕਰਦੀ ਹੈ ਕਿ ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ।***

ਵਾਹਿਗੁਰੂ ਨੂੰ ਜੋ ਯਾਦ ਰਖਦੇ ਨੇ ਹਰ ਵਕਤ, ਉਨ੍ਹਾਂ ਦਾ ਜੀਵਨ ਨਿਜੀ ਜੀਵਨ ਨਹੀਂ ਹੋਇਆ ਕਰਦਾ, ਇਹ ਫਰਕ ਪੈ ਜਾਇਆ ਕਰਦਾ ਹੈ, ਅ-ਜੋੜ ਹੋ ਜਾਇਆ ਕਰਦਾ ਹੈ ਸੰਸਾਰੀਆਂ ਦੇ ਨਾਲੋਂ। ਉਹਦਾ ਜੀਵਨ ਦੂਸਰਿਆਂ ਦੇ ਵਾਸਤੇ ਹੋਇਆ ਕਰਦਾ ਹੈ। ਵੱਡੀ ਤੋਂ ਵੱਡੀ ਕੁਰਬਾਨੀ ਉਹ ਦੂਸਰਿਆਂ ਵਾਸਤੇ ਦਿੰਦਾ ਹੈ, ਕਿਉਂਕਿ ਉਹਦਾ ਜੀਵਨ ਹੀ ਐਸੀ ਚਾਲ 'ਤੇ ਚੱਲ ਰਿਹਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ ਕਿ –

***ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥***

***ਅੰਗ – 263***

ਜਿਹੜੇ ਵਾਹਿਗੁਰੂ ਜੀ ਨੂੰ ਹਰ ਵਕਤ ਯਾਦ ਰਖਦੇ ਨੇ ਉਹ ਪਰਉਪਕਾਰੀ ਹੋ ਜਾਇਆ ਕਰਦੇ ਨੇ। ਇੱਕ ਖੁਦਗਰਜ਼ੀ ਹੈ, ਇਕ ਪਰਉਪਕਾਰ ਹੈ।

***ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥***

***ਅੰਗ – 263***

ਕਹਿੰਦੇ ਐਸੇ ਪੁਰਸ਼ਾਂ ਤੋਂ ਅਸੀਂ ਸੈਂਕੜੇ ਵਾਰੀ ਬਲਿਹਾਰ ਜਾਂਦੇ ਹਾਂ।

***ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥***
***ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥***

***ਅੰਗ – 263***

ਉਨ੍ਹਾਂ ਦੇ ਮੁਖ ਸੋਹਣੇ ਲਗਦੇ ਨੇ, ਡਰਾਉਣੇ ਨਹੀਂ ਹਨ। ਡਰਾਉਣੇ ਮੁਖ ਉਨ੍ਹਾਂ ਦੇ ਨੇ –

***ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥***
***ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥***

***ਅੰਗ – 1383***

***ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥***
***ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥***

***ਅੰਗ – 1364***

ਜਿਨ੍ਹਾਂ ਦੇ ਹਿਰਦੇ 'ਚ ਪ੍ਰਮੇਸ਼ਰ ਦਾ ਨਾਮ ਨਹੀਂ ਕਹਿੰਦੇ ਜਲੇ ਹੋਏ ਕਾਨਿਆਂ ਵਰਗੇ ਬਦਸੂਰਤ ਨੇ ਉਹ, ਡਰਾਉਣੇ ਨੇ, ਲੇਕਿਨ ਜਿਹੜੇ ਪ੍ਰਮੇਸ਼ਰ ਨੂੰ ਯਾਦ ਰਖਦੇ ਨੇ ਉਨ੍ਹਾਂ ਦੇ ਚਿਹਰੇ ਦਾ ਪ੍ਰਭਾਵ ਐਸਾ ਹੁੰਦਾ ਹੈ ਕਿ

ਖਿੱਚ ਪਾਉਂਦਾ ਹੈ ਤੇ ਮੁਖ ਸੁਹਾਵੇ ਹੋ ਜਾਂਦੇ ਨੇ। ਦੁੱਖਾਂ 'ਚ ਨਹੀਂ ਆਉਂਦੇ –

***ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥***
***ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥***

***ਅੰਗ – 263***

ਮਾਇਆ ਨੂੰ ਜਿੱਤ ਜਾਂਦੇ ਨੇ ਆਤਮ ਦੇਸ ਦੇ ਵਿੱਚ ਉਨ੍ਹਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਉਨ੍ਹਾਂ ਦਾ ਸਾਰਾ ਵਿਵਹਾਰ ਜਿਨ੍ਹਾਂ ਹੈ ਉਹ ਸਾਰਾ ਨਿਰਮਲ ਹੈ, ਕੋਈ ਲਕੋਅ ਨਹੀਂ, ਕੋਈ ਧੋਖਾ ਨਹੀਂ। ਕੋਈ ਡਰ ਨਹੀਂ ਹੈ ਉਨ੍ਹਾਂ ਨਾਲ, ਕੋਈ ਕਰੂਰਤਾ ਨਹੀਂ–

***ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥***
***ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥***

***ਅੰਗ – 263***

ਮਨ ਦੀ ਸ਼ਾਂਤੀ ਦਾ ਕੋਈ ਅੰਦਾਜ਼ਾ ਨਹੀਂ ਹੈ। ਹਰ ਵਕਤ ਵਾਹਿਗੁਰੂ ਦੇ ਨਾਲ ਜੁੜੇ ਰਹਿੰਦੇ ਨੇ।

***ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥***
***ਨਾਨਕ ਸਿਮਰਨੁ ਪੂਰੈ ਭਾਗਿ ॥*** ***ਅੰਗ – 263***

ਇਹ ਜਿਹੜੀ ਜਾਗ ਹੈ, ਇਹ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਜਾਗ ਆ ਜਾਇਆ ਕਰਦੀ ਹੈ, ਨਹੀਂ ਤਾਂ ਅਸੀਂ ਸੁੱਤੇ ਪਏ ਹਾਂ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਸਾਨੂੰ ਜਾਗਦਿਆਂ ਨੂੰ ਸੁੱਤੇ ਕਿਉਂ ਕਹੀ ਜਾਂਦੇ ਓਂ। ਮਹਾਰਾਜ ਕਹਿੰਦੇ, ਤੁਸੀਂ ਹੀ ਨਹੀਂ ਸਾਰਾ ਸੰਸਾਰ ਸੁੱਤਾ ਪਿਆ ਹੈ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ – 920***

ਸੁੱਤਿਆਂ ਦੀ ਉਮਰ ਲੰਘਦੀ ਤੁਰੀ ਜਾ ਰਹੀ ਹੈ। ਸਾਰਾ ਸੰਸਾਰ ਰਜੋ ਗੁਣ, ਤਮੋ ਗੁਣ, ਸਤੋ ਗੁਣ; ਇਹਨੂੰ ਤ੍ਰਿਗੁਣੀ ਮਾਇਆ ਕਹਿੰਦੇ ਨੇ, ਤ੍ਰਿਗੁਣੀ ਮਾਇਆ। ਇਹਦੇ ਵਿੱਚ ਸੁੱਤਾ ਕਿਉਂ ਪਿਆ ਹੈ, ਜਿਵੇਂ ਸੁੱਤੇ ਪਏ ਬੰਦੇ ਨੂੰ ਆਪਣੇ ਆਪ ਦਾ ਗਿਆਨ ਨਹੀਂ ਹੁੰਦਾ, ਲੱਖਾਂ ਰੁਪਏ ਉਹਦੇ ਸਰ੍ਹਾਣੇ ਪਏ ਹੋਣ। ਜਿਹੜੇ ਬੈਡ 'ਤੇ ਪਿਆ ਹੈ ਉਹਦੇ ਵਿੱਚ ਕਰੋੜਾਂ ਰੁਪਿਆ ਪਿਆ ਹੋਵੇ, ਉਤੇ ਉਹਨੇ ਆਪਣਾ ਬਿਸਤਰਾ ਲਾਇਆ ਹੋਵੇ ਤੇ ਸੁਪਨੇ ਵਿੱਚ ਉਹਨੂੰ ਪਿਆਸ ਲਗ ਜਾਵੇ ਤੇ ਪਾਣੀ ਮੁੱਲ ਮਿਲਦਾ ਹੋਵੇ, ਉਹ ਕਹਿੰਦਾ ਹੈ ਕਿ ਇੱਕ ਪੈਸਾ ਲਿਆ ਤੈਨੂੰ ਪਾਣੀ ਦੇ ਦੇਵਾਂ। ਹੁਣ ਪੈਸਾ ਕਿਤੋਂ ਮਿਲਦਾ ਨਹੀਂ, ਪਿਆਸਾ ਮਰ ਰਿਹਾ ਹੈ। ਕਿਉਂਕਿ ਸੁਪਨੇ ਦੇ ਵਿੱਚ ਭੁੱਲ ਗਿਆ। ਯਾਦ ਨਹੀਂ ਇਸਦੇ ਰਿਹਾ, ਨਾ ਯਾਦ ਰਹਿਣ ਦੇ ਨਾਲ, ਸਾਰੀਆਂ ਦੌਲਤਾਂ ਦਾ ਮਾਲਕ ਹੁੰਦਾ ਹੋਇਆ, ਬਾਦਸ਼ਾਹੀਆਂ ਦਾ ਮਾਲਕ ਹੁੰਦਾ ਹੋਇਆ ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥***

***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥***
***ਅੰਗ - 657***

ਰਾਜਾ ਸੁਪਨੇ (ਰਾਜਾ ਜਨਕ) 'ਚ ਭਿਖਾਰੀ ਬਣ ਗਿਆ। ਤਖਤ 'ਤੇ ਬੈਠਾ ਹੈ, ਸਾਰਾ ਦਰਬਾਰ ਲੱਗਿਆ ਹੋਇਆ ਹੈ, ਊਂਘ ਆ ਗਈ ਰਾਜੇ ਨੂੰ। ਰਾਜ ਸੀਗਾ ਲੇਕਿਨ ਸੁਪਨੇ 'ਚ ਰਾਜ ਜਾਂਦਾ ਰਿਹਾ। ਸਾਡਾ ਵੀ ਆਹੀ ਹਾਲ ਹੈ, ਅਸੀਂ ਵੀ ਸੁੱਤੇ ਪਏ ਹਾਂ। ਸਾਨੂੰ ਜਾਗ ਨਹੀਂ ਆ ਰਹੀ। ਕਿਉਂ ਨਹੀਂ ਆ ਰਹੀ? ਕਿਉਂਕਿ ਅਸੀਂ ਕੈਮੀਕਲ ਜਾਗ ਦੇ ਵਿੱਚ ਜਿਉਂਦੇ ਹਾਂ। ਸਾਡਾ ਜਿਹੜਾ ਦਿਮਾਗ ਹੈ ਨਾ ਇਹਨੂੰ ਇਲੈਕਟ੍ਰਨਿਕਸ ਅਤੇ ਮੈਗਨੈਟਿਕ ਲਹਿਰਾਂ ਜਿੰਨੀ ਦੇਰ ਤਕ ਇਸਦੇ ਅੰਦਰ ਐਕਸ਼ਨ ਨਹੀਂ ਕਰਦੀਆਂ ਓਨਾਂ ਚਿਰ ਇਹ ਦਿਮਾਗ ਕੰਮ ਨਹੀਂ ਕਰਦਾ। ਇਨ੍ਹਾਂ ਦੋ ਲਹਿਰਾਂ ਦੇ ਨਾਲ ਦਿਮਾਗ ਚਲਦਾ ਹੈ। ਦਿਮਾਗ ਦੇ ਅੰਦਰ ਜਿਹੜਾ ਭਾਵ ਕੰਮ ਕਰ ਰਿਹਾ ਹੈ, ਜਿਹੜਾ ਤੱਤ ਉਸ ਵੇਲੇ ਚਲ ਰਿਹਾ ਹੈ, ਰਜੋ ਗੁਣ, ਤਮੋ ਗੁਣ, ਸਤੋ ਗੁਣ ਉਹਦੇ ਮੁਤਾਬਿਕ ਇਹ ਸਰੀਰ ਨੂੰ ਹਰਕਤ ਦਿੰਦਾ ਹੈ। ਇਹਦਾ ਮਤਲਬ ਹੋਇਆ ਕਿ ਦਿਮਾਗ ਤੋਂ ਪਰ੍ਹੇ ਦਾ ਜਿਹੜਾ ਸਾਡਾ ਅਨੁਭਵ ਹੈ ਉਹ ਸਾਨੂੰ ਨਾ ਪ੍ਰਾਪਤ ਹੋਣ ਕਰਕੇ ਅਸੀਂ ਇੱਕ ਤਰ੍ਹਾਂ ਦੇ ਨਾਲ ਸੁੱਤੇ ਪਏ ਹਾਂ, ਕੋਈ ਨੀਂਦ ਆਈ ਹੋਈ ਹੈ ਸਾਨੂੰ। ਮਹਾਰਾਜ ਕਹਿੰਦੇ ਤੂੰ ਸੁੱਤਾ ਪਿਆ ਹੈਂ, ਤੂੰ ਵੀ ਸੁੱਤਾ ਪਿਆ ਹੈਂ ਤੇ ਸੰਸਾਰ ਵੀ ਸੁੱਤਾ ਪਿਆ ਹੈ। ਤੈਨੂੰ ਜਾਗ ਨਹੀਂ ਆਈ ਤੇ ਨਾਲ ਸਾਨੂੰ ਦਸਦੇ ਨੇ ਇਹ ਜਿਹੜੀ ਤੇਰੀ ਜਾਗ ਹੈ ਨਾ ਇਹਨੂੰ ਹਉਮੈ ਦੀ ਸੁਰਤ ਕਹਿੰਦੇ ਨੇ ਇਹਨੂੰ ਤੇ ਤੂੰ ਕਹਿੰਦਾ ਹੈਂ ਕਿ ਮੈਂ ਪੀ. ਐਚ. ਡੀ. ਕਰੀ ਹੋਈ ਹੈ, ਮੈਂ ਤਾਂ ਪ੍ਰਫੈਸਰ ਹਾਂ, ਮੈਂ ਵੱਡਾ ਆਫੀਸਰ ਹਾਂ। ਵੱਡੀ-ਵੱਡੀ ਦੁਨੀਆਂ ਆ ਕੇ ਮੇਰੇ ਤੋਂ ਗੱਲਾਂ ਪੁੱਛਦੀ ਹੈ। ਅਖਬਾਰਾਂ ਵਾਲੇ ਮੇਰੇ ਪਿੱਛੇ ਆਉਂਦੇ ਨੇ। ਉਹ ਕਹਿੰਦੇ ਫਿਰੀ ਜਾਣ ਦਿਓ, ਸਭ ਸੁੱਤਿਆਂ ਦਾ ਕੰਮ ਹੈ। ਜਾਗਦਾ ਕੋਈ ਨਹੀਂ ਹੈ। ਕਹਿੰਦੇ ਐਨਾ ਭੋਲਾਪਨ ਤੁਹਾਡੇ ਅੰਦਰ। ਐਨੀ egnorance? ਕਹਿੰਦੇ। ਕਹਿੰਦੇ ਜਾਗ ਤੈਨੂੰ ਤਾਂ ਆਏਗੀ ਜੇ ਉਤੇ ਗੁਰੂ ਦੀ ਹੋ ਜਾਏ ਕ੍ਰਿਪਾ ਤੇ ਪ੍ਰਮੇਸ਼ਰ ਦਾ ਨਾਮ ਮਿਲ ਜਾਏ ਤੇ ਪ੍ਰਮੇਸ਼ਰ ਦੀ ਯਾਦ ਹਰ ਵਕਤ ਤੇਰੇ ਹਿਰਦੇ ਵਿੱਚ ਬੈਠ ਜਾਵੇ, ਫੇਰ ਤੈਨੂੰ ਜਾਗ ਆ ਜਾਏਗੀ, ਫੇਰ ਤੈਨੂੰ ਤੱਤ ਦਾ ਪਤਾ ਲਗ ਜਾਏਗਾ -

***ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥***
***ਨਾਨਕ ਸਿਮਰਨੁ ਪੂਰੇ ਭਾਗਿ ॥*** ***ਅੰਗ - 263***

ਮਾੜੇ ਮੋਟੇ ਭਾਗਾਂ ਨਾਲ ਨਹੀਂ ਵਾਹਿਗੁਰੂ ਯਾਦ ਰਹਿੰਦਾ। ਸੋ ਐਡੀ ਵੱਡੀ ਚੀਜ਼ ਵਾਸਤੇ ਸਾਡੀ ਲੋਚਾ ਕਦੇ ਨਹੀਂ ਜਾਗਦੀ। ਅਰਦਾਸ ਸਾਡੇ ਹਿਰਦੇ 'ਚੋਂ ਕਦੇ ਨਹੀਂ ਆਉਂਦੀ ਕਿ ਵਾਹਿਗੁਰੂ ਜੀ ਆਹ ਵੀ ਗੱਲ ਹੈ? ਮੈਨੂੰ ਤਾਂ ਪਤਾ ਹੀ ਨਹੀਂ ਇਸ ਗੱਲ ਦਾ? ਅਸੀਂ ਇਹਨੂੰ ਵਿਸ਼ਵਾਸ਼ ਦੇ ਘਰ 'ਚ ਨਹੀਂ ਲਿਆਉਂਦੇ, ਕੰਨਾਂ 'ਚ ਸੁਣਨ ਤਕ ਖਤਮ ਕਰ ਦਿੰਦੇ ਹਾਂ। ਸਾਡੇ ਅੰਦਰ ਇਹ ਕੋਈ ਘਾਵ ਨਹੀਂ ਪਾਉਂਦੀ। ਹਿਰਦੇ ਨੂੰ ਵੇਧਦੀ ਨਹੀਂ ਹੈ ਇਹ ਬਾਣੀ, ਕਿਉਂਕਿ ਅਸੀਂ ਵੁਲਟ ਪਰੂਫ ਸੁਰਤੀ ਧਾਰਨ ਕਰੀ ਹੋਈ ਹੈ, ਕਿ ਨਹੀਂ ਅਸੀਂ ਅੰਦਰ ਜਾਣ ਹੀ ਨਹੀਂ ਦੇਣਾ ਕੁਛ। ਜਿਥੇ ਅਸੀਂ

ਹੈਗੇ ਉਹੀ ਠੀਕ ਹੈ। ਆਹ ਮੁਸ਼ਕਲ ਹੈ ਬੜੀ ਭਾਰੀ। ਮਹਾਰਾਜ ਕਹਿੰਦੇ, ਇਹ ਤਾਂ, ਤਾਂ ਤੇਰਾ ਦੂਰ ਹੋਏਗਾ ਜੇ ਤੂੰ ਪਹਿਲਾਂ ਇਹ ਪੜਦੇ ਨੂੰ ਦੂਰ ਕਰੇਂ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

***ਅੰਗ – 1102***

'ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ' ਆਪਾਂ ਇੱਕ ਪੱਖ ਲੈਣਾ ਹੈ, ਸਾਰੀ ਵਿਚਾਰ ਦੇ ਅੰਦਰ ਕਿ ਵਾਹਿਗੁਰੂ ਨੂੰ ਜੋ ਯਾਦ ਕਰਦੇ ਨੇ ਉਹ ਪਰਉਪਕਾਰੀ ਹੋਇਆ ਕਰਦੇ ਨੇ। ਪਰਉਪਕਾਰ ਦੇ ਵਾਸਤੇ ਗੁਰਬਾਣੀ ਦੇ ਅੰਦਰ, ਕੀ ਸਾਨੂੰ ਕੋਈ ਉਪਦੇਸ਼ ਦਿੱਤੇ ਹੋਏ ਨੇ? ਇਹਦੀ ਵਿਚਾਰ ਕਰੋ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਹਜ਼ੂਰ ਇੱਕ ਵਾਰੀ ਸੰਗਤ ਬੈਠੀ ਹੈ, ਗੁਰਸਿਖ ਬੈਠੇ ਨੇ, ਕਹਿਣ ਲੱਗੇ, ਮਹਾਰਾਜ! ਸਾਨੂੰ ਕੋਈ ਉਪਦੇਸ਼ ਦਿਓ। ਮਹਾਰਾਜ ਚੁੱਪ ਕਰੀਂ ਬੈਠੇ ਨੇ। ਮਹਾਰਾਜ ਕਹਿੰਦੇ ਉਪਦੇਸ਼? ਕਹਿੰਦੇ, ਕੋਈ ਐਸਾ ਦਿਓ ਕਿ ਸਾਨੂੰ ਜਪ ਤਪ ਨਾ ਕਰਨੇ ਪੈਣ, ਕੋਈ ਐਸਾ ਢੰਗ ਦੱਸੋ। ਮਹਾਰਾਜ ਕਹਿੰਦੇ ਸਾਰਿਆਂ ਜਪਾਂ, ਤਪਾਂ, ਤੀਰਥਾਂ, ਸੰਜਮਾਂ, ਦਾਨਾਂ; ਇਨ੍ਹਾਂ ਸਾਰਿਆਂ ਤੋਂ ਉਤੇ ਇੱਕ ਚੀਜ਼ ਹੈ ਜਿਹਨੂੰ ਪਰਉਪਕਾਰ ਕਹਿੰਦੇ ਨੇ ਤੇ ਤੁਸੀਂ ਪਰਉਪਕਾਰ ਦੇ ਵਿੱਚ ਜੀਵਨ ਲਾਓ। ਇਹਦੇ ਸਮਾਨ ਨਾ ਕੋਈ ਜਪ, ਨਾ ਕੋਈ ਤਪ, ਨਾ ਵਰਤ ਨਾ, ਨਾ ਕੋਈ ਧਰਮ; ਇਹਦੇ ਮੁਕਾਬਲੇ ਤੇ ਹੈ ਹੀ ਨਹੀਂ। ਪਰਉਪਕਾਰ ਵੀ ਜਿਹੜਾ ਕਰਨਾ ਹੈ ਉਹ ਸ਼ਰਤ ਰੱਖ ਕੇ ਨਹੀਂ ਕਰਨਾ, ਦੂਸਰੇ ਦੇ ਉਤੇ ਅਹਿਸਾਨ ਨਹੀਂ ਕਰਨਾ, ਜੇ ਅਹਿਸਾਨ ਕਰੇਂਗਾ ਤਾਂ ਇਹ ਪਰਉਕਾਰ ਹਉਮੈ ਦੇ ਅਧੀਨ ਕਰ ਰਿਹਾ ਹੈਂ। ਇਹਦਾ ਤੈਨੂੰ ਸੁੱਖ ਨਹੀਂ ਪ੍ਰਾਪਤ ਹੋਏਗਾ, ਦੁੱਖ ਪ੍ਰਾਪਤ ਹੋਏਗਾ, ਕਿਉਂਕਿ ਇਹਦਾ ਤੂੰ ਬਦਲਾ ਚਾਹੁੰਦਾ ਹੈਂ, ਆਦਮੀ ਆਪਣੇ ਸੁਭਾਅ ਦੇ ਮੁਤਾਬਿਕ ਵਰਤਦਾ ਹੈ, ਜਿਹੋ ਜਿਹਾ ਗੁਣ ਉਹਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਚੱਲ ਰਿਹਾ ਹੈ, ਪ੍ਰਮੇਸ਼ਰ ਨੇ ਪਾਇਆ ਹੈ –

*ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ*
*ਕਿਆ ਕੋਈ ਕਰੇ ਵੇਚਾਰਾ ॥* ***ਅੰਗ – 450***

ਉਹ ਕਿਵੇਂ ਤੇਰੇ ਕੋਲ ਨਿਰਮਲ ਹਿਰਦੇ ਨਾਲ ਆ ਜਾਏਗਾ, ਤੂੰ ਨਾ ਮੰਗ। 'ਨੇਕੀ ਕਰ ਦਰਿਆ ਮਹਿ ਡਾਲ।' ਪੁੱਛ ਨਾ ਕਿਸੇ ਨੂੰ, ਜੇ ਚਸ਼ਮਾ ਚਲਦਾ ਹੈ, ਪਿਆਸੇ ਆ ਕੇ ਪਾਣੀ ਪੀਂਦੇ ਨੇ, ਚਸ਼ਮੇ ਦਾ ਸੁਭਾਅ ਹੈ ਕਿ ਉਹਨੇ ਵਗਦੇ ਹੀ ਰਹਿਣਾ ਹੈ, ਪਾਣੀ ਕੋਈ ਪੀਈ ਜਾਵੇ, ਜੇ ਚਸ਼ਮਾ ਬਦਲਾ ਚਾਹੇ ਤਾਂ ਬਦਲਾ ਤਾਂ ਮਿਲਦਾ ਹੀ ਨਹੀਂ। ਗੁਲਾਬ ਦਾ ਫੁੱਲ ਹੈ ਸੁਗੰਧੀ ਦੇ ਰਿਹਾ ਹੈ, ਉਹਦਾ ਸੁਭਾਅ ਹੈ, ਨੇਤ ਹੈ ਉਸਦੀ, ਉਹਨੇ ਸੁਗੰਧੀ ਦੇਣੀ ਹੀ ਦੇਣੀ ਹੈ, ਚਾਹੇ ਸੁਗੰਧੀ ਲੈਂਦਾ, ਲੈਂਦਾ ਫੁੱਲ ਨੂੰ ਟਹਿਣੀ ਨਾਲੋਂ ਅਲੱਗ ਕਰ ਦੇਵੇ। ਹੱਥ 'ਚ ਆ ਕੇ ਫੇਰ ਵੀ ਉਹਨੇ ਸੁਗੰਧੀ ਹੀ ਦੇਈ ਜਾਣੀ ਹੈ। ਇਹ ਤਾਂ ਸਾਡੇ ਨਾਲੋਂ ਬਹੁਤ ਅੱਛੀਆਂ ਚੀਜ਼ਾਂ ਨੇ ਸਾਰੀਆਂ ਹੀ। ਅਸੀਂ ਕਹਿੰਦੇ ਹਾਂ ਕਿ ਇਹ vegetation ਹੈ, ਇਹ ਤਾਂ ਬਹੁਤ

lower level ਦੀ ਜ਼ਿੰਦਗੀ ਹੈ ਇਹ ਤਾਂ ਸਾਨੂੰ ਸਿੱਖਿਆ ਦੇ ਰਹੀ ਹੈ ਜ਼ਬਰਦਸਤ ਕਿ ਉਹ ਸੁਗੰਧੀ ਨਹੀਂ ਛੱਡਦਾ ਦੇਣ ਤੋਂ। ਚਾਹੇ ਤੋੜਨ ਵਾਲਾ। ਮਹਾਰਾਜ ਕਹਿੰਦੇ ਪਰਉਕਾਰ ਜਿਹੜਾ ਤੂੰ ਕਰਨਾ ਹੈ ਨਾ, ਕਿਸੇ ਉੱਤੇ ਅਹਿਸਾਨ ਨਾ ਕਰ ਇਹ ਤੇਰੇ ਉੱਤੇ ਪ੍ਰਮੇਸ਼ਰ ਪ੍ਰਸੰਨ ਹੋਏਗਾ ਤੇ ਤੈਨੂੰ ਜਪਾਂ ਤਪਾਂ, ਵਰਤਾਂ ਸਭ ਨਾਲੋਂ ਜ਼ਿਆਦਾ ਫਲ ਦੇਵੇਗਾ। ਦੂਸਰਾ ਮਹਾਰਾਜ ਕਹਿੰਦੇ ਬਚਨ ਕਰਕੇ ਨਹੀਂ ਫਿਰਨਾ। ਪਹਿਰਾ ਦਿਓ ਬਚਨ 'ਤੇ। ਬਚਨ ਕਰਨ ਤੋਂ ਪਹਿਲਾਂ ਸੋਚੋ। ਤੀਸਰਾ ਕਹਿੰਦੇ ਖਿਮਾ ਕਰਨੀ ਹੈ, ਵੱਡੇ ਹੋ ਕੇ ਨਿਮਰਤਾ ਰੱਖਣੀ ਹੈ। ਚੌਥਾ ਬਚਨ ਉਨ੍ਹਾਂ ਨੇ ਕਿਹਾ ਹੈ ਕਿ ਜਿਹਦਾ ਕੋਈ ਵਾਲੀਵਾਰਿਸ ਨਾ ਕੋਈ ਹੋਵੇ, ਗਰੀਬ ਰੁਲਦਾ ਫਿਰਦਾ ਹੋਵੇ, ਕੋਈ ਉਹਦੀ ਸਹਾਇਤਾ ਕਰਨੀ ਨਾ ਚਾਹੁੰਦਾ ਹੋਵੇ, ਕੋਈ ਉਹਨੂੰ ਨੇੜੇ ਨਾ ਲਗਣ ਦਿੰਦਾ ਹੋਵੇ, ਉਹਦੀ ਸਹਾਇਤਾ ਕਰਿਆ ਕਰੇ। ਐਸੇ ਗੁਰਸਿੱਖ ਗੁਰਮਤਿ ਦੇ ਅੰਦਰ ਗੁਰਸਿੱਖੀ ਦੇ ਬਾਗ ਦੇ ਅੰਦਰ ਬੇਅੰਤ ਫੁੱਲ ਨੇ, ਜਿਨ੍ਹਾਂ ਤੋਂ ਸਾਨੂੰ ਸਿੱਖਿਆ ਮਿਲ ਸਕਦੀ ਹੈ, ਬਹੁਤ ਵੱਡੀ। ਕਹਾਣੀ ਦੇ ਮੁਤਾਬਿਕ ਅਸੀਂ ਕਹਾਣੀ ਸਮਝ ਕੇ ਛੱਡ ਦੇਈਏ, ਥੋੜ੍ਹਾ ਜਿਹਾ intrest ਸਾਡੇ ਮਨ 'ਚ ਆਉਂਦਾ ਹੈ ਕਿ ਬਈ ਆਹ ਐਉਂ ਹੋਇਆ ਸੀ। ਐਉਂ ਹੋਇਆ ਸੀ ਕਿ ਤੇਰਾ ਵੀ ਕੋਈ ਤੁਅੱਲਕ ਹੈ ਇਸਦੇ ਨਾਲ, ਇਸ ਤੋਂ ਤੈਨੂੰ ਕੋਈ ਲਾਈਟ ਪ੍ਰਾਪਤ ਹੁੰਦੀ ਹੈ ਕਿ ਸੁਣ ਕੇ ਛੱਡ ਦਿੱਤੀ। ਇਹਦੀ ਵਿਚਾਰ ਆਪਾਂ ਕਰਨੀ ਹੈ। ਗੁਰੂ ਦੂਸਰੇ ਪਾਤਸ਼ਾਹ ਮਹਾਰਾਜ ਦੇ ਦਰਬਾਰ ਦੇ ਅੰਦਰ ਹਰੀ ਦਾ ਜਸ ਕਰਨ ਵਾਸਤੇ ਦੋ ਪ੍ਰੇਮੀ ਨੇ ਇੱਕ ਦਾ ਸੱਤਾ ਹੈ ਤੇ ਦੂਸਰੇ ਦਾ ਨਾਂ ਬਲਵੰਡਾ ਹੈ। ਗੁਰੂ ਮਹਾਰਾਜ ਜਦੋਂ ਆਉਂਦੇ ਨੇ ਤੇ ਸੰਗਤ ਆ ਜਾਂਦੀ ਹੈ ਤੇ ਇਹ ਕੀਰਤਨ ਸੁਣਾਉਂਦੇ ਨੇ। ਹੁਣ ਕੀਰਤਨ ਗੁਰੂ ਨਾਨਕ ਪਾਤਸ਼ਾਹ ਨੇ ਕਲਜੁਗ ਦਾ ਸਮਾਂ ਦੇਖ ਕੇ ਨੌਂ ਹੀ ਤਰ੍ਹਾਂ ਦੀਆਂ ਭਗਤੀਆਂ ਜਿਹੜੀਆਂ ਸੀ ਸਮੇਂ-ਸਮੇਂ ਸਿਰ ਕਦੇ ਕਿਸੇ ਦੀ ਪ੍ਰਧਾਨਗੀ ਹੁੰਦੀ, ਕਦੇ ਕਿਸੇ ਦੀ ਹੁੰਦੀ। ਕਦੇ ਪੂਜਾ ਦੀ ਪ੍ਰਧਾਨਗੀ ਸੀ, ਕਦੇ ਅਰਚਣ ਦੀ ਪ੍ਰਧਾਨਗੀ ਸੀ। ਕਦੇ ਨਮਸ਼ਕਾਰ ਦੀ ਪ੍ਰਧਾਨਗੀ ਸੀ ਲੇਕਿਨ ਮਹਾਰਾਜ ਜੀ ਨੇ ਨੌਆਂ ਭਗਤੀਆਂ 'ਚੋਂ ਪ੍ਰਧਾਨਗੀ ਕੀਰਤਨ ਨੂੰ ਦੇ ਦਿੱਤੀ ਤੇ ਆਪ ਨੇ ਫੁਰਮਾਨ ਕੀਤਾ ਕਿ -

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥*** ***ਅੰਗ - 1075***

ਇਹਦੇ ਵਿੱਚ ਸ਼ਰਤ ਹੈ ਕੀਰਤਨ ਦੀ, ਕੀਰਤਨ ਤਾਂ ਸਾਰੀ ਦੁਨੀਆਂ ਹੀ ਕਰਦੀ ਹੈ। ਲੇਕਿਨ ਜੋ ਫਲ ਇੱਥੇ ਗੁਰੂ ਮਹਾਰਾਜ ਨੇ ਲਿਖਿਆ ਹੈ ਉਹ ਤਾਂ ਪ੍ਰਾਪਤ ਨਹੀਂ ਹੁੰਦਾ। ਇੱਕ ਪਾਸਾ ਅਸੀਂ ਕਹਿ ਸਕਦੇ ਹਾਂ, ਗੁਰੂ ਮਹਾਰਾਜ ਨੇ ਜੋ ਕੁਛ ਲਿਖਿਆ ਹੈ ਉਹਦੇ 'ਚ ਤਾਂ ਗਲਤੀ ਕੋਈ ਨਹੀਂ ਹੋ ਸਕਦੀ। ਉਹਦੇ 'ਤੇ ਤਾਂ ਅਸੀਂ ਤਰਕ ਨਹੀਂ ਕਰ ਸਕਦੇ, ਕਿੰਤੂ ਨਹੀਂ ਕਰ ਸਕਦੇ। ਨਾ ਹੋਣ ਦਾ ਜਿਹੜਾ ਕੰਮ ਹੈ ਉਹ ਸਾਡੀਆਂ ਤਾਰਾਂ 'ਚ ਹੀ ਕੋਈ ਨੁਕਸ ਨੇ। ਨੁਕਸ ਸਾਡੇ ਵਲ ਆ ਜਾਂਦਾ ਹੈ ਗਾਉਣ ਵਾਲੇ ਤੇ ਸੁਣਨ ਵਾਲੇ ਵਲ। ਪ੍ਰਧਾਨ ਭਗਤੀ ਹੈ ਫੇਰ ਸਾਡਾ ਪਾਰ ਉਤਾਰਾ ਕਿਉਂ ਨਹੀਂ ਹੁੰਦਾ। ਕਿਉਂ ਨਹੀਂ ਸਾਡਾ ਜੀਵਨ ਬਦਲਦਾ? ਮਹਾਰਾਜ ਤਾਂ ਕਹਿੰਦੇ ਉਹਦਾ

ਐਡਾ ਮਹਾਤਮ ਹੈ -

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ - 1076*

ਦਰਗਾਹ ਵਿੱਚ ਬਾਇਜ਼ਤ ਤਰੀਕੇ ਨਾਲ ਜੈ-ਜੈਕਾਰ ਹੁੰਦੀ ਹੈ ਤੇ ਉਹ ਸਾਨੂੰ ਕਿਉਂ ਨਹੀਂ ਪ੍ਰਾਪਤ ਹੁੰਦੀ। ਇਹਦੇ ਵਿੱਚ ਫਰਕ ਹੈ ਸਾਧਸੰਗਤ ਜੀ, ਕੀਰਤਨ ਤਾਂ ਸਾਰੀ ਦੁਨੀਆਂ ਹੀ ਕਰ ਰਹੀ ਹੈ ਤੇ ਅਸੀਂ ਕਹਿ ਵੀ ਰਹੇ ਹਾਂ ਕਿ ਕੀਰਤਨ ਨੂੰ ਪ੍ਰਧਾਨਗੀ ਹੈ। ਪਰ ਇਹ ਚੀਜ਼ ਤਾਂ ਸਾਨੂੰ ਪ੍ਰਾਪਤ ਨਹੀਂ ਹੁੰਦੀ। ਗੁਰੂ ਦਸਵੇਂ ਪਾਤਸ਼ਾਹ ਦੇ ਦਰਬਾਰ ਦੇ ਜੋ ਰਾਗੀ ਸੀ, ਜਿਨ੍ਹਾਂ ਨੂੰ ਹਜ਼ੂਰੀ ਰਾਗੀ ਕਹਿੰਦੇ ਨੇ, ਉਹ ਕੀਰਤਨ ਕਰ ਰਹੇ ਸੀ। ਇੱਕ ਸਿੱਖ ਬੜਾ ਹੀ ਉਦਾਸ ਹੋਇਆ-ਹੋਇਆ, ਮਹਾਰਾਜ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਕਹਿੰਦਾ ਸੱਚੇ ਪਾਤਸ਼ਾਹ! ਮੈਂ ਤਾਂ ਲੁਟਿਆ ਗਿਆ, ਮੈਂ ਤਾਂ ਮਾਰਿਆ ਗਿਆ। ਮਹਾਰਾਜ ਜੀ ਨੇ ਹੱਥ ਉਪਰ ਨੂੰ ਕਰਿਆਂ ਕੀਰਤਨ ਬੰਦ ਹੋ ਗਿਆ। ਕਹਿੰਦੇ, ਦੱਸ ਪ੍ਰੇਮੀਆਂ! ਕੀ ਗੱਲ ਹੈ? ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤੇਰੀ ਸੇਵਾ ਕਰਨ ਵਾਸਤੇ ਆਇਆ ਸੀ, ਮੇਰਾ ਘਰ ਭੰਨ ਲਿਆ ਕਿਸੇ ਨੇ। ਜੋ ਕੁਛ ਮੈਂ ਮਾੜਾ ਮੋਟਾ ਘਰ ਦੇ ਵਿੱਚ ਰੱਖ ਕੇ ਆਇਆ ਸੀ, ਸਭ ਕੋਈ ਚੁੱਕ ਕੇ ਲੈ ਗਿਆ। ਮਹਾਰਾਜ ਕਹਿੰਦੇ, ਕੋਈ ਨਹੀਂ 'ਕਹੀ', ਇੱਥੇ ਹੀ ਹੈ। ਸਾਰੇ ਹੀ ਕਹਿਣ ਲੱਗੇ, ਸੱਚੇ ਪਾਤਸ਼ਾਹ! ਤੁਸੀਂ ਆਹ ਕੀ ਬਚਨ ਕਰ ਦਿੱਤਾ ਕਿ 'ਕਹੀ' ਇੱਥੇ ਹੀ ਹੈ। ਸਾਡੇ ਤਾਂ ਸਮਝ ਵਿੱਚ ਕੁਛ ਨਹੀਂ ਆਉਂਦਾ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਇੱਕ ਚੌਧਰੀ ਸੀ ਕਿਸੇ ਪਿੰਡ ਦਾ ਉਹਦੀ 'ਕਹੀ' ਗੁਆਚ ਗਈ ਤੇ ਉਸ ਨੇ ਢੰਡੋਰਚੀ ਨੂੰ ਬੁਲਾਇਆ, ਭਰਾਈ ਹੁੰਦੇ ਸੀ ਉਨ੍ਹਾਂ ਦਿਨਾਂ 'ਚ ਤਾਂ ਪਿੰਡ ਦੇ ਅੰਦਰ ਡੱਫ ਫੇਰਦੇ ਹੁੰਦੇ। ਢੋਲ ਵਜਾਉਂਦੇ ਹੁੰਦੇ, ਉਹਨੂੰ ਕਹਿ ਦਿੱਤਾ ਕਿ ਪਿੰਡ ਦੇ ਅੰਦਰ ਅਨਾਊਂਸਮੈਂਟ ਕਰ ਦੇ ਕਿ ਚੌਧਰੀ ਦੀ 'ਕਹੀ' ਦੇ ਦਿਓ, ਜੇ ਨਾ ਦਿੱਤੀ ਤਾਂ ਪਿੰਡ ਦੀ ਤਲਾਸ਼ੀ ਕਰਕੇ ਅਸੀਂ ਕੱਢ ਲੈਣੀ ਹੈ। ਉਹ ਸਵੇਰ ਤੋਂ ਦੁਪਹਿਰ ਤਕ ਅਨਾਊਂਸਮੈਂਟ ਕਰਦਾ ਰਿਹਾ ਕਿ ਚੌਧਰੀ ਦੀ ਕਹੀ ਦੇ ਦਿਓ, ਨਹੀਂ ਤਾਂ ਘਰਾਂ ਦੀ ਤਲਾਸ਼ੀ ਹੋਏਗੀ। ਕਿਸੇ ਨੇ ਵੀ 'ਕਹੀ' ਲਿਆ ਕੇ ਨਾ ਦਿੱਤੀ ਤੇ ਚੌਧਰੀ ਬੜਾ ਸਿਆਣਾ ਸੀ, ਕਹਿਣ ਲੱਗਿਆ ਕਿ ਆਹ ਢੰਡੋਰਚੀ ਹੈ ਨਾ ਜਿਹੜਾ ਪਹਿਲਾਂ ਇਹਦੇ ਘਰ ਤੋਂ ਹੀ ਸ਼ੁਰੂ ਕਰੀਏ ਤਲਾਸ਼ੀ। ਜਦੋਂ ਉਹਦੇ ਘਰ ਗਏ ਉਹਦੇ ਘਰ 'ਕਹੀ' ਪਈ। ਸਾਰੇ ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹੋ ਜਿਹੀ ਗੱਲ, ਲੋਕਾਂ ਨੂੰ ਤਾਂ ਸਮਝਾਉਂਦਾ ਸੀ, ਲੇਕਿਨ 'ਕਹੀ' ਆਪਣੇ ਘਰ ਰੱਖੀ ਹੋਈ ਸੀ ਚੋਰੀ ਦੀ। ਕਹਿੰਦੇ, ਸੱਚੇ ਪਾਤਸ਼ਾਹ! ਸਾਡੇ ਬਚਨ ਨਹੀਂ ਸਮਝ ਆਇਆ। ਕਹਿੰਦੇ, ਬਚਨ ਤਾਂ ਸਿੱਧਾ ਹੀ ਹੈ ਆਹ ਜਿਹੜਾ ਕੀਰਤਨ ਕਰਦੇ ਨੇ, ਇਨ੍ਹਾਂ ਨਾਲ ਇਹਦਾ ਤੁਅੱਲਕ ਨੇ। ਜਾਓ ਇਨ੍ਹਾਂ ਦੇ ਘਰ 'ਚੋਂ ਜਾ ਕੇ ਚੁੱਕ ਲਿਆਓ ਚੀਜ਼। ਬੜੀ ਹੈਰਾਨੀ ਦੀ ਗੱਲ, ਗੁਰੂ ਦਸਵੇਂ ਪਾਤਸ਼ਾਹ ਦਾ ਦਰਬਾਰ ਹੋਵੇ ਤੇ ਕੀਰਤਨੀਆਂ ਦੇ ਉੱਤੇ ਕੋਈ ਅਸਰ ਹੀ ਨਾ ਹੁੰਦਾ ਹੋਵੇ। ਇਹਦਾ ਮਤਲਬ ਹੈ ਕਿ art (ਕਲਾ) ਦੇ ਤੌਰ 'ਤੇ ਵਰਤਦੇ ਸੀ ਤੇ ਇਨ੍ਹਾਂ ਨੇ ਗੱਲ ਸਮਝੀ ਨਹੀਂ ਸੀ।

ਗੁਰੂ ਮਹਾਰਾਜ ਗੁਰੂ ਅੰਗਦ ਸਾਹਿਬ ਦੇ ਪਾਸ ਤਿੰਨ ਸਿੱਖ ਆਏ ਇਕ ਦਾ ਨਾਉਂ ਭਾਈ ਝਾਜੂ ਸੀ, ਇਕ ਦਾ ਨਾਉ ਮੁਕੰਦਾ ਸੀ, ਇਕ ਦਾ ਨਾਉਂ ਕਟਾਰੂ ਸੀ ਕਹਿਣ ਲੱਗੇ ਸੱਚੇ ਪਾਤਸ਼ਾਹ! ਕੋਈ ਤਾਂ ਬਾਣੀ ਪੜ੍ਹਦਾ ਹੈ, ਕੋਈ ਕੀਰਤਨ ਕਰਦਾ ਹੈ, ਕੋਈ ਕਥਾ ਕਰਦਾ ਤੇ ਆਪ ਸਾਨੂੰ ਇਹਦਾ ਮਹਾਤਮ ਦੱਸੋ ਅੱਡ-ਅੱਡ। ਇੱਕ ਕੀਰਤਨ ਕਰਦੇ ਨੇ ਕੀਰਤਨ ਕਰਦੇ ਵਿਚੀ ਬੋਲੀ ਜਾਂਦੇ ਨੇ। ਇੱਕ ਹੱਲੇ ਦਾ ਕੀਰਤਨ ਕਰਦੇ ਨੇ, ਅਖੰਡ ਕੀਰਤਨ ਕਰਦੇ ਨੇ। ਇੱਕ ਬਾਣੀ ਪੜ੍ਹਦੇ ਨੇ, ਮਹਾਰਾਜ ਕਹਿੰਦੇ ਦੇਖੋ, ਬਈ ਪ੍ਰੇਮੀਓ! ਜਿਹੜਾ ਤਾਂ ਬਾਣੀ ਪੜ੍ਹਦਾ ਹੈ ਇਹ ਤਾਂ ਆਪਣਾ ਹਲਟ ਚਲਾਉਂਦਾ ਹੈ, ਹਲਟ ਦੇ ਨਾਲ ਇਹ ਹੁੰਦਾ ਹੈ ਕਿ ਆਪਣਾ ਖੇਤ ਭਰ ਲੈਂਦਾ ਹੈ, ਔੜ ਲੱਗੀ ਹੋਵੇ ਆਪਣਾ ਖੇਤ ਵੀ ਨਹੀਂ ਭਰਦਾ। ਪਰ ਜੇ ਭਲਾ ਵਿਹਲ ਮਿਲ ਵੀ ਜਾਵੇ, ਖੂਹ 'ਚ ਜ਼ਿਆਦਾ ਪਾਣੀ ਹੋਵੇ ਤੇ ਬਲਦ ਚੰਗੇ ਹੋਣ ਤਾਂ ਕਹਿੰਦੇ ਹੋ ਸਕਦਾ ਹੈ ਗੁਆਂਢੀ ਦੇ ਖੇਤ ਵਿੱਘੇ-ਦੋ ਵਿੱਘੇ ਪਾਣੀ ਲਗ ਜਾਵੇ। ਕਹਿੰਦੇ ਇਹਦਾ ਤਾਂ ਮਹਾਤਮ ਏਨਾ ਹੀ ਹੈ। ਦੂਸਰਾ ਜਿਹੜਾ ਹੈ ਜਿਹਨੂੰ ਅਖੰਡ ਕੀਰਤਨ ਕਹਿੰਦੇ ਨੇ, ਕਹਿੰਦੇ ਇਹ ਹੁੰਦਾ ਹੈ ਛਾਛੜੇ ਦਾ ਮੀਂਹ, ਇਹ ਜਦੋਂ ਵਰ੍ਹਦਾ ਹੈ, ਗਲੀਆਂ, ਕੋਠਿਆਂ 'ਤੇ ਸਾਰੇ ਕੂੜੇ ਨੂੰ ਹੂੰਝ ਕੇ ਰੋੜ ਕੇ ਲੈ ਜਾਂਦਾ ਹੈ ਤੇ ਗਲੀਆਂ ਸਾਫ ਸੁਥਰੀਆਂ ਹੋ ਜਾਂਦੀਆਂ ਨੇ। ਤੀਸਰਾ ਜਿਹੜਾ ਹੈ ਕਹਿੰਦੇ ਇਹ ਹੋ ਜਾਂਦਾ ਹੈ, ਇਹਦੇ ਨਾਲ ਕੀ ਹੁੰਦਾ ਹੈ ਕਹਿੰਦੇ ਹੜ੍ਹ ਆ ਜਾਂਦੇ ਨੇ। ਨੀਵਿਆਂ ਥਾਵਾਂ 'ਤੇ ਪਾਣੀ ਭਰ ਜਾਂਦਾ ਹੈ, ਉੱਚੇ ਥਾਂ ਖੁਸ਼ਕ ਰਹਿ ਜਾਂਦੇ ਨੇ ਕਿਉਂਕਿ ਜ਼ੋਰ ਨਾਲ ਵਰ੍ਹਿਆ ਦਸ ਪੰਦਰਾਂ ਮਿੰਟ, ਚੀਜ਼ ਰੁੜ੍ਹਦੀ ਹੀ ਚਲੀ ਗਈ ਹੈ। ਜਿਹੜਾ ਕੀਰਤਨ ਕਰਦਾ ਹੈ ਤੇ ਸ਼ਬਦ ਦੀ ਵਿਚਾਰ ਕਰਦਾ ਹੈ ਕਹਿੰਦੇ ਇਹ ਹੈਗਾ ਨਿੱਕੀ ਕਣੀ ਦਾ ਮੀਂਹ। ਕਦੇ ਮੀਂਹ ਆ ਗਿਆ, ਥੋੜ੍ਹਾ ਜਿਹਾ ਵਰ੍ਹਿਆ, ਉਸਤੋਂ ਬਾਅਦ ਛੋਟੀਆਂ-ਛੋਟੀਆਂ ਕਣੀਆਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਨੇ, ਫੇਰ ਮਾੜਾ ਜਿਹਾ ਆ ਜਾਂਦਾ ਹੈ, ਫੇਰ ਪੈਣੀਆਂ ਸ਼ੁਰੂ ਹੋ ਜਾਂਦੀਆਂ ਨੇ। ਫੇਰ ਕਹਿੰਦੇ, ਇਹਦੇ ਨਾਲ ਪਾਣੀ ਜ਼ਾਇਆ ਨਹੀਂ ਜਾਂਦਾ, ਧਰਤੀ ਦੇ ਵਿਚ ਰਚ ਜਾਇਆ ਕਰਦਾ ਹੈ ਤੇ ਧਰਤੀ ਦੇ ਹੇਠਲੇ ਪਾਣੀ ਨਾਲ ਰਲ ਇਹ ਬੜੀ ਦੇਰ ਤਕ ਨਲਕਿਆਂ ਦਾ ਤੇ, ਪਾਣੀ ਉੱਚਾ ਰਖਦਾ ਹੈ ਧਰਤੀ ਦਾ, ਰੁੜ੍ਹਦਾ ਨਹੀਂ ਹੈ ਇਹਦੇ ਵਿੱਚ ਪਾਣੀ। ਕਹਿੰਦੇ, ਬੱਸ ਆਹੀ ਹੈ ਜਿਹੜਾ ਬਾਣੀ ਪੜ੍ਹਦਾ ਹੈ ਉਹ ਆਪਣਾ ਉਧਾਰ ਕਰਦਾ ਹੈ, ਵੱਧ ਤੋਂ ਵੱਧ ਕੋਈ ਇੱਕ ਅੱਧਾ ਸੁਣਨ ਵਾਲਾ ਕੋਲ ਹੋਇਆ ਤਾਂ ਉਹਦਾ ਵੀ ਫਾਇਦਾ ਹੋ ਜਾਂਦਾ ਹੈ, ਜੇ ਉਹ ਮਨ ਚਿੱਤ ਲਾ ਕੇ ਬਾਣੀ ਸੁਣੇ। ਦੂਸਰਾ ਕਹਿੰਦੇ ਜਿਹੜਾ ਅਖੰਡ ਕੀਰਤਨ ਹੈ ਇਹਦੇ ਨਾਲ ਇਹ ਹੁੰਦਾ ਹੈ ਜਿੰਨੇ ਬੈਠੇ ਕੀਰਤਨ ਕਰਦੇ ਨੇ ਉਸ ਵੇਲੇ ਉਨ੍ਹਾਂ ਦੇ ਮਨਾਂ ਦੇ ਫੁਰਨੇ ਰੋੜ੍ਹ ਕੇ ਲੈ ਜਾਏਗਾ ਉਹਨੂੰ, ਗਿੱਲ ਕਿੰਨੀ ਕੁ ਜਾਂਦੀ ਹੈ ਇਹ ਕਹਿੰਦੇ ਦੂਸਰਾ ਸਵਾਲ ਹੈ, ਬਾਣੀ ਦਾ ਰਸ ਆਏਗਾ, ਸਾਜਾਂ ਦਾ ਰਸ ਆਏਗਾ, ਬੋਲਣ ਦਾ ਰਸ ਆਏਗਾ; ਲੇਕਿਨ ਏਸੇ ਤਰ੍ਹਾਂ ਹੋਏਗਾ।

ਤੀਸਰਾ ਹੁੰਦਾ ਹੈ ਸ਼ਬਦ ਵੀ ਪੜ੍ਹ ਲਿਆ, ਬਾਣੀ ਦੀ ਵਿਚਾਰ ਵੀ

ਕਰ ਲਈ ਕਹਿੰਦੇ ਇਹ ਨਿੱਕੀ ਕਣੀ ਦਾ ਮੀਂਹ ਹੋਇਆ ਕਰਦਾ ਹੈ। ਜਿਹੜਾ ਕਥਾ ਤੇ ਕੀਰਤਨ ਹੈ ਇਹ ਤਾਂ ਹੈਗੀ ਮਾਂ, ਤੇ ਜਿਹੜਾ ਅਖੰਡ ਕੀਰਤਨ ਹੈ ਇਹ ਪੁੱਤਰ ਹੈ। ਲੇਕਿਨ ਇਨ੍ਹਾਂ ਸਾਰਿਆਂ ਦਾ ਜਿਹੜਾ ਪਿਉ ਹੈ ਉਹ ਪ੍ਰੇਮ ਹੈ, ਪ੍ਰੇਮ ਹੋਵੇ ਤਾਂ ਪੁੱਤਰ ਦਾ ਜਨਮ ਹੁੰਦਾ ਹੈ। ਇਸ ਕਰਕੇ ਕੀਰਤਨ ਕਰਨ ਦੇ ਵਿੱਚ ਭੇਦ ਹੈ। ਮਹਾਰਾਜ ਫੁਰਮਾਨ ਕਰਦੇ ਨੇ –

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥* *ਅੰਗ–1075*

ਲੇਕਿਨ ਇਹ ਪ੍ਰਾਪਤ ਨਹੀਂ ਹੋਇਆ ਕਰਦਾ ਜਦੋਂ ਤਕ ਕੋਈ ਲੇਖ ਗੁਪਤ ਰੂਪ ਦੇ ਅੰਦਰ ਮੱਥੇ ਦੇ ਵਿੱਚ ਨਾ ਲਿਖਿਆ ਜਾਵੇ। ਉਹਦਾ ਸਮਾਂ ਪ੍ਰਗਟ ਹੋਣ ਦਾ ਨਾ ਆਵੇ। ਕੋਲ ਰਹਿੰਦਾ ਹੋਇਆ ਬੰਦਾ ਨਾ ਹਰੀ ਜਸ ਕਰ ਸਕਦਾ ਹੈ, ਨਾ ਸਤਿਸੰਗ ਦਾ ਲਾਹਾ ਪ੍ਰਾਪਤ ਕਰ ਸਕਦਾ। ਨਾ ਇੱਥੇ ਰੋਕ ਹੈ ਕਿਸੇ ਨੂੰ ਬੰਧਸ਼ ਨਹੀਂ ਕੋਈ ਆਓ। ਲੇਕਿਨ ਸਭ ਕੁਛ ਹੁੰਦੇ ਹੋਏ ਫੇਰ ਕਿਉਂ ਨਹੀਂ ਆਉਂਦੇ। ਮਹਾਰਾਜ ਕਹਿੰਦੇ ਇਸ ਕਰਕੇ ਨਹੀਂ ਆਉਂਦੇ ਕਿ ਇਹ ਪ੍ਰਾਪਤ ਨਹੀਂ ਹੁੰਦਾ, ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ –

*ਧਾਰਨਾ – ਸਿਰ ਕਰਮਨ ਕੇ ਕਰਮਾ ਜੀ,*
*ਹਰਿਕੀਰਤ ਸਾਧਸੰਗਤ ਹੈ।*
*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥* *ਅੰਗ – 642*

ਮਹਾਰਾਜ ਕਹਿੰਦੇ, ਸਾਰੇ ਸੰਸਾਰ ਦੇ ਅੰਦਰ, ਕਲਜੁਗ ਦੇ ਕਰਮਾਂ 'ਚ ਸ਼੍ਰੋਮਣੀ ਜੋ ਕਰਮ ਨੇ ਦੋ ਨੇ, ਹਰੀ ਦਾ ਜਸ ਕਰਨਾ ਤੇ ਸਾਧੂਆਂ ਦੀ ਸੰਗਤ ਕਰਨੀ। ਲੇਕਿਨ ਇਹ ਮਿਲਦੀ ਨਹੀਂ –

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* *ਅੰਗ – 642*

ਜਿਹਦੇ ਮੱਥੇ ਵਿੱਚ ਲੇਖ ਲਿਖਿਆ ਹੋਵੇ ਉਹਨੂੰ ਤਾਂ ਪ੍ਰਾਪਤ ਹੋ ਜਾਂਦੀ ਹੈ, ਦੂਜੇ ਵਾਂਝੇ ਰਹਿ ਜਾਂਦੇ ਨੇ। ਕੋਲ ਹੁੰਦਿਆ ਨੂੰ ਨਹੀਂ ਪਤਾ ਲਗਦਾ। ਕੀਰਤਨ ਕਰਨ ਦੇ ਅੰਦਰ ਭੇਤ ਹੈ। ਆਹ ਜੇ ਗੱਲ ਕੀਰਤਨ ਕਰਨ ਵਾਲਿਆਂ ਦੇ ਸਮਝ ਵਿੱਚ ਆ ਜਾਵੇ ਤਾਂ ਥੋੜ੍ਹੀ ਜਿਹੀ ਮਿਹਨਤ ਨਾਲ ਬਹੁਤ ਵੱਡਾ ਫਲ ਪ੍ਰਾਪਤ ਕਰ ਸਕਦੇ ਨੇ। ਮਹਾਰਾਜ ਜੀ ਇੱਕ ਸ਼ਬਦ ਦੇ ਅੰਦਰ ਫੁਰਮਾਨ ਕਰਦੇ ਨੇ –

*ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥*
*ਛੋਡਿ ਮਾਇਆ ਕੇ ਧੰਧ ਸੁਆਉ ॥* *ਅੰਗ – 885*

ਆਹ ਵਿਚਾਰ ਕਰਨ ਵਾਲੀ ਬਾਤ ਹੈ ਕਿ ਪ੍ਰਮੇਸ਼ਰ ਜੋ ਸਾਰੇ ਪਰੀਪੂਰਨ ਹੈ, ਜਦੋਂ ਕੀਰਤਨ ਕਰਨ ਵਾਸਤੇ ਬੈਠਦੇ ਓਂ, ਪਹਿਲਾਂ ਬਿਰਤੀ ਨੂੰ ਖਿੱਚ ਕੇ ਅੰਦਰ ਲਿਜਾ ਕੇ ਸੁਰਤ ਨੂੰ ਟਿਕਾਓ, ਧਿਆਨ ਵਿੱਚ ਲੈ ਕੇ ਜਾਓ

ਜਿਹਨੂੰ ਮਹਾਰਾਜ ਨੇ ਲਿਖਿਆ ਹੈ -

*ਗੁਰਮੁਖਿ ਜਪੀਐ ਲਾਇ ਧਿਆਨਾ ॥*

***ਅੰਗ - 1075***

ਉਹ ਧਿਆਨ ਕਿਹੜਾ ਹੈ, ਇਹ ਸਚਾਈ ਹੈ ਕਿ ਵਾਹਿਗੁਰੂ ਜੀ ਸਾਰੇ ਪਰੀਪੂਰਨ ਨੇ। ਲੇਕਿਨ ਅਸੀਂ ਹਰ ਵਕਤ ਭੁੱਲੇ ਰਹਿੰਦੇ ਹਾਂ। ਉਹ ਪ੍ਰਮੇਸ਼ਰ ਜੋ ਰਮਿਆ ਹੋਇਆ ਹੈ ਉਹ ਸਾਡੇ ਨਾਲ ਹੈ, ਚਾਰੇ ਪਾਸੇ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟਿ ਬਾਢਿ ਹੋਤ ਹੈ॥*

***ਅਕਾਲ ਉਸਤਤਿ***

ਸੁਰਾਂ ਨਾਲੋਂ, ਤਾਲ ਨਾਲੋਂ, ਤਾਣ ਨਾਲੋਂ ਜ਼ਰੂਰੀ ਹੈ ਕਿ ਉਥੇ ਸੁਰਤ ਜਾਵੇ। ਜਦੋਂ ਉਥੇ ਸੁਰਤ ਚਲੀ ਗਈ, ਕਹਿੰਦੇ -

*ਰਾਮ ਰਮਾ ਰਾਮਾ ਗੁਨ ਗਾਉ ॥*
*ਛੋਡਿ ਮਾਇਆ ਕੇ ਧੰਧ ਸੁਆਉ ॥* ***ਅੰਗ - 885***

ਇਹਦੇ ਵਿੱਚ ਹੁਣ ਐਉਂ ਨਾ ਕਹੋ ਕਿ ਮੈਨੂੰ ਕੋਈ ਚੰਗਾ ਕਹੇ, ਮੇਰੇ ਸੁਰ ਦੀ ਪ੍ਰਸੰਸਾ ਕਰੇ। ਮੈਂ ਆਹ ਰਾਗ ਚੰਗੀ ਤਰ੍ਹਾਂ ਨਾਲ ਗਾ ਸਕਦਾ ਹਾਂ। ਇਹ ਕਹਿੰਦੇ ਸਾਰੇ ਮਾਇਆ ਦੇ ਧੰਦ ਨੇ, ਇਹ ਛੱਡ ਦਿਓ। ਕੋਈ ਵੀ ਵਾਸ਼ਨਾ ਨਾ ਕਰੋ ਕਿ ਕੋਈ ਮੇਰੀ ਪ੍ਰਸੰਸਾ ਕਰੇ ਜਾਂ ਮੈਨੂੰ ਇਹਦੇ ਇਵਜ਼ਾਨੇ 'ਚ ਕੁਛ ਦੇਵੇ। ਕਹਿੰਦੇ, ਇਹ ਛੱਡ ਕੇ ਕੀਰਤਨ ਕਰੋ। ਫੇਰ -

*ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥*

***ਅੰਗ - 885***

ਪੰਜ ਸਾਜ ਨਾਲ ਲਵੇ, ਇਹ ਗੱਲ ਹੁਣ ਸਮਝਣ ਵਾਲੀ ਹੈ ਕਿ ਕਿਹੜੇ ਪੰਜ ਸਾਜ ਲਵੇ? ਕਹਿੰਦੇ ਪਹਿਲਾਂ ਤਾਂ ਸਤਿ ਦਾ ਸਾਜ ਲਵੋ, ਸਤਿ ਹੈ ਵਾਹਿਗੁਰੂ। ਦੂਸਰਾ ਹੈ ਸੰਤੋਖ, ਤੀਸਰਾ ਹੈ ਧੀਰਜ, ਚੌਥਾ ਧਰਮ, ਪੰਜਵਾਂ ਹੈ ਵਿਚਾਰ। ਇਨ੍ਹਾਂ ਦੇ ਤਾਂ ਸਾਜ ਲਵੇ ਜਿਹੜੇ ਨਾਲ ਚਿਮਟੇ, ਢੋਲਕੀਆਂ ਵਜਦੇ ਨੇ। ਸਤਿ ਦਾ, ਸੰਤੋਖ ਦਾ, ਧੀਰਜ ਦਾ, ਧਰਮ ਦਾ, ਵਿਚਾਰ ਦਾ ਤੇ ਸੱਤ ਸੁਰਾਂ ਜਿਹੜੀਆਂ ਵਜਾਉਣੀਆਂ ਨੇ, ਸੱਤ ਸੁਰਾਂ ਦੇ ਉੱਤੇ ਉਂਗਲੀਆਂ ਰੱਖੇ, ਕਿਹੜੀਆਂ ਨੇ ਸੱਤ ਸੁਰਾਂ। ਕਹਿੰਦੇ ਇੱਕ ਤਾਂ ਹੈ ਕਰੁਣਾ - ਦਇਆ ਕਰਨੀ ਗਰੀਬ ਦੇ ਉਤੇ, ਮੈਤਰੀ - ਪਿਆਰ ਦੇ ਨਾਲ ਵਰਤਣਾ ਸਾਰਿਆਂ ਦੇ ਨਾਲ, ਮੁਦਤਾ - ਪ੍ਰਸੰਸਾ ਕਰਨੀ ਜਿਹਨੂੰ ਪ੍ਰਮੇਸ਼ਰ ਨੇ ਵੱਧ ਦਿਤਾ ਹੈ ਜਾਂ ਕੋਈ ਗੁਣ ਦਿੱਤਾ ਹੈ ਉਹਦੀ ਪ੍ਰਸੰਸਾ ਕਰਨੀ। ਉਪੇਖਿਆ - ਲੜਾਈ, ਝਗੜੇ ਵਲੋ ਉਦਾਸ ਬਿਰਤੀ ਧਾਰਨ ਕਰਨੀ, ਖਿਮਾ - ਸ਼ਾਂਤੀ, ਸ਼ਰਧਾ। ਇਹ ਸੱਤ ਸੁਰਾਂ ਨੇ।

*ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥*
*ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥*

***ਅੰਗ - 885***

ਕਹਿੰਦੇ ਜਿਹੜਾ ਤਾਣ ਦੇਣਾ ਹੈ, ਵਜਾਉਂਦੇ ਨੇ, ਤਾਣ ਦਿੰਦੇ ਨੇ,

ਤੋੜਾ ਦਿੰਦੇ ਨੇ, ਕਹਿੰਦੇ ਮਾਣ ਤਜ ਦੇ, ਮਾਣ ਬਿਲਕੁਲ ਹੀ ਖਤਮ ਕਰ ਦੇ ਆਪਣਾ। ਵਾਹਿਗੁਰੂ ਤੋਂ ਬੇਮੁੱਖ ਹੋਣ ਦੀ ਕੋਈ ਗੱਲ ਨਾ ਕਰੇ। ਜਿਹੜਾ ਕੀਰਤਨੀਆਂ ਇਸ ਤਰ੍ਹਾਂ ਕੀਰਤਨ ਕਰ ਲਏਗਾ ਉਹ 84 ਦੇ ਵਿਚ ਮੁੜ ਕੇ ਕਦੇ ਨਹੀਂ ਆਏਗਾ। ਇੱਕ ਸ਼ਬਦ ਨੂੰ ਪੱਲੇ ਬੰਨ੍ਹ ਲੈ।

ਇਹ ਸਾਰਿਆਂ ਨੂੰ ਨਹੀਂ ਆਉਂਦਾ ਸਾਧਸੰਗਤ ਜੀ! ਸਾਜ ਤਾਂ ਸਾਰੇ ਵਜਾਉਂਦੇ ਨੇ, ਬੜੀਆਂ ਸੋਹਣੇ ਰਸੀਲੇ ਕੀਰਤਨ ਨੇ, ਮੋਹ ਲੈਂਦੇ ਨੇ ਹਜ਼ਾਰਾਂ ਬੰਦਿਆਂ ਨੂੰ। ਪਰ ਜੇ ਕਿਤੇ ਇਹ ਕੀਰਤਨ ਹੋ ਜਾਵੇ ਤਾਂ ਸਾਰੀ ਉਲਟ ਕੇ ਹੀ ਬਹਿ ਜਾਏ, ਉਹ ਤਾਂ ਪ੍ਰਮੇਸ਼ਰ ਨਾਲ ਮਿਲੇ ਹੋਏ ਪੁਰਸ਼ ਹੋਇਆ ਕਰਦੇ ਨੇ। ਤੇ ਇਹ ਦਾਤ ਹੈ ਵਾਹਿਗੁਰੂ ਦੀ। ਜਿਹਨੂੰ ਦਿੰਦਾ ਹੈ ਉਹਨੂੰ ਪ੍ਰਾਪਤ ਹੁੰਦੀ ਹੈ ਇਸ ਤਰ੍ਹਾਂ ਨਾਲ ਪੜ੍ਹ ਲਓ –

***ਧਾਰਨਾ – ਓਹੀਓ ਗੁਣ ਗਾਉਂਦੇ ਨੇ, ਜਿਸਨੂੰ ਤੂੰ ਆਪ ਦੇਵੇਂ।***

ਜਿਸਨੂੰ ਵਾਹਿਗੁਰੂ ਦਿੰਦਾ ਹੈ, ਜਦ ਓਹੀ ਕਰ ਸਕਦਾ ਹੈ, ਦੂਸਰਾ ਨਹੀਂ ਕਰ ਸਕਦਾ। ਦੂਸਰਾ ਜੇ ਕਰਦਾ ਵੀ ਹੈ ਤਾਂ ਉਪਰੋਂ-ਉਪਰੋਂ ਕਰਦਾ ਹੈ। ਉਹਦੇ ਥਕੇਵਾਂ ਪੱਲੇ ਪਿਆ ਕਰਦਾ ਹੈ। ਥੱਕ ਜਾਂਦਾ ਹੈ, ਘੰਟੇ ਦੇ ਬਾਅਦ। ਸਿਰ ਫੜ ਲਏਗਾ ਕਿ ਮੇਰੇ ਤੋਂ ਤਾਂ ਘੰਟੇ ਤੋਂ ਵੱਧ ਨਹੀਂ ਹੁੰਦਾ ਕਿਉਂਕਿ ਜਸ ਕਰਨ ਦੀ ਜਾਂਚ ਨਹੀਂ ਆਈ ਇਹਦੇ ਅੰਦਰ। ਕਰਦਾ ਹੈਗਾ –

***ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥***

***ਅੰਗ – 787***

ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ ॥***
***ਗੁਣ ਕੀ ਸਾਝਿ ਤਿਨ ਸਿਉ ਕਰੀ***
***ਸਭਿ ਅਵਗਣ ਸਬਦਿ ਜਲਾਏ ॥*** ***ਅੰਗ – 303***

ਗੁਣਾਂ ਦੀ ਸਾਂਝ ਕਹਿੰਦੇ ਉਨ੍ਹਾਂ ਨਾਲ ਕਰੋ ਜਿਹਨੇ ਸ਼ਬਦ ਦੇ ਨਾਲ ਸਾਰੇ ਅਉਗਣ ਜਲਾ ਦਿੱਤੇ।

***ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥***
***ਬਲਿਹਾਰੀ ਗੁਰ ਆਪਣੇ***
***ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥***
***ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥***

***ਅੰਗ – 303***

ਜਿਹਨੂੰ ਪ੍ਰਮੇਸ਼ਰ ਦਿੰਦਾ ਹੈ ਉਸੇ ਨੂੰ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ। ਹਰੀ ਦੇ ਜਸ ਕਰਨ ਦਾ ਗੁਣ ਪ੍ਰਗਟਾਅ ਦਿੱਤਾ, ਅਉਗਣ ਸਾਰੇ ਮੇਟ ਦਿੱਤੇ। ਗੁਣ ਜਿਹੜਾ ਹੈ ਸਾਧਸੰਗਤ ਜੀ! ਜਿੰਨਾਂ-ਜਿੰਨਾਂ ਵਧੇਗਾ, ਜਿੰਨਾਂ-ਜਿੰਨਾਂ ਜਸ ਕਰੇਗਾ, ਜਿੰਨਾਂ ਕੀਰਤਨ ਕਰੇਗਾ, ਇੱਥੇ ਸਾਵਧਾਨੀ ਦੀ ਲੋੜ ਹੈ। ਹਰੀ ਦਾ ਜਸ ਕਰਨਾ ਹੈ ਭੌਰਿਆਂ ਨੇ ਆਉਣਾ ਹੈ, ਉਨ੍ਹਾਂ ਨੇ ਸੁਣਨਾ ਹੈ ਸੁਣ ਕੇ ਪ੍ਰਸੰਸਾ ਕਰਨੀ ਹੈ। ਪ੍ਰਸੰਸਾ ਜਿਹੜੀ ਹੈ ਇਹ ਇੱਕ ਬੜੀ ਭਾਰੀ ਰੁਕਾਵਟ ਹੈ, ਆਦਮੀ ਦੀ ਰੂਹਾਨੀ ਤਰੱਕੀ 'ਚ ਤੇ ਜੇ ਤਾਂ ਗੁਣ ਦਾ

ਰਸ ਲੈ ਰਿਹਾ ਹੈ। ਰਸੀਆ ਬਣ ਗਿਆ ਫੇਰ ਤਾਂ ਉਹ ਨਿਕਲ ਜਾਏਗਾ, ਜੇ ਗੁਣ ਨੇ ਉਸਨੂੰ ਉਸਤਤ ਵਿੱਚ ਪ੍ਰਵੇਸ਼ ਕਰਾ ਦਿੱਤਾ, ਮਹਿਮਾ 'ਚ ਪ੍ਰਵੇਸ਼ ਕਰਾ ਦਿੱਤਾ ਕਿ ਫਲਾਣੇ ਦੀ 'ਆਸਾ ਦੀ ਵਾਰ' ਬੜੀ ਸੋਹਣੀ, ਫਲਾਣੇ ਦਾ ਕੀਰਤਨ ਬੜਾ ਸੋਹਣਾ ਹੈ, ਦੀਵਾਨ ਬੜਾ ਸੋਹਣਾ ਹੈ; ਉਹਦੇ ਮੂੰਹ 'ਤੇ ਕਹਿਣ ਲੱਗੇ ਤੁਹਾਡਾ ਦੀਵਾਨ ਬਹੁਤ ਵਧੀਆ ਹੈ, ਵਖਿਆਨ ਤੁਹਾਡਾ ਬੜਾ ਵਧੀਆਂ ਹੈ, ਇਹ ਉਸਤਤ ਦੇ ਵਿਚ ਅਸੀਂ ਪ੍ਰਵੇਸ਼ ਕਰ ਗਏ, ਰਸਤਾ ਖੁੰਝ ਗਿਆ ਸਾਡਾ, ਗੁਣ ਦਾ ਅਸੀਂ ਰਸ ਨਹੀਂ ਮਾਣ ਸਕੇ। ਉਸਤਤ ਦਾ ਰਸ ਮਾਣਨਾ ਸ਼ੁਰੂ ਕਰ ਦਿੱਤਾ। ਜਿਹੜੀ ਉਸਤਤ ਹੈ ਇਸ ਤੋਂ ਹਉਮੈ ਪੈਦਾ ਹੁੰਦੀ ਹੈ। ਜਦੋਂ ਹਉਮੈ ਪੈਦਾ ਹੋ ਗਈ, ਸਾਡਾ ਮਨ ਅਹੰਕਾਰੀ ਹੋ ਜਾਏਗਾ। ਫੇਰ ਅਸੀਂ ਕਿਸੇ ਦੀ ਪ੍ਰਵਾਹ ਨਹੀਂ ਕਰਨੀ ਕਿ ਕੌਣ ਹੈ, ਕਿਹਦੇ ਨਾਲ ਅਸੀਂ ਗੱਲ ਕਰਦੇ ਹਾਂ। ਫੇਰ ਬੇਅਦਬੀ ਕਰਾਂਗੇ, ਅਭਿਮਾਨ ਸਾਡੇ ਅੰਦਰ ਅਸਰ ਕਰ ਗਿਆ। ਜਦੋਂ ਅਭਿਮਾਨ ਆ ਗਿਆ ਫੇਰ ਅੰਦਰਲੇ ਸੁਰ ਦਾ ਵੀ ਰਸ ਜਾਂਦਾ ਰਹੇਗਾ। ਪਹਿਲਾਂ ਤਾਂ ਸੁਰਾਂ ਦਾ ਰਸ ਹੋਰ ਹੁੰਦਾ ਹੈ, ਬਾਣੀ ਦਾ ਰਸ ਹੋਰ ਹੁੰਦਾ ਹੈ, ਧਿਆਨ ਦਾ ਰਸ ਹੋਰ ਹੁੰਦਾ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕਰੀ ਸੀ ਜਦੋਂ ਪ੍ਰਮੇਸ਼ਰ ਦੇ ਨਾਲ ਸੁਰਤ ਜੋੜ ਕੇ ਆਦਮੀ ਹਰੀ ਦਾ ਜਸ ਕਰਦਾ ਹੈ। ਫੇਰ ਚਾਹੇ ਚੌਦਾਂ ਘੰਟੇ ਕਰਾ ਲਓ, ਚਾਹੇ ਚੌਵੀ ਕਰਾ ਲਓ, ਉਹਨੇ ਤਾਂ ਕਰੀ ਜਾਣਾ ਹੈ। ਟਾਈਮ ਨਹੀਂ ਉਥੇ ਕੋਈ ਹੋਇਆ ਕਰਦਾ। ਜਿਥੇ ਉਸਤਤ ਹੋਏਗੀ ਉਥੇ ਸਮਾਂ ਆ ਜਾਏਗਾ। ਫੇਰ ਉਹਦਾ ਥਕੇਵਾਂ ਵੀ ਉਹਨੂੰ ਹੋਣਾ ਸ਼ੁਰੂ ਹੋ ਜਾਏਗਾ। ਕੁਛ ਉਸਤਤ ਦਾ ਰਸ ਉਸਨੂੰ ਕੰਮ ਕਰਾਈ ਜਾਏਗਾ। ਕਿਉਂਕਿ ਇਹ ਵੀ ਇੱਕ ਰਸ ਹੈ, ਹੈ ਤਾਂ ਕੁ-ਰਸ, ਪਰ ਇਹ ਕੁ-ਰਸ ਕੁਛ ਦੇਰ ਤਕ ਆਦਮੀ ਦੇ ਮਨ ਨੂੰ ਬਹਿਲਾਅ ਕੇ ਰਖਦਾ ਹੈ। ਇਹ ਹੌਲੀ-ਹੌਲੀ ਹਉਮੈ ਪੈਦਾ ਹੁੰਦੀ ਹੈ, ਜੇ ਹਉਮੈ ਪੈਦਾ ਹੋ ਗਈ, ਫੇਰ ਉਹਦਾ ਪੱਧਰ 'ਤੇ ਆ ਜਾਂਦਾ ਹੈ। ਅਹੰਕਾਰੀ ਮਨ ਹੋ ਜਾਂਦਾ ਹੈ। ਫੇਰ ਉਹਨੂੰ ਗੱਲਾਂ ਚੰਗੀਆਂ ਨਹੀਂ ਲਗਦੀਆਂ। ਆਪਣਿਆਂ ਨਾਲ ਹੀ ਲੜਨ ਲਗ ਜਾਂਦਾ ਹੈ। ਪਿਆਰ ਉਹਦੇ 'ਚੋਂ ਖਤਮ ਹੋ ਜਾਂਦਾ ਹੈ, ਕਿਉਂਕਿ ਮਨ ਅਹੰਕਾਰੀ ਹੋ ਗਿਆ। ਇਹ ਫੇਰ ਮਨ ਜਿਹੜਾ ਹੈ ਇਹ ਮਾਇਆ ਦਾ ਅਸਰ ਕਬੂਲ ਲੈਂਦਾ ਹੈ। ਮਾਇਆ ਦਾ ਅਸਰ ਕਬੂਲ ਕੇ ਇਹ ਰਸ ਹੀਣਾ ਹੋ ਜਾਇਆ ਕਰਦਾ ਹੈ ਤੇ ਫੇਰ ਇਕ ਛਲ ਇਹਦੇ ਉਤੇ ਹਾਵੀ ਹੋ ਜਾਂਦਾ ਹੈ। ਮਾਇਆਵੀ ਛਲ, ਰਸ ਅਲੋਪ ਹੋ ਜਾਂਦਾ ਹੈ ਤੇ ਹੁਣ ਅਧਾਰ ਕੀ ਬਣ ਗਿਆ ਮਾਣ ਬਣ ਗਿਆ ਕੀਰਤਨ ਦਾ। ਮਹਾਰਾਜ ਕਹਿੰਦੇ ਪ੍ਰੇਮੀਆਂ! ਜੇ ਤੇਰੇ ਕੋਲ ਗੁਣ ਹੋਣ ਨਾ, ਇਨ੍ਹਾਂ ਨੂੰ ਸਾਂਝਾ ਕਰ ਅਧਾਰ ਤੇਰਾ ਜਸ ਹੋਣਾ ਚਾਹੀਦਾ ਹੈ ਨਾ ਕਿ ਮਾਣ ਹੋਣਾ ਚਾਹੀਦਾ ਹੈ। ਐਸਾ ਮਹਾਰਾਜ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

*ਧਾਰਨਾ - ਨਾਮ ਮੇਰਾ ਅਧਾਰੋ,*
*ਸਾਚਾ ਨਾਮ ਮੇਰਾ ਅਧਾਰੋ।*

*ਸਾਚਾ ਨਾਮੁ ਮੇਰਾ ਆਧਾਰੋ ॥ ਸਾਚੁ ਨਾਮੁ ਅਧਾਰੁ ਮੇਰਾ*
*ਜਿਨਿ ਭੁਖਾ ਸਭਿ ਗਵਾਈਆ ॥ ਕਰਿ ਸਾਂਤਿ ਸੁਖ ਮਨਿ ਆਇ*

*ਵਸਿਆ ਜਿਨਿ ਇਛਾ ਸਭਿ ਪੁਜਾਈਆ ॥ ਅੰਗ - 917*

ਇਹ ਆਧਾਰ ਜੇ ਤਾਂ ਨਾਮ ਬਣਾ ਲਓ, ਮੈਂ ਸਾਰੀ art ਦੀ ਗੱਲ ਕਰਦਾ ਹਾਂ, ਵਿਚੇ ਕੀਰਤਨ, ਵਿਚੇ ਕਥਾ ਕਰਨ ਵਾਲੇ, ਵਿਚੇ ਲੈਕਚਰ ਦੇਣੇ, ਵਿਚੇ ਸ਼ੁੱਧ ਪਾਠ ਕਰਨਾ, ਬਹੁਤ ਵਧੀਆਂ ਗਲਾ ਹੋ ਜਾਣਾ, ਜਾਂ ਕੋਈ ਚਿਤਰਕਾਰ ਹੈ ਉਹ ਵੀ Art (ਕਲਾ) ਹੈ, ਜਿੰਨਾਂ ਚਿਰ ਤਾਂ ਉਹ ਆਰਟ ਦਾ ਰਸ ਲੈਂਦਾ ਹੈ ਓਨਾਂ ਚਿਰ ਤਾਂ ਉਹ ਸ਼ਾਂਤੀ 'ਚ ਰਹੇਗਾ, ਜਦੋਂ ਆਰਟ ਦਾ ਮਾਣ ਪ੍ਰਾਪਤ ਕਰਨਾ ਸ਼ੁਰੂ ਕਰ ਦਏਗਾ ਤੇ ਮਨ ਵਿੱਚ ਅਭਿਮਾਨ ਆ ਜਾਏਗਾ, ਉਸ ਵੇਲੇ ਰਸ ਖਤਮ ਹੋ ਜਾਏਗਾ, ਕਿਉਂਕਿ ਅਸੀਂ ਕੀਰਤਨ ਦੀ ਗੱਲ ਕਰਦੇ ਹਾਂ। ਇੱਥੇ ਹੀ ਮੈਂ ਕੇਂਦਰਤ ਰਹਿਣਾ ਚਾਹੁੰਦਾ ਹਾਂ ਕਿ ਹਰੀ ਦਾ ਜਸ ਬਹੁਤ ਵੱਡੀ ਚੀਜ਼ ਹੈ, ਪ੍ਰਧਾਨਗੀ ਹੈ ਇਸਨੂੰ ਕਿਵੇਂ ਸਫਲਤਾ ਦੇ ਨਾਲ, ਇਹਦੇ ਵਿੱਚੋਂ ਉਹ ਚੀਜ਼ ਲੈ ਸਕਦੇ ਹਾਂ ਜੋ ਗੁਰੂ ਮਹਾਰਾਜ ਨੇ ਕਿਹਾ ਹੈ -

*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*

*ਅੰਗ - 1076*

ਇਹ ਗੱਲ ਤਾਂ ਗਲਤ ਨਹੀਂ ਹੋ ਸਕਦੀ, ਆਪ ਵੀ ਤਰੇਗਾ ਤੇ ਨਾਲ ਆਪਣੀਆਂ ਕੁਲਾਂ ਨੂੰ ਵੀ ਤਾਰੇਗਾ ਤੇ ਦਰਗਾਹ ਵਿੱਚ ਪਤ ਨਾਲ ਜਾਏਗਾ, ਉਹਦਾ ਜੀਵਨ ਬਦਲੇਗਾ। ਜੀਵਨ ਉਹ ਨਹੀਂ ਰਹੇਗਾ, ਜੋ ਸੰਸਾਰੀਆਂ ਦਾ ਉਹਦਾ ਪਹਿਲਾ ਜੀਵਨ ਸੀ, ਜਦੋਂ ਰਸ ਆਏਗਾ, ਰਸ ਨੇ ਜੀਵਨ ਓਹਦਾ ਕੁਦਰਤੀ ਤੌਰ ਤੇ ਬਣਾਉਣਾ ਹੈ। ਜੇ ਉਸ ਰਸ ਦਾ ਮਾਣ ਆ ਜਾਏਗਾ, ਫੇਰ ਉਹ ਗਲਤ ਹੋ ਜਾਏਗਾ। ਮਹਾਰਾਜ ਕਹਿੰਦੇ, ਮਾਣ ਨਾ ਕਰ, ਪ੍ਰੇਮੀਆਂ! ਇਹ ਤੂੰ ਮਾਇਆ ਦੇ ਵਿਚ ਚਲਿਆ ਜਾਏਂਗਾ, ਉਸਤਤਿ ਨਿੰਦਾ 'ਚ ਚਲਿਆ ਜਾਏਂਗਾ, ਤੇਰੇ ਵਾਸਤੇ ਬੰਧਨ ਬਣ ਜਾਣਾ ਹੈ ਇਹ ਚੀਜ਼।

ਭਗਤ ਨਾਮਦੇਵ ਜੀ, ਆਪ ਦਾ ਪਰਉਪਕਾਰੀ ਜੀਵਨ ਸੀ। ਬੱਚਿਆਂ ਨੂੰ ਵੀ ਪੜ੍ਹਾ ਦਿਆ ਕਰਦੇ ਸੀ। ਬਹੁਤ ਸਾਰੇ ਬੱਚੇ ਉਨ੍ਹਾ ਕੋਲ ਆ ਕੇ ਵਿਦਿਆ ਪ੍ਰਾਪਤ ਕਰਦੇ ਸੀ। ਆਪਣਾ ਕੰਮ ਵੀ ਕਰਦੇ ਸੀ, ਨਾਲ ਥੋੜ੍ਹਾ ਬਹੁਤਾ ਸਮਾਂ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਵੀ ਕੱਢ ਲੈਂਦੇ ਸੀ ਤੇ ਉਸੇ ਸ਼ਹਿਰ ਦੇ ਇੱਕ ਸੇਠ ਨੇ ਸੁਣਿਆ ਕਿ ਜਿਹੜੇ ਬੱਚੇ ਨਾਮਦੇਵ ਜੀ ਕੋਲ ਪੜ੍ਹ ਕੇ ਆ ਜਾਂਦੇ ਨੇ, ਚਾਹੇ ਸਾਲ ਲਾਉਂਦੇ ਨੇ, ਚਾਹੇ ਦੋ ਸਾਲ, ਉਨ੍ਹਾਂ ਦਾ ਜੀਵਨ ਦੂਸਰੇ ਬੱਚਿਆਂ ਨਾਲੋਂ ਬਿਲਕੁਲ ਵੱਖਰਾ ਰਹਿੰਦਾ ਹੈ ਤੇ ਕੁਛ ਹੋਰ ਤਰ੍ਹਾਂ ਦਾ ਜੀਵਨ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਚੜ੍ਹਦੀ ਕਲਾ ਵਾਲੇ ਹੁੰਦੇ ਨੇ ਕਿ ਸੋਝੀ 'ਚ ਇਨ੍ਹਾਂ ਦੀ ਫਰਕ ਹੈ। ਜਿਹੜੇ ਵਿਦਿਆਲਿਆਂ 'ਚ ਪੜ੍ਹਦੇ ਨੇ ਉਨ੍ਹਾਂ ਦਾ ਜੀਵਨ ਹੋਰ ਤਰ੍ਹਾਂ ਦਾ ਹੁੰਦਾ ਹੈ। ਉਹਨੇ ਆਪਣੇ ਬੱਚੇ ਨੂੰ ਨਾਮਦੇਵ ਜੀ ਦੇ ਪਾਸ ਪੜ੍ਹਨੇ ਪਾਉਣ ਵਾਸਤੇ ਲੈ ਕੇ ਜਾਂਦਾ ਹੈ ਤੇ ਨਾਮਦੇਵ ਜੀ ਨੂੰ ਕਿਹਾ ਕਿ ਇਸ ਬੱਚੇ ਨੂੰ ਮੈਂ ਆਪ ਦੇ ਕੋਲ ਪੜ੍ਹਾਉਣਾ ਹੈ। ਕਹਿੰਦੇ, ਕੋਈ ਨਾ ਛੱਡ ਜਾਓ। ਆਪ ਕਿਸੇ ਰੰਗ ਵਿੱਚ ਸੀ, ਸੇਠ ਜੀ

ਵਾਪਸ ਆ ਜਾਂਦੇ ਨੇ ਤੇ ਪਿਛੋਂ ਜਦੋਂ ਬੱਚਿਆਂ ਨੂੰ ਛੁੱਟੀ ਹੋਣ ਲੱਗੀ ਤਾਂ ਸਾਰੇ ਬੱਚਿਆਂ ਨੂੰ ਕਿਹਾ ਕਿ ਆਪੋ-ਆਪਣੇ ਘਰੀਂ ਜਾਇਓ ਸਿੱਧੇ, ਏਧਰ ਉਧਰ ਨਹੀਂ ਕਿਤੇ ਵੀ ਜਾਣਾ। ਜਦੋਂ ਉਸ ਬੱਚੇ ਦੀ ਵਾਰੀ ਆਈ ਤਾਂ ਹੈਰਾਨ ਹੋ ਗਏ ਕਿ ਇਹਦੇ ਤਾਂ ਗਹਿਣੇ ਪਾਏ ਹੋਏ ਨੇ। ਰਾਹ 'ਚ ਕੋਈ ਚੋਰ ਹੀ ਨਾ ਲਾਹ ਲਵੇ, ਗਲ ਨਾ ਘੁੱਟ ਦੇਵੇ ਇਹਦਾ। ਉਨ੍ਹਾਂ ਨੇ ਗਹਿਣੇ ਲਾਹ ਕੇ ਸਾਰੇ ਹੀ ਰੱਖ ਲਏ। ਬੱਚਾ ਜਦੋਂ ਘਰ ਆ ਗਿਆ, ਜਦੋਂ ਮਾਂ ਪੁੱਛਿਆ ਕਿ ਤੇਰੇ ਗਹਿਣੇ? ਕਹਿੰਦਾ, ਉਹ ਤਾਂ ਉਨ੍ਹਾਂ ਨੇ ਲਾਹ ਲਏ। ਕਹਿੰਦੀ ਕਮਾਲ ਦੀ ਗੱਲ ਹੈ, ਉਹਦੀ ਉਪਮਾ ਤਾਂ ਬੜੀ ਸੁਣੀਦੀ ਸੀ ਬੜੀ ਪ੍ਰਸੰਸਾ ਲੋਕ ਕਰਦੇ ਸੀ, ਪਰ ਉਹ ਭਗਤ ਕਾਹਦਾ ਹੈ, ਉਹ ਤਾਂ ਠਗਤ ਹੈ, ਹੁਣ ਕੋਈ ਦਿੰਦਾ ਹੈ ਗਹਿਣੇ ਲਾਹੇ ਹੋਏ। ਨਾਲ ਦੀ ਗੁਆਂਢਣ ਕੋਲ ਚਲੀ ਗਈ। ਉਹਨੇ ਪੁੱਛਿਆ ਕਿ ਭੈਣ! ਤੇਰੇ ਚਿਹਰੇ 'ਤੇ ਉਦਾਸੀ ਕਿਉਂ ਹੈ? ਕਹਿੰਦੀ ਕਾਹਦੀ ਉਦਾਸੀ ਅੱਜ ਹੀ ਪੜ੍ਹਨ ਲਾਇਆ ਸੀਗਾ ਬੱਚਾ, ਗਹਿਣੇ ਪਾ ਕੇ ਭੇਜਿਆ ਸੀ। ਭਗਤ ਨੇ ਸਾਰੇ ਹੀ ਲਾਹ ਲਏ, ਉਹ ਕਹਿੰਦੀ ਦਿੰਦਾ ਨਹੀਂ ਹੁੰਦਾ ਕੋਈ ਲਾਹ ਕੇ। ਉਹਨੇ ਵੀ ਕਹਿ ਦਿੱਤਾ ਗੱਲ ਚੱਲ ਪਈ, ਚਲਦੀ-ਚਲਦੀ ਸਾਰੇ ਪਿੰਡ ਦੇ ਵਿੱਚ ਗੱਲ ਫੈਲ ਗਈ ਕਿ ਨਾਮਦੇਵ ਨੇ ਫਲਾਣੇ ਸੇਠ ਦੇ ਬੱਚੇ ਦੇ ਗਹਿਣੇ ਲਾਹ ਲਏ, ਸੇਠ ਆਇਆ ਘਰ, ਰਾਤ ਵੱਡੀ ਹੋਈ-ਹੋਈ ਸੀ, ਗੱਲ ਦੱਸੀ ਇਸਨੇ ਕਿ ਚੰਗਾ ਤੂੰ ਪੜ੍ਹਨ ਪਾ ਕੇ ਆਇਆ ਹੈਂ, ਗਹਿਣੇ ਸਾਰੇ ਹੀ ਲਾਹ ਲਏ ਬੱਚੇ ਦੇ। ਹੁਣ ਦੇਣੇ ਨੇ ਕਿਤੇ ਉਹਨੇ? ਕਹਿੰਦਾ, ਕੋਈ ਨਾ ਨਾਮਦੇਵ ਜੀ ਭਗਤ ਨੇ, ਮੈਂ ਸਵੇਰੇ ਜਾਵਾਂਗਾ, ਗੱਲ ਪੁੱਛ ਲਵਾਂਗਾ, ਦੂਸਰੇ ਦਿਨ ਸੇਠ ਜਾਂਦਾ ਹੈ, ਜਦੋਂ ਸੇਠ ਬੱਚੇ ਨੂੰ ਲੈ ਕੇ ਗਿਆ ਤਾਂ ਜਾ ਕੇ ਨਮਸ਼ਕਾਰ ਕਰੀ, ਨਾਮਦੇਵ ਜੀ ਕਹਿਣ ਲੱਗੇ, ਸੇਠ ਜੀ! ਆਹ ਫੜੋ ਆਪਣੇ ਗਹਿਣੇ, ਆਹ ਬੱਚੇ ਦੇ ਨਾ ਗਹਿਣੇ ਪਾਇਓ, ਕੋਈ ਚੋਰ ਚੁੱਕ ਕੇ ਲੈ ਜਾਏਗਾ, ਗਲ ਘੁੱਟ ਦਏਗਾ ਇਹਦਾ। ਸੇਠ ਨੇ ਗਹਿਣੇ ਲੈ ਲਏ ਤੇ ਧੰਨਵਾਦ ਕਰਿਆ, ਘਰ ਆ ਗਿਆ, ਘਰਵਾਲੀ ਨੂੰ ਕਹਿੰਦਾ ਕਿ ਤੂੰ ਤਾਂ ਐਵੇਂ ਹੀ ਮਗਰ ਪੈ ਗਈ, ਉਹਨੇ ਤਾਂ ਇਸ ਕਰਕੇ ਲਾਹੇ ਸੀ ਕਿ ਕੋਈ ਬੱਚੇ ਨੂੰ ਚੁੱਕ ਕੇ ਹੀ ਨਾ ਲੈ ਜਾਏ। ਆਪਾਂ ਵੀ ਗਲਤੀ ਕਰੀ ਕਿ ਛੋਟਾ ਬੱਚਾ ਹੈ ਤੇ ਗਹਿਣੇ ਪਾ ਕੇ ਭੇਜ ਦਿੱਤਾ। ਉਹਨੇ ਕਿਹਾ ਕਿ ਮੈਂ ਤਾਂ ਗੁਆਂਢਣ ਨੂੰ ਵੀ ਕਹਿ ਆਈ ਹਾਂ, ਨੱਠੀ-ਨੱਠੀ ਗੁਆਂਢਣ ਦੇ ਗਈ, ਕਹਿੰਦੇ ਉਹ ਤਾਂ ਬੜੇ ਚੰਗੇ ਨੇ, ਗੁਆਂਢਣ ਨੇ ਕਿਹਾ ਕਿ ਮੈਂ ਤਾਂ ਅੱਗੇ ਵੀ ਦੱਸ ਦਿਤਾ, ਉਹਨੂੰ ਕਹਿ ਕੇ ਆਵਾਂ, ਉਸੇ ਤਰ੍ਹਾਂ ਚੇਨ ਫੇਰ ਚੱਲ ਪਈ। ਸ਼ਾਮ ਤੱਕ ਨਾਮਦੇਵ ਜੀ ਦੀ ਉਸਤਤ ਹੋਣੀ ਸ਼ੁਰੂ ਹੋ ਗਈ। ਅਗਲੇ ਦਿਨ ਕੋਈ ਪ੍ਰੇਮੀ ਨਾਮਦੇਵ ਜੀ ਦੇ ਕੋਲ ਗਿਆ ਤੇ ਉਹ ਸੁਆਹ ਦੇ ਕੋਲ ਬੈਠੇ ਸੀ, ਬਰਤਨ ਕੋਈ ਮਾਂਜਦੇ ਸੀ। ਕਹਿਣ ਲੱਗਿਆ, ਮਹਾਰਾਜ! ਪਰਸੋਂ ਤੁਹਾਡੀ ਨਿੰਦਿਆ ਬੜੀ ਹੋਈ, ਕੱਲ੍ਹ ਤੁਹਾਡੀ ਉਸਤਤ ਬੜੀ ਹੋਈ। ਉਨ੍ਹਾਂ ਨੇ ਸੁਆਹ ਦੇ ਵਿਚੋਂ ਦੋ ਮੁੱਠੀਆ ਚੁੱਕ ਲਈਆਂ, ਇੱਕ ਇੱਕ ਪਾਸੇ, ਇੱਕ ਦੂਜੇ ਪਾਸੇ ਸੁੱਟ ਦਿੱਤੀ, ਕਹਿੰਦੇ ਆਹ ਤਾਂ ਉਸਤਤ ਵਾਲਿਆਂ ਦੇ ਸਿਰ 'ਚ, ਆਹ ਕਹਿੰਦੇ ਨਿੰਦਿਆ ਕਰਨ ਵਾਲਿਆ ਦੇ ਸਿਰ 'ਚ। ਨਾ ਮੈਨੂੰ ਨਿੰਦਿਆ ਦੀ ਲੋੜ, ਨਾ ਮੈਨੂੰ ਉਸਤਤ

ਦੀ ਲੋੜ। ਜਦੋਂ ਆਦਮੀ ਉਸਤਤ 'ਚ ਫਸ ਜਾਂਦਾ ਹੈ, ਮਹਾਰਾਜ ਕਹਿੰਦੇ ਦੋਵੇਂ ਚੀਜ਼ਾਂ ਛੱਡੋ ਇਹ।

ਜਿੰਨਾਂ ਚਿਰ ਇਹਦੇ ਵਿੱਚ ਹੈ ਓਨਾਂ ਚਿਰ ਗੁਣ ਦਾ ਰਸ ਨਹੀਂ ਉਸਤਤ 'ਚੋਂ ਆਏਗਾ। ਉਸਤਤ ਦਾ ਰਸ। ਆਹ ਗੱਲ ਬੜੀ ਬਰੀਕ ਮੈਂ ਕਰ ਰਿਹਾ ਹਾਂ। ਉਸਤਤ ਦਾ ਰਸ ਹੋਰ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਇੱਕ ਥਾਂ 'ਤੇ ਗਏ ਤੇ ਉਥੇ ਬਹੁਤ ਵੱਡਾ ਇਕੱਠ ਹੋਇਆ-ਹੋਇਆ ਸੀ, ਮਹਾਰਾਜ ਕਹਿਣ ਲੱਗੇ ਕਿ ਇੱਥੇ ਕੀ ਇਕੱਠ ਹੈ, ਕਹਿੰਦੇ ਮਹਾਰਾਜ! ਸਾਡਾ ਪੀਰ ਜੀ! ਹੈ ਅੱਜ ਦੀ ਰਾਤ ਇਸਨੇ ਪ੍ਰਮੇਸ਼ਰ ਨੂੰ ਮਿਲਣਾ ਹੈ ਤੇ ਸਹੁ ਸੁਹਾਗਣ ਹੈ ਇਹ। ਕੱਲ੍ਹ ਨੂੰ ਬਾਹਰ ਨਿਕਲਣਗੇ, ਅੱਜ ਨਹੀਂ ਨਿਕਲਣਗੇ। ਅੱਜ ਵਾਹਿਗੁਰੂ ਜੀ ਇਨ੍ਹਾਂ ਕੋਲ ਆਏ ਹੋਏ ਨੇ। ਕਹਿੰਦੇ ਅੱਛਾ, ਕਹਿੰਦੇ ਆਹ ਗੱਲ ਤਾਂ ਮਨ ਨਹੀਂ ਲਗਦੀ। ਮਹਾਰਾਜ ਕਹਿੰਦੇ ਚੰਗਾ ਤੁਸੀਂ ਐਉਂ ਕਰੋ ਕੱਲ੍ਹ ਨੂੰ ਕੋਈ ਨਾ ਆਇਓ ਇੱਥੇ, ਤੇ ਇੱਥੇ ਸਾਡਾ ਸਤਿਸੰਗ ਹੋਏਗਾ ਉਥੇ ਆ ਜਾਇਓ। ਫੇਰ ਇਹ ਗੱਲ ਪਰਖ ਲਵਾਂਗੇ ਕਿ ਇਹਨੂੰ ਪ੍ਰਮੇਸ਼ਰ ਮਿਲਿਆ ਹੈ, ਇਸਨੂੰ ਪ੍ਰਮੇਸ਼ਰ ਦਾ ਆਧਾਰ ਹੈ ਕਿ ਕਿਸੇ ਹੋਰ ਚੀਜ਼ ਦਾ ਆਧਾਰ ਹੈ। ਦੂਸਰੇ ਦਿਨ ਜਦੋਂ ਬਾਹਰ ਨਿਕਲਿਆ ਇਕ ਵੀ ਬੰਦਾ ਨਾ ਬਾਹਰ ਨਹੀਂ ਸੀ, ਉਹਦੀ ਉਸਤਤ ਕਰਨ ਵਾਸਤੇ, ਉਹ ਜੈ-ਜੈਕਾਰ ਕਰਨ ਵਾਸਤੇ। ਇਕੱਲਾ ਹੀ ਬਾਹਰ ਨਿਕਲਿਆ। ਆਲੇ-ਦੁਆਲੇ ਝਾਕਦਾ ਹੈ, ਝਾਕ ਕੇ ਦੜੰਮ ਦੇ ਕੇ ਧਰਤੀ 'ਤੇ ਗਿਰ ਗਿਆ। ਚੁੱਕ ਕੇ ਮਹਾਰਾਜ ਕੋਲ ਲੈ ਆਏ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਉਸਤਤ ਦੇ ਆਧਾਰ 'ਤੇ ਜੀਉਂਦਾ ਸੀ। ਨਾਮ ਦੇ ਆਧਾਰ 'ਤੇ ਨਹੀਂ ਸੀ ਜੀਉਂਦਾ। ਹੁਣ ਇਹਨੂੰ ਉਸਤਤ ਮਿਲੀ ਨਹੀਂ ਹੈ ਦੇਖੋ, ਕਿੱਡਾ ਵੱਡਾ ਸਦਮਾ ਇਹਨੂੰ ਪਹੁੰਚਿਆ ਹੈ।

ਨਿੰਦਿਆ ਤੇ ਉਸਤਤ ਦੋਵੇਂ ਇਕੋ ਜਿਹਾ ਅਸਰ ਕਰਦੀਆਂ ਨੇ, ਜਿਹਦੀ ਉਸਤਤ ਹੋਏਗੀ ਉਹਦੀ ਨਿੰਦਿਆ ਵੀ ਹੋਏਗੀ, ਜਿਹੜਾ ਉਸਤਤ ਨੂੰ ਅਪਣਾਏਗਾ ਉਹ ਨਿੰਦਿਆ ਤੋਂ ਘਬਰਾਏਗਾ। ਇਹ ਦੋਵੇਂ ਚੀਜ਼ਾਂ ਛੱਡ ਕੇ ਆਪਣੇ ਕਰਤੱਬ ਨੂੰ ਕਰਨਾ ਚਾਹੀਦਾ ਹੈ। ਗੁਣ ਵਾਲਾ ਜੋ ਹੈ ਉਹ ਗੁਣ ਦਾ ਰਸ ਲਵੇ, ਨਾ ਕਿ ਉਸਤਤ ਵਲ ਜਾਵੇ ਕਿ ਮੈਨੂੰ ਮਾਣ ਮਿਲਦਾ ਹੈ ਜੀ। ਮਾਣ ਜਿਹੜਾ ਆਧਾਰ ਹੈ ਬੇ-ਮਾਣੀ ਵੀ ਹੋ ਸਕਦੀ ਹੈ, ਨਿੰਦਿਆ ਵੀ ਹੋ ਸਕਦੀ ਹੈ, ਫੇਰ ਦੁੱਖ ਲਗਦਾ ਹੈ। ਓਨਾਂ ਹੀ ਆਦਮੀ ਦੇ ਅੰਦਰ ਉਸਤਤ ਹੁੰਦਾ ਹੈ, ਜਿੰਨਾ ਉਸਤਤ ਦੇ ਨਾਲ ਉਹ ਖੁਸ਼ ਹੁੰਦਾ ਹੈ, ਨਿੰਦਿਆ ਦੇ ਨਾਲ ਓਨਾਂ ਹੀ ਉਹ ਨਰਾਜ਼ੀ 'ਚ ਜਾਏਗਾ। ਬਿਰਤੀ ਜਿਹੜੀ ਹੈ ਉਹ ਸਮ ਨਾ ਰਹਿਣ ਕਰਕੇ, ਉਹ ਅਵਸਥਾ ਨਹੀਂ ਪ੍ਰਾਪਤ ਹੋਏਗੀ ਜਿਹਦੇ ਵਾਸਤੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ। ਇਹ ਜਿਹੜੇ ਪ੍ਰੇਮੀ ਸੀਗੇ, ਗੁਰੂ ਅੰਗਦ ਸਾਹਿਬ ਜੀ ਦੇ ਦਰਬਾਰ ਵਿੱਚ ਕੀਰਤਨ ਕਰਦੇ ਇੱਕ ਦਾ ਨਾਮ ਸੱਤਾ ਤੇ ਇੱਕ ਦਾ ਨਾਮ ਬਲਵੰਡਾ ਸੀ। ਇਹ ਬਹੁਤ ਵੱਡੇ Artist (ਕਲਾਕਾਰ) ਸੀ, ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਇਨ੍ਹਾਂ ਨੂੰ ਗੁਰੂ ਅੰਗਦ ਸਾਹਿਬ ਦੇ ਹਵਾਲੇ ਕਰਿਆ, ਉਹ ਕਹਿਣ ਲੱਗੇ ਦੇਖਿਓ ਇਨ੍ਹਾਂ ਨੂੰ ਐਉਂ

ਰੱਖਿਓ ਜਿਵੇਂ ਬੱਤੀ ਦੰਦਾਂ ਦੇ ਵਿੱਚ ਜੀਭ ਰੱਖੀਦੀ ਹੈ। ਇਸ਼ਾਰਾ ਕਰ ਗਏ, ਮਹਾਰਾਜ ਬੜਾ ਆਦਰ ਦਿੰਦੇ ਸੀ, ਬਹੁਤ ਆਦਰ ਦੇ ਨਾਲ ਉਨ੍ਹਾਂ ਦਾ ਕੀਰਤਨ ਸੁਣਨਾ, ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨੀਆਂ, ਅੱਜ ਬਾਬਾ ਬੁੱਢਾ ਜੀ ਪਹਿਲਾਂ ਆ ਗਏ, ਮਹਾਰਾਜ ਜੀ ਅਜੇ ਆਏ ਨਹੀਂ ਸੀ ਤੇ ਕਹਿਣ ਲੱਗੇ, ਬਲਵੰਡ ਜੀ! ਅੱਜ ਗੁਰੂ ਨਾਨਕ ਦਾ ਸ਼ਬਦ ਸੁਣਨ ਨੂੰ ਜੀਅ ਕਰਦਾ ਹੈ। ਕ੍ਰਿਪਾ ਕਰੋ, ਕੋਈ ਅੰਦਰ ਪਿਆਸ ਜਿਹੀ ਲੱਗੀ ਹੋਈ ਹੈ ਸਾਡੇ। ਜੀਅ ਕਰਦਾ ਹੈ ਕਿ ਤੁਸੀਂ ਹੁਣ ਆਪਣੇ ਸਾਜ ਖੋਲ੍ਹੋ ਤੇ ਸਾਨੂੰ ਸ਼ਬਦ ਸੁਣਾਓ। ਬੇਸੁਣੀ ਕਰ ਦਿੱਤੀ ਗੱਲ। ਉਨ੍ਹਾਂ ਨੇ ਕਿਹਾ ਕਿ ਤੁਸੀਂ ਇੱਕ ਸ਼ਬਦ ਸੁਣਾ ਦਿਓ। ਕਹਿੰਦੇ, ਵਾਹ ਓਏ ਬਾਬਾ! ਤੈਨੂੰ ਨਾ ਰਾਗ ਦਾ ਪਤਾ, ਨਾ ਸੁਰ ਦਾ ਪਤਾ, ਤੇ ਤੂੰ ਸ਼ਬਦ ਸੁਣਨਾ ਹੈ। ਅਸੀਂ ਕਿਸੇ ਸੋਝੀ ਵਾਲੇ ਦੇ ਅੱਗੇ ਸੁਣਾਈਏ ਕਿ ਤੇਰੇ ਵਰਗੇ ਬੰਦੇ ਦੇ ਅੱਗੇ ਸੁਣਾਈਏ, ਤੈਨੂੰ ਤਾਂ ਪਤਾ ਹੀ ਨਹੀਂ ਹੈ ਕਿ ਸੁਰਾਂ ਕੀ ਹੁੰਦੀਆਂ ਨੇ। ਰਾਗ ਕੀ ਹੁੰਦਾ ਹੈ। ਭੈਰਉ ਨੂੰ ਗਉੜੀ ਕਹੇਂਗਾ, ਗਉੜੀ ਨੂੰ ਤੂੰ ਕੁਛ ਹੋਰ ਕਹੇਂਗਾ। ਜਦੋਂ ਤੈਨੂੰ ਪਤਾ ਹੀ ਨਹੀਂ ਫੇਰ ਅਸੀਂ ਤੇਰੇ ਮੂਹਰੇ ਰਾਗ ਕੱਢ ਕੇ ਕੀ ਲੈਣਾ ਹੈ। ਬੜੇ ਕਠੋਰ ਬਚਨ ਕਹੇ ਉਨ੍ਹਾਂ ਨੇ। ਮਹਾਰਾਜ ਕਹਿੰਦੇ ਜਿਹੜਾ ਇਹ ਵਰਤਾਰਾ ਹੈ ਨਾ ਕਿਸੇ ਦਾ ਤਾਂ ਬਹੁਤ ਮਾੜਾ ਹੈ, ਜੇ ਗੁਰੂ ਨੇ ਕੋਈ ਗੁਣ ਦਿੱਤਾ ਹੈ ਤਾਂ ਉਹਨੂੰ ਆਪਣੇ ਕੋਲ ਨਾ ਰੱਖ, ਫੈਲਾਅ ਦੇ ਉਸ ਗੁਣ ਨੂੰ ਜਿੰਨਾਂ ਫੈਲਾਅ ਸਕਦਾ ਹੈਂ, ਲੋੜਵੰਦਾਂ ਨੂੰ ਦੇ ਦੇ ਉਸ ਗੁਣ ਨੂੰ, ਆਪਣੇ ਕੋਲ ਨਾ ਰੱਖ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਮਿਲ ਸਾਂਝ ਕਰੀਜੈ ਜੀ, ਜੇ ਗੁਣ ਹੋਵਨਿ ਸਾਜਨਾ।***

***ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥***
***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***

***ਅੰਗ – 766***

'ਵਾਸੁਲਾ' ਜਿਸ ਤਰ੍ਹਾਂ ਦੇ ਨਾਲ ਅੱਜਕੱਲ੍ਹ ਸੈਂਟ ਦੀਆਂ ਸ਼ੀਸ਼ੀਆਂ ਹੁੰਦੀਆਂ ਨੇ ਇਸ ਤਰ੍ਹਾਂ ਡੱਬੇ ਹੋਇਆ ਕਰਦੇ ਸੀ। ਉਹਦੇ ਵਿਚੋਂ ਲੈ ਕੇ ਗੁਣਾਂ ਦੇ ਵਾਸੁਲੇ ਵਿਚੋਂ ਵਾਸ਼ਨਾ ਲਓ ਗੁਣਾਂ ਦੀ। ਜੇ ਗੁਣ ਹੋਣ ਤੇਰੇ ਕੋਲ ਇਕੱਲਾ ਨਾ ਰੱਖ, ਦੂਸਰਿਆਂ ਨਾਲ ਸਾਂਝ ਕਰ। ਸਾਰੇ ਹੀ ਗੁਣ ਜਿੰਨੇ ਵੀ ਨੇ ਇੱਕ ਬੰਦੇ ਦੇ ਅੰਦਰ ਗੁਣ ਹੈ ਸੱਚ ਬੋਲਣ ਦਾ, ਸੇਵਾ ਕਰਨ ਦਾ। ਲੇਕਿਨ ਉਹਦੇ ਵਿੱਚ ਔਗੁਣ ਵੀ ਬੜੇ ਨੇ, ਮਹਾਰਾਜ ਕਹਿੰਦੇ ਔਗੁਣਾਂ ਨੂੰ ਤਾਂ ਛੱਡ ਦਿਓ। ਜਿਹੜੇ ਗੁਣ ਨੇ ਉਨ੍ਹਾਂ ਨਾਲ ਸਾਂਝ ਕਰ ਲਓ। ਇੱਕ ਰੁਪਿਆ ਦਸ ਆਨੇ 'ਚ ਚਲਦਾ ਹੈ। ਦਸ ਆਨੇ ਤਾਂ ਉਹਦੀ Value ਹੈਗੀ ਉਹਨੂੰ reject ਕਰਕੇ ਨਾ ਸੁੱਟੋ, ਦਸ ਆਨੇ ਦੀ ਸਾਂਝ ਪਾ ਲਓ, ਬਾਕੀ ਠੀਕ ਹੈ ਚਾਲੀ ਪੈਸੇ ਘੱਟ ਹੈ value, ਜਿੰਨਾਂ ਕਿਸੇ 'ਚ ਗੁਣ ਹੈ ਉਹਦੇ ਨਾਲ ਸਾਂਝ ਕਰੋ।

***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥***

***ਅੰਗ – 766***

ਅਵਗੁਣਾਂ ਵਲੋਂ ਪਿੱਠ ਫੇਰ ਲਓ ਤੇ ਗੁਣਾਂ ਦੀ ਸਾਂਝ ਕਰ ਲਓ-

*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਅੰਗ - 766*

ਬਚਪਨ ਤੋਂ ਹੀ ਬਾਬਾ ਬੁੱਢਾ ਜੀ ਕੀਰਤਨ ਸੁਣਦੇ ਆਏ ਸੀ। ਐਡੇ ਕਠੋਰ ਬਚਨ ਕਹੇ ਕਿਉਂਕਿ ਮਾਣ ਹੋ ਗਿਆ। ਰਸੀਏ ਨਹੀਂ ਸੀਗੇ। ਜਿੰਨੀ ਸੰਗਤ ਸੀ ਸਾਰੀ ਕਹਿੰਦੀ ਸੀ ਕਿ ਵਾਹ-ਵਾਹ ਤੁਹਾਡੇ ਵਰਗਾ ਗਲਾ ਪ੍ਰਮੇਸ਼ਰ ਨੇ ਕਿਸੇ ਨੂੰ ਨਹੀਂ ਦਿੱਤਾ। ਕਿੰਨੀ ਬਾਣੀ ਤੁਹਾਡੇ ਯਾਦ ਹੈ, ਕਿੰਨੇ ਤੁਸੀਂ ਪ੍ਰਮਾਣ ਦਿੰਦੇ ਓਂ ਬਾਣੀ ਦੇ। ਉਸਤਤ ਦੇ ਵਿੱਚ ਪੈਂਦੇ ਸੀ, ਜਦੋਂ ਬਾਣੀ ਵੀ ਸੁਣਾਉਂਦੇ ਸੀ ਤੇ ਖੋਜ-ਖੋਜ ਕੇ ਫੁਰਮਾਨ ਦਿੰਦੇ ਸੀ ਉਸ ਵੇਲੇ ਵੀ ਆਧਾਰ ਮਾਣ ਸੀ, ਰਸ ਨਹੀਂ ਸੀ, ਬਾਣੀ ਵਿਚ ਲੀਨ ਨਹੀਂ ਸੀ ਹੁੰਦੇ, ਇੱਥੇ ਆ ਕੇ ਉਹ ਖੁੰਝੇ ਹੋਏ ਸੀ। ਹਾਲਾਂਕਿ ਉਹ ਗੁਰੂ ਮਹਾਰਾਜ ਦਾ ਦਰਬਾਰ ਸੀ ਕੋਈ ਛੋਟਾ ਮੋਟਾ ਦਰਬਾਰ ਨਹੀਂ ਸੀ, ਜਿੱਥੇ ਪੂਰੀ ਸੋਝੀ ਪੈਂਦੀ ਹੈ, ਉਸ ਸੋਝੀ ਦੇ ਵਿੱਚ ਰਹਿੰਦੇ ਹੋਏ ਵੀ ਉਹ ਉਸ ਗੱਲ ਨੂੰ ਨਾ ਪਹੁੰਚ ਸਕੇ, ਬੜਾ ਮੁਸ਼ਕਲ ਹੈ ਸੰਸਾਰ ਦੇ ਅੰਦਰ। 100% ਤਾਂ ਬੰਦਾ ਮਿਲਦਾ ਹੀ ਨਹੀਂ ਹੈ। ਲੇਕਿਨ ਇਹ ਜ਼ਰੂਰ ਹੈ ਕਿ ਆਦਮੀ ਨੂੰ ਤਰੱਕੀ ਕਰਨੀ ਚਾਹੀਦੀ ਹੈ ਆਪਣੀ। ਹੌਲੀ-ਹੌਲੀ ਔਗੁਣ ਛੱਡਣੇ ਚਾਹੀਦੇ ਨੇ ਤੇ ਗੁਣਾਂ ਵਲ ਨੂੰ ਤਰੱਕੀ ਕਰਨੀ ਚਾਹੀਦੀ ਹੈ। ਬਾਬਾ ਜੀ ਨਿਰਾਸ ਕਰ ਦਿੱਤੇ, ਉਹ ਚੁੱਪ ਕਰ ਰਹੇ। ਇਹੋ ਜਿਹੀਆਂ ਗੱਲਾਂ ਉਲਟੀਆਂ-ਫੁਲਟੀਆਂ ਕਹੀਆਂ, ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ, ਦੋਵੇਂ ਹੱਥ ਜੋੜ ਕੇ ਕਹਿਣ ਲੱਗੇ ਪ੍ਰੇਮੀਓਂ ਤੁਸੀਂ ਗੁਰੂ ਕੇ ਕੀਰਤਨੀਏਂ ਓ, ਸਾਨੂੰ ਤੁਹਾਡਾ ਸਤਿਕਾਰ ਕਰਨਾ ਹੀ ਬਣਦਾ ਹੈ ਫੇਰ। ਨਿਰਮਾਣ ਅਵਸਥਾ 'ਚ ਰਹਿ ਕੇ ਗੱਲ ਜਰ ਲਈ। ਉਸ ਤੋਂ ਬਾਅਦ ਗੁਰੂ ਮਹਾਰਾਜ ਆ ਜਾਂਦੇ ਨੇ ਤੇ ਸਿਤਾਰ ਵਗੈਰਾ ਇਨ੍ਹਾਂ ਨੇ ਖੋਲ੍ਹੀ ਤੇ ਕੀਰਤਨ ਕਰਨ ਲੱਗੇ, ਤਾਂ ਮਹਾਰਾਜ ਨੇ ਪਿੱਠ ਕਰ ਲਈ। ਬੋਲੇ ਨਹੀਂ ਕਿਉਂਕਿ ਫਿੱਕਾ ਬੋਲੇ। ਫਿੱਕਾ ਬੋਲਣਾ ਗੁਰੂ ਘਰ ਦੇ ਅੰਦਰ ਕੋਈ ਗੁਣ ਨਹੀਂ ਗਿਣਿਆ ਗਿਆ, ਬਹੁਤ ਵੱਡਾ ਔਗੁਣ ਗਿਣਿਆ ਗਿਆ ਹੈ, ਕਿਉਂਕਿ ਫਿੱਕਾ ਬੋਲਣ ਨਾਲ ਦਿਲ ਟੁੱਟਦਾ ਹੈ, ਜਦੋਂ ਕਿਸੇ ਦਾ ਦਿਲ ਤੋੜਦੇ ਹਾਂ ਅਸੀਂ, ਉਸ ਵੇਲੇ ਰੱਬ ਰੁੱਸਦਾ ਹੈ, ਐਉਂ ਪੜ੍ਹ ਲਓ -

*ਧਾਰਨਾ - ਰੱਬ ਰੁੱਸਿਆ ਮਨਾਉਣਾ ਹੋ ਜਾਊ ਔਖਾ,*
*ਦਿਲ ਨਾ ਤੋੜੀ ਫਿੱਕਾ ਬੋਲ ਕੇ।*

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥*

***ਅੰਗ - 473***

ਦਰਗਾਹ ਦੇ ਵਿੱਚ ਸਿੱਟਿਆ ਜਾਂਦਾ ਹੈ ਫਿੱਕਾ ਬੋਲਣ ਵਾਲੇ ਨੂੰ ਕਿਉਂਕਿ ਪ੍ਰਮੇਸ਼ਰ ਨਰਾਜ਼ ਹੋ ਗਿਆ, ਫਿੱਕਾ ਬੋਲਣ ਵਾਲੇ ਨੂੰ ਦਰਗਾਹ 'ਚ ਥਾਂ ਨਹੀਂ ਮਹਾਰਾਜ ਕਹਿੰਦੇ ਮਿਲੇਗਾ ਤੇ ਜੁੱਤੀਆਂ ਮੂੰਹ 'ਤੇ ਪੈਂਦੀਆਂ ਨੇ।

ਇੱਕ ਕੋਈ ਪ੍ਰੇਮੀ ਸੀਗਾ, ਇਤਿਹਾਸ ਵਿੱਚ ਬੜੇ ਆਉਂਦੇ ਨੇ ਫਿੱਕਾ ਬੋਲਣ ਵਾਲੇ, ਜਿੱਥੇ ਜਾ ਕੇ ਬੜੇ ਰੌਲੇ ਪਏ ਨੇ। ਆਹ ਜਿਹੜਾ ਪਾਂਡਵਾਂ ਦਾ ਰੌਲਾ ਸੀ ਇਹ ਐਨਾ ਨਹੀਂ ਸੀ ਵਧਣਾ, ਜੇ ਕਿਤੇ ਦਰੋਪਤੀ ਫਿੱਕਾ ਨਾ ਬੋਲਦੀ। ਦਰੋਪਤੀ ਨੇ ਇੱਕ ਮਾਇਆ ਮੰਦਰ ਬਣਾਇਆ, ਜਿੱਥੇ ਪਾਣੀ ਸੀ ਐਉਂ ਲਗਦਾ ਸੀ ਕਿ ਇਹ ਧਰਤੀ ਹੈ, ਜਿੱਥੇ ਧਰਤੀ ਸੀ ਉਹ ਲਗਦਾ ਸੀ ਪਾਣੀ ਤੇ ਦਰਯੋਧਨ ਨੇ ਪੈਰ ਭੁਲੇਖੇ ਨਾਲ ਪਾਣੀ 'ਚ ਪਾ ਦਿੱਤਾ। ਇਹ ਝਰੋਖੇ 'ਚ ਬੈਠੀ ਦੇਖਦੀ ਸੀ, ਉੱਚੀ ਦੇ ਕੇ ਬੋਲੀ ਕਹਿੰਦੀ ਅੰਨੇ ਦਾ ਅੰਨਾ ਹੀ ਰਿਹਾ, 'ਅੰਧ ਕਾ ਅੰਧ।' ਆਹ ਬੋਲੀ ਖਾ ਗਈ ਉਹਨੂੰ। ਕਿੱਡੀ ਵੱਡੀ ਗੱਲ ਵਧੀ, ਕਿੱਥੇ ਉਹਦੇ ਕੱਪੜੇ ਲਾਹੁਣ ਤੱਕ ਦੀ ਨੌਬਤ ਪਹੁੰਚੀ, ਕਿੱਥੇ ਉਹਨੇ ਪ੍ਰਣ ਕਰ ਲਿਆ ਕਿ ਮੈਂ ਆਹ ਕਰਨਾ ਹੈ, ਔਹ ਕਰਨਾ ਹੈ। ਕਿੱਡਾ ਵੱਡਾ ਯੁੱਧ ਹੋਇਆ, ਫਿੱਕਾ ਬੋਲਣ ਦੇ ਨਾਲ ਇਹ ਚੀਜ਼ ਹੋਈ। ਨਹੀਂ ਤਾਂ ਸਮਝੌਤਾ ਕਿਤੇ ਨਾ ਕਿਤੇ ਹੋ ਹੀ ਜਾਂਦਾ, ਜੇ ਐਡੀਆਂ ਫਿੱਕੀਆਂ ਗੱਲਾਂ ਨਾ ਕਹੀਆਂ ਹੋਣ। ਸੋ ਮਹਾਰਾਜ ਕਹਿੰਦੇ ਫਿੱਕੇ ਦੇ ਜੁੱਤੀਆਂ ਪੈਂਦੀਆਂ ਨੇ। ਇੱਕ ਕੋਈ ਪ੍ਰੇਮੀ ਕਿਸੇ ਪਿੰਡ ਦੇ ਅੰਦਰ ਜਾ ਰਿਹਾ ਹੈ ਤੇ ਜਾਂਦੇ-ਜਾਂਦੇ ਭੁੱਖ ਬਹੁਤ ਲੱਗੀ, ਚੌਲ ਨੇ ਉਹਦੇ ਕੋਲ, ਕਈ ਘਰਾਂ 'ਚ ਉਹਨੇ ਕਿਹਾ ਕਿ ਮੈਂ ਚੌਲ ਬਣਾਉਣੇ ਨੇ, ਬੋਲਦਾ ਬਹੁਤ ਰੁੱਖਾ ਸੀ। ਬੀਬੀਆਂ ਸੁਣਨ ਤਾਂ ਕਹਿਣ ਕਿ ਇਹ ਤਾਂ ਰੁੱਖਾ ਬਹੁਤ ਬੋਲਦਾ ਹੈ। ਇੱਕ ਬੀਬੀ ਸੀ ਸਿਆਣੀ ਸੀ ਉਹਨੇ ਕਿਹਾ ਕਿ ਪ੍ਰਦੇਸੀ ਬੰਦਾ ਹੈ, ਬਣਾਉਣ ਦੇ ਦਿੰਦੀ ਹਾਂ। ਉਹਨੇ ਕਿਹਾ ਕਿ ਲੈ ਪਤੀਲਾ ਲੈ ਵੀਰਾ, ਤੇ ਮੈਂ ਅੱਗ ਬਾਲ ਦਿੰਦੀ ਹਾਂ ਤੇ ਤੂੰ ਰੱਖ ਲੈ ਚੌਲ ਤੇ ਚੌਲ ਉਸਨੇ ਰੱਖ ਲਏ। ਘਰ ਦੇ ਦੋ ਦਰਵਾਜ਼ੇ ਸੀ ਉਹਦੇ, ਇੱਕ ਪਿਛਲੇ ਪਾਸੇ ਸੀ, ਇੱਕ ਅਗਲੇ ਪਾਸੇ ਸੀ ਤੇ ਮੱਝ ਖੜ੍ਹੀ ਸੀ, ਬਹੁਤ ਵਧੀਆ ਮੱਝ ਤੇ ਦੇਖਣ ਲਗ ਗਿਆ ਦਰਵਾਜ਼ੇ ਵਲ ਨੂੰ, ਚੌਲ ਰਿੱਝ ਰਹੇ ਨੇ, ਦੇਖਦੇ-ਦੇਖਦੇ ਉਹਨੂੰ ਕਹਿਣ ਲੱਗਿਆ, ਮਾਈ....! ਉਹ ਕਹਿੰਦੀ, ਹਾਂ ਵੀਰਾ ਦੱਸ? ਕਹਿੰਦਾ, ਮੱਝ ਤਾਂ ਤੇਰੀ ਬੜੀ ਤਕੜੀ ਹੈ। ਕਹਿੰਦੀ ਨਜ਼ਰ ਨਾ ਲਾ ਦੇਈਂ। ਕਹਿੰਦਾ ਜੇ ਮਰ ਗਈ, ਤਾਂ ਇਹਨੂੰ ਕੱਢੇਗੀਂ ਕਿੱਥੋਂ ਦੀ, ਤੇਰਾ ਦਰ ਤਾਂ ਭੀੜਾ ਹੀ ਹੈ। ਉਹ ਕਹਿੰਦੀ ਲੈ ਤੂੰ ਮੇਰੀ ਮੱਝ ਮਾਰ। ਉਹਨੇ ਚੌਲ ਉਸੇ ਤਰ੍ਹਾਂ ਅੱਧ ਰਿੱਝੇ, ਕਹਿੰਦੀ ਪਰਨਾ ਕਰ, ਉਹਦੇ ਪਰਨੇ 'ਚ ਪਾ ਦਿੱਤੇ ਤੇ ਪਿੱਛ ਜਿਹੜੀ ਸੀ ਉਹ ਚੋਂਦੀ ਜਾਂਦੀ ਹੈ। ਕਈਆਂ ਨੇ ਪੁੱਛਿਆ ਕਿ ਆਹ ਕੀ ਚੋਂਦਾ ਹੈ। ਉਹ ਕਹਿੰਦਾ ਕੁਛ ਨਹੀਂ ਚੋਂਦਾ, ਮੇਰੀ ਜ਼ੁਬਾਨ ਦਾ ਰਸ ਚੋਂਦਾ ਜਾਂਦਾ ਹੈ। ਕਿਉਂਕਿ ਫਿੱਕਾ ਬੋਲਿਆ।

ਫਿੱਕਾ ਬੋਲਣਾ ਪ੍ਰਮੇਸ਼ਰ ਨੂੰ ਵੀ ਪਿਆਰਾ ਨਹੀਂ ਲਗਦਾ। ਗੁਰੂ ਅੰਗਦ ਸਾਹਿਬ ਮਹਾਰਾਜ ਕਹਿੰਦੇ ਨੇ ਕਿ ਫਿੱਕਾ ਬੋਲਣ ਦੇ ਨਾਲ ਪ੍ਰਮੇਸ਼ਰ ਰੁੱਸ ਜਾਂਦਾ ਹੈ।

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥***

***ਅੰਗ - 1384***

ਫਿੱਕਾ ਨਾ ਬੋਲ ਕਿਸੇ ਨੂੰ, ਕਿਉਂਕਿ ਸਭ ਦੇ ਅੰਦਰ ਵਸਦਾ ਹੈ -

*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥*

***ਅੰਗ - 1384***

ਦਿਲ ਨਾ ਕਿਸੇ ਦਾ ਵੀ ਤੋੜ, ਇਹ ਬੇਮੁੱਲੇ ਦਿਲ ਨੇ-

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥*

***ਅੰਗ - 1384***

ਦਿਲ ਨਾ ਕਿਸੇ ਦਾ ਤੋੜੀਂ ਜੇ ਤੈਨੂੰ ਪ੍ਰਮੇਸ਼ਰ ਨੂੰ ਮਿਲਣ ਦੀ ਆਸਾ ਹੈ।

*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥*

***ਅੰਗ - 1430***

ਬੋਲਿਆ ਓਹੀ ਪ੍ਰਵਾਣ ਹੈ ਜਿਹੜੇ ਬੋਲਣ ਨਾਲ ਪਤ ਰਹਿ ਜਾਵੇ, ਇੱਜ਼ਤ ਰਹਿ ਜਾਵੇ -

*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥*

***ਅੰਗ - 1430***

ਇਸ ਤਰ੍ਹਾਂ ਦੇ ਨਾਲ ਜਦੋਂ ਬਾਬਾ ਜੀ ਨੂੰ ਇਸਨੇ ਕੀਰਤਨ ਨਾ ਸੁਣਾਇਆ ਤਾਂ ਗੁਰੁ ਅੰਗਦ ਸਾਹਿਬ ਮਹਾਰਾਜ ਜਦੋਂ ਆ ਗਏ ਤਾਂ ਇਸਨੇ ਕੀਰਤਨ ਸੁਣਾਉਣ ਲਈ ਸਾਜ ਖੋਲ੍ਹੇ, ਗੁਰੂ ਮਹਾਰਾਜ ਨੇ ਪਿੱਠ ਕਰ ਲਈ, ਕਹਿੰਦੇ ਅਸੀਂ ਸੁਣਨਾ ਨਹੀਂ ਹੈ। ਕਹਿੰਦੇ ਸੱਚੇ ਪਾਤਸ਼ਾਹ! ਕਾਰਨ ਕੀ ਹੋ ਗਿਆ, ਅਸੀਂ ਤਾਂ ਰੋਜ਼ ਚੌਕੀਂ ਲਾਉਂਦੇ ਹਾਂ, ਅੱਜ ਕੀ ਹੋ ਗਿਆ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਜਦੋਂ ਮੈਂ 'ਬਾਬਾ ਬੁੱਢਾ' ਜੀ ਦੇ ਹਿਰਦੇ 'ਚੋਂ ਹੋ ਕੇ ਬੋਲ ਰਿਹਾ ਸੀ, ਉਸ ਵੇਲੇ ਤਾਂ ਮੈਨੂੰ ਹਰੀ ਦਾ ਜਸ ਸੁਣਾਇਆ ਨਹੀਂ। ਹੁਣ ਮੈਂ ਹੁਣ ਨਹੀਂ ਸੁਣਨਾ। ਉਸ ਤੋਂ ਉਪਰ ਹੋਰ ਬੋਲ ਪਏ, ਕਹਿੰਦੇ ਸੱਚੇ ਪਾਤਸ਼ਾਹ! ਅਸੀਂ ਗੁਰੂ ਨਾਨਕ ਦੇ ਗਵੱਈਏ ਹਾਂ, ਮਾੜੇ-ਧੀੜੇ ਦੇ ਨਹੀਂ ਹੈਗੇ ਅਸੀਂ ਉਸ ਦਰਬਾਰ 'ਚ ਕੀਰਤਨ ਕਰ ਸਕਦੇ ਹਾਂ, ਜੱਟ-ਬੂਟ ਨੂੰ ਅਸੀਂ ਕੀਰਤਨ ਨਹੀਂ ਸੁਣਾਉਣਾ। ਕਹਿੰਦੇ ਇਨ੍ਹਾਂ ਨੂੰ ਕੀ ਪਤਾ ਕੀਰਤਨ ਦਾ। ਮਹਾਰਾਜ ਕਹਿੰਦੇ, ਪ੍ਰੇਮੀਓ! ਤੁਸੀਂ ਬੜੀ ਨਿਰਾਦਰੀ ਕੀਤੀ ਹੈ, ਤੁਹਾਨੂੰ ਇਹ ਨਹੀਂ ਪਤਾ ਕਿ ਮੈਂ ਉਸ ਵੇਲੇ ਬਾਬਾ ਬੁੱਢਾ ਜੀ ਦੇ ਹਿਰਦੇ 'ਚ ਬੈਠ ਕੇ ਕੀਰਤਨ ਦੀ ਅਭਿਲਾਸ਼ਾ ਕਰੀ ਸੀ। ਜਿਹੜਾ ਪਿਆਰਾ ਸਿੱਖ ਮੇਰੇ ਨਾਲ ਪ੍ਰੇਮ ਦੇ ਵਿੱਚ ਜੁੜਿਆ ਹੋਇਆ ਹੈ, ਉਹਦੇ ਵਿੱਚ ਤੇ ਮੇਰੇ ਵਿੱਚ ਕੋਈ ਭੇਦ ਨਹੀਂ ਹੋਇਆ ਕਰਦਾ -

***ਧਾਰਨਾ - ਸਤਿਗੁਰ ਦਾ ਰੂਪ ਹੈ, ਪਿਆਰਾ ਜੋ ਸਿੱਖ ਗੁਰਾਂ ਦਾ।***

ਕਹਿੰਦੇ ਜਿਹੜੇ ਸਿੱਖ ਗੁਰੂ ਦਾ ਉਪਦੇਸ਼ ਚਲਾਉਂਦੇ ਨੇ ਤੇ ਗੁਰੂ ਤੇ ਸਿੱਖ ਅਭੇਦ ਹੋਇਆ ਕਰਦੇ ਨੇ।

*ਗੁਰੂ ਸਰੂਪ ਖਾਲਸਾ ਹਈਏ।*
*ਜਾਂ ਕੀ ਟਹਿਲ ਪਰਮ ਸੁਖ ਲਈਏ।*

***ਰਹਿਤਨਾਮਾ ਭਾਈ ਦੇਸਾ ਸਿੰਘ ਜੀ***

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*

***ਸਰਬ ਲੋਹ ਗ੍ਰੰਥ 'ਚੋਂ***

ਬ੍ਰਹਮਗਿਆਨ ਦੀ ਅਵਸਥਾ ਨੂੰ ਜੋ ਪਹੁੰਚਿਆ ਹੋਇਆ ਹੈ, ਗੁਰੂ ਦਸ਼ਮੇਸ਼ ਪਿਤਾ ਕਹਿੰਦੇ, ਮੇਰੇ ਵਿੱਚ, ਵਾਹਿਗੁਰੂ ਵਿੱਚ ਤੇ ਉਹਦੇ ਵਿੱਚ ਭੇਦ ਨਾ ਜਾਣਿਓ। ਅਸੀਂ ਤਾਂ ਭੇਦ ਪਾਉਂਦੇ ਹਾਂ। ਰਹਿਤਨਾਮੇ 'ਚ ਲਿਖਿਆ ਹੈ –

*ਗੁਰੂ ਸਰੂਪ ਖਾਲਸਾ ਹਈਏ। ਜਾਂ ਕੀ ਟਹਿਲ ਪਰਮ ਸੁਖ ਲਈਏ।*
*ਸਿੰਘ ਸੁ ਰਹਿਤ ਪੰਚ ਜਹਿ ਮਿਲੇ ਮਮ ਸਰੂਪ ਸੋ ਜਾਨਹਿ ਭਲੇ।*

***ਰਹਿਤਨਾਮਾ ਭਾਈ ਦੇਸਾ ਸਿੰਘ ਜੀ***

ਜਿਥੇ ਬੰਦਗੀ ਕਰਨ ਵਾਲੇ, ਨਾਮ ਜਪਣ ਵਾਲੇ, ਗੁਰਸਿੱਖੀ ਦੇ ਅਸੂਲਾਂ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ 'ਤੇ ਚੱਲਣ ਵਾਲੇ, ਇੱਥੇ ਥੋੜ੍ਹੀ ਜਿਹੀ ਗੱਲ ਸਮਝਣ ਵਾਲੀ ਹੈ ਸਾਧਸੰਗਤ ਜੀ। ਇੱਕ ਤਾਂ ਹੁੰਦਾ ਹੈ ਬਹਿਰੂਪੀਆ, ਉਹਨੂੰ ਤਾਂ ਨਹੀਂ ਮਹਾਰਾਜ ਨੇ ਮੰਨਿਆ, ਉਹ ਤਾਂ ਮਹਾਰਾਜ ਕਹਿੰਦੇ –

*ਭੇਖ ਦਿਖਾਇਓ ਜਗਤ ਕਉ ਲੋਗਨ ਕੋ ਵਸ ਕੀਨ*
*ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ।*

ਇੱਕ ਉਹ ਹੈ ਜਿਹੜਾ ਗੁਰੂ ਗ੍ਰੰਥ ਸਾਹਿਬ ਦੀਆਂ ਦੱਸੀਆਂ ਹੋਈਆਂ ਰਹਿਤਾਂ 'ਤੇ ਪਹਿਰਾ ਦੇ ਰਿਹਾ ਹੈ। ਨਿੰਦਿਆ ਨਹੀਂ ਕਰਦਾ, ਚੁਗਲੀ ਨਹੀਂ ਕਰਦਾ, ਈਰਖਾ ਨਹੀਂ ਕਰਦਾ, ਕਿਸੇ ਨਾਲ ਵੈਰ ਨਹੀਂ ਕਰਦਾ, ਆਪਣੇ ਆਪ ਨੂੰ ਸਭ ਨਾਲੋਂ ਮਾੜਾ ਸਮਝਦਾ ਹੈ। ਅੰਮ੍ਰਿਤ ਵੇਲੇ ਉੱਠ ਕੇ ਬੰਦਗੀ ਕਰਦਾ ਹੈ, ਹਰੀ ਦਾ ਜਸ ਕਰਦਾ ਹੈ ਦੂਜਿਆਂ ਦਾ ਭਲਾ ਕਰਦਾ ਹੈ, ਸੇਵਾ ਕਰਦਾ ਹੈ, ਕਹਿੰਦੇ ਐਸੇ ਜਿੱਥੇ ਪੰਜ ਇਕੱਠੇ ਹੋ ਜਾਣ, ਉਥੇ ਨਿਹਚੇ ਨਾਲ ਤੁਸੀਂ ਮੇਰਾ ਸਰੂਪ ਗਿਣਿਓ, ਗੁਰੂ ਦਸਵੇਂ ਪਾਤਸ਼ਾਹ ਕਹਿੰਦੇ, ਮੈਂ ਉਥੇ ਵਰਤ ਰਿਹਾ ਹੋਵਾਂਗਾ।

ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਭਾਈ ਬਲਵੰਡ! ਬੜੀ ਮਾੜੀ ਗੱਲ ਕਰੀ ਹੈ ਤੇ ਹੁਣ ਵੀ ਤੁਸੀਂ ਬਹੁਤ ਮਾੜੀ ਗੱਲ ਕਰ ਰਹੇ ਓਂ। ਇਹ ਬਾਬਾ ਬੁੱਢਾ ਜੀ ਦੀ ਜ਼ੁਬਾਨ 'ਤੇ ਹੋ ਕੇ ਮੈਂ ਬੋਲਿਆ ਸੀ। ਤੁਸੀਂ ਪ੍ਰਮਾਣ ਤਾਂ ਸੁਣਾਉਂਦੇ ਓਂ, ਪਰ ਇਹਦੀ ਵਿਚਾਰ ਨਹੀਂ ਕਰਦੇ –

*ਧਾਰਨਾ – ਪ੍ਰਭ ਜੀ ਦਾ ਵਾਸਾ ਹੈ, ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*

***ਅੰਗ – 263***

ਗੁਰੂ ਛੇਵੇਂ ਪਾਤਸ਼ਾਹ ਜੀ ਮਹਾਰਾਜ, ਮਾਤਾ ਭਾਗਪੁਰੀ ਜਿਸਦੀ ਉਮਰ 90 ਸਾਲ ਹੋਈ, ਤੇ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨਾਂ ਨੂੰ ਘਰ ਵਿੱਚ ਬੈਠੀ, ਪੂਰਨ ਨਿਹਚੇ ਦੇ ਨਾਲ ਅਰਦਾਸ ਵਿੱਚ ਹੈ ਕਿ ਮੈਨੂੰ ਇੱਥੇ ਦਰਸ਼ਨ ਦੇਣਗੇ। ਉਹਨੇ ਗੁਰੂ ਮਹਾਰਾਜ ਵਾਸਤੇ ਇਕ ਵਸਤਰ ਦਾ ਚੋਲਾ ਸੁਆ ਲਿਆ ਤੇ ਇੱਕ ਥੜ੍ਹਾ ਬਣਾ ਦਿੱਤਾ ਘਰ ਦੇ ਅੰਦਰ, ਰੋਜ਼ ਉਸ ਥੜ੍ਹੇ

ਨੂੰ ਲਿਪ ਲੈਂਦੀ ਹੈ ਤੇ ਸਾਮ੍ਹਣੇ ਬੈਠ ਜਾਂਦੀ ਹੈ ਕਿ ਮੇਰੇ ਗੁਰੂ ਜੀ ਆਉਣਗੇ ਤੇ ਇਸ ਥੜ੍ਹੇ 'ਤੇ ਬੈਠਣਗੇ, ਸ਼ਾਮ ਹੋ ਜਾਂਦੀ ਹੈ ਇੰਤਜ਼ਾਰ ਕਰਦੀ ਨੂੰ, ਦਿਨ ਲੰਘਦੇ ਗਏ, ਹਫਤੇ ਲੰਘਦੇ ਗਏ, ਮਹੀਨੇ ਲੰਘਦੇ ਗਏ, ਸਾਲ ਲੰਘ ਗਏ, ਕਿੰਨੇ ਹੀ ਸਾਲ ਲੰਘ ਗਏ, ਉਹਦੇ ਪ੍ਰੇਮ 'ਚ ਭੋਰਾ ਜਿੰਨੀ ਵੀ ਕਮੀ ਨਹੀਂ ਆਈ, ਅਸੀਂ ਤਾਂ ਕਮਜ਼ੋਰ ਹਾਂ, ਥੋੜ੍ਹਾ ਜਿੰਨਾ ਹੀ ਸਮਾਂ ਹੋਏ ਕਰਨ ਲਗ ਜਾਂਦੇ ਕਿ ਆਏ ਨਹੀਂ। ਇੰਤਜ਼ਾਰ ਵਿੱਚ ਹੈ ਤੇ ਗੁਰੂ ਮਹਾਰਾਜ ਨੂੰ ਖਿੱਚਾਂ ਪੈਂਦੀਆਂ ਨੇ ਤੇ ਗੁਰੂ ਮਹਾਰਾਜ ਸੌ ਸਵਾਰ ਲੈ ਕੇ ਸ੍ਰੀ ਨਗਰ ਨੂੰ ਜਾਂਦੇ ਨੇ, ਮਾਤਾ ਨੂੰ ਮਿਲਣ ਵਾਸਤੇ, ਬਿਖੜੇ ਪੈਂਡੇ ਸੀ ਤੇ ਮਾਤਾ ਦੇ ਭਾਵਨਾ ਦੇ ਬੰਨ੍ਹੇ ਹੋਏ ਗੁਰੂ ਮਹਾਰਾਜ ਸੱਤ ਸੌ ਮੀਲ ਦਾ ਸਫਰ ਮਹਾਰਾਜ ਨੇ ਸ਼ੁਰੂ ਕਰ ਲਿਆ। ਬਹੁਤ ਤੇਜ਼ੀ ਦੇ ਨਾਲ ਜਾ ਰਹੇ ਨੇ। ਲੰਮਾ ਸਫਰ ਕੱਢਦੇ ਨੇ ਰੋਜ਼ ਤੇ ਅੱਜ ਮਾਤਾ ਦੇ ਪਾਸ ਜਾਂਦੇ ਨੇ ਮਾਤਾ ਨੂੰ ਦਰਸ਼ਨ ਦਿੰਦੇ ਨੇ, ਨਿਹਾਲ ਹੁੰਦੀ ਹੈ ਉਹ। ਜਦੋਂ ਕਸ਼ਮੀਰ ਦੀਆਂ ਸੰਗਤਾਂ ਨੂੰ ਪਤਾ ਲੱਗਿਆ, ਉਸ ਵੇਲੇ ਹੁੰਮ-ਹੁੰਮਾ ਕੇ ਜੱਥੇ ਬਣਾ ਕੇ, ਦੂਰ-ਦੂਰ ਤੱਕ ਸੰਗਤਾਂ ਗੁਰੂ ਮਹਾਰਾਜ ਦੇ ਦਰਸ਼ਨਾਂ ਨੂੰ ਆ ਰਹੀਆਂ ਨੇ।

ਇੱਕ ਕਿਸੇ ਪਹਾੜੀ ਪਿੰਡ ਤੋਂ ਸੰਗਤ ਤੁਰਦੀ ਹੈ ਜਥਾ ਬਣਾ ਕੇ, ਹਰੀ ਦਾ ਜਸ ਕਰਦੀ ਜਾਂਦੀ ਹੈ ਤੇ ਭੇਟਾ ਦੇਣ ਵਾਸਤੇ ਇੱਕ ਬਹੁਤ ਸੋਹਣਾ ਸੁੱਚਾ ਸ਼ਹਿਦ, ਬਹੁਤ ਸਾਫ ਸੁਥਰਾ ਸ਼ਹਿਦ ਕੱਢਿਆ ਤੇ ਬਰਤਨ ਭਰ ਲਿਆ। ਦੂਸਰਾ ਇੱਕ ਟੋਕਰਾ ਤਾਜ਼ੇ ਫਲਾਂ ਦਾ ਲੈ ਕੇ ਮਹਾਰਾਜ ਜੀ ਦੇ ਦਰਸ਼ਨ ਨੂੰ ਜਾਂਦੇ ਨੇ ਤੇ ਰਸਤੇ ਦੇ ਵਿੱਚ, ਇੱਕ ਗੁਰਸਿੱਖ ਜੋ ਅਭੇਦ ਅਵਸਥਾ ਦਾ ਸੀ। ਕਿਉਂਕਿ ਅਭੇਦ ਅਵਸਥਾ ਦਾ ਗੁਰਸਿੱਖ ਬਹੁਤ ਵੱਡੀ ਗੱਲ ਹੁੰਦੀ ਹੈ, ਉਹਦੇ ਤੇ ਗੁਰੂ ਵਿੱਚ ਕੋਈ ਫਰਕ ਨਹੀਂ ਹੋਇਆ ਕਰਦਾ। ਉਹ ਜਾਂਦਿਆਂ ਨੂੰ ਪੁੱਛਣ ਲੱਗਿਆ ਕਿ ਪ੍ਰੇਮੀਓ! ਕਿੱਧਰ ਜਾ ਰਹੇ ਓਂ ਤੁਸੀਂ, ਸ਼ਬਦ ਪੜ੍ਹਦੇ ਜਾ ਰਹੇ ਓਂ। ਕਹਿਣ ਲੱਗੇ ਅਸੀਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ, ਮੀਰੀ ਪੀਰੀ ਦੇ ਮਾਲਕ ਆਏ ਹੋਏ ਨੇ, ਉਨ੍ਹਾਂ ਦੇ ਦਰਸ਼ਨਾਂ ਨੂੰ ਜਾ ਰਹੇ ਹਾਂ। ਰੋਕ ਲਏ ਸਾਮ੍ਹਣੇ, ਕਹਿੰਦੇ ਇਹਦੇ ਵਿੱਚ ਕੀ ਹੈ? ਉਨ੍ਹਾਂ ਨੇ ਕਿਹਾ ਕਿ ਇਹਦੇ ਵਿੱਚ ਸ਼ਹਿਦ ਹੈ। ਉਨ੍ਹਾਂ ਨੇ ਕਿਹਾ ਕਿ ਟੋਕਰੇ 'ਚ ਕੀ ਹੈ? ਕਹਿੰਦੇ ਇਹਦੇ 'ਚ ਫਲ ਨੇ। ਕਹਿੰਦੇ ਲਓ ਬਈ ਪ੍ਰੇਮੀਓ! ਹੱਥ ਅੱਗੇ ਕਰ ਦਿੱਤਾ, ਥੋੜ੍ਹਾ ਜਿਹਾ ਸ਼ਹਿਦ ਪਾ ਦਿਓ ਇਹਦੇ 'ਤੇ, ਇੱਕ ਅੱਧਾ ਫਲ ਦੇ ਦਿਓ, ਮੈਨੂੰ ਫਲ ਦੇ ਦਿਓ, ਮੈਨੂੰ ਭੁੱਖ ਬੜੀ ਲੱਗੀ ਹੈ। ਕਹਿਣ ਲੱਗੇ, ਦੇਖ ਭਾਈ ਕੱਟੂ! ਤੂੰ ਤਾਂ ਮਸਤਾਨੀ ਬਿਰਤੀ 'ਚ ਰਹਿੰਦਾ ਹੈਂ ਹਰ ਵਕਤ, ਅਸੀਂ ਗੁਰੂ ਮਹਾਰਾਜ ਵਾਸਤੇ ਲੈ ਕੇ ਜਾਂਦੇ ਹਾਂ, ਪਹਿਲਾਂ ਉਨ੍ਹਾਂ ਨੂੰ ਭੋਗ ਲੱਗੇਗਾ, ਫੇਰ ਜਾ ਕੇ ਅਸੀਂ ਵਰਤਾਵਾਂਗੇ, ਪਹਿਲਾਂ ਰਾਹ 'ਚ ਹੀ ਵੰਡਣਾ ਸ਼ੁਰੂ ਕਰ ਦੇਈਏ, ਤੇਰੇ ਵਰਗੇ ਹੋਰ ਮਿਲ ਜਾਣਗੇ। ਉਥੇ ਤੱਕ ਜਾਂਦੇ-ਜਾਂਦੇ ਮੁੱਕ ਹੀ ਜਾਏਗਾ ਸਭ ਕੁਛ। ਕਠੋਰ ਬਚਨ ਬੋਲ ਦਿੱਤਾ।

ਗੁਰੂ ਛੇਵੇਂ ਪਾਤਸ਼ਾਹ ਦੇ ਦਰਬਾਰ ਵਿੱਚ ਪਹੁੰਚ ਗਏ, ਟੋਕਰਾ ਵੀ ਰੱਖ ਦਿੱਤਾ ਤੇ ਸ਼ਹਿਦ ਵੀ ਰੱਖ ਦਿੱਤਾ। ਸੰਗਤ ਮੱਥਾ ਟੇਕਦੀ ਜਾਂਦੀ ਹੈ

ਤੇ ਇੱਕ ਪਾਸੇ ਹੋ ਕੇ ਬੈਠ ਗਈ। ਮਹਾਰਾਜ ਕਹਿਣ ਲੱਗੇ, ਕਿੱਥੋਂ ਆਏ ਓਂ ਪ੍ਰੇਮੀਓਂ! ਕਹਿੰਦੇ ਮਹਾਰਾਜ! ਅਸੀਂ ਐਸ ਨਗਰ ਤੋਂ ਆਏ ਹਾਂ। ਕਹਿੰਦੇ ਆਹ ਕੀ ਚੀਜ਼ ਹੈ ਬੜੀ ਦੁਰਗੰਧ ਆਉਣੀ ਸ਼ੁਰੂ ਹੋਈ ਹੈ ਇਹਦੇ 'ਚ। ਹੈਰਾਨ ਹੋ ਗਏ, ਕਹਿਣ ਲੱਗੇ ਸੱਚੇ ਪਾਤਸ਼ਾਹ! ਇਹ ਫਲ ਨੇ ਅਸੀਂ ਤਾਜ਼ੇ ਫਲ ਤੋੜ ਕੇ ਲਿਆਏ ਹਾਂ। ਆਹ ਬਰਤਨ 'ਚ? ਕਹਿੰਦੇ, ਇਹਦੇ 'ਚ ਸ਼ਹਿਦ ਹੈ। ਕਹਿੰਦੇ ਖੋਲ੍ਹੋ ਤਾਂ ਦਿਖਾਓ। ਜਦੋਂ ਬਰਤਨ ਦਾ ਮੂੰਹ ਖੋਲ੍ਹਿਆ ਤਾਂ ਕੀ ਦੇਖਦੇ ਨੇ ਉਸ ਵੇਲੇ ਕੁਰਬਲ-ਕੁਰਬਲ ਕਰਦੇ ਕੀੜੇ ਫਿਰਦੇ ਨੇ। ਨੀਵੀਂ ਪਾ ਲਈ, ਕਹਿੰਦੇ ਫਲ ਵੀ ਦਿਖਾਓ ਤਾਂ ਕੋਈ। ਜਦੋਂ ਉਪਰੋਂ ਕੱਪੜਾ ਬੰਨ੍ਹਿਆ ਹੋਇਆ ਖੋਲ੍ਹਿਆ। ਜੋ ਸੀਉਂਤਾ ਹੋਇਆ ਸੀ ਨਾਲ, ਤੇ ਹੈਰਾਨ ਹੋ ਗਏ ਕਿ ਸਾਰੇ ਹੀ ਫਲ ਮੁਰਝਾਏ ਹੋਏ ਤੇ ਪਿੱਲ-ਪਿੱਲ ਕਰਦੇ ਨੇ। ਹੁਣ ਮਹਾਰਾਜ ਜੀ ਨੂੰ ਕੀ ਦੇਣ। ਹੱਥ ਜੋੜ ਕੇ ਬਹਿ ਗਏ ਕਹਿੰਦੇ ਸੱਚੇ ਪਾਤਸ਼ਾਹ! ਲਿਆਏ ਤਾਂ ਬੜੀ ਭਾਵਨਾ ਨਾਲ ਸੀ ਪਤਾ ਨਹੀਂ ਕੀ ਹੋ ਗਿਆ। ਮਹਾਰਾਜ ਕਹਿੰਦੇ, ਪ੍ਰੇਮੀਓਂ! ਰਸਤੇ 'ਚ ਅਸੀਂ ਮੰਗਿਆ ਸੀ ਕਿ ਨਹੀਂ ਮੰਗਿਆ ਸੀ। ਉਸ ਵੇਲੇ ਸਾਡਾ ਚਿੱਤ ਸ਼ਹਿਦ ਖਾਣ ਨੂੰ ਕਰਦਾ ਸੀ ਤੇ ਨਾਲ ਫਲ ਖਾਣ ਨੂੰ ਕਰਦਾ ਸੀ। ਅਸੀਂ ਮੰਗ ਕੇ ਹੱਥ ਅੱਡ ਕੇ ਲਿਆ ਸੀ। ਕਹਿੰਦੇ, ਮਹਾਰਾਜ ਉਹ ਤਾਂ ਭਾਈ ਕੱਟੂ ਸੀ, ਕਹਿੰਦੇ ਉਹਦੀ ਰਸਨਾ 'ਤੇ ਮੈਂ ਹੀ ਬੋਲਿਆ ਸੀ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*** ***ਅੰਗ - 263***

ਇਸ ਤਰ੍ਹਾਂ ਦੇ ਨਾਲ ਗੁਰੂ ਅੰਗਦ ਸਾਹਿਬ ਮਹਾਰਾਜ ਕਹਿਣ ਲੱਗੇ, ਭਾਈ ਬਲਵੰਡ, ਭਾਈ ਸੱਤਾ! ਇਹ ਬਾਬੇ ਬੁੱਢੇ ਦੇ ਹਿਰਦੇ 'ਚੋਂ ਅਸੀਂ ਹੋ ਕੇ ਬੋਲੇ ਸੀ ਕਿ ਸਾਨੂੰ ਸ਼ਬਦ ਸੁਣਾਓ। ਅਸੀਂ ਤੁਹਾਡਾ ਸ਼ਬਦ ਕੀ ਸੁਣਨਾ ਹੈ। ਤੁਸੀਂ ਐਡੇ ਵੱਡੇ ਰਾਗੀ ਓਂ, ਕੀਰਤਨੀਏ ਓਂ, ਤੁਹਾਨੂੰ ਤਾਂ ਪਹਿਚਾਣ ਚਾਹੀਦੀ ਹੈ ਕਿ ਮੈਂ ਸਿੱਖਾਂ 'ਚ ਵਰਤਦਾ ਹਾਂ। ਤੁਸੀਂ ਉਹਦਾ ਭਾਉ ਨਹੀਂ ਰੱਖਿਆ ਬੇਇਜ਼ਤੀ ਕਰੀ ਹੈ ਕਠੋਰ ਬਚਨ ਕਹਿ ਕੇ। ਬ੍ਰਹਮਗਿਆਨੀ ਦੇ। ਹੁਣ ਨਹੀਂ ਮੈਂ ਸੁਣਨਾ ਕਿਉਂਕਿ ਮੇਰੇ ਮਨ ਵਿੱਚ ਚਾਓ ਨਹੀਂ ਰਿਹਾ ਸ਼ਬਦ ਸੁਣਨ ਦਾ। ਇੱਥੇ ਨਹੀਂ ਗੱਲ ਮੁਕਾਈ, ਕਿਉਂਕਿ Artist (ਕਲਾਕਾਰ) ਸੀ, ਰਸੀਆ ਤਾਂ ਹੈ ਨਹੀਂ ਸੀ, ਮਾਣ ਦੇ ਭੁੱਖੇ ਸੀ, ਸੰਗਤ ਨੇ ਬੇਅੰਤ ਮਾਣ ਦਿੱਤਾ। ਜਿਹਨੂੰ ਸੰਗਤ ਮਾਣ ਦੇਣ ਲਗ ਜਾਵੇ ਉਹ ਐਉਂ ਸਮਝ ਲਿਆ ਕਰੋ ਕਿ ਮੈਂ ਹੁਣ ਫਸਿਆ। ਮੈਂ ਹੁਣ ਇਸ ਮਾਣ ਤੋਂ ਬਚਾਂ, ਮੇਰੀ ਪ੍ਰਸੰਸਾ ਜ਼ਿਆਦਾ ਹੋਣ ਲਗ ਗਈ। ਇਸੇ ਕਰਕੇ ਜਿਹੜੇ ਵੱਡੇ-ਵੱਡੇ ਮਹਾਂਪੁਰਸ਼ ਹੋਏ, ਨਿੰਦਿਆ ਕਰਾ ਲੈਂਦੇ ਸੀ ਸਾਰਿਆਂ ਤੋਂ, ਮਾਣ ਛੱਡ ਦਿੰਦੇ ਸੀ। ਉਨ੍ਹਾਂ ਅੰਦਰ ਕਿਉਂਕਿ ਮਾਣ ਸੀ, ਸਾਰੀਆਂ ਸੰਗਤਾਂ ਕਹਿੰਦੀਆਂ ਸੀ, ਪਿਆਰ ਨਾਲ ਦੂਰ-ਦਰਾਜ਼ ਤੋਂ ਆਉਂਦੀਆਂ ਸੀ ਤੇ ਆ ਕੇ ਬੜੀ ਉਨ੍ਹਾਂ ਦੀ ਪ੍ਰਸੰਸਾ ਕਰਦੀਆਂ ਸੀ ਤੇ ਉਸ ਪ੍ਰਸੰਸਾ ਨੇ ਇਨ੍ਹਾਂ ਨੂੰ ਰਸੀਆ ਨਾ ਰਹਿਣ ਕਰਕੇ ਉਸਤਤ ਵਿੱਚ ਲੈ ਗਏ, ਉਸਤਤ ਤੋਂ ਮਾਣ ਵਿੱਚ ਲੈ ਗਏ, ਮਾਣ ਤੋਂ ਹਉਮੈ ਵਿੱਚ ਲੈ ਗਏ। ਕਹਿੰਦੇ ਉਸ ਵੇਲੇ ਇਨ੍ਹਾਂ 'ਚ ਨਿਮਰਤਾ ਨਹੀਂ ਆਈ, ਕਹਿਣ ਲੱਗੇ ਮਹਾਰਾਜ! ਮੈਂ ਤਾਂ ਗੁਰੂ ਨਾਨਕ ਸਾਹਿਬ ਦੀ ਵੀ ਸੇਵਾ ਕਰੀ ਹੈ।

ਮੈਨੂੰ ਵੀ ਕਈ ਕਹਿ ਦਿੰਦੇ ਨੇ ਕਿ ਜੀ ਅਸੀਂ ਤਾਂ ਉਨ੍ਹਾਂ ਦੇ ਹਾਂ। ਮੈਂ ਵੀ ਉਨ੍ਹਾਂ ਦਾ ਹੀ ਤੁਰਿਆ ਫਿਰਦਾ ਹਾਂ। ਇਹ ਹਉਮੈ ਦੀ ਬੁੱਧ ਹੋਇਆ ਕਰਦੀ ਹੈ, ਇਹ ਹਉਮੈ ਦੀ ਬੁੱਧ ਆ ਗਈ। ਮਹਾਰਾਜ ਅਸੀਂ ਤੁਹਾਡੇ ਅੱਗੇ ਤਾਂ ਗਾ ਸਕਦੇ ਹਾਂ, ਲੇਕਿਨ ਜੱਟਾਂ ਦੇ ਅੱਗੇ ਅਸੀਂ ਗਾਈਏ ਜਿਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਭੈਰਉ ਕੀ ਹੁੰਦੀ ਹੈ, ਗਉੜੀ ਕੀ ਹੁੰਦੀ ਹੈ। ਆਸਾ ਕੀ ਹੁੰਦਾ ਹੈ, ਰਾਮਕਲੀ ਕੀ ਹੁੰਦੀ ਹੈ। ਗੁਰੂ ਬਾਬਾ ਸੁਣਦਾ ਸੀ ਹੁਣ ਅਸੀਂ ਤੁਹਾਨੂੰ ਸੁਣਾ ਦਿੰਦੇ ਹਾਂ। ਮਹਾਰਾਜ ਕਹਿੰਦੇ ਅਸੀਂ ਨਹੀਂ ਸੁਣਨਾ। ਤੁਹਾਡੇ ਅੰਦਰ ਤਾਂ ਅਭਿਮਾਨ ਆ ਗਿਆ, ਰਸੀਏ ਤਾਂ ਤੁਸੀਂ ਰਹੇ ਨਾ। ਅਭਿਮਾਨੀ ਦਾ ਅਸੀਂ ਨਹੀਂ ਸੁਣਨਾ ਚਾਹੁੰਦੇ। ਕਹਿੰਦੇ, ਮਹਾਰਾਜ! ਅਸੀਂ ਇੱਕ ਗੱਲ ਦਸਦੇ ਹਾਂ ਤੁਹਾਨੂੰ, ਬਾਬਾ ਸ੍ਰੀ ਚੰਦ ਵੀ ਹੈਗੇ, ਬਾਬਾ ਲਖਮੀ ਚੰਦ ਹੈਗੇ, ਅਸੀਂ ਉਨ੍ਹਾਂ ਨੂੰ ਛੱਡ ਕੇ ਤੁਹਾਡੇ ਕੋਲ ਆਏ ਹਾਂ ਤੇ ਅਸੀਂ ਕੀਰਤਨ ਕਰਦੇ ਹਾਂ ਰਬਾਬ ਲੈ ਕੇ ਬੈਠਦੇ ਹਾਂ। ਸਾਜ਼ ਗਾਉਦੇ ਹਾਂ, ਬਾਣੀ ਸੁਣਾਉਂਦੇ ਹਾਂ ਤਾਂ ਸੰਗਤ ਤੁਹਾਡੇ ਆਲੇ-ਦੁਆਲੇ ਬਹਿੰਦੀ ਹੈ, ਜੇ ਅਸੀਂ ਹੀ ਨਾ ਬੈਠੇ ਤਾਂ ਤੁਰਦੀ-ਫਿਰਦੀ ਰਹੇਗੀ ਸੰਗਤ। ਤੁਹਾਨੂੰ ਗੁਰੂ ਕਿਹੜਾ ਮੰਨੇਗਾ। ਉਸ ਤੋਂ ਜ਼ਿਆਦਾ ਅਭਿਮਾਨ ਦੀ ਗੱਲ ਕਹਿ ਦਿੱਤੀ। ਉਸ ਵੇਲੇ ਮਹਾਰਾਜ ਕਹਿੰਦੇ! ਚੰਗਾ ਜਾਓ। ਕਹਿੰਦੇ, ਅਸੀਂ ਚਲੇ ਜਾਂਦੇ ਹਾਂ, ਸਾਨੂੰ ਜਾਣ ਨੂੰ ਨਹੀਂ ਸਾਨੂੰ ਥਾਉਂ ਬਥੇਰੇ ਨੇ। ਸਾਨੂੰ ਗੁਰੂ ਬਾਬੇ ਨੇ ਸ਼ਬਦ ਬਖਸ਼ਿਆ ਹੈ। ਸੁਰ ਦਾ ਗਿਆਨ ਦਿੱਤਾ ਹੈ। ਅਸੀਂ ਜਿੱਥੇ ਜਾ ਕੇ ਰਬਾਬ ਵਜਾਵਾਂਗੇ, ਸ਼ਬਦ ਬੋਲਾਂਗੇ ਉਥੇ ਸਾਡੇ ਆਲੇ-ਦੁਆਲੇ ਭੀੜਾਂ ਇਕੱਠੀਆਂ ਹੋ ਜਾਣੀਆਂ ਨੇ ਮਹਾਰਾਜ। ਅਸੀਂ ਤਾਂ ਬਚਨਾਂ ਦੇ ਬੰਨ੍ਹੇ ਹੋਏ ਤੁਹਾਡੇ ਦਰ 'ਤੇ ਬੈਠੇ ਹਾਂ, ਨਹੀਂ ਤਾਂ ਸਾਨੂੰ ਘਾਟਾ ਕਿਤੇ ਨਹੀਂ ਹੈ। ਮਹਾਰਾਜ ਕਹਿੰਦੇ ਜਾਓ ਫੇਰ ਤੁਸੀਂ। ਚਲੇ ਗਏ, ਬਾਬਾ ਸ੍ਰੀ ਚੰਦ ਜੀ ਦੇ ਕੋਲ ਚਲੇ ਗਏ। ਬਚਨ ਦਾ ਪਤਾ ਲੱਗਿਆ ਕਹਿੰਦੇ ਨਾ ਸਾਡੇ ਕੋਲ ਨਾ ਕੀਰਤਨ ਕਰੋ। ਬਾਹਰ ਜਾ ਕੇ ਜਿਹੜੇ ਚੰਗੇ-ਚੰਗੇ ਸਿੱਖ ਸੀਗੇ, ਉਨ੍ਹਾਂ ਦੀ ਜਾਣ-ਪਛਾਣ ਕੱਢ ਕੇ ਉਨ੍ਹਾਂ ਕੋਲ ਚਲੇ ਗਏ ਕਿ ਚਲੋ ਉਥੇ ਲਾਉਂਦੇ ਹਾਂ ਚੌਕੀਂ, ਉਹ ਕਹਿੰਦੇ ਤੁਸੀਂ ਤਾਂ ਗੁਰੂ ਨੂੰ ਪਿੱਠ ਦੇ ਕੇ ਆਏ ਓਂ, ਅਸੀਂ ਨਹੀਂ ਤੁਹਾਡਾ ਸ਼ਬਦ ਸੁਣਨਾ। ਸੱਤ ਦਿਨ ਲੰਘ ਗਏ, ਕਿਸੇ ਨੇ ਨਾ ਕੋਈ ਆਦਰ ਦਿੱਤਾ, ਨਾ ਕਿਤੇ ਕੀਰਤਨ ਹੋਇਆ। ਭੁੱਖੇ ਮਰਨੇ ਸ਼ੁਰੂ ਹੋ ਗਏ, ਉਸ ਵੇਲੇ ਫੇਰ ਗੁਰੂ ਮਹਾਰਾਜ ਕੋਲ ਆ ਗਏ, ਗੁਰੂ ਦਾ ਬਿਰਧ ਹੈ ਕਿ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***<br>
***ਇਹੁ ਬਿਰਦੁ ਸੁਆਮੀ ਸੰਦਾ ॥*** ***ਅੰਗ - 544***

ਦਿਆਲੂ ਕ੍ਰਿਪਾਲੂ ਹੁੰਦੇ ਨੇ, ਔਗੁਣ ਨਹੀਂ ਵਿਚਾਰਿਆ ਕਰਦੇ। ਉਸ ਵੇਲੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ! ਬਲਵੰਡ! ਅਸੀਂ ਤੁਹਾਡਾ ਗੁਰੂ ਨਾਨਕ ਦੇ ਕੀਰਤਨੀਏ ਹੋਣ ਦੇ ਨਾਤੇ, ਸਤਿਕਾਰ ਕਰਦੇ ਹਾਂ। ਤੁਸੀਂ ਗੁਰਸਿੱਖੀ ਨੂੰ ਨਹੀਂ ਸਮਝਿਆ। ਗਾਉਂਦੇ ਹੀ ਗਾਉਂਦੇ ਓਂ, ਤੁਹਾਡਾ ਸਿੱਖੀ ਦਾ Base ਨਹੀਂ ਹੈ, ਤੁਸੀਂ ਇਹ Point (ਨੁਕਤਾ) ਸਮਝ ਨਹੀਂ ਸਕੇ -

***ਧਾਰਨਾ - ਮੇਰਾ ਹੀ ਰੂਪ ਹੈ, ਮੇਰਾ ਜੋ ਸਿੱਖ ਪਿਆਰਾ।***

ਕਹਿਣ ਲੱਗੇ, ਭਾਈ ਬਲਵੰਡ, ਭਾਈ ਸੱਤੇ! ਇਹ ਬੜੀ ਭਾਰੀ ਤੁਹਾਡੀ ਗਲਤੀ ਸੀ, ਤੁਸੀਂ ਮੈਨੂੰ ਮੇਰੇ ਸਿੱਖਾਂ 'ਚ ਨਾ ਪਛਾਣ ਸਕੇ? ਦਇਆਲ ਹੋ ਗਏ, ਪ੍ਰਸੰਨ ਹੋ ਗਏ ਉਨ੍ਹਾਂ 'ਤੇ ਤੇ ਨਾਲ ਸਮਝਾਉਣਾ ਕੀਤਾ ਜਿਵੇਂ ਬੱਚਿਆਂ ਨੂੰ ਸਮਝਾਉਂਦੇ ਹੁੰਦੇ ਨੇ। ਕਹਿੰਦੇ ਹੁਣ ਦੁਬਾਰਾ ਨਾ ਕਿਸੇ ਸਿੱਖ ਦਾ ਮਨ ਭੰਗ ਕਰਿਓ। ਵਾਹਿਗੁਰੂ ਮਨ 'ਚ ਰਹਿੰਦਾ, ਮਨ ਵਾਹਿਗੁਰੂ 'ਚ ਰਹਿੰਦਾ ਹੈ। ਕਹਿੰਦੇ, ਮੇਰੇ ਸਿੱਖ ਮੇਰਾ ਧਿਆਨ ਹਰ ਵਕਤ ਰਖਦੇ ਨੇ ਤੇ ਮੈਂ ਹਰੇਕ ਸਿੱਖ ਦੇ ਅੰਦਰ ਰਹਿੰਦਾ ਹਾਂ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*** ***ਅੰਗ – 394***

ਗੁਰੂ ਸਿੱਖ ਤੋਂ ਕਦੇ ਅੱਡ ਨਹੀਂ ਹੋਇਆ ਕਰਦਾ, ਗੁਰੂ ਸਿੱਖ ਦੇ ਰੋਮ-ਰੋਮ 'ਚ ਰਚਿਆ ਹੁੰਦਾ ਹੈ। ਉਹ ਸਿੱਖ ਦੇ ਜਿਹੜਾ ਗੁਰੂ ਦੀ ਮਰਜ਼ੀ ਤੇ ਪਿਆਰ ਦੇ ਨਾਲ ਚਲਦਾ ਹੈ। ਜਿਹਨੇ –

***ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥***
***ਅੰਗ – 722***

ਪਿਆਰ ਦਾ ਸ਼ਿੰਗਾਰ ਬਣਾਇਆ ਹੋਇਆ ਹੈ ਤੇ ਆਦਰ ਤੇ ਸਤਿਕਾਰ ਦਾ ਇਹਨੇ ਸੁਰਮਾ ਪਾਇਆ ਹੋਇਆ ਹੈ। ਕਹਿੰਦੇ ਉਹਦੇ ਹਿਰਦੇ 'ਚ ਮੈਂ ਰਹਿੰਦਾ ਹਾਂ ਭਾਈ। ਬੰਦਗੀ ਕਰਨ ਵਾਲਾ, ਨਾਮ ਜਪਣ ਵਾਲਾ ਸਿੱਖ ਮੇਰਾ ਰੂਪ ਜਾਣਿਓ। ਇਹਦੇ 'ਚ ਭੋਰਾ ਜਿੰਨਾਂ ਵੀ ਭੇਦ ਨਾ ਜਾਨਿਓ। ਮਹਾਰਾਜ ਕਹਿੰਦੇ ਨੇ –

***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥*** ***(ਸਰਬ ਲੋਹ ਗ੍ਰੰਥ 'ਚੋਂ)***

ਕਹਿੰਦੇ ਗਵਾਹੀ ਦਿੰਦੇ ਹਾਂ ਅਸੀਂ ਗੁਰੂ ਨਾਨਕ ਦੀ ਤੇ ਪਾਰਬ੍ਰਹਮ ਦੀ ਕਿ ਅਸੀਂ ਇਹ ਗਲਤ ਗੱਲ ਨਹੀਂ ਕਰੀ। ਇੱਥੇ ਵੀ ਫੁਰਮਾਨ ਕਰਦੇ ਨੇ ਕਿ ਜਿਹੜਾ ਪ੍ਰੇਮ ਨਾਲ ਮੈਨੂੰ ਯਾਦ ਕਰਦਾ ਹੈ, ਹਿਰਦੇ 'ਚ ਮੇਰੀ ਖਿੱਚ ਕਰਦਾ ਹੈ ਕਹਿੰਦੇ ਮੈਂ ਕੋਲ ਖੜ੍ਹਾ ਦੇਖਦਾ ਹੁੰਦਾ ਹਾਂ ਉਹਦੇ। ਦਿਸਦਾ ਤਾਂ ਮੈਂ ਹੈ ਨਹੀਂ ਲੇਕਿਨ ਮੈਂ ਕੋਲ ਹੁੰਦਾ ਹਾਂ ਉਹਦੇ। ਗੁਰੂ ਦਾ ਬਚਨ ਜੋ ਹੈ ਦ੍ਰਿੜ੍ਹ ਕਰਕੇ ਹਿਰਦੇ ਦੇ ਅੰਦਰ ਬੰਨ੍ਹ ਲੈਂਦਾ ਹੈ, ਜਿਹੜਾ ਗੁਰੂ ਦੇ ਹਿਤ ਵਿੱਚ ਲੱਗ ਜਾਂਦਾ ਹੈ ਕਹਿੰਦੇ ਉਹ ਸਿੱਖ ਹੁੰਦਾ ਹੈ। ਭਗਤੀ ਕਰਕੇ, ਪੁੰਨ ਦਾਨ, ਨੇਕੀਆਂ ਕਰਕੇ ਸਾਰੀਆਂ ਗੁਰੂ ਦੇ ਖਜ਼ਾਨਿਆਂ 'ਚ ਜਮ੍ਹਾਂ ਕਰਾ ਦੇਵੇ। ਅਸੀਂ ਤਾਂ ਦਸਦੇ ਹਾਂ ਕਿ ਮੈਂ ਐਨਾ ਭਜਨ ਕਰਿਆ, ਮੈਂ ਐਨਾ ਪਾਠ ਕਰਦਾ ਹਾਂ। ਖਜ਼ਾਨੇ 'ਚ ਨਹੀਂ ਦਿੱਤਾ ਉਹ ਤਾਂ ਆਪਣੇ ਕੋਲ ਹੀ ਰੱਖਿਆ ਪਿਆ ਹੈ। ਕਹਿੰਦੇ, ਜਿਹੜਾ ਇਸ ਤਰ੍ਹਾਂ ਦੇ ਨਾਲ ਕਰਦਾ ਹੈ ਉਹ ਜੀਵਨ ਮੁਕਤ ਵਿਚਰਦਾ ਹੈ। ਸਿੱਖ ਤੇ ਗੁਰੂ ਦੇ ਵਿੱਚ ਕੋਈ ਭੇਦ ਨਹੀਂ ਹੈਗਾ। ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਭਾਈ ਬੁੱਧੂ ਜੀ ਆਏ ਲਾਹੌਰ ਤੋਂ, ਪਾਤਸ਼ਾਹ! ਦਸਵੰਧ ਵੀ ਦਿੰਦਾ ਹਾਂ, ਹੋਰ ਵੀ ਮੈਂ ਬਾਣੀਆਂ ਪੜ੍ਹਦਾ ਹਾਂ। ਲੇਕਿਨ ਮੇਰਾ ਕਾਰੋਬਾਰ ਪਿੱਛੇ ਨੂੰ ਤੁਰਿਆ ਜਾਂਦਾ ਹੈ ਤੇ ਐਨਾ ਥੱਲੇ ਚਲਿਆ ਗਿਆ ਕਿ ਮੇਰਾ ਰੋਮ-ਰੋਮ ਰਿਣੀ ਹੋ ਗਿਆ।

ਕਰਜ਼ਾ ਹੀ ਕਰਜ਼ਾ ਦੇਣਾ ਹੈ ਮੇਰੇ ਕੋਲ ਨਹੀਂ ਕੁਛ। ਮੇਰੇ 'ਤੇ ਕ੍ਰਿਪਾ ਕਰੋ। ਮਹਾਰਾਜ ਕਹਿੰਦੇ ਦੇਖ ਦਲਿੱਦਰ ਜਾਣ ਵਾਸਤੇ ਦੋ ਚੀਜ਼ਾਂ ਹੁੰਦੀਆਂ ਨੇ ਇੱਕ ਤਾਂ ਗੁਰੂ ਦਾ ਧਨ ਜਿਹੜਾ ਹੈ ਨਾ ਉਹ ਦੇਣਾ ਚਾਹੀਦਾ ਹੈ, ਦਸਵੰਧ ਗੁਰੂ ਦਾ ਰੱਖਣਾ ਨਹੀਂ ਚਾਹੀਦਾ। ਦੂਸਰਾ ਇਹ ਹੈ ਕਿ ਸੰਗਤਾਂ ਦੀ ਸੇਵਾ ਕਰ। ਜਦੋਂ ਤੂੰ ਸੰਗਤਾਂ ਦੀ ਸੇਵਾ ਕਰੇਂਗਾ। ਸੰਗਤਾਂ 'ਚ ਗੁਰੂ ਵਸਦਾ ਹੈ ਗੁਰੂ ਪ੍ਰਸੰਨ ਹੋਏਗਾ, ਉਸ ਵੇਲੇ ਜੋ ਕੁਛ ਮੰਗੇਗਾ, ਅਰਦਾਸ ਕਰਾਏਂਗਾ, ਉਹ ਅਰਦਾਸ ਪੂਰੀ ਹੋ ਜਾਏਗੀ, ਤੇਰਾ ਕਾਰੋਬਾਰ ਚੱਲ ਜਾਏਗਾ। ਉਸ ਨੇ ਪ੍ਰੋਗਰਾਮ ਬਣਾ ਲਿਆ, ਲਾਹੌਰ ਦੀਆਂ ਸੰਗਤਾਂ ਦਾ ਇਕੱਠ ਗੁਰੂ ਮਹਾਰਾਜ ਸਮੇਤ ਆਪਣੇ ਘਰ ਬੁਲਾਇਆ। ਬੜਾ ਭਾਰਾ ਲੰਗਰ ਤਿਆਰ ਕਰਿਆ। ਲੰਗਰ ਵਰਤ ਰਿਹਾ ਹੈ ਲੇਕਿਨ ਬਹੁਤਾ ਇਕੱਠ ਹੋਣ ਦੇ ਡਰ ਤੋਂ ਬਾਹਰਲੀ ਡਿਊਡੀ ਦਾ ਦਰਵਾਜ਼ਾ ਬੰਦ ਕਰਾ ਦਿੱਤਾ ਤੇ ਐਨੇ ਨੂੰ ਇੱਕ ਗੁਰਸਿੱਖ ਆਇਆ, ਉਹਨੇ ਆ ਕੇ ਦਰਵਾਜ਼ਾ ਖੜਕਾਇਆ, ਜਿਹੜੇ ਉਥੇ ਪਹਿਰੇ 'ਤੇ ਸੀ ਉਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਰਿਹਾ ਹੈ, ਉਹ ਕਹਿੰਦਾ ਮੈਂ ਤਾਂ ਹੁਣੇ ਹੀ ਅੰਦਰ ਆਉਣਾ ਹੈ, ਇੱਕ ਤਾਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਹੈ। ਇੱਕ ਮੈਂ ਗੁਰੂ ਮਹਾਰਾਜ ਦੇ ਹੁਣੇ ਹੀ ਦਰਸ਼ਨ ਕਰਨੇ ਨੇ ਤੇ ਮੈਂ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ। ਇੱਕ ਪਲ ਵੀ ਜਿਹੜਾ ਮੈਨੂੰ ਲੰਘ ਰਿਹਾ ਹੈ ਮੈਨੂੰ ਚਾਰ ਪਹਿਰ ਬਰਾਬਰ ਲੰਘ ਰਿਹਾ ਹੈ। ਰੌਲਾ ਪੈ ਗਿਆ ਤੇ ਭਾਈ ਬੁੱਧੂ ਜੀ ਆਪ ਆਏ। ਕਹਿਣ ਲੱਗੇ, ਜੇ ਤੂੰ ਐਨਾ ਭੁੱਖਾ ਸੀ ਪ੍ਰਸ਼ਾਦਾ ਤੁਹਾਨੂੰ ਪਹਿਲਾਂ ਆ ਜਾਣਾ ਚਾਹੀਦਾ ਸੀ। ਜੇ ਦਰਸ਼ਨਾਂ ਦੀ ਤੇਰੇ ਮਨ ਵਿੱਚ ਐਨੀ ਖਿੱਚ ਸੀ ਗੁਰੂ ਸਾਹਿਬ ਕਦੋਂ ਦੇ ਆਏ ਹੋਏ ਸੀ ਤੂੰ ਹੁਣ ਕਿਉਂ ਆਇਆ ਹੈਂ ਐਨੀ ਦੇਰ ਤੋਂ ਬਾਅਦ, ਹੁਣ ਤੂੰ ਕਾਹਲੀ ਪਾਉਂਦਾ ਹੈਂ। ਹੁਣ ਨਹੀਂ ਪੰਗਤ ਲੱਗੀ ਹੋਈ ਹੈ, ਉਸ ਤੋਂ ਬਾਅਦ ਅੰਦਰ ਆ ਜਾਈਂ ਤੇ ਪ੍ਰਸ਼ਾਦ ਵੀ ਛਕ ਲਈਂ। ਉਧਰ ਅਰਦਾਸ ਹੁੰਦੀ ਹੈ ਕਿ ਭਾਈ ਬੁੱਧੂ ਪੱਕੇ ਨੇ, ਇਹਨੂੰ ਮੁਨਾਫਾ ਹੋਵੇ ਸੱਚੇ ਪਾਤਸ਼ਾਹ। ਤੇਰੀਆਂ ਸੰਗਤਾਂ ਦੀ ਸੇਵਾ ਕਰੀ ਹੈ –

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥*** ***ਅੰਗ – 266***

ਉਧਰੋਂ ਆਵਾਜ਼ ਆ ਰਹੀ ਹੈ ਕਿ ਬੁੱਧੂ ਦੇ ਆਵੇ ਕੱਚੇ ਰਹਿਣਗੇ–ਕੱਚੇ ਰਹਿਣਗੇ–ਕੱਚੇ ਰਹਿਣਗੇ। ਇਹਦੇ ਕੰਨ 'ਚ ਆਵਾਜ਼ ਪੈ ਗਈ। ਆਇਆ ਦੌੜ ਕੇ ਕਹਿੰਦਾ ਸੰਗਤ ਦੀ ਅਰਦਾਸ ਇੱਕ ਪਾਸੇ ਹੈ, ਗੁਰੂ ਸਾਹਿਬ ਹਾਜ਼ਰ ਨੇ। ਤੂੰ ਕਿਹੜੇ ਮਾਣ ਨਾਲ ਕਹਿੰਦਾ ਹੈਂ, ਉਹ ਕਹਿੰਦਾ ਭਾਈ ਬੁੱਧੂ ਮੇਰੀ ਵੀ ਜ਼ੁਬਾਨ ਦੇ ਉਤੇ ਸਤਿਗੁਰੂ ਹੀ ਬੈਠ ਕੇ ਬੋਲਿਆ ਹੈ। ਸੰਸਾ ਪੈ ਗਿਆ, ਗੁਰੂ ਮਹਾਰਾਜ ਕੋਲ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਹੋਰ ਸਭ ਠੀਕ ਹੈ। ਇੱਕ ਸੰਸਾ ਪੈ ਗਿਆ ਮਨ ਦੇ ਅੰਦਰ। ਜਦੋਂ ਅਰਦਾਸ ਹੋ ਰਹੀ ਸੀ ਤਾਂ ਇੱਕ ਐਵੇਂ ਕਮਲਾ ਜਿਹਾ ਸਿੱਖ, ਮਸਤਾਨਾ ਜਿਹਾ ਬਾਹਰ ਆ ਕੇ ਦਰਵਾਜ਼ੇ ਭੰਨ੍ਹਣ ਲਗ ਗਿਆ ਕਿ ਮੈਂ ਛੇਤੀ ਦਰਸ਼ਨ ਕਰਨੇ ਨੇ, ਮੈਨੂੰ ਛੇਤੀ ਪ੍ਰਸ਼ਾਦਾ ਛਕਾਓ। ਮਹਾਰਾਜ! ਜਦੋਂ ਅਰਦਾਸ ਹੋ ਰਹੀ ਸੀ ਤਾਂ ਉਹਨੇ ਕਹਿ ਦਿੱਤਾ ਕਿ ਆਵੇ ਕੱਚੇ ਰਹਿਣਗੇ, ਕੱਚੇ ਰਹਿਣਗੇ,

ਕੱਚੇ ਰਹਿਣਗੇ। ਕਹਿੰਦੇ, ਕੌਣ ਸੀ? ਕਹਿੰਦੇ, ਉਹ ਤਾਂ ਐਵੇਂ ਹੀ ਹੈ, ਇੱਥੇ ਗਲੀਆਂ 'ਚ ਫਿਰਦਾ ਰਹਿੰਦਾ ਹੈ, ਧਾੜਵੀ। ਫੇਰ ਵੀ ਆਦਰ ਨਾਲ ਨਹੀਂ ਬੋਲਿਆ। ਜੇ ਬਾਲਮੀਕ ਡਾਕੂ ਸੀ ਤਾਂ ਰਿਸ਼ੀ ਵੀ ਬਹੁਤ ਉੱਚਾ ਹੋਇਆ ਹੈ। ਅਸੀਂ ਉਹਨੂੰ ਡਾਕੂ-ਡਾਕੂ ਕਿਉਂ ਕਹੀ ਜਾਈਏ, ਉਹ ਮਹਾਂਪੁਰਸ਼ ਸੀ, ਜੇ ਸੱਜਣ ਠੱਗ ਸੀ ਤਾਂ ਭਾਈ ਸੱਜਣ ਬਣਾਇਆ ਗੁਰੂ ਨਾਨਕ ਪਾਤਸ਼ਾਹ ਨੇ, ਸਾਨੂੰ ਸੱਜਣ ਠੱਗ ਨਹੀਂ ਕਹਿਣਾ ਬਣਦਾ। ਕਿਉਂਕਿ ਸਾਡੇ ਨਾਲੋਂ ਤਾਂ ਕਰੋੜਾਂ ਗੁਣਾਂ ਉੱਚਾ ਹੈ ਉਹ, ਜਿਹਨੂੰ ਮੰਜੀ 'ਤੇ ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਹੱਥ ਨਾਲ ਬਿਠਾ ਦਿੱਤਾ ਸੀ, ਅਸੀਂ ਪਿਛਲੀ ਗੱਲ ਕਿਉਂ ਕਹੀਏ, ਕੀ ਪਤਾ ਉਸ ਤੋਂ ਜ਼ਿਆਦਾ ਠੱਗ ਅਸੀਂ ਹੋਈਏ। ਇਹ ਨਹੀਂ ਗਿਣਦਾ, ਡਾਕੂ ਹੀ ਦਸਦਾ ਹੈ, ਮਹਾਰਾਜ ਕਹਿੰਦੇ ਭਾਈ 'ਲੱਖੂ' ਨੇ ਕਹਿ ਦਿੱਤਾ। ਕਹਿੰਦੇ, ਫੇਰ ਨਹੀਂ, ਫੇਰ ਤੇਰੇ ਆਵੇ ਕੱਚੇ ਨੇ। ਪਾਤਸ਼ਾਹ! ਤੁਸੀਂ ਤਾਂ ਸਮਰੱਥ ਓਂ ਤੇ ਤੁਹਾਡਾ ਸਿੱਖ ਹੈ ਉਹ ਮੇਰੇ 'ਚ ਅਭੇਦ ਹੈ। ਹਰ ਵਕਤ ਮੇਰੇ ਵਿੱਚ ਵਸਦਾ ਹੈ ਤੇ ਮੇਰੀ ਜ਼ੁਬਾਨ 'ਤੇ ਮੈਂ ਹੀ ਬੋਲਿਆ ਹਾਂ। ਜਦੋਂ ਮੈਂ ਉਹਦੀ ਜ਼ੁਬਾਨ ਤੋਂ ਬੈਠ ਕੇ ਬੋਲਿਆ ਹਾਂ, ਮੈਂ ਜਿਹੜਾ ਬੰਨ੍ਹਿਆ ਸੀ ਨਿਯਮ ਉਹ ਮੇਰਾ ਉਨ੍ਹਾਂ ਨੇ ਤੋੜ ਦਿੱਤਾ। ਮੇਰੇ ਵਿੱਚ ਹੁਣ ਤਾਕਤ ਨਹੀਂ ਹੈ -

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ।***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ - 1253***

ਭਾਈ ਬੁੱਧੂ ਉਹ ਤਾਂ ਅਭੇਦ ਅਵਸਥਾ ਦਾ ਗੁਰਸਿੱਖ ਹੈ, ਮੈਂ ਹੀ ਉਹਦੀ ਜ਼ੁਬਾਨ 'ਤੇ ਬੈਠ ਕੇ ਬੋਲਿਆ ਹਾਂ। ਗੁਰੂ ਅੰਗਦ ਸਾਹਿਬ ਮਹਾਰਾਜ ਫੁਰਮਾਨ ਕਰਦੇ ਨੇ ਕਿ ਗੁਰੂ ਮਹਾਰਾਜ ਕਹਿਣ ਲੱਗੇ, ਗੁਰੂ ਪੰਜਵੇਂ ਪਾਤਸ਼ਾਹ ਤੂੰ ਉਦਾਸ ਨਾ ਹੋ, ਆਵੇ ਤਾਂ ਤੇਰੇ ਕੱਚੇ ਰਹਿਣਗੇ, ਪਰ ਪੱਕਿਆਂ ਤੋਂ ਮਹਿੰਗੇ ਵਿਕਣਗੇ, ਤੈਨੂੰ ਘਾਟਾ ਕੋਈ ਨਹੀਂ ਰਹੇਗਾ। ਆਵੇ ਹੀ ਕੱਚੇ ਕਿਹਾ ਹੈ ਨਾ ਉਹਨੇ। ਮੁਨਾਫੇ ਨੂੰ ਤਾਂ ਨਹੀਂ ਕਿਹਾ, ਮੁਨਾਫਾ ਤੈਨੂੰ ਪੂਰਾ ਹੋਏਗਾ। ਮਹਾਰਾਜ ਗੁਰੂ ਅੰਗਦ ਸਾਹਿਬ ਨੇ ਕਿਹਾ ਕਿ ਉਹ ਤਾਂ ਅਭੇਦ ਅਵਸਥਾ ਦਾ ਗੁਰਸਿੱਖ ਹੈ, ਉਹਦੀ ਕਹੀ ਹੋਈ ਮੋੜੀ ਨਹੀਂ ਜਾਂਦੀ ਸਾਡੇ ਤੋਂ।

ਇਸ ਤਰ੍ਹਾਂ ਮਹਾਰਾਜ ਨੇ ਇਜਾਜ਼ਤ ਦੇ ਦਿੱਤੀ, ਗੁਰੂ ਤੀਸਰੇ ਪਾਤਸ਼ਾਹ ਵੇਲੇ, ਚੌਥੇ ਪਾਤਸ਼ਾਹ ਵੇਲੇ, ਇਹ ਕੀਰਤਨ ਤਾਂ ਕਰਦੇ ਰਹੇ, ਲੇਕਿਨ ਭਿੱਜੇ ਨਾ। ਆਦਮੀ ਓਨੀਂ ਦੇਰ ਤਕ ਨਹੀਂ ਭਿੱਜਦਾ, ਜਿੰਨਾਂ ਚਿਰ ਤਕ ਬ੍ਰਹਮਗਿਆਨ ਨਹੀਂ ਹੁੰਦਾ, ਓਨੀਂ ਦੇਰ ਤਕ ਆਦਮੀ ਦਾ ਸੁਭਾਅ ਨਹੀਂ ਬਦਲਿਆ ਕਰਦਾ। ਸੁਭਾਅ ਪ੍ਰਾਕ੍ਰਿਤੀ ਦੇ ਉਤੇ ਹੈ, ਇਹ ਫੇਰ ਜ਼ੋਰ ਪਾ ਜਾਂਦੀ ਹੈ, ਭੁਲੇਖਾ ਦੇਖ ਕੇ ਫੇਰ ਉਥੇ ਦਾ ਉਥੇ ਬੰਦਾ ਆ ਜਾਂਦਾ ਹੈ। ਸੁਭਾਅ ਨੂੰ ਕੁੱਤੇ ਦੀ ਪੂੰਛ ਨਾਲ ਤਸ਼ਵੀਹ ਦਿੰਦੇ ਨੇ, ਬਾਰ੍ਹਾਂ ਸਾਲ ਨਲਕੀ 'ਚ ਰੱਖੋ, ਜਦੋਂ ਕੱਢ ਲਓ ਫੇਰ ਵਿੰਗੀ ਦੀ ਵਿੰਗੀ। ਇਹ ਆਦਮੀ ਦਾ

basic ਸੁਭਾਅ ਹੋਇਆ ਕਰਦਾ ਹੈ। ਗੁਣਾਂ ਦੇ ਹਿਸਾਬ ਨਾਲ ਸੁਭਾਅ ਚਲਦਾ ਹੈ। ਇਹ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦਾ ਸਮਾਂ ਆ ਗਿਆ, ਗੁਰੂ ਮਹਾਰਾਜ ਦੀ ਬਹੁਤ ਵੱਡੀ ਵਿਰੋਧਤਾ ਪ੍ਰਿਥੀਆ ਕਰ ਰਿਹਾ ਹੈ, ਕਿਸੇ ਪਾਸਿਓਂ ਗੁਰੂ ਦਰਬਾਰ ਦੇ ਅੰਦਰ ਕੋਈ ਪੂਜਾ ਨਹੀਂ ਆਉਣ ਦਿੰਦਾ, ਲੰਗਰ ਦੇ ਵਿੱਚ ਭੇਜ ਦਿੰਦਾ ਹੈ ਸੰਗਤਾਂ ਨੂੰ, ਪੂਜਾ ਸਾਰੀ ਆਪ ਲੈ ਲੈਂਦਾ ਹੈ, ਕੋਈ ਦਸਵੰਧ ਨਹੀਂ ਆਉਣ ਦਿੰਦਾ, ਐਸੀ ਹਾਲਤ ਚੱਲ ਰਹੀ ਹੈ ਤੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਸਤਿਗੁਰੂ ਇਹ ਨੇ ਤੇ ਉਸ ਵੇਲੇ ਸੰਗਤਾਂ ਆਉਣੀਆਂ ਸ਼ੁਰੂ ਹੋਈਆਂ, ਲੇਕਿਨ ਵਿਰੋਧਤਾ ਬੜੀ ਜ਼ਬਰਦਸਤ ਸੀ, ਇਨ੍ਹਾਂ ਦੇ ਮਨ ਵਿੱਚ ਸ਼ਰਧਾ ਨਹੀਂ ਸੀ ਗੁਰੂਆਂ ਦੀ ਆ ਰਹੀ। ਦੇਖਦੇ ਸੀ ਸਾਰੇ ਕੌਤਕ, ਲੇਕਿਨ ਸ਼ਰਧਾ ਤੋਂ ਹੀਣੇ ਸੀ। ਗਾਉਂਦੇ ਸੀ, ਕੀਰਤਨ ਕਰਦੇ ਸੀ। ਜ਼ੁਬਾਨ ਦੇ ਉੱਤੇ ਰਸ ਸੀ, ਗੁਰੂ ਦੀ ਕ੍ਰਿਪਾ ਸੀ, ਸ਼ਬਦ ਦੀ ਸੋਝੀ ਸੀ, ਸੁਰ ਦੀ ਸੋਝੀ ਸੀ ਪਰ ਅੰਦਰੋਂ ਇੱਕ ਘਾਟ ਸੀ ਕਿ ਸ਼ਰਧਾ ਨਹੀਂ ਸੀ। ਠਾਠ ਦੇ ਵਿੱਚ ਰਹਿੰਦੇ ਸੀ, ਰਸੀਏ ਨਹੀਂ ਸੀ ਬਣੇ, ਮਾਣ ਵਾਲੇ ਬਣੇ ਰਹੇ। ਮਾਣ ਬੇਅੰਤ ਹੀ ਸੀ ਗੁਰੂ ਦੇ ਹਜ਼ੂਰੀ ਰਾਗੀ ਹੋਣ ਨਾਲ। ਦੂਰ-ਦਰਾਜ਼ ਤੋਂ ਸੰਗਤਾਂ ਆਉਂਦੀਆਂ ਸੀ ਮਾਣ ਦਿੰਦੀਆਂ ਸੀ ਉਨ੍ਹਾਂ ਨੂੰ ਤੇ ਅੱਜ ਗੁਰੂ ਮਹਾਰਾਜ ਦੇ ਹਜ਼ੂਰ ਆਏ, ਕਹਿਣ ਲੱਗੇ ਸੱਚੇ ਪਾਤਸ਼ਾਹ! ਲੜਕੀ ਦੀ ਸ਼ਾਦੀ ਹੈ, ਉਹਦੇ ਵਾਸਤੇ ਸਾਨੂੰ ਮਾਇਆ ਦੀ ਲੋੜ ਹੈ। ਮਹਾਰਾਜ ਕਹਿੰਦੇ, ਕਿੰਨੀ ਕੁ ਮਾਇਆ ਚਾਹੀਦੀ ਹੈ। ਕਹਿੰਦੇ ਮਹਾਰਾਜ ਘੱਟ ਤੋਂ ਘੱਟ ਪੰਜ ਸੌ ਰੁਪਿਆ ਚਾਹੀਦਾ ਹੈ। ਜਦ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਸੀ, ਹਿਸਾਬ ਲਾ ਲਓ ਕਿ ਕਿੰਨੇ ਰੁਪਏ ਹੋਣਗੇ। ਅੱਜ ਦੇ ਲੱਖਾਂ ਰੁਪਏ ਬਣ ਗਏ। ਮਹਾਰਾਜ ਕਹਿੰਦੇ, ਦੇਖੋ ਸ਼ਾਦੀਆਂ 'ਤੇ ਐਨਾ ਖਰਚ ਨਹੀਂ ਕਰੀਦਾ, ਸਿੱਧੇ-ਸਾਦੇ ਰਹੀਦਾ ਹੁੰਦਾ ਹੈ, ਥੋੜ੍ਹਾ ਜਿਹਾ ਖਰਚ ਕਰੀਦਾ ਹੁੰਦਾ ਹੈ, ਐਡਾ ਵੱਡਾ ਖਰਚ ਤੁਸੀਂ ਕਰਨ ਲੱਗੇ ਓਂ ਤੇ ਤੁਸੀਂ ਇਸ ਤਰ੍ਹਾਂ ਨਾ ਕਰੋ। ਕਹਿਣ ਲੱਗੇ, ਮਹਾਰਾਜ! ਜੇ ਪੰਜ ਸੌ ਤੁਸੀਂ ਨਕਦ ਨਹੀਂ ਦੇਣਾ ਤਾਂ ਐਉਂ ਕਰੋ ਜਿਹੜਾ ਕੱਲ੍ਹ ਨੂੰ ਚੜ੍ਹਾਵਾ ਆਏਗਾ, ਉਹ ਸਾਨੂੰ ਦੇ ਦਿਓ। ਵੱਡਾ ਦੀਵਾਨ ਸੀ ਦੂਸਰੇ ਦਿਨ ਤੇ ਇਨ੍ਹਾਂ ਦਾ ਖਿਆਲ ਸੀ ਕਿ ਇੱਥੇ ਤਾਂ ਬੜਾ ਚੜ੍ਹਾਵਾ ਚੜ੍ਹ ਜਾਂਦਾ ਹੈ, ਚਾਰ-ਚਾਰ, ਪੰਜ-ਪੰਜ ਸੌ ਰੁਪਿਆ ਤਾਂ ਸਹਿਜੇ ਹੀ ਹੋ ਜਾਂਦਾ ਹੈ ਤੇ ਦੀਵਾਨ ਵੀ ਖਾਸ ਹੈ ਤੇ ਕੁਛ ਜ਼ਿਆਦਾ ਪੈਸੇ ਚੜ੍ਹਨਗੇ। ਲਾਲਚ ਵਿੱਚ ਆ ਗਏ। ਲੋਭ ਆਦਮੀ ਨੂੰ ਖਤਮ ਕਰ ਦਿੰਦਾ ਹੈ ਜਿਵੇਂ ਪਾਣੀ ਨੂੰ ਬੂਰ ਖਤਮ ਕਰਦਾ ਹੈ। ਮਹਾਰਾਜ ਕਹਿੰਦੇ ਚੰਗਾ ਜੋ ਤੁਹਾਡੀ ਇੱਛਿਆ ਹੈ, ਠੀਕ ਹੈ। ਦੂਸਰੇ ਦਿਨ ਕੁਛ ਐਸਾ ਹੋਇਆ ਕਿ ਚੜ੍ਹਾਵਾ ਨਾ ਆਇਆ, ਸੰਗਤ ਲੇਟ ਆਈ, ਜਿਹੜੇ ਬਾਹਰੋਂ ਆਏ ਹੋਏ ਸੀ ਦੂਰ-ਦਰਾਜ਼ ਪਿਸ਼ਾਵਰ ਵਲੋਂ, ਹਿੰਦੋਸਤਾਨ ਭਰ 'ਚੋਂ, ਉਹ ਵੀ ਸਵੇਰ ਦੇ ਦੀਵਾਨ 'ਚ ਮੱਥਾ ਟੇਕਣ ਆਏ, ਥੱਕੇ ਹੋਏ ਬਹੁਤ ਸੀ ਲੇਟ ਆਏ ਸੀ ਤੇ ਮਹਾਰਾਜ ਨਾਲ ਬਚਨ ਵੀ ਕਰਨੇ ਸੀ ਕਿ ਸ਼ਾਮ ਨੂੰ ਮਹਾਰਾਜ ਦੇ ਦਰਸ਼ਨ ਕਰਾਂਗੇ ਤੇ ਬਚਨ ਵੀ ਕਰਾਂਗੇ ਤੇ ਚੜ੍ਹਾਵਾ ਵੀ ਦੇਵਾਂਗੇ। ਐਸੀ ਕੁਦਰਤ ਹੋਈ ਕਿ ਚੜ੍ਹਾਵਾ ਨਾ ਚੜ੍ਹਿਆ, ਸਿਰਫ ਸੌ ਰੁਪਿਆ ਚੜ੍ਹਿਆ।

ਇਹ ਜਦੋਂ ਸੌ ਰੁਪਿਆ ਉਨ੍ਹਾਂ ਨੇ ਦੇਖਿਆ, ਉਸ ਵੇਲੇ ਨਰਾਜ਼ ਹੋ ਗਏ, ਕਹਿੰਦੇ ਇੱਥੇ ਕੀ ਕੀਰਤਨ ਕਰਨਾ ਹੈ। ਦੂਸਰੇ ਦਿਨ ਕੀਰਤਨ ਕਰਨ ਆਏ, ਦੀਵਾਨ ਸਜ ਗਿਆ ਕੀਰਤਨ ਵਾਲੇ ਆਏ ਨਹੀਂ। ਉਸ ਵੇਲੇ ਗੁਰਸਿੱਖ ਗਏ ਜਾ ਕੇ ਕਿਹਾ ਕਿ ਭਾਈ ਆਓ, ਗੁਰੂ ਮਹਾਰਾਜ ਆਉਣ ਵਾਲੇ ਨੇ ਤੇ ਸੰਗਤਾਂ ਬੈਠੀਆਂ ਨੇ ਤੁਹਾਡਾ ਇੰਤਜ਼ਾਰ ਕਰਦੀਆਂ ਨੇ ਤੇ ਤੁਸੀਂ ਆਓ ਕੀਰਤਨ ਕਰੋ। ਕਹਿੰਦੇ, ਅਸੀਂ ਨਹੀਂ ਕਰਨਾ, ਅਖੀਰ ਨੌਬਤ ਇੱਥੇ ਤੱਕ ਆ ਗਈ ਕਿ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਆ ਗਏ ਤੇ ਉਨ੍ਹਾਂ ਨੇ ਆ ਕੇ ਜਦੋਂ ਕਿਹਾ ਕਿ ਆਏ ਨਹੀਂ ਭਾਈ ਰਾਗੀ, ਕਹਿੰਦੇ ਮਹਾਰਾਜ ਪਤਾ ਨਹੀਂ ਅੱਜ ਕੀ ਹੋ ਗਿਆ। ਉਹ ਤਾਂ ਬੜੀਆਂ ਰੁੱਖੀਆਂ ਗੱਲਾਂ ਕਰਦੇ ਨੇ। ਮਹਾਰਾਜ ਕਹਿੰਦੇ, ਚਲੋ ਆਪਾਂ ਚਲਦੇ ਹਾਂ, ਮਹਾਰਾਜ ਜੀ ਆਪ ਹੀ ਚਲੇ ਗਏ, ਦੋ ਸਿੱਖ ਨਾਲ ਲੈ ਲਏ। ਆਵਾਜ਼ ਦਿੱਤੀ, ਭਾਈ ਬਲਵੰਡ! ਭਾਈ ਸੱਤਾ? ਜਵਾਬ ਨਹੀਂ ਦਿੱਤਾ। ਮਹਾਰਾਜ ਨੇ ਦੂਸਰੀ ਤੀਸਰੀ ਆਵਾਜ਼ ਦਿੱਤੀ ਕਿ ਬਾਹਰ ਤਾਂ ਆਓ ਤੁਸੀਂ, ਗੱਲ ਦੱਸੋ ਕੀ ਹੈ ਕਹਿੰਦੇ ਗੱਲ ਅਸੀਂ ਤੁਹਾਡੇ ਨਾਲ ਕੀ ਕਰਨੀ ਹੈ, ਤੁਹਾਡੀ ਗੁਰਿਆਈ ਅਸੀਂ ਚਲਾ ਰਹੇ ਹਾਂ ਤੇ ਸਾਡੇ ਨਾਲ ਐਡਾ ਧੋਖਾ, ਤੁਸੀਂ ਸਾਰਿਆਂ ਨੂੰ ਵਰਜ ਦਿੱਤਾ ਕਿ ਚੜ੍ਹਾਵਾ ਨਾ ਚੜ੍ਹਾਇਓ ਤੇ ਅੱਗੇ ਚਾਰ-ਚਾਰ, ਪੰਜ-ਪੰਜ ਸੌ ਹਜ਼ਾਰ ਚੜ੍ਹਦਾ ਹੈ, ਮੋਹਰਾਂ ਚੜ੍ਹਦੀਆਂ ਨੇ, ਸੋਨੇ ਦੇ ਗਹਿਣੇ ਚੜ੍ਹਦੇ ਨੇ ਤੇ ਅੱਜ ਕੁਛ ਵੀ ਨਾ ਆਇਆ ਤੇ ਤੁਸੀਂ ਅੰਦਰੋਂ ਕਹਿੰਦੇ ਓਂ ਕਿ ਅਸੀਂ ਤਿਆਗੀ ਹਾਂ, ਤੁਸੀਂ ਤਿਆਗੀ ਨਹੀਂ ਤੁਸੀਂ ਮਾਇਆਧਾਰੀ ਓਂ ਤੇ ਮਾਇਆ ਰੋਕ ਦਿੱਤੀ ਤੁਸੀਂ ਸਾਰੀ। ਸ਼ਕਤੀ ਨਾਲ ਰੋਕ ਦਿੱਤੀ, ਇਨ੍ਹਾਂ ਨੂੰ ਪਤਾ ਨਹੀਂ ਸੀ ਸਾਧਸੰਗਤ ਜੀ ਕਿ ਇਹ ਮਾਇਆ ਦੇ ਵਿਚ ਬੇਅੰਤ ਬਰਕਤ ਹੈ, ਬਹੁਤ ਵੱਡੀਆਂ ਬਰਕਤਾਂ ਹੁੰਦੀਆਂ ਨੇ ਗੁਰੂ ਦੀ ਦਾਤ ਹੋਏ, ਇੱਕ ਰੁਪਏ 'ਚ ਵੀ ਬਰਕਤ ਹੁੰਦੀ ਹੈ। ਜਿਹੜੀ ਗੁਰੂ ਦੀ ਬਖਸ਼ਿਸ਼ ਨਾਲ ਮਿਲੇ ਉਹ ਬਰਕਤਾਂ ਹੀ ਬਰਕਤਾਂ ਹੋਇਆ ਕਰਦੀਆਂ ਨੇ। ਇਸ ਗੱਲ ਤੋਂ ਇਹ ਅਣਜਾਣ ਸੀ, ਸੋ ਵਧਵੀਆਂ ਘਟਵੀਆਂ ਗੱਲਾਂ, ਇੱਥੇ ਤੱਕ ਗੱਲ ਕਹਿ ਗਏ ਕਿ ਜੇ ਅਸੀਂ ਨਾ ਹੁੰਦੇ, ਸਾਡਾ ਭਰਾ ਮਰਦਾਨਾ ਨਾ ਹੁੰਦਾ, ਗੁਰੂ ਨਾਨਕ ਨੂੰ ਕੀਹਨੇ ਪੁੱਛਣਾ ਸੀ, ਬਥੇਰੇ ਸਾਧ ਤੁਰੇ ਫਿਰਦੇ ਸੀ, ਓਹੀ ਸੀ ਜਿਹੜਾ ਰਬਾਬ ਲੈ ਕੇ ਕੀਰਤਨ ਕਰਦਾ ਸੀ, ਲੋਕ ਇਕੱਠੇ ਹੋ ਜਾਂਦੇ ਸੀ, ਫੇਰ ਗੁਰੂ ਨਾਨਕ ਨੂੰ ਮੌਕਾ ਮਿਲਦਾ ਸੀ ਗੱਲ ਕਰਨ ਦਾ। ਇਕੱਠ ਤਾਂ ਅਸੀਂ ਕਰਦੇ ਹਾਂ, ਜੇ ਅਸੀਂ ਦੂਜੇ ਪਾਤਸ਼ਾਹ, ਤੀਸਰੇ, ਚੌਥੇ ਤੇ ਤੁਹਾਡੇ ਦਰਬਾਰ ਵਿੱਚ ਕੀਰਤਨ ਨਾ ਕਰਦੇ ਹੋਈਏ, ਤੁਹਾਨੂੰ ਕੌਣ ਪੁਛਦਾ ਹੈ। ਸਾਨੂੰ ਬਥੇਰੇ ਥਾਂ ਨੇ, ਸਾਡੇ ਕੋਲ ਬਾਣੀ ਹੈ, ਸਾਡੇ ਕੋਲ ਸੁਰ ਹੈ। ਅਸੀਂ ਪ੍ਰਿਥੀ ਚੰਦ ਜੀ ਕੋਲ ਚਲੇ ਜਾਵਾਂਗੇ, ਉਹਨੂੰ ਗੁਰੂ ਬਣਾ ਲਵਾਂਗੇ। ਸਾਡੇ ਹੱਥ ਵਿੱਚ ਹੈ ਗੁਰੂ ਬਣਾਉਣਾ, ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਬਾਰੇ ਸੁਣਿਆ, ਗੁਰੂ ਅੰਗਦ ਪਾਤਸ਼ਾਹ ਦੇ ਬਾਰੇ ਸੁਣਿਆ, ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਮੈਨੂੰ ਤਾਂ ਚਾਹੇ ਕੁਛ ਕਹਿ ਲੈਂਦਾ, ਕੋਈ ਗੱਲ ਨਹੀਂ, ਪਰ ਹੁਣ ਤੂੰ ਮਾੜੀ ਗੱਲ ਕਰੀ ਹੈ, ਕਹਿੰਦੇ ਜਾਹ ਓਏ ਕੁਸ਼ਟੀਆਂ, ਇਹ ਗੱਲ ਤੇਰੀ ਚੰਗੀ ਨਹੀਂ। ਮਾੜੀ ਗੱਲ ਕਹਿ ਦਿੱਤੀ, ਗੁਰੂਆਂ ਦੇ ਕੋਲ ਰਹਿ ਕੇ ਐਨੀ ਸੇਵਾ

ਕਰਕੇ, ਹੈਰਾਨੀ ਦੀ ਗੱਲ ਹੈ ਸਾਧਸੰਗਤ ਜੀ! ਜਦੋਂ ਇਤਿਹਾਸ ਵਾਚਦੇ ਹਾਂ, ਐਨੇ ਸਮਰੱਥ ਗੁਰੂਆਂ ਦੇ ਕੋਲ ਰਹਿ ਕੇ ਫੇਰ ਵੀ ਇਹ ਕੋਰੜੂ ਮੋਠ ਰਹਿ ਗਏ -

*ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,*
*ਨੇੜੇ ਰਹਿ ਕੇ ਚੰਦਨ ਦੇ।*

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*

*ਅੰਗ - 1365*

*ਕਬੀਰ ਬਾਂਸੁ ਬਡਾਈ ਬੂਡਿਆ ॥ ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*

*ਅੰਗ - 1365*

*ਸੀਸੁ ਨਿਵਾਏ ਢੀਂਗੁਲੀ ਗਲਿ ਬੰਧੇ ਜਲੁ ਉਚਾ ਆਵੈ।*
*ਘੁਘੂ ਸੁਝ ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।*
*ਸਿੰਮਲ ਬਿਰਖੁ ਨ ਸਫਲੁ ਹੋਇ ਚੰਦਨੁ ਵਾਸੁ ਨ ਵਾਂਸਿ ਸਮਾਵੈ।*
*ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।*
*ਜਿਉ ਥਣਿ ਚੰਬੜਿ ਚਿਚੜੀ ਲੋਹੂ ਪੀਐ ਦੁਧੁ ਨ ਖਾਵੈ।*
*ਸਭ ਅਵਗੁਣ ਮੈ ਤਨਿ ਵਸਨਿ ਗੁਣ ਕੀਤੇ ਅਵਗੁਣ ਨੋ ਧਾਵੈ।*
*ਥੋਮ ਨ ਵਾਸੁ ਕਥੂਰੀ ਆਵੈ। ਭਾਈ ਗੁਰਦਾਸ ਜੀ, ਵਾਰ 6/20*

ਭਾਈ ਗੁਰਦਾਸ ਜੀ ਐਸੀ ਅਵਸਥਾ ਦਾ ਜ਼ਿਕਰ ਕਰਦੇ ਦਿਸਦੇ ਨੇ ਕਿ ਪਾਣੀ ਦੇ ਜੰਤ੍ਰ ਦਾ ਗਲਾ ਬੰਨ੍ਹ ਕੇ ਸਿਰ ਨਿਵਾਉਂਦੇ ਹਨ ਕਿ ਪਾਣੀ ਉੱਚਾ ਆਵੇ, ਭਾਵ ਆਪ ਨਹੀਂ ਨਿਉਂਦੀ, ਜ਼ੋਰ ਨਾਲ ਨਿਵਾਉਂਦੇ ਨੇ ਜਲ ਨੂੰ ਕੱਢਣ ਵਾਸਤੇ, ਇਸੇ ਤਰ੍ਹਾਂ ਮਨਮੁਖ ਆਪ ਨਹੀਂ ਨੀਂਵਦਾ। ਚੱਕਵੀ ਨੂੰ ਚੰਦ ਚੰਗਾ ਨਹੀਂ ਲਗਦਾ-

*ਸਿੰਮਲ ਬਿਰਖੁ ਨ ਸਫਲੁ ਹੋਇ*
*ਚੰਦਨੁ ਵਾਸੁ ਨ ਵਾਂਸਿ ਸਮਾਵੈ। ਭਾਈ ਗੁਰਦਾਸ ਜੀ, ਵਾਰ 6/20*

ਬਾਂਸ ਵਿਚ ਚੰਦਨ ਦੀ ਵਾਸਨਾ ਨਹੀਂ ਆਉਂਦੀ, ਜਿਹੜਾ ਸਿੰਮਲ ਹੈ ਮਾਣ ਦਾ ਮਾਰਿਆ ਹੋਇਆ, ਉਹ ਸਫਲ ਨਹੀਂ ਹੁੰਦਾ-

*ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।*

*ਭਾਈ ਗੁਰਦਾਸ ਜੀ, ਵਾਰ 6/20*

ਸੱਪਾਂ ਨੂੰ ਦੁੱਧ ਪਿਲਾ ਲਓ, ਜ਼ਹਿਰ ਨਹੀਂ ਜਾਂਦਾ, ਤੁਮਾ ਜਿਹੜਾ ਹੈ ਉਹਦੀ ਕੁੜਤਣ ਨਹੀਂ ਜਾਂਦੀ ਕਿਸੇ ਤਰ੍ਹਾਂ ਨਾਲ, ਚਾਹੇ ਉਹਦੀਆਂ ਜੜ੍ਹਾਂ 'ਚ ਰੋਜ਼ ਸ਼ਰਬਤ ਪਾਈ ਜਾਓ।

*ਜਿਉ ਥਣਿ ਚੰਬੜਿ ਚਿਚੜੀ ਲੋਹੂ ਪੀਐ ਦੁਧੁ ਨ ਖਾਵੈ।*

*ਭਾਈ ਗੁਰਦਾਸ ਜੀ, ਵਾਰ 6/20*

ਚਿੰਚੜੀ ਲਹੂ ਪੀਂਦੀ ਰਹਿੰਦੀ ਹੈ ਦੁੱਧ ਨਹੀਂ ਪੀਂਦੀ। ਇਨ੍ਹਾਂ ਦੀ ਅਵਸਥਾ ਦੇ ਬਾਰੇ ਆਪ ਫੁਰਮਾਨ ਕਰਦੇ ਨੇ ਕਿ ਗੁਰੂ ਦੇ ਕੋਲ ਰਹਿ ਕੇ, ਗੁਰੂ 'ਤੇ ਸ਼ਰਧਾ ਨਹੀਂ ਆਈ, ਪਿਆਰ ਨਹੀਂ ਆਇਆ, ਆਪਣਾ ਮਾਣ

ਉਨ੍ਹਾਂ ਨੂੰ ਰਿਹਾ ਕਿ ਅਸੀਂ ਕੀਰਤਨ ਕਰਦੇ ਹਾਂ, ਸਾਡੇ ਕੀਰਤਨ ਦੇ ਉਤੇ ਦੁਨੀਆਂ ਆਉਂਦੀ ਹੈ, ਅਸ਼-ਅਸ਼ ਕਰਦੀ ਹੈ ਤੇ ਉਸਤਤ ਹੁੰਦੀ ਹੈ। ਸੋ ਇਹ ਜਿਹੜੀ ਚੀਜ਼ ਹੈ ਇਹ ਆਦਮੀ ਨੂੰ ਗਿਰਾ ਲੈਂਦੀ ਹੈ ਤੇ ਇਹਦੇ ਨਾਲ ਮਾਣ ਆ ਜਾਂਦਾ ਹੈ, ਮਾਣ ਬਾਰੇ ਗੁਰੂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੇਰਾ ਮਾਣ-ਤੇਰਾ ਮਾਣ ਜੀ,***
***ਗੁਰਾਂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***
***ਅੰਗ - 1089***

ਜਿਥੇ ਮਾਣ ਹੋ ਜਾਂਦਾ ਹੈ, ਮਹਾਰਾਜ ਕਹਿੰਦੇ ਉਹ ਧਰਤੀ 'ਤੇ ਗਿਰਦਾ ਹੈ।

***ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥***
***ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥***
***ਅੰਗ - 317***

ਜਿਨ੍ਹਾਂ-ਜਿਨ੍ਹਾਂ ਨੇ ਵੀ ਅਹੰਕਾਰ ਕਰਿਆ ਹੈ ਕਹਿੰਦੇ, ਝੜ ਕੇ ਧਰਤੀ 'ਤੇ ਗਿਰੇ ਨੇ। ਕਿਉਂਕਿ ਗੁਣ ਦਾ ਹੰਕਾਰ ਹੋ ਜਾਣਾ, ਕੁਦਰਤੀ ਬਾਤ ਹੋਇਆ ਕਰਦਾ ਹੈ -

***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥***
***ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥***
***ਅੰਗ - 974***

ਐਸੀ ਬੁੱਧ ਆਉਂਦੀ ਹੈ ਕੁਦਰਤੀ ਤੌਰ 'ਤੇ, ਕਹਿੰਦੇ ਇਹ ਭਾਉਂਦਾ ਨਹੀਂ ਹੋਇਆ ਕਰਦਾ, ਜਿਹਨੂੰ ਇਹ ਅਹੰਕਾਰ ਹੋਇਆ ਹੈ, ਫੁਰਮਾਨ ਕਰਦੇ ਨੇ ਮਿਸਾਲਾਂ ਦਿੰਦੇ ਹੋਏ -

***ਦੁਰਮਤਿ ਹਰਣਾਖਸੁ ਦੁਰਾਚਾਰੀ ॥***
***ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥***
***ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥*** ***ਅੰਗ - 224***

ਹਰਣਾਖਸ ਨੂੰ ਅਭਿਮਾਨ ਹੋਇਆ ਹਦ ਦਰਜੇ ਦਾ -

***ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥***
***ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥*** ***ਅੰਗ - 224***

ਹਰਣਾਖਸ ਦਾ ਖਾਤਮਾ ਕਰ ਦਿੱਤਾ -

***ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥***
***ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥***
***ਅੰਗ - 224***
***ਜਨਮੇਜੈ ਗੁਰ ਸਬਦੁ ਨ ਜਾਨਿਆ ॥*** ***ਅੰਗ - 225***

ਜਨਮੇਜੇ ਨੂੰ ਅਭਿਮਾਨ ਸੀ ਕਿ ਮੈਂ ਨਹੀਂ ਹੋਣੀ ਵਰਤਣ ਦੇਣੀ। ਮਹਾਂਭਾਰਤ ਦਾ ਯੁੱਧ ਹੋਇਆ ਕ੍ਰਿਸ਼ਨ ਜੀ ਕਿਉਂ ਨਾ ਹਟਾ ਸਕੇ। ਭੀਸ਼ਮ

ਪਿਤਾਮਾ, ਦਰੋਣਾਚਾਰੀਆ, ਯੁਧਿਸ਼ਟਰ ਨੂੰ ਧਰਮਰਾਜ ਕਹਿੰਦੇ ਸੀ, ਉਹ ਕਿਉਂ ਨਾ ਯੁੱਧ ਦੂਰ ਕਰ ਸਕੇ। ਵਿਆਸ ਜੀ ਕਹਿੰਦੇ, ਰਾਜਨ! ਇਹ ਜੋ ਭਾਵੀ ਹੈ ਉਹ ਵਰਤ ਕੇ ਹਟਦੀ ਹੈ। ਕਹਿੰਦਾ ਮੈਨੂੰ ਦਸ ਦਿਓ, ਮੈਂ ਭਾਵੀ ਨਹੀਂ ਵਰਤਣ ਦੇਵਾਂਗਾ। ਸਾਰੀਆਂ ਗੱਲਾਂ ਲਿਖਾ ਦਿੱਤੀਆਂ, ਅਖੀਰ ਸਾਰੀਆਂ ਦਾ ਬੰਦੋਬਸਤ ਕਰ ਲਿਆ। ਲੇਕਿਨ ਭਾਵੀ ਵਰਤ ਕੇ ਹਟੀ।

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥* *ਅੰਗ - 954*

*ਜਨਮੇਜੈ ਗੁਰ ਸਬਦੁ ਨ ਜਾਨਿਆ ॥*
*ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥*
*ਇਕੁ ਤਿਲੁ ਭੂਲੈ ਬਹੁਰਿ ਪਛੁਤਾਨਿਆ ॥* *ਅੰਗ - 225*

ਵੇਦ ਵਿਆਸ ਜੀ ਨੇ ਕਿਹਾ ਸੀ ਕਿ ਦੇਖ, ਹੁਣ ਨਾਂਹ ਨਾ ਕਹੀਂ। ਕਥਾ ਆ ਗਈ ਕਿ ਭੀਮ ਸੈਨ ਨੇ ਹਾਥੀ ਮਾਰੇ ਉਪਰਲੀ ਸਪੇਸ ਵਿੱਚ ਜੋ ਹੁਣ ਤਕ ਘੁੰਮਦੇ ਫਿਰਦੇ ਨੇ। ਕਹਿੰਦਾ ਇਹ ਤਾਂ ਗੱਲ ਹੋ ਨਹੀਂ ਸਕਦੀ। ਐਨੀ ਗੱਲ ਮੱਲੋ-ਮੱਲੀ ਨਿਕਲ ਗਈ, ਕਿਉਂਕਿ ਤਰਕ ਦਾ ਸੁਭਾਅ ਸੀ। ਉਹ ਇੱਕ ਤਿਲ ਭੁਲਿਆ ਉਹਦੇ ਨਾਲ ਹੀ ਮਰਨਾ ਪਿਆ ਉਹਨੂੰ। ਇਸ ਤਰ੍ਹਾਂ ਦੇ ਨਾਲ ਮਾਣ ਜਿਹੜਾ ਹੈ ਆਦਮੀ ਨੂੰ ਸੁੱਟ ਲਿਆ ਕਰਦਾ ਹੈ। ਮਾਣ ਨਹੀਂ ਚੰਗਾ ਲਗਦਾ, ਮਾਣ ਬਹੁਤ ਜ਼ਬਰਦਸਤ ਕਰਿਆ ਹੈ ਕਿ ਗੁਰਿਆਈ ਤਾਂ ਚਲਦੀ ਹੈ ਹੇ ਅਸੀਂ ਕੀਰਤਨ ਕਰਦੇ ਹਾਂ।

ਕਈ ਪ੍ਰੇਮੀਆਂ ਦੇ ਐਸੇ ਖਿਆਲ ਹੁੰਦੇ ਨੇ ਕਿ ਬਾਬਾ ਜੀ ਦੀ ਬਾਤ ਵੀ ਤਾਂ ਹੀ ਚੱਲ ਰਹੀ ਹੈ, ਜੇ ਅਸੀਂ ਕਰ ਰਹੇ ਹਾਂ। ਨਾਂਹ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਚਲਾ ਰਹੇ ਨੇ, ਮਤਾ ਕਿਸੇ ਨੂੰ ਮਾਣ ਹੋ ਜਾਏ। ਇਹ ਉਨ੍ਹਾਂ ਦਾ ਪ੍ਰੋਗਰਾਮ ਹੈ, ਆਪੇ ਹੀ ਹੋ ਰਿਹਾ ਹੈ। ਆਪਣੇ ਆਪ ਹੀ ਉਨ੍ਹਾਂ ਪ੍ਰੇਮੀਆਂ ਤੋਂ ਸੇਵਾ ਲੈ ਲੈਂਦਾ ਹੈ, ਜਿਨ੍ਹਾਂ ਨੇ ਕਰਨੀ ਹੈ। ਇਥੇ ਮੁਹਥਾਜੀ ਨਹੀਂ ਕਿਸੇ ਦੀ ਵੀ। ਜਿਹੜਾ ਸੰਤ ਮੁਹਥਾਜੀ 'ਚ ਆਏਗਾ, ਉਹ ਗੁਰੂ ਮਹਾਰਾਜ ਤੋਂ ਮੁਨਕਰ ਬੰਦਾ ਗਿਣਿਆ ਜਾਂਦਾ ਹੈ। ਕਿਉਂਕਿ ਸਤਿਗੁਰੂ 'ਤੇ ਭਰੋਸਾ ਨਹੀਂ, ਇਹ ਤਾਂ ਸਤਿਗੁਰੂ ਦੀ ਖੇਡ ਵਰਤ ਰਹੀ ਹੈ ਸਾਰੀ। ਇੱਥੇ ਬੰਦੇ ਦਾ ਕੀ ਜ਼ੋਰ ਚਲਦਾ ਹੈ ਕਿਸੇ ਦਾ। ਜੋ ਕੁਛ ਹੋ ਰਿਹਾ ਹੈ ਗੁਰੂ ਕਰ ਰਿਹਾ ਹੈ।

ਇਹ ਮਾਣ ਬੁਰੀ ਚੀਜ਼ ਹੋਇਆ ਕਰਦੀ ਹੈ, ਕਿਸੇ ਨੂੰ ਵੀ ਆ ਜਾਏ। ਮਾਣ ਕਰਿਆ, ਗੁਰੂਆਂ ਦੇ ਖਿਲਾਫ ਜਦੋਂ ਗੱਲ ਕਹੀ ਤਾਂ ਮਹਾਰਾਜ ਕਹਿੰਦੇ ਜਾਹ ਓਏ ਕੁਸ਼ਟੀ! ਗੁਰੂ ਨਾਨਕ ਦੀ ਨਿੰਦਿਆ ਕਰਦਾ ਹੈਂ। ਬਚਨ ਹੋ ਗਿਆ, ਹੁਣ ਬਚਨ ਤਾਂ ਟਲ ਨਹੀਂ ਸੀ ਸਕਦਾ। ਉਥੇ ਵੀ ਸੀਸ ਨਹੀਂ ਨਿਵਾਇਆ, ਕਹਿੰਦਾ ਦੇਖਾਂਗੇ ਅਸੀਂ। ਨਾ ਥੋੜ੍ਹੇ ਜਿਹੇ ਦਿਨਾਂ 'ਚ ਤੁਹਾਡੇ ਕੋਲ ਭੀੜ ਨਾ ਘਟੀ ਤਾਂ ਸਾਨੂੰ ਰਾਗੀ ਨਾ ਕਹਿਓ, ਬਲਵੰਡ ਨਾ ਕਹਿਆ। ਬੜਾ ਅਭਿਮਾਨ ਹੈ ਮਨ ਵਿਚ। ਓਸ ਵੇਲੇ ਗੁਰੂ ਮਹਾਰਾਜ ਕਹਿੰਦੇ, ਚੰਗਾ ਜਾਓ।ਮਹਾਰਾਜ ਨੇ ਪਿੱਠ ਕਰੀ, ਇੱਥੇ ਆ ਗਏ। ਜਿਹੜੇ ਗੁਰਸਿੱਖ ਬੈਠੇ ਸੀ, ਕਹਿੰਦੇ ਭਾਈ ਤੁਸੀਂ ਲੈ ਲਓ ਸਿਤਾਰ। ਰਬਾਬ ਲੈ

ਲਓ, ਕਰੋ ਕੀਰਤਨ ਸਿੰਘੋ, ਆਪਣੇ ਆਪ ਹੀ ਬਾਣੀ ਆ ਗਈ, ਆਪਣੇ ਆਪ ਹੀ ਰਾਗ ਆ ਗਏ, ਕਹਿੰਦੇ, ਅੱਗੇ ਵਾਸਤੇ ਸਾਡੇ ਸਿੱਖ ਆਪ ਕੀਰਤਨ ਕਰਿਆ ਕਰਨਗੇ, ਕਿਸੇ ਦੀ ਮੁਹਥਾਜੀ ਨਹੀਂ ਕਰਨੀ ਤੇ ਇਧਰ ਇਹ ਬੇਮੁਖ ਹੋ ਗਿਆ। ਬੇਮੁਖ ਹੋਏ-ਹੋਏ ਖਾਲੀ ਹੋ ਗਏ ਅੰਦਰੋਂ। ਜਾ ਕੇ ਕੀਰਤਨ ਕਰਦੇ ਨੇ ਬਾਣੀ ਹੀ ਨਹੀਂ ਯਾਦ ਆ ਰਹੀ ਕਿ ਭੁੱਲ ਗਏ ਕਿ ਹੁਣ ਕੀ ਸੁਣਾਈਏ। ਸੁਰ ਨਹੀਂ ਚੱਲ ਰਹੇ, ਸੁਰ ਵਜਾਉਂਦੇ ਕੁਛ ਨੇ ਨਿਕਲ ਆਉਂਦਾ ਹੈ ਕੁਛ ਹੋਰ। ਕੋਈ ਸੁਣਨ ਨੂੰ ਤਿਆਰ ਨਹੀਂ ਹੁੰਦਾ, ਸਾਰੇ ਹੋ ਗਿਆ ਕਿ ਗੁਰੂ ਨਿੰਦਕ ਨੇ, ਕੋਈ ਨੇੜੇ ਨਹੀਂ ਆਉਣ ਦਿੰਦਾ। ਸੋ ਇਹ ਜਿਹੜੇ ਦੁੱਖ ਨੇ, ਕੋਈ ਮੇਟਣ ਵਾਲਾ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੌਣ ਮੇਟਣਹਾਰਾ ਜੀ, ਬੇਮੁਖ ਮਸਤਕਿ ਲਿਖਿਆ।***

***ਰਤਨ ਉਪੰਨੇ ਸਾਇਰਹੁ ਭੀ ਪਾਣੀ ਖਾਰਾ।***
***ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ ਵਿਚਿਕਾਰਾ।***
***ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।***
***ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ।***
***ਜਿਉ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।***
***ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ॥***

***ਭਾਈ ਗੁਰਦਾਸ ਜੀ, ਵਾਰ 34/10***

ਖਾਲੀ ਹੋ ਗਿਆ, ਫੁਰਮਾਨ ਕਰਦੇ ਨੇ ਕਿ ਸਮੁੰਦਰਾਂ ਦੇ ਵਿਚੋਂ ਰਤਨ ਨਿਕਲਦੇ ਨੇ, ਪਰ ਉਹਦਾ ਪਾਣੀ ਖਾਰਾ ਹੈ। ਚੰਦ ਨੂੰ ਤਿੰਨ ਲੋਕਾਂ 'ਚ ਦੇਖਦੇ ਨੇ, ਪਰ ਵਿਚੋਂ ਕਾਲਾ ਹੈ। ਸ਼ਿਵਜੀ ਮਹਾਰਾਜ ਤੁਸ ਕੇ ਵਰ ਦਿੰਦੇ ਨੇ ਸਾਰਿਆਂ ਨੂੰ, ਪਰ ਘਰ 'ਚ ਕੀ ਹੈ? ਕਹਿੰਦੇ, ਇੱਕ ਸੁਆਹ ਹੈ ਘਰ ਦੇ ਵਿਚ ਇੱਕ ਖੱਪਰ ਹੈ। ਹਨੂੰਮਾਨ ਜੀ ਨੇ ਲੰਕਾ ਦੇ ਵਿਚ ਜਾ ਕੇ ਸੀਤਾ ਜੀ ਦੀ ਖਬਰ ਲੈ ਕੇ ਆਏ। ਸ੍ਰੀ ਰਾਮ ਚੰਦਰ ਮਹਾਰਾਜ ਜੀ ਨੇ ਕਿਹਾ ਕਿ ਜਦੋਂ ਤੁਸੀਂ ਆਵੋਂਗੇ, ਜੋ ਕੁਛ ਸਾਡੇ ਕੋਲ ਹੋਏਗਾ, ਅਸੀਂ ਸਰਬੰਸ ਦਾਨ ਕਰ ਦੇਵਾਂਗੇ। ਜਦੋਂ ਹਨੂੰਮਾਨ ਆਇਆ ਓਸ ਵਕਤ ਸ੍ਰੀ ਰਾਮ ਚੰਦਰ ਜੀ ਮਹਾਰਾਜ ਇਸ਼ਨਾਨ ਕਰਦੇ ਸੀ, ਇਕੱਲਾ ਹੀ ਕਛਹਿਰਾ ਸੀ ਉਨ੍ਹਾਂ ਦੇ ਤੇੜ, ਇਸ਼ਨਾਨ ਕਰਕੇ ਬਦਲ ਕੇ ਕਛਹਿਰਾ, ਉਹਨੂੰ ਦੇ ਦਿੱਤਾ। ਇਸੇ ਤਰ੍ਹਾਂ ਬੇਮੁਖ ਮਸਤਕ 'ਚ ਕੀ ਲਿਖਿਆ ਹੁੰਦਾ ਹੈ, ਘੋਰ ਪਾਪ ਲਿਖਿਆ ਹੁੰਦਾ ਹੈ। ਕੋਈ ਮੇਟ ਨਹੀਂ ਉਸਨੂੰ ਸਕਦਾ, ਕੋਈ ਦੂਰ ਨਹੀਂ ਕਰ ਸਕਦਾ -

***ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।***
***ਮਥੁਰਾ ਮਾਇਆ ਅਜੁਧਿਆ ਕਾਂਸੀ ਕੇਦਾਰੇ।***
***ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।***
***ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।***
***ਅਖੀ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ।***
***ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ॥***

***ਅੰਗ - 34/18***

ਹੱਤਿਆ ਕਹਿੰਦੇ ਕਿਤੇ ਨਹੀਂ ਲਹਿੰਦੀ। ਸਭ ਤੀਰਥ ਨੇ। ਪੈਰਾਂ ਦੇ ਨਾਲ ਨਾ ਚੱਲੇ, ਅੱਖਾਂ ਦੇ ਨਾਲ ਤੁਰੇ, ਜਿਹੜਾ ਬੇਮੁਖ ਹੋ ਗਿਆ ਉਹਦੀ ਹੱਤਿਆ ਨਹੀਂ ਉਤਰਦੀ।

ਨਤੀਜਾ ਕੀ ਹੋਇਆ, ਸਰੀਰ ਗਲਣਾ ਸ਼ੁਰੂ ਹੋ ਗਿਆ, ਕੋਈ ਮੂੰਹ ਨਹੀਂ ਲਾਉਂਦਾ, ਕਿਉਂਕਿ ਨਿੰਦਿਆ ਕਰੀ ਹੈ। ਨਿੰਦਿਆ ਕਰਨ ਵਾਲੇ ਦਾ ਹਾਲ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਦੁਖੀਆ ਅਰ ਦੀਨ ਜੀ, ਸੰਤਾਂ ਦਾ ਨਿੰਦਕ ਭਾਈ।***

***ਸੰਤ ਕਾ ਨਿੰਦਕੁ ਮਹਾ ਅਤਤਾਈ ॥***
***ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥***
***ਸੰਤ ਕਾ ਨਿੰਦਕੁ ਮਹਾ ਹਤਿਆਰਾ ॥***
***ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥***
***ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥***
***ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥***
***ਸੰਤ ਕੇ ਨਿੰਦਕ ਕਉ ਸਰਬ ਰੋਗ ॥***
***ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥***
***ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥***
***ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥***

***ਅੰਗ – 280***

ਦੁਖੀਆ ਵੀ ਹੋਏ ਤੇ ਦੀਨ ਵੀ ਹੋ ਗਏ, ਸਾਰੇ ਰੋਗ ਜਿਹੜੇ ਸੀ ਨਿੰਦਿਆ ਕਰਨ ਦੇ ਨਾਲ ਇਨ੍ਹਾਂ ਨੂੰ ਲਗ ਗਏ। ਉਸ ਵੇਲੇ ਕੋਹੜ ਹੋ ਗਿਆ, ਕੋਈ ਨੇੜੇ ਨਹੀਂ ਬੈਠਣ ਦਿੰਦਾ, ਕੋਈ ਗੱਲ ਨਹੀਂ ਕਰਦਾ, ਖਾਣ ਨੂੰ ਕੁਛ ਨਹੀਂ ਘਰ ਵਿਚ, ਦੀਨ ਹੋਏ ਫਿਰਦੇ ਨੇ, ਕਿਧਰੇ ਸ਼ਬਦ ਗਿਆ, ਕਿਧਰੇ ਰਾਗ ਚਲਿਆ ਗਿਆ। ਕੋਈ ਬੰਦਾ ਉਨ੍ਹਾਂ ਦੀ ਸਿਫਾਰਸ਼ ਕਰਨ ਨੂੰ ਤਿਆਰ ਨਹੀਂ। ਗੁਰੂ ਮਹਾਰਾਜ ਨੇ ਫੁਰਮਾ ਦਿੱਤਾ ਸੀ ਕਿ ਇਨ੍ਹਾਂ ਕੁਸ਼ਟੀਆਂ ਦੀ ਸਾਡੇ ਕੋਲ ਕੋਈ ਸਿਫਾਰਸ਼ ਨਾ ਕਰਨਾ। ਜੋ ਕਰੇਗਾ ਉਸ ਦਾ ਮੂੰਹ ਕਾਲਾ ਕਰਕੇ ਗਧੇ 'ਤੇ ਬਿਠਾ ਕੇ ਜੁੱਤੀਆਂ ਦਾ ਹਾਰ ਗਲ 'ਚ ਪਾ ਕੇ, ਅਸੀਂ ਸਾਰੇ ਅੰਮ੍ਰਿਤਸਰ ਦੇ ਅੰਦਰ ਫੇਰਾਂਗੇ।

ਹੁਣ ਬਿਮਾਰੀ ਲਗ ਗਈ, ਬਿਮਾਰੀ ਕਿਉਂ ਲਗਦੀ ਹੈ ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

***ਅੰਗ – 135***

ਜਿਹਨੂੰ ਬਾਣੀ ਭੁੱਲ ਜਾਵੇ ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਿਹਨੂੰ ਵਿਸਰੇ ਗੁਰਾਂ ਦੀ ਬਾਣੀ,***
***ਪੱਕੇ ਰੋਗੀ ਵਾਂਗ ਵਿਲਕੇ।***

ਬਾਣੀ ਯਾਦ ਆ ਜਾਵੇ, ਸਾਰੇ ਦੁੱਖਾਂ ਦਾ, ਰੋਗਾਂ ਦਾ, ਤਕਲੀਫਾਂ ਦਾ

ਖਾਤਮਾ ਹੋ ਜਾਂਦਾ ਹੈ। ਬਾਣੀ ਭੁੱਲ ਜਾਵੇ, ਸਾਰੇ ਰੋਗ ਆ ਜਾਂਦੇ ਨੇ –

***ਜੀਉ ਤਪਤੁ ਹੈ ਬਾਰੋ ਬਾਰ ॥***
***ਤਪਿ ਤਪਿ ਖਪੈ ਬਹੁਤੁ ਬੇਕਾਰ ॥***
***ਜੈ ਤਨਿ ਬਾਣੀ ਵਿਸਰਿ ਜਾਇ ॥***
***ਜਿਉ ਪਕਾ ਰੋਗੀ ਵਿਲਲਾਇ ॥*** ***ਅੰਗ – 661***

ਜਿਵੇਂ ਕੋਹੜ ਵਾਲਾ ਵਿਰਲਾਉਂਦਾ ਹੈ, ਇਸ ਤਰ੍ਹਾਂ ਦੇ ਨਾਲ ਉਹਦਾ ਵਿਰਲਾਪ ਹੋਇਆ ਕਰਦਾ ਹੈ। ਸਾਰੇ ਦੁੱਖ ਲਗਦੇ ਨੇ ਜਦੋਂ ਪ੍ਰਮੇਸ਼ਰ ਭੁੱਲ ਜਾਂਦਾ ਹੈ –

***ਦੂਖੁ ਤਦੇ ਜਾ ਵਿਸਰਿ ਜਾਵੈ ॥ ਭੁਖ ਵਿਆਪੈ ਬਹੁ ਬਿਧਿ ਧਾਵੈ ॥***
***ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥***
***ਅੰਗ – 98***

ਹੁਣ ਦੁੱਖ ਆ ਗਏ, ਥਾਂ–ਥਾਂ ਫਿਰਦੇ ਨੇ, ਜਿੰਨਿਆਂ ਨੂੰ ਜਾਣਦੇ ਸੀ ਦੂਰੋਂ ਹੀ ਦੇਖ ਕੇ, ਬਈ ਬਲਵੰਡ ਆ ਗਿਆ ਤੇ ਸੱਤਾ ਆ ਗਏ ਨੇ, ਵਡਰੂਪ ਹੋਏ ਪਏ ਨੇ, ਮੁਸ਼ਕ ਮਾਰਦਾ ਹੈ, ਦੁਖੀ ਨੇ, ਚੱਲਿਆ ਨਹੀਂ ਜਾਂਦਾ, ਪੈਰਾਂ ਦੇ ਵਿਚ ਵੀ ਪਾਕ ਪਈ ਹੋਈ ਹੈ, ਹੱਥਾਂ 'ਚ ਸਾਰੇ ਸਰੀਰ ਵਿਚ। ਦੂਰੋਂ ਹੀ ਦਰਵਾਜ਼ਾ ਬੰਦ ਕਰ ਦਿੰਦੇ ਨੇ, ਆਵਾਜ਼ਾਂ ਦਿੰਦੇ ਨੇ ਕਿ ਭਾਈ ਅਸਾਥੋਂ ਭੁੱਲ ਹੋ ਗਈ, ਸਾਨੂੰ ਬਖਸ਼ਾ ਦਿਓ। ਕੋਈ ਦਰਵਾਜ਼ਾ ਨਹੀਂ ਖੋਲ੍ਹਦਾ, ਕਿਉਂਕਿ ਦੁੱਖ ਪੈ ਗਿਆ, ਜਦੋਂ ਦੁੱਖ ਪੈਂਦਾ ਹੈ, ਉਸ ਵੇਲੇ ਇਹੀ ਦੁਖ ਦਾਰੂ ਬਣਦਾ ਹੈ –

***ਧਾਰਨਾ – ਤੇਰੇ ਦੂੱਖਾਂ ਦੀ ਬਣੇਗੀ ਦਾਰੂ, ਸੁੱਖ ਤੇਰੇ ਰੋਗ ਹੋਣਗੇ।***

ਦੁੱਖ ਆ ਗਿਆ, ਮਸਤੀਆਂ ਜਾਂਦੀਆਂ ਰਹੀਆਂ, ਮਾਣ ਖਤਮ ਹੋ ਗਿਆ, ਕੋਈ ਵਸ ਨਹੀਂ ਚਲਦਾ, ਸਰੀਰ ਕੋਹੜੀ ਹੋ ਗਿਆ, ਭੁੱਖੇ ਮਰਦੇ ਫਿਰਦੇ ਨੇ, ਦਰ–ਦਰ ਮੰਗਦੇ ਫਿਰਦੇ ਨੇ, ਕੋਈ ਭਿੱਖਿਆ ਨਹੀਂ ਪਾਉਂਦਾ। ਮਹਾਰਾਜ ਕਹਿੰਦੇ, ਜਦੋਂ ਦੁੱਖ ਆ ਜਾਂਦਾ ਹੈ, ਫੇਰ ਦਾਰੂ ਬਣਦਾ ਹੈ। ਸੁੱਖ ਤੋਂ ਦੁੱਖ ਪੈਦਾ ਹੁੰਦਾ ਹੈ, ਦੁੱਖ ਤੋਂ ਸੁੱਖ ਪੈਦਾ ਹੁੰਦਾ ਹੈ।

***ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥***
***ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥***
***ਅੰਗ – 1328***

***ਚਰਨ ਕਮਲ ਗੁਰ ਕੇ ਮਨਿ ਵੂਠੇ ॥***
***ਦੂਖ ਦਰਦ ਭ੍ਰਮ ਬਿਨਸੇ ਝੂਠੇ ॥*** ***ਅੰਗ – 140***

ਦੁੱਖ ਦੂਰ ਹੋ ਜਾਂਦੇ ਨੇ ਜਦੋਂ ਪ੍ਰਮੇਸ਼ਰ ਯਾਦ ਆਉਂਦਾ ਹੈ। ਉਸ ਵੇਲੇ ਕੋਈ ਵੀ ਬੰਦਾ ਉਨ੍ਹਾਂ ਦੀ ਸਹਾਇਤਾ ਕਰਨ ਨੂੰ ਤਿਆਰ ਨਹੀਂ ਤੇ ਉਨ੍ਹਾਂ ਨੂੰ ਯਾਦ ਆ ਗਿਆ ਕਿ ਲਾਹੌਰ ਦੇ ਅੰਦਰ ਇੱਕ ਭਾਈ ਲੱਧਾ ਜੀ ਪਰਉਪਕਾਰੀ ਨਾਮ ਜਿਨ੍ਹਾਂ ਦਾ ਪੈਂਦਾ ਹੈ, ਜਿਨ੍ਹਾਂ ਨੂੰ ਕਹਿੰਦੇ ਹੀ ਪਰਉਪਕਾਰੀ ਨੇ, ਭਾਈ ਗੁਰਦਾਸ ਜੀ ਨੇ ਵੀ ਭਾਈ ਲੱਧਾ ਪਰਉਪਕਾਰੀ ਕਰਕੇ ਲਿਖਿਆ ਹੈ, ਆਖਰੀ ਆਸ ਹੈ ਇੱਕ ਕਿਰਨ ਰਹਿ ਗਈ ਕਿ ਉਥੇ ਚੱਲੀਏ, ਉਥੋਂ ਚੱਲ ਕੇ ਦੁੱਖੀ ਹੁੰਦੇ, ਕਈ ਦਿਨਾਂ ਦੇ ਵਿੱਚ ਲਾਹੌਰ ਪਹੁੰਚਦੇ ਨੇ।

ਦੁੱਖੀ ਨੇ, ਭੁੱਖ ਦੇ ਦੁੱਖ ਨਾਲ ਆਂਦਰਾਂ ਕੁਮਲਾ ਰਹੀਆਂ ਨੇ, ਬੇ-ਮਾਣੀ ਹੋਈ-ਹੋਈ ਹੈ, ਕੋਈ ਬੁਲਾਉਂਦਾ ਨਹੀਂ। ਭਾਈ ਲੱਧਾ ਜੀ ਦੇ ਘਰ ਦੇ ਅੱਗੇ ਚਲੇ ਗਏ, ਜਾ ਕੇ ਬੈਠ ਗਏ, ਦੇਖਿਆ ਉਨ੍ਹਾਂ ਨੇ ਕਿ ਇਹ ਤਾਂ ਕੋਈ ਬੜੇ ਦੁੱਖੀਏ ਕੋਈ ਆ ਗਏ।

ਕਹਿਣ ਲੱਗੇ, ਕੌਣ ਓਂ?

ਕਹਿਣ ਲੱਗੇ, ਭਾਈ ਲੱਧਾ! ਅਸੀਂ ਬੇਮੁਖ ਹਾਂ ਗੁਰੂ ਤੋਂ, ਬੜੀ ਸਾਡੇ ਤੋਂ ਗੁਸਤਾਖੀ ਹੋ ਗਈ, ਬੜੀ ਭੁੱਲ ਹੋ ਗਈ, ਅਸੀਂ ਗੁਰੂ ਦੀ ਮਹਿਮਾ ਨੂੰ ਨਾ ਜਾਣ ਸਕੇ। ਅਸੀਂ ਰਾਗ ਵਿੱਚ ਰਹਿ ਗਏ, ਕੀਰਤਨ ਵਿੱਚ ਰਹਿ ਗਏ ਕਿ ਜੇ ਅਸੀਂ ਕੀਰਤਨ ਕਰਾਂਗੇ ਤਾਂ ਗੁਰੂ ਦਾ ਕੰਮ ਚਲਦਾ ਹੈ, ਸਾਡੇ ਤੋਂ ਭੁੱਲਾਂ ਹੋ ਗਈਆਂ, ਅਸੀਂ ਕਹਿ ਬੈਠੇ, ਗੁਰੂ ਨਾਨਕ ਦੀ ਵੀ ਨਿੰਦਿਆ ਕਰ ਬੈਠੇ। ਸਾਨੂੰ ਨਹੀਂ ਸੀ ਸਮਝ ਕਿ ਉਹ ਪੂਰਨ ਪੁਰਖ ਨੇ। ਅਸੀਂ ਕਹਿੰਦੇ ਸੀ ਕਿ ਰਾਗ ਦੇ ਜ਼ੋਰ ਨਾਲ ਅਸੀਂ ਗੁਰੂ ਬਣਾਉਂਦੇ ਹਾਂ। ਅਸੀਂ ਗਾਉਂਦੇ ਹਾਂ ਤਾਂ ਇਹ ਗੁਰੂ ਨੇ, ਨਹੀਂ ਤਾਂ ਇਨ੍ਹਾਂ ਨੂੰ ਕੌਣ ਪੁੱਛਦਾ। ਭੁੱਲ ਹੋ ਗਈ ਬਖਸ਼ਾ ਦਿਓ ਹੁਣ ਤਾਂ। ਕੋਈ ਬਖਸ਼ਾਉਣ ਵਾਸਤੇ ਤਿਆਰ ਨਹੀਂ। ਕਹਿੰਦੇ, ਹੁਕਮ ਹੈ ਕਿ ਜਿਹੜਾ ਇਨ੍ਹਾਂ ਨੂੰ ਬਖਸ਼ਾਉਣ ਦੀ ਗੱਲ ਕਰੇਗਾ ਆ ਕੇ, ਉਹਦਾ ਮੂੰਹ ਵੀ ਕਾਲਾ, ਜੁੱਤੀਆਂ ਦਾ ਹਾਰ ਗਲ ਵਿਚ ਪਾਇਆ ਜਾਏਗਾ। ਗੁਰੂ ਮਹਾਰਾਜ ਦਾ ਤਾਂ ਬਹੁਤ ਸਖਤ ਹੁਕਮ ਹੈ।

ਕਹਿੰਦੇ ਕੋਈ ਗੱਲ ਨਹੀਂ। ਅੰਦਰੋਂ ਹਿਰਦਾ ਤਰੁੱਠ ਗਿਆ, ਦੁੱਖ ਦੇਖ ਕੇ, ਕਿਉਂਕਿ ਗੁਰੂ ਦੇ ਸਿੱਖ ਦਾ ਹਿਰਦਾ ਜਿਹੜਾ ਹੈ ਬਹੁਤ ਨਰਮ ਹੁੰਦਾ ਹੈ ਤੇ ਪਰਉਪਕਾਰ ਦੇ ਵਿਚ ਉਹਨੂੰ ਉਮਾਹ ਉਠਿਆ ਕਰਦਾ ਹੈ -

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ - 27***

ਜਿਵੇਂ ਚਸ਼ਮਾ ਚਲਦਾ ਹੈ ਐਉਂ ਉਠਦਾ ਹੈ -

***ਧਾਰਨਾ - ਪਰਉਪਕਾਰੀ ਜੀ,***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਗੁਰੂ ਸਤਵੇਂ ਪਾਤਸ਼ਾਹ ਦੇ ਬਚਨ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਲਿਖੇ ਨੇ ਕਿ ਗੁਰੂ ਮਹਾਰਾਜ ਇੱਕ ਵਾਰੀ ਸੰਗਤ ਨੂੰ ਲੰਗਰ ਦਾ ਉਪਦੇਸ਼ ਦਿੰਦੇ ਨੇ ਉਹਦੇ ਵਿੱਚ ਲਿਖਦੇ ਨੇ ਕਿ -

***ਮਮ ਸਿਖ ਹੁਇ ਜੋ ਸੇਵਾ ਕਰੇ, ਨੀਵੇ ਮਨ ਭਗਤੀ ਕੋ ਤਰੇ।***
***ਪਰਉਪਕਾਰ ਸਦਾ ਉਰਧਾਰੇ ਕਿਸਹੂੰ ਕੀ ਨਹਿ ਨਿੰਦਾ ਤਰੈ।***
***ਸਤਿਨਾਮ ਕੋ ਨਹੀਂ ਬਿਸਾਰੇ ਊਠਤ ਬੈਠਤ ਰਿਦੈ ਸਮਾਰੈ।***
***ਕਿਰਤ ਧਰਮ ਕੀ ਸਦਾ ਕਮਾਵੈ ਸੇਵੇ ਸਿਖਨ ਕੋ ਤ੍ਰਿਪਤਾਵੈ।***

ਮੂੰਹ ਤੋਂ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ, ਕਿ ਪ੍ਰਸ਼ਾਦੇ ਦਾ ਸਮਾਂ ਲੰਘ ਗਿਆ ਤੇ ਭੁੱਖਾ ਘਰ ਤੋਂ ਆ ਗਿਆ। ਉਸੇ ਵੇਲੇ ਉਸਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਵੇ। ਸੋ ਗੁਰੂ ਮਹਾਰਾਜ ਗੁਰੂ ਗ੍ਰੰਥ ਸਾਹਿਬ ਦ ਅੰਦਰ ਫੁਰਮਾਉਂਦੇ ਨੇ ਕਿ -

*ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥*
*ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥*

*ਅੰਗ - 218*

ਸਾਰੀਆਂ ਉਹਦੇ ਨਾਲ ਨੇ ਜਿਹੜੀਆਂ ਚੀਜ਼ਾਂ, ਉਹਦੇ ਔਗੁਣਾਂ ਨੂੰ ਮਿਟਾ ਕੇ, ਉਹਦੇ ਨਾਲ ਪਰਉਪਕਾਰ ਕਰੇ। ਕਿਉਂਕਿ ਇਹਦਾ ਫਲ ਬਹੁਤ ਹੈ। ਭਾਈ ਗੁਰਦਾਸ ਜੀ ਇਹਦਾ ਫਲ ਲਿਖਦੇ ਨੇ ਕਿ -

*ਕੋਟਨਿ ਕੋਟਾਨਿ ਮਿਸਟਾਨ ਪਾਨ ਸੁਧਾ ਰਸ,*
*ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ॥*

*ਭਾਈ ਗੁਰਦਾਸ ਜੀ, ਕਬਿੱਤ 130*

ਸੰਤਾਂ ਦੇ ਮੁਖ ਤੋਂ ਮਿੱਠੇ ਬਚਨਾਂ ਦੇ ਮੁਕਾਬਲੇ 'ਤੇ ਕਰੋੜਾਂ ਮਠਿਆਈਆਂ ਜਿਹੜੀਆਂ ਨੇ, ਉਨ੍ਹਾਂ ਦੀ ਮਿਠਾਸ ਪਹੁੰਚ ਨਹੀਂ ਸਕਦੀ।

*ਸੀਤਲ ਸੁਗੰਧ ਚੰਦ ਚੰਦਨ ਕੋਟਾਨਿ ਕੋਟਿ,*
*ਪੁਜਸਿ ਨ ਸਾਧ ਮਤਿ ਨਿੰਮ੍ਰਤਾ ਸਨ ਕਉ॥*
*ਕੋਟਨਿ ਕੋਟਾਨਿ ਕਾਮਧੇਨ ਅਉ ਕਲਪਤਰ,*
*ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ॥*
*ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ,*
*ਪੁਜਸਿ ਨ ਪਰਉਪਕਾਰ ਕੇ ਖਚਨ ਕਉ॥*

*ਭਾਈ ਗੁਰਦਾਸ ਜੀ, ਕਬਿੱਤ 130*

ਪਰਉਪਕਾਰ ਦੇ ਮੁਕਾਬਲੇ 'ਤੇ ਕਰੋੜਾਂ ਜਪ, ਕਰੋੜਾਂ ਤਪ ਨਹੀਂ ਪਹੁੰਚਿਆ ਕਰਦੇ। ਇਸ ਤਰ੍ਹਾਂ ਦੇ ਨਾਲ ਜਿਹੜੇ ਦੂਜਿਆਂ ਦਾ ਦੁੱਖ ਨਿਵਾਰਦੇ ਨੇ ਉਨ੍ਹਾਂ ਨੂੰ ਮਹਾਰਾਜ ਨੇ ਪ੍ਰਵਾਨ ਕਰਿਆ ਹੈ। ਜਿਹੜੇ ਨਹੀਂ ਨਿਵਾਰਦੇ ਮਹਾਰਾਜ ਦਾ ਫੁਰਮਾਨ ਹੈ ਕਿ ਆਪਣਾ ਜਾਣ ਕੇ ਨਹੀਂ ਦੂਸਰੇ ਨੂੰ ਬੁੱਝਿਆ। ਉਹਨੇ ਪਰਉਪਕਾਰ ਨਹੀਂ ਕਦੇ ਵੀ ਕੀਤਾ ਤੇ ਗੁਰੂ ਨੂੰ ਕਦੇ ਧਿਆਨ ਵਿਚ ਨਹੀਂ ਲਿਆਂਦਾ। ਕਹਿੰਦੇ, ਉਹ ਸਾਡਾ ਸਿੱਖ ਨਹੀਂ ਹੈ ਭਾਈ, ਜਿਹੜਾ ਪਰਉਪਕਾਰੀ ਨਹੀਂ। ਪਰਉਪਕਾਰ ਦਾ ਉਮਾਹ ਹੁੰਦਾ ਹੈ ਸਿੱਖ ਦੇ ਅੰਦਰ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*

*ਅੰਗ - 749*

*ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥*
*ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥*

*ਅੰਗ - ੧੩੭*

ਬ੍ਰਿਖ ਨੂੰ ਅਸੀਸਾਂ ਦਿੰਦੇ ਜਾਂਦੇ ਨੇ ਕਿ ਬ੍ਰਿਖਾਂ! ਤੇਰੇ ਉਤੇ ਰਾਤ ਕੱਟੀ ਹੈ, ਤੇ ਤੂੰ ਸਫਲ ਫਲਦਾ ਰਹਿ। ਸੋ ਇਸ ਤਰ੍ਹਾਂ ਦੇ ਨਾਲ ਭਾਈ ਲੱਧਾ ਜਿਹੜਾ ਹੈ ਉਹ ਪਰਉਪਕਾਰੀ ਹੈ।

ਜਦੋਂ ਉਸਨੇ ਦੋਹਾਂ ਦਾ ਦੁੱਖ ਦੇਖਿਆ -

*ਅਰੜਾਵੈ ਬਿਲਲਾਵੈ ਨਿੰਦਕੁ ॥*

*ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥*
*ਅੰਗ – 373*

ਅਰੜਾਉਂਦਾ ਹੈ ਤੇ ਵਿਰਲਾਪ ਕਰਦਾ ਹੈ, ਪਰਮੇਸ਼ਰ ਵਿਸਰ ਗਿਆ –

*ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥*
*ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥*
*ਅੰਗ – 373*

ਉਸ ਵੇਲੇ ਆਪਣੇ ਪਰਉਪਕਾਰ ਦੇ ਵਸ ਗੁਰੂ ਮਹਾਰਾਜ ਦੇ ਹਜ਼ੂਰ ਉਨ੍ਹਾਂ ਨੂੰ ਲੈ ਆਏ ਤੇ ਆਪ ਗਧਾ ਲਿਆਏ ਇਕ ਲਾਹੌਰ ਤੋਂ। ਉਹਦੇ ਉਤੇ ਚੜ੍ਹ ਗਏ, ਮੁੱਖ ਕਾਲਾ ਕਰ ਲਿਆ, ਜੁੱਤੀਆਂ ਦੀ ਮਾਲਾ ਗਲ 'ਚ ਪਾ ਲਈ। ਜਦੋਂ ਅੰਮ੍ਰਿਤਸਰ ਪਹੁੰਚਦੇ ਨੇ, ਖਬਰ ਹੋਈ ਕਿ ਭਾਈ ਲੱਧਾ! ਸੱਤੇ ਤੇ ਬਲਵੰਡ ਨੂੰ ਲੈ ਕੇ ਆ ਰਿਹਾ ਹੈ।

ਮਹਾਰਾਜ ਕਹਿੰਦੇ, ਹੁਕਮ ਨਹੀਂ ਉਹਨੇ ਸਾਡਾ ਸੁਣਿਆ? ਕਹਿੰਦੇ ਸੱਚੇ ਪਾਤਸ਼ਾਹ! ਕਾਲਾ ਮੂੰਹ ਕਰਿਆ ਹੋਇਆ ਹੈ, ਜੁੱਤੀਆਂ ਦਾ ਹਾਰ ਗਲ 'ਚ ਪਾਇਆ ਹੋਇਆ ਹੈ ਤੇ ਖੋਤੇ 'ਤੇ ਚੜ੍ਹਿਆ ਹੋਇਆ ਅੰਮ੍ਰਿਤਸਰ ਦੀਆਂ ਪ੍ਰਕਰਮਾ ਕਰ ਰਿਹਾ ਹੈ। ਮਹਾਰਾਜ ਉਸ ਵੇਲੇ ਦ੍ਰਵ ਗਏ ਕਹਿਣ ਲੱਗੇ, ਜਾਓ ਮੇਰੇ ਪਿਆਰੇ ਸਿੱਖ ਨੂੰ ਲੈ ਕੇ ਆਓ। ਐਡਾ ਦਰਦ ਮੇਰੇ ਸਿੱਖ ਦੇ ਮਨ ਵਿੱਚ। ਆਪ ਕਿੱਡੀ ਬਦਨਾਮੀ ਸਹਿ ਰਹੇ ਨੇ, ਕਿੱਡੀ ਹਾਸੀ ਲੋਕਾਂ ਦੀ ਸਹਿ ਰਹੇ ਨੇ। ਸਾਰੇ ਪਿੰਡਾਂ 'ਚੋਂ ਲੰਘ ਕੇ ਆਏ। ਕਿੱਡਾ ਜਿਗਰਾ ਹੈ ਸਿੱਖ ਦਾ ਕਿ ਇੱਕ ਭੁੱਲੇ ਨੂੰ ਬਖਸ਼ਾਉਣ ਵਾਸਤੇ, ਐਡਾ ਪਰਉਪਕਾਰ ਵਾਲਾ ਹਿਰਦਾ ਹੈ। ਉਸ ਵੇਲੇ ਗੁਰੂ ਮਹਾਰਾਜ ਦੇ ਪਾਸ ਲੈ ਕੇ ਆਉਂਦੇ ਨੇ ਤੇ ਗੁਰੂ ਮਹਾਰਾਜ ਕਹਿਣ ਲੱਗੇ, ਭਾਈ ਲੱਧਾ! ਇਨ੍ਹਾਂ ਵਾਸਤੇ ਤੂੰ ਐਨਾ ਕਸ਼ਟ ਕਰਿਆ। ਪਾਤਸ਼ਾਹ! ਭੁੱਲਣਹਾਰ ਹਨ, ਕ੍ਰਿਪਾ ਕਰੋ, ਬਖਸ਼ ਦਿਓ। ਤੁਹਾਡਾ ਬਿਰਦ ਹੈ–

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ – 544*

ਕਹਿਣ ਲੱਗੇ, ਗੁਰਸਿੱਖਾਂ! ਤੂੰ ਮੈਨੂੰ ਵਸ ਕਰ ਲਿਆ, ਤੇਰੇ ਪਿਆਰ ਦੇ ਮੈਂ ਵਸ ਹੋ ਗਿਆ, ਇਹਨੇ ਗੁਰੂ ਨਾਨਕ ਦੀ ਨਿੰਦਿਆ ਕਰੀ ਹੈ। ਬਖਸ਼ੇ ਜਾਣ ਵਾਲੇ ਨਹੀਂ ਸੀ, ਪਰ ਹੁਣ ਇਹ ਗੁਰੂ ਨਾਨਕ ਦੀ ਉਸੇ ਮੂੰਹ ਦੇ ਨਾਲ ਉਪਮਾ ਉਚਾਰਨ ਕਰਨ। ਉਸ ਵੇਲੇ ਟਿੱਕੇ ਦੀ ਵਾਰ ਦੀਆਂ ਅੱਠ ਪਉੜੀਆਂ ਉਨ੍ਹਾਂ ਨੇ ਉਚਾਰਨ ਕਰੀਆਂ। ਜਿਉਂ-ਜਿਉਂ ਉਚਾਰਨ ਕਰਦੇ ਗਏ, ਤਿਉਂ-ਤਿਉਂ ਉਨ੍ਹਾਂ ਦਾ ਕੁਸ਼ਟ ਦਾ ਰੋਗ ਝੜਦਾ ਚਲਿਆ ਗਿਆ। ਰਾਜ਼ੀ ਹੋ ਗਏ, ਉਸ ਵੇਲੇ ਗੁਰੂ ਮਹਾਰਾਜ ਨੇ ਬਚਨ ਕਰੇ, ਭਾਈ ਲੱਧੇ ਦੇ ਕਿ ਪਰਉਪਕਾਰ ਦਾ ਉਮਾਹ ਹੁੰਦਾ ਹੈ। ਮੇਰਾ ਗੁਰਸਿੱਖ ਜਿਹੜਾ ਹੈ ਉਹ ਪਰਉਪਕਾਰੀ ਹੈ। ਸਾਰੀਆਂ ਚੀਜ਼ਾਂ ਦਾ ਸਾਰ ਵਾਹਿਗੁਰੂ ਦਾ ਨਾਮ ਜਪਣਾ ਹੈ। ਦੂਸਰਾ ਕੰਮ ਹੈ ਪਰਉਪਕਾਰ ਕਰਨਾ। ਕਹਿੰਦੇ ਧਿਰਕਾਰ ਹੈ ਜੇ ਦੋਵੇਂ ਚੀਜ਼ਾਂ ਕਿਸੇ ਕੋਲ ਨਹੀਂ ਹਨ, ਪਰਉਪਕਾਰ ਤੇ ਸਿਮਰਨ। ਉਹ ਤਾਂ ਐਵੇਂ

ਹੀ ਸਮਾਂ ਬਿਤਾ ਰਿਹਾ ਹੈ ਧਿਰਕਾਰ ਦਾ। ਜਿਹੜੇ ਪਰਉਪਕਾਰ ਨਹੀਂ ਕਰਦੇ, ਬਿਨਾਂ ਪੂੰਛ ਤੋਂ ਅਰ ਸਿੰਗਾਂ ਤੋਂ ਬਗੈਰ ਪਸ਼ੂ ਸਮਾਨ ਐਵੇਂ ਸੰਸਾਰ ਦੇ ਅੰਦਰ ਆਏ ਹੋਏ ਨੇ।

*ਸਾਰ ਮਹਾਂ ਸਿਮਰਨਿ ਸਤਿਨਾਮੁ ਕਾਰ ਮਹਾਂ ਕਰਿਬੇ ਉਪਕਾਰ।*
*ਇਨ ਦੋਨਹੁ ਬਿਨ ਮਾਨੁਖ ਤਨ*
*ਧਿਕ ਸਮੋ ਬਿਤਾਵਹਿ ਲਖਹਿ ਨ ਸਾਰ।*
*ਅੰਤ ਸਮੇਂ ਜਮਦੂਤ ਗਹੈ ਦਿਢ,*
*ਝੂਰਤਿ ਗਮਨਹਿਂ ਦ੍ਵੈ ਕਰ ਝਾਰਿ।*

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ 2107***

ਦੋਵੇਂ ਹੱਥ ਝਾੜ ਕੇ ਸੰਸਾਰ ਤੋਂ ਜਾਣਗੇ, ਕਿਉਂਕਿ ਸਿਮਰਨ ਨਹੀਂ ਕਰਿਆ, ਪਰਉਪਕਾਰ ਨਹੀਂ ਕਰਿਆ।

*ਪੁੰਨ, ਦਾਨ, ਤਪ, ਮਖ ਕੋ ਕਰਿਬੋ, ਹੋਤਿ ਨ ਪਰਉਕਾਰ ਸਮਾਨ।*

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ 2107***

ਪੁੰਨ ਦਾਨ ਕਰਦਾ ਹੈ, ਤਪ ਕਰਦਾ ਹੈ, ਯੱਗ ਕਰਦਾ ਹੈ, ਕਹਿੰਦੇ ਪਰਉਪਕਾਰ ਦੇ ਬਰਾਬਰ ਨਹੀਂ ਹੈ।

*ਕਲਮਲ ਕਨਿ ਅਨਕਨਿ ਰੀਤੀ ਕ੍ਰਿਤਘਣ ਕੇ ਸਮ ਕੋਇ ਨ ਜਾਨਿ।*

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ, ਪੰਨਾ 2107***

ਜਿਹੜੇ ਅਕਿਰਤਘਣ ਨੇ ਵਾਹਿਗੁਰੂ ਤੋਂ ਲੈਂਦੇ ਨੇ ਸਭ ਕੁਛ, ਸਰੀਰ ਵੀ ਪਾਇਆ, ਹਰੇਕ ਚੀਜ਼ ਮਿਲਦੀ ਹੈ, ਉਹਨੂੰ ਯਾਦ ਨਹੀਂ ਕਰਦੇ ਕਹਿੰਦੇ ਉਨ੍ਹਾਂ ਵਰਗਾ ਪਾਪੀ ਦੁਨੀਆਂ ਦੇ ਅੰਦਰ ਕੋਈ ਨਹੀਂ ਹੈ। ਆਇਆ ਉਹਦਾ ਹੀ ਸਫਲ ਹੈ ਜਿਹੜਾ ਪਰਉਪਕਾਰੀ ਹੈ। ਉਸ ਵੇਲੇ ਰਾਜ਼ੀ ਹੋ ਗਏ ਸਾਧਸੰਗਤ ਜੀ, ਸਰੀਰ ਦਾ ਕੁਸ਼ਟ ਜਾਂਦਾ ਰਿਹਾ। ਨਿਮਰਤਾ ਦੇ ਨਾਲ ਗੁਰੂ ਮਹਾਰਾਜ ਦੇ ਚਰਨਾਂ 'ਚ ਮੱਥਾ ਟੇਕਿਆ, ਕਹਿਣ ਲੱਗੇ, ਪਾਤਸ਼ਾਹ! ਅਸੀਂ ਬੜੀ ਭਾਰੀ ਭੁੱਲ ਕੀਤੀ। ਮਹਾਰਾਜ ਕਹਿੰਦੇ, ਪ੍ਰੇਮੀਓਂ! ਭੁੱਲ ਤੁਹਾਡੇ ਤੋਂ ਤਾਂ ਹੋਈ, ਕਿਉਂਕਿ ਤੁਸੀਂ ਗੁਣ ਦੇ ਰਸ ਵਿੱਚ ਨਾ ਰਹੇ। ਗੁਣ ਦੇ ਮਾਣ ਵਿਚ ਆ ਗਏ। ਉਸਤਤਿ ਨੇ ਤੁਹਾਡੇ ਅੰਦਰ ਮਾਣ ਲਿਆਂਦਾ, ਮਾਣ ਨੇ ਹਉਮੈ ਲਿਆਂਦੀ, ਹਉਮੈ ਜਿੱਥੇ ਆ ਗਈ, ਉਥੇ ਗੁਰੂ ਦੇ ਨਾਲ ਸਿੱਖ ਨਹੀਂ ਜੁੜਿਆ ਕਰਦਾ। ਇਸ ਕਰਕੇ ਗੁਰੂ ਕਹਿੰਦਾ ਹੈ ਕਿ ਜੇ ਤੂੰ ਗੁਰੂ ਦੇ ਨਾਲ ਇੱਕਮਿਕ ਹੋਣਾ ਹੈ, ਨੇੜੇ ਆਉਣਾ ਹੈ ਤਾਂ ਮਾਣ ਨੂੰ ਛੱਡ ਦੇ। ਮਾਣ ਸਭ ਤੋਂ ਬੁਰੀ ਚੀਜ਼ ਹੈ -

*ਕਬੀਰ ਮਾਇਆ ਤਜੀ ਤ ਕਿਆ ਭਇਆ*
*ਜਉ ਮਾਨੁ ਤਜਿਆ ਨਹੀ ਜਾਇ ॥*
*ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥*

***ਅੰਗ - 1372***

ਜਿਹੜੇ ਵੱਡੇ-ਵੱਡੇ ਮੁਨੀਸਰ ਸੀ, ਉਹ ਵੀ ਮਾਣ ਦੇ ਅੰਦਰ ਗਲ ਗਏ ਸਾਧਸੰਗਤ ਜੀ! ਮਾਣ ਬੜੀ ਬੁਰੀ ਚੀਜ਼ ਹੈ, ਜਿਹਦੇ ਹਿਰਦੇ 'ਚ ਆ ਜਾਵੇ। ਉਹਦਾ ਜੇ ਥੋੜ੍ਹਾ ਜਿਹਾ ਵੀ ਨਿਰਾਦਾਰ ਹੋ ਜਾਏ ਨਾ ਉਹਨੂੰ ਕ੍ਰੋਧ

ਆਉਂਦਾ ਹੈ। ਕ੍ਰੋਧ ਆ ਕੇ ਫੇਰ ਉਹ ਅੰਟ-ਸੰਟ ਗੱਲਾਂ ਕਹਿੰਦਾ ਹੈ। ਕਿਉਂਕਿ ਮਾਨੀ ਹੈ ਮਾਣ ਗੁਰੂ ਨੂੰ ਭਾਇਆ ਨਹੀਂ ਕਰਦਾ, ਉਹਦੇ ਪੱਲੇ ਧਕੇਵਾਂ ਪਿਆ ਕਰਦਾ ਹੈ। ਆਪਾਂ ਸਾਰੇ ਇਹ ਜੋ ਪ੍ਰਸੰਗ ਹੈ ਇਸ ਤੋਂ ਸਿੱਖਿਆ ਲਈਏ, ਸਿੱਖਿਆ ਲੈ ਕੇ ਆਪਣੇ ਜੀਵਨ ਨੂੰ ਢਾਲੀਏ। ਕੋਈ ਨਾ ਕੋਈ ਗੁਣ ਹਰੇਕ 'ਚ ਹੁੰਦਾ ਹੈ। ਗੁਣਾਂ ਦੀ ਸਾਂਝ ਪਾਓ, ਔਗੁਣਾਂ ਨੂੰ ਛੱਡ ਦਿਓ, ਬਾਕੀ ਗੁਰੂ ਦੇ ਅਨਸਾਰੀ ਹੋ ਕੇ, ਗੁਰੂ ਦੇ ਸਾਏ 'ਚ ਰਹਿ ਕੇ ਆਪਣਾ ਜੀਵਨ ਬਤੀਤ ਕਰੋ। ਜਦੋਂ ਇਸ ਤਰ੍ਹਾਂ ਅਸੀਂ ਬਤੀਤ ਕਰਾਂਗੇ, ਇੱਥੇ ਵੀ ਸਾਡਾ ਭਲਾ ਹੋਏਗਾ, ਤੇ ਦਰਗਾਹ ਵਿੱਚ ਵੀ ਸਾਡਾ ਭਲਾ ਹੋਏਗਾ ਤੇ ਨਾਲ ਸਾਨੂੰ ਜਿਹੜੀ 'ਵਾਹਿਗੁਰੂ' ਨੇ ਦਾਤ ਦਿੱਤੀ ਹੈ ਕੀਰਤਨ ਦੀ ਜਾਂ ਹੋਰ ਕਥਾ ਕਰਨ ਦੀ, ਪਾਠ ਕਰਨ ਦੀ, ਵਿਆਖਿਆ ਕਰਨ ਦੀ। ਲੈਕਚਰ ਦੇਣ ਦੀ। ਉਹ ਤਾਂ ਸਫਲ ਹੁੰਦੀ ਹੈ, ਜੇ ਨਿਰਮਾਣਤਾ 'ਚ ਰਹੋ, ਗੁਰੂ ਦੀ ਦਾਤ ਸਮਝ ਕੇ ਕਹੇ। ਜਿੰਨੇ-ਜਿੰਨੇ ਫਲ ਵਾਲੇ ਭਾਰੀ ਹੁੰਦੇ ਨੇ ਦਰਖਤ ਓਨੇ ਨੀਵੇਂ ਹੁੰਦੇ ਚਲੇ ਜਾਂਦੇ ਨੇ। ਸਿੰਬਲ ਜਿਹੜਾ ਹੈ ਉਹਦਾ ਫਲ ਵੀ ਕੱਚਾ ਕਿਸੇ ਕੰਮ ਦਾ ਨਹੀਂ -

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆ*
*ਵਹਿ ਪਤ ॥*

*ਅੰਗ - 470*

ਪੱਤੇ ਵੀ ਉਹਦੇ ਕੰਮ ਨਹੀਂ ਆਉਂਦੇ, ਫਲ ਫਿੱਕੇ ਨੇ ਫੁੱਲ ਉਹਦੇ ਬਕਬਕਾ ਹੈ। ਐਸਾ ਜੀਵਨ ਨਾ ਸਾਡਾ ਬਣ ਜਾਵੇ। ਇਨ੍ਹਾਂ ਗੱਲਾਂ 'ਚ ਸਾਵਧਾਨੀ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦੇ ਨਾਲ ਅਸੀਂ ਸਾਵਧਾਨ ਹੋ ਕੇ ਆਪਣਾ ਜੀਵਨ ਬਤੀਤ ਕਰਾਂਗੇ, ਉਸ ਵੇਲੇ ਸਾਨੂੰ ਰੂਹਾਨੀ ਓੜ ਪ੍ਰਾਪਤ ਹੁੰਦੀ ਹੈ, ਨਹੀਂ ਤਾਂ ਆਦਮੀ ਜਿਵੇਂ ਕੋਹਲੂ ਦਾ ਬੈਲ ਹੁੰਦਾ ਹੈ ਉਥੇ ਦਾ ਉਥੇ ਹੀ ਖੜ੍ਹਿਆ ਰਹਿ ਜਾਂਦਾ ਹੈ। ਉਸ ਵੇਲੇ ਜਦੋਂ ਰਾਜ਼ੀ ਹੋ ਗਏ, ਫੇਰ ਇਸ ਤਰ੍ਹਾਂ ਦੇ ਨਾਲ ਅਰਦਾਸ ਕਰਦੇ ਨੇ -

*ਧਾਰਨਾ - ਦਾਰੂ ਦੇ ਕੇ ਗੁਰਾਂ ਨੇ ਸੱਚੇ ਨਾਮ ਦੀ,*
*ਕੱਟੇ ਰੋਗ ਤਨ ਮਨ ਦੇ।*

*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥*
*ਕਿਲਬਿਖ ਕਾਟੇ ਨਿਰਮਲੁ ਥੀਆ ॥*
*ਅਨਦੁ ਭਇਆ ਨਿਕਸੀ ਸਭ ਪੀਰਾ*
*ਸਗਲ ਬਿਨਾਸੇ ਦਰਦਾ ਜੀਉ ॥* *ਅੰਗ - 101*

ਹੁਣ ਸਮਾਂ ਕਿਉਂਕਿ ਇਜਾਜ਼ਤ ਨਹੀਂ, ਜਿਹੜੇ ਪ੍ਰੇਮੀ ਹਾਲੇ ਤਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# ਸਤਿਗੁਰੂ ਤੇਗ ਬਹਾਦੁਰ ਸਾਹਿਬ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਬਾਹਰ ਜਾਣ ਤੋਂ ਰੋਕੋ। ਅੱਜ ਦਾ ਜੋ ਦਿਨ ਹੈ, ਇਹ ਸਾਰੇ ਸੰਸਾਰ ਦੇ ਇਤਿਹਾਸ ਵਿਚ ਜਦੋਂ ਤੋਂ ਸੰਸਾਰ ਰਚਿਆ ਹੈ, ਓਸ ਵੇਲੇ ਤੋਂ ਇੱਕ ਮਹਾਨ ਮਹੱਤਵਪੂਰਨ ਦਿਨ ਹੈ ਇਸਨੂੰ ਅਸੀਂ ਸਮਝ ਨਹੀਂ ਸਕੇ ਤੇ ਦੁਨੀਆਂ ਨੂੰ ਦੱਸ ਨਹੀਂ ਸਕੇ, ਸੰਸਾਰ ਨੂੰ ਨਹੀਂ ਅਸੀਂ ਇਹ ਗੱਲ ਦੱਸ ਸਕੇ। ਕਿਉਂਕਿ ਬਹੁਤ ਵੱਡਾ ਅਸੂਲ ਗੁਰੂ ਮਹਾਰਾਜ ਨੇ ਕਾਇਮ ਕੀਤਾ ਸੀ, ਜਿਸਨੂੰ ਅਸੀਂ ਸੰਸਾਰ ਤੱਕ ਪਹੁੰਚਾ ਨਹੀਂ ਸਕੇ। ਕੇਵਲ ਕੁਰਬਾਨੀ ਤੱਕ ਮਹਿਦੂਦ ਕਰ ਲਿਆ। ਗੁਰੂ ਮਹਾਰਾਜ ਨੇ ਆਪਣਾ ਬਲਿਦਾਨ ਦਿੱਤਾ। ਉਦੋਂ ਅਸੀਂ ਕੋਈ ਸਿੱਖਿਆ ਨਹੀਂ ਲਈ ਕਿਉਂਕਿ ਐਸੀਆਂ ਅਲੌਕਿਕ ਬਾਤਾਂ ਗੁਰੂਆਂ ਨੇ ਸਾਡੀ ਭੂਮੀ ਦੇ ਉਤੇ, ਮੰਚ ਦੇ ਉਤੇ ਕੀਤੀਆਂ ਨੇ ਕਿ ਜਿਨ੍ਹਾਂ ਦੇ ਅਸੀਂ ਅਸਲੀ ਅਰਥ ਨਹੀਂ ਸਮਝ ਸਕੇ। ਜੇ ਅਸੀਂ ਪੜ੍ਹ ਲੈਂਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਦੇ ਨਾਲ ਜਾ ਕੇ ਮਸਜਿਦ ਦੇ ਵਿਚ ਨਮਾਜ਼ ਪੜ੍ਹਨ ਵੇਲੇ ਉਨ੍ਹਾਂ ਨੂੰ ਇਹ ਕਿਹਾ ਕਿ ਤੁਸੀਂ ਬਾਵਜੂਦ ਨਮਾਜ਼ ਪੜ੍ਹਨ ਦੇ ਨਮਾਜ਼ ਨਹੀਂ ਪੜ੍ਹੀ, ਤੁਹਾਡੀ ਦਰਗਾਹ ਦੇ ਵਿਚ ਕਬੂਲ ਨਹੀਂ ਹੋਏਗੀ। ਤੁਹਾਡੀ ਨਮਾਜ਼ ਖੰਡਤ ਹੋ ਗਈ ਹੈ, ਕਜ਼ਾ ਹੋ ਗਈ ਹੈ, ਲੇਖੇ 'ਚ ਨਹੀਂ ਪਈ। ਲੇਖੇ 'ਚ ਤੁਹਾਡਾ ਉਠਣਾ ਬੈਠਣਾ ਪਿਆ ਹੈ, ਮਸਜਿਦ 'ਚ ਆ ਜਾਣਾ ਪਿਆ ਹੈ। ਲੇਕਿਨ ਰੱਬ ਨਾਲ ਤੁਹਾਡਾ conection ਨਹੀਂ ਜੁੜਿਆ। ਕਿਉਂਕਿ ਜਿਹਨੇ ਨਮਾਜ਼ ਪੜ੍ਹਨੀ ਸੀ ਉਹ ਘੋੜੇ ਖਰੀਦਦਾ ਫਿਰਦਾ ਸੀ। ਵਛੇਰੀ ਮੋੜਦਾ ਸੀ। ਸਾਡੇ ਅਨੇਕਾਂ ਫੁਰਨੇ ਹੁੰਦੇ ਨੇ । ਜੇ ਗੁਰੂ ਨਾਨਕ ਜਾਣ ਗਿਆ, ਤਾਂ ਵਾਹਿਗੁਰੂ ਤਾਂ ਜਾਣਦਾ ਹੀ ਹੈ ਸਭ ਕੁਛ। ਜੇ ਭਲਾ ਅਸੀਂ ਥੋੜ੍ਹੀ ਦੇਰ ਵਾਸਤੇ ਮੰਨ ਲਈਏ ਕਿ ਹੁਣ ਤਾਂ ਗੁਰੂ ਨਾਨਕ ਸਾਹਿਬ ਇੱਥੇ ਹੈ ਨਹੀਂ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ 'ਤੇ ਵਿਸ਼ਵਾਸ਼ ਘੱਟ ਹੈ, ਤਾਂ ਫੇਰ ਉਹ ਨਮਾਜ਼ ਨੂੰ, ਸਾਡੇ 'ਜਪੁਜੀ ਸਾਹਿਬ' ਨੂੰ ਕੌਣ watch ਕਰ ਰਿਹਾ ਹੈ। ਪੜ੍ਹੀ ਜਾਂਦੇ ਹਾਂ, ਪੜ੍ਹੀ ਜਾਂਦੇ ਹਾਂ, ਮਨ ਕਿਤੇ ਵੀ ਨਹੀਂ ਟਿਕਦਾ, ਡਰ ਨਹੀਂ ਲਗਦਾ ਕਿ ਇਹ ਗੱਲ ਤਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਮਨ੍ਹਾਂ ਕਰ ਦਿੱਤੀ, ਇਹ ਤਾਂ ਕਜ਼ਾ ਹੋ ਰਿਹਾ ਹੈ ਸਾਡਾ ਪਾਠ, ਕਿਸੇ ਲੇਖੇ 'ਚ ਨਹੀਂ ਪੈ ਰਿਹਾ। ਕਿਉਂਕਿ ਅਸੀਂ ਆਪਣੇ

ਆਪ ਨੂੰ ਤਿਆਰ ਨਹੀਂ ਕਰਿਆ ਜਪੁਜੀ ਸਾਹਿਬ ਪੜ੍ਹਨ ਵਾਸਤੇ, ਕੇਵਲ ਨਮਾਜ਼ ਤੋਂ ਅੱਗੇ ਨਹੀਂ ਅਸੀਂ ਲੰਘ ਸਕੇ। ਉਹਦੀ ਪ੍ਰਸੰਸਾ ਕਰਦੇ ਹਾਂ, ਆਪਣੇ ਵਾਸਤੇ ਕੁਛ ਨਹੀਂ ਹੈ। ਇਸੇ ਤਰ੍ਹਾਂ ਦੇ ਨਾਲ ਬੇਅੰਤ ਸਿੱਖ ਇਤਿਹਾਸ ਦੇ ਅੰਦਰ, ਗੁਰੂਆਂ ਦੇ ਇਤਿਹਾਸ ਦੇ ਅੰਦਰ ਦੁਨੀਆਂ ਦੇ ਵਾਸਤੇ, ਬੇਅੰਤ ਐਸੀਆਂ ਮਿਸਾਲਾਂ ਕਾਇਮ ਕੀਤੀਆਂ ਨੇ, ਕਿ ਜਿਨ੍ਹਾਂ ਨੂੰ ਜੇ ਅਸੀਂ ਅਪਣਾਅ ਲਈਏ ਤਾਂ ਅਸੀਂ universal (ਸਾਰੇ ਸੰਸਾਰ ਦੇ) ਬੰਦੇ ਬਣ ਜਾਂਦੇ ਹਾਂ। ਸਾਰੇ ਸੰਸਾਰ ਦੇ ਸਾਂਝੇ। ਸਾਰਾ ਹੀ ਸੰਸਾਰ ਸਾਡਾ ਹੋ ਜਾਂਦਾ ਹੈ। ਬਹੁਤ ਵੱਡੀ approach (ਪਹੁੰਚ) ਸੀ ਗੁਰੂ ਨਾਨਕ ਪਾਤਸ਼ਾਹ ਦੀ। ਅਸੀਂ ਰੋਲ ਦਿੱਤੀ, ਕਿਉਂਕਿ ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ। ਆਪਣੀ ਜੋ ਸਾਡੀ ਸੋਚ ਸੀ, ਉਹਦਾ ਜਿਹੜਾ narrow circel (ਤੰਗ ਚੱਕਰ) ਸੀ ਉਸ ਤੋਂ ਬਾਹਰ ਨਹੀਂ ਅਸੀਂ ਕੱਢ ਸਕੇ। ਇਥੇ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਵੀ ਅਸੀਂ ਪਾਬੰਦੀ ਲਾ ਲਈ ਕਿ ਸਿਰਫ ਜਿਹਨੇ ਅੰਮ੍ਰਿਤ ਛਕਿਆ ਉਹ ਪੜ੍ਹ ਸਕਦਾ ਹੈ, ਦੂਸਰਾ ਨਹੀਂ ਪੜ੍ਹ ਸਕਦਾ ਹੈ। ਇੱਕ ਵਿਚਾਰ ਦੇ ਨਾਲ ਦੇਖੋ ਗੁਰੂ ਨਾਨਕ ਪਾਤਸ਼ਾਹ ਨੇ ਅੰਮ੍ਰਿਤ ਛਕਣ ਵਾਲਿਆਂ ਦੇ ਸਾਮ੍ਹਣੇ ਬਾਣੀ ਉਚਾਰੀ ਸੀ, ਕਿ ਦੂਜਿਆਂ ਦੇ ਸਾਮ੍ਹਣੇ ਉਚਾਰੀ ਸੀ। ਆਪੇ ਹੀ ਦੇਖੋ ਸੋਚ ਕੇ। ਉਹ ਤਾਂ ਯਾਦ ਨਹੀਂ ਰਹਿੰਦੀ, ਜੇ ਉਨ੍ਹਾਂ ਨੇ ਲਿਖ ਲਈ ਹੋਵੇ ਉਹ ਪੜ੍ਹਦੇ ਹੋਣ ਫੇਰ ਅਸੀਂ ਉਨ੍ਹਾਂ ਦੇ ਹੱਥ 'ਚੋਂ ਗੁਟਕਾ ਖੋਹ ਲਵਾਂਗੇ, ਤੂੰ ਅਜੇ ਅੰਮ੍ਰਿਤ ਨਹੀਂ ਛਕਿਆ, ਤੂੰ ਨਹੀਂ ਪੜ੍ਹ ਸਕਦਾ ਇਹਨੂੰ। ਕਿੱਡੀ ਤੰਗਦਿਲੀ ਹੈ ਸਾਡੀ ਹਰ ਗੱਲ 'ਚ ਤੰਗਦਿਲੀ ਚਲਦੀ ਹੈ। ਉਹ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਤਾਲੀਮ ਸੀ ਉਸ ਤੋਂ ਵਿਪਰੀਤ ਹੋ ਗਏ ਅਸੀਂ 100%, ਟੁੱਟ ਗਏ ਉਹਦੇ ਨਾਲੋਂ, ਸਾਨੂੰ ਸੋਝੀ ਨਹੀਂ ਆਉਂਦੀ। ਧਰਮ ਦਾ ਹੋਰ ਹੀ ਕੁਛ ਬਣ ਗਿਆ। ਸਾਡੇ ਅੰਦਰ, ਉਹ ਰੋਸ਼ਨੀ ਨਹੀਂ ਰਹੀ ਉਹ ਚੀਜ਼ ਨਹੀਂ ਰਹੀ । ਪ੍ਰਕਾਸ਼ ਨਹੀਂ ਰਿਹਾ, ਸਾਡੀ Universal approach (ਸਰਬਸਾਂਝੀ ਪਹੁੰਚ) ਨਹੀਂ ਰਹੀ। ਨਿੱਕੀ ਜਿਹੀ approach (ਪਹੁੰਚ) ਹੋ ਗਈ ਸਾਡੀ। ਦੁਨੀਆਂ ਨੂੰ ਦੇਣ ਵਾਲਾ ਬਹੁਤ ਵੱਡਾ ਜੋ ਗਿਆਨ ਸੀ, ਗੁਰੂ ਨੇ ਸਾਡੇ ਤੇ ਬਹੁਤ ਵੱਡਾ ਵਿਸ਼ਵਾਸ਼ ਕਰਿਆ ਸੀ, ਪੁਜਾਰੀ ਕਲਾਸ ਵਿਚੋਂ ਉਡਾ ਦਿਤੀ ਸੀ, ਕਿਉਂਕਿ ਉਹ ਦੂਸ਼ਿਤ ਹੋ ਜਾਂਦੀ ਹੈ। ਪਹਿਲਾਂ ਸਾਡੇ ਜਿਹੜੇ ਬਜ਼ੁਰਗ ਸੀ, ਸਾਡੇ ਹੀ ਮਾਂ-ਬਾਪ, ਉਹ ਸਾਡੇ ਤੋਂ ਬੜੇ ਸਿਆਣੇ ਸੀ । ਬੜੀ ਦੇਰ ਤੱਕ ਉਨ੍ਹਾਂ ਨੇ ਇੱਕ ਵਰਗ ਬਣਾ ਰੱਖਿਆ ਕਿ ਤੁਸੀਂ ਭਾਈ ਕੰਮ ਨਾ ਕਰੋ, ਕੁਛ ਨਾ ਕਰੋ। ਤੁਹਾਡੇ ਕੱਪੜੇ ਦਾ ਫਿਕਰ, ਤੁਹਾਡੇ ਰਹਿਣ ਦਾ ਫਿਕਰ, ਅਸੀਂ ਕਰਾਂਗੇ। ਤੁਸੀਂ ਕੀ ਕਰਨਾ ਹੈ, ਤੁਸੀਂ ਭਾਈ research (ਖੋਜ) ਕਰੋ, ਅੰਦਰਲੀਆਂ ਖੋਜਾਂ ਖੋਜੋ ਤੇ ਅਟੱਲ ਸਚਾਈਆਂ ਨੂੰ ਤੁਸੀਂ ਅੰਕਿਤ ਕਰੋ ਤੇ ਅਸਾਨੂੰ ਸੁਣਾਓ ਫੇਰ ਤੁਸੀਂ ਕਿਉਂਕਿ ਤੁਸੀਂ ਰੋਟੀ ਪਾਣੀ 'ਚ ਰੁਲ ਜਾਓਂਗੇ। ਉਸ ਕਲਾਸ ਨੂੰ ਬ੍ਰਾਹਮਣ ਕਲਾਸ ਬਣਾ ਦਿੱਤਾ। ਜੇ ਤਾਂ ਬੰਦਾ ਚਲਦਾ ਸੀ ਤਾਂ, ਤਾਂ ਰਹਿੰਦਾ ਸੀ, ਜੇ ਗਿਰ ਜਾਂਦਾ ਸੀ, ਹੇਠਲੀਆਂ ਸ਼੍ਰੇਣੀਆਂ 'ਚ ਉਹਨੂੰ ਦਾਖਲ ਕਰ ਦਿੱਤਾ ਜਾਂਦਾ ਸੀ। ਫੇਰ ਉਹ ਬ੍ਰਾਹਮਣ ਨਹੀਂ ਸੀ

ਰਹਿੰਦਾ। ਵੱਡੇ-ਵੱਡੇ ਜਿਹੜੇ ਬ੍ਰਾਹਮਣ ਹੋਏ ਨੇ, ਜਿਸ ਤਰ੍ਹਾਂ ਦੇ ਨਾਲ 'ਸ੍ਰੀ ਰਾਮ ਚੰਦਰ ਜੀ' ਦੇ ਗੁਰੂ ਸੀ 'ਵਸ਼ਿਸ਼ਟ ਜੀ' ਉਹ ਬ੍ਰਾਹਮਣ ਨਹੀਂ ਸੀਗੇ, ਉਨ੍ਹਾਂ ਨੂੰ ਬ੍ਰਾਹਮਣ ਦੀ ਪਦਵੀ ਮਿਲੀ, ਉਹ ਆਪ ਅਛੂਤ ਸੀਗੇ। ਛੋਟੀਆਂ-ਛੋਟੀਆਂ ਜਾਤਾਂ 'ਚੋਂ ਉਠ ਕੇ ਵੱਡੇ-ਵੱਡੇ ਰੁਤਬੇ ਉਨ੍ਹਾਂ ਨੇ ਪ੍ਰਾਪਤ ਕਰੇ। ਜਿਵੇਂ ਡਿਗਰੀ ਹੁੰਦੀ ਹੈ ਪੀ.ਐਚ.ਡੀ. (Doctor of Philosophy)। ਇਨ੍ਹਾਂ ਨੂੰ ਮਹਾਰਾਜ ਕਹਿੰਦੇ ਵੀ ਰਹੇ ਕਿ ਸਾਡੇ ਤਾਂ ਬ੍ਰਾਹਮਣ ਉਹਨੂੰ ਕਹਿੰਦੇ ਨੇ ਜਿਹੜਾ ਬ੍ਰਹਮ ਦੀ ਵਿਚਾਰ ਕਰਦਾ ਹੈ, ਜਾਤ ਨੂੰ ਨਹੀਂ ਅਸੀਂ ਮੰਨਦੇ। ਲੇਕਿਨ ਅੱਗੇ ਜਾ ਕੇ ਕਲਾਸ ਬਣ ਗਈ, ਕਲਾਸ ਬਣ ਕੇ ਇਹ ਪੁਜਾਰੀ ਕਲਾਸ ਬਣ ਗਈ। ਤਰੱਕੀ ਰੁਕ ਗਈ।

ਗੁਰੂਆਂ (ਗੁਰੂ ਨਾਨਕ ਸਾਹਿਬ ) ਨੇ ਵੀ ਗੱਦੀ ਸ੍ਰੀ ਚੰਦ ਨੂੰ ਨਹੀਂ ਦਿੱਤੀ ਸੀ। ਕਿ ਇਹ ਖਾਨਦਾਨੀ ਬਣ ਜਾਏਗੀ। ਦਾਤੂ, ਦਾਸੂ ਜੀ ਨੂੰ ਨਹੀਂ ਦਿੱਤੀ ਕਿ ਖਾਨਦਾਨੀ ਬਣ ਜਾਏਗੀ। ਜੇ ਚੌਥੇ ਪਾਤਸ਼ਾਹ ਤੋਂ ਬਾਅਦ ਚੱਲਿਆ ਹੈ, ਉਹ ਉਤਰਾਅਧਿਕਾਰੀ ਐਨੇ ਜ਼ਬਰਦਸਤ ਹੋਏ ਉਨ੍ਹਾਂ ਦੇ ਮੁਕਾਬਲੇ ਦਾ ਹੋਰ ਕੋਈ ਹੈ ਨਹੀਂ ਸੀ। ਅਖੀਰ ਗੁਰੂ ਦਸਵੇਂ ਪਾਤਸ਼ਾਹ ਜੋ ਕੁਰਬਾਨੀ ਕਰ ਗਏ, ਹੋਰ ਕੋਈ ਹੈ ਨਹੀਂ ਸੀ ਕੁਰਬਾਨੀ ਕਰਨ ਵਾਲਾ, ਇਸ ਵਾਸਤੇ ਉਹ ਚੋਣ ਗਲਤ ਨਹੀਂ ਸੀ। ਗੁਰੂ ਮਹਾਰਾਜ ਨੇ ਫੇਰ ਪਰਿਵਾਰ 'ਚੋਂ ਕੱਢ ਦਿਤੀ, ਜੇ ਚਾਹੁੰਦੇ ਉਨ੍ਹਾਂ ਨੂੰ ਸਾਹਿਜ਼ਾਦਿਆਂ ਨੂੰ ਬਚਾ ਲੈਂਦੇ। ਕੋਈ ਔਖੀ ਬਾਤ ਨਹੀਂ ਸੀ। ਸਾਡੇ ਉਤੇ ਉਨ੍ਹਾਂ ਨੇ ਵਿਸ਼ਵਾਸ਼ ਕਰਿਆ ਕਿ ਹੁਣ ਇਹ ਦੋ ਸੌ ਸਾਲ ਦੀ ਤਾਲੀਮ ਤੋਂ ਬਾਅਦ ਸਭ ਕੁਝ ਸਮਝ ਗਏ। ਸਾਡੇ ਗੁਰੂ ਸਾਹਿਬ 235-36 ਸਾਲ ਰਹੇ ਹਨ। ਬਹੁਤ ਵੱਡਾ ਸਮਾਂ ਹੈ ਜਿਹਦੇ ਵਿਚ ਰਹੇ ਤੇ ਸਾਨੂੰ ਸਮਝਾਇਆ। ਲੇਕਿਨ ਸਮੇਂ ਦੇ ਫੇਰ ਨਾਲ ਅਸੀਂ ਫੇਰ ਉਥੇ ਹੀ ਗਿਰ ਗਏ ਜਿੱਥੋਂ ਕੱਢੇ ਸੀਗੇ, ਉਸ ਤੋਂ ਵੀ ਥੱਲੇ ਜਾ ਗਿਰੇ, ਅੱਜ ਦਾ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਹੈ, ਇਹਦੇ ਵਿਚ ਜੋ ਅਸਲੀ ਚੀਜ਼ ਹੈ, ਉਹਨੂੰ ਸਮਝਣ ਦਾ ਯਤਨ ਕਰੋ, ਉਹਦੀ ਗੌਰਵਤਾ ਨਾ ਕਰੋ ਕਿ ਹਾਂ ਬਹੁਤ ਵੱਡਾ ਹੈ। ਉਹਦੇ ਵਿਚ ਦੇਖੋ, ਕਿ ਸਾਡਾ ਕਿਰਦਾਰ ਕੀ ਹੈ। ਗੁਰੂ ਨੇ ਤਾਂ ਇੱਕ ਲੀਹ ਖਿੱਚ ਦਿੱਤੀ, ਅਸੀਂ ਉਸ ਲੀਹ 'ਤੇ ਚਲਦੇ ਹਾਂ, ਕਿ ਅਸੀਂ ਅੱਡ ਹੋ ਰਹੇ ਹਾਂ। ਗੁਰੂ ਨੇ ਲਕੀਰ ਖਿੱਚੀ ਸੀ, ਕਿ ਇੱਕ ਤਾਂ ਕਿਸੇ ਨੂੰ ਭੈ ਨਹੀਂ ਦੇਣੀ, ਤੇ ਇੱਕ ਕਿਸੇ ਦੀ ਭੈ ਮੰਨਣੀ ਨਹੀਂ ਹੈ, ਜੇ ਅਸੀਂ ਸੱਚ ਦੇ ਉਤੇ ਚੱਲ ਰਹੇ ਹਾਂ। ਦੂਸਰਾ ਇਹ ਸੀ ਕਿ ਧੱਕਾ ਜਿੱਥੇ ਵੀ ਹੁੰਦਾ ਹੈ, ਗਰੀਬ 'ਤੇ ਧੱਕਾ ਹੁੰਦਾ ਹੈ, ਉਹਦੇ ਨਾਲ ਤੁਸੀਂ ਓਸ ਪਾਸੇ ਖੜ੍ਹੋ ਜੇ ਤਾਂ ਤੁਹਾਡੇ 'ਚ ਤਾਕਤ ਹੈ, ਤਾਂ ਬਰਾਬਰ ਖੜ੍ਹ ਜਾਓ। ਜੇ ਐਨੀ ਤਾਕਤ ਨਹੀਂ ਹੈ ਤਾਂ ਤੁਸੀਂ ਭਾਈ ਫੇਰ ਉਹਦੇ ਨਾਲ ਹਮਦਰਦੀ ਰੱਖੋ। ਜੇ ਜ਼ਾਹਰਾ ਤੌਰ 'ਤੇ ਹਮਦਰਦੀ ਨਹੀਂ, ਰੱਖ ਸਕਦੇ ਤਾਂ ਮਨ ਵਿਚ ਤਾਂ ਚਿਤਵਨੀ ਚਿਤੋ ਤੇ ਅਰਦਾਸ ਕਰੋ ਕਿ ਗਰੀਬ ਮਾਰ ਹੋ ਰਹੀ ਹੈ -

***ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥***

***ਅੰਗ - 679***

ਜਿੰਨੀ ਕੁ ਤਾਕਤ ਵਰਤੀ ਹੈ, ਓਨੀ ਕੁ ਵਰਤੋ, ਆਪਣਾ ਬਲ ਨਾ ਹਾਰੋ। ਲੇਕਿਨ ਸੱਚ ਦੀ ਮਦਦ ਕਰੋ। ਝੂਠ ਦੀ ਮਦਦ ਨਾ ਕਰੋ। ਓਸ ਨੂੰ ਘਟਾਉਣ ਦਾ ਯਤਨ ਕਰੋ। ਇਹ ਬਹੁਤ ਵੱਡਾ ਉਪਦੇਸ਼ ਸੀ। ਗੁਰੂ ਮਹਾਰਾਜ ਨਾ ਤਿਲਕ ਦੇ ਵਿਚ ਵਿਸ਼ਵਾਸ਼ ਕਰਦੇ ਸੀ। ਨਾ ਜੰਞੂ 'ਚ ਕਰਦੇ ਸੀ, ਨਾ ਉਹ ਸੁੰਨਤਾਂ 'ਚ ਕਰਦੇ ਸੀ। ਨਾ ਕਿਸੇ ਰੂਪ ਰੇਖਾ 'ਚ ਕਰਦੇ ਸੀ ਕਿ ਆਹ ਭੇਖ ਧਾਰ ਲਓ, ਆਹ ਧਾਰ ਲਓ। ਕਿਤਾਬਾਂ ਵਿਚ ਪਿਆ ਲਿਖਿਆ ਮਿਲੇ, ਪਰ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਉਂਦਾ। ਜੋ ਚੌਰ ਤੇ ਤਖਤ ਦਾ ਮਾਲਕ ਹੁੰਦਾ ਹੈ ਓਹਦੀ ਬਾਤ ਚੱਲਿਆ ਕਰਦੀ ਹੈ। ਜਦੋਂ ਕਹਿੰਦੇ ਓਂ ਰੋਜ਼ ਅਰਦਾਸ ਦੇ ਵਿਚ ਕਿ ਚੌਰ ਤਖਤ ਦੇ ਮਾਲਕ, ਤਖਤ ਦਾ ਮਾਲਕ ਹੋਏਗਾ, ਉਹਦਾ ਹੁਕਮ ਚੱਲੇਗਾ। ਇਹ ਤਾਂ ਨਹੀਂ ਹੈ, ਕਿ ਫਲਾਣੇ ਦਾ ਹੁਕਮ ਚੱਲਿਆ ਜੀ, ਫਲਾਣੇ ਦਾ ਚੱਲਿਆ, ਫਲਾਣੇ ਨੇ ਐਉਂ ਕਿਹਾ। ਗੁਰੂਆਂ ਦੀ ਕੋਈ ਗੱਲ ਐਸੀ ਨਹੀਂ, ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਅਨਕੂਲ ਹੋਵੇ। ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾ ਰਲਦੀ ਹੋਵੇ, ਉਹ ਬਾਤ ਨਹੀਂ ਹੈ। ਕਿਉਂਕਿ ਕਰਨੀ ਤੇ ਕਥਨੀ ਦਾ ਸੁਮੇਲ ਸੀ। ਇਹ ਨਹੀਂ ਸੀ ਕਿ ਆਪ ਕੁਛ ਹੋਰ ਕਰਦੇ ਨੇ, ਕਵੀਆਂ ਵਾਂਗੂੰ ਕਵਿਤਾ ਬਣਾ ਕੇ ਦੇ ਦਿੱਤੀ, ਲਿਖਾਰੀਆਂ ਵਾਂਗਣ ਕਿਤਾਬ ਬਣਾ ਕੇ ਦੇ ਦਿਤੀ। ਜਦੋਂ ਕਿਤਾਬ ਪੜ੍ਹਦੇ ਹਾਂ, ਅਸੀਂ ਤਾਂ ਕਹਿੰਦੇ ਹਾਂ, ਕਿ ਇਹ ਤਾਂ ਬੰਦਾ ਹੀ ਬਹੁਤ ਉੱਚਾ ਹੈ। ਐਡੇ ਉਚੇ ਖਿਆਲ, ਜਦੋਂ ਉਹਦੇ ਕੋਲ ਜਾ ਕੇ ਦੇਖਾਂਗੇ ਫੇਰ ਪਤਾ ਲੱਗੇਗਾ, ਕਿ ਆਮ ਆਦਮੀ ਹੈ, ਇਹਨੇ ਤਾਂ ਚੋਰੀ ਕਰੀ ਹੋਈ ਹੈ। ਹਜ਼ਾਰਾਂ ਕਿਤਾਬਾਂ ਰੱਖ ਕੇ ਵਿਚੋਂ ਇੱਕ ਚੁਣ-ਚੁਣ ਕੇ ਗੁਲਦਸਤਾ ਬਣਾ ਦਿੱਤਾ। ਗੁਲਦਸਤਾ ਖੂਬਸੂਰਤ ਹੈ, ਪਰ ਇਹ ਬਣਾਉਣ ਵਾਲੇ ਦਾ ਜੀਵਨ ਖੂਬਸੂਰਤ ਨਹੀਂ ਹੈ। ਭੁਲੇਖਾ ਪੈ ਜਾਂਦਾ ਹੈ, ਇਹ ਜ਼ਬਰਦਸਤ! ਗੁਰੂਆਂ ਦਾ ਹੀ ਨਹੀਂ ਸੀ, ਗੁਰੂ ਮਹਾਰਾਜ ਨੇ ਜੋ ਗੁਰੂ ਗ੍ਰੰਥ ਸਾਹਿਬ 'ਚ ਕਿਹਾ ਹੈ, ਉਹ ਉਸ ਤੋਂ ਬਿਪਰੀਤ ਨਹੀਂ ਸੀਗੇ । ਉਹੀ ਉਨ੍ਹਾਂ ਦਾ ਜੀਵਨ ਸੀ, ਜੇ ਲਿਖਾਰੀ ਦਾ ਮਨ ਵਿਪਰੀਤ ਹੈ, ਲਿਖਾਰੀ ਨੇ ਆਪਣੇ ਮਨ ਦੀ ਗੱਲ ਲਿਖ ਦਿੱਤੀ, ਆਪਣਾ ਖਿਆਲ ਲਿਖ ਦਿੱਤਾ, ਉਹ ਸਾਨੂੰ ਨਹੀਂ ਮੰਨਣਾ ਚਾਹੀਦਾ। ਬੰਦੇ ਨੂੰ, ਜਿਹੋ ਜਿਹਾ ਪੈਦਾ ਹੋਇਆ ਹੈ, ਉਹਦੇ ਉਤੇ ਕੋਈ ਬੰਧਸ਼ ਨਹੀਂ ਸੀ ਲਾਉਂਦੇ, ਜੇ ਲਾਉਂਦੇ ਸੀ ਤਾਂ self character (ਸਵੈ ਚਰਿੱਤਰ) ਦੀ ਲਾਉਂਦੇ ਸੀ। ਜੇ ਸਾਡੇ ਕੇਸ ਨੇ, ਤਾਂ ਕੇਸ ਦਰਗਾਹ ਦੇ ਵਿਚੋਂ ਆਏ ਹੋਏ ਨੇ। ਕੋਈ ਐਸੀ ਚੀਜ਼ ਤਾਂ ਨਹੀਂ ਹੈ, ਕਿ ਤੁਸੀਂ ਕੇਸ ਉਗਾਓ ਦਵਾਈਆਂ ਲਾ-ਲਾ ਕੇ। ਹਾਂ, ਇਹਦੇ ਵਿਪਰੀਤ ਕਰਨਾ ਜਿਹੜਾ ਹੈਗਾ, ਉਹਨੂੰ ਹਟਾ ਦਿੱਤਾ, ਮਹਾਰਾਜ ਨੇ ਕਿ ਜਿਹੋ ਜਿਹੇ ਕੁਦਰਤੀ ਤੁਸੀਂ ਆਏ ਹੋਂ, ਉਹੋ ਜਿਹੇ ਰਹੋ। ਕੁਦਰਤ ਨੇ ਦਿੱਤੇ ਨੇ, ਕਦੇ ਖੋਜ ਹੋ ਜਾਏਗੀ, ਪਤਾ ਲੱਗ ਜਾਏਗਾ, ਕਿ ਇਹ ਕਿੰਨੇ ਜ਼ਰੂਰੀ ਨੇ।

ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਤਮੋ ਗੁਣੀ ਭੋਜਨ ਨਹੀਂ ਖਾਣਾ।

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥***

***ਅੰਗ - 1374***

ਸਾਦੀ ਰੋਟੀ ਖਾਓ -

*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥*

***ਅੰਗ- 1374***

ਪਹਿਲਾਂ ਜਾਨਵਰ ਮਾਰ ਕੇ ਖਾਓ, 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਕੇ ਖਾਣਾ। ਹੇਰਾ, ਬਿਰਤੀ ਹੁੰਦੀ ਹੈ, ਸ਼ਿਕਾਰ ਵਾਲੀ ਬਿਰਤੀ। ਉਹਦੇ ਵਾਸਤੇ ਪਹਿਲਾਂ ਖਾਓ ਤੇ ਫੇਰ ਬਦਲੇ ਦੇ ਕੇ ਆਪਣੇ ਸਿਰ ਕਟਾਓ। ਇਸ ਤਰ੍ਹਾਂ ਪ੍ਰਚਾਰ ਦੂਸ਼ਿਤ ਹੋ ਜਾਂਦਾ ਹੈ। ਗਲਤ ਹੋ ਜਾਂਦਾ ਹੈ। ਸਾਧਸੰਗਤ ਜੀ, ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਗੱਲ ਨਾ ਮੰਨੋ, ਕੋਈ ਕਹਿੰਦਾ ਹੈ, 'ਚਾਹੇ ਕੁਛ ਕਹੀ ਜਾਵੇ।' ਜੇ ਹਿੰਮਤ ਹੈ, ਤਾਂ ਪੁੱਛ ਲਓ, ਗੁਰਬਾਣੀ 'ਚ ਪੁੱਛ ਲਓ ਕਿ ਆਉਂਦੀ ਨਹੀਂ, ਵਿਆਖਿਆ ਹੁੰਦੀ ਹੈ। ਖਿਆਲਾਂ ਦੀ ਚੋਣ ਹੁੰਦੀ ਹੈ, ਉਹ ਜੇ ਗੁਰੂ ਸਾਹਿਬ ਦੇ ਨਾਲ ਚਲਦੇ ਨੇ, ਉਹਦੇ ਵਿਚ ਸਮਾਉਂਦੇ ਨੇ ਤਾਂ ਠੀਕ, ਜਦੋਂ ਉਸ ਤੋਂ ਉਲਟ ਕਹੇ ਤਾਂ ਫੇਰ ਗੱਲ ਸਾਨੂੰ ਮੰਨਣੀ ਨਹੀਂ ਚਾਹੀਦੀ। ਪਰ ਸਾਨੂੰ ਪਤਾ ਨਹੀਂ ਲਗਦਾ ਕਿ ਇਹ ਉਲਟ ਕਹਿ ਰਿਹਾ ਹੈ ਕਿ ਸਹੀ ਕਹਿ ਰਿਹਾ ਹੈ। ਕਿਉਂਕਿ ਸ਼ਬਦ ਦਾ ਬਲ ਬਹੁਤ ਜ਼ਬਰਦਸਤ ਹੈ। ਇਸ ਤਰ੍ਹਾਂ ਜੋ ਉਹ ਸਮਾਂ ਸੀ, 'ਜਿਸ ਸਮੇਂ ਦੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਬੜੀ ਭਾਰੀ ਕੁਰਬਾਨੀ ਕਰਨੀ ਪਈ। ਉਹਦੇ ਨਾਲ ਚੁੱਪ-ਚਾਪ ਪੌਣੇ ਦੋ ਸੌ ਸਾਲ ਤੋਂ ਇੱਕ ਸੰਘਰਸ਼ ਚਲਿਆ ਆਉਂਦਾ ਸੀ, ਕਿ ਸਭ ਨੂੰ ਆਜ਼ਾਦੀ ਚਾਹੀਦੀ ਹੈ, ਜਿਹਨੂੰ ਮਨੁੱਖੀ ਅਧਿਕਾਰ ਕਹਿ ਕੇ ਬੜਾ ਵਾ-ਵੇਲਾ ਕੀਤਾ ਜਾ ਰਿਹਾ ਹੈ। ਉਹ ਮਨੁੱਖੀ ਅਧਿਕਾਰ ਓਸ ਸਮੇਂ ਭਾਰਤ ਵਰਸ਼ ਵਿਚ ਹੈ ਨਹੀਂ ਸੀ। ਉਸ ਵੇਲੇ ਧੱਕੇ ਦਾ ਰਾਜ ਸੀ, ਮੂਰਖਾਂ ਦਾ ਰਾਜ ਸੀ। ਐਉਂ ਕਹਿ ਲਓ ਇਨਸਾਨੀਅਤ ਤੋਂ ਪਾਗਲ ਹੋਏ ਬੰਦਿਆਂ ਦਾ ਰਾਜ ਸੀ। ਜਿਨ੍ਹਾਂ ਦੇ ਮਨ ਦੇ ਵਿਚ ਨਾ ਪ੍ਰਮੇਸ਼ਰ ਦਾ ਭੈ, ਸਭ ਤੋਂ ਵੱਡੀ ਗੱਲ ਇਹ ਸੀ, ਕਿ ਜਿਹੜਾ ਉਹ ਕੰਮ ਕਰਦੇ ਸੀ, ਉਹ ਕਹਿੰਦੇ ਸੀ, ਅਸੀਂ ਪੁੰਨ ਕਰ ਰਹੇ ਹਾਂ। ਜਿਵੇਂ ਪੁੰਨ ਕਰ ਰਹੇ ਹਾਂ ਜਿਵੇਂ ਭੂਮੀਆਂ ਡਾਕੇ ਮਾਰ ਕੇ ਦਾਨ ਕਰ ਰਿਹਾ ਸੀ, ਦਾਨੀ ਬਣਿਆ ਹੋਇਆ ਸੀ, ਇਸੇ ਤਰ੍ਹਾਂ ਦੇ ਨਾਲ ਉਹ ਵੀ ਪੁੰਨ ਕਰ ਰਹੇ ਸੀ। ਪਾਪ ਨਹੀਂ ਸੀ ਕਰ ਰਹੇ। ਵਿਸ਼ਟਾ ਦੇ ਭਾਗੀ ਹੋ ਰਹੇ ਸੀ। ਕਿੰਨਾ ਜ਼ੁਲਮ ਕਰਦੇ ਸੀ। ਹਮਲਾ ਹੋਇਆ ਸੀ ਪਾਲਪੋਰਸ? ਦੇ ਉਤੇ, ਪੰਜ ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰਾ ਦਿੱਤਾ। ਅਯੁੱਧਿਆ 'ਤੇ ਹਮਲਾ ਹੁੰਦਾ ਹੈ, ਚੌਦਾ ਹਜ਼ਾਰ ਬੰਦਾ ਫੜ ਲਿਆ ਤੇ ਲਾਇਨ ਲਾ ਲਈ ਤੇ ਚੌਦਾ ਹਜ਼ਾਰ ਦਾ ਸਿਰ ਕੱਟ ਦਿੱਤਾ। ਬਨਾਰਸ 'ਤੇ ਹਮਲਾ ਹੋਇਆ, ਉਥੇ ਜ਼ਿਆਦਾ ਪੜ੍ਹੇ ਲਿਖੇ ਵਿਦਵਾਨ ਸੀ ਜਿਹਨੂੰ ਕਾਸ਼ੀ ਕਹਿੰਦੇ ਨੇ, ਇੱਕ ਵਾਰੀ ਪੁੱਛਿਆ ਗਿਆ ਕਿ ਜੇ ਜਾਨ ਚਾਹੀਦੀ ਹੈ, ਇਸ ਲਾਇਨ 'ਤੇ ਹੋ ਜਾਓ, ਇਸਲਾਮ ਧਾਰਨ ਕਰ ਲਓ। ਜੇ ਆਪਣਾ ਨਿਜ ਧਰਮ ਰੱਖਣਾ ਹੈ, ਇਹ ਤਿਲਕ 'ਤੇ ਜੰਞੂ ਨਹੀਂ ਅਸੀਂ ਨਹੀਂ ਰਹਿਣ ਦੇਣਾ ਭਾਰਤ ਵਰਸ਼ 'ਚ। 33 ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰ ਦਿੱਤਾ। ਉਨ੍ਹਾਂ ਦੀਆਂ ਕਿਤਾਬਾਂ 'ਚ ਲਿਖਿਆ ਹੋਇਆ ਹੈ ਜਿਹੜਾ ਮੈਂ ਬੋਲ ਰਿਹਾ ਹਾਂ, ਇਤਿਹਾਸਾਂ 'ਚ ਲਿਖੀ ਹੋਈ ਉਨ੍ਹਾਂ ਹੀ ਲੋਕਾਂ ਨੇ। ਉਹਦੇ ਅੱਗੇ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਉਸ ਨੇ

ਬੜਾ ਸਬਾਬ ਦਾ ਕੰਮ ਕੀਤਾ, ਪੁੰਨ ਦਾ ਕੰਮ ਕੀਤਾ ਕਿ ਐਨੇ ਕਾਫਰ ਰੱਬ ਦੀ ਦੁਨੀਆਂ 'ਚੋਂ ਚੁਣ ਕੇ ਮਾਰ ਦਿੱਤੇ ਤੇ ਐਨੇ ਮੋਮਨ ਬਣਾ ਲਏ। ਭਟਨੇਰ ਦੇ ਉਤੇ ਹਮਲਾ ਕੀਤਾ, 29000 ਬੰਦਾ ਖੜ੍ਹਾ ਕਰ ਲਿਆ, ਥੋੜ੍ਹਾ ਬਹੁਤਾ ਨਹੀਂ, ਰੂੰ ਲਪੇਟ ਦਿੱਤੀ ਉਨ੍ਹਾਂ ਦੇ ਆਲੇ ਦੁਆਲੇ। ਦਰਖਤਾਂ ਨਾਲ ਬੰਨ੍ਹ ਦਿੱਤੇ, ਰੱਸਿਆ ਨਾਲ ਬੰਨ੍ਹ ਦਿੱਤੇ। ਲੱਕੜੀਆਂ ਗੱਡ ਦਿੱਤੀਆਂ, 29000 ਬੰਦੇ ਜਿਵੇਂ ਬੱਲੀਆਂ ਗੱਡ ਦੇਈਏ, ਸਭ ਨੂੰ ਬੰਨ੍ਹ ਦੇਈਏ ਬੱਲੀਆਂ ਦੇ ਨਾਲ। ਬਾਹਾਂ ਬੰਨ੍ਹ ਦਿੱਤੀਆਂ ਪਿੱਛੇ। ਹਿੱਲਣ ਜੁੱਲਣ ਤੋਂ ਹਟਾ ਦਿੱਤੇ, ਰੂੰ ਵਲੇਟ ਦਿੱਤੀ ਆਲੇ-ਦੁਆਲੇ। ਇਕ ਦਮ ਇੱਕ ਪਾਸਿਓਂ ਅੱਗ ਲੱਗਣੀ ਸ਼ੁਰੂ ਹੋਈ, 29000 ਬੰਦਾ ਜਲ ਰਿਹਾ ਹੈ, ਕਿੰਨੀਆਂ ਚੀਕਾਂ ਮਾਰ ਰਿਹਾ ਹੈ, ਕਿੰਨੇ ਪ੍ਰਮੇਸ਼ਰ ਨੂੰ ਯਾਦ ਕਰਦੇ ਹੋਣੇ ਨੇ। ਜਾਲਣ ਤੋਂ ਬਾਅਦ ਉਹਨੇ ਲਿਖਿਆ ਹੈ, ਕਿ ਅੱਜ ਮੈਂ ਬੜਾ ਭਾਰਾ ਪੁੰਨ ਕਰਿਆ ਹੈ ਤੇ ਬਹਿਸ਼ਤ ਦੇ ਦਰਵਾਜ਼ੇ ਜ਼ਰੂਰ ਖੁਲ੍ਹ ਜਾਣਗੇ ਤੇ ਇੱਕ ਲੱਖ 25000 ਬੰਦਾ, ਤੁਰਕੀ ਦੇ ਤੈਮੂਰ ਆਇਆ, ਉਸਨੇ ਇੱਕ ਲੱਖ ਪੱਚੀ ਹਜ਼ਾਰ ਬੰਦਾ ਕਤਲ ਕਰਾ ਦਿੱਤਾ। ਉਹਦੀ ਫੌਜ ਸੀ ਡੇਢ ਲੱਖ ਦੀ, ਉਹ ਕਹਿੰਦਾ ਦੇਖੋ ਭਾਰਤ ਵਰਸ਼ ਵਿੱਚ ਤੁਸੀਂ ਆਏ, ਇਨ੍ਹਾਂ ਕੋਲ ਕੋਈ ਦੌਲਤ ਨਹੀਂ ਚਾਹੀਦੀ, ਕੋਈ ਚੰਗਾ ਬੱਚਾ ਨਹੀਂ, ਕੋਈ ਲੜਕੀ ਨਹੀਂ ਇਨ੍ਹਾਂ ਕੋਲ ਚੰਗੀ ਰਹਿਣੀ ਚਾਹੀਦੀ। ਸਭ ਲੈ ਜਾਓ ਤੁਹਾਨੂੰ ਖੁਲ੍ਹ ਹੈ, ਡੇਢ ਲੱਖ ਬੰਦਾ ਲੁੱਟਣ ਲੱਗਿਆ ਹੈ, ਲੁਟੇਰਾ ਲੁੱਟਣ ਲੱਗਿਆ ਸੀ। ਕਿੰਨੀ ਕੁ ਦੌਲਤ ਲੈ ਗਏ ਇਹਦਾ ਕਿਸੇ ਨੇ ਹਿਸਾਬ ਨਹੀਂ ਲਾਇਆ। ਇਸ ਤਰ੍ਹਾਂ ਦੇ ਨਾਲ ਤੈਮੂਰ ਆਉਂਦਾ ਹੈ ਹਿੰਦੋਸਤਾਨ ਦੇ ਅੰਦਰ, ਉਹਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਮੈਂ ਭਾਰਤ ਵਰਸ਼ ਦੇ ਵਿਚ ਜਾ ਕੇ ਇੱਕ ਵੱਡਾ ਪੁੰਨ ਦਾ ਕੰਮ ਕੀਤਾ ਕਿ ਮੈਂ ਸੱਤ ਲੱਖ ਕਾਫਰਾਂ ਨੂੰ ਕਤਲ ਕਰਵਾ ਦਿੱਤਾ ਤੇ ਢਾਈ ਲੱਖ ਮੈਂ ਮੋਮਨ ਬਣਾ ਲਏ। ਇਸੇ ਤਰ੍ਹਾਂ ਦੇ ਨਾਲ ਜ਼ੁਲਮ ਹੁੰਦਾ ਚਲਿਆ ਗਿਆ, ਮਹਿਮੂਦ ਆਇਆ, ਬਹੁਤ ਹੀ ਸ਼ਾਨਦਾਰ ਮੰਦਰ ਬਣਿਆ ਸੀ ਉਥੇ। ਦੁਨੀਆਂ ਦੇ ਵਿੱਚ ਉਸ ਤਰ੍ਹਾਂ ਦੀ ਬਿਲਡਿੰਗ ਨਾ ਕਿਤੇ ਦੇਖਣ ਨੂੰ ਆਉਂਦੀ ਸੀ ਨਾ ਸੁਣਨ ਨੂੰ ਆਉਂਦੀ ਸੀ। ਉਹ ਮੰਦਰ ਦੇ ਬਣਾਉਣ ਵਾਸਤੇ 80 ਕਰੋੜ ਮੋਹਰ ਲੱਗੀ ਸੀ, ਉਸ ਸਮੇਂ ਦੀ। ਜਦੋਂ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਹੁੰਦੇ ਸੀ। 80 ਕਰੋੜ ਦਾ ਮਤਲਬ ਹੈ ਕਿ ਖਰਬਾਂ ਰੁਪਿਆ ਲੱਗਿਆ ਸੀ ਉਹਨੂੰ ਬਣਾਉਣ ਵਾਸਤੇ, ਪੰਜ ਸੌ ਰਾਜ ਮਿਸਤਰੀ ਲੱਗੇ ਰਹੇ, ਸੌ ਸਾਲ 'ਚ ਬਣਿਆ। ਮਿੰਟਾਂ 'ਚ ਹੀ ਉਹਨੇ ਬਾਰੂਦ ਪਾ-ਪਾ ਕੇ, ਜੜ੍ਹਾਂ ਤੋਂ ਹਟਾ ਕੇ ਮਸਜਿਦ ਬਣਾ ਦਿੱਤੀ ਇਹਦੇ ਥਾਂ 'ਤੇ। 1266 'ਚ ਇੱਕ ਬਹੁਤ ਵੱਡਾ ਮੰਦਰ ਸੀ, ਭਿਲਸਾ ਦਾ ਦੱਖਣ ਵਿਚ ਤੇ ਸਮਸ਼ਦੀਨ ਗੌਰੀ ਨੇ ਉਥੇ ਚੜ੍ਹਾਈ ਕੀਤੀ, 72 ਕਰੋੜ ਦੇ ਹੀਰੇ ਇਸ ਮੰਦਰ 'ਚੋਂ ਇਹਦੇ ਹੱਥ ਲੱਗੇ ਢਾਹੁੰਣ ਵੇਲੇ। 315 ਫੁੱਟ ਉੱਚਾ ਮੰਦਰ ਅੱਧੇ ਕੋਹ ਲੰਬਾ, ਤਿੰਨ ਸੌ ਸਾਲ ਵਿੱਚ ਬਣਿਆ ਸੀ। ਪੰਜਾਹ ਹਜ਼ਾਰ ਹਿੰਦੂਆਂ ਨੂੰ ਉਥੇ ਖੜ੍ਹੇ ਕਰਕੇ ਸਾਰੇ ਮੰਦਰ ਦੀਆਂ ਮੂਰਤੀਆਂ ਇਕੱਠੀਆਂ ਕਰਕੇ ਪੰਜਾਹ ਹਜ਼ਾਰ ਬੰਦਾ ਮੂਰਤੀਆਂ ਦੇ ਉਤੇ ਖੜ੍ਹਾ ਕੇ ਕਤਲ ਕਰਿਆ। ਮੂਰਤੀਆਂ ਖੂਨ ਵਿੱਚ ਡੁੱਬ ਗਈਆਂ। ਉਹਦੇ ਉਤੇ 25000 ਬੰਦਿਆਂ ਨੇ ਖੜ੍ਹੇ ਹੋ ਕੇ ਨਮਾਜ਼ ਪੜ੍ਹੀ ਤੇ

ਅੱਲਾਹ ਤਾਲਾਹ ਨੂੰ ਕਿਹਾ ਕਿ ਹੇ ਅੱਲਾਹ ਤਾਲਾ! ਅੱਜ ਜਿੰਨਾਂ ਨੇਕ ਕੰਮ ਅਸੀਂ ਕਰਿਆ ਹੈ, ਇਹ ਸਾਡਾ ਗਿਣਤੀ 'ਚ ਪਾ ਲੈ। ਮੁਹੰਮਦ ਕਾਸਮ ਆਇਆ, ਉਹਨੇ 11000 ਬੰਦਾ ਬਗਦਾਦ ਭੇਜਿਆ, ਖਲੀਫਾ ਹਰਨਸ਼ੀਦ ਦੇ ਗੁਲਾਮ ਬਣਾ ਕੇ। ਬਹਿਮਨਾਬਾਦ 'ਚ ਗਿਆ, 16000 ਕਤਲ ਕਰਾਏ, ਅਬਦੁੱਲ ਰਜ਼ਾਕ ਆਇਆ 700 ਸੰਮਤ 'ਚ, ਉਹਨੇ ਜਾ ਕੇ ਦੱਸਿਆ ਤੁਰਕੀ ਦੇ ਅੰਦਰ ਕਿ ਮੈਂ ਬਹਿਸ਼ਤ ਦੇਖ ਕੇ ਆਇਆ ਹਾਂ। ਭਾਰਤ ਵਰਸ਼ ਬਹਿਸ਼ਤ ਹੈ, ਕਹਿੰਦੇ ਉਹ ਕਿਹੜੀ ਗੱਲ ਹੈ? ਕਹਿੰਦੇ ਉਥੇ ਲੋਕ ਐਨੇ ਨੇ ਨਾ ਕੋਈ ਝੂਠ ਬੋਲਦਾ ਹੈ, ਨਾ ਕੋਈ ਸ਼ਰਾਬ ਪੀਂਦਾ ਹੈ, ਨਾ ਕੋਈ ਵਿਭਚਾਰ ਕਰਦਾ ਹੈ, ਨਾ ਕੋਈ ਉਥੇ ਚੋਰੀ ਕਰਦਾ ਹੈ, ਰਾਜ ਵਲੋਂ ਹੁਕਮ ਹੈ, ਕਿ ਦਰਵਾਜ਼ੇ ਨਹੀਂ ਬੰਦ ਕਰਨੇ, ਜੌਹਰੀਆਂ ਦੇ ਦਰਵਾਜ਼ੇ ਖੁੱਲ੍ਹੇ ਪਏ ਨੇ। ਉਨ੍ਹਾਂ ਦੇ ਹੀਰੇ-ਮੋਤੀਆਂ ਦੇ ਢੇਰ ਲੱਗੇ ਹੋਏ ਨੇ, ਜਿਵੇਂ ਆਪਣੇ ਦਾਣਿਆਂ ਦੇ ਢੇਰ ਲੱਗੇ ਹੁੰਦੇ ਨੇ। ਉਸੇ ਤਰ੍ਹਾਂ ਛੱਡ ਕੇ ਚਲੇ ਜਾਂਦੇ ਨੇ, ਕਿ ਦੀ ਕੋਈ ਚੋਰੀ ਨਹੀਂ ਹੁੰਦੀ, ਐਸਾ ਧਰਮ ਦਾ ਦੇਸ਼ ਹੈ, ਉਹ ਉਹਨੇ ਤਾਰੀਫਾਂ ਲਿਖੀਆਂ ਜਿੰਨੀਆਂ ਜੀਅ ਭਰ ਕੇ ਲਿਖਦਾ ਸੀ। ਇੱਥੇ ਦੇ ਸਾਧੂਆਂ ਦੇ ਬਚਨ ਲਿਖੇ ਨੇ। ਇਸ ਤਰ੍ਹਾਂ ਸਿਕੰਦਰ ਲੋਧੀ ਆਇਆ, ਜਿਹਨੇ ਨਾਮਦੇਵ ਦੇ ਕੋਲ ਗਊ ਮਾਰ ਕੇ ਰੱਖ ਦਿੱਤੀ। ਜਿਹਨੇ ਕਬੀਰ ਸਾਹਿਬ ਨੂੰ ਫੜ ਕੇ ਅੱਗ 'ਚ ਬਿਠਾ ਦਿੱਤਾ, ਪਾਣੀ ਦੇ ਵਿੱਚ ਡੋਬਣ ਦਾ ਯਤਨ ਕਰਿਆ-

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥***

***ਅੰਗ - 1162***

ਉਹ ਕਹਿੰਦਾ ਮੈਂ 4 ਲੱਖ 32 ਹਜ਼ਾਰ ਮੋਮਨ ਬਣਾਏ। ਜਿਵੇਂ ਅਸੀਂ ਕਹਿੰਦੇ ਹਾਂ ਕਿ ਐਨਿਆਂ ਨੂੰ ਅੰਮ੍ਰਿਤ ਛਕਾਇਆ ਤੇ ਦੋ ਲੱਖ 53 ਹਜ਼ਾਰ ਮੈਂ ਕਤਲ ਕਰਾਏ। ਇਸ ਨੂੰ ਮਹਾਰਾਜ ਕਹਿੰਦੇ ਨੇ ਕਿ ਐਸਾ ਯੁੱਗ ਚੱਲ ਰਿਹਾ ਸੀ। ਨਾਮ ਧਰਮ ਦਾ ਸੀ, ਹੋ ਰਿਹਾ ਸੀ ਅਧਰਮ। ਉਨ੍ਹਾਂ ਨੂੰ ਕਿਵੇਂ ਸਮਝਾਇਆ ਜਾਵੇ, ਜਦ ਬੰਦਾ ਕਹਿ ਰਿਹਾ ਹੈ ਮੈਂ ਧਰਮ ਕਰ ਰਿਹਾ ਹਾਂ। ਸਾਡੇ ਮਨਾਂ 'ਚ ਖਿਆਲ ਹੈ ਜੇ ਕਹਿੰਦੇ ਹਾਂ ਕਿ ਭਾਈ ਪ੍ਰੇਮੀਆਂ! ਤੂੰ ਕਾਹਨੂੰ ਬੱਕਰਾ ਮਾਰਦਾ ਹੈਂ? ਕਹਿੰਦਾ ਮੈਂ ਬੱਕਰਾ ਮਰਦਾ ਹਾਂ, ਮੈਂ ਤਾਂ ਇਹਦੀ ਮੁਕਤੀ ਕਰਦਾ ਹਾਂ? ਭਾਈ ਮੁਕਤੀ ਤਾਂ ਅਜੇ ਤੇਰੀ ਵੀ ਨਹੀਂ ਹੋਈ ਹੈ, ਤੂੰ ਬਾਕੀਆਂ ਦੀ ਮੁਕਤੀ ਕੀ ਕਰ ਦਏਂਗਾ? ਕਿਉਂਕਿ ਮਨ ਵਿੱਚ ਗਲਤ ਧਾਰਨਾ ਧਾਰ ਲਈ। ਉਹਦੇ ਨਾਲ ਭਾਈ ਗੁਰਦਾਸ ਨੂੰ ਲਿਖਣਾ ਪਿਆ। ਇਹ ਹਨ੍ਹੇਰਾ ਨਹੀਂ ਸੀ ਪ੍ਰੇਮੀਓ! ਗਲਤਫਹਿਮੀ 'ਚ ਨਾ ਰਹਿਓ। ਧੁੰਦ ਸੀ ਉਸ ਵੇਲੇ। ਧੁੰਦ ਦੇ ਵਿਚ ਨਹੀਂ ਦਿਸਦਾ। ਅੱਜ ਅਸੀਂ ਸਵੇਰੇ ਗਏ, ਵੀਹ ਗਜ਼ 'ਤੇ ਵੀ ਨਾ ਨਜ਼ਰ ਆਵੇ। ਤਿੰਨ ਲੱਗੇ ਹੋਏ ਬਲਬ, ਤਿੰਨੋਂ ਜਾਲੇ ਹੋਏ, ਰੋਸ਼ਨੀ ਸਾਨੂੰ ਹੀ ਵਾਪਸ ਆਵੇ, ਬਦਲ ਦੇ ਵਿਚ ਰਲ ਕੇ। ਧੁੰਦ ਦੇ ਵਿਚ ਪ੍ਰਕਾਸ਼ ਨਹੀਂ ਹੁੰਦਾ, ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧੁੰਦ ਨੂੰ ਹੱਥ ਪਾਇਆ।

***ਸਤਿਗੁਰ ਨਾਨਕ ਪ੍ਰਗਟਿਆ***

*ਮਿਟੀ ਧੁੰਧੁ ਜਗਿ ਚਾਨਣੁ ਹੋਆ।*

*ਭਾਈ ਗੁਰਦਾਸ ਜੀ, ਵਾਰ 27/1*

ਚਾਨਣਾ ਲਿਆਂਦਾ ਮਹਾਰਾਜ ਜੀ ਨੇ। ਉਸ ਵੇਲੇ ਦੀ ਹਾਲਤ ਜੋ ਦਸਦੇ ਨੇ ਕਿ ਦੁਖੀ ਰੋ ਰਹੇ ਸੀ, ਕੋਈ ਉਨ੍ਹਾਂ ਦੀ ਫਰਿਆਦ ਨਹੀਂ ਸੀ ਸੁਣਦਾ। ਇਨਸਾਨੀਅਤ ਨਾਮ ਦੇ ਉਤੇ ਵਾਸਤੇ ਪਾ ਰਹੇ ਸੀ। ਕੋਈ ਸਮਝਣ ਦਾ ਯਤਨ ਨਹੀਂ ਸੀ ਕਰਦਾ। ਕਿਉਂਕਿ ਸਮਝਣਾ ਕੀਹਨੇ ਸੀ ਸ਼ਾਸਕ ਵਰਗ ਨੇ। ਜਿਹੜਾ ਰਾਜ ਕਰਦਾ ਹੈ, ਉਹਨੇ ਸਮਝਣਾ ਹੁੰਦਾ ਹੈ। ਦੂਜੇ ਤਾਂ ਵਿਚਾਰੇ ਬੇਬਸ ਹੁੰਦੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਭਾਈ ਗੁਰਦਾਸ ਜੀ ਉਸ ਵੇਲੇ ਦਾ ਜੋ ਵਾਤਾਵਰਣ ਸੀ, ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ–

*ਧਾਰਨਾ – ਸਾਰੇ ਜਗ 'ਤੇ ਪਸਾਰਾ ਹੋ ਗਿਆ ਪਾਪ ਦਾ,*
*ਰੋਣਾ ਕੌਣ ਸੁਣੇ ਦੁਖੀ ਦਾ।*

ਜਦੋਂ ਕੋਈ ਕਾਨੂੰਨ ਹੀ ਨਾ ਰਿਹਾ ਹੋਵੇ, ਰਾਜ ਦਾ ਕੋਈ ਅਸੂਲ ਹੀ ਨਾ ਹੋਵੇ, ਫੇਰ ਕੌਣ ਸੁਣਦਾ ਹੈ ਗਰੀਬ ਦੀ ਗੱਲ। ਨਾ ਕੋਈ ਕਚਹਿਰੀ ਸੁਣ ਸਕਦੀ ਹੈ, ਥੋੜ੍ਹਾ ਚਿਰ ਪਹਿਲਾਂ ਐਮਰਜੈਂਸੀ ਦੇ ਵਿਚ ਕਾਨੂੰਨ ਹਟ ਗਏ ਸੀ। ਸਾਡੀਆਂ ਜ਼ਮੀਨਾਂ ਖੋਹ ਲਈਆਂ। ਜਦੋਂ ਕੋਰਟ ਜਾਈਏ, ਕਹਿੰਦੇ ਜੀ ਕੋਈ ਰੱਖ ਹੀ ਨਹੀਂ ਸਕਦਾ ਤੁਹਾਨੂੰ। ਕਿਉਂਕਿ ਉਨ੍ਹਾਂ ਨੇ ਕਾਨੂੰਨ ਹੀ ਐਸੇ ਬਣਾ ਦਿੱਤੇ। ਅਰਬਾਂ ਰੁਪਏ ਦੀਆਂ ਜ਼ਮੀਨਾਂ ਸੀਲਿੰਗ 'ਚ ਲਿਆ ਦਿੱਤੀਆਂ। ਉਸ ਵੇਲੇ ਜੇ ਕੋਈ ਆ ਕੇ ਫਰਿਆਦ ਕਰਦਾ ਹੈ, ਕਹਿੰਦੇ ਨਾ ਜੀ ਕਾਨੂੰਨ ਤਾਂ ਬੰਦ ਹੋ ਗਿਆ। ਹੁਣ ਤਾਂ ਅਖਤਿਆਰ ਹੋਰ ਚਲਦੇ ਨੇ। ਅੱਜ ਦੇ ਜ਼ਮਾਨੇ 'ਚ ਵੀ ਇਹ ਗੱਲਾਂ ਹੋ ਜਾਂਦੀਆਂ ਨੇ, ਜਿਹਨੂੰ ਮਨੁੱਖੀ ਅਧਿਕਾਰ ਕਹਿੰਦੇ ਨੇ, ਉਹ ਬਹੁਤ ਸੁਲਝੇ ਹੋਏ ਬੰਦੇ ਨੇ ਜਿਹੜੇ ਇਹਦੀ ਗੱਲ ਕਰਦੇ ਨੇ। ਪਰ ਧੱਕਾ-ਧੋੜਾ ਹੀ ਚਲਦਾ ਹੈ। ਅਣਜਾਣਪੁਣਾ ਹੀ ਚਲਦਾ ਹੈ, ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਹ ਸਮਾਂ ਐਸਾ ਸੀ, ਧਰਮ ਦੇ ਉਤੇ ਕਿਸੇ ਦਾ ਅਕੀਦਾ ਨਹੀਂ ਸੀ, ਜਿੰਨੇ ਬੰਦੇ ਸੀ ਓਨੇ ਧਰਮ। ਇੱਕ ਘਰ 'ਚ ਦਸ ਬੰਦੇ ਰਹਿੰਦੇ ਨੇ ਕੋਈ ਸੂਰਜ ਨੂੰ ਮੰਨਦਾ ਹੈ, ਕੋਈ ਚੰਦ ਨੂੰ ਮੰਨਦਾ ਹੈ, ਕੋਈ ਦਰਖਤਾਂ ਨੂੰ ਮੰਨਦਾ ਹੈ, ਕੋਈ ਕਬਰ ਨੂੰ ਮੰਨਦਾ ਹੈ। ਕੋਈ ਰਾਮਚੰਦਰ ਜੀ ਨੂੰ ਮੰਨਦਾ ਹੈ, ਕੋਈ ਕ੍ਰਿਸ਼ਨ ਮਹਾਰਾਜ ਜੀ ਨੂੰ ਮੰਨਦਾ ਹੈ। ਕੋਈ ਕਿਸੇ ਚੀਜ਼ ਨੂੰ, ਕੋਈ ਧਰਮਰਾਜ ਨੂੰ ਮੰਨਦਾ ਹੈ, ਕੋਈ ਕਿਸੇ ਦੇਵਤੇ ਨੂੰ ਮੰਨਦਾ ਹੈ, ਇੱਕ ਨੂੰ ਕੋਈ ਮੰਨਣ ਵਾਲਾ ਹੀ ਨਹੀਂ ਸੀਗਾ। ਕਹਿੰਦੇ, ਐਸੀ ਸੰਸਾਰ ਦੇ ਉਤੇ ਗੱਲਬਾਤ ਚੱਲ ਪਈ। ਉਸ ਸਮੇਂ ਦੇ ਵਿੱਚ ਇੱਕ ਮਹਾਨ ਵਿਅਕਤੀ ਆਏ ਜਿਸਨੂੰ ਮੁਹੰਮਦ ਸਾਹਿਬ ਕਹਿੰਦੇ ਨੇ। ਬਹੁਤ ਸੁਲਝੇ ਹੋਏ, ਬਹੁਤ ਹੀ ਜਾਗੇ ਹੋਏ ਪੁਰਸ਼ ਸੀਗੇ ਆਪ। ਤਪਸਿਆ, ਤਤਕਿਸ਼ਾ, ਤਿਆਗ ਬਹੁਤ ਜ਼ਿਆਦਾ ਸੀ ਉਨ੍ਹਾਂ ਦੇ ਅੰਦਰ। ਲਿਖਣ ਵਾਲੇ ਕੁਛ ਲਿਖੀ ਜਾਣ। ਪ੍ਰਮੇਸ਼ਰ ਦਾ ਗਿਆਨ ਨਹੀਂ ਸੀ ਹੋ ਸਕਦਾ ਜੇ ਉਚੇ ਨਾ ਹੁੰਦੇ। 40 ਸਾਲ ਦੀ ਉਮਰ ਦੇ ਵਿਚ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ, ਉਸ ਤੋਂ ਬਾਅਦ ਉਨ੍ਹਾਂ ਨੇ ਸੰਸਾਰ ਨੂੰ

ਹੋਕਾ ਦੇਣਾ ਸ਼ੁਰੂ ਕਰਿਆ। ਇੱਕ ਧਰਮ ਚਲਾਇਆ ਜਿਸਨੂੰ ਪਿਆਰ ਤੇ ਮੁਹੱਬਤ ਦਾ ਧਰਮ, ਇਸਲਾਮ ਕਹਿੰਦੇ ਨੇ। ਲੇਕਿਨ ਉਹਦੇ ਵਿਚ ਛੇਤੀ ਨਾਲ ਬਦਲਾਵ ਆ ਗਿਆ। ਲੋਕਾਂ ਨੇ ਉਹਨੂੰ ਚੱਲਣ ਨਾ ਦਿੱਤਾ। ਮੁਹੰਮਦ ਸਾਹਿਬ ਨੂੰ ਵੀ ਮਾਰ ਕੇ ਸੁੱਟ ਦਿਤਾ, ਦੂਜੇ ਵੀ ਮਾਰ ਦਿੱਤੇ। ਮੁਰਦਿਆਂ 'ਚੋਂ ਉਠ ਕੇ ਮਦੀਨੇ ਚਲਿਆ ਗਿਆ, ਉਥੇ ਜਾ ਕੇ ਇਹਨੇ ਕਿਹਾ, ਕਿ ਇਹ ਖਿਆਲਾਂ ਦੀ ਰਾਖੀ ਕਰਨ ਵਾਸਤੇ, ਨੇਕੀ ਨੂੰ ਉਗਾਉਣ ਵਾਸਤੇ ਜੱਥੇਬੰਦੀ ਦੀ ਲੋੜ ਹੈ। ਜੱਥੇਬੰਦੀ ਹੋ ਗਈ, ਜਿਸ ਵਕਤ ਕਿਸੇ ਵੀ ਧਰਮ ਦੇ ਵਿਚ ਕਰਮਕਾਂਡ ਸ਼ਾਮਿਲ ਹੋ ਜਾਏਗਾ। ਉਸ ਵੇਲੇ ਉਹਦੀਆਂ ਬਹੁਤ ਸਾਰੀਆਂ ਕਦਰਾਂ ਕੀਮਤਾਂ ਜਿਹੜੀਆਂ ਨੇ, ਉਨ੍ਹਾਂ ਦੇ ਮਤਲਬ ਬਦਲ ਜਾਂਦੇ ਨੇ। ਉਹਦੇ ਨਾਲ ਬੰਦੇ ਤਕੜੇ ਹੋ ਗਏ, ਦੂਜੇ ਹਾਰਨ ਲੱਗ ਗਏ, ਰਾਜ ਕਰਨ ਲਗ ਗਏ। ਬੰਦੇ ਓਹੀ ਸੀ, ਇਸਲਾਮ ਧਾਰਨ ਕਰ ਲਿਆ। ਲੇਕਿਨ ਕੁਰਾਨ ਸ਼ਰੀਫ ਦੀ ਜੋ ਤਸ਼ਰੀਹ ਸੀ, ਉਹਦੇ ਮਾਇਅਨੇ ਸੀ ਉਹ ਬਦਲ ਦਿੱਤੇ। ਕਾਫਰ ਉਹਨੂੰ ਕਹਿਣ ਲੱਗ ਗਏ ਜਿਹੜਾ ਇਸਲਾਮ ਵਿੱਚ ਨਹੀਂ ਸੀ ਆਇਆ। ਕਾਫਰ ਉਹ ਹੁੰਦਾ ਹੈ, ਜਿਹਨੂੰ ਅਸੀਂ ਮਨਮੁੱਖ ਤੇ ਬੇਮੁਖ ਕਹਿੰਦੇ ਹਾਂ। ਅਸੀਂ ਵੀ ਮਨਮੁੱਖ ਨੂੰ ਕਹਿੰਦੇ ਹਾਂ –

***ਮਨਮੁਖੁ ਦੂਖ ਕਾ ਖੇਤੁ ਹੈ ਦੂਖੁ ਬੀਜੇ ਦੂਖੁ ਖਾਇ ॥***
***ਦੂਖ ਵਿਚਿ ਜੰਮੈ ਦੂਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ – 947***

ਮਨ ਦੇ ਪਿੱਛੇ ਲਗਣ ਵਾਲਾ ਬੰਦਾ ਚਾਹੇ ਕਿਸੇ ਧਰਮ ਦਾ ਹੈ, ਉਹ ਮਨਮੁਖ ਹੋਏਗਾ। ਪ੍ਰਮੇਸ਼ਰ ਦੇ ਉਤੇ ਯਕੀਨ ਨਾ ਲਿਆਉਣ ਵਾਲਾ ਬੰਦਾ, ਕਾਫਰ ਹੋਏਗਾ। ਪਰਿਭਾਸ਼ਾ ਗਲਤ ਹੋ ਗਈ, ਦੂਸਰਿਆਂ ਨੂੰ ਇਨ੍ਹਾਂ ਨੇ ਜ਼ੋਰ ਜ਼ਬਰ ਨਾਲ ਬਣਾਉਣਾ ਸ਼ੁਰੂ ਕਰ ਦਿੱਤਾ। ਮੁਹੰਮਦ ਸਾਹਿਬ ਹੋਏ ਤੇ ਚਾਰ ਯਾਰ ਹੋਏ ਉਨ੍ਹਾਂ ਦੇ – ਅੱਬੂਬਕਰ ਸਦੀਕ, ਉਮਰਫਾਰੂਕ, ਉਸਮਾਨ ਗਨੀ ਤੇ ਹਜ਼ਰਤ ਅਲੀ; ਇਨ੍ਹਾਂ ਨੂੰ ਮੰਨਣ ਵਾਲੇ ਚਾਰ ਹਿੱਸਿਆਂ 'ਚ ਵੰਡੇ ਗਏ ਫੇਰ 72 ਖਿਆਲ ਹੋ ਗਏ ਜਿਵੇਂ ਹੁਣ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਮੰਨਦੇ ਨੇ, ਸਾਡੇ ਵੀ ਬੇਅੰਤ ਮੰਨਦੇ ਜਾਂਦੇ ਨੇ, ਹੌਲੀ-ਹੌਲੀ। ਕੋਈ circle ਜਿਹੇ ਬਣਦੇ ਜਾਂਦੇ ਨੇ। ਉਨ੍ਹਾਂ ਦੀ ਆਪਣੀ ਪਰਿਭਾਸ਼ਾ ਹੁੰਦੀ ਹੈ, ਆਪਣੇ ਖਿਆਲ ਹੁੰਦੇ ਨੇ, ਇੱਕ ਦੂਜੇ ਦਾ ਖਿਆਲ ਇੱਕ ਦੂਜੇ ਨਾਲ ਰਲਦਾ ਨਹੀਂ। ਫੇਰ ਸੁੰਨੀ ਹੋ ਗਏ, ਹੋਰ ਦੂਸਰੇ ਹੋ ਗਏ। ਇਸ ਤਰ੍ਹਾਂ ਦੇ ਨਾਲ ਕਹਿੰਦੇ ਆਪਸ ਵਿਚ ਹੀ ਰੌਲਾ ਪੈ ਗਿਆ।

***ਕਉਮਿ ਬਹਤਰਿ ਸੰਗਿ ਕਰਿ***
***ਬਹੁਤ ਬਿਧਿ ਵੈਰੁ ਵਿਰੋਧ ਪਸਾਰਾ।***
***ਰੋਜੇ, ਈਦ, ਨਿਮਾਜਿ ਕਰਿ***
***ਕਰਮੀ ਬੰਦਿ ਕੀਆ ਸੰਸਾਰਾ॥***

***ਭਾਈ ਗੁਰਦਾਸ ਜੀ, ਵਾਰ 1/20***

ਕਰਮਾਂ 'ਚ ਬੰਨ੍ਹ ਦਿੱਤਾ ਕਿ ਤੀਹ ਰੋਜ਼ੇ ਰੱਖੋ। ਕਹਿੰਦੇ, ਰੋਜ਼ੇ ਰੱਖਣੇ ਮਾੜੇ ਨੇ? ਨਹੀਂ ਮਾੜੇ ਨਹੀਂ। ਵਰਤ ਰਖਣੇ ਮਾੜੇ ਨੇ? ਕਹਿੰਦੇ ਨਹੀਂ

ਮਾੜੇ ਨਹੀਂ, ਜੇ ਕੋਈ ਜ਼ੋਰ ਨਾਲ ਰਖਾਵੇ ਉਹ ਗੱਲ ਮਾੜੀ ਹੁੰਦੀ ਹੈ।

ਜਦੋਂ ਭਾਈ ਮਨਸੁਖ ਜੀ ਜਾਂਦੇ ਨੇ ਲੰਕਾ 'ਚ, ਉਨ੍ਹਾਂ ਨੂੰ ਬਹੁਤ ਵੱਡੀ ਸਜ਼ਾ ਦੇ ਦਿੱਤੀ ਸੀ ਰਾਜੇ ਸ਼ਿਵਨਾਭ ਨੇ ਕਿ ਇਸਨੇ ਵਰਤ ਨਹੀਂ ਰੱਖਿਆ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਨੇ। ਕਹਿੰਦੇ ਵਰਤ ਤਾਂ ਅਸੀਂ ਰੱਖਦੇ ਹਾਂ, ਰੋਜ਼ ਵਰਤ ਰਖਦੇ ਹਾਂ। ਚਾਰ ਰੋਟੀਆਂ ਦੀ ਥਾਂ 'ਤੇ ਅਸੀਂ ਤਿੰਨ ਖਾਂਦੇ ਹਾਂ। ਭੁੱਖ ਸਾਨੂੰ ਚਾਰ ਦੀ ਹੁੰਦੀ ਹੈ, ਅਸੀਂ ਤਾਂ ਰੋਜ਼ ਦੇ ਵਰਤ ਰੱਖਣ ਵਾਲੇ ਹਾਂ –

***ਅਲਪ ਅਹਾਰ ਸੁਲਪ ਸੀ ਨਿੰਦ੍ਰਾ***
***ਦਇਆ ਛਿਮਾ ਤਨ ਪ੍ਰੀਤ।***

ਤੁਸੀਂ 30 ਦਿਨ ਰਖਦੇ ਓਂ, ਅਸੀਂ ਸਾਰਾ ਸਾਲ ਹੀ ਰਖਦੇ ਹਾਂ। ਬੰਧਨ ਪਾ ਦਿੱਤਾ, ਦੋ ਈਦਾਂ ਹੋ ਗਈਆਂ, ਪੰਜ ਨਮਾਜ਼ਾਂ ਹੋ ਗਈਆਂ। ਪੰਜ ਵੇਲੇ ਰੱਬ ਯਾਦ ਕਰਨਾ ਹੈ। ਬਾਕੀ ਚਾਹੇ ਭੁੱਲੇ ਰਹੋ ਸਾਰਾ ਦਿਨ। ਉਹ ਪੰਜ ਜ਼ਰੂਰ ਕਰ ਲੈਣੀਆਂ ਨੇ। ਕਰਿਆ ਤਾਂ ਮੋਮਨ, ਨਾ ਕਰਿਆ ਤਾਂ ਕਾਫਰ। ਕਹਿੰਦੇ ਬੰਨ੍ਹ ਦਿੱਤੇ ਬੰਦੇ, ਸੰਗਲ ਨਾਲ ਬੰਨ੍ਹ ਦਿਤੇ।

***..........ਕਰਨੀ ਬੰਦ ਕੀਆ ਸੰਸਾਰਾ।***
***ਪੀਰ ਪੈਕੰਬਰ, ਅਉਲੀਏ,***
***ਗਉਸ, ਕੁਤਬ ਬਹੁਤ ਭੇਖ ਸਵਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਬੇਅੰਤ ਭੇਖ ਬਣ ਗਏ। ਪੀਰਾਂ ਦਾ ਹੋਰ ਭੇਖ, ਪੈਕੰਬਰਾਂ ਦਾ ਹੋਰ, ਗਉਸ ਦਾ ਹੋਰ, ਕੁਤਬਾਂ ਦਾ ਹੋਰ, ਅੱਡ-ਅੱਡ ਭੇਖ ਧਾਰ ਲਏ ਤੇ ਕੰਮ ਕੀ ਕਰਨ ਲੱਗ ਗਏ।

***ਠਾਕੁਰ ਦੁਆਰੇ ਢਾਹਿਕੈ ਤਿਹਿ ਠਉੜੀ ਮਾਸੀਤ ਉਸਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਇੱਕ ਰੱਬ ਦਾ ਮੰਦਰ ਢਾਹ ਦਿੱਤਾ, ਦੂਜਾ ਰੱਬ ਦਾ ਮੰਦਰ ਉਸਾਰ ਲਿਆ। ਕਿੰਨੇ ਦਿਲ ਟੁੱਟੇ, ਉਹਨੂੰ ਕਾਹਨੂੰ ਢਾਹੁੰਣਾ ਸੀ, ਤੁਸੀਂ ਆਪਣਾ ਬਰਾਬਰ ਹੋਰ ਬਣਾ ਲੈਂਦੇ। ਰੌਲਾ ਪੈਂਦਾ ਹੈ ਇੱਥੇ ਕਿਤੇ। ਉਹਨੂੰ ਢਾਹੋ, ਢਾਹੁੰਣ ਤੇ ਹੀ ਉਨ੍ਹਾਂ ਦਾ ਦਿਲ ਟੁੱਟਦਾ ਹੈ। ਉਥੇ ਹੀ ਗਲਤੀ ਕਰ ਲਈ ਕਹਿੰਦੇ ਆਹ ਗਲਤੀ ਕਰ ਰਹੇ ਸੀ, ਤਿੰਨ ਹਜ਼ਾਰ ਮੰਦਰ ਢਾਹ ਦਿੱਤਾ ਸੀ, ਵੱਡੇ-ਵੱਡੇ ਜਿਹੜੇ ਸੀ, ਜਿਹਨੂੰ ਦੇਖਣ ਵਾਸਤੇ ਦੁਨੀਆਂ ਆਇਆ ਕਰਦੀ ਸੀ। seven wonders ਦੁਨੀਆਂ 'ਚ ਮਸ਼ਹੂਰ ਨੇ ਇੱਥੇ ਤਾਂ ਪਤਾ ਨਹੀਂ ਕਿੰਨੇ ਸੀ ਜਿਹੜੇ ਢਾਹ ਕੇ ਖਤਮ ਕਰ ਦਿੱਤੇ। ਗਰੀਬ ਨੂੰ ਮਾਰਨਾ ਸ਼ੁਰੂ ਕਰ ਦਿੱਤਾ।

***ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।***

***ਭਾਈ ਗੁਰਦਾਸ ਜੀ, ਵਾਰ 1/20***

ਜਦੋਂ ਗਰੀਬ ਮਾਰਿਆ ਜਾਂਦਾ ਹੈ, ਉਸ ਵੇਲੇ ਪ੍ਰਮੇਸ਼ਰ ਦਾ ਦਿਲ ਦੁੱਖ ਜਾਂਦਾ ਹੈ। ਹੈ ਤਾਂ ਵਾਹਿਗੁਰੂ ਦੁੱਖਾਂ-ਸੁੱਖਾਂ ਤੋਂ ਬਾਹਰ, ਪਰ ਉਹ

ਰਹਿੰਦਾ ਹਰੇਕ ਹਿਰਦੇ 'ਚ ਹੈ।

*ਸੰਤਨ ਦੁਖ ਪਾਏ ਤੇ ਦੁਖੀ*
*ਸੁਖ ਪਾਏ ਸਾਧਨ ਕੇ ਸੁਖੀ (ਕਬਯੋ ਬਾਚ ਬੇਨਤੀ ਚੌਪਈ)*
*ਕਾਫਰ ਮੁਲਹਿਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।*

***ਭਾਈ ਗੁਰਦਾਸ ਜੀ ਵਾਰ 1/20***

ਇਹ ਸਾਰੀਆਂ ਕੌਮਾਂ ਜਿਹੜੀਆਂ ਸੀ ਇਹ ਸਾਰੇ ਲੜਨ ਲਗ ਗਏ। ਕੋਈ ਮੰਤਵ ਨਹੀਂ ਸੀ ਇਨ੍ਹਾਂ ਦੇ ਸਾਮ੍ਹਣੇ। ਔਰਤਾਂ ਦੇ ਪਿੱਛੇ ਲੜਨ ਲਗ ਗਏ। ਰਾਜ ਪਿੱਛੇ ਤਾਂ ਰਾਜੇ ਲੜਦੇ ਆਏ ਨੇ, ਔਰਤ ਪਿੱਛੇ ਦੋ ਲੜਾਈਆਂ ਹੋਈਆਂ ਸੀ ਭਾਰਤ ਵਰਸ਼ 'ਚ, ਹੁਣ ਤੱਕ ਯਾਦ ਨੇ। ਇੱਕ ਤਾਂ ਦਰੋਪਤੀ ਵਾਲੀ ਹੋਈ ਸੀ, ਮਹਾਂਭਾਰਤ ਦਾ ਯੁੱਧ ਉਹਦੇ 'ਚ 45 ਲੱਖ ਬੰਦੇ ਨੂੰ ਮਰਨਾ ਪਿਆ। ਬੜੀ ਮਾੜੀ ਗੱਲ ਉਹ ਕਰ ਰਹੇ ਸੀ। ਦੂਸਰੀ ਰਾਵਣ ਨਾਲ ਹੋਈ ਸੀ, ਸੀਤਾ ਜੀ ਜਾਣ ਨਾਲ। ਉਹ ਵੀ ਅੱਜ ਤੱਕ ਮਸ਼ਹੂਰ ਹੈ, ਲੰਕਾ ਗਵਾਉਣੀ ਪਈ ਉਸਨੂੰ, ਫੌਜ ਮਰਵਾਉਣੀ ਪਈ ਓਸਨੂੰ। ਲੇਕਿਨ ਏਧਰ ਆ ਕੇ ਹੁਣੇ ਹੀ ਥੋੜ੍ਹਾਂ ਸਮਾਂ ਪਹਿਲਾਂ, ਅੱਠ-ਸੱਤ ਸੌ ਸਾਲ ਪਹਿਲਾਂ ਔਰਤਾਂ ਦੇ ਪਿੱਛੇ ਲੜਾਈ ਲੜੀ, ਪਦਮਨੀ ਸੀ ਚਿਤੌੜਗੜ੍ਹ ਦੀ, ਭੀਮ ਸਿੰਘ ਦੀ ਔਰਤ, ਹਜ਼ਾਰਾ ਬੰਦਾ ਮਾਰਿਆ ਗਿਆ ਓਸ ਲੜਾਈ 'ਚ। ਬਾਰ੍ਹਾਂ ਪੰਦਰਾਂ ਹਜ਼ਾਰ ਰਾਜਪੂਤ ਮਰਿਆ, ਬਾਰ੍ਹਾਂ-ਪੰਦਰਾਂ ਹਜ਼ਾਰ ਜਾਂ ਵੀਹ ਹਜ਼ਾਰ ਮਰਿਆ ਮੁਹੰਮਦ ਗੌਰੀ ਦਾ ਤੇ ਸਾਰੀਆਂ ਹੀ ਔਰਤਾਂ ਜਿੰਨੀਆਂ ਸੀ ਉਹ ਸਾਰੀਆਂ ਹੀ ਅੱਗ 'ਚ ਜਾਲ ਕੇ ਵਿੱਚ ਮਰ ਗਈਆਂ। ਇੱਕ ਮਾਈ ਜਿਸ ਨੂੰ ਅੱਖਾਂ ਤੋਂ ਦਿਸਦਾ ਨਹੀਂ ਸੀ, ਸਿਰਫ ਉਹ ਜੀਉਂਦੀ ਰਹਿ ਗਈ, ਘੋੜੇ ਸਾਰੇ ਅੰਨ੍ਹੇ ਕਰ ਦਿੱਤੇ ਉਨ੍ਹਾਂ ਨੇ ਕਿ ਦੁਸ਼ਮਣ ਦੇ ਹੱਥ ਨਾ ਆਵੇ। ਹੀਰੇ-ਜਵਾਰਾਤ ਸਭ ਜਲਾ ਦਿੱਤੇ। ਜਦੋਂ ਆ ਕੇ ਮੁਹੰਮਦ ਗੌਰੀ ਨੇ ਪੁੱਛਿਆ ਕਿ ਪਦਮਨੀ ਕਿੱਥੇ ਹੈ? ਉਸ ਨੇ ਢੇਰ ਵਲ ਹੱਥ ਕਰ ਦਿੱਤਾ ਕਿ ਇਹਦੇ 'ਚੋਂ ਟੋਲ੍ਹ ਲੈ, ਪਦਮਨੀ ਨੂੰ। ਇਸੇ ਤਰ੍ਹਾਂ ਚੰਚਲ ਕੁਮਾਰੀ ਸੀ ਰਾਜੇ ਭੱਟੀ ਦੀ, ਭਟਨੇਰ ਵਾਲੇ ਦੀ ਲੜਕੀ; ਉਹਦੇ ਪਿਛੇ ਬੜਾ ਯੁੱਧ ਹੋਇਆ। ਯੁੱਧ ਇਹੀ ਹੁੰਦੇ ਸੀ, ਕਹਿੰਦੇ ਕੋਈ ਗੱਲ ਨਹੀਂ ਸੀ ਕਰਦਾ ਧਰਮ ਦੀ -

*ਚਾਰੇ ਜਾਗੇ ਚਹੁ ਜੁਗੀ ਪੰਚਾਣਿ ਪ੍ਰਭੁ ਆਪੇ ਹੋਆ।*
*ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।*
*ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।*
*ਵਰਤਿਆ ਪਾਪੁ ਜਗਤੁ ਤੇ ਧਉਲ ਉਡੀਣਾ ਨਿਸਦਿਨੁ ਹੋਆ।*

***ਭਾਈ ਗੁਰਦਾਸ ਜੀ, ਵਾਰ 1/22***

ਜਦੋਂ ਪਾਪ ਵਰਤ ਜਾਂਦਾ ਹੈ ਸੰਸਾਰ ਦੇ ਉਤੇ, ਉਸ ਵੇਲੇ ਧਰਤੀ ਦਾ ਜਿਹੜਾ ਸੰਤੁਲਨ ਹੈ, ਹਿੱਲਣ ਲਗ ਜਾਂਦਾ ਹੈ। ਕਿਉਂਕਿ ਮਹਾਰਾਜ ਕਹਿੰਦੇ ਧਰਤੀ ਦੇ ਥੱਲੇ ਬੈਲ ਨਹੀਂ ਹੈ ਭਾਈ, ਧਰਤੀ ਤਾਂ ਧਰਮ ਨਾਲ ਖੜ੍ਹੀ ਹੈ। ਧਰਮ ਵਧੇਗਾ ਸੁੱਖ ਸ਼ਾਂਤੀ ਰਹੇਗੀ, ਧਰਮ ਘਟੇਗਾ, ਸੰਤੁਲਨ ਵਿਗੜੇਗਾ, ਮੌਸਮ ਦਾ ਵੀ ਸੰਤੁਲਨ ਵਿਗੜੇਗਾ। ਬੇਮਤਲਬੇ ਮੀਂਹ ਪੈਣਗੇ, ਭੁਚਾਲ ਆਉਣਗੇ। ਅਨੇਕਾਂ ਆਫਤਾਂ ਆਉਣਗੀਆਂ। ਕਿਉਂਕਿ ਧਰਮ ਦਾ ਸੰਤੁਲਨ

ਵਿਗੜ ਗਿਆ। ਸੂਖਸ਼ਮ ਲਹਿਰਾਂ ਉਠਦੀਆਂ ਨੇ ਆਦਮੀ ਦੇ ਮਨ 'ਚੋਂ। ਜੇ ਪ੍ਰਮੇਸ਼ਰ ਵਲ ਦੀਆਂ ਲਹਿਰਾਂ ਉਠਦੀਆਂ ਨੇ, ਸੰਸਾਰ ਸੁਖੀ ਵਸਦਾ ਹੈ। ਦੁੱਖ ਨਿਕਲ ਜਾਂਦਾ ਹੈ, ਜੇ ਇਹਦੇ ਵਿਪਰੀਤ ਉਠਦੀਆਂ ਨੇ ਤਾਂ ਧਰਤੀ ਡੋਲਣ ਲਗ ਜਾਂਦੀ ਹੈ। ਹਿੱਲਣ ਲਗ ਜਾਂਦੀ ਹੈ। ਇੱਕ ਸੂਤ ਜਿੰਨਾਂ ਹਿੱਲ ਜਾਵੇ, ਉਸੇ ਵੇਲੇ ਐਕਸੀਡੈਂਟ ਹੋ ਜਾਂਦਾ ਹੈ, ਕਿਸੇ ਹੋਰ ਹੀ ਸਤਾਰੇ ਨਾਲ ਜਾ ਕੇ ਜੁੜ ਜਾਏਗੀ। ਕਹਿੰਦੇ ਇਸ ਤਰ੍ਹਾਂ ਹੋ ਗਿਆ ਧਉਲ, ਧਉਲ ਤੋਂ ਹੁਣ ਬੋਝ ਨਹੀਂ ਸਹਿ ਹੁੰਦਾ -

***ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਦਿਨੁ ਰੋਆ।***
***ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲਿ ਟੋਆ।***
***(ਭਾਈ ਗੁਰਦਾਸ ਜੀ, ਵਾਰ 1/22)***

ਦਇਆ ਉਡ ਗਈ। ਮਾਂ ਸੀ ਦਇਆ ਧਰਮ ਦੀ, ਜੇ ਮਾਂ ਚਲੀ ਗਈ, ਬੱਚੇ ਨੂੰ ਕਿਹੜਾ ਥਾਉਂ ਹੈ, ਬੱਚਾ ਤਾਂ ਨਿਆਣਾ ਸੀ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - 3***

ਕਹਿੰਦੇ ਮਾਂ ਚਲੀ ਗਈ ਤੇ ਧੌਲੁ ਜਿਹੜਾ ਸੀ ਮਾਂ ਦੀ ਗੈਰ-ਹਾਜ਼ਰੀ ਦੇ ਵਿਚ ਨਿਗਰਣ ਲਗ ਗਿਆ ਹੇਠਾਂ ਨੂੰ।

***ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।***
***ਭਾਈ ਗੁਰਦਾਸ ਜੀ, ਵਾਰ 1/22***

ਭਾਰਾ ਹੋ ਗਿਆ, ਸੰਤੁਲਨ ਆਉਂਦਾ ਨਹੀਂ ਸਹੀ। ਪਾਪ ਵਰਤ ਗਿਆ। ਹੁਣ ਇਸ ਪਾਪ ਨੂੰ ਕੋਈ ਸਾਧੂ ਰੋਕ ਸਕਦਾ ਹੈ। ਸਾਧੂ ਰਿਹਾ ਨਾ ਸੰਸਾਰ ਦੇ ਅੰਦਰ।

***ਥੰਮੇ ਕੋਇ ਨ ਸਾਧ ਬਿਨੁ ਸਾਧੁ ਨ ਦਿਸੇ ਜਗਿ ਵਿਚਿ ਕੋਆ।***
***(ਭਾਈ ਗੁਰਦਾਸ ਜੀ, ਵਾਰ 1/22)***

ਸਾਧਾਂ ਦੀ ਅਣਹੋਂਦ ਹੋ ਗਈ -

***ਧਰਮ ਧਉਲੁ ਪੁਕਾਰੇ ਤਲੈ ਖੜੋਆ॥***
***ਭਾਈ ਗੁਰਦਾਸ ਜੀ, ਵਾਰ 1/22***

ਧਰਮ ਜਿਹੜਾ ਹੈ ਉਹ ਪੁਕਾਰਾਂ ਕਰਦਾ ਹੈ। ਕਿਉਂਕਿ ਸਾਧੂ ਨਾ ਰਿਹਾ ਸੰਸਾਰ ਤੇ ਕੋਈ। ਭਾਈ ਗੁਰਦਾਸ ਜੀ ਨੇ ਬਹੁਤ ਵੱਡੀ ਗੱਲ ਲਿਖੀ ਹੈ ਕਿ ਸਾਧ ਤੋਂ ਬਿਨਾਂ ਸੰਸਾਰ ਨਹੀਂ ਥੰਮ ਹੁੰਦਾ। ਸਾਧੂ ਘਟ ਜਾਣਗੇ ਸੰਸਾਰ ਦੇ ਅੰਦਰ, ਚੋਰ ਡਾਕੂਆਂ ਵਾਲੀ ਬਿਰਤੀ ਆ ਜਾਏਗੀ, ਖੋਹ ਖਿੰਝ ਆ ਜਾਏਗੀ। ਚੋਰੀ ਕਰਨੀ ਹੈ ਕਰੋ, ਖੋਹੋ, ਜੋ ਕਰਨਾ ਹੈ ਕਰੋ, ਧਰਮ ਕੋਈ ਚੀਜ਼ ਨਹੀਂ ਹੈ। ਐਸਾ ਹੀ ਸਮਾਂ ਚੱਲ ਰਿਹਾ ਹੈ। ਰਿਸ਼ਵਤਾਂ ਚਲਦੀਆਂ ਨੇ, ਧੋਖੇ ਚੱਲਦੇ ਨੇ, ਮਿਲਾਵਟਾਂ ਚਲਦੀਆਂ ਨੇ। ਪੀ.ਜੀ.ਆਈ ਇੱਕ ਨਹੀਂ, ਚਾਹੇ ਪੰਜਾਹ ਪੀ.ਜੀ.ਆਈ ਵਰਗੇ ਹਸਪਤਾਲ ਬਣਾ ਦਿਓ, ਤਾਂ ਵੀ ਬਿਮਾਰੀਆਂ ਨਹੀਂ ਹਟਣੀਆਂ। ਕਿਉਂਕਿ ਧਰਮ ਹਿੱਲ ਗਿਆ, ਖਾਣ ਨੂੰ ਕੋਈ ਚੀਜ਼ ਸਹੀ ਨਹੀਂ ਮਿਲਦੀ। ਜਿੰਨਾਂ ਜੀਅ ਕਰਦਾ ਹੈ ਪੈਸਾ ਖਰਚ ਲਓ, ਕੱਪੜਾ ਲੈਣ ਜਾਓ, ਕੀ ਪਤਾ ਕੀ ਦਿੱਤਾ ਸਰੀਰ ਨਾਲ ਹੀ ਚਿੰਬੜੇ

ਜਾਂਦੇ ਨੇ। ਹਰੇਕ ਕਹਿੰਦਾ ਹੈ ਕਿ ਪਤਾ ਨਹੀਂ ਜੀ ਮੇਰੀ ਚਮੜੀ ਨੂੰ ਕੀ ਹੋ ਗਿਆ, ਕੱਪੜੇ ਵਾਲਿਆਂ ਨੇ ਕਰ ਦਿੱਤਾ। ਇੰਡਸਟਰੀਆਂ ਲਗ ਗਈਆਂ ਗਲਤ। ਆਦਮੀ ਨੂੰ ਨੁਕਸਾਨ ਪਹੁੰਚਾਉਂਦੀਆਂ ਨੇ। ਇਸ ਤਰ੍ਹਾਂ ਦੇ ਨਾਲ ਸਾਰਾ ਕੁਛ ਹੀ ਗਲਤ ਹੋ ਗਿਆ ਸਾਧ ਸੰਗਤ ਜੀ। ਉਹਦੇ ਨਾਲ ਕਹਿੰਦੇ ਸਾਧ ਨਹੀਂ ਰਿਹਾ ਕੋਈ। ਸਾਧ ਨਹੀਂ ਹੈ ਤਾਂ ਥੰਮ ਨਹੀਂ ਹੁੰਦਾ ਇਹ। ਸਾਧੂ ਥੰਮ ਕੇ ਰਖਦੇ ਨੇ, ਲਾਈਟ ਹਾਊਸ ਹੁੰਦੇ ਨੇ ਸਾਧੂ। ਜਿੰਨੇ ਏਰੀਏ 'ਚ ਰਹਿੰਦੇ ਨੇ ਓਨੇ ਏਰੀਏ ਨੂੰ ਸੁਧਾਰਦੇ ਰਹਿੰਦੇ ਨੇ। ਦਿਨ ਰਾਤ ਇੱਕ ਕਰਕੇ ਦਸਦੇ ਨੇ, ਲੇਕਿਨ ਸਾਧੂ ਕਹਿੰਦੇ ਕੀਹਨੂੰ ਨੇ ਜਿਹਦੇ ਵਿਚ ਪ੍ਰਮੇਸ਼ਰ ਦਾ ਗਿਆਨ ਪ੍ਰਗਟ ਹੋਵੇ। ਐਵੇਂ ਭੇਖ ਧਾਰ ਕੇ ਸਾਧੂ ਨਹੀਂ ਹੁੰਦਾ। ਕਿਸੇ ਸਥਾਨ ਦਾ ਮਾਲਕ ਹੋ ਕੇ ਸਾਧੂ ਨਹੀਂ ਹੁੰਦਾ। ਕਿਸੇ ਡੇਰੇ ਦਾ ਵੱਡਾ ਮਹੰਤ ਹੋ ਕੇ ਸਾਧੂ ਨਹੀਂ ਹੁੰਦਾ। ਸਾਧੂ ਹੁੰਦਾ ਹੈ –

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥***

***ਅੰਗ – 319***

ਜਿਹਦੇ ਹਿਰਦੇ 'ਚੋਂ ਪੰਜਾਂ ਭਰਮਾਂ ਦਾ ਪੂਰਨ ਤੌਰ 'ਤੇ ਨਾਸ਼ ਹੋ ਜਾਵੇ, ਜਿਹਨੂੰ ਇਹ ਸਾਰਾ ਸੰਸਾਰ ਪ੍ਰਮੇਸ਼ਰ ਦਾ ਰੂਪ ਦਿੱਸਣ ਲਗ ਜਾਵੇ। ਜਦੋਂ ਅੱਖਾਂ ਨਾਲ ਦੇਖਦਾ ਹੈ ਤਾਂ ਵੀ ਪ੍ਰਮੇਸ਼ਰ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਪ੍ਰਮੇਸ਼ਰ। ਉਹਨੂੰ ਹੋਰ ਕੁਛ ਸੁਣਿਆ ਨਹੀਂ ਕਰਦਾ।

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***

***ਅੰਗ – 1420***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*** ***ਅੰਗ – 1265***

ਜਿਹਦੀ ਐਸੀ ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਕਿਸੇ ਇੱਕ ਧਰਮ ਦਾ ਬੰਦਾ ਨਹੀਂ ਹੁੰਦਾ। ਇਹ ਭੁਲੇਖਾ ਬੜਾ ਹੈ। ਸਾਧੂ ਦਾ ਧਰਮ ਤਾਂ ਪ੍ਰਮੇਸ਼ਰ ਹੁੰਦਾ ਹੈ, ਹੋਰ ਕੋਈ ਨਹੀਂ ਹੁੰਦਾ। ਕਿਉਂਕਿ ਧਰਮ ਸਭ ਇੱਕੋ ਹੀ ਹੈ, ਦੋ ਨਹੀਂ ਹੁੰਦੇ। ਮਹਾਰਾਜ ਨੇ ਆਪ ਬਾਣੀ 'ਚ ਲਿਖਿਆ ਹੈ –

***ਬੀਜ ਮੰਤ੍ਰੁ ਸਰਬ ਕੋ ਗਿਆਨੁ ॥*** ***ਅੰਗ – 274***

ਸਾਰਿਆਂ ਦਾ ਗਿਆਨ ਬੀਜ ਮੰਤ੍ਰ ਹੈ। ਜਿਹੜਾ ਬੀਜ ਮੰਤ੍ਰ ਤੱਕ ਪਹੁੰਚ ਗਿਆ। ਉਹਨੂੰ ਸਾਰੀ ਸ੍ਰਿਸ਼ਟੀ ਇੱਕ ਹੋ ਗਈ ਦੋ ਨਾ ਰਹੀ। ਭਾਈ ਘਨਈਏ ਨੂੰ ਦੂਜਾ ਦਿਸਿਆ? ਪਾਣੀ ਪਿਲਾਈ ਗਿਆ, ਗੁਰੂ ਦਸਵੇਂ ਪਾਤਸ਼ਾਹ ਦੇ ਪੇਸ਼ੀ ਹੋਈ।

ਭਾਈ ਘਨਈਆ! ਤੂੰ ਮੁਗਲਾਂ ਨੂੰ ਪਾਣੀ ਪਿਲਾਉਂਦਾ ਹੈਂ?

ਕਹਿੰਦੇ ਨਾ ਸਤਿਗੁਰੂ!

ਪਹਾੜੀਆਂ ਨੂੰ ਪਾਣੀ ਪਿਲਾਇਆ ਹੈ ਫੇਰ?

ਨਾ ਸਤਿਗੁਰੂ!

ਫੇਰ ਖਾਲਸੇ ਨੂੰ ਪਾਣੀ ਪਿਲਾਇਆ ਹੈ?

ਨਹੀਂ ਮਹਾਰਾਜ!

ਕਹਿੰਦੇ, ਫੇਰ ਪਾਣੀ ਪਿਲਾਇਆ ਕੀਹਨੂੰ ਹੈ ਤੂੰ?

ਕਹਿੰਦਾ, ਸੱਚੇ ਪਾਤਸ਼ਾਹ! ਪੁਰਾਣੀ ਗੱਲ ਹੈ ਜਦੋਂ ਮੈਨੂੰ ਕੋਈ ਨਜ਼ਰ ਆਉਂਦੇ ਸੀ। ਲੇਕਿਨ ਹੁਣ ਤਾਂ ਤੂੰ ਮੇਰੇ ਨੇਤਰਾਂ ਦੇ ਵਿੱਚ ਗਿਆਨ ਦਾ ਸੁਰਮਾ ਪਾ ਦਿੱਤਾ। ਮੈਨੂੰ ਤਾਂ ਹੁਣ ਤੇਰੇ ਬਗੈਰ ਕਿਤੇ ਦੂਜਾ ਨਜ਼ਰ ਹੀ ਨਹੀਂ ਆਉਂਦਾ। ਜਿਧਰ ਦੇਖਦਾ ਹਾਂ ਤੂੰ ਹੀ ਤੂੰ ਹੈਂ। ਦੂਸਰਾ ਨਹੀਂ ਨਜ਼ਰ ਆਉਂਦਾ –

***ਧਾਰਨਾ – ਤੂੰਹੀਂ ਤੂੰਹੀਂ ਮੋਹਿਨਾ – 2***

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***

***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥***

***ਅੰਗ – 407***

ਗੁਰੂ ਦਸ਼ਮੇਸ਼ ਪਿਤਾ ਨੇ ਉਠ ਕੇ ਬੁੱਕਲ 'ਚ ਲੈ ਲਿਆ, ਕਹਿੰਦੇ ਘਨਈਆ! ਨਿਹਾਲ! ਨਿਹਾਲ! ਨਿਹਾਲ। ਦੇਖ, ਹੁਣ ਤੂੰ ਮੈਨੂੰ ਪਾਣੀ ਪਿਲਾਉਂਦਾ ਹੈਂ। ਆਹ ਫੜ ਡੱਬੀ ਮਲ੍ਹਮ ਦੀ ਤੇ ਆਹ ਫੜ ਪੱਟੀਆਂ, ਅੱਜ ਤੋਂ ਬਾਅਦ ਮੇਰੇ ਜ਼ਖਮ ਨੂੰ ਸਾਫ ਕਰਕੇ ਪਹਿਲਾਂ ਮਲ੍ਹਮ ਭਰੀਂ ਫੇਰ ਪੱਟੀਆਂ ਕਰੀ। ਕਿਉਂਕਿ ਉਹ ਸਾਧ ਹੋ ਗਿਆ। ਖੁਸ਼ੀ ਹੋ ਗਿਆ ਕਿ ਇੱਕ ਸਾਧ ਬਣ ਗਿਆ ਸਾਡੇ। ਇਹਨੂੰ ਸਾਧ ਕਹਿੰਦੇ ਨੇ, ਸਾਧ ਹੈ ਨਹੀਂ ਸੀ –

***ਥੰਮੇ ਕੋਈ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ।***

***ਭਾਈ ਗੁਰਦਾਸ ਜੀ, ਵਾਰ 1/22***

ਅਕਾਲ ਪੁਰਖ ਦਾ ਹੁਕਮ ਹੋਇਆ, ਆਪ ਗੁਰੁ ਪ੍ਰਮੇਸ਼ਰ ਰੂਪ ਧਾਰ ਕੇ, ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟਿਆ। ਬਾਕੀ ਕੌਣ ਸੀਗੇ, ਨੌਂ ਜੋਤਾਂ ਬਾਅਦ ਵਿਚ, ਨੌਂ ਸਰੀਰ ਬਦਲੇ, ਕੋਈ ਵੀ ਨਹੀਂ ਸੀ, ਹੁਣ ਵੀ ਕੋਈ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰੁ ਨਾਨਕ ਨੇ। ਉਹ ਵੀ ਗੁਰੂ ਨਾਨਕ ਸੀ, ਗੱਲ ਕਰਨ ਵਾਸਤੇ ਫਰਕ ਪੈ ਜਾਂਦਾ ਹੈ, ਗੁਰੂ ਤੇਗ ਬਹਾਦਰ ਸਾਹਿਬ। ਜੇ ਅਸੀਂ ਕਹੀਏ ਕਿ ਗੁਰੂ ਨਾਨਕ ਸਾਹਿਬ ਨੇ ਸੀਸ ਦਿੱਤਾ, ਸਾਰੇ ਗੱਲਾਂ ਕਰਨਗੇ ਮੈਨੂੰ ਕਿ ਇਹ, ਇਹ ਕੀ ਕਹਿਣ ਲੱਗ ਗਿਆ। ਸਾਡੀ ਸਮਝ ਤੋਂ ਉਪਰਲੀਆਂ ਗੱਲਾਂ ਕਰਦਾ ਹੈ ਜਾਂ ਇਹਨੂੰ ਗੱਲ ਦਾ ਨਹੀਂ ਪਤਾ। ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਦਿੱਤੀ ਹੈ, ਇਹ ਕਹਿੰਦਾ ਹੈ ਗੁਰੁ ਨਾਨਕ ਸਾਹਿਬ ਨੇ ਦਿੱਤੀ ਹੈ। ਫੇਰ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਨਾਉਂ ਸੀਗਾ। ਨਾਉਂ ਤਾਂ ਸੀਗਾ, ਲੇਕਿਨ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦਾ ਨਾਉਂ ਹੀ ਕੋਈ। ਉਥੇ ਤਾਂ ਨਾਨਕ ਹੀ ਨਾਉਂ ਹੈ। ਪੰਜਵਾਂ ਨਾਨਕ, ਚੌਥਾ ਨਾਨਕ, ਨੌਵਾਂ ਨਾਨਕ। ਕਿਤੇ ਨਹੀਂ ਲਿਖਿਆ ਹੋਇਆ ਗੁਰੂ ਤੇਗ ਬਹਾਦਰ ਸਾਹਿਬ, ਜਿਹਦੇ ਵਿੱਚ ਅਸੀਂ ਪੜ੍ਹਦੇ ਹਾਂ ਉਹ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਇਆ।

***ਬਾਂਹਿ ਜਿਨਾ ਦੀ ਪਕੜੀਐਸਿਰ ਦੀਜੈ ਬਾਹਿ ਨ ਛੋਡੀਐ।***
***ਤੇਗ ਬਹਾਦਰ ਬੋਲਿਆ,ਧਰਿ ਪਈਐ ਧਰਮ ਨ ਛੋਡੀਐ।***

ਉਹ ਆਇਆ ਨਹੀਂ ਹੈ। ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਜੋਤ ਹੀ ਸੀ। ਨਿਗਰ ਚੁੱਕਿਆ ਸੀ, 236 ਸਾਲ ਦੇ ਕਰੀਬ ਉਨ੍ਹਾਂ ਨੂੰ ਸੰਸਾਰ 'ਤੇ ਰਹਿਣਾ ਪਿਆ, ਸਾਧ ਬਣਾਉਣ ਵਾਸਤੇ ਕਿ ਸਾਧੂ ਬਣਾ ਦਿਓ, ਫੇਰ ਇਹ ਥੰਮ ਲੈਣਗੇ, ਇਕੱਠੇ ਹੋ ਕੇ। ਜੇ ਵਲੀ ਕੰਧਾਰੀ ਕੋਲ ਗਏ ਨੇ, ਉਹਦੇ 'ਚੋਂ ਤਕੱਬਰ ਕੱਢ ਦਿੱਤਾ, ਗਰੂਰ ਹੰਕਾਰ; ਸ਼ੈਤਾਨ ਕੱਢ ਕੇ ਸਰੀਰ ਓਹੀ ਰਹਿਣ ਦਿੱਤਾ। ਲੇਕਿਨ ਸਾਧ ਦਾ ਟੀਕਾ ਲਾ ਦਿੱਤਾ। ਜੇ ਕੌਡੇ ਰਾਕਸ਼ ਕੋਲ ਗਏ ਨੇ, ਉਹਦੇ 'ਚੋਂ ਰਾਕਸ਼ਪੁਣਾ ਕੱਢ ਦਿੱਤਾ ਤੇ ਸਾਧੂ ਬਣਾ ਦਿੱਤਾ, ਮੰਜੀ 'ਤੇ ਬਿਠਾ ਦਿੱਤਾ। ਜੇ ਸੱਜਣ ਠੱਗ ਕੋਲ ਗਏ ਨੇ ਠੱਗਪੁਣਾ ਉਹਦੇ 'ਚੋਂ ਕੱਢ ਦਿੱਤਾ, ਸਾਧੂ ਬਣਾ ਕੇ ਬਿਠਾ ਦਿੱਤਾ। ਕਹਿੰਦੇ ਸੱਜਣਾ! ਆਹ ਜਿਹੜਾ ਤੈਨੂੰ ਆਨੰਦ ਆਇਆ ਹੈ ਨਾ ਇਹ ਤਾਂ ਰਹਿਣਾ ਹੈ ਜੇ ਆਹ ਪਾਪ ਦੀ ਕਮਾਈ ਵੰਡ ਦੇਵੇਂ ਸਾਰੀ। ਇੱਕ ਸਕਿੰਟ ਨਹੀਂ ਲਾਇਆ, ਉਜਰ ਨਹੀਂ ਕਰਿਆ। ਬਚਨ ਹੋ ਗਿਆ, ਉਸੇ ਵੇਲੇ ਜਾ ਕੇ 100-50 ਰਾਜ ਲੈ ਆਇਆ, ਗੈਂਤੀਆਂ ਲੈ ਆਂਦੀਆਂ, ਮਜ਼ਦੂਰ ਲੈ ਆਇਆ ਕਹਿੰਦਾ ਢਾਹ ਦਿਓ, ਇੱਟ-ਇੱਟ ਕਰ ਦਿਓ ਇਹਦੀ ਸਾਰੇ ਦੀ। ਹੋਕਾ ਫਿਰਾ ਦਿੱਤਾ ਦੁਨੀਆਂ ਭਰ 'ਚ, ਦੂਰ ਤਕ ਕਿ ਸੱਜਣ ਨੇ ਮਹੱਲ ਢਾਹੇ ਨੇ ਆਪਣੇ, ਜਿਨ੍ਹਾਂ ਨੇ ਮਲਵਾ ਚੁੱਕਣਾ ਹੈ ਆ ਜਾਓ, ਇੱਟਾਂ ਵੱਟੇ ਸਭ ਫਰੀ ਮਿਲਦਾ ਹੈ। ਬੇਅੰਤ ਮਾਲ ਹੈ ਉਹਦੇ 'ਚ, ਭਰੇ ਪਏ ਨੇ ਭੰਡਾਰੇ। ਤਿੰਨ ਦਿਨਾਂ ਦੇ ਅੰਦਰ ਸਾਰੀਆਂ ਇੱਟਾਂ ਚੁਕਵਾ ਦਿੱਤੀਆਂ। ਸਾਰਾ ਜਿੰਨਾਂ ਮਾਲ ਮੱਤਾ ਸੀ, ਉਠਾ ਦਿੱਤਾ। ਦਰਖਤ ਦੇ ਥੱਲੇ ਬਹਿ ਗਿਆ, ਤੀਜੇ ਦਿਨ। ਜਿਹੜੇ ਨਾਲ ਕਹਿੰਦਾ ਹੁਣ ਜਾਓ, ਹੁਣ ਤੁਹਾਡਾ ਮੇਰਾ ਸਾਥ ਨਹੀਂ ਰਿਹਾ। ਜੇ ਰਹਿਣਾ ਹੈ ਤਾਂ ਇਵੇਂ ਜਿਵੇਂ ਰਹੋ ਜਿਵੇਂ ਮੈਂ ਹਾਂ। ਝੌਂਪੜੀ ਪੈ ਗਈ, ਮੰਜੇ ਦੇ ਉਤੇ ਗੁਰੂ ਮਹਾਰਾਜ ਬੈਠੇ ਨੇ, ਬਾਣ ਦੇ ਮੰਜੇ 'ਤੇ। ਕਿਉਂਕਿ ਬਾਕੀ ਤਾਂ ਰਿਹਾ ਹੀ ਨਹੀਂ ਕੁਛ, ਮੰਜਾ ਆ ਗਿਆ ਕਿਤੋਂ। ਕਹਿੰਦੇ, ਸੱਜਣਾ! ਇੱਕ ਮੰਜੀ ਹੋਰ ਮੰਗਾ। ਮੰਜੀ ਮੰਗਾ ਲਈ, ਕਹਿੰਦੇ ਲੈ ਬਈ ਸੱਜਣਾ! ਆਹ ਮੰਜੀ ਦੇ ਉਤੇ ਅਸੀਂ ਤੈਨੂੰ ਬਿਠਾਉਂਦੇ ਹਾਂ। ਆਹ ਜਿਹੜਾ ਤੇਰੇ ਅੰਦਰ ਨਾਮ ਦਾ ਨਿਵਾਸ ਹੋਇਆ ਹੈ ਨਾ, ਹੁਣੇ ਸੰਸਾਰ ਨੂੰ ਵੰਡ ਦੇ। ਤੈਨੂੰ ਅਸੀਂ ਸਾਧ ਬਣਾ ਦਿੱਤਾ, ਠੱਗ ਨਹੀਂ ਰਿਹਾ ਤੂੰ। ਸਾਧ ਬਣਾਉਣ ਵਾਸਤੇ ਗੁਰੂ ਸਾਹਿਬ ਆਏ ਸੀ, ਕਿਉਂਕਿ ਸੰਸਾਰ ਰਹਿੰਦਾ ਨਹੀਂ ਸਾਧ ਬਿਨਾਂ। ਇੱਕ ਬੰਦਾ ਤਾਂ ਕਰ ਹੀ ਨਹੀਂ ਸਕਦਾ। ਥਾਂ-ਥਾਂ 'ਤੇ ਲਾਈਟ ਹਾਊਸ ਹੋਣ ਤਾਂ ਹਨ੍ਹੇਰਾ ਥੋੜ੍ਹਾ ਜਿਹਾ ਦੂਰ ਹੁੰਦਾ ਹੈ। ਇੱਕ ਬੰਦਾ ਤਾਂ ਸਾਰੀ ਦੁਨੀਆਂ ਨੂੰ ਸਾਂਭ ਨਹੀਂ ਸਕਦਾ। ਪ੍ਰਮੇਸ਼ਰ ਨੇ ਥਾਂ-ਥਾਂ ਦੇ ਉਤੇ ਡਿਊਟੀਆਂ ਲਾਈਆਂ ਹੋਈਆਂ ਨੇ। ਆਪਣੀ-ਆਪਣੀ ਡਿਊਟੀ ਦੇ ਮੁਤਾਬਿਕ ਪ੍ਰਮੇਸ਼ਰ ਕੰਮ ਕਰਾ ਰਿਹਾ ਹੈ ਸਾਰਿਆਂ ਤੋਂ। ਐਸੀ ਹਾਲਤ ਦੇ ਵਿਚ ਮਹਾਰਾਜ ਕਹਿੰਦੇ ਸਮਾਂ ਸੀ -

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***

***ਅੰਗ - 145***

ਧਰਮ ਰਿਹਾ ਹੀ ਨਾ, ਉਡ ਕੇ ਚਲਿਆ ਗਿਆ। ਜਿਹੜੇ ਸਮਾਜ 'ਚੋਂ ਧਰਮ ਨਿਕਲ ਜਾਵੇ, ਉਸ ਸਮਾਜ ਕੀ ਹੁੰਦਾ ਹੈ? ਅਧਰਮੀਆਂ ਦਾ ਸਮਾਜ, ਚੋਰਾਂ ਦਾ, ਡਾਕੂਆਂ ਦਾ, ਕਾਤਲਾਂ ਦਾ, ਬੇਰਹਿਮਾਂ ਦਾ। ਕਹਿੰਦੇ, ਜੀ ਰਾਜਨੀਤੀ ਵਿਚ ਧਰਮ ਨਾ ਰਲਾਓ। ਧਰਮ ਤਾਂ ਚਰਿੱਤਰ ਨੂੰ ਕਹਿੰਦੇ ਨੇ, ਮਜ਼੍ਹਬ ਨੂੰ ਨਹੀਂ ਕਹਿੰਦੇ, ਕਿੱਡੀ ਵੱਡੀ ਗੱਲ ਕਹਿੰਦੇ ਨੇ। ਉਹ ਇਹ ਕਹਿਣ ਕਿ ਮਜ਼੍ਹਬ ਨਾ ਰਲਾਓ, ਕਿਉਂਕਿ ਮਜ਼੍ਹਬ ਰਲਿਆ ਬੁਰੀ ਕਰਦਾ ਹੈ। ਸਾਰੇ ਮਜ਼੍ਹਬਾਂ ਦੇ ਚੰਗੇ ਅਸੂਲ ਛਾਂਟ ਕੇ, ਸੰਵਿਧਾਨ ਬਣਾ ਦਿਓ ਦਿੱਲੀ ਦਾ, ਜੇ ਕਦੇ ਰੌਲਾ ਪੈ ਜਾਵੇ। ਅਸੂਲ ਬਣਾ ਦਿਓ ਕਿ ਆਹ ਗੱਲਾਂ ਨਹੀਂ ਕਰਨੀਆਂ। ਜਦੋਂ ਧਰਮ ਵਾਲੇ ਹੋਣਗੇ ਸਾਡੇ ਮੁਖੀ। ਫੇਰ ਇੱਥੇ ਤਾਂ ਮੀਂਹ ਵੀ ਸਮੇਂ ਨਾਲ ਪੈਣਗੇ, ਨਾ ਕੋਈ ਰੌਲਾ ਪਵੇ ਨਾ ਹੜਤਾਲਾਂ ਹੋਣ। ਕੁਛ ਨਹੀਂ ਹੁੰਦਾ, ਕਰਮਚਾਰੀ ਵੀ ਕੰਮ ਕਰਨਗੇ, ਕਿਉਂਕਿ ਧਰਮ ਨੇ ਆ ਕੇ ਰਾਜ ਕਰ ਲਿਆ। 'ਯਥਾ ਰਾਜਾ ਤਥਾ ਪਰਜਾ' ਅਧਰਮ ਜਦੋਂ ਕਰ ਲਏਗਾ, ਫੇਰ ਖੋਹ ਖਿੰਝ ਵਧ ਜਾਏਗੀ। ਧਰਮ ਉਡ ਗਿਆ, ਸਮਾਜ ਦੇ ਵਿਚੋਂ ਨਾ ਸਮਾਜ ਦਾ ਧਰਮ ਰਿਹਾ ਨਾ ਰਾਜੇ ਦਾ ਰਿਹਾ। ਰਾਜੇ ਤਾਂ ਬਣ ਗਏ ਕਸਾਈ, ਕਲਜੁਗ ਦੀ ਕੈਂਚੀ ਹੱਥ 'ਚ ਫੜ ਲਈ ਉਨ੍ਹਾਂ ਨੇ।

***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

***ਅੰਗ - 145***

ਕੂੜ ਦੀ ਹੋ ਗਈ ਮੱਸਿਆ, ਸਚਾਈ ਦਾ ਜੋ ਚੰਦਰਮਾ ਸੀ ਉਹ ਛੁਪ ਗਿਆ। ਮੱਸਿਆ ਇੱਕ ਦਿਨ ਰਹਿੰਦੀ ਹੈ, ਦੂਜੇ ਦਿਨ ਪਹਿਲੀ ਦਾ ਚੰਦ ਆ ਜਾਂਦਾ ਹੈ, ਅਸੀਂ ਮੱਥੇ ਟੇਕਦੇ ਹਾਂ ਕਿ ਸੱਚੇ ਪਾਤਸ਼ਾਹ! ਫੇਰ ਚਾਨਣ ਆ ਗਿਆ। ਦੂਜ ਨੂੰ ਬਹੁਤੇ ਟੇਕਦੇ ਨੇ, ਉਹ ਪ੍ਰਕਾਸ਼ ਨੂੰ ਮੱਥਾ ਟੇਕਦੇ ਹਾਂ। ਮੱਸਿਆ ਮਨਾਉਂਦੇ ਹਾਂ ਕਿ ਹੁਣ ਅੱਜ ਖਤਮ ਹੋ ਜਾਣਾ ਹੈ ਹਨ੍ਹੇਰਾ, ਮਨਾ ਲਓ ਅੱਜ, ਕੱਲ੍ਹ ਤੋਂ ਚਾਨਣਾ ਸ਼ੁਰੂ ਹੋ ਜਾਏਗਾ। ਇਹ ਜ਼ਿੰਦਗੀ ਦੀ ਮੱਸਿਆ ਜਦੋਂ ਮਨਾ ਲਈ ਜਾਵੇ ਫੇਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ, ਮੱਸਿਆ ਛਾ ਗਈ, ਦਿਸਦਾ ਨਹੀਂ ਹੈ ਪ੍ਰਕਾਸ਼। ਕਹਿੰਦੇ-

***ਹਉ ਭਾਲਿ ਵਿਕੁੰਨੀ ਹੋਈ ॥*** ***ਅੰਗ - 145***

ਬੇਤਾਬ ਹੋ ਕੇ, ਸਾਹੋ-ਸਾਹ ਹੋ ਕੇ, ਅਸੀਂ ਕਹਿੰਦੇ ਸੱਚ ਨੂੰ ਭਾਲਦੇ ਫਿਰਦੇ ਹਾਂ। ਕਿਤੇ ਲੱਭਦਾ ਹੀ ਨਹੀਂ ਹੈ -

***ਆਧੇਰੈ ਰਾਹੁ ਨ ਕੋਈ ॥*** ***ਅੰਗ - 145***

ਅਸੀਂ ਸਾਰਿਆਂ 'ਚ ਦੇਖਿਆ ਹੈ, ਜੋਗੀਆਂ 'ਚ ਗਏ, ਮੱਠਾਂ ਵਾਲਿਆ 'ਚ ਗਏ, ਵੱਡੇ-ਵੱਡੇ ਪੀਰਾਂ ਦੇ ਆਸ਼ਰਮਾਂ 'ਚ ਗਏ, ਸਭ ਤੋਂ ਵੱਡਾ ਪੀਰ ਜਿਹੜਾ ਓਸ ਵੇਲੇ ਦਾ ਸੀ, ਬਗਦਾਦ ਦਾ ਦਸਤਗੀਰ ਸੀ, ਆਪ ਨੇ ਉਹਦੇ ਅੰਦਰ ਪਿਆ ਝੂਠ ਦਾ ਪਰਦਾ ਲਾਹਿਆ ਤੇ ਗਿਆਨ ਦਾ ਪ੍ਰਕਾਸ਼ ਕਰਾਇਆ। ਬਹਿਲੋਲ ਸੀ ਉਸ ਦੇ ਪੁੱਤਰ ਦਾ ਨਾਉਂ। ਉਥੇ ਪੱਥਰ ਲੱਗਿਆ ਹੋਇਆ ਹੈ। ਗੁਰੂ ਨਾਨਕ ਲਿਖਦੇ ਨੇ - ਬਹਿਲੋਲ! ਤੈਨੂੰ ਖੋਜਦਾ ਮੈਂ ਇੱਥੇ ਪਹੁੰਚਿਆ ਸੀ, ਕਿਉਂਕਿ ਉਹ ਪਿਆਰ ਵਾਲੀ ਰੂਹ ਸੀ । ਨਿਰਛਲ

ਸੀ, ਰੌਸ਼ਨੀ ਵਾਲੀ ਰੂਹ ਸੀ। ਗੁਰੂ ਨਾਨਕ ਆ ਜਾਂਦੇ ਨੇ, ਥੜ੍ਹਾ ਬਣਾਉਂਦਾ ਹੈ ਉਥੇ, ਸਾਮ੍ਹਣੇ ਦੇਖੀ ਜਾਂਦਾ ਹੈ, ਜਿਥੇ ਗੁਰੂ ਨਾਨਕ ਨੇ ਚੌਂਕੜਾ ਮਾਰ ਕੇ, ਨੌਂ ਮਹੀਨੇ ਬੈਠੇ ਗੁਰੂ ਨਾਨਕ ਬਗਦਾਦ 'ਚ। ਹੁਣ ਕਈ ਕਹਿੰਦੇ ਨੇ ਜੀ, ਗੁਰੂ ਨਾਨਕ ਹਿੰਦੂਆਂ ਦੇ ਘਰੋਂ ਮੰਗਾ ਕੇ ਖਾਂਦੇ ਸੀ। ਗੁਰੂ ਨਾਨਕ ਦੀ ਨਿਗ੍ਹਾਂ 'ਚ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਇਹ ਤਾਂ ਸਾਡੇ ਵਾਸਤੇ ਨੇ। ਕਈਆਂ ਨੂੰ ਇਹ ਗੱਲ ਔਖੀ ਲੱਗੇਗੀ ਕਿ ਹੈਂ ਜੀ! ਫੇਰ ਗੁਰੂ ਨਾਨਕ ਸਾਹਿਬ ਮੁਸਲਮਾਨਾਂ ਦਾ ਖਾਂਦੇ ਰਹੇ, ਮੁਸਲਮਾਨ ਹਿੰਦੂ ਗੁਰੂ ਨਾਨਕ ਸਾਹਿਬ ਦੇ ਸਾਮ੍ਹਣੇ ਇਨਸਾਨ ਸੀ। ਕਹਿੰਦੇ ਜੇ ਸਾਡੇ 'ਚ ਲਹੂ ਹੈ ਤਾਂ ਕੀ ਤੇਰੇ 'ਚ ਦੁੱਧ ਹੈ? ਜਿਹੋ ਜਿਹੇ ਪੰਜ ਤੱਤ ਤੇਰੇ ਓਹੋ ਜਿਹੇ ਸਾਡੇ। ਉਥੇ ਹੀ ਬਹਿ ਗਿਆ, ਛੱਤੀ ਸਾਲ ਕੰਧ ਦੇ ਵਲ ਮੂੰਹ ਕਰਕੇ ਬੈਠਾ ਰਿਹਾ। ਧੰਨ ਸੀ ਉਹ ਪ੍ਰੇਮੀ, ਜਿਹਨੇ ਇਕ ਵਾਰ ਗੁਰੂ ਨਾਨਕ ਦੇਖ ਲਿਆ, ਫੇਰ ਪਿਆਰ 'ਚ ਐਨਾ ਮਸਤ ਹੋ ਗਿਆ, ਮੁੜ ਨਹੀਂ ਫੇਰ ਉਹਨੇ ਕਿਸੇ ਹੋਰ ਨੂੰ ਦੇਖਿਆ। ਉਹਨੇ ਲਿਖ ਦਿੱਤਾ, ਕੰਧ ਦੇ ਉਤੇ ਕਿ ਮੈਂ ਅੱਲਾਹ ਪਾਕ ਦੀ ਜ਼ਾਤ ਦੇਖੀ ਤੇ ਮੈਂ ਹੁਣ ਕੋਈ ਨਹੀਂ ਦੇਖਣਾ ਚਾਹੁੰਦਾ ਉਸ ਤੋਂ ਬਗੈਰ। ਧਿਆਨ ਐਨਾ ਪਰਪੱਕ ਹੋ ਗਿਆ, ਗੁਰੂ ਨਾਨਕ ਚੌਂਤਰੇ 'ਤੇ ਬੈਠੇ ਹੀ ਉਹਨੂੰ ਦਿਸੀ ਜਾਣ। ਉਹਨੇ ਲਿਖ ਕੇ ਲਾ ਦਿੱਤਾ ਕਿ 36 ਸਾਲ ਮੈਂ ਇਸ ਥਾਂ ਦੇ ਉਤੇ ਗੁਰੂ ਨਾਨਕ ਦੇ ਦਰਸ਼ਨ ਕਰਦਾ ਰਿਹਾ ਬੈਠ ਕੇ, ਮੈਂ ਹੋਰ ਕਿਸੇ ਨੂੰ ਨਹੀਂ ਦੇਖਿਆ। ਪਿਆਰ ਵਾਲਾ ਸੀ, ਗੁਰੂ ਨਾਨਕ ਗਏ ਐਸੇ ਸਖਤ ਬੰਦੇ ਕੋਲ, ਸਾਧ ਬਣਾ ਆਏ ਉਹਨੂੰ। ਕਪੜੇ ਨਹੀਂ ਬਦਲਾਏ, ਕੁਛ ਨਹੀਂ ਬਦਲਾਇਆ, ਅੰਦਰ ਸਾਧ ਦਾ ਟੀਕਾ ਭਰ ਦਿੱਤਾ। ਕਹਿੰਦੇ, ਸਾਧ ਤੋਂ ਬਿਨਾਂ ਕੋਈ ਥੰਮ ਨਹੀਂ ਸਕਦਾ। ਲੱਭਿਆ ਨਹੀਂ ਕੋਈ ਅੰਧੇਰੇ 'ਚ ਰਾਹ –

*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ*
*ਕਿਨਿ ਬਿਧਿ ਗਤਿ ਹੋਈ ॥* *ਅੰਗ – 145*

ਸੰਸਾਰ ਤਾਂ ਹਉਮੈ 'ਚ ਪੈ ਗਿਆ, ਹੁਣ ਗਤੀ ਕਿਵੇਂ ਹੋਵੇ ਸੰਸਾਰ ਦੀ। ਸੋ ਮੱਸਿਆ ਛਾ ਗਈ ਇੱਥੇ, ਕਿੰਨੇ ਅਧਰਮ ਹੁੰਦਾ ਸੀ। ਇਕ ਦੋ ਮਿਸਾਲਾਂ ਨਾਲ ਸਮਝ ਆ ਜਾਏਗੀ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਸੀ, ਔਰੰਗਜ਼ੇਬ ਦਾ ਰਾਜ ਹੋ ਗਿਆ। ਔਰੰਗਜ਼ੇਬ ਨੇ ਮੀਟਿੰਗ ਬੁਲਾਈ, ਸਾਰੇ ਸੂਬੇਦਾਰ, ਸਾਰੇ ਕਾਜ਼ੀ, ਸਾਰੇ ਮੁਲਾਣੇ; ਉਹਦੇ ਵਿਚ ਫੈਸਲਾ ਹੋਇਆ ਕਿ ਹਿੰਦੁਸਤਾਨ ਨੂੰ ਇਸਲਾਮ ਦੇ ਵਿਚ ਲਿਆਂਦਾ ਜਾਵੇ। ਇਸਲਾਮੀ ਝੰਡਾ ਰਹੇ। ਕਿਸੇ ਮੰਦਰ 'ਤੇ ਕਿਸੇ ਹੋਰ ਠਾਕੁਰ ਦੁਆਰੇ 'ਤੇ ਹੋਰ ਝੰਡਾ ਨਾ ਝੁਲੇ। ਤਾਰੇ ਵਾਲਾ ਝੰਡਾ ਹਰ ਥਾਂ 'ਤੇ ਹੋਣਾ ਚਾਹੀਦਾ ਹੈ। ਇਹ ਵਿਚਾਰ ਕਰੋ ਕਿਵੇਂ ਹੋਵੇ, ਕਿਉਂਕਿ ਆਬਾਦੀ ਬਹੁਤ ਜ਼ਿਆਦਾ ਹੈ। ਉਸ ਵੇਲੇ ਮੁਸਲਮਾਨ ਥੋੜ੍ਹੇ ਸੀਗੇ ਤੇ ਰਾਜ ਪੱਕਾ ਹੋ ਸਕਦਾ ਹੈ ਇਸਲਾਮ ਦਾ। ਜਿਵੇਂ ਅਫਗਾਨਿਸਤਾਨ ਹੋ ਗਿਆ, ਇਰਾਨ ਹੋ ਗਿਆ, ਇਸੇ ਤਰ੍ਹਾਂ ਹਿੰਦੋਸਤਾਨ ਨੂੰ ਵੀ ਜੇ ਮੈਂ ਕਰ

ਲਵਾਂ ਤਾਂ ਮੈਂ ਬਹੁਤ ਵੱਡਾ ਪੁੰਨ ਖੱਟਾਂਗਾ। ਉਹਦੇ 'ਚ ਸਕੀਮਾਂ ਬਣਾਈਆਂ। ਕਹਿਣ ਲੱਗੇ, ਰਿਆਇਤਾਂ ਦੇਵੋ ਇਸਲਾਮ ਵਾਲਿਆਂ ਨੂੰ, ਦੂਸਰਿਆਂ ਦੇ ਡੰਨ ਲਾਏ, ਜੇਜ਼ੀਏ ਲਾ ਦਿੱਤੇ। ਹੁਕਮ ਹੋ ਗਿਆ ਕਿ ਛੇ ਮਹੀਨੇ ਖਾਣ ਤੋਂ ਬਾਅਦ ਅਨਾਜ ਨਹੀਂ ਤੁਸੀਂ ਘਰ 'ਚ ਰੱਖ ਸਕਦੇ। ਘੋੜੇ ਦੀ ਸਵਾਰੀ ਨਹੀਂ ਕਰ ਸਕਦੇ। ਪਜਾਮਾ ਪਾਉਣਾ ਹੈ ਗਿੱਟੇ ਨਹੀਂ ਢੱਕ ਸਕਦੇ। ਕੋਠੇ 'ਤੇ ਨਹੀਂ ਚੜ੍ਹ ਸਕਦੇ ਜੇ ਗਲੀ ਪੈ ਜਾਵੇ ਤਾਂ ਨਾਲ ਦੇ ਪੜੋਸੀ ਜੇ ਚਾਰ ਬੰਦੇ ਰਹਿੰਦੇ ਨੇ, ਉਨ੍ਹਾਂ ਦੇ ਘਰ ਜਾ ਕੇ ਸੁਨੇਹਾ ਭੇਜੋ ਕਿ ਸਾਡੇ ਕੋਠੇ 'ਤੇ ਗਲੀ ਪੈ ਗਈ, ਅਸੀਂ ਬੰਦ ਕਰਨੀ ਹੈ ਤੇ ਤੁਸੀਂ ਆ ਕੇ ਕਰੋ। ਆਪਣੇ ਮਕਾਨ ਦੇ ਉੱਤੇ ਨਹੀਂ ਸੀ ਚੜ੍ਹ ਸਕਦੇ। ਜੇ ਚੜ੍ਹਨਾ ਹੈ ਤਾਂ ਪਹਿਲਾਂ ਖਬਰ ਕਰੋ ਉਨ੍ਹਾਂ ਨੂੰ। ਫੇਰ ਘੋੜੇ 'ਤੇ ਨਹੀਂ ਸੀ ਚੜ੍ਹ ਸਕਦੇ। ਵੱਡੇ-ਵੱਡੇ ਅਮੀਰ ਦੇਖੇ ਨੇ ਮੈਂ ਸਿੰਧ ਵਿਚ। ਮੈਂ ਚਲਿਆ ਗਿਆ ਇੱਕ ਦੇ ਘਰ। ਮੈਂ ਪੁੱਛਿਆ ਕਿ ਕਿਵੇਂ ਤੁਸੀਂ ਰਹਿੰਦੇ ਓਂ? ਮੈਨੂੰ ਸਾਰੀ ਗੱਲ ਦੱਸੀ ਕਿ ਅਸੀਂ ਸਾਰੇ ਇਸ ਤਰ੍ਹਾਂ ਰਹਿੰਦੇ ਹਾਂ। ਮੈਂ ਕਿਹਾ ਕਿ ਤੁਸੀਂ ਸਾਰੇ ਪਿੰਡ ਦੇ ਤਾਂ ਸ਼ਾਹ ਓਂ। ਕਹਿੰਦੇ ਸ਼ਾਹ ਤਾਂ ਹੈਗੇ ਪਰ ਕਾਨੂੰਨ ਐਹੋ ਜਿਹਾ ਹੈ। ਘਟੀਆ ਅਨਾਜ ਸਾਨੂੰ ਖਾਣ ਨੂੰ ਦਿੰਦੇ ਨੇ। ਸ਼ਰ੍ਹਾ ਦੇ ਨਾਲ ਸਾਡੇ ਮੁਕੱਦਮੇ ਹੁੰਦੇ ਨੇ। ਇਥੇ ਸ਼ਰ੍ਹਾ ਚਲਦੀ ਹੈ ਸਾਡੇ। ਹਾਲਾਂਕਿ ਅੰਗਰੇਜ਼ਾਂ ਦਾ ਰਾਜ ਸੀ। ਇਸ ਤਰ੍ਹਾਂ ਦੁਨੀਆਂ ਬੰਨ੍ਹੀ ਗਈ ਸਾਰੀ ਤੇ ਉਸ ਵੇਲੇ ਵਿਚਾਰਾਂ ਹੋਈਆਂ ਕਿ ਅੱਧੇ ਤਾਂ ਲੋਕ ਪਿੰਡਾਂ ਦੇ ਅਸੀਂ ਮੁਸਲਮਾਨ ਬਣਾ ਹੀ ਲਏ, ਕਿਉਂਕਿ ਜਿਹੜੇ ਸਾਡੇ ਪੀਰ ਨੇ ਨਗਾਹੇ ਵਾਲਾ, ਲਾਲਾਂ ਵਾਲਾ ਪੀਰ ਹੈ, ਅਹਿਮਦ ਪੀਰ ਉਹਨੂੰ ਸਾਰੇ ਹੀ ਮੰਨਣ ਲੱਗ ਗਏ ਸੀ। ਕਰਾਮਾਤੀ ਸੀਗਾ ਉਹ, ਭਾਈਆਂ ਨੇ ਹੀ ਮਾਰ ਦਿੱਤਾ ਸੀ, ਨੱਠ ਗਿਆ ਸੀ ਭਾਈਆਂ ਨਾਲ ਲੜ ਕੇ। ਉਨ੍ਹਾ ਨੇ ਜਾ ਕੇ ਮਾਰ ਦਿੱਤਾ। ਸਾਰਿਆਂ ਦਾ ਉਥੇ ਸੰਗ ਜਾਂਦਾ ਹੁੰਦਾ, ਪੰਜਾਬ ਦੇ ਜੱਟ ਤਾਂ ਅੱਧੇ ਮੁਸਲਮਾਨ ਬਣ ਗਏ ਸੀ। ਉਵੇਂ ਜਿਵੇਂ ਕਰਨ ਲੱਗ ਗਏ ਸੀ। ਕਹਿੰਦੇ ਭੱਟੀਆਂ ਨੂੰ ਬਣਾ ਲਓ, ਜਦੋਂ ਭੱਟੀ ਬਣ ਜਾਣਗੇ ਰਾਜਪੂਤ ਫੇਰ ਸਾਰੇ ਹੀ ਇਨ੍ਹਾਂ ਤੋਂ ਹੇਠਾਂ ਨੇ, ਦੋ ਨੰਬਰ, ਫੇ ਅੱਗੇ ਚੱਲਾਂਗੇ। ਪਹਿਲਾਂ ਜਿਹੜੇ hard core ਨੇ ਉਨ੍ਹਾਂ ਨੂੰ ਬਣਾਓ ਦੂਸਰਾ ਜਿਹੜੇ ਕਸ਼ਮੀਰ ਦੇ ਪੰਡਤ ਨੇ ਇਹ ਬਹੁਤ ਵਿਦਵਾਨ ਨੇ, ਇਹ ਵੇਦਾਂ ਦੇ ਗਿਆਤਾ ਨੇ। ਮਹਾਨ ਵਿਦਵਾਨ ਨੇ, ਜੇ ਵਿਦਵਾਨ ਬਣ ਜਾਣਗੇ, ਫੇਰ ਆਪੇ ਹੀ ਆਪਣੇ ਧਰਮ ਦਾ ਪ੍ਰਚਾਰ ਕਰਨਗੇ, ਬਾਕੀ ਸਾਰੇ ਬਣ ਜਾਣਗੇ। ਉਥੇ ਦਮਨ ਚੱਕਰ ਚੱਲਿਆ, ਇੱਕ ਤਾਂ ਇਹ ਕਿ ਸਵਾ ਮਣ ਜਨੇਊ ਰੋਜ਼ ਲਹਿਣਾ ਚਾਹੀਦਾ ਹੈ। ਦੂਸਰਾ ਇਹ ਹੈ ਕਿ ਸਾਡੇ ਹਮਾਮ ਦੇ ਅੰਦਰ ਤਿੰਨ ਬਾਦਸ਼ਾਹ ਐਸੇ ਹੋਏ ਨੇ, ਲਗਾਤਾਰ ਜਿਨ੍ਹਾਂ ਦਾ ਹਮਾਮ, ਜਿਹਨੂੰ ਗਰਮ ਪਾਣੀ ਕਹਿੰਦੇ ਨੇ, ਗਰਮ ਪਾਣੀ ਕਰਕੇ ਇਸ਼ਨਾਨ ਵਗੈਰਾ ਕਰਨਾ। ਉਹ ਸਾਰਾ ਭਾਰਤ ਵਰਸ਼ ਦੇ ਵੇਦ, ਪੋਥੀਆਂ, ਪੁਰਾਨ, ਕੁਰਾਨ, ਧਾਰਮਿਕ ਪੋਥੀਆਂ ਉਹਦੇ ਚੁਲ੍ਹੇ 'ਚ ਜਲਣਗੀਆਂ ਤਾਂ ਪਾਣੀ ਦੇ ਨਾਲ ਨਾਹੁੰਣਾ ਹੈ। ਕਿੰਨੇ ਸਾਲ ਪੁਸਤਕਾਂ ਦੀ ਅੱਗ ਮੱਚਦੀ ਰਹੀ, ਹੱਥ ਲਿਖਤ ਕਿਤਾਬਾਂ ਹੁੰਦੀਆਂ ਸੀ। ਕਿਤਾਬਾਂ ਖਤਮ ਕਰ ਦਿਓ, ਆਪਣੇ ਆਪ ਹੀ ਖਤਮ ਹੋ ਜਾਣਗੇ। ਵਿਦਿਆ ਖਤਮ ਕਰ ਦਿਓ, ਆਪਣੇ ਆਪ ਹੀ ਅਗਲੀਆਂ ਪੀੜ੍ਹੀਆਂ ਅਣਜਾਣ ਬਣ ਜਾਣਗੀਆਂ।

ਕਸ਼ਮੀਰ ਦੇ ਉਤੇ, ਉਸ ਥਾਂ ਦੇ ਉਤੇ ਇਫਤਖਾਰ ਖਾਨ ਨੂੰ 1674 'ਚ ਗਵਰਨਰ ਬਣਾ ਦਿੱਤਾ। ਹਦਾਇਤਾਂ ਦੇ ਦਿੱਤੀਆਂ ਕਿ ਕਸ਼ਮੀਰ ਨੂੰ ਹਰ ਹਾਲਤ ਦੇ ਵਿਚ, ਇਸਲਾਮ 'ਚ ਲੈ ਆਓ। ਉਹਨੇ ਸਾਰਾ ਇਕੱਠ ਕਰ ਲੈਣਾ, ਸ੍ਰੀ ਨਗਰ ਦੇ ਅੰਦਰ। ਹੁਕਮ ਸੀ ਕਿ ਸ਼ਹਿਰ 'ਚ ਕੋਈ ਨਾ ਰਹੇ। ਸਾਰੇ ਜੇਹਲਮ ਦੇ ਕੰਢੇ ਆਓ। ਉਥੇ ਸੌ ਬੰਦਿਆਂ ਨੂੰ ਬੰਡਲ 'ਚ ਬੰਨ੍ਹ ਦੇਣਾ, ਸੰਗਲਾਂ ਨਾਲ ਤੇ ਦਰਿਆ ਦੇ ਵਿੱਚ ਰੋੜ੍ਹ ਦੇਣਾ। ਉਨ੍ਹਾਂ ਸਾਰਿਆਂ ਨੂੰ ਡੁਬਦਿਆਂ ਨੂੰ ਸਾਰਿਆਂ ਨੇ ਦੇਖਣਾ। ਚੀਕਾਂ ਮਾਰਨੀਆਂ, ਬਥੇਰੇ ਹੱਥ ਪੈਰ ਮਾਰਨੇ, ਸੰਗਲਾਂ ਨਾਲ ਬੰਨ੍ਹੇ ਹੁੰਦੇ, ਅਖੀਰ ਜਦੋਂ ਡੁੱਬ ਜਾਣੇ, ਅੱਗੇ ਜਾ ਕੇ ਜਾਲ ਲੱਗੇ ਹੋਏ ਸੀ ਸੰਗਲ ਖੋਲ੍ਹ ਲਿਆਉਣੇ ਤੇ ਉਹ ਦਰਿਆ 'ਚ ਰੁੜ੍ਹ ਜਾਦੇ ਸੀ। ਰੋਜ਼ ਦਾ ਹੀ ਸੀ, ਬੰਦੇ ਬੇਅੰਤ ਮਰਨੇ ਸ਼ੁਰੂ ਹੋ ਗਏ। ਉਸ ਵੇਲੇ ਸਿਆਣੇ ਬੰਦਿਆਂ ਨੇ ਗੁਪਤ ਰੂਪ ਦੇ ਅੰਦਰ ਇੱਕ ਮੀਟਿੰਗ ਕਰੀ, ਸਾਰੇ ਭਾਰਤ ਵਰਸ਼ ਦੇ ਬ੍ਰਾਹਮਣਾਂ ਨਾਲ ਕਿ ਆਪਾਂ ਕੋਈ ਉਪਾਅ ਕਰੋ, ਆਪਾਂ ਇਸ ਤਰ੍ਹਾਂ ਤਾਂ ਖਤਮ ਹੋ ਜਾਵਾਂਗੇ, ਰਾਜਪੂਤ ਰਾਜਿਆਂ ਦੇ ਕੋਲ ਗਏ। ਰਾਜਪੂਤ ਰਾਜੇ ਕਹਿਣ ਲੱਗੇ, ਸਾਡੀ ਤਾਂ ਅਣਖ ਗਈ ਆਈ, ਅਸੀਂ ਤਾਂ ਲੜਕੀਆਂ ਹੀ ਉਨ੍ਹਾਂ ਨੂੰ ਵਿਆਹੁਣ ਲਗ ਗਏ। ਇੱਕ ਰਾਣਾ ਪ੍ਰਤਾਪ ਤੋਂ ਬਗੈਰ ਸਾਰੇ ਰਾਜਪੂਤ ਰਾਜਿਆਂ ਦੀਆਂ ਲੜਕੀਆਂ ਮੁਗਲਾਂ ਦੇ ਅਫਸਰਾਂ ਦੇ ਨਾਲ ਵਿਆਹੀਆਂ ਗਈਆਂ ਸੀ। ਜਵਾਬ ਮਿਲ ਗਿਆ, ਸ਼ਿਵਾ ਜੀ ਮਰਹੱਟਾ ਹੇਠਾਂ ਦੱਖਣ ਵੱਲ ਹੱਥ ਪੈਰ ਮਾਰ ਰਿਹਾ ਸੀ। ਪੰਜਾਬ ਨੂੰ, ਉਤਰੀ ਹਿੰਦੋਸਤਾਨ ਨੂੰ ਉਹਦਾ ਕੋਈ ਫਾਇਦਾ ਨਹੀਂ ਸੀਗਾ। ਕਿਉਂਕਿ ਇੱਥੇ ਦਮਨ ਚੱਕਰ ਚੱਲ ਰਿਹਾ ਸੀ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਹੁਣ ਐਸ ਵੇਲੇ ਸ਼ਿਵ ਜੀ ਮਹਾਰਾਜ ਨੂੰ ਜਾਗ੍ਰਤ ਕਰੀਏ, ਉਹਦਾ ਅਵਾਹਨ ਕਰੀਏ, ਤੀਸਰੀ ਅੱਖ ਖੋਲ੍ਹ ਕੇ ਸਾਰਿਆਂ ਨੂੰ ਭ੍ਰਿਸ਼ਟ ਕਰ ਦਿੰਦੇ ਸੀ, ਸੁਆਹ ਬਣਾ ਦਿੰਦੇ ਨੇ, ਅੱਗੇ ਵੀ ਬਣਾਉਂਦਾ ਆਇਆ ਹੈ ਤੇ ਚਲੋ ਸਾਰੇ। ਮਤਾ ਪਕਾਇਆ ਗਿਆ, ਮਤੇ ਦੇ ਵਿਚ ਜਿਹੜੇ ਚੰਗੀਆਂ-ਚੰਗੀਆਂ ਕਰਨੀਆਂ ਕਮਾਈਆਂ ਵਾਲੇ ਬੰਦੇ ਸੀ ਛਾਂਟੇ ਗਏ, ਕਿਉਂਕਿ ਇਸ ਦੇਸ਼ ਦੇ ਅੰਦਰ ਅਵਾਹਨ ਕਰਕੇ ਬ੍ਰਹਮਾ ਨੂੰ ਵੀ ਬੁਲਾ ਲੈਂਦੇ ਸੀ, ਦੇਵਤਿਆਂ ਨੂੰ ਬੁਲਾ ਲੈਂਦੇ ਸੀ, ਦੇਵੀਆਂ ਪ੍ਰਗਟ ਕਰ ਲੈਂਦੇ ਸੀ, ਪਰ ਹੁਣ ਬਹੁਤ ਦੇਰ ਤੋਂ ਕੋਈ ਨਹੀਂ ਸੀ ਦੇਵਤਾ ਪ੍ਰਗਟ ਹੋਇਆ। ਆਉਂਦੇ ਹੀ ਨਹੀਂ ਸੀ, ਹਟ ਗਏ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਐਸ ਵੇਲੇ ਅਮਰਨਾਥ ਦੀ ਗੁਫਾ ਪਵਿੱਤਰ ਹੈ, ਜਿੱਥੇ ਦੇਵਤਾ ਪ੍ਰਗਟ ਹੋ ਸਕਦਾ ਹੈ। ਉਥੇ ਚੱਲੀਏ, ਬਰਫਾਂ 'ਚੋਂ ਲੰਘ ਕੇ ਅਮਰਨਾਥ ਦੀ ਗੁਫਾ 'ਚ ਜਾਂਦੇ ਨੇ। ਉਥੇ ਸ਼ਿਵਜੀ ਮਹਾਰਾਜ ਦਾ ਅਵਾਹਨ ਕੀਤਾ ਕਿ ਉਨ੍ਹਾਂ ਨੂੰ ਪ੍ਰਗਟ ਕਰੀਏ, ਉਸ ਵੇਲੇ ਤ੍ਰਿਸ਼ੂਲ ਦੇ ਨਾਲ, ਇਨ੍ਹਾਂ ਦਾ ਨਾਸ਼ ਕਰਨਗੇ ਉਹ। ਤੀਸਰਾ ਨੇਤਰ ਖੋਲ੍ਹ ਕੇ ਇਨ੍ਹਾਂ ਦਾ ਨਾਸ਼ ਕਰ ਦੇਣਗੇ। ਕਿਉਂ ਨਾ ਉਸ ਦੇਵਤੇ ਨੂੰ ਪ੍ਰਗਟ ਕਰੀਏ, ਜਿਹਨੂੰ ਭੋਲੇਨਾਥ ਕਹਿੰਦੇ ਨੇ। ਉਥੇ ਚਲੇ ਜਾਂਦੇ ਨੇ, ਜਾ ਕੇ ਉਥੇ ਅਰਜ਼ਾਂ ਬੇਨਤੀਆਂ, ਅਰਦਾਸਾਂ ਕਰਦੇ ਨੇ। ਇਕਠੇ ਹੋ ਕੇ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਮਹਾਂਦੇਵ! ਐਸ ਵੇਲੇ ਹਿੰਦੂ ਧਰਮ ਦੇ ਉਤੇ ਹੱਦ ਤੋਂ ਜ਼ਿਆਦਾ ਬਿਪਤਾ ਪਈ ਹੋਈ ਹੈ, ਨਈਆਂ ਡੋਲ ਰਹੀ ਹੈ ਤੇ ਭਵਸਾਗਰ ਦੇ ਵਿਚ ਡੁੱਬ ਰਹੀ

ਹੈ। ਤੁਸੀਂ ਪ੍ਰਗਟ ਹੋਵੋ, ਪ੍ਰਗਟ ਹੋ ਕੇ ਸਾਡੀ ਸਹਾਇਤਾ ਕਰੋ। ਕਿਉਂਕਿ ਸਾਨੂੰ ਨਹੀਂ ਕੋਈ ਰਸਤਾ ਨਜ਼ਰ ਆਉਂਦਾ। ਐਸ ਤਰ੍ਹਾਂ ਦੇ ਨਾਲ ਅਰਦਾਸ ਕਰਦੇ ਨੇ –

*ਧਾਰਨਾ – ਕੰਢਾ ਪਾਰ ਦਾ ਨਜ਼ਰ ਨਾ ਆਵੇ,*
*ਮੰਝਧਾਰ ਬੇੜੀ ਡੋਲ੍ਹਦੀ।*

ਕਹਿਣ ਲੱਗੇ, ਹੇ ਪ੍ਰਭੂ! ਤੇਰੇ ਉਤੇ ਆਸ ਰੱਖੀ ਹੈ, ਤੁਸੀਂ ਤਿੰਨ ਮੁੱਖ ਦੇਵਤੇ ਓਂ, ਉਨ੍ਹਾਂ ਦੇ ਵਿਚੋਂ ਤੁਹਾਡੇ 'ਤੇ ਵਿਸ਼ਵਾਸ਼ ਹੈ, ਕਿਉਂਕਿ ਤੁਹਾਡੀ ਰੁਚੀ ਜੋ ਹੈ ਉਹ ਜੰਗੀ ਰੁਚੀ ਹੈ, ਤੀਸਰਾ ਨੇਤਰ ਖੋਲ੍ਹੋ ਤੇ ਹੁਣ ਸਾਡੀ ਸਹਾਇਤਾ ਕਰੋ। ਇੱਕ ਕਵੀ ਦੇ ਬਚਨਾਂ ਦੇ ਵਿਚ ਜੋ ਉਸ ਨੇ ਨੌਵੇਂ ਪਾਤਸ਼ਾਹ ਦੇ ਬਾਰੇ ਲਿਖੇ ਨੇ ਕਿ –

*ਹੇ ਪ੍ਰਭੂ! ਤੂੰ ਮਹਾਂਦੇਵ! ਹੇ ਸ਼ਿਵ ਜੀ ਭਗਵਾਨ!*
*ਸਾੜਸਤੀ ਹੈ ਗ੍ਰਸਿਆ ਹਿੰਦੂ ਧਰਮ ਮਹਾਨ।*
*ਬੁੱਤ ਸ਼ਿਕਨ ਜਰਵਾਨਿਆਂ ਢਾਹੇ ਮੰਦਰ ਅਨਮੋਲ।*
*ਗੌਰਵਤਾ ਇਸ ਧਰਮ ਦੀ ਘੱਟੇ ਦਿੱਤੀ ਰੋਲ।*
*ਸੁੰਦਰ ਬੁੱਤ ਭਗਵਾਨ ਦੇ ਤੋੜੇ ਤੇਸ਼ੇਮਾਰ*
*ਅਤੇ ਪੁਜਾਰੀ ਮੰਦਰੋਂ ਧੂਹ ਕੇ ਕੱਢੇ ਬਾਹਰ।*
*ਕੀਤੇ ਗਊਆਂ ਮਾਰ ਕੇ ਮੰਦਰ ਕਈ ਪੁਲੀਤ*
*ਕਲ੍ਹ ਸੀ ਮੰਦਰ ਦਿਸਦਾ ਦਿਸੇ ਪਈ ਮਸੀਤ*
*ਨਉਕਾ ਹਿੰਦੂ ਧਰਮ ਦੀ ਡੋਲੇ ਅੱਜ ਮੰਝਧਾਰ।*
*ਨਾ ਦਿਸਦਾ ਉਰਵਾਰ ਹੀ ਤੇ ਨਾ ਹੀ ਦਿਸਦਾ ਪਾਰ।*
*ਇਸ ਅਤਿਆਚਾਰ ਦਾ ਕਰਨਾ ਕਠਨ ਬਿਆਨ*
*ਬਣਿਆ ਹਿੰਦੋਸਤਾਨ ਹੀ ਹਿੰਦੂਆਂ ਲਈ ਮਸਾਨ।*
*ਕਤਲਗਾਹ ਅੱਜ ਧਰਮ ਦੀ ਬਣਿਆ ਭਾਰਤ ਦੇਸ਼*
*ਨਹੀਂ ਜਰਵਾਣੇ ਸਾਮ੍ਹਣੇ ਚਲਦੀ ਸਾਡੀ ਪੇਸ਼।*

ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਬਹੁਤ ਜ਼ਿਆਦਾ ਅਰਦਾਸਾਂ ਕਰਦੇ ਨੇ, ਹੇ ਭਗਵਾਨ! ਹੁਣ ਕੋਈ ਚਾਰਾ ਨਹੀਂ। ਜਿੰਨੇ ਸ਼ਸਤਰਧਾਰੀ ਸੀ, ਕਸ਼ਤਰੀਆਂ ਦਾ ਯੁੱਗ ਲੰਘ ਗਿਆ। ਮਹਾਂਭਾਰਤ ਦਾ ਯੁੱਗ ਲੰਘ ਗਿਆ। ਉਹ ਹੁੰਦਾ ਹੈ ਕਿ ਸਾਡੇ ਧਰਮ ਵਲ ਕੋਈ ਦੇਖ ਨਾ ਸਕੇ, ਲੇਕਿਨ ਅੱਜ ਕੀ ਹੋ ਗਿਆ ਪਤਨ ਹੋ ਗਿਆ। ਹੁਣ ਤੇਰੀ ਸ਼ਰਨ ਆਏ ਹਾਂ ਅਸੀਂ, ਤੇਰੇ ਬਿਨਾਂ ਰੱਖਿਆ ਕੋਈ ਨਹੀਂ ਕਰਦਾ।

*ਭਗਵਾਨ! ਤੇਰੀ ਸ਼ਰਨ ਹਾਂ, ਆਏ ਹੋ ਲਾਚਾਰ*
*ਛੱਡ ਕੇ ਤੇਰੇ ਦੁਆਰ ਨੂੰ ਜਾਈਏ ਕਿਹੜੇ ਦੁਆਰ।*

ਸਾਡੇ ਵਾਸਤੇ ਕੋਈ ਦੁਆਰਾ ਨਹੀਂ ਰਿਹਾ –

*ਲੱਜਾ ਤੇਰੇ ਹੱਥ ਹੈ, ਨੀਲਕੰਠ ਭਗਵਾਨ।*
*ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।*

ਹੁਣ ਸਾਡੀ ਰੱਖਿਆ ਕੋਈ ਨਹੀਂ ਕਰ ਸਕਦਾ ਹੇ ਭਗਵਾਨ! ਕੋਈ ਦੁਆਰਾ ਨਹੀਂ ਰਿਹਾ –

***ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ।***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ। (ਦੋਹਰਾ)***

***ਧਾਰਨਾ – ਹੁਣ ਰਿਹਾ ਨਾ ਦੁਆਰਾ ਹੋਰ ਕੋਈ,***
***ਰੱਖਿਆ ਜੋ ਕਰੇ ਹਿੰਦ ਦੀ।***

ਹੇ ਪ੍ਰਭੂ! ਹੁਣ ਹੋਰ ਦੁਆਰਾ ਕੋਈ ਨਹੀਂ। ਸਾਰੇ ਦਰਵਾਜ਼ੇ ਖਟਖਟਾ ਲਏ ਨੇ, ਰਾਜਿਆਂ ਦੇ ਵੀ ਖਟਖਟਾ ਲਏ। ਸੂਰਮਿਆਂ ਨੂੰ ਵੀ ਵੰਗਾਰ ਪਾ ਕੇ ਦੇਖ ਲਈ। ਕੋਈ ਨਹੀਂ ਹਿਲਦਾ, ਸਾਰਿਆਂ 'ਚੋਂ ਸਾਹ ਸੱਤ ਖਤਮ ਹੋ ਗਿਆ। ਜ਼ੁਲਮ ਦਾ ਐਡਾ ਦਮਨ ਚੱਕਰ ਚੱਲ ਰਿਹਾ ਹੈ ਕਿ ਧੜਾਧੜ ਆਪਣੇ ਧਰਮ ਨੂੰ ਛੱਡ ਕੇ ਇਸਲਾਮ ਦੇ ਵਿਚ ਜਾ ਰਹੇ ਨੇ। ਹੇ ਪ੍ਰਭੂ! ਐਡਾ ਜ਼ੋਰ ਜ਼ਬਰ, ਤੇਰੀ ਦੁਨੀਆਂ ਦੇ ਵਿੱਚ ਐਡਾ ਕੌਣ ਹੈ ਜਿਹੜਾ ਸਾਡੀ ਬਾਂਹ ਫੜੇ। ਤੂੰ ਪ੍ਰਗਟ ਹੋ, ਪ੍ਰਗਟ ਹੋ ਕੇ ਆਪਣਾ ਤੀਸਰਾ ਨੇਤਰ ਖੋਲ੍ਹ, ਇਹਦੇ ਨਾਲ ਇਸ ਰਾਜ ਨੂੰ ਖਤਮ ਕਰ ਦੇ।

***ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।***

ਕੋਈ ਜਵਾਬ ਨਹੀਂ ਆ ਰਿਹਾ। ਬਾਰ-ਬਾਰ ਅਰਦਾਸਾਂ ਕਰਦੇ ਨੇ, ਬੇਨਤੀਆਂ ਕਰਦੇ ਨੇ। ਰੋ-ਰੋ ਕੇ ਅਰਦਾਸਾਂ ਕਰਦੇ ਨੇ, ਲੰਮੇ ਪਏ ਨੇ। ਕਿੰਨਿਆਂ ਨੇ ਕਹਿ ਦਿਤਾ ਕਿ ਅੰਨ੍ਹ ਗ੍ਰਹਿਣ ਨਹੀਂ ਕਰਨਾ, ਇੱਥੇ ਹੀ ਜਾਨ ਦੇ ਦੇਣੀ ਹੈ। ਇਸੇ ਦੁਆਰੇ 'ਤੇ ਵਾਪਸ ਨਹੀਂ ਜਾਣਾ। ਅੰਨ ਪਾਣੀ ਛੱਡ ਦਿੱਤਾ। ਉਸ ਠੰਢੀ ਬਰਫ ਦੇ ਵਿਚ ਬੇਨਤੀਆਂ ਕਰ ਰਹੇ ਨੇ। ਸਮਾਂ ਲੰਘ ਗਿਆ, ਕੋਈ ਨਹੀਂ ਪ੍ਰਗਟ ਹੋਇਆ। ਕਹਿਣ ਲੱਗੇ, ਐਨਾ ਚਿਰ ਸ਼ਿਵ ਜੀ ਮਹਾਰਾਜ ਤਾਂ ਲਾਇਆ ਨਹੀਂ ਸੀ ਕਰਦੇ ਐਨਾ ਚਿਰ? ਉਸੇ ਵੇਲੇ ਪ੍ਰਗਟ ਹੋ ਵਰ ਦੇ ਦਿੰਦੇ ਸੀ, ਤਥਾਅਸਤੂ, ਕਹਿ ਦਿੰਦੇ ਸੀ। ਵਰ ਮੰਗੋ ਕੀ ਮੰਗਣਾ ਹੈ।

ਉਸ ਵੇਲੇ ਪ੍ਰਗਟ ਨਹੀਂ ਹੋਏ। ਇੱਕ ਜਟਾਜੂਟ ਸਾਧੂ ਆ ਗਿਆ, ਸਾਰਿਆਂ ਨੇ ਸਮਝ ਲਿਆ ਕਿ ਸ਼ਿਵ ਜੀ ਭਗਵਾਨ ਇਸ ਰੂਪ 'ਚ ਪ੍ਰਗਟ ਹੋ ਗਏ। ਉਸ ਵੇਲੇ ਉਹ ਸਾਧੂ ਕਹਿਣ ਲੱਗਿਆ ਕਿ ਤੁਸੀਂ ਕਿਉਂ ਪਏ ਓਂ ਇੱਥੇ? ਕਹਿੰਦੇ ਆਹ ਸਾਡੇ ਉਤੇ ਭਾਣਾ ਬੀਤ ਗਿਆ। ਕਹਿਣ ਲੱਗੇ, ਫੇਰ ਜਵਾਬ ਨਹੀਂ ਆਇਆ? ਕਹਿੰਦੇ, ਨਹੀਂ। ਕਹਿੰਦਾ, ਮੇਰੇ ਕੋਲ ਆ ਗਿਆ ਜਵਾਬ, ਸੁਣੋ ਧਿਆਨ ਦੇ ਨਾਲ ਤੁਹਾਨੂੰ ਮੈਂ ਦਸਾਂ –

***ਧਾਰਨਾ – ਬਾਂਹ ਫੜੇਗਾ ਤੁਹਾਡੀ ਸਤਿਗੁਰ ਨੌਵਾਂ,***
***ਸ਼ਰਨ ਜਾ ਕੇ ਲੈ ਲਓ ਓਸਦੀ।***

ਕਹਿਣ ਲੱਗੇ, ਪ੍ਰੇਮੀਓ! ਆਵਾਜ਼ ਸੁਣੋ ਜੋ ਆਵਾਜ਼ ਆ ਰਹੀ ਹੈ। ਆਵਾਜ਼ ਹਰੇਕ ਦੇ ਹਿਰਦੇ 'ਚ ਨਹੀਂ ਆਉਂਦੀ, ਕਿਉਂਕਿ ਜਿਹੜਾ ਸੁਣਨ

ਵਾਲੇ ਸੈਟ ਨੇ ਉਹ ਖਰਾਬ ਹੋਏ-ਹੋਏ ਨੇ, ਜੰਗਾਲ ਲੱਗੇ ਹੋਏ ਨੇ। ਜਿਹੜਾ ਸੈਟ ਠੀਕ ਹੋਵੇ ਉਥੇ ਹੀ ਆਉਂਦੀ ਹੈ। ਟੈਲੀਫੋਨ ਦੀ ਆਵਾਜ਼ ਨਹੀਂ ਆਉਂਦੀ ਜੇ receiver ਖਰਾਬ ਹੋਵੇ। ਕਹਿੰਦੇ, ਆਵਾਜ਼ ਆਈ ਹੈ -

*ਆਖਿਆ ਸ਼ਿਵ ਭਗਵਾਨ ਨੇ ਮੁੱਖੋਂ ਇਉਂ ਉਚਾਰ।*
*ਭਾਰਤ ਵਿਚ ਹੈ ਪ੍ਰਗਟਿਆ ਕਲਜੁਗ ਰਖਣਹਾਰ।*
*ਤੇਗ ਬਹਾਦਰ ਨਾਮ ਹੈ ਮਹਿਮਾ ਅਪਰ ਅਪਾਰ।*
*ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।*
*ਜਾਓ ਉਸਦੀ ਸ਼ਰਨ ਵਿਚ ਛੱਡ ਕੇ ਹੋਰ ਵਿਚਾਰ।*
*ਨਉਕਾ ਹਿੰਦੂ ਧਰਮ ਦੀ ਲਾਏਗਾ ਉਹ ਪਾਰ।*

ਖੁਸ਼ੀ ਹੋ ਗਈ ਮਨ 'ਚ। ਬਈ ਜਵਾਬ ਮਿਲ ਗਿਆ, ਉਤਰ ਮਿਲ ਗਿਆ ਸਾਨੂੰ। ਸਾਧੂ ਅਲੋਪ ਹੋ ਗਿਆ ਗੱਲ ਕਹਿ ਕੇ। ਹੈਰਾਨ ਹੋ ਗਿਆ ਕਿ ਸਾਧੂ ਕਿੱਥੇ ਚਲਿਆ ਗਿਆ। ਕਹਿੰਦੇ, ਇਹ ਤਾਂ ਸ਼ਿਵ ਭਗਵਾਨ ਸੀ, ਕਿਉਂ ਨਾ ਇਹਦੇ ਚਰਨ ਫੜ ਲਏ ਆਪਾਂ, ਇਨ੍ਹਾਂ ਨੂੰ ਕਹਿੰਦੇ ਕਿ ਤੀਸਰਾ ਨੇਤਰ ਖੋਲ੍ਹੋ। ਉਸ ਵੇਲੇ ਭਾਰਤ ਵਰਸ਼ ਵਿਚੋਂ ਸਭ ਤੋਂ ਵਿਦਵਾਨ ਓਸ ਵੇਲੇ ਦਾ ਜੋ ਪੰਡਤ ਸੀ ਉਹ ਕ੍ਰਿਪਾਰਾਮ ਸੀ। ਬ੍ਰਹਮਦਾਸ ਦਾ ਪੋਤਾ-ਪੜੋਤਾ ਸੀ ਉਹ। ਬ੍ਰਹਮਦਾਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਬਖਸ਼ੀ ਸੀ ਮਟਨ ਵਿਚ। ਉਹਦੇ ਮਨ ਵਿਚ ਗੁਰੂ ਦਾ ਪਿਆਰ ਸੀ। ਉਨ੍ਹਾਂ ਨੇ ਕਿਹਾ ਕਿ ਨਾਲੇ ਤਾਂ ਗੁਰੂ ਦਾ ਪਿਆਰਾ ਹੈ, ਬ੍ਰਾਹਮਣ ਜਾਤ ਹੈ ਤੇ ਦੂਸਰਾ ਇਹਦੇ ਨਾਲ ਦਾ ਵਿਦਵਾਨ ਕੋਈ ਨਹੀਂ। ਇਹੀ ਕ੍ਰਿਪਾ ਰਾਮ ਸੀ ਜਿਹਨੇ ਚਮਕੌਰ ਸਾਹਿਬ ਦੇ ਵਿਚ ਆ ਕੇ ਚਾਲੀ ਸਿੰਘਾਂ ਦੇ ਨਾਲ ਸ਼ਹੀਦੀ ਦੇ ਦਿੱਤੀ। ਬੜਾ ਭਾਰਾ ਯੁੱਧ ਕਰਿਆ ਸੀ ਇਸਨੇ। ਐਵੇਂ ਹੀ ਨਹੀਂ ਸੀ ਜਨੇਊ ਵਾਲਾ ਬ੍ਰਾਹਮਣ, ਸੱਚ ਦਾ ਧਾਰਨੀ ਸੀ। ਪੰਜ ਸੌ ਦਾ deputation ਲਿਆ ਉਸਨੇ। 19 ਬੰਦੇ ਛਾਂਟੇ, ਮੁਖੀ ਕਮੇਟੀ ਬਣਾ ਦਿਤੀ ਕਿ ਇਨ੍ਹਾਂ ਨੇ ਗੱਲ ਕਰਨੀ ਹੈ ਆਪਾਂ ਨਾਲ ਚਲਦੇ ਹਾਂ। ਉਸ ਵੇਲੇ ਆਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ, ਮਹਾਰਾਜ ਜੀ ਨੂੰ ਖਬਰ ਹੋਈ ਕਿ ਸੱਚੇ ਪਾਤਸ਼ਾਹ! ਭਾਰਤ ਵਰਸ਼ ਦਾ ਬ੍ਰਾਹਮਣ ਵਰਗ ਆਇਆ ਹੈ ਤੇ ਆਪ ਦੇ ਚਰਨਾਂ 'ਚ ਕੋਈ ਅਰਜ਼ ਕਰਨੀ ਚਾਹੁੰਦਾ ਹੈ। ਮਹਾਰਾਜ ਨੇ ਕਿਹਾ ਕਿ ਕੋਈ ਨਾ, ਦਰਬਾਰ ਵਿਚ ਹਾਜ਼ਰ ਕਰੋ। ਦਰਬਾਰ ਲਗ ਗਿਆ, ਬੇਅੰਤ ਸੰਗਤਾਂ ਆਈਆਂ ਹੋਈਆਂ ਸੀ, ਗੁਰੂ ਮਹਾਰਾਜ ਦੇ ਦਰਸ਼ਨ ਨੂੰ। ਪੰਜ ਸੌ ਬ੍ਰਾਹਮਣ ਬੜੇ ਪ੍ਰਭਾਵਿਤ ਚਿਹਰੇ ਨੇ। ਦਾਹੜੇ ਵਗੈਰਾ ਸਾਰਿਆਂ ਦੇ ਰੱਖੇ ਹੋਏ ਨੇ, ਦਸਤਾਰਾਂ ਬੰਨ੍ਹੀਆਂ ਹੋਈਆਂ ਨੇ, ਤਿਲ੍ਹਕ ਲੱਗੇ ਹੋਏ ਨੇ, ਹੱਥਾਂ ਵਿੱਚ ਸਿਮਰਨੇ ਨੇ। ਬਹੁਤ ਸੋਹਣੇ ਦੇਖਣ ਨੂੰ ਲਗਦੇ ਨੇ, ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਨਮਸ਼ਕਾਰਾਂ ਕਰਦੇ ਨੇ। ਬੈਠ ਜਾਂਦੇ ਨੇ, ਮਹਾਰਾਜ ਕਹਿਣ ਲੱਗੇ ਕਿ ਪ੍ਰੇਮੀਓਂ! ਵਿਦਵਾਨ ਜਨੋ! ਤੁਸੀਂ ਇਥੇ ਕਿਸ ਤਰ੍ਹਾਂ ਦੇ ਨਾਲ ਦਰਸ਼ਨ ਦਿੱਤੇ ਆ ਕੇ ਅੱਜ। ਕ੍ਰਿਤਾਰਥ ਕੀਤਾ ਤੁਸਾਂ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ। ਉਸ ਵੇਲੇ

ਸਾਰਿਆਂ ਦੀਆਂ ਭੂਬਾਂ ਨਿਕਲ ਗਈਆਂ, ਕੋਈ ਦਸ ਨਹੀਂ ਸਕਦਾ। ਬੋਲ ਨਹੀਂ ਹੁੰਦਾ ਕਿਸੇ ਤੋਂ। ਕ੍ਰਿਪਾਰਾਮ ਨੂੰ ਕਿਹਾ ਕਿ ਤੁਸੀਂ ਦੱਸੋ? ਦੱਸ ਨਹੀਂ ਸਕਦੇ, ਕਿਉਂਕਿ ਦਰਦ ਵਾਲਾ ਬੰਦਾ ਜੇ ਮਿਲ ਜਾਵੇ, ਬੰਦਾ ਰੋਂਦਾ ਨਹੀਂ ਹੁੰਦਾ, ਸਖਤ ਹੁੰਦੇ ਨੇ ਬੰਦਿਆਂ ਦੇ ਦਿਲ, ਲੇਕਿਨ ਜੇ ਦਰਦ ਵਾਲਾ ਮਿਲ ਜਾਵੇ, ਫੇਰ ਰੋ ਪੈਂਦਾ ਹੈ। ਮਨਸੂਰ ਨੂੰ ਹੁਕਮ ਹੋ ਗਿਆ ਕਿ ਇਹਦੇ ਪੱਥਰ ਮਾਰੋ ਸਾਰੇ। ਸੂਲੀ ਦੇਣੀ ਹੈ ਇਹਨੂੰ ਅਧਮੋਆ ਕਰ ਦਿਓ, ਸੂਲੀ ਤੱਕ ਜਾਂਦੇ-ਜਾਂਦੇ। ਪੱਥਰ ਮਾਰਦੇ ਨੇ, ਇੱਕ ਆਵਾਜ਼ ਦਿੰਦਾ ਹੈ 'ਅਨਹਲ ਹੱਕ ਬਗੋ' (ਅਹੰ ਬ੍ਰਹਮਅਸਵੀ) ਬਿਲਕੁਲ ਨਹੀਂ ਰੋਇਆ, ਓਵੇਂ ਹੀ ਹੱਸਦਾ ਜਾ ਰਿਹਾ ਹੈ, ਇੱਟਾਂ ਪੈਂਦੀਆਂ ਨੇ, ਖ਼ੂਨ ਚੱਲ ਰਿਹਾ ਹੈ। ਇੱਕ ਭੇਤ ਵਾਲਾ ਬੰਦਾ ਆ ਗਿਆ, ਹੁਕਮ ਸੀ ਕਿ ਜਿਹਨੇ ਨਾ ਪੱਥਰ ਮਾਰੇ, ਸਜ਼ਾ ਮਿਲੇਗੀ। ਉਹਦਾ ਭੇਤੀ ਸੀ, ਜਾਣੂ ਸੀ, ਰਮਜ਼ ਦੇ ਜਾਣਨ ਵਾਲਾ ਸੀ ਕਿ ਇਹ ਬਿਲਕੁਲ ਠੀਕ ਗੱਲ ਕਹਿ ਰਿਹਾ ਹੈ। ਉਸ ਵੇਲੇ ਉਹ ਸ਼ਿਵਲੀ, ਹੱਥ ਵਿੱਚ ਪੱਥਰ ਤਾਂ ਨਾ ਲਿਆਇਆ ਪੰਜ ਫੁੱਲ ਲੈ ਆਇਆ ਕਿ ਮਾਰੂੰਗਾ ਤਾਂ ਮੈਂ ਜ਼ਰੂਰ ਪਰ ਮਿੱਤਰ ਦੇ ਮੈਂ ਪੱਥਰ ਨਹੀਂ ਮਾਰਨਾ, ਫੁੱਲ ਮਾਰਨਾ ਹੈ, ਇਹ ਚਾਹੇ ਮੇਰੀ ਉਹ ਭੇਟਾ ਸਮਝ ਲਵੇ, ਰਾਜਾ ਚਾਹੇ ਇਹ ਸਮਝ ਲਵੇ ਕਿ ਇਹਨੇ ਵੀ ਮਾਰਿਆ ਹੈ ਕੁਛ। ਜਦੋਂ ਮਨਸੂਰ ਆ ਜਾਂਦਾ ਹੈ, ਨੇਤਰਾਂ ਨਾਲ ਨੇਤਰ ਇੱਕ ਹੋਏ, ਦੇਖਿਆ ਸ਼ਿਵਲੀ ਦੇ ਨੇਤਰਾਂ 'ਚ, ਉਸ ਵੇਲੇ ਬੋਲਿਆ ਨਹੀਂ, ਸਿਰ ਨਿਵਾਇਆ, ਫੁੱਲ ਕੱਢਿਆ ਹੱਥ ਸੱਜੇ ਦੇ ਵਿਚੋਂ, ਪੰਜੇ ਫੁੱਲ ਜਿਵੇਂ ਲੋਕ ਵੱਟੇ ਮਾਰਦੇ ਸੀ, ਉਹਦੇ ਵਿੱਚ ਹੀ ਉਹਦਾ ਫੁੱਲ ਜਾ ਲੱਗਿਆ ਉਹਨੂੰ। ਫੁੱਲ ਲੱਗਣ ਦੀ ਦੇਰ ਸੀ, ਧਾਹਾਂ ਮਾਰ ਕੇ ਰੋ ਪਿਆ ਉੱਚੀ-ਉੱਚੀ ਮਨਸੂਰ, ਮਿੱਤਰ ਸ਼ਿਵਲੀ! ਪੱਥਰਾਂ ਦਾ ਮੈਨੂੰ ਦਰਦ ਨਹੀਂ ਲੱਗਿਆ। ਕਿਉਂਕਿ ਇਹ ਰਮਜ਼ ਤੋਂ ਬਾਹਰ ਨੇ, ਤੂੰ ਰਮਜ਼ ਨੂੰ ਸਮਝਣ ਵਾਲਾ ਬੰਦਾ ਹੈਂ। ਤੇਰੇ ਫੁੱਲ ਦਾ ਮੈਨੂੰ ਦੁੱਖ ਸਾਰੇ ਹੁਣ ਤੱਕ ਜਿੰਨੇ ਮੇਰੇ ਪੱਥਰ ਲੱਗੇ ਨੇ ਉਨ੍ਹਾਂ ਸਾਰਿਆਂ ਤੋਂ ਵੱਧ ਹੋਇਆ ਹੈ। ਕਿਉਂਕਿ ਉਹ ਦਰਦ ਵਾਲਾ ਸੀ। ਦਰਦ ਵਾਲਾ ਬੰਦਾ ਜੇ ਆਪਣਾ ਬੰਦਾ ਹਾਅ ਨਾ ਭਰੇ, ਫੇਰ ਉਸ ਵੇਲੇ ਆਦਮੀ ਦਾ ਦਿਲ ਟੁੱਟ ਜਾਂਦਾ ਹੈ। ਵੱਡਿਆ-ਵੱਡਿਆਂ ਦਾ ਟੁੱਟਿਆ ਹੈ।

ਜੂਲੀਅਸ ਸੀਜ਼ਰ ਸਾਰੀ ਦੁਨੀਆਂ ਨੂੰ ਉਹਨੇ ਫਤਹਿ ਕਰਿਆ ਸੀ। ਯੂਰਪ ਸਾਰਾ ਉਹਨੇ ਪੈਰਾਂ ਥੱਲੇ ਰੋਲ ਦਿੱਤਾ। ਇੰਗਲੈਂਡ ਵਿੱਚ ਵੀ ਚਲਿਆ ਗਿਆ, ਰੋਮਨਾਂ ਦਾ ਰਾਜ ਤਬਾਹ ਕਰ ਦਿੱਤਾ, ਮਿਸਰ ਨੂੰ ਵੀ ਉਥੇ ਕਲਪਾਤਰਾ ਸੀ ਉਹਨੂੰ ਵੀ ਜਿੱਤ ਲਿਆ। ਹੋਰ ਵੀ ਸਾਰੇ ਇਲਾਕੇ ਜਿੱਤ ਲਏ ਟਰਕੀ ਵਗੈਰਾ, ਅਖੀਰ ਵਿਚੇ ਵਿਚ ਸਾਜਿਸ਼ ਹੋਈ, ਸਭ ਤੋਂ ਵੱਡਾ ਉਹਦਾ ਜਿਹੜਾ ਸੱਜਾ ਹੱਥ ਸੀ, ਉਹਦਾ ਨਾਉਂ ਬ੍ਰਿਟਿਸ਼ ਸੀ, ਜਿਸ ਵਕਤ ਕਤਲ ਕਰਨ ਵਾਲੇ ਅੰਦਰ ਆ ਵੜੇ, ਪਹਿਰੇਦਾਰਾਂ ਦੇ ਕੋਲੋਂ ਲੰਘ ਕੇ, ਰਿਸ਼ਵਤ ਦੇ ਕੇ ਉਨ੍ਹਾਂ ਨੂੰ ਨਾਲ ਮਿਲਾ ਕੇ, ਇਕੱਲਾ ਖੜ੍ਹਾ ਹੈ, ਬਹਾਦਰ ਬਹੁਤ ਵੱਡਾ ਸੀ, ਜੇ ਜੂਝਣਾ ਚਾਹੁੰਦਾ, ਸਾਰਿਆਂ ਨਾਲ ਲੜ ਪੈਂਦਾ। ਉਸ

ਵੇਲੇ ਜਦੋਂ ਆਪਣੇ ਮਿੱਤਰ ਨੂੰ ਦੇਖਿਆ, ਰਮਜ਼ ਵਾਲੇ ਨੂੰ ਦੇਖਿਆ ਕਿ ਉਹ ਵੀ ਇਨ੍ਹਾਂ ਦੇ ਨਾਲ ਖੜ੍ਹਾ ਹੈ, ਫੇਰ ਹੱਥ ਤਾਂ ਤਲਵਾਰ ਦੇ ਉਤੇ ਪਿਆ ਹੋਇਆ ਹੈ, ਢਾਲ ਹੈ ਦੂਸਰੇ ਹੱਥ 'ਚ। ਲੜਨ ਵਾਸਤੇ ਤਿਆਰ ਹੋਇਆ-ਹੋਇਆ ਹੈ, ਜਦੋਂ ਬ੍ਰਿਟਿਸ਼ ਨੂੰ ਦੇਖਿਆ ਤੇ ਕਿਹਾ ਕਿ ਤੂੰ ਵੀ ਮਿੱਤਰਾ! ਇਨ੍ਹਾਂ ਦੇ ਨਾਲ ਰਲ ਗਿਆ? ਐਨਾ ਕਹਿੰਦੇ ਸਾਰ, ਤਲਵਾਰ ਹੱਥ 'ਚੋਂ ਗਿਰ ਜਾਂਦੀ ਹੈ, ਢਾਲ ਹੱਥ 'ਚੋਂ ਗਿਰ ਜਾਂਦੀ ਹੈ, ਸਾਹਸ ਉਡ ਗਿਆ, ਕਿਉਂਕਿ ਮਿੱਤਰ ਨੇ ਧੋਖਾ ਦੇ ਦਿਤਾ। ਜਦੋਂ ਆਪਣਾ ਬੰਦਾ, ਜਿਹਨੂੰ ਆਪਣਾ ਸਮਝ ਲਓ, ਜਦੋਂ ਉਹ ਧੋਖਾ ਦੇ ਜਾਵੇ, ਉਸ ਵੇਲੇ ਦਿਲ ਟੁੱਟ ਜਾਇਆ ਕਰਦਾ ਹੈ। ਟੁੱਟੇ ਹੋਏ ਦਿਲ ਨਹੀਂ ਜੁੜਿਆ ਕਰਦੇ, ਬੜੇ ਮੁਸ਼ਕਲ ਨੇ। ਉਸ ਵੇਲੇ ਲੜਿਆ ਨਹੀਂ ਫੇਰ, ਉਸ ਵੇਲੇ ਹਥਿਆਰ ਸੁੱਟ ਦਿੱਤੇ ਤੇ ਜੂਲੀਅਸ ਸੀਜ਼ਰ ਉਥੇ ਮਾਰਿਆ ਗਿਆ। ਇਤਿਹਾਸਕ ਵਾਕਾ ਹੈ।

ਇਸੇ ਤਰ੍ਹਾਂ ਨੈਲਸਨ ਨੇ ਸ਼ਿਕਸ਼ਤ ਦੇ ਦਿਤੀ, ਸਾਰੀ ਦੁਨੀਆਂ ਨੂੰ ਜਿੱਤਦਾ ਫਿਰਦਾ ਸੀ, ਨਿਪੋਲੀਅਨ। ਜਿਸ ਵੇਲੇ ਉਹਦਾ ਦਿਲ ਟੁੱਟ ਗਿਆ, ਫੇਰ ਵੱਡੀ ਲੜਾਈ ਨਹੀਂ ਲੜੀ, ਫੇਰ ਹਾਰ ਹੀ ਗਿਆ ਬਾਅਦ ਵਿਚ।

ਈਸਾ ਜੀ ਨੂੰ ਜਦੋਂ ਸੂਲੀ ਦਾ ਹੁਕਮ ਹੋ ਗਿਆ ਤਾਂ ਕਿਹਾ ਗਿਆ ਕਿ ਤੂੰ ਗਵਾਹ ਲਿਆ ਆਪਣਾ ਜਿਹੜਾ ਇਹ ਕਹਿ ਦੇਵੇ ਕਿ ਅਸੀਂ ਤੈਨੂੰ ਜਾਣਦੇ ਹਾਂ ਤੇ ਤੂੰ ਬਹੁਤ ਚੰਗੇ ਚਰਿੱਤਰ ਦਾ ਬੰਦਾ ਹੈਂ। ਦੇਸ਼ ਦੇ ਵਿਦਰੋਹ ਦੇ ਹੱਕ ਵਿੱਚ ਤੂੰ ਕੋਈ ਕੰਮ ਨਹੀਂ ਕਰ ਰਿਹਾ। ਬਾਰ੍ਹਾਂ ਉਨ੍ਹਾਂ ਦੇ trusted ਸੀਗੇ, ਇਕੱਲੇ-ਇਕੱਲੇ ਨੂੰ ਬੁਲਾਉਂਦੇ ਨੂੰ, ਈਸਾ ਜੀ ਨੂੰ ਇਹ ਸੀ ਕਿ ਪਿਤਰਸ ਜਿਹਨੇ ਮੇਰੀ ਪੂਰੀ ਸ਼ਕਤੀ ਦੇਖੀ ਹੋਈ ਹੈ, ਕੈਦ ਵਿੱਚ ਸੀ, ਅਰਦਾਸਾਂ ਕਰਦਾ ਸੀ ਪਿਤਰਸ ਕਿ ਹੇ ਪ੍ਰਭੂ! ਤੂੰ ਮੈਨੂੰ ਛੁਡਾ ਲੈ, ਮੈਂ ਮਾਰਿਆ ਜਾਵਾਂਗਾ, ਸੱਤ ਜੰਦਿਆਂ ਦੇ ਅੰਦਰ ਬੰਦ ਸੀ, ਸਾਰੇ ਤਾਲੇ ਖੁੱਲ੍ਹ ਗਏ, ਜਿਵੇਂ ਕ੍ਰਿਸ਼ਨ ਮਹਾਰਾਜ ਵੇਲੇ ਖੁਲ੍ਹ ਗਏ ਸੀ। ਸੱਤਾਂ ਤਾਲਿਆਂ 'ਚੋਂ ਨਿਕਲ ਕੇ ਈਸਾ ਜੀ ਦੇ ਚਰਨਾਂ 'ਚ ਆ ਕੇ ਉਨ੍ਹਾਂ ਦਾ ਸਭ ਤੋਂ ਜ਼ਿਆਦਾ, trusted ਜਿਵੇਂ ਗੁਰੂ ਨਾਨਕ ਪਾਤਸ਼ਾਹ ਵੇਲੇ ਗੁਰੂ ਅੰਗਦ ਸਾਹਿਬ ਸੀ, ਗੁਰੂ ਦਸਵੇਂ ਪਾਤਸ਼ਾਹ ਦੇ ਭਾਈ ਦਇਆ ਸਿੰਘ ਜੀ ਸੀ, ਉਹ ਚੌਦਾਂ ਦੇ ਵਿਚੋਂ ਪਹਿਲੇ ਨੰਬਰ 'ਤੇ ਸੀ। ਜਿਸ ਵਕਤ ਉਹਦੀ ਵਾਰੀ ਆਈ, ਕਹਿੰਦੇ ਪਿਤਰਸ! ਤੂੰ ਇਸਨੂੰ ਜਾਣਦਾ ਹੈਂ? ਕੀ ਜਾਣਦਾ ਹੈਂ ਤੂੰ ਦੱਸ? ਕਹਿੰਦਾ, ਮੈਂ ਇੱਥੇ ਕਦੇ-ਕਦੇ ਆਉਂਦਾ ਹਾਂ, ਜਿਵੇਂ ਦੁਨੀਆਂ ਦੇਖਦੀ ਸੀ, ਉਵੇਂ ਮੈਂ ਦੇਖਦਾ ਸੀ, ਮੈਂ ਇਹਨੂੰ ਕੋਈ ਨਹੀਂ ਜਾਣਦਾ। ਉਸ ਵੇਲੇ ਈਸਾ ਜੀ ਨੇ ਕਿਹਾ ਕਿ ਹੁਣ ਮੈਂ ਕੋਈ ਸਫਾਈ ਨਹੀਂ ਦੇਣੀ। ਕਿਉਂ ਜੋ ਸਭ ਤੋਂ ਵੱਡਾ ਮਿੱਤਰ ਹੀ ਨਾਂਹ ਕਰ ਗਿਆ।

ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ! ਨੌਂ ਮਹੀਨੇ ਰਹਿ ਕੇ ਡੱਲੇ ਨੂੰ ਉਨ੍ਹਾਂ ਨੇ ਤਿਆਰ ਕੀਤਾ, ਭਾਈ ਰਾਮ ਸਿੰਘ ਨੂੰ, ਤਿਆਰ ਕੀਤਾ। ਕੁਲ

ਜਿਹੜੀ ਸੀ, ਗੁਰੂ ਚੌਥੇ ਪਾਤਸ਼ਾਹ ਤੋਂ ਭਾਈ ਭਗਤੂ ਦੀ ਕੁਲ ਦੇ ਵਿਚ ਸੀ। ਲੇਕਿਨ ਗੁਰੂ ਦਸਵੇਂ ਪਾਤਸ਼ਾਹ ਨੂੰ ਬੜਾ ਭਰੋਸਾ ਸੀ ਇਹਦੇ ਉਤੇ। ਨਵੇਂ ਬੰਦੇ ਮਿਲੇ ਨੇ, ਚਲੋ ਪੁਰਾਣੇ ਚਲੇ ਗਏ ਤਾਂ ਚਲੇ ਗਏ, ਕੋਈ ਗੱਲ ਨਹੀਂ ਹੈ। ਪਰ ਇਹ ਨਵੇਂ ਗੁਰਸਿੱਖੀ 'ਚ ਆਏ ਨੇ, ਇਨ੍ਹਾਂ ਨੂੰ ਬੇਅੰਤ ਉਪਦੇਸ਼ ਹੋਏ ਨੇ, ਸੇਵਾ ਇਨ੍ਹਾਂ ਨੇ ਬੜੀ ਕਰੀ ਹੈ ਤੇ ਮਹਾਰਾਜ ਨੇ ਬਰਕਤਾਂ ਹੀ ਬਰਕਤਾਂ ਭਾਈ ਡੱਲੇ ਨੂੰ ਦੇ ਦਿਤੀਆਂ, ਰਾਮ ਸਿੰਘ ਨੂੰ ਬਖਸ਼ ਦਿੱਤੀਆਂ। ਹੋਰਾਂ ਨੂੰ ਬਖਸ਼ ਦਿੱਤੀਆਂ, ਦਰਬਾਰੀ ਸਿੰਘ ਨੂੰ, ਬੇਅੰਤ ਨਵੇਂ ਸਿੱਖ ਤਿਆਰ ਕਰੇ ਇੱਕ ਵੱਡੀ ਗਿਣਤੀ ਕੋਈ ਹਜ਼ਾਰ, ਡੇਢ ਹਜ਼ਾਰ ਬੰਦੇ ਦੇ ਨਾਲ ਆਪ ਚਾਲੇ ਪਾਉਂਦੇ ਨੇ। ਦਮਦਮੇ ਸਾਹਿਬ ਤੋਂ, ਤਲਵੰਡੀ ਤੋਂ ਚਾਲੇ ਪਾਉਂਦੇ ਨੇ, ਤੇ ਮਹਾਰਾਜ ਬਚਨ ਕਰਦੇ ਨੇ ਕਿ ਭਾਈ ਡੱਲਿਆ! ਮੁਗਲਾਂ ਦਾ ਤੇਜ ਪ੍ਰਤਾਪ ਖਤਮ ਹੋ ਗਿਆ, ਤੇਰੇ ਸੀਸ ਦੇ ਉਤੇ ਅਸੀਂ ਦਿੱਲੀ ਦਾ ਤਾਜ ਰੱਖਣਾ ਹੈ। ਚੁਣ ਲਿਆ ਉਸ ਬੰਦੇ ਨੂੰ, ਲੇਕਿਨ ਹੋਇਆ ਕੀ। ਰਾਮ ਸਿੰਘ ਨੂੰ ਮਹਾਰਾਜ ਕਹਿੰਦੇ ਨੇ, ਰਾਮ ਸਿੰਘ! ਤੇਰੀ ਤਾਂ ਸਾਡੇ ਨਾਲ ਪੁਸ਼ਤਾਂ ਦੀ ਸਾਂਝ ਹੈ। ਗੁਰੂ ਚੌਥੇ ਪਾਤਸ਼ਾਹ ਦਾ ਤੀਸਰਾ ਪੁੱਤਰ ਜਿਹੜਾ ਸੀ ਸਾਡੇ ਖਾਨਦਾਨ ਦਾ ਉਹ ਭਾਈ ਆਦਮ ਦੇ ਘਰ ਭੇਜਿਆ ਸੀ ਤੇ ਤੂੰ ਤਾਂ ਸਾਡੇ ਖਾਨਦਾਨ ਵਿਚੋਂ ਖ਼ੂਨ ਦੀ ਸਾਂਝ ਹੈ, ਭਾਵੇਂ ਜਾ ਕੇ ਤੁਹਾਡੇ ਪੈਦਾ ਹੋ ਗਿਆ, ਪਰ ਉਹ ਸੀ ਗੁਰੂ ਰਾਮਦਾਸ ਦਾ ਹੀ ਪੁੱਤਰ। ਤੇਰੇ ਨਾਲ ਗਾੜ੍ਹੀ ਸਾਂਝ ਹੈ। ਉਸ ਵੇਲੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਜਾਂਦੇ ਨੇ, ਮਹਾਰਾਜ ਐਸ ਤਰ੍ਹਾਂ ਕਰਾਂਗੇ, ਇਸ ਤਰ੍ਹਾਂ ਕਰਾਂਗੇ। ਖਬਰ ਹੁੰਦੀ ਹੈ ਮਹਾਰਾਜ ਨੂੰ ਥੋੜ੍ਹੀਆਂ ਮੰਜ਼ਲਾਂ ਚਲ ਕੇ ਕਿ ਮਹਾਰਾਜ! ਬਰਾੜ ਨੱਠ ਗਏ ਨੇ ਸਾਰੇ, ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਫੇਰ ਅਗਲੇ ਪੜਾਅ 'ਤੇ ਖਬਰ ਹੁੰਦੀ ਹੈ ਕਿ ਦਰਬਾਰੀ, ਘਰਬਾਰੀ ਸਿੰਘ, ਹੋਰ ਜਿੰਨੇ ਨਵੇਂ ਸਿੱਖ ਬਣਾਏ ਸੀ ਸੱਚੇ ਪਾਤਸ਼ਾਹ! ਰਾਤ ਨੱਠ ਗਏ ਲੈ ਕੇ ਆਪਣੇ-ਆਪਣੇ ਬੰਦਿਆਂ ਨੂੰ। ਭਾਈ ਪ੍ਰਿਥੀਚੰਦ ਦਾ ਜਿਹੜਾ ਪੜੋਤਾ ਸੀ ਉਹ ਵੀ ਨੱਠ ਗਿਆ। ਕਹਿੰਦੇ, ਕੋਈ ਗੱਲ ਨਹੀਂ। ਕਹਿੰਦੇ, ਡੱਲਾ ਸਿੰਆਂ! ਭਾਈ ਰਾਮ ਸਿੰਘ! ਕੀ ਮਰਜ਼ੀ ਹੈ ਤੁਹਾਡੀ?

ਸੱਚੇ ਪਾਤਸ਼ਾਹ! ਅਸੀਂ ਤਾਂ ਆਖਰੀ ਦਮ ਤੱਕ ਤੁਹਾਡੇ ਵਾਸਤੇ ਸੀਸ ਦੇਵਾਂਗੇ। ਅਖੀਰ ਅਗਲੀ ਮੰਜ਼ਲ ਚਲੇ ਜਾਂਦੇ ਨੇ। ਓਸ ਥਾਂ 'ਤੇ ਜਾ ਕੇ ਡੱਲੇ ਨੂੰ ਮਹਾਰਾਜ ਨੇ ਆਪਣਾ ਨਿੱਜੀ ਖੰਡਾ ਦਿੱਤਾ ਹੋਇਆ ਸੀ। ਦੋ ਹਜ਼ਾਰ ਰੁਪਏ ਦੇ, ਓਸ ਵੇਲੇ ਦੇ ਹੁਣ ਦੇ ਦੋ ਲੱਖ ਦੇ ਲਾ ਲਓ, ਹੀਰੇ ਜੜਤ ਕੰਗਣ ਦਿੱਤੇ ਹੋਏ ਸੀਗੇ, ਜਿਹੜੇ ਕੜੇ ਦੇ ਨਾਲ ਪਾਏ ਹੋਏ ਸੀ। ਹੋਰ ਅਨੇਕਾਂ ਬਖਸ਼ਿਸ਼ਾਂ ਕਰੀਆਂ ਹੋਈਆਂ ਸੀ। ਰਾਤ ਨੂੰ ਪਹਿਰੇ 'ਤੇ ਹੈ ਇਕੱਲਾ, ਕਹਿੰਦਾ ਮੈਂ ਦੇਵਾਂਗਾ ਗੁਰੂ ਸਾਹਿਬ ਦਾ ਪਹਿਰਾ ਹੋਰ ਕੋਈ ਨਾ ਆਵੇ। ਪਹਿਲਾਂ ਵੀ ਦਿੰਦਾ ਰਹਿੰਦਾ ਸੀ ਸਾਰੀ-ਸਾਰੀ ਰਾਤ। ਪਹਿਰੇ ਦੇ ਉਤੇ ਹੈ, ਜਿਸ ਵਕਤ ਗੁਰੂ ਸਾਹਿਬ ਆਰਾਮ ਕਰਨ ਲੱਗੇ, ਓਸ ਵੇਲੇ ਸਾਂਭ

ਕੇ ਖੰਡਾ ਮਹਾਰਾਜ ਦੇ ਸਰ੍ਹਾਣੇ ਨਾਲ ਲਾ ਕੇ ਖੜ੍ਹਾ ਦਿੱਤਾ। ਜੜਾਊ ਕੰਗਣ, ਲਾਹ ਕੇ ਮਹਾਰਾਜ ਦੇ ਮੰਜੇ 'ਤੇ ਰੱਖ ਦਿੱਤੇ। ਹੋਰ ਵੀ ਜਿਹੜੀਆਂ ਬਖਸ਼ਿਸ਼ਾਂ ਸੀ ਉਹ ਲਾਹ ਕੇ ਮੰਜੇ 'ਤੇ ਰੱਖ ਦਿਤੀਆਂ। ਜਿਸ ਵਕਤ ਮਹਾਰਾਜ ਨੇ ਆਵਾਜ਼ ਦਿੱਤੀ ਕਿ ਭਾਈ ਡੱਲਾ ਸਿੰਘ! ਓਸ ਵੇਲੇ ਇੱਕ ਫਕੀਰ ਨੇੜੇ ਹੀ ਬੈਠਾ ਸੀ ਜਿਹੜਾ ਦੇਖਦਾ ਸੀ, ਕਹਿੰਦਾ ਗੁਰੂ ਮਹਾਰਾਜ! ਨਾ ਡੱਲਾ, ਨਾ ਮੱਲਾ, ਰਹਿ ਗਿਆ ਗੁਰੂ ਇਕੱਲਾ। ਮਹਾਰਾਜ ਕਹਿੰਦੇ, ਫਕੀਰ ਸਾਂਈ ਦੇਆ, ਗੁਰੂ ਕਦੇ ਨਾ ਇਕੱਲਾ, ਗੁਰੂ ਨਾਲ ਸਦਾ ਅੱਲਾ। ਡੋਲੇ ਨਹੀਂ, ਉਹ ਡੋਲ ਗਏ ਸੀ ਸਾਰੇ ਜਿਹੜੇ ਮੈਂ ਪਹਿਲਾਂ ਦੱਸੇ ਨੇ। ਨਾਲ ਬਰਾੜ ਵੀ ਲੈ ਕੇ ਚਲਿਆ ਗਿਆ। ਬੇਅੰਤ ਸਾਥੀ ਲੈ ਕੇ ਨੱਠ ਗਿਆ। ਥੋੜ੍ਹੇ ਜਿਹੇ ਰਹਿ ਗਏ ਗੁਰੂ ਸਾਹਿਬ ਕੋਲ। ਅੱਗੇ ਵਧੇ ਕਹਿੰਦੇ ਰਾਮ ਸਿੰਘਾ! ਹੁਣ ਤੂੰ ਦੱਸ ਬਈ? ਕਹਿੰਦਾ ਜੀ, ਮਹਾਰਾਜ! ਮੈਂ ਤਾਂ ਆਖਰੀ ਦਮ ਆਪ ਦੇ ਨਾਲ ਹਾਂ, ਜਿੱਥੇ ਜੀਅ ਕਰਦਾ ਹੈ ਮੈਨੂੰ ਲੈ ਜਾਓ। ਭਰਾ ਆਪਣਾ ਭਿਜਵਾ ਦਿੱਤਾ ਕਿ ਇਹਨੂੰ ਭੇਜ ਦਿਓ। ਉਸ ਵੇਲੇ ਜਦੋਂ ਅਗਲੀ ਮੰਜ਼ਲ 'ਤੇ ਗਏ, ਰਾਤ ਨੂੰ ਨੱਠ ਗਿਆ ਸਾਥੀਆਂ ਸਮੇਤ। ਉਹ ਵੀ ਲੈ ਗਿਆ ਆਪਣੇ ਸਾਥੀ। ਮਹਾਰਾਜ ਨੂੰ ਖਬਰ ਲੱਗੀ ਕਿ ਸੱਚੇ ਪਾਤਸ਼ਾਹ! ਰਾਮ ਸਿੰਘ ਨੱਠ ਗਿਆ। ਸਾਥੀਆਂ ਨੂੰ ਵੀ ਨਾਲ ਲੈ ਗਿਆ। ਕਹਿੰਦੇ, ਰਾਮ ਸਿੰਘ ਨਾਲ ਸਾਡੀ ਗੱਲ ਕਰਾ ਦਿਓ ਇਕ ਵਾਰੀ। ਕਿਉਂਕਿ ਇਹਦੇ ਨਾਲ ਸਾਡੀ ਪੁਸ਼ਤਾਂ ਦੀ ਸਾਂਝ ਹੈ, ਡੱਲਾ ਨਵਾਂ ਆਦਮੀ ਸੀ, ਘਰ ਪਿਆਰਾ ਕਰਿਆ ਹੈ, ਪਰ ਉਥੇ ਕਿਹੜਾ ਬਚ ਜਾਏਗਾ, ਉਥੇ ਮੌਤ ਤਿਆਰ ਖੜ੍ਹੀ ਹੈ ਇਹਦੇ ਵਾਸਤੇ। ਰਾਮ ਸਿੰਘ ਨੂੰ ਕਹਿ ਦਿਓ। ਭੇਜ ਦਿੱਤਾ ਸਵਾਰ। ਜਾ ਕੇ ਉਸ ਨੇ ਰੋਕ ਲਿਆ ਕਿ ਰਾਮ ਸਿੰਘ! ਗੁਰੂ ਸਾਹਿਬ ਨਾਲ ਦੋ ਬਚਨ ਕਰ ਲੈ। ਵਾਪਸ ਨਹੀਂ ਆਇਆ, ਜਵਾਬ ਦੇ ਗਿਆ, ਪਿੱਠ ਦੇ ਗਿਆ। ਉਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਇਹਨੂੰ ਆਣ ਪਾ, ਤਿੰਨ ਆਣ ਪਾ, ਤਿੰਨ ਆਣਾਂ ਹੁੰਦੀਆ ਨੇ, ਉਹ ਤਿੰਨੋ ਆਣਾਂ ਪਾ ਦੇ, ਲਕੀਰਾਂ ਖਿੱਚ ਦੇ ਤਿੰਨ ਕਿ ਆਹ ਆਣਾਂ ਨੇ ਤਿੰਨ। ਜਾਹ ਤੂੰ ਮੋੜ ਕੇ ਲਿਆ ਉਹਨੂੰ। ਫੇਰ ਗੁਰਸਿੱਖ ਜਾਂਦਾ ਹੈ। ਰਾਮ ਸਿੰਘਾ! ਗੁਰੂ ਸਾਹਿਬ ਨੇ ਫੇਰ ਭੇਜਿਆ ਹੈ ਮੈਨੂੰ। ਨਾ ਜਾ ਤੂੰ। ਬੇਮੁਖ ਨਹੀਂ ਹੋਈਦਾ ਗੁਰੂ ਤੋਂ, ਬੇਮੁਖ ਦਾ ਦੋਸ਼ ਬਹੁਤ ਵੱਡਾ ਹੈ। ਕਿਰਤਘਣ ਦਾ ਦੋਸ਼ ਬਹੁਤ ਵੱਡਾ ਹੈ, ਉਪਕਾਰ ਨਾ ਗੁਰੂ ਦੇ ਭੁੱਲ। ਤੁਹਾਡੇ ਖਾਨਦਾਨ ਦੇ ਉਤੇ ਉਪਕਾਰ ਕੀਤੇ ਹੋਏ ਨੇ ਗੁਰੂ ਦੇ। ਤਿੰਨ ਲਕੀਰਾਂ ਖਿੱਚ ਦਿੱਤੀਆਂ, ਰਾਮ ਸਿੰਘ ਨੇ ਘੋੜਾ ਅੱਗੇ ਲੰਘਾ ਲਿਆ। ਕਹਿੰਦਾ, ਬੜੀ ਮਾੜੀ ਗੱਲ ਕਰੀ। ਨਾਮੋਸ਼ ਹੋ ਕੇ ਆ ਗਿਆ ਗੁਰੂ ਮਹਾਰਾਜ ਕੋਲ। ਨੇਤਰਾਂ 'ਚ ਜਲ ਚਲਦਾ ਹੈ, ਕਹਿੰਦੇ ਕੀ ਗੱਲ? ਤੂੰ ਉਦਾਸ ਹੋ ਗਿਆ? ਕਹਿੰਦਾ ਪਾਤਸ਼ਾਹ! ਉਹ ਤਾਂ ਮੁੜਿਆ ਨਹੀਂ ਹੈ। ਕਹਿੰਦੇ, ਜਾਹ ਸਾਡਾ ਰੁਮਾਲ ਲੈ ਜਾ ਤੇ ਹੁਣ ਉਹਨੂੰ ਇਹ ਕਹਿ ਦੇਈਂ ਕਿ ਗੁਰੂ ਸਾਹਿਬ ਦੀ ਦਸਤਾਰ ਹੈ ਇਹ, ਸਾਮ੍ਹਣੇ ਰੱਖ ਦਿੱਤੀ ਲਕੀਰ ਕੱਢ ਕੇ ਉਹਦੇ ਉਤੇ ਜਿ ਜੇ ਜਾਣਾ ਹੀ ਹੈ ਤਾਂ ਦਸਤਾਰ ਦੇ ਉਤੇ ਦੀ ਲੰਘ ਜਾ। ਸਭ ਤੋਂ

trusted ਬੰਦਾ ਭਾਈ ਡੱਲਾ ਤੇ ਭਾਈ ਰਾਮ ਸਿੰਘ ਸੀ। ਉਸ ਵੇਲੇ ਉਸ ਨੇ ਕਿਹਾ ਕਿ ਰਾਮ ਸਿੰਘਾ! ਹੁਣ ਨਾ ਗਲਤੀ ਕਰੀਂ, ਗੁਰੂ ਦਸ਼ਮੇਸ਼ ਪਿਤਾ ਜਿਹਨੇ ਭਾਰਤ ਵਰਸ਼ ਦੇ ਵਾਸਤੇ ਸਭ ਕੁਛ ਕੁਰਬਾਨ ਕਰ ਦਿੱਤਾ। ਪ੍ਰੇਮੀਆਂ! ਤੈਨੂੰ ਵਾਪਸ ਬੁਲਾ ਕੇ ਦੋ ਗੱਲਾਂ ਕਰਨੀਆਂ ਚਾਹੁੰਦੇ ਨੇ। ਗੱਲਾਂ ਕਰਕੇ ਚਲਿਆ ਜਾਈਂ, ਤੈਨੂੰ ਛੁੱਟੀ ਮਿਲ ਜਾਏਗੀ। ਸਿਰਫ ਬਚਨ ਕਰਨੇ ਨੇ ਦੋ। ਉਸ ਵੇਲੇ ਰੁਮਾਲ ਰੱਖ ਦਿੱਤਾ, ਬੇਪਰਵਾਹੀ ਨਾਲ ਘੋੜੇ ਨੂੰ ਅੱਡੀ ਮਾਰੀ ਉਤੋਂ ਦੀ ਲੰਘ ਗਿਆ। ਉਸ ਵੇਲੇ ਗੁਰਸਿੱਖ ਦਾ ਦਿਲ ਟੁੱਟ ਗਿਆ, ਰੋਣ ਲਗ ਗਿਆ। ਕਹਿੰਦਾ, ਓ ਰਾਮ ਸਿੰਘਾ! ਮਾੜੀ ਗੱਲ ਕਰੀ, ਗੁਰੂ ਦਸ਼ਮੇਸ਼ ਪਿਤਾ ਵਰਗੇ ਨੂੰ ਧੋਖਾ ਦੇਣਾ ਤੇ ਉਹਦੇ ਨਾਲ ਬੇਵਿਸ਼ਵਾਸ਼ੀ ਕਰਨੀ। ਉਸ ਵੇਲੇ ਗੁਰੂ ਮਹਾਰਾਜ ਕੋਲ ਵਾਪਸ ਆਉਂਦਾ ਹੈ, ਰੋ ਰਿਹਾ ਹੈ। ਮਹਾਰਾਜ ਕਹਿੰਦੇ, ਗੁਰਸਿੱਖਾ! ਕਿਉਂ ਰੋਂਦਾ ਹੈਂ? ਗੱਲ ਦੱਸ? ਗੱਲ ਦਸਦਾ ਹੈ ਇਸ ਤਰ੍ਹਾਂ ਨਾਲ, ਪੜ੍ਹੋ ਪਿਆਰ ਨਾਲ –

***ਧਾਰਨਾ – ਜਿਹੜੇ ਕਹਿੰਦੇ ਸੀ ਦੇਵਾਂਗੇ ਸੀਸ ਗੁਰਾਂ ਨੂੰ,***
***ਪਿੱਠ ਦੇ ਕੇ ਸਾਰੇ ਭੱਜ ਗਏ।***

ਪਾਤਸ਼ਾਹ! ਜਿਨ੍ਹਾਂ ਨੂੰ ਤੁਸੀਂ ਆਪਣੇ ਬਣਾਇਆ ਸੀ, ਜਿਨ੍ਹਾਂ ਦੇ ਉਤੇ ਦਿਨ ਰਾਤ ਆਪਣੀਆਂ ਮਿਹਰਬਾਨੀਆਂ, ਬਰਕਤਾਂ, ਬਖਸ਼ਿਸ਼ਾਂ ਕਰਦੇ ਸੀ। ਪਾਤਸ਼ਾਹ! ਸਾਰੇ ਇੱਕ-ਇੱਕ ਕਰਕੇ ਸਾਥ ਛੱਡ ਗਏ। ਮੈਂ ਤਾਂ ਰੋਂਦਾ ਹਾਂ। ਮਹਾਰਾਜ ਕਹਿੰਦੇ, ਗੁਰਮੁਖਾ! ਰੋ ਨਾ ਉਨ੍ਹਾਂ ਨੂੰ ਘਰ ਪਿਆਰਾ ਸੀ, ਘਰ ਨਾਲ ਟੱਕਰਾਂ ਮਾਰ ਕੇ, ਮਹੀਨੇ ਦੇ ਅੰਦਰ ਹੀ ਮਰ ਜਾਣਾ ਹੈ ਉਨ੍ਹਾਂ ਨੇ। ਰਾਮ ਸਿੰਘ ਘਰ ਜਾਂਦਾ ਹੈ, ਕਮਲਾ ਹੋ ਗਿਆ ਘਰ ਪਹੁੰਚ ਕੇ, ਘੋੜੇ ਤੋਂ ਦੂਜੇ ਭਰਾ ਨੇ ਉਤਾਰਿਆ, ਕੰਧਾਂ ਦੇ ਨਾਲ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੰਗਲ ਪਾ ਦਿੱਤੇ, ਧਰਤੀ ਨਾਲ ਟੱਕਰਾਂ ਮਾਰੀਆਂ, ਇੱਕ ਮਹੀਨੇ ਬਾਅਦ ਸਰੀਰ ਛੱਡ ਗਿਆ। ਓਧਰ ਭਾਈ ਡੱਲਾ ਦੋ ਪੋਤੇ, ਇੱਕ ਨੂੰ ਸੀਤਲਾ ਨਿਕਲ ਆਈ ਉਹ ਮਰ ਗਿਆ, ਇਕ ਦੇ ਤਕਲਾ ਮਰ ਗਿਆ, ਉਹਦੇ ਉਤੇ ਹਮਲਾ ਕਰ ਦਿੱਤਾ, ਰਾਜ ਭਾਗ ਖੋਹ ਲਿਆ ਉਹਦਾ। ਗੁਰੂ ਤੋਂ ਵਿਸ਼ਵਾਸ਼ ਖੋ ਲਿਆ।

ਮੈਂ ਬੇਨਤੀ ਕਰਦਾ ਸੀ ਜਿਥੇ ਦਰਦ ਵਾਲਾ ਬੰਦਾ ਮਿਲ ਜਾਵੇ, ਉਥੇ ਰਾਠ ਤੋਂ ਰਾਠ ਨੂੰ ਰੋਣਾ ਆ ਜਾਂਦਾ ਹੈ। ਇੱਕੋ ਮਿਸਾਲ ਮਿਲਦੀ ਹੈ, ਸਾਰੀ ਦੁਨੀਆਂ ਦੇ ਇਤਿਹਾਸ 'ਚ। ਗੁਰੂ ਮਹਾਰਾਜ ਦੇ ਨਾਲ ਜਿੰਨੇ ਹੁੰਦੇ ਸੀ ਸਾਥ ਛੱਡ ਗਏ, ਜਿਨ੍ਹਾਂ ਤੇ ਭਰੋਸਾ ਕਰਦੇ ਸੀ ਸਾਥ ਛੱਡਦੇ ਜਾਂਦੇ ਸੀ, ਪਰ ਆਪ ਚੜ੍ਹਦੀ ਕਲਾ 'ਚ ਨੇ। ਸਭ ਕੁਛ ਗਵਾਈ ਬੈਠੇ ਨੇ, ਨਾ ਅਨੰਦਪੁਰ ਸਾਹਿਬ, ਨਾ ਕਿਲ੍ਹਾ, ਨਾ ਕੋਈ ਪੈਸਾ ਕਿੱਡੀ ਚੜ੍ਹਦੀ ਕਲਾ ਹੈ, ਦੱਖਣ ਵੱਲ ਨੂੰ ਜਾ ਰਹੇ ਨੇ। ਜਦੋਂ ਗੁਰੂ ਦਸਵੇਂ ਪਾਤਸ਼ਾਹ ਦੇ ਜਦ ਉਨ੍ਹਾਂ ਨੇ ਦਰਸ਼ਨ ਕੀਤੇ, ਮਨ 'ਚ ਆਇਆ ਕਿ ਇਹ ਤਾਂ ਸਾਡੇ ਹਮਦਰਦ ਨੇ, ਉਸ ਵੇਲੇ ਸਾਧਸੰਗਤ ਜੀ! ਰੋਣਾ ਨਿਕਲ ਗਿਆ ਸਾਰਿਆਂ ਦਾ। ਉਚੀ-

ਉਚੀ ਰੋ ਰਹੇ ਨੇ ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓ! ਬੈਠ ਜਾਓ, ਸੰਗਤ ਸਾਰੀ ਹੈਰਾਨ ਹੈ ਕਿ ਬੜੇ ਵਿਦਵਾਨ ਪੁਰਸ਼ ਆਏ ਨੇ। ਬਿਪਤਾ ਇਨ੍ਹਾਂ 'ਤੇ ਬਹੁਤ ਵੱਡੀ ਪਈ ਹੋਈ ਹੈ। ਐਨਾ ਰੋ ਰਹੇ ਨੇ ਇਹ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਤੁਸੀਂ ਆਪਣਾ ਹਾਲ ਸੁਣਾਓ, ਕੀ ਗੱਲ ਹੈ, ਕਿਹੜਾ ਸੰਕਟ ਤੁਹਾਡੇ 'ਤੇ ਆ ਗਿਆ। ਕਹਿੰਦੇ, ਪਾਤਸ਼ਾਹ! ਤੁਸੀਂ ਜਾਣੀ-ਜਾਣ ਓਂ। ਸਭ ਕੁਛ ਜਾਣਦੇ ਓਂ। ਐਸ ਤਰ੍ਹਾਂ ਦੇ ਨਾਲ ਅਸੀਂ ਗਏ ਸੀ ਸ਼ਿਵ ਮੰਦਰ ਦੇ ਅੰਦਰ। ਅਮਰਨਾਥ ਦੀ ਗੁਫਾ 'ਚ, ਬਰਫ ਦੇ ਵਿਚ। ਪਾਤਸ਼ਾਹ! ਸਾਡੀ ਕੋਈ ਬਾਂਹ ਫੜਨ ਵਾਲਾ ਨਹੀਂ ਸੰਸਾਰ 'ਤੇ ਰਿਹਾ ਤੇ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਦੇਵਤੇ ਨੇ ਕਿਹਾ ਹੈ ਕਿ ਤੁਹਾਡੀ ਬਾਂਹ ਫੜਨੀ ਹੈ ਤਾਂ ਗੁਰੂ ਤੇਗ ਬਹਾਦਰ ਨੇ ਫੜਨੀ ਹੈ। ਉਹ ਨੇ ਜਿਹੜੇ ਤੁਹਾਡੀ ਬਾਂਹ ਫੜ ਕੇ ਪੂਰਾ ਨਿਭਾ ਦੇਣਗੇ। ਐਸ ਵੇਲੇ ਬਾਂਹ ਕਿਸੇ ਨੇ ਨਹੀਂ ਫੜਨੀ। ਕਹਿੰਦੇ -

*ਕੇਵਲ ਇਕੋ ਆਪ ਹੋ, ਕੇਵਲ ਇਕੋ ਆਪ ਹੋ*
*ਮੇਟਹੁ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।*
*ਜਿਦਾਂ ਲਾਜ ਦ੍ਰੋਪਤੀ ਵਿਚ ਭਰੇ ਦਰਬਾਰ।*
*ਦੇ ਕੇ ਆਪਣਾ ਹੱਥ ਸੀ ਰਖੀ ਕ੍ਰਿਸ਼ਨ ਮੁਰਾਰ।*
*ਉਵੇਂ ਰਖੋ ਲਾਜ ਹੁਣ ਸਤਿਗੁਰ ਕ੍ਰਿਪਾਧਾਰ।*
*ਬਣਿਆ ਭਾਰਤ ਵਰਸ਼ ਅੱਜ ਦੁਰਯੋਧਨ ਦਰਬਾਰ।*

ਗੁਰੂ ਮਹਾਰਾਜ ਕਹਿੰਦੇ, ਕੋਈ ਨਾ ਤੁਸੀਂ ਫਿਕਰ ਨਾ ਕਰੋ, ਵਾਹਿਗੁਰੂ ਸਭ ਦਾ ਰਾਖਾ ਹੈ -

*ਸੱਚਾ ਸਾਹਿਬ ਆਪ ਹੀ ਕਰਕੇ ਕੋਈ ਉਪਾਅ*
*ਡੁੱਬਦਾ ਬੇੜਾ ਧਰਮ ਦਾ ਦੇ ਸੀ ਬੰਨੇ ਲਾ।*

ਫਿਕਰ ਨਾ ਕਰੋ, ਪ੍ਰਮੇਸ਼ਰ ਨੇ ਸਭ ਕੁਛ ਕਰ ਦੇਣਾ ਹੈ। ਉਸ ਵੇਲੇ ਬਚਨ ਮਹਾਰਾਜ ਨੇ ਕੀਤਾ, ਸੰਜੀਦਾ ਹੋ ਗਏ ਆਪ, ਚੁੱਪ ਕਰ ਗਏ। ਸਾਰੇ ਚੁੱਪ ਕਰ ਗਏ, ਹੰਝੂ ਜਾ ਰਹੇ ਨੇ, ਆਪਣੀ ਵਿਥਿਆ ਨਹੀਂ ਸੁਣਾ ਸਕਦੇ, ਅੰਦਰ ਹੀ ਲਏ ਬੈਠੇ ਨੇ ਕਿ ਐਉਂ ਹੋਈ, ਇਸ ਤਰ੍ਹਾਂ ਹੋਈ। ਪੰਜ ਸੌ ਬੰਦਾ ਬੈਠਾ ਹੰਝੂ ਵਗਾ ਰਿਹਾ ਹੈ। ਹਉਕੇ ਲੈ ਰਹੇ ਨੇ, ਉਭੇ ਸਾਹ ਲੈ ਰਹੇ ਨੇ। ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆ ਗਏ, ਦੀਵਾਨ ਦੇ ਵਿਚੀਂ ਲੰਘ ਰਹੇ ਨੇ ਕਿ ਮਹਾਰਾਜ! ਵੀ ਚੁੱਪ ਕਰੀਂ ਬੈਠੇ ਨੇ, ਆਹ ਕੀ ਭਾਣਾ ਵਰਤਿਆ ਹੋਇਆ ਹੈ, ਰੋ ਰਹੇ ਨੇ ਸਾਰੇ। ਉਸ ਵੇਲੇ ਤਖਤ ਦੇ ਉਤੇ ਆ ਕੇ ਮਹਾਰਾਜ ਜੀ ਉਪਰ ਚੜ੍ਹ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਡੂੰਘੀ ਸੋਚ ਵਿਚ ਲਿਵਲੀਨ ਹੋਏ ਬੈਠੇ ਨੇ, ਉਸ ਵੇਲੇ ਆਪ ਨੇ ਪਿਛੋਂ ਦੀ ਹੋ ਕੇ, ਪਿੱਠ ਵਲੋਂ ਦੀ, ਗੁਰੂ ਮਹਾਰਾਜ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ, ਪਾਉਂਦੇ ਸਾਰ ਉਲ੍ਹਰ ਕੇ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਜੀ ਨੇ ਨੇਤਰ ਖੋਲ੍ਹੇ, ਪਿਆਰ ਕੀਤਾ। ਬੁੱਕਲ 'ਚ ਲਏ,

ਨੌਂ ਸਾਲ ਦੀ ਉਮਰ ਹੈ।

ਪਿਤਾ ਜੀ! ਇਹ ਕੌਣ ਨੇ ਬੰਦੇ, ਐਨੇ ਦੁਖੀਏ, ਐਸ ਵੇਲੇ ਰੋ ਰਹੇ ਨੇ। ਇਨ੍ਹਾਂ ਨੂੰ ਸੰਕਟ ਕੀ ਪਿਆ ਹੋਇਆ ਹੈ? ਆਪ ਤਾਂ ਸਮਰੱਥ ਓਂ, ਸਰਬ ਕਲਾ ਸਮਰੱਥ, ਆਪ ਦੇ ਘਰ ਆ ਕੇ ਤਾਂ ਰੋਂਦੇ ਹੱਸ ਕੇ ਜਾਂਦੇ ਨੇ, ਇੱਥੇ ਹੱਸਣ ਵਾਲੇ ਆ ਕੇ ਰੋਂਦੇ ਨਹੀਂ ਜਾਦੇ, ਇੱਥੇ ਰੋਣ ਵਾਲੇ ਹਸਦੇ ਜਾਂਦੇ ਨੇ। ਪਾਤਸ਼ਾਹ! ਇਹ ਕੀ ਗੱਲ ਹੈ? ਇਥੇ ਸਿਆਣੇ-ਸਿਆਣੇ ਬੰਦੇ, ਤਿਲਕ ਲੱਗੇ ਹੋਏ ਨੇ ਤੇ ਬੜੇ ਸਿਆਣੇ ਨੇ ਦੇਖਣ ਨੂੰ, ਸੋਹਣੇ ਦਰਸ਼ਨੀ ਨੇ। ਚਿਹਰੇ ਇਨ੍ਹਾਂ ਦੇ ਵਾਹਵਾ ਨੇ। ਇਹ ਐਨੇ ਮੁਰਝਾਏ ਹੋਏ ਕਿਉਂ ਨੇ? ਕਿਉਂ ਰੋ ਰਹੇ ਨੇ? ਆਪ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖ ਦਾ ਇਲਾਜ ਕਰੋ ਨਾ ਕੋਈ?

ਉਸ ਵੇਲੇ, ਆਪ ਕਹਿਣ ਲੱਗੇ, ਲਾਲ ਜੀ! ਇਹ ਸਾਰੇ ਭਾਰਤ ਵਰਸ਼ ਦਾ deputation ਆਇਆ ਹੈ, ਸਾਰੇ ਹਿੰਦੂ ਧਰਮ ਦਾ deputation ਆਇਆ ਹੈ, ਭਾਰਤ ਵਰਸ਼ 'ਚੋਂ ਪੰਜ ਸੌ ਬੰਦਾ, ਨੁੰਮਾਇੰਦਾ ਹੋ ਕੇ ਇੱਥੇ ਪਹੁੰਚਿਆ ਹੈ ਤੇ ਇਨ੍ਹਾਂ ਦਾ ਧਰਮ ਖਤਰੇ 'ਚ ਹੈ, ਜੰਞੂ ਵੀ ਖਤਰੇ 'ਚ ਪੈ ਗਿਆ। ਤਿਲਕ ਵੀ ਖਤਰੇ 'ਚ ਪੈ ਗਿਆ, ਜ਼ਬਰਦਸਤੀ ਲਾਹਿਆ ਜਾ ਰਿਹਾ ਹੈ ਤੇ ਗੁਰੂ ਦੇ ਦਰਬਾਰ 'ਚ ਪਹੁੰਚੇ ਨੇ।

ਕਹਿੰਦੇ, ਫੇਰ ਪਾਤਾਸ਼ਾਹ! ਤੁਸੀਂ ਕੀ ਸੋਚਿਆ ਹੈ ਇਨ੍ਹਾਂ ਦਾ ਦੁੱਖ ਦੂਰ ਕਰੋ, ਤੁਸੀਂ ਸਮਰੱਥ ਪੁਰਸ਼ ਓਂ। ਕਹਿੰਦੇ, ਲਾਲ ਜੀ! ਇਨ੍ਹਾਂ ਦਾ ਦੁੱਖ ਦੂਰ ਕਰਨ ਵਾਸਤੇ ਜਿਹੜਾ ਕੁਛ ਕਰਨਾ ਹੈ, ਉਹ ਸੁਣੋ ਧਿਆਨ ਨਾਲ –

***ਧਾਰਨਾ – ਤਿਲਕ ਜੰਞੂ ਦੀ ਰਾਖੀ ਨਹੀਂਓਂ ਹੋਣੀ,***
***ਬਿਨਾਂ ਦਿੱਤੇ ਸੀਸ ਲਾਲ ਜੀ।***

ਕਹਿਣ ਲੱਗੇ, ਲਾਲ ਜੀ! ਮੈਂ ਇਸ ਸੋਚ ਵਿਚ ਸੀ ਕਿ ਇਸ ਭਾਰੇ ਜ਼ੁਲਮ ਨੂੰ ਦੂਰ ਕਰਨ ਵਾਸਤੇ, ਕਿਸੇ ਮਹਾਂਪੁਰਸ਼ ਨੂੰ ਆਪਣਾ ਬਲੀਦਾਨ ਦੇਣਾ ਪੈਣਾ ਹੈ ਤੇ ਇਨ੍ਹਾਂ ਨੂੰ ਮੈਂ ਇਹ ਗੱਲ ਕਹਿ ਦਿੱਤੀ ਹੈ ਕਿ ਕੋਈ ਪੂਰਨ ਮਹਾਂਪੁਰਸ਼ ਸੀਸ ਦੇਵੇ, ਇਹ ਨੀਵੀਆਂ ਪਾਈ ਬੈਠੇ ਨੇ –

***ਨੌਵੇਂ ਸਤਿਗੁਰ ਆਖਿਆ ਮੇਰੇ ਸੁਤ ਸੁਜਾਨ***
***ਠੱਲ੍ਹ ਸਕਦਾ ਹੈ ਦੇਸ਼ ਵਿਚ, ਜ਼ੁਲਮਾਂ ਦਾ ਤੂਫਾਨ***
***ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ***
***ਡੱਟ ਖਲੋਵੇ ਸਾਮ੍ਹਣੇ ਆਪਣੀ ਛਾਤੀ ਤਾਣ।***
***ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ।***
***ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ।***
***ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ ਬਲੀਦਾਨ।***
***ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪ੍ਰਾਣ।***

ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਜਦੋਂ ਸੁਣਦੇ ਸਾਰ ਕਹਿਣ ਲੱਗੇ, ਪਿਤਾ ਜੀ! ਐਸ ਵੇਲੇ ਤੁਹਾਡੇ ਨਾਲੋਂ ਵੱਡਾ ਤਾਂ ਸੰਸਾਰ ਦੇ ਉਤੇ ਕੋਈ ਸੂਰਮਾ ਹੀ ਨਹੀਂ ਹੈ। ਕੋਈ ਵੱਡਾ ਸੂਰਮਾ ਨਹੀਂ, ਕੋਈ ਪਵਿੱਤਰ ਆਤਮਾ

ਨਹੀਂ। ਫੇਰ ਹੋਰ ਕੀਹਦੇ ਵਲ ਦੇਖਣਾ ਹੈ ਪਿਤਾ ਜੀ। ਤੁਸੀਂ ਹੀ ਬਲੀਦਾਨ ਦੇਵੋ, ਭਾਵੇਂ ਜੰਞੂ ਤੇ ਤਿਲਕ ਦੇ ਵਿਚ ਸਾਡਾ ਵਿਸ਼ਵਾਸ਼ ਨਹੀਂ, ਪਰ ਪਿਤਾ ਜੀ! ਧੱਕਾ ਹੋ ਰਿਹਾ ਹੈ ਧਰਮ ਦੇ ਉਤੇ। ਧੱਕਾ ਨਹੀਂ ਹੋਣ ਦੇਣ ਦੇਣਾ। ਤੁਸੀਂ ਆਪਣਾ ਬਲੀਦਾਨ ਦੇਵੋ। ਬੇਟਾ! ਆਹ ਬਿਖੜੇ ਹਾਲਾਤ, ਸਾਡੇ ਬਲੀਦਾਨ ਦੇਣ ਦੇ ਨਾਲ ਗੁਰੂ ਘਰ ਦੇ ਨਾਲ ਸਿੱਧਾ ਵਿਰੋਧ ਬਾਦਸ਼ਾਹੀ ਦਾ ਪੈ ਜਾਏਗਾ। ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਸ਼ਹੀਦ ਕਰ ਦਿੱਤਾ। ਫੇਰ ਗੁਰੂ ਅੱਠਵੇਂ ਪਾਤਸ਼ਾਹ ਨੂੰ ਜਾ ਕੇ ਛੋਟੀ ਉਮਰ ਦੇ ਵਿਚ ਆਪਣਾ ਸਰੀਰ ਛੱਡਣਾ ਪਿਆ, ਆਪਣਾ ਪ੍ਰਣ ਪਾਲਣ ਵਾਸਤੇ ਤੇ ਇਹ ਸਰੀਰ ਦੇਣ ਤੋਂ ਬਾਅਦ ਤੁਹਾਡੇ ਨਾਲ ਵੀ ਉਸੇ ਤਰ੍ਹਾਂ ਹੋਏਗੀ, ਤੁਹਾਨੂੰ ਬੁਲਾਉਣਗੇ, ਤੰਗ ਕਰਨਗੇ, ਸਿੱਧਾ ਵੈਰ ਪੈ ਜਾਏਗਾ, ਸੋ ਅਜੇ ਤੁਸੀਂ ਛੋਟੇ ਓਂ। ਮਹਾਰਾਜ ਨੇ ਇਹ ਦੇਖਣ ਵਾਸਤੇ ਕਿ ਕੀ ਕਹਿੰਦੇ ਨੇ ਇਹ। ਆਪ ਚੁੱਪ ਹੋ ਗਏ। ਉਸ ਵੇਲੇ ਗੁਰੂ ਦਸ਼ਮੇਸ਼ ਪਾਤਸ਼ਾਹ ਕਹਿਣ ਲੱਗੇ, ਪਿਤਾ ਜੀ! ਜਦੋਂ ਮੇਰਾ ਕੋਈ ਵਸ ਨਹੀਂ ਸੀ ਚਲਦਾ, ਮੈਂ ਹੱਥ ਪੈਰ ਨਹੀਂ ਹਿਲਾ ਸਕਦਾ ਸੀ, ਮਾਤਾ ਦੇ ਗਰਭ ਵਿਚ –

***ਮਾਤਾ ਕੇ ਉਦਰ ਮਹਿ ਪ੍ਰਤਿਪਾਲ***
***ਕਰੇ ਸੋ ਕਿਉ ਮਨਹੁ ਵਿਸਾਰੀਐ ॥ ਅੰਗ – 920***

ਉਥੇ ਮੇਰੀ ਪ੍ਰਤਿਪਾਲਣਾ ਆਪ ਅਕਾਲ ਪੁਰਖ ਕਰਦਾ ਸੀ। ਫੇਰ ਮੇਰੇ ਵਾਸਤੇ ਦੁੱਧ ਬਣਾ ਦਿੱਤਾ। ਜਦੋਂ ਮੈਂ ਕੁਛ ਖਾ ਨਹੀਂ ਸੀ ਸਕਦਾ। ਜਦੋਂ ਦੰਦ ਆ ਗਏ, ਮੇਰੇ ਵਾਸਤੇ ਖੁਰਾਕ ਬਣਾ ਦਿਤੀ, ਮਾਤਾ ਪਿਤਾ ਦਾ ਹੱਥ ਦੇ ਦਿੱਤਾ। ਹੁਣ ਤਾਂ ਮੈਂ ਨੌਂ ਸਾਲ ਦਾ ਹੋ ਗਿਆ, ਮੇਰੀ ਚਿੰਤਾ ਨਾ ਕਰੋ, ਮੇਰੀ ਚਿੰਤਾ ਜਿਹੜੀ ਹੈ,

**ਮੂਲ ਕਰੋ ਗੁਰਦੇਵ ਨਾ, ਮਨ ਅੰਦਰ ਸੰਸਾ,**
**ਆਪੇ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ।**
**ਇੱਕੋ ਉਹਦਾ ਆਸਰ ਤੇ ਇੱਕੋ ਉਹਦਾ ਪਰਨਾ।**
**ਰੱਛਾ ਮੇਰੀ ਕਰੇਗਾ ਉਹ ਸਾਹਿਬ ਸੱਚਾ।**

ਪਿਤਾ ਜੀ! ਮੇਰੀ ਰੱਛਿਆ ਕਰਨ ਵਾਲਾ ਭਗਵਾਨ ਆਪ ਹੈ –

***ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸ਼ਤਰੂ ਅਨੇਕ ਚਲਾਵਤ ਘਾਵ, ਤਊ ਤਨ ਏਕ ਨਾ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ, ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***

ਮੇਰੀ ਰੱਛਿਆ ਉਨ੍ਹਾਂ ਨੇ ਕਰਨੀ ਹੈ, ਘੁੱਟ ਕੇ ਛਾਤੀ ਨਾਲ ਲਾ ਲਿਆ। ਮੱਥਾ ਚੁੰਮਿਆ, ਪਿਆਰ ਕੀਤਾ, ਨੇਤਰਾਂ 'ਚ ਨੇਤਰ ਪਾ ਕੇ ਝਾਕਿਆ, ਦੇਖਿਆ ਕਿ ਦਿਲ ਦੀ ਗਹਿਰਾਈ ਤੋਂ ਇਹ ਆਵਾਜ਼ ਉਠੀ ਹੈ। ਉਸ ਵੇਲੇ ਮਹਾਰਾਜ ਕਹਿੰਦੇ, ਪ੍ਰੇਮੀਓ! ਰੋਣਾ ਬੰਦ ਕਰੋ, ਖੁਸ਼ੀਆਂ ਦੇ ਘਰ ਵਿਚ ਆਓ। ਗੁਰੂ ਦਰਬਾਰ 'ਚੋਂ ਅੱਜ ਤੱਕ ਰੋਂਦਾ ਨਹੀਂ ਕੋਈ

ਗਿਆ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਪਾਸ ਇੱਕ ਪ੍ਰੇਮੀ ਆ ਗਿਆ ਕਲਕੱਤੇ ਤੋਂ ਰਤਨ ਸਿੰਘ ਉਹਦਾ ਨਾਮ ਸੀ, ਦੁਰਾਹੇ ਉਤਰਿਆ ਮਹਾਰਾਜ ਜੀ ਦੇ ਚਰਨਾਂ 'ਚ ਆ ਗਿਆ ਰਾੜਾ ਸਾਹਿਬ। ਕਹਿੰਦੇ, ਪ੍ਰੇਮੀਆਂ! ਕਿਵੇਂ ਆਇਆਂ ਹੈਂ? ਕਹਿੰਦਾ, ਮਹਾਰਾਜ! ਮੈਂ ਮਰਨ ਆਇਆ ਹਾਂ। ਪ੍ਰਾਣ ਦੇਣ ਆਇਆ ਹਾਂ। ਕਹਿੰਦੇ, ਗੁਰਮੁਖਾ! ਗੁਰੂ ਘਰ 'ਚ ਪ੍ਰਾਣ ਦੇਣ ਨਹੀਂ ਆਈਦਾ। ਪ੍ਰਾਣ ਲੈਣ ਆਈਦਾ ਹੈ, ਜ਼ਿੰਦਗੀ ਦੇਣ ਨਹੀਂ ਆਈਦੀ, ਜ਼ਿੰਦਗੀ ਲੈਣ ਆਈਦਾ ਹੈ। ਤਕਲੀਫ ਕੀ ਹੈ? ਕਹਿੰਦਾ, ਮੈਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ। ਕਹਿੰਦੇ, ਫੇਰ ਕੀ ਹੋ ਗਿਆ, ਬਰਤਨ ਮਾਂਜ ਮੂੰਹ ਬੰਨ੍ਹ ਕੇ। 'ਮੂਲਮੰਤ੍ਰ' ਦਾ ਕਰ ਪਾਠ ਤੈਨੂੰ ਜੀਵਨ ਮਿਲੇਗਾ। ਥੋੜ੍ਹੇ ਦਿਨਾਂ ਦੇ ਵਿਚ ਠੀਕ ਹੋ ਗਿਆ, ਐਕਸਰੇ ਕਰਾਈ, ਡਾਕਟਰ ਕਹਿੰਦੇ ਤੈਨੂੰ ਤਾਂ ਟੀ.ਬੀ ਕਦੇ ਹੋਈ ਹੀ ਨਹੀਂ ਹੈ। ਗੁਰੂ ਘਰ ਤੋਂ ਰੋਂਦਾ ਨਹੀਂ ਜਾਂਦਾ, ਗੁਰੂ ਘਰ 'ਚ ਰੋਂਦਾ ਜਿਹੜਾ ਆਉਂਦਾ ਹੈ, ਉਹ ਹੱਸਦਾ ਮੁੜਦਾ ਹੈ। ਉਜੜਿਆ ਹੋਇਆ ਆਉਂਦਾ ਹੈ, ਵਸ ਕੇ ਜਾਂਦਾ ਹੈ ਇੱਥੋਂ।

ਕਹਿੰਦੇ, ਰੋਣਾ ਬੰਦ ਕਰੋ, ਖੁਸ਼ੀ 'ਚ ਆਓ। ਹੋ ਜਾਏਗੀ ਹੁਣ ਤੁਹਾਡੇ ਧਰਮ ਦੀ ਰੱਖਿਆ। ਜਾਓ ਜਾ ਕੇ ਇੱਕ ਅਰਜ਼ਦਾਸਤ ਲਿਖੋ, ਜਿੰਨੇ ਤੁਸੀਂ ਨੁਮਾਇੰਦੇ ਆਏ ਓਂ ਭਾਰਤ ਵਰਸ਼ ਦੇ, ਉਸ 'ਤੇ ਦਸਤਖਤ ਕਰੋ ਸਾਰੇ, ਇਹਦੇ ਉਤੇ ਲਿਖ ਦਿਓ ਕਿ ਗੁਰੂ ਤੇਗ ਬਹਾਦਰ ਸਾਹਿਬ ਸਾਡੇ ਗੁਰੂ ਨੇ, ਬਾਦਸ਼ਾਹ ਸਲਾਮਤ! ਇਕੱਲੇ-ਇਕੱਲੇ ਬੰਦੇ ਦੇ ਪਿੱਛੇ ਨਾ ਫਿਰ, ਇਕੱਲੇ-ਇਕੱਲੇ ਬੰਦੇ ਨੂੰ ਨਾ ਉਜਾੜ, ਇਕੱਲੇ-ਇਕੱਲੇ ਨੂੰ ਨਾ ਮਾਰ, ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ 'ਚ ਲੈ ਲੈ, ਉਹ ਆ ਗਏ, ਅਸੀਂ ਸਾਰੇ ਆਪੇ ਹੀ ਆ ਜਾਵਾਂਗੇ। ਕਿੱਡਾ ਸੁਖਾਲਾ ਤਰੀਕਾ ਅਸੀਂ ਤੁਹਾਨੂੰ ਦਸਦੇ ਹਾਂ। ਜਾ ਕੇ ਅਰਜ਼ਦਾਸਤ ਦੇ ਦਿੱਤੀ। ਔਰੰਗਜ਼ੇਬ ਸਾਹਿਬ ਦੇ ਪਾਸ ਪਹੁੰਚ ਜਾਂਦੀ ਹੈ। ਹੁਕਮ ਹੋ ਗਿਆ ਕਿ ਕਤਲ ਬੰਦ ਕਰ ਦਿਓ। ਇੱਕ ਨੂੰ ਬਣਾਉਂਦੇ ਹਾਂ ਜੇ ਉਹ ਬਣ ਗਿਆ, ਆਪਾਂ ਨੂੰ ਮਾਰਨ ਦੀ ਕੀ ਲੋੜ ਹੈ, ਆਪਣੇ ਆਪ ਹੀ ਬਣੇ ਬਣਾਏ ਆ ਜਾਣਗੇ ਸਾਰੇ। ਮੰਦਰ ਵੀ ਨਾ ਢਾਹੋ, ਇਨ੍ਹਾਂ ਨੇ ਆਪੇ ਹੀ ਇਨ੍ਹਾਂ ਨੂੰ ਮਸਜਿਦਾਂ ਆਪੇ ਬਣਾ ਲੈਣਾ ਹੈ। ਹਿੰਦੋਸਤਾਨ 'ਚ ਸੁੱਖ ਦਾ ਸਾਹ ਆ ਗਿਆ ਕਿ ਹੁਣ ਸਾਡਾ ਇਲਾਜ ਹੋ ਜਾਏਗਾ, ਗੁਰੂ ਮਹਾਰਾਜ ਸਮਰੱਥ ਨੇ, ਇਨ੍ਹਾਂ ਨੇ ਤਾਂ ਇੱਕ ਦ੍ਰਿਸ਼ਟੀ ਕਰਕੇ ਹੀ ਸਾਰੀ ਫੌਜ ਨੂੰ ਗਰਕ ਕਰ ਦੇਣਾ ਹੈ। ਲੇਕਿਨ ਗੁਰੂ ਸਾਹਿਬ ਦਾ ਇਹ ਨਹੀਂ ਸੀ ਮਤਲਬ ਉਨ੍ਹਾਂ ਦਾ ਬਲੀਦਾਨ ਦਾ ਸੀ ਕਿ ਇਹਦੀ ਸੁੱਤੀ ਹੋਈ ਆਤਮਾ ਜਗਾ ਦੇਈਏ, ਜੇ ਨਾ ਜਾਗੀ, ਫੇਰ ਸ਼ਸਤਰ ਤਿਆਰ ਨੇ ਗੁਰੂ ਦਸਵੇਂ ਪਾਤਸ਼ਾਹ ਦੇ ਰੂਪ ਵਿਚ। ਉਥੇ ਕਿਹੜਾ ਹੋਰ ਗੁਰੂ ਨੇ ਆਉਣਾ ਹੈ, ਉਨ੍ਹਾਂ ਨੇ ਹੀ ਫੇਰ ਆਉਣਾ ਸੀ। ਇਸ ਤਰ੍ਹਾਂ ਅਰਜ਼ਦਾਸਤ ਦੇ ਦਿੱਤੀ।

ਗੁਰੂ ਮਹਾਰਾਜ ਨੂੰ ਹੁਕਮ ਆ ਜਾਂਦਾ ਹੈ, ਅਹਿਦੀਏ ਆ ਜਾਂਦੇ ਨੇ

ਨਾਲ ਬਹੁਤ ਸਾਰੇ ਸਵਾਰ ਆ ਜਾਂਦੇ ਨੇ। ਅਨੰਦਪੁਰ ਸਾਹਿਬ ਪਹੁੰਚਦੇ ਨੇ, ਦਰਸ਼ਨ ਕਰਦੇ ਨੇ। ਦਰਸ਼ਨਾਂ ਦੀ ਕਸ਼ਸ਼ ਦੇ ਨਾਲ, ਜੋ ਗੱਲ ਕਹਿਣੀ ਸੀ ਕਹਿ ਨਾ ਸਕੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਨੇ ਬੜੀ ਉਨ੍ਹਾਂ ਨਾਲ ਗੱਲਬਾਤ ਕਰੀ। ਉਹ ਕਹਿੰਦੇ ਦੇਖੋ, ਅਸੀਂ ਆਏ ਤਾਂ ਹਾਂ ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਨ ਵਾਸਤੇ। ਸਾਡਾ ਜੀਅ ਨਹੀਂ ਕਰਦਾ ਕਿ ਅਸੀਂ ਗ੍ਰਿਫਤਾਰ ਕਰੀਏ, ਐਡੀ ਵੱਡੀ ਹਸਤੀ ਨੂੰ। ਅਸੀਂ ਸਲਾਮ ਕਰਦੇ ਹਾਂ, ਸਾਡਾ ਸਿਰ ਝੁਕਦਾ ਹੈ। ਪਰ ਦੂਜੇ ਪਾਸੇ ਸਾਡੀ ਨੌਕਰੀ ਦਾ ਸਵਾਲ ਹੈ। ਮਹਾਰਾਜ ਜੀ ਦੇ ਪੇਸ਼ ਕਰ ਦਿੱਤੇ। ਕਹਿੰਦੇ, ਪ੍ਰੇਮੀਓ! ਅਸੀਂ ਤਾਂ ਆਪ ਹੀ ਆਉਣ ਵਾਲੇ ਹਾਂ, ਤੁਸੀਂ ਫਿਕਰ ਨਾ ਕਰੋ। ਅਸੀਂ ਆ ਜਾਵਾਂਗੇ, ਸਮਾਂ ਸਾਡਾ ਆ ਰਿਹਾ ਹੈ, ਇਹੀ ਕੰਮ ਅਸੀਂ ਕਰਨਾ ਹੈ, ਜਾਓ ਔਰੰਗਜ਼ੇਬ ਨੂੰ ਕਹਿ ਦਿਓ ਕਿ ਆ ਰਹੇ ਨੇ। ਉਸ ਵੇਲੇ ਗੁਰੂ ਮਹਾਰਾਜ ਨੇ ਅਹਿਦੀਏ ਭੇਜ ਦਿੱਤੇ। ਉਸ ਵੇਲੇ ਮਾਤਾਵਾਂ ਦੇ ਪਾਸ ਆਪ ਜਾਂਦੇ ਨੇ, ਮਾਤਾ ਨਾਨਕੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰੇ ਪੁੱਤਰ ਦੇ ਜ਼ਿੰਮੇ ਐਡਾ ਔਖਾ ਹਿੱਸਾ ਆ ਗਿਆ, ਔਰੰਗਜ਼ੇਬ ਨੇ ਤਾਂ ਮੁਆਫ ਨਹੀਂ ਕਰਨਾ। ਉਹ ਤਾਂ ਜਿਵੇਂ ਗੁਰੂ ਪੰਜਵੇਂ ਪਾਤਸ਼ਾਹ ਨੂੰ ਜਿਹੜੇ ਇਨ੍ਹਾਂ ਦੇ ਸਸੁਰ ਲਗਦੇ ਸੀ, ਪਿਤਾ ਲਗਦੇ ਸੀ, ਉਨ੍ਹਾਂ ਦਾ ਅਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਦੇ ਨਾਲ ਤੱਤੀਆਂ ਤਵੀਆਂ 'ਤੇ ਬਿਠਾ ਕੇ ਤਸੀਹੇ ਦਿੱਤੇ ਗਏ, ਮੇਰੇ ਪੁੱਤਰ ਦਾ ਵੀ ਇਹ ਹਾਲ ਹੋਏਗਾ। ਮਨ ਵਿਚ ਥੋੜ੍ਹਾ ਵੈਰਾਗ ਆ ਗਿਆ। ਮਾਤਾ ਗੁਜਰੀ ਜੀ ਨੂੰ ਜਦੋਂ ਪਤਾ ਲਗਦਾ ਹੈ ਕਿ ਮੇਰਾ ਸਾਥ ਹੁਣ ਅਲਾਹਿਦਾ ਹੋ ਜਾਏਗਾ ਛੋਟਾ ਬੱਚਾ ਹੈ, ਇੱਕ ਮੁਗਲ ਸਲਤਨਤ ਦੇ ਨਾਲ ਟੱਕਰ ਲੈ ਰਹੇ ਨੇ। ਕੁਛ ਖਬਸ਼ਾ ਆਇਆ, ਸੰਸਾ ਵਿਆਪਿਆ, ਮਹਾਰਾਜ ਨੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ, ਇਹ ਗੁਰੂ ਨਾਨਕ ਦੀ ਗੱਦੀ ਹੈ, ਸਾਡਾ ਫਰਜ਼ ਬਣਦਾ ਹੈ ਜਿੱਥੇ ਸੰਸਾਰ ਦੇ ਮਨਾਂ 'ਚੋਂ ਹਨ੍ਹੇਰਾ ਕੱਢਦੇ ਹਾਂ ਉਥੇ ਇਨ੍ਹਾਂ ਦੇ ਦੁੱਖਾਂ ਦਾ ਵੀ ਇਲਾਜ ਕਰੀਏ। ਫੇਰ ਆਤਮਾ ਤਾਂ ਮਰਦੀ ਨਹੀਂ, ਆਤਮਾ ਤਾਂ ਸਦਾ ਅਮਰ ਹੈ। ਕਦੇ ਕਿਤੇ ਜਾਂਦੀ ਨਹੀਂ। ਸਰੀਰ ਕਿਸੇ ਦਾ ਕਿਤੇ ਜਾਂਦਾ ਨਹੀਂ। ਉਸ ਵੇਲੇ ਬ੍ਰਹਮਗਿਆਨ ਦੀ ਦਾਤ ਦਿੱਤੀ ਮਾਤਾ ਜੀ ਨੂੰ। ਬ੍ਰਹਮਗਿਆਨ ਦੇ ਵਿਚ ਪਰਪੱਕ ਕਰ ਦਿੱਤੇ। ਉਸ ਤੋਂ ਬਾਅਦ ਬੇਅੰਤ ਸੰਗਤਾਂ ਨੇ ਸੁਣਿਆ, ਸੁਣ ਕੇ ਇਕੱਠ ਹੋ ਗਿਆ, ਇਕੱਠੇ ਹੋ ਕੇ ਸਾਰੇ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਤੁਸੀਂ ਸਮਰੱਥ ਪੁਰਸ਼ ਓਂ, ਕੋਈ ਭਾਣਾ ਐਸਾ ਵਰਤਾਅ ਦਿਓ ਕਿ ਬਲੀਦਾਨ ਨਾ ਦੇਣਾ ਪਵੇ। ਆਪ ਸਮਰੱਥ ਓਂ, ਇੱਕ ਨਿਗ੍ਹਾ ਕਰ ਦੇਵੋਂ ਸਾਰਾ ਠੀਕ ਹੋ ਜਾਏਗਾ। ਕਹਿੰਦੇ, ਨਹੀਂ ਪ੍ਰੇਮੀਓ! ਅਸੀਂ ਇਹ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਣਾ ਹੈ ਕਿਉਂਕਿ ਜਦੋਂ ਰਾਜ ਦਿੱਤਾ ਸੀ, ਨਾਲ ਕਿਹਾ ਸੀ ਕਿ ਸੱਤ ਬਾਦਸ਼ਾਹੀਆਂ, ਸੱਤ ਸੀਸ ਦੇਵਾਂਗੇ। ਇਸ ਕਰਕੇ ਅਸੀਂ ਉਹ ਪ੍ਰਣ ਪੂਰਾ ਕਰਨਾ ਹੈ। ਬਚਨ ਪੂਰਾ ਕਰਨਾ ਹੈ। ਤੁਸੀਂ ਫਿਕਰ ਨਾ ਕਰੋ। ਹਰ ਤਰ੍ਹਾਂ ਦੇ ਨਾਲ ਗੋਬਿੰਦਰਾਇ ਆਪ ਦੀ ਸਹਾਇਤਾ ਕਰਨਗੇ। ਬੜੇ ਵੱਡੇ-ਵੱਡੇ ਇਨ੍ਹਾਂ ਨੇ ਕੰਮ ਕਰਨੇ ਨੇ, ਤੁਸੀਂ

ਇਨ੍ਹਾਂ 'ਤੇ ਭਰੋਸਾ ਰੱਖਿਓ, ਬੱਚੇ ਨਾ ਜਾਣਿਓ, ਇਹ ਧੁਰ ਦਰਗਾਹ ਤੋਂ, ਅਕਾਲ ਪੁਰਖ ਤੋਂ ਭੇਜੇ ਗਏ ਨੇ, ਇਸੇ ਕੰਮ ਨੂੰ ਕਰਨ ਵਾਸਤੇ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਬਿਰਹੋਂ ਦੇ ਵਿਚ ਤੱਕ ਕੇ ਆਪ ਵਿਦਾ ਹੁੰਦੇ ਨੇ, ਦਸ ਸਵਾਰ ਨਾਲ ਲੈ ਲਏ। ਪਰ ਸੰਗਤ ਪਿਛੇ-ਪਿਛੇ ਜਾ ਰਹੀ ਹੈ। ਦੌੜ-ਦੌੜ ਕੇ ਨਾਲ ਰਲ ਰਹੇ ਨੇ ਕਿ ਗੁਰੂ ਮਹਾਰਾਜ ਦੇ ਜਿੱਥੇ ਤੱਕ ਦਰਸ਼ਨ ਹੋ ਸਕਣ, ਕਰਦੇ ਹੀ ਜਾਈਏ। ਉਸ ਵੇਲੇ ਗੁਰੂ ਮਹਾਰਾਜ ਨੇ ਸਾਰਿਆਂ ਨੂੰ ਰੋਕ ਦਿੱਤਾ ਕਿ ਇਸ ਤੋਂ ਅੱਗੇ ਨਹੀਂ ਆਉਣਾ ਭਾਈ। ਇੱਥੋਂ ਹੁਣ ਸਾਡਾ ਬਚਨ ਮੰਨੋ, ਉਸ ਵੇਲੇ ਵੈਰਾਗੀਆਂ ਦੇ ਮਨਾਂ 'ਚ ਐਸੀ ਹੂਕ ਉੱਠੀ ਕਿ ਐਸ ਤਰ੍ਹਾਂ ਦੀ ਆਵਾਜ਼ ਆਈ।

***ਧਾਰਨਾ - ਕਦੇ ਹੋਣਗੇ ਸਬੱਬਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ।***

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥***
***ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥***

***ਅੰਗ - 439***

ਸੱਜਲ ਨੇਤਰ ਨੇ, ਬਿਰਹੁ ਦੀ ਝਾਲ ਨਹੀਂ ਝੱਲ ਸਕਦੇ। ਗੁਰੂ ਮਹਾਰਾਜ ਜਾ ਰਹੇ ਨੇ, ਟਿਕ ਲਾਈ ਦੇਖ ਰਹੇ ਨੇ।

ਸੰਗਤਾਂ ਤੋਂ ਵਿਛੜਨਾ ਕਿਹੜਾ ਸੁਖਾਲਾ ਹੁੰਦਾ ਹੈ ਸਾਧਸੰਗਤ ਜੀ! ਬਹੁਤ ਔਖਾ ਹੁੰਦਾ ਹੈ।

ਇਸ ਤਰ੍ਹਾਂ ਆਪ ਸਾਥੀਆਂ ਸਮੇਤ ਜਾ ਰਹੇ ਨੇ। ਪਹਿਲਾਂ ਆ ਕੇ ਭਰਤਗੜ੍ਹ ਆਪ ਰਾਤ ਕੱਟਦੇ ਨੇ, ਉਸ ਤੋਂ ਬਾਅਦ ਰੋਪੜ ਜਾਂਦੇ ਨੇ, ਫੇਰ ਮੁਕਾਰਾਂਪੁਰ, ਕਬੂਲਪੁਰ, ਨਨਹੇੜੀ, ਸੈਫਾਬਾਦ, ਸ਼ੈਫਅਲੀ ਦੇ ਪਾਸ ਪਟਿਆਲੇ ਦੇ ਕੋਲ, ਉਸ ਵੇਲੇ ਪਟਿਆਲਾ ਨਹੀਂ ਸੀ ਹੁੰਦਾ, ਇਹ ਤਾਂ ਮਹਾਰਾਜ ਪਟਿਆਲਾ ਨੇ 'ਪਟੀ-ਆਲਾ' ਕਹਿੰਦੇ ਸੀ, 'ਆਲੇ ਦੀ ਪੱਟੀ' ਉਸ ਥਾਂ 'ਤੇ ਚਲੇ ਜਾਂਦੇ ਨੇ, ਉਥੇ ਬੜੀ ਵੱਡੀ ਹਵੇਲੀ ਬਣਾਈ ਹੋਈ ਸੀ। ਔਰੰਗਜ਼ੇਬ ਦਾ ਰਿਸ਼ਤੇਦਾਰ ਸੀ ਉਹ। ਉਹ ਕਹਿਣ ਲੱਗਿਆ, ਮਹਾਰਾਜ! ਆਪ ਅੱਗੇ ਨਾ ਜਾਓ ਕਿਉਂਕਿ ਮੈਂ ਜਾਣਦਾ ਹਾਂ, ਮੇਰਾ ਰਿਸ਼ਤੇਦਾਰ ਹੈ, ਬੜਾ ਕਰੂਰ ਸੁਭਾਅ ਦਾ ਹੈ, ਆਪ ਨੂੰ ਸ਼ਹੀਦ ਕਰ ਦਏਗਾ। ਮਹਾਰਾਜ ਕਹਿੰਦੇ, ਸ਼ਹੀਦ ਕਿਹੜੀ ਚੀਜ਼ ਨੂੰ ਕਰ ਦਏਗਾ। ਇਹ ਤਨ ਨੇ ਤਾਂ ਜਾਣਾ ਹੀ ਜਾਣਾ ਹੈ -

***ਸਾਧੋ ਇਹੁ ਤਨੁ ਮਿਥਿਆ ਜਾਨਉ ॥***
***ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥***

***ਅੰਗ - 1186***

ਇਹਨੂੰ ਕੋਈ ਤਲਵਾਰ ਕੱਟ ਨਹੀਂ ਸਕਦੀ। ਕੋਈ ਪਾਣੀ ਡੋਬ ਨਹੀਂ ਸਕਦਾ। ਅੱਗ ਇਸਨੂੰ ਜਾਲ ਨਹੀਂ ਸਕਦੀ, ਆਤਮਾ ਸਦਾ ਅਮਰ ਹੈ। ਬਾਕੀ ਹੈ ਸਰੀਰ ਦਾ ਕੱਪੜਾ, ਇਹ ਤਾਂ ਛੱਡਣਾ ਹੀ ਪੈਂਦਾ ਹੈ ਕਿਉਂਕਿ ਸੰਸਾਰ ਦੇ ਉਤੇ ਕੋਈ ਰਿਹਾ ਨਹੀਂ ਅੱਜ ਤੱਕ। ਇਹ ਸੰਸਾਰ ਜਾਣ ਵਾਲਾ

ਥਾਂ ਹੈ। ਇਹਦਾ ਨਾਉਂ ਹੀ ਮ੍ਰਿਤੂ ਦਾ ਮੰਡਲ ਹੈ। ਇਥੇ ਆਦਮੀ ਆਉਂਦਾ ਹੀ ਜਾਣ ਵਾਸਤੇ ਹੈ, ਟਿਕਣ ਵਾਸਤੇ ਨਹੀਂ ਆਉਂਦਾ। ਥੋੜ੍ਹੀ ਦੇਰ ਲਈ ਆਉਣਾ ਹੈ, ਆ ਕੇ ਕਿਸੇ ਥਾਂ ਦੇ ਉਤੇ ਟਿਕਣ ਦਾ ਯਤਨ ਕਰਨਾ ਹੈ, ਕਿਉਂਕਿ ਨਾਉਂ ਮ੍ਰਿਤ ਮੰਡਲ ਹੋ ਗਿਆ ਇਸਦਾ, 'ਮੌਤ ਦਾ ਮੰਡਲ'। ਇਥੇ ਤਾਂ ਰਹਿਣਾ ਹੀ ਨਹੀਂ।

*ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥* *ਅੰਗ - 740*

ਇੱਥੋਂ ਤਾਂ ਸਾਰੇ ਤੁਰਦੇ ਹੀ ਜਾਂਦੇ ਨੇ। ਸੋ ਸੈਫ ਅਲੀ ਨੂੰ ਆਪ ਨੇ ਸਮਝਾਇਆ। ਐਨੇ ਨੂੰ ਪਤਾ ਲੱਗਿਆ ਕਿ ਗੁਰੂ ਸਾਹਿਬ ਇੱਥੇ ਨੇ। ਤਾਂ ਸਵਾਰ ਆਉਂਦੇ ਨੇ, ਆਫੀਸਰ ਆਉਂਦਾ ਹੈ ਕੋਈ ਫੌਜ ਦਾ, ਇਨ੍ਹਾਂ ਨੂੰ ਖਬਰ ਲਗਦੀ ਹੈ ਤਾਂ ਇਹ ਮਹੁੰਮਦ ਬਖਸ਼ ਸਮਾਣੇ ਦੀ ਗੜ੍ਹੀ ਵਾਲੇ ਨੇ, ਉਸ ਥਾਂ 'ਤੇ ਗੁਰੂ ਮਹਾਰਾਜ ਨੂੰ ਭੇਜ ਦਿੰਦੇ ਨੇ। ਮਹਾਰਾਜ! ਮੈਨੂੰ ਪਤਾ ਲੱਗਿਆ ਹੈ ਕਿ ਆਪ ਨੇ ਆਉਣਾ ਹੈ, ਆਪ ਦਾ ਪਰਮ ਸੇਵਕ ਹੈ ਮਹੁੰਮਦ ਬਖਸ਼, ਬ੍ਰਹਮਗਿਆਨ ਦੀ ਗੱਲ ਸਮਝਦਾ ਹੈ। ਆਪ ਨੇ ਸੈਫ ਅਲੀ 'ਤੇ ਕ੍ਰਿਪਾ ਕੀਤੀ। ਬ੍ਰਹਮਗਿਆਨ ਦੀ ਦਾਤ ਦਿੱਤੀ, ਆਪ ਅੱਗੇ ਚਲੇ ਗਏ। ਉਹ ਸਮਾਣੇ ਜਦੋਂ ਜਾਂਦੇ ਨੇ, ਪਤਾ ਕਰਕੇ ਉਥੇ ਜਦੋਂ ਪਹੁੰਚਦੇ ਨੇ ਤੇ ਗੁਰੂ ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰੋ, ਅੰਦਰ ਚੱਲੋ। ਮਹਾਰਾਜ ਕਹਿਣ ਲੱਗੇ, ਅੰਦਰ ਜਾਣ ਦੀ ਕੀ ਲੋੜ ਹੈ। ਕਹਿੰਦੇ, ਸੱਚੇ ਪਾਤਸ਼ਾਹ! ਆਪ ਦਾ ਜੋ ਸਰੀਰ ਹੈ, ਉਹ ਐਨਾ ਸਸਤਾ ਨਹੀਂ, ਇਹਦਾ ਸੰਸਾਰ ਨੂੰ ਬੇਅੰਤ ਫਾਇਦਾ ਹੈ, ਆਪ ਭਾਵੇਂ ਬ੍ਰਹਮ ਦੇ ਵਿਚ ਲੀਨ ਰਹਿੰਦੇ ਓਂ ਹਰ ਵਕਤ। ਆਪ ਨੂੰ ਕੋਈ ਪ੍ਰਵਾਹ ਨਹੀਂ ਹੈ, ਨਾ ਸੁੱਖ ਦੀ ਨਾ ਦੁੱਖ ਦੀ। ਨਾ ਹਾਨ ਦੀ ਨਾ ਲਾਭ ਦੀ। ਕਿਉਂਕਿ ਮਹਾਰਾਜ ਨੇ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਦੱਸੇ ਸੀ, ਪੁੱਛਿਆ ਸੀ ਇਹਨੇ ਕਿ ਜੀਵਨ ਮੁਕਤ ਪੁਰਸ਼ਾਂ ਦੇ ਲੱਛਣ ਕੀ ਹੁੰਦੇ ਨੇ ਮਹਾਰਾਜ। ਅਸਥਿਰ ਬੁੱਧੀ ਵਾਲਿਆਂ ਦੇ ਲੱਛਣ ਕੀ ਹੁੰਦੇ ਨੇ? ਮਹਾਰਾਜ ਕਹਿੰਦੇ ਨੇ ਉਨ੍ਹਾਂ ਦੇ ਲੱਛਣ 'ਸੁਖਮਨੀ ਸਾਹਿਬ' ਵਿਚ ਵੀ ਹਨ, ਲੇਕਿਨ ਸੁਖਾਲੇ ਤੁਹਾਨੂੰ ਦਸਦੇ ਹਾਂ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥*
*ਅੰਗ - 633*

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*

*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ - 275*

ਨਿਸ਼ਾ ਹੋ ਗਈ ਉਸਦੀ।

ਮਹਾਰਾਜ! ਕ੍ਰਿਪਾ ਕਰੋ, ਅਰਦਾਸ ਮੰਨੋ। ਮਹਾਰਾਜ ਜੀ ਨੂੰ ਅੰਦਰ ਲੈ ਗਿਆ ਗੜ੍ਹੀ ਦੇ। ਇੱਥੇ ਆ ਕੇ ਪੁੱਛਿਆ ਤਾਂ ਵਾਪਸ ਮੋੜ ਦਿੱਤੇ। ਲੇਕਿਨ ਫੇਰ ਕਿਸੇ ਨੇ ਖਬਰ ਕਰ ਦਿੱਤੀ ਕਿ ਗੁਰੂ ਮਹਾਰਾਜ ਤਾਂ ਉਥੇ ਹੀ ਨੇ। ਉਥੇ ਦੁਬਾਰਾ ਫੇਰ ਆਉਂਦੇ ਨੇ, ਮਹਾਰਾਜ ਕਹਿੰਦੇ, ਅਸੀਂ ਤਾਂ ਜਾਣਾ ਹੀ ਹੈ ਭਾਈ, ਤੂੰ ਕਿਉਂ ਇਹ ਕੰਮ ਕਰਦਾ ਹੈਂ? ਕਹਿਣ ਲੱਗਿਆ, ਨਾ ਸੱਚੇ ਪਾਤਸ਼ਾਹ! ਮੈਂ ਇਹ ਗੱਲ ਆਪਣੇ-ਆਪਣੇ ਜੀਉਂਦੇ-ਜੀਉਂਦੇ ਨਹੀਂ ਹੋਣ ਦੇਣੀ। ਉਸ ਤੋਂ ਬਾਅਦ ਤੁਹਾਨੂੰ ਗ੍ਰਿਫਤਾਰ ਕਰ ਲੈਣ, ਮੇਰੀਆਂ ਅੱਖਾਂ ਦੇ ਸਾਮ੍ਹਣੇ ਨਾ ਕਰਨ। ਉਸ ਵੇਲੇ ਬੜਾ ਡਾਂਟ ਕੇ ਕਿਹਾ ਕਿ ਤੁਸੀਂ ਵਿਸ਼ਵਾਸ਼ ਨਹੀਂ ਕਰਦੇ। ਮੈਂ ਗੁਰੂ ਤੇਗ ਬਹਾਦਰ ਸਾਹਿਬ ਤੌਂ ਕੀ ਲੈਣਾ ਹੈ। ਜੇ ਗ੍ਰਿਫਤਾਰ ਹੋ ਗਏ, ਮੈਨੂੰ ਤਾਂ ਬੜੀ ਖੁਸ਼ੀ ਹੈ, ਤੁਸੀਂ ਕਿਉਂ ਨਹੀਂ ਜਾਂਦੇ। ਇਸ ਤਰ੍ਹਾਂ ਕਰਕੇ ਮੋੜ ਦਿੱਤੇ। ਇਸ ਤਰ੍ਹਾਂ ਗੁਰੁ ਮਹਾਰਾਜ ਹੌਲੀ-ਹੌਲੀ ਚਲਦੇ-ਚਲਦੇ, ਬੇਅੰਤ ਸੰਗਤਾਂ ਉਡੀਕ ਰਹੀਆਂ ਸੀ ਮਹਾਰਾਜ ਨੂੰ। ਹਰ ਥਾਂ 'ਤੇ ਜਾਂਦੇ ਨੇ, ਜਿੱਥੋਂ ਅਰਦਾਸਾਂ ਆਉਂਦੀਆਂ ਨੇ ਉਥੇ ਹੀ ਪਹੁੰਚਦੇ ਨੇ ਤੇ ਚਲਦੇ-ਚਲਦੇ ਇੱਕ ਸਾਧੂ ਬੜੀ ਦੇਰ ਦਾ ਤਪ ਕਰ ਰਿਹਾ ਸੀ। ਪਿੰਡ ਕਨੌੜ ਸੀ ਉਹ, ਨਾਰਨੌਲ ਵੱਲ, ਉਥੇ ਪਹੁੰਚ ਜਾਂਦੇ ਨੇ। ਜਦੋਂ ਉਹਨੂੰ ਪਤਾ ਲੱਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਆ ਗਏ, ਉਹਨੇ ਤਨੋ ਮਨੋ ਹੋ ਕੇ ਸੇਵਾ ਕਰੀ। ਬੜਾ ਸਿੱਧ ਪੁਰਸ਼ ਸੀਗਾ। ਰਿੱਧੀਆਂ-ਸਿੱਧੀਆਂ ਦਾ ਮਾਲਕ ਸੀ। ਉਸ ਵੇਲੇ ਗੁਰੂ ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਮੈਂ ਜਪ ਵੀ ਕਰਦਾ ਹਾਂ, ਤਪ ਵੀ ਕਰਦਾ ਹਾਂ, ਪ੍ਰਾਣਾਯਾਮ ਵੀ ਕਰਦਾ ਹਾਂ, ਹੋਰ ਸਾਧਨ ਵੀ ਕਰਦਾ ਹਾਂ, ਮੇਰੇ ਮਨ ਨੂੰ ਸ਼ਾਂਤੀ ਨਹੀਂ ਆ ਰਹੀ। ਕ੍ਰਿਪਾ ਕਰੋ ਮੇਰੇ ਉਤੇ, ਮੈਨੂੰ ਦਾਤ ਬਖਸ਼ੋ ਨਾਮ ਦੀ। ਉਸ ਵੇਲੇ ਮਹਾਰਾਜ ਜੀ ਨੇ ਨਾਮ ਦੀ ਦਾਤ ਬਖਸ਼ਣ ਤੋਂ ਬਾਅਦ ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਕ੍ਰਿਪਾ ਕਰ ਦਿੱਤੀ, ਬਜਰ ਕਪਾਟ ਖੋਲ੍ਹ ਦਿੱਤੇ। ਖੁਲ੍ਹਦੇ ਸਾਰ ਕੀ ਦੇਖਦਾ ਹੈ ਦਿਬਯ ਦ੍ਰਿਸ਼ਟ ਹੋ ਗਈ। ਦਿਬਯ ਦ੍ਰਿਸ਼ਟੀ ਨਾਲ ਦੇਖਦਾ ਹੈ ਕਿ ਗੁਰੂ ਮਹਾਰਾਜ ਤਾਂ ਆਪਣਾ ਬਲੀਦਾਨ ਦੇਣ ਵਾਸਤੇ ਜਾ ਰਹੇ ਨੇ। ਆਹ ਜਿਹੜੇ ਨਾਲ ਸਿੱਖ ਜਾ ਰਹੇ ਨੇ ਇਨ੍ਹਾਂ ਨੇ ਬਲੀਦਾਨ ਦੇਣਾ ਹੈ। ਉਸ ਵੇਲੇ ਠਠੰਬਰ ਗਿਆ। ਮਹਾਰਾਜ ਦੇ ਚਰਨ ਫੜ ਲਏ ਆ

ਕੇ, ਕਹਿੰਦਾ ਪਾਤਸ਼ਾਹ! ਐਨਾ ਭਿਆਨਕ ਨਾਟਕ ਕਰਨ ਵਾਸਤੇ ਆਪ ਜਾ ਰਹੇ ਓਂ? ਮਹਾਰਾਜ ਕਹਿੰਦੇ, ਯੋਗੀ ਰਾਜ! ਦਿਸ ਗਿਆ ਤੈਨੂੰ? ਕਹਿੰਦਾ ਹਾਂ। ਕਹਿੰਦੇ, ਅਸੀਂ ਠੀਕਰਾ ਭੰਨਣਾ ਹੈ ਪਰ ਉਹਦੇ ਸਿਰ ਜਾ ਕੇ ਭੰਨਣਾ ਹੈ। ਕਹਿਣ ਲੱਗਿਆ, ਪਾਤਸ਼ਾਹ! ਮੈਂ ਨਹੀਂ ਜਾਣ ਦੇਣਾ, ਕ੍ਰਿਪਾ ਕਰੋ। ਮੇਰੇ 'ਚ ਆਪ ਨੇ ਐਨੀ ਸ਼ਕਤੀ ਬਖਸ਼ ਦਿਤੀ ਹੈ ਕਿ ਸਣੇ ਔਰੰਗਜ਼ੇਬ ਜੋ ਵੀ ਸਾਮ੍ਹਣੇ ਆਇਆ, ਮੈਂ ਸਾਰਿਆਂ ਨੂੰ ਨਸ਼ਟ ਕਰ ਦੇਣਾ ਹੈ ਇੱਥੋਂ ਬੈਠਾ ਹੀ। ਮਹਾਰਾਜ! ਯੋਗੀਰਾਜ! ਇਹ ਕੰਮ ਆਪਾਂ ਨਹੀਂ ਕਰਨਾ। ਫੇਰ ਦੇਖ ਧਿਆਨ ਲਾ ਕੇ। ਧਿਆਨ ਲਾ ਕੇ ਦੇਖਦਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਤਾਂ ਸਮੁੰਦਰ ਨੇ ਸ਼ਕਤੀਆਂ ਦਾ।, ਭੰਡਾਰਾ ਨੇ ਜਿੱਥੋਂ ਮੇਰੇ 'ਚ ਭੌਰਾ ਕੁ ਸ਼ਕਤੀ ਆਈ ਹੈ। ਇਹ ਤਾਂ ਆਪ ਹੀ ਸਾਰਾ ਕੁਛ ਕਰ ਸਕਦੇ ਨੇ। ਉਸ ਵੇਲੇ ਭਾਣੇ ਦੀ ਰਜ਼ਾ ਦੇ ਵਿੱਚ ਰਾਜ਼ੀ ਹੋ ਕੇ, ਮੰਨ ਗਿਆ, ਮਹਾਰਾਜ ਕਹਿੰਦੇ, ਤੇਰੇ ਕੋਲ ਡੋਲ੍ਹ ਨਾਮ ਦਾ ਜਗਿਆਸੂ ਆਏਗਾ, ਇਹ ਬ੍ਰਹਮਗਿਆਨ ਦੀ ਦਾਤ ਉਹਨੂੰ ਦੇਈਂ। ਉਹਨੂੰ ਦਾਤ ਦਿੱਤੀ। ਉਸ ਤੋਂ ਬਾਅਦ ਇੱਕ ਬੀਬੀ ਆਈ, ਜੋ ਦਿਨ ਰਾਤ ਉਹਦੀ ਸੇਵਾ 'ਚ ਰਿਹਾ ਕਰਦੀ ਸੀ, ਉਹਦੇ ਉਤੇ ਕ੍ਰਿਪਾ ਕਰ ਦਿੱਤੀ, ਬੇਅੰਤ ਸ਼ਕਤੀਆਂ ਦੀ ਮਾਲਕ ਹੋਈ, ਨਾਮ ਨਾਨਕੀ ਸੀ। ਉਸ ਤੋਂ ਬਾਅਦ ਫੇਰ ਇੱਕ ਬੀਬੀ ਆਈ, ਜਿਸਨੇ ਓਸ ਇਲਾਕੇ ਨੂੰ ਗੁਰਸਿੱਖੀ ਵਿਚ ਰੱਖ ਕੇ ਤਾਰਿਆ। ਉਹਦਾ ਨਾਉਂ ਵੀ ਨਾਨਕੀ ਸੀ। ਤਿੰਨ ਬੀਬੀਆਂ ਨੂੰ ਬ੍ਰਹਮਗਿਆਨ ਉਸ ਤੋਂ ਹੋਇਆ। ਇਸ ਤਰ੍ਹਾਂ ਮਹਾਰਾਜ ਜੀ ਤਾਰਦੇ, ਗੁਰਸਿੱਖੀ ਫੈਲਾਉਂਦੇ ਹੋਏ ਆਪ, ਅਰਦਾਸਾਂ ਹੋ ਰਹੀਆਂ ਨੇ, ਅਰਦਾਸ ਦੇ ਵਿੱਚ ਇੱਕ ਸੱਯਦ ਅਰਦਾਸ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਬੜਾ ਇਨਾਮ ਰੱਖਿਆ ਗਿਆ ਹੈ ਕਿ ਜੇ ਕਿਤੇ ਮੇਰੇ ਰਾਹੀਂ ਗ੍ਰਿਫਤਾਰ ਹੋ ਜਾਣ ਤਾਂ ਮੈਨੂੰ ਕੁਛ ਪੈਸਾ ਮਿਲ ਜਾਵੇ। ਮਹਾਰਾਜ! ਉਸੇ ਤਰ੍ਹਾਂ ਬਾਗ ਵਿੱਚ ਜਾ ਬੈਠੇ। ਉਹਦੇ ਕੋਲ ਹੀ ਚਲੇ ਗਏ ਤੇ ਕੌਤਕ ਵਰਤਾ ਦਿੱਤਾ। ਆਪਣਾ ਦੁਸ਼ਾਲਾ ਜੋ ਹਜ਼ਾਰਾਂ ਰੁਪਏ ਦਾ ਤੇ ਕੀਮਤੀ ਮੁੰਦਰੀ, ਕਹਿ ਦਿੱਤਾ ਕਿ ਇਹਦੀ ਮਠਿਆਈ ਲੈ ਆ ਜਾ ਕੇ, ਪਾਉਣ ਨੂੰ ਕਹਿੰਦਾ ਸੀ, ਕਹਿੰਦੇ ਇਹਦੇ 'ਚ ਹੀ ਪੁਆ ਲਿਆਈਂ। ਜਿਸ ਵੇਲੇ ਹਲਵਾਈ ਨੇ ਦੇਖਿਆ ਤਾਂ ਉਹਨੇ ਕਿਹਾ ਕਿ ਇਹ ਤਾਂ ਚੋਰੀ ਕਰਕੇ ਲਿਆਇਆ ਹੈ। ਕੋਤਵਾਲ ਨੂੰ ਖਬਰ ਦੇ ਦਿਤੀ। ਮਹਾਰਾਜ ਉਥੇ ਆ ਗਏ, ਆ ਕੇ ਗ੍ਰਿਫਤਾਰ ਕਰ ਲਿਆ। ਮਹਾਰਾਜ ਕਹਿੰਦੇ, ਪਹਿਲਾਂ ਇਹਨੂੰ ਇਨਾਮ ਦਿਓ, ਜਿਹੜਾ ਮੇਰੇ ਫੜਨ ਦਾ ਰੱਖਿਆ ਹੈ, ਪੰਜ ਹਜ਼ਾਰ ਰੁਪਿਆ ਉਸ ਵੇਲੇ ਦਾ, ਹੁਣ ਦਾ ਸਮਝ ਲਓ 10-15 ਲੱਖ। ਸੋ ਇਸ ਤੋਂ ਬਾਅਦ ਗੁਰੂ ਮਹਾਰਾਜ ਚਲੇ ਜਾਂਦੇ ਨੇ ਤੇ ਉਥੇ ਬਹੁਤ ਲੰਮੀ ਚੌੜੀ ਗੱਲ ਹੁੰਦੀ ਹੈ। ਮਹਾਰਾਜ ਸਮਝਾਉਣ ਦਾ ਯਤਨ ਕਰਦੇ ਨੇ। ਉਹ ਕਹਿੰਦਾ, ਮੈਂ ਇੱਕ ਧਰਮ ਕਰਨਾ ਚਾਹੁੰਦਾ ਹਾਂ, ਤੁਹਾਨੂੰ ਤਾਂ ਸਾਰੇ ਧਰਮ ਇੱਕੋ ਨੇ, ਬਾਬੇ ਨਾਨਕ ਨੂੰ ਤਾਂ ਉਹੋ ਜਿਹੇ ਹਿੰਦੂ, ਉਹੋ ਜਿਹੇ ਮੁਸਲਮਾਨ। ਕਹਿੰਦੇ, ਤਾਂ ਹੀ ਤਾਂ ਨਹੀਂ ਅਸੀਂ ਬਣਨ ਦਿੰਦੇ ਕਿ ਇਹ ਅਕਾਲ ਪੁਰਖ ਦੀ ਰਜ਼ਾ 'ਚ ਚੱਲ ਰਹੇ ਨੇ। ਤੂੰ ਧੱਕਾ ਕਰ ਰਿਹਾ ਹੈਂ। ਮਹਾਰਾਜ ਕਹਿੰਦੇ, ਚੰਗਾ ਮਿਰਚਾਂ ਲਿਆ। ਮਿਰਚਾਂ ਜਾਲ ਕੇ ਦੇਖ ਲਈਂ। ਜੇ ਇੱਕ ਰਹਿ

ਗਈ ਤਾਂ ਇੱਕ ਹੋ ਜਾਏਗਾ, ਜੇ ਵੱਧ ਹੋ ਗਈਆਂ ਤਾਂ ਓਨੇ ਧਰਮ ਹੋਣਗੇ। ਮਿਰਚਾਂ ਜਾਲੀਆਂ ਗਈਆਂ, ਸੁਆਹ ਛਾਣੀ ਗਈ। ਕੀ ਦੇਖਦੇ ਨੇ ਤਿੰਨ ਮਿਰਚਾਂ ਸਾਬਤ ਨਿਕਲ ਆਈਆਂ। ਮਹਾਰਾਜ ਕਹਿੰਦੇ ਔਰੰਗਜ਼ੇਬ! ਤੂੰ ਤਾਂ ਦੋ ਕਹਿੰਦਾ ਸੀ, ਤਿੰਨ ਹੋ ਜਾਣੇ ਨੇ ਹੁਣ। ਖਾਲਸਾ ਵੀ ਪ੍ਰਗਟ ਹੋ ਰਿਹਾ ਹੈ ਛੇਤੀ ਤੋਂ ਛੇਤੀ। ਐਸ ਤਰ੍ਹਾਂ ਦੇ ਕੌਤਕ ਹੋ ਰਹੇ ਨੇ।

ਅਖੀਰ ਹੋ ਗਿਆ ਕਿ ਬਾਹਰ ਨਾ ਜਾਣ ਦਿਓ, ਪ੍ਰਸ਼ਾਦਾ ਬੰਦ ਕਰ ਦਿਓ। ਕੋਈ ਰੋਟੀ ਨਾ ਇਨ੍ਹਾਂ ਨੂੰ ਪਹੁੰਚੇ। ਧੰਨੇ ਵਾਂਗੂੰ ਗੁਰਸਿੱਖ ਅਰਦਾਸਾਂ ਕਰਦੇ ਨੇ ਕਿ ਪਾਤਸ਼ਾਹ! ਮੇਰੇ ਘਰ ਆਪ ਚਰਨ ਪਾਓ। ਮੇਰੇ ਘਰ ਆ ਕੇ ਪ੍ਰਸ਼ਾਦਾ ਛਕੋ। ਰਿਪੋਰਟਾਂ ਜਾਂਦੀਆ ਨੇ ਕਿ ਉਹ ਤਾਂ ਬਾਹਰ ਫਿਰਦੇ ਨੇ। ਜਦ ਸੀ.ਆਈ.ਡੀ ਕਹਿੰਦੀ ਹੈ ਕਿ ਹੁਣ ਦੇਖ ਕੇ ਆਏ ਹਾਂ ਕਿ ਉਹ ਤਾਂ ਫਲਾਣੇ ਗੁਰਸਿੱਖ ਦੇ ਘਰ ਬੈਠੇ ਨੇ। ਉਸੇ ਵੇਲੇ ਪੜਤਾਲ ਹੁੰਦੀ ਹੈ ਤਾਂ ਹਵੇਲੀ 'ਚ ਬੈਠੇ ਨੇ। ਕਹਿੰਦੇ, ਪਿੰਜਰੇ 'ਚ ਬੰਦ ਕਰ ਦਿਓ ਇਨ੍ਹਾਂ ਨੂੰ। ਪਿੰਜਰਾ ਬਹੁਤ ਸਖਤ ਸਜ਼ਾ ਹੁੰਦੀ ਹੈ, ਪਿੰਜਰੇ ਦੀ। ਕੋਈ ਆਦਮੀ ਦਸ ਮਿੰਟ ਵੀ ਨਹੀਂ ਉਹਦੇ 'ਚ ਕੱਟ ਸਕਦਾ। ਨਾ ਸਿੱਧਾ ਹੋ ਸਕੇ, ਆਲੇ ਦੁਆਲੇ ਬਹੁਤ ਤਿੱਖੇ ਸੂਏ, ਪਿੰਡੇ 'ਚ ਵੜ ਜਾਂਦੇ ਨੇ। ਮੈਂ ਇੰਗਲੈਂਡ 'ਚ ਦੇਖਿਆ ਸੀ। ਮੈਂ ਹੈਰਾਨ ਰਹਿ ਗਿਆ ਦੇਖ ਕੇ ਆਹ ਪਿੰਜਰਾ ਹੈ। ਬਹੁਤ ਬੰਦਾ ਦੁਖੀ ਹੁੰਦਾ ਹੈ ਉਹਦੇ 'ਚ। ਉਸ ਵੇਲੇ ਜਦੋਂ ਅਖੀਰ ਹੋ ਗਈ। ਭਾਈ ਮਤੀ ਦਾਸ ਨੇ ਮਹਾਰਾਜ ਤੋਂ ਆਗਿਆ ਮੰਗੀ ਕਿ ਪਾਤਸ਼ਾਹ! ਲਾਹੌਰ ਤੇ ਦਿੱਲੀ ਦੀ ਇੱਟ ਵਜਾ ਦੇਵਾਂ। ਮਹਾਰਾਜ ਕਹਿੰਦੇ, ਸ਼ਕਤੀ ਕਿੱਥੋਂ ਆਈ ਹੈ? ਕਹਿਣ ਲੱਗਿਆ, ਪਾਤਸ਼ਾਹ! ਆਪ ਦੇ ਚਰਨਾਂ 'ਚੋਂ? ਫੇਰ ਕਹਿੰਦੇ, ਵੱਡੀ ਸ਼ਕਤੀ ਸ਼ਹੀਦੀ ਦੀ ਹੁੰਦੀ ਹੈ, ਆਹ ਨਾ ਸ਼ਕਤੀ ਵਰਤ। ਸੰਸਾਰ ਤੋਂ ਆਪਾਂ ਜਾਣਾ ਹੈ, ਭਾਣਾ ਵਰਤਣਾ ਹੈ। ਦਿਬਯ ਦ੍ਰਿਸ਼ਟੀ ਦੇ ਨਾਲ ਦਿਖਾ ਦਿੱਤਾ, ਸ਼ਾਂਤ ਹੋ ਗਏ। ਉਸ ਵੇਲੇ ਭਾਈ ਮਤੀ ਦਾਸ ਦੇ ਕੋਲ ਕਾਜ਼ੀ ਆਉਂਦਾ ਹੈ, ਫਤਵਾ ਦਿੰਦਾ ਹੈ ਕਿ ਮਤੀ ਦਾਸ! ਤੈਨੂੰ ਦੋ ਚੀਜ਼ਾਂ ਨੇ, ਸਜ਼ਾਏ ਮੌਤ ਦਿੱਤੀ ਜਾਂਦੀ ਹੈ, ਤਸੀਹਿਆਂ ਦੇ ਨਾਲ। ਆਰੇ ਨਾਲ ਚੀਰ ਕੇ ਤੇਰੇ ਦੋ ਫਾੜ ਕੀਤੇ ਜਾਣਗੇ। ਇਧਰਲੇ ਪਾਸੇ ਤੈਨੂੰ ਰਿਆਇਤ ਦਿਤੀ ਜਾ ਰਹੀ ਹੈ ਕਿ ਜੇ ਤੂੰ ਇਸਲਾਮ ਧਾਰਨ ਕਰ ਲਵੇਂ ਤਾਂ ਤੈਨੂੰ ਛੁੱਟੀ ਹੋ ਜਾਏਗੀ। ਉਸ ਵੇਲੇ ਆਪ ਕਹਿਣ ਲੱਗੇ, ਨਾ; ਨਿੱਜ ਧਰਮ ਸਭ ਨੂੰ ਪਿਆਰਾ ਹੈ। ਮੌਤ ਤੋਂ ਡਰ ਕੇ ਇਹ ਚੀਜ਼ ਕਰ ਲੈਣੀ, ਫੇਰ ਗੁਰੂ ਨੇ ਤਾਂ ਕਿਹਾ ਹੈ –

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ – 1427***

ਕਹਿਣ ਲੱਗੇ, ਮਤੀ ਦਾਸ! ਜਾਨ ਨਾ ਗਵਾਓ। ਤਿਲਕ ਤੇ ਜੰਞੂ ਨਾਲ ਤੁਹਾਡੇ ਧਰਮ ਦਾ ਕੋਈ ਵਾਸਤਾ ਨਹੀਂ ਹੈ। ਕਿਉਂ ਖਾਹਮਖਾਹ ਉਨ੍ਹਾਂ ਦੇ ਵਾਸਤੇ ਜਾਨਾਂ ਦਿੰਦੇ ਓਂ? ਉਸ ਵੇਲੇ ਕਹਿਣ ਲੱਗੇ ਕਿ ਮੇਰਾ ਸਤਿਗੁਰੂ ਜਿਹੜਾ ਹੈ ਉਹ ਸਾਰਿਆਂ ਦਾ ਸਾਂਝਾ ਹੈ, ਸਾਰਿਆ ਨੂੰ ਸਾਂਝਾ ਉਪਦੇਸ਼ ਕਰਦਾ ਹੈ –

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***

***ਅੰਗ- 748***

ਉਹ ਸਾਰੇ ਸੰਸਾਰ ਦਾ ਸਾਂਝਾ ਹੈ, ਜੋ ਕੁਛ ਤੁਸੀਂ ਧੱਕਾ ਕਰਦੇ ਓਂ। ਤੁਹਾਡੇ ਨਾਲ ਸਾਡੀ ਵਿਰੋਧਤਾ ਕੋਈ ਨਹੀਂ। ਸਿਰਫ ਤੁਹਾਡੀ ਨੀਤੀ ਨਾਲ ਵਿਰੋਧਤਾ ਹੈ। ਜਾਤ ਨਾਲ ਵਿਰੋਧਤਾ ਨਹੀਂ ਹੈ। ਜ਼ਾਤ ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਨੇ ਇੱਥੇ ਦੂਜਾ ਕੋਈ ਨਹੀਂ ਹੈ, ਪਰ ਤੁਹਾਡੀ ਨੀਤੀ ਬਹੁਤ ਗਲਤ ਹੈ। ਇਹਦੀ ਅਸੀਂ ਡੱਟ ਕੇ ਵਿਰੋਧਤਾ ਕਰਾਂਗੇ। ਬਾਕੀ ਜਿਹੜੀ ਤੂੰ ਮੌਤ ਦੀ ਗੱਲ ਕਰਦਾ ਹੈ। ਸਾਨੂੰ ਗੁਰੂ ਨੇ ਮੌਤ ਤੋਂ ਪਾਰ ਕਰ ਦਿੱਤਾ। ਜਿੱਥੇ ਸਾਨੂੰ ਪਹੁੰਚਾ ਦਿੱਤਾ ਉਥੇ ਤਾਂ ਮੌਤ ਪਹੁੰਚ ਹੀ ਨਹੀਂ ਸਕਦੀ। ਐਉਂ ਪੜ੍ਹ ਲਓ–

***ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ – 1365***

ਕਬੂਲ ਕਰ ਲਿਆ ਆਰੇ ਨਾਲ ਚੀਰਿਆ ਜਾਣਾ। ਫੱਟਿਆਂ ਦੇ ਵਿਚ ਬੰਨ੍ਹ ਦਿੰਦੇ ਨੇ, ਗੁਰੂ ਮਹਾਰਾਜ ਵਲ ਪਿੱਠ ਕਰ ਦਿੱਤੀ। ਪਿੰਜਰੇ ਦੇ ਵਿਚ ਮਹਾਰਾਜ ਸਾਮ੍ਹਣੇ ਨੇ। ਦੇਖ ਰਹੇ ਨੇ। ਉਸ ਵੇਲੇ ਜਦੋਂ ਆਰਾ ਧਰਨ ਲੱਗਿਆ ਜਲਾਦ, ਕਹਿੰਦਾ ਮਤੀ ਦਾਸ! ਬਈ ਇੱਕ ਹੈਰਾਨੀ ਹੋਈ ਹੈ ਮੈਨੂੰ। ਕਿਉਂਕਿ ਆਰੇ ਨਾਲ ਚੀਰਨਾ ਤਾਂ ਮੇਰਾ ਰੋਜ਼ ਦਾ ਹੀ ਕੰਮ ਹੈ। ਬੇਅੰਤ ਚੀਰੇ ਨੇ ਪਰ ਚੀਰਨ ਤੋਂ ਪਹਿਲਾਂ ਜਾਂ ਉਹ ਮਰ ਗਏ, ਜਾਂ ਬੇਹੋਸ਼ ਹੋ ਗਏ। ਪਰ ਇੱਕ ਮੈਂ ਤੂੰ ਦੇਖਿਆ ਹੈਂ, ਜਿਹਦੇ ਨੈਣਾਂ ਦੇ ਵਿਚ ਚਮਕ ਵੱਧ ਗਈ, ਚਿਹਰੇ 'ਤੇ ਲਾਲੀ ਆ ਗਈ ਹੈ। ਕੀ ਗੱਲ ਕੋਈ ਨਸ਼ਾ ਪੀ ਲਿਆ ਤੂੰ? ਤੇਰੇ ਉਦਾਸੀ ਕਿਉਂ ਨਹੀਂ ਆਈ ਤੇ ਨਾਲ ਮੈਨੂੰ ਦਸ ਕਿ ਤੇਰੀ ਅੰਤਮ ਇੱਛਾ ਹੋਵੇ ਉਹ ਵੀ ਮੈਂ ਪੂਰੀ ਕਰਾਂ ਜੋ ਮੇਰੇ ਅਖਤਿਆਰ ਵਿਚ ਹੋਵੇ। ਉਸ ਵੇਲੇ ਭਾਈ ਮਤੀ ਦਾਸ ਕਹਿਣ ਲੱਗੇ, ਜਲਾਦ! ਆਹ ਗੱਲਾਂ ਸਮਝਣ, ਸਮਝਾਉਣ ਦਾ ਮੌਕਾ ਨਹੀਂ ਹੈ, ਤੂੰ ਆਰਾ ਰੱਖ ਮੇਰੇ ਸੀਸ 'ਤੇ ਤੇ ਚੀਰਨਾ ਸ਼ੁਰੁ ਕਰ। ਆਹ ਸਵਾਲ ਮੇਰੇ ਤੋਂ ਨਾ ਪੁੱਛ। ਕਹਿੰਦਾ, ਮਤੀਦਾਸ! ਮੇਰੇ ਮਨ ਵਿੱਚ ਰਹਿ ਜਾਏਗੀ। ਕ੍ਰਿਪਾ ਕਰ, ਮੈਨੂੰ ਇਸ ਸਵਾਲ ਦਾ ਜਵਾਬ ਦੇਹ; ਕੋਈ ਨਸ਼ਾ ਪੀ ਲਿਆ? ਉਹ ਕਹਿੰਦੇ ਹਾਂ, ਇੱਕ ਵਾਰੀ ਪੀਤਾ ਸੀ, ਉਹ ਨਸ਼ਾ ਹੁਣ ਤੱਕ ਉਤਰਿਆ ਹੀ ਨਹੀਂ ਮੁੜ ਕੇ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ, ਨਾਮ ਖੁਮਾਰੀ–ਨਾਮ ਖੁਮਾਰੀ।***

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

***ਜਨਮਸਾਖੀ***

ਕਹਿੰਦੇ, ਜਲਾਦ! ਤੇਰੀ ਸਮਝ ਤੋਂ ਪਰ੍ਹੇ ਹੈ। ਅਸੀਂ ਅੰਮ੍ਰਿਤ ਦਾ ਪਿਆਲਾ ਪੀਤਾ ਹੋਇਆ ਹੈ, ਨਾਮ ਅੰਮ੍ਰਿਤ ਦਾ। ਮੌਤ ਤੋਂ ਅਸੀਂ ਪਾਰ

ਹੋ ਗਏ, ਅੰਮ੍ਰਿਤ ਕਹਿੰਦੇ ਉਸ ਨੂੰ ਨੇ, ਜਿਥੇ ਮੌਤ ਨਾ ਪਹੁੰਚ ਸਕਦੀ ਹੋਵੇ। ਅਸੀਂ ਤਾਂ ਆਪਣੇ ਘਰ ਨੂੰ ਜਾ ਰਹੇ ਹਾਂ, ਕਾਹਦੀ ਤੂੰ ਚਿੰਤਾ। ਹਾਂ, ਸੇਵਾ ਤੂੰ ਕਹਿੰਦਾ ਹੈਂ। ਉਹ ਮੈਂ ਬੇਨਤੀ ਕਰ ਦਿੰਦਾ ਹਾਂ, ਉਹ ਮੈਂ ਧੰਨਵਾਦ ਹੀ ਕਰਾਂਗਾ ਤੇਰਾ। ਉਹ ਇਹ ਹੈ ਕਿ ਮੇਰੀ ਪਿੱਠ ਨਾ ਗੁਰੂ ਵੱਲ ਕਰ। ਤੇਰਾ ਆਰਾ ਚਲਦਾ ਹੋਵੇ, ਤੇ ਮੇਰੇ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਦਾ ਵਾਸ ਹੋਵੇ ਤੇ ਮੈਂ ਉਨ੍ਹਾਂ ਦੇ ਸੁੰਦਰ ਚਿਹਰੇ ਨੂੰ ਦੇਖਦਾ-ਦੇਖਦਾ ਸਰੀਰ ਨੂੰ ਛੱਡ ਕੇ ਜਾਵਾਂ। ਦੋ ਫਾੜ ਕਰਕੇ ਸੁੱਟ ਦਿੱਤੇ। ਉਸ ਤੋਂ ਬਾਅਦ ਭਾਈ ਦਿਆਲੇ ਦੀ ਵਾਰੀ ਆ ਗਈ। ਫਤਵਾ ਲਗ ਗਿਆ ਕਿ ਇਸਲਾਮ ਕਬੂਲ ਕਰੋ। ਜੇ ਬਚਣਾ ਹੈ, ਮੌਤ ਤੋਂ। ਨਹੀਂ ਤਾਂ ਫੇਰ ਦੇਗ ਦੇ ਵਿੱਚ ਉਬਾਲ ਦਿੱਤੇ ਜਾਓਂਗੇ। ਪਾਣੀ ਉਬਾਲੇ ਖਾ ਰਿਹਾ ਸੀ। ਕੰਢਿਆਂ ਦੇ ਉਤੇ ਦੀ ਹੋ ਕੇ ਡੁਲ੍ਹ ਰਿਹਾ ਸੀ। ਕਹਿਣ ਲੱਗੇ, ਭਾਈ ਦਿਆਲਾ! ਆਹ ਤੇਰਾ ਅੰਜ਼ਾਮ ਹੈ। ਕਹਿਣ ਲੱਗੇ, ਕੋਈ ਗੱਲ ਨਹੀਂ, ਇਹ ਤਾਂ ਠੀਕ ਹੈ। ਉਸ ਵੇਲੇ ਦੇਗੇ ਦੇ ਵਿਚ ਪਾਉਣ ਦਾ ਹੁਕਮ ਹੋ ਗਿਆ। ਕਹਿਣ ਲੱਗੇ, ਫੜ ਕੇ ਕਿਉਂ ਸੁੱਟਣਾ ਹੈ ਮੈਂ ਆਪਣੇ ਆਪ ਹੀ ਵੜ ਜਾਂਦਾ ਹਾਂ। ਕਦਮ ਰੱਖਦੇ ਨੇ ਉਬਲਦੇ ਪਾਣੀ 'ਚ ਤੇ ਨਾਲ ਦੀ ਨਾਲ ਇੱਕ ਅਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ 'ਚ ਕਰਦੇ ਨੇ-

***ਧਾਰਨਾ - ਮੇਰੀ ਟੁੱਟੀ ਨਾ ਪ੍ਰੀਤ ਵਾਲੀ ਡੋਰੀ,***
***ਮਿੱਠਾ ਤੇਰਾ ਭਾਣਾ ਲਗਦਾ।***

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***

***ਭਾਈ ਗੁਰਦਾਸ ਜੀ, ਵਾਰ 27/4***

ਹੇ ਪ੍ਰਭੂ! ਮੇਰਾ ਪਿਆਰ ਤੇਰੇ ਨਾਲ ਨਿਭ ਜਾਵੇ। ਪਾਣੀ ਵਿਚ ਉਬਾਲ ਦਿੱਤਾ ਜਿਵੇਂ ਆਲੂ ਉਬਾਲ ਦਿੱਤਾ ਇਸ ਤਰ੍ਹਾਂ ਸਰੀਰ ਗਲ ਗਿਆ। ਕੱਢ ਕੇ ਗੁਰੂ ਮਹਾਰਾਜ ਦੇ ਸਾਮ੍ਹਣੇ ਸੁੱਟ ਦਿੱਤਾ। ਤੀਸਰੇ ਦੀ ਵਾਰੀ ਆਈ ਸਤੀ ਦਾਸ ਦੀ। ਤਿੰਨ ਨੂੰ ਗੁਰੂ ਮਹਾਰਾਜ ਨੇ ਪਹਿਲਾਂ ਭੇਜ ਦਿੱਤਾ ਸੀ ਕਿ ਤੁਸੀਂ ਜਾਓ। ਭਾਈ ਜੇਠਾ, ਭਾਈ ਗੁਰਦਿੱਤੇ ਨੂੰ ਕਿਹਾ ਕਿ ਗੋਬਿੰਦ ਰਾਇ ਨੂੰ ਜਾ ਕੇ ਤੁਸੀਂ ਤਿਲਕ ਦੇਵੋ। ਭਾਈ ਉਧੋ ਤੇ ਭਾਈ ਜੈਤੇ ਦੀ ਡਿਊਟੀ ਲਾ ਦਿਤੀ ਕਿ ਤੁਸੀਂ ਸਾਡਾ ਸੀਸ ਲੈ ਜਾਇਓ ਏਥੋ, ਅਨੰਦਪੁਰ ਸਾਹਿਬ। ਬਾਕੀ ਸਰੀਰ ਇਹ ਵੀ ਬੰਦੋਬਸਤ ਹੋ ਚੁੱਕਿਆ ਹੈ। ਕੋਈ ਚਿੰਤਾ ਨਾ ਕਰਿਓ, ਤੁਸੀਂ ਬਾਹਰ ਖੜ ਜਾਓ, ਭੀੜ ਵਿੱਚ ਜਾ ਕੇ। ਸੋ ਉਸ ਵੇਲੇ ਭਾਈ ਸਤੀ ਦਾਸ ਜੀ ਨਾਲ ਨੇ, ਹੁਕਮ ਹੋ ਗਿਆ ਕਿ ਇਹਦੇ ਦੁਆਲੇ ਰੂੰ ਵਲੇਟ ਕੇ ਅੱਗ ਲਾ ਦਿਓ। ਉਸੇ ਵੇਲੇ ਰੂੰ ਵਲੇਟ ਦਿੱਤੀ ਤੇ ਅੱਗ ਲਾ ਦਿੱਤੀ। ਸੀ, ਨਹੀਂ ਕਿਹਾ, ਸੀ ਦੀ ਥਾਂ 'ਤੇ ੧ਓ ਦੀ ਧੁਨੀ ਉਠ ਰਹੀ ਹੈ। 'ਸਤਿਨਾਮ' ਦੀ ਆਵਾਜ਼ ਆ ਰਹੀ ਹੈ। 'ਕਰਤਾ ਪੁਰਖ' ਦੀ ਆਵਾਜ਼

ਆ ਰਹੀ। ਸੋ ਤਿੰਨਾਂ ਨੇ ਸਰੀਰ ਗੁਰੂ ਦੇ ਸਾਮ੍ਹਣੇ ਦੇ ਦਿੱਤੇ। ਕਹਿੰਦੇ ਮਰਨਾ ਤਾਂ ਸਾਰਿਆਂ ਨੇ ਹੈ ਪਰ ਮਰਨਾ ਕੋਈਓ ਜਾਣਦਾ ਹੈ। ਐਉਂ ਪੜ੍ਹ ਲਓ –

***ਧਾਰਨਾ – ਮਰਦਾ ਮਰਦਾ ਸਭ ਜਗ ਮੋਇਆ,***
***ਮਰਨਾ ਕੋਈਓ ਜਾਣਦਾ।***

***ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥***
***ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥ ਅੰਗ – 555***

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥***

***ਅੰਗ – 1367***

ਮਹਾਨ ਖੁਸ਼ੀਆਂ ਗੁਰੂ ਮਹਾਰਾਜ ਦੀ ਮਿਹਰ ਦੀਆਂ, ਨਦਰ ਦੀਆਂ ਪ੍ਰਾਪਤ ਕਰਕੇ, ਤਿੰਨਾਂ ਨੇ ਇਸ ਛਿਨ ਭੰਗਰ, ਪੰਜ ਭੂਤਕ ਸਰੀਰ ਨੂੰ ਛੱਡ ਕੇ ਗੁਰੂ ਦੇ ਲੋਕ ਵਿੱਚ ਚਲੇ ਗਏ। ਦੂਸਰਾ ਦਿਨ ਹੋਇਆ, 13 ਮੱਘਰ ਆ ਗਿਆ, ਉਸ ਵੇਲੇ ਗੁਰੂ ਮਹਾਰਾਜ ਨਾਲ ਬਚਨ ਹੁੰਦੇ ਨੇ। ਮਹਾਰਾਜ ਕਹਿੰਦੇ, ਜਿਹੜੀ ਬਾਤ ਹੈ ਭਾਈ ਉਹ ਤਾਂ ਕਰ ਲਓ। ਉਸ ਵੇਲੇ 13 ਮੱਘਰ 1732 ਦਾ, ਸੰਨ ਚੱਲ ਰਿਹਾ ਸੀ ਬਿਕ੍ਰਮੀ ਸੰਨ। ਸ਼ਹਿਰ 'ਚ ਮੁਨਾਦੀ ਕਰਾ ਦਿੱਤੀ ਗਈ ਕਿ ਕੋਈ ਬੰਦਾ ਘਰ ਨਾ ਰਹੇ, ਕੱਲ੍ਹ ਨੂੰ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨਾ ਹੈ, ਸਾਰੇ ਆ ਕੇ ਨਜ਼ਾਰਾ ਦੇਖੋ, ਦਹਿਸ਼ਤ ਫੈਲਾਉਂਦੇ ਨੇ। ਮਹਾਰਾਜ ਨੂੰ ਇੱਕ ਗੱਲ ਕਹੀ ਗਈ ਕਿ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ, ਵਾਹਿਗੁਰੂ ਦੀ ਚਲਦੀ ਦੁਨੀਆਂ 'ਚ ਅਸੀਂ ਰੋਕ ਕਿਵੇਂ ਪਾ ਦੇਈਏ, ਕਰਾਮਾਤ ਕਹਿਰ ਦਾ ਨਾਮ ਹੁੰਦਾ ਹੈ। ਕਰਾਮਾਤ ਨਹੀਂ ਦਿਖਾਉਣੀ। ਅਸੀਂ ਠੀਕਰਾ ਭੰਨਣਾ ਹੈ, ਔਰੰਗੇ ਦੇ ਸਿਰ, ਤਾਂ ਕਿ ਇਹਦੇ ਅਧਰਮ ਨੂੰ ਕੁਛ ਰੋਕ ਪਵੇ। ਕਰਾਮਾਤਾਂ ਦਿਖਾਉਣ ਨਹੀਂ ਅਸੀਂ ਇੱਥੇ ਆਏ।

***ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ।***

ਪ੍ਰਭੂ ਦੇ ਲੋਕਾਂ ਨੂੰ ਤਾਂ ਨਾਉਂ ਲੈ ਕੇ ਹੀ ਲਾਜ ਆ ਜਾਂਦੀ ਹੈ ਕਿ ਇਹੋ ਜਿਹੇ ਕੰਮ ਅਸੀਂ ਕਰੀਏ। ਇਹ ਤਾਂ ਬੇਅੰਤ ਨੇ। ਇੱਕ ਗੁਰਸਿੱਖ ਹੀ ਕਰਾਮਾਤ ਦਿਖਾ ਸਕਦਾ ਹੈ। ਸੋ ਉਸ ਵੇਲੇ ਫਤਵਾ ਲੱਗ ਗਿਆ। ਚਾਂਦਨੀ ਚੌਂਕ 'ਚ ਮਹਾਰਾਜ ਆ ਜਾਂਦੇ ਨੇ, ਖੂਹ ਦੇ ਪਾਣੀ ਨਾਲ ਇਸ਼ਨਾਨ ਆਪ ਕਰਦੇ ਨੇ, ਬੋਹੜ ਦੇ ਥੱਲੇ, ਬਹੁਤ ਵੱਡਾ ਘੇਰਾ ਸ਼ਹਿਰ ਵਾਸੀਆਂ ਦਾ, ਚਾਰੇ ਪਾਸੇ ਫੈਲ ਜਾਂਦਾ ਹੈ। ਜਿਵੇਂ ਪਹਿਲਵਾਨ ਘੁਲਦੇ ਹੁੰਦੇ ਨੇ। ਉਨ੍ਹਾਂ ਦਾ ਅਖਾੜਾਂ ਹੁੰਦਾ ਹੈ ਬਹੁਤ ਲੰਮਾ ਚੌੜਾ। ਇਸ ਤਰ੍ਹਾਂ ਸੈਂਕੜੇ ਗਜ਼ਾਂ ਦੇ ਵਿੱਚ ਬੰਦੇ ਘੇਰਾ ਘੱਤੀ ਖੜ੍ਹੇ ਨੇ। ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ ਆਹ ਗੱਲ ਨਾ ਹੋਵੇ। ਰੋ ਰਹੀ ਹੈ ਲੋਕਾਈ। ਹਿੰਦੂ ਧਰਮ ਰੋ ਰਿਹਾ ਹੈ ਕਿ ਸਾਡੀ ਰਾਖੀ ਵਾਸਤੇ ਕਿੱਡੀ ਵੱਡੀ ਕੁਰਬਾਨੀ ਦੇ ਰਹੇ ਨੇ। ਆਪਣਾ ਸਭ ਕੁਛ ਦੇ ਰਹੇ ਨੇ। ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਆ ਕੇ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਸੋ ਆਪ ਲੀਨ ਹੋ ਜਾਂਦੇ ਨੇ।

ਉਸ ਵੇਲੇ ਜਦ ਕਹਿੰਦੇ ਨੇ ਕਰਾਮਾਤ ਦਿਖਾਓ। ਤਾਂ ਆਪ ਨੇ ਕਿਹਾ ਕਿ ਬਾਅਦ 'ਚ ਤੁਹਾਨੂੰ ਪਤਾ ਲੱਗੇਗਾ, ਸਰੀਰ ਛੱਡ ਜਾਈਏ। ਇੱਕ ਕਾਗਜ਼ ਗਰਦਨ 'ਤੇ ਪਿਆ ਹੈ, ਉਹਦੇ ਵਿੱਚ ਲਿਖਿਆ ਹੋਇਆ ਹੈ –

***ਬਾਂਹਿ ਜਿਨਾ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋਡੀਏ।***
***ਤੇਗ ਬਹਾਦਰ ਬੋਲਿਆ ਧਰਿ ਪਈਏ, ਧਰਮ ਨ ਛੋਡੀਏ।***

ਤਲਵਾਰ ਦਾ ਵਾਰ ਹੁੰਦਾ ਹੈ, ਕੱਚਾ ਧਾਗਾ ਬੰਨ੍ਹਿਆ ਹੋਇਆ ਹੈ, ਲੇਕਿਨ ਹੈਰਾਨੀ ਹੁੰਦੀ ਹੈ ਕਿ ਤਲਵਾਰ ਪਿੱਛੋਂ ਆਉਂਦੀ ਹੈ, ਸੀਸ ਪਹਿਲਾਂ ਉਡ ਜਾਂਦਾ ਹੈ। ਨਾਲ ਦੀ ਨਾਲ ਹਨ੍ਹੇਰੀ ਆ ਜਾਂਦੀ ਹੈ ਉਸੇ ਵੇਲੇ, ਕਾਲੀ ਬੋਲੀ ਰਾਤ ਪੈ ਗਈ, ਕੁਝ ਨਹੀਂ ਸੁਝਦਾ। ਹੈਰਾਨ ਹੋ ਜਾਂਦੇ ਨੇ ਸਾਰੇ। ਭਾਈ ਜੈਤੇ ਤੇ ਭਾਈ ਊਧੋ ਦੇ ਕੋਲ ਸੀਸ ਜਾ ਪਹੁੰਚਦਾ ਹੈ। ਉਸ ਵੇਲੇ ਬਹੁਤ ਰੌਲਾ ਪੈ ਗਿਆ। ਹਿੱਲਣ ਲਗ ਗਈ ਦਿੱਲੀ ਤੇ ਸਰੀਰ ਨੂੰ ਲੱਖੀ ਵਣਜਾਰਾ ਲੈ ਜਾਂਦਾ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਅੱਜ ਦੇ ਦਿਨ ਬੜੀ ਭਾਰੀ ਕੁਰਬਾਨੀ ਦਿੱਤੀ ਹੈ ਇੱਕ ਅਸੂਲ ਨੂੰ ਮੱਦ-ਏ-ਨਜ਼ਰ ਰੱਖ ਕੇ। ਆਪਣੇ ਧਰਮ ਦੀ ਰਾਖੀ ਤਾਂ ਸਾਰਾ ਸੰਸਾਰ ਕਰਦਾ ਹੈ, ਲੇਕਿਨ ਇਨ੍ਹਾਂ ਨੇ ਹਿੰਦਵਾਨ ਦੀ ਰਾਖੀ ਕਰੀ, ਜੇ ਆਪ ਉਸ ਵੇਲੇ ਬਲੀਦਾਨ ਨਾ ਦਿੰਦੇ। ਅੱਜ ਨਾ ਕਿਸੇ ਮੰਦਰ 'ਚ ਸੰਖ ਬੋਲਦਾ, ਨਾ ਕਿਸੇ ਦੇ ਜਨੇਊ ਹੁੰਦਾ, ਸਾਰਿਆਂ ਦਾ ਨਾਮ ਦੀਨ ਤੇ ਮੁਹੰਮਦ ਹੋਣਾ ਸੀ। ਹਿੰਦੋਸਤਾਨ ਦਾ ਨਕਸ਼ਾ ਹੋਰ ਹੋਣਾ ਸੀ। ਇਹ ਅਹਿਸਾਨ ਭਾਰਤ ਵਰਸ਼ 'ਤੇ ਗੁਰੂ ਮਹਾਰਾਜ ਨੇ ਮੁੱਢ ਬੰਨ੍ਹਿਆ ਤੇ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਚਾਰੇ ਸਾਹਿਬਜ਼ਾਦੇ, ਸਾਰਾ ਪਰਿਵਾਰ ਇਸੇ ਲਾਈਨ ਦੇ ਉਤੇ ਬਲੀਦਾਨ 'ਤੇ ਲਾ ਦਿੱਤਾ ਹਿੰਦੋਸਤਾਨ ਦੀ ਪੱਤ ਰਖ ਲਈ। ਸਾਰੇ ਬੋਲ ਕੇ ਪੜ੍ਹੋ ਇਸ ਤਰ੍ਹਾਂ –

***ਧਾਰਨਾ – ਵਾਹਵਾ ਵਾਹਵਾ ਬਈ ਸੀਸ ਦੇ ਹਿੰਦ ਰੱਖ ਲਈ।***
***ਐਸੀ ਕਰਨੀ ਕਿਸੇ ਨਾ ਕੀਤੀ – 2***

***ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।***
***ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।***

***ਬਚਿਤ੍ਰ ਨਾਟਕ***

ਸਾਰੇ ਸੰਸਾਰ ਦੇ ਇਤਿਹਾਸ 'ਚ ਐਸੀ ਕਿਰਿਆ ਕਿਸੇ ਦੀ ਨਹੀਂ ਹੈ। ਲੜਾਈਆਂ ਤਾਂ ਮਹਾਂਪੁਰਸ਼ਾਂ ਨੇ, ਪੂਰਨ ਪੁਰਸ਼ਾਂ ਨੇ ਬਹੁਤ ਯੁੱਧ ਕੀਤੇ। ਕੁਰਬਾਨੀਆਂ ਵੀ ਕੀਤੀਆਂ। ਸ੍ਰੀ ਰਾਮ ਚੰਦਰ ਜੀ ਦਾ ਯੁੱਧ ਰਾਵਣ ਨਾਲ ਹੋਇਆ। ਪਰ ਕਾਰਨ ਸੀਤਾ ਜੀ ਸੀ। ਮਹਾਂਭਾਰਤ ਦਾ ਬੜਾ ਭਿਆਨਕ ਯੁੱਧ ਹੋਇਆ, ਕ੍ਰਿਸ਼ਨ ਮਹਾਰਾਜ ਨੇ ਗਾਈਡ ਕਰੇ। ਦਰੋਪਤੀ ਤੋਂ ਝਗੜਾ ਪਿਆ। ਪਾਪ ਦਾ ਖਾਤਮਾ ਕਰਨ ਵਾਸਤੇ, ਯੁੱਧ ਕਰਾਇਆ ਗਿਆ। ਇਸੇ ਤਰ੍ਹਾਂ ਹੋਰ ਵੱਡੇ ਮਹਾਂਪੁਰਸ਼ ਸੰਸਾਰ ਦੇ ਇਤਿਹਾਸ 'ਚ ਕਿਤੇ ਨਹੀਂ ਆਏਗਾ ਕਿ ਦੂਸਰੇ ਦੇ ਧਰਮ ਨੂੰ ਰੱਖਣ ਵਾਸਤੇ ਸੁਪਰੀਮ ਕੁਰਬਾਨੀ ਦਿੱਤੀ ਹੋਵੇ।

***ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ। (ਬਚਿਤ੍ਰ ਨਾਟਕ)***

ਇਕ ਵੀ ਬੰਦਾ ਨਾ ਹਿੰਦੂ ਨਾ ਮੁਸਲਮਾਨ; ਜਗਤ ਵਿੱਚ ਸਾਰੇ ਹੀ ਆ ਗਏ। ਸਾਰਿਆਂ ਦੇ ਹਿਰਦੇ 'ਚ ਸ਼ੋਕ ਹੋ ਗਿਆ ਕਿ ਬਹੁਤ ਮਾੜੀ ਗੱਲ ਹੋਈ ਹੈ। ਗੁਰੂ ਤੇਗ ਬਹਾਦਰ ਸਾਹਿਬ ਵਰਗੇ ਜਿਨ੍ਹਾਂ ਦੇ ਉਤੇ ਹਜ਼ਾਰਾਂ ਮੁਸਲਮਾਨਾਂ ਨੂੰ ਯਕੀਦਤ, ਸ਼ਰਧਾ ਸੀ ਪੂਰੀ ਸੀ ਪੂਰੀ। ਉਹ ਵੀ ਰੋਂਦੇ ਨੇ, ਹਿੰਦੂਆਂ ਨੇ ਤਾਂ ਰੋਣਾ ਹੀ ਸੀ। ਜਗਤ ਨੂੰ ਸ਼ੋਕ ਹੋ ਗਿਆ ਤੇ ਓਧਰਲੇ ਪਾਸੇ –

***ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।***

***ਬਚਿਤ੍ਰ ਨਾਟਕ***

ਦੇਵਤਿਆਂ ਦੇ ਮੰਡਲ ਵਿਚ ਜੈ-ਜੈ ਹੋਰ ਹੀ ਹੈ। ਜਿਥੋਂ ਜਾ ਰਹੇ ਨੇ, ਜੈ-ਜੈਕਾਰ ਹੁੰਦੀ ਚਲੀ ਜਾ ਰਹੀ ਹੈ। ਆਪਣੇ ਘਰ ਨੂੰ ਨਿਰੰਕਾਰ ਦੇ ਦੇਸ਼ 'ਚ ਹੁੰਦੀ ਜਾ ਰਹੀ ਹੈ –

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।*** ***ਬਚਿਤ੍ਰ ਨਾਟਕ***

ਕਾਰਨ ਵੀ ਲਿਖ ਦਿੱਤਾ ਮਹਾਰਾਜ ਨੇ। ਕਿਉਂਕਿ ਬਾਅਦ ਵਿਚ ਬੜੇ ਇਤਿਹਾਸ ਗਲਤ ਆਏ ਨੇ। ਗੁਲਾਮ ਦੀਨ ਨੇ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਡਾਕੇ ਮਾਰਦੇ ਸੀ, ਤਾਂ ਫੜ ਕੇ ਉਨ੍ਹਾਂ ਨੂੰ ਸਜ਼ਾ ਦੇ ਦਿਤੀ। ਕਈ ਸਾਡੇ ਇਤਿਹਾਸਕਾਰਾਂ ਨੇ ਨਕਲ ਕਰ ਦਿਤੀ ਉਹਦੀ। ਬੜਾ ਰੌਲਾ ਪਿਆ ਸੀ। ਪੰਜਾਬੀ ਯੂਨੀਵਰਸਿਟੀ ਦਾ ਪ੍ਰੋਫੈਸਰ ਸੀ ਉਹਨੇ ਵੀ ਲਿਖ ਮਾਰਿਆ।

ਸੋ ਮਹਾਰਾਜ ਆਪਣੇ ਹੱਥ ਨਾਲ ਲਿਖਦੇ ਨੇ ਕਿ ਉਨ੍ਹਾਂ ਦਾ ਕਾਰਨ ਇਹ ਸੀ ਕਿ –

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨਿ ਹੇਤਿ ਇਤੀ ਜਿਨਿ ਕਰੀ।***
***ਸੀਸੁ ਦੀਆ ਪਰ ਸੀ ਨ ਉਚਰੀ।*** ***ਬਚਿਤ੍ਰ ਨਾਟਕ***

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਇਹ ਮਹਾਨ ਦਿਨ ਇਕੱਲਾ ਸਿੱਖਾਂ ਵਾਸਤੇ ਮਹੱਤਤਾ ਨਹੀਂ ਰਖਦਾ, ਨਾ ਇਕੱਲੇ ਹਿੰਦੋਸਤਾਨ ਵਾਸਤੇ ਰਖਦਾ ਹੈ। ਇਹ ਤਾਂ ਸਾਰੀ ਦੁਨੀਆਂ ਦਾ ਇੱਕ ਸਾਂਝਾ ਦਿਨ ਹੈ ਜਿਸ ਦਿਨ ਇਕ ਐਸਾ ਕੌਤਕ ਹੋਇਆ ਕਿ ਬੇਗਾਨੇ ਧਰਮ ਵਾਸਤੇ ਸ਼ਹੀਦੀ ਦਿੱਤੀ ਗਈ। ਭਾਵੇਂ ਉਸ ਤੋਂ ਬਾਅਦ ਅਸੀਂ ਬਦਲਾ ਭਾਲਦੇ ਸੀ, ਪਹਾੜੀ ਰਾਜੇ ਗੁਰੂ ਮਹਾਰਾਜ ਦੇ ਨਾਲ ਮੇਲ ਰਖਦੇ ਤੇ ਫੌਜਾਂ ਨਾ ਚਾੜ੍ਹਦੇ। ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦਾ ਕਾਰਨ ਨਾ ਬਣਦੇ, ਪਰ ਸੰਸਾਰ ਤਾਂ ਐਸੇ ਤਰ੍ਹਾਂ ਦਾ ਹੈ। ਬਵੰਜਾ ਰਾਜਿਆਂ ਨੂੰ ਗੁਰੂ ਛੇਵੇਂ ਪਾਤਸ਼ਾਹ ਨੇ ਉਮਰ ਕੈਦ 'ਚੋਂ ਕੱਢ ਕੇ ਮੁੜ ਕੇ ਗੱਦੀਆਂ 'ਤੇ ਬਿਠਾਇਆ। ਪਰ ਕਿੰਨੇ ਕੁ

ਸੀਗੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਸਹਾਇਤਾ ਕਰੀ। ਕਿੰਨੇ ਕੁ ਉਨ੍ਹਾਂ ਦੇ ਆਪਣੇ ਬੰਦੇ ਸੀਗੇ, ਜਿਨ੍ਹਾਂ ਦੇ ਕੋਲ ਜਾਂਦੇ ਕਿ ਦਰਵਾਜ਼ਾ ਨਹੀਂ ਸੀ ਖੁਲ੍ਹ ਸਕਦਾ। ਦੂਸਰੇ ਪਾਸੇ ਇਸਲਾਮ ਵਾਲੇ ਨੇ। ਮੈਂ ਇਹ ਬੇਨਤੀ ਤਾਂ ਕਰ ਰਿਹਾ ਹਾਂ ਕਿ ਸਾਡੇ ਮਨਾਂ 'ਚ ਘਿਰਣਾ ਹੋ ਜਾਂਦੀ ਹੈ ਕਿ ਪਤਾ ਨਹੀਂ ਮੁਸਲਮਾਨ ਮਾੜਾ ਹੈ। ਨਾ ਮੁਸਲਮਾਨ ਨਹੀਂ ਮਾੜਾ, ਰਾਜ ਮਾੜਾ ਹੁੰਦਾ ਹੈ। ਬੰਦਾ ਕੋਈ ਮਾੜਾ ਨਹੀਂ ਹੁੰਦਾ। ਮੁਸਲਮਾਨ ਨੇ ਜਿੰਨੀ ਮਦਦ ਗੁਰੂ ਦਸ਼ਮੇਸ਼ ਪਿਤਾ ਦੀ ਕੀਤੀ ਹੈ ਹਰ ਸੰਕਟ ਦੇ ਵਿਚ ਕਿਤੇ ਮੰਜੇ 'ਤੇ ਬਿਠਾ ਕੇ ਚੁੱਕੀਂ ਫਿਰਦੇ ਨੇ, ਕਿਤੇ ਗਵਾਹੀਆਂ ਦਿੰਦੇ ਨੇ, ਨਿਹੰਗ ਖਾਨ ਆਪਣੇ ਕਿਲ੍ਹੇ ਵਿੱਚ ਲਿਜਾ ਕੇ, ਦੂਜਿਆਂ ਨੂੰ ਮਰਨ ਮਾਰਨ ਨੂੰ ਤਿਆਰ ਹੋ ਜਾਂਦਾ ਹੈ। ਰਾਇਕੋਟ ਵਾਲਾ ਜਿਹੜਾ ਮੀਰ ਕੱਲਾ ਸੀ ਮੁਸਲਮਾਨ, ਨਵਾਬ ਸਰਹੰਦ ਦਾ ਜ਼ੋਰ ਲਾ ਰਿਹਾ ਸੀ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਫੜਾ ਦੇ, ਅੱਜ ਕਿਸੇ ਦੀ ਜ਼ੁਰਅੱਤ ਹੈ ਕਿ ਆਪਣੇ ਵੱਡੇ ਰਾਜ ਦੇ ਖਿਲਾਫ ਕੋਈ ਗੱਲ ਕਰ ਲਵੇ। ਇਹ ਓਹੀ ਸੀਗੇ ਜਿਨ੍ਹਾਂ ਨੇ ਸਾਥ ਦਿੱਤੇ। ਇਹ ਨਾ ਸੋਚੋ ਕਿ ਇਸਲਾਮ ਵਾਲੇ ਮਾੜੇ ਸੀਗੇ, ਉਨ੍ਹਾਂ ਵਿਚ ਵੀ ਬੜੇ ਗੁਣ ਨੇ, ਹਿੰਦੂਆਂ 'ਚ ਵੀ ਬਹੁਤ ਸੋਹਣੇ ਨੇ। ਬੰਦਾ ਜਿੱਥੇ ਚੰਗਾ ਹੈ ਉਹ ਸਾਰਿਆਂ ਦੇ ਵਿਚ ਹੈ, ਇੱਕ ਦਮ ਕੌਮ ਨੂੰ reject ਕਰ ਦੇਣਾ ਦੋ-ਚਾਰ-ਦੱਸ ਬੰਦਿਆਂ ਦੀ ਗਲਤੀ ਤੇ ਉਹ ਗੱਲ ਗਲਤ ਹੋਇਆ ਕਰਦੀ ਹੈ।

ਸਮਾਂ ਹੁਣ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

# ਵਿਸਾਖੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ।*

*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*
*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥ 1 ॥ ਸੁਹੇਲਾ*
*ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥1 ॥ ਰਹਾਉ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ 2 ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ 3 ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - 51*

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ, ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਨਾਨਕ ਸਾਹਿਬ ਦਾ ਧਿਆਨ ਧਰਦੇ ਹੋਏ ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਗੁਰੂ ਦਰਬਾਰ ਵਿੱਚ ਪਹੁੰਚੇ ਓਂ। ਇਹ ਜੋ ਦਿਨ ਹਨ ਅੱਜਕੱਲ੍ਹ ਦੇ ਪੰਦਰਾਂ ਮਾਰਚ ਤੋਂ ਅਗਾਂਹਾਂ ਦੇ, ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਦਿਨ ਹਨ। ਪਹਿਲਾਂ ਹੌਲਾ-ਮਹੱਲਾ ਆਇਆ ਤੇ ਹੁਣ ਜਿਹੜੇ ਦਿਨ ਆ ਰਹੇ ਨੇ ਨੇੜੇ-ਨੇੜੇ, ਇਨ੍ਹਾਂ ਦਿਨਾਂ ਵਿੱਚ ਬਹੁਤ ਭਾਰੀ ਤਿਆਰੀ ਹੋ ਰਹੀ ਸੀ ਅਨੰਦਪੁਰ ਸਾਹਿਬ। ਹਜ਼ਾਰਾਂ ਨੂੰ ਹੀ ਸੱਦਾ ਭੇਜਿਆ ਗਿਆ

ਸੀ, ਇਤਿਹਾਸਕਾਰ ਲਿਖਦੇ ਨੇ ਕਿ ਐਡਾ ਵੱਡਾ ਇਕੱਠ ਸੀਗਾ ਉਨ੍ਹਾਂ ਜ਼ਮਾਨਿਆਂ ਦੇ ਅੰਦਰ ਜਿਸ ਦੀ ਗਿਣਤੀ 80,000 ਤੱਕ ਪਹੁੰਚ ਗਈ ਸੀ। ਲਾਊਡ ਸਪੀਕਰ ਨਹੀਂ ਸੀ ਜਦ ਹੋਇਆ ਕਰਦੇ ਬੋਲ ਵਿੱਚ ਹੀ ਐਨੀ ਬਰਕਤ ਹੋਇਆ ਕਰਦੀ ਸੀ ਕਿ ਮੀਲਾਂ ਤੱਕ ਸੁਣਿਆ ਕਰਦਾ ਸੀ। ਪਹਿਲਾਂ-ਪਹਿਲਾਂ ਜਦ ਅਸੀਂ ਮਹਾਂਪੁਰਸ਼ਾਂ (ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਦੀਵਾਨ ਸੁਣਦੇ ਹੁੰਦੇ, ਉਨ੍ਹਾਂ ਤੋਂ ਪਹਿਲਾਂ ਗੱਲਾਂ ਕਰਦੇ ਹੁੰਦੇ ਕਿ ਸੰਤ ਮਹਾਰਾਜ ਬਾਬਾ ਅੱਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ ਦੋ-ਦੋ ਮੀਲ ਤੱਕ ਆਵਾਜ਼ ਸੁਣਿਆ ਕਰਦੀ ਸੀ, ਇਨ੍ਹਾਂ ਦੇ ਵੀ ਅਸੀਂ ਜਦ ਜਾਣਾ ਤਾਂ ਉਰੇ ਇੱਕ ਮੀਲ 'ਤੇ ਘਲੋਟੀ ਪਿੰਡ ਸੀਗਾ, ਉਹ ਦਰਵਾਜ਼ਾ ਨਿਕਲਣਾ ਆਵਾਜ਼ ਉਥੇ ਸੁਣਨੀ ਸ਼ੁਰੂ ਹੋ ਜਾਣੀ। ਪਤਾ ਨਹੀਂ ਤਾਂ ਉਸ ਵੇਲੇ ਕੰਨ ਹੀ ਚੰਗੇ ਸੀਗੇ ਜਾਂ ਆਵਾਜ਼ਾਂ ਵਿੱਚ ਹੀ ਬਰਕਤ ਸੀ। ਬਗੈਰ ਲਾਊਡ ਸਪੀਕਰ ਤੋਂ ਹਜ਼ਾਰਾਂ ਬੰਦੇ ਆਵਾਜ਼ ਸੁਣ ਸਕਦੇ ਸੀ। ਸੋ ਉਸ ਵੇਲੇ ਇੱਕ ਬੜਾ ਭਾਰੀ ਇਕੱਠ ਬੁਲਾਇਆ ਗਿਆ, ਸਾਰੇ ਭਾਰਤ ਵਰਸ਼ ਵਿੱਚ ਮਸੰਦਾਂ ਨੂੰ ਹੁਕਮਨਾਮੇ ਗਏ ਕਿ ਜਿੱਥੇ ਤੱਕ ਵੀ ਸੰਗਤ ਹੈ ਸਾਰੀ ਲੈ ਕੇ ਐਤਕੀਂ ਹਾਜ਼ਰ ਹੋਵੋ, ਵਿਸਾਖੀ ਦੇ ਉਤੇ। ਉਸ ਤੋਂ ਪਹਿਲਾਂ ਗੁਰੂ ਮਹਾਰਾਜ ਜੀ ਗੁਰੂ ਮਹਾਰਾਜ ਜੀ ਨੌਂ ਮਹੀਨੇ ਨੌਂ ਦਿਨ ਇਕਾਂਤ ਵਾਸ ਕੀਤਾ, ਗੁਰੂ ਦਸ਼ਮੇਸ਼ ਪਿਤਾ ਜੀ ਨੇ ਪਹਾੜੀ ਦੇ ਉਤੇ। ਕਿਸੇ ਨੂੰ ਨਹੀਂ ਸੀ ਮਿਲਦੇ ਤੇ ਜਦੋਂ ਦੀਵਾਨ ਵਿੱਚ ਆਪ ਆਏ ਤਾਂ ਕਈ ਕਾਰਨ ਸਨ ਜਿਨ੍ਹਾਂ ਦੇ ਉਤੇ ਬੜਾ ਮਹੱਤਵਪੂਰਨ ਫੈਸਲਾ ਕਰਨਾ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਪਹਿਲਾਂ ਮਜ਼ਹਬ ਤਾਂ ਚਲੇ ਆਉਂਦੇ ਸੀ, ਇਸਲਾਮ ਵਾਲਿਆਂ ਦਾ ਵੀ ਸੀ। ਬੋਧੀ ਵੀ ਸੀਗੇ, ਜੈਨੀ ਵੀ ਸੀਗੇ, ਯੋਗੀ ਵੀ ਸੀਗੇ, ਅਨੇਕਾਂ ਮੱਤ ਹਿੰਦੂ ਧਰਮ ਵਿੱਚ ਸਨ ਪਰ ਜੋ ਸਤਿਜੁਗ ਵਿੱਚ, ਤ੍ਰੇਤੇ ਵਿਚ, ਦੁਆਪਰ ਵਿੱਚ ਸ਼ਾਸਤਰਾਂ ਦੇ, ਵੇਦਾਂ ਦੇ ਅਰਥ ਸਨ ਉਹ ਰੁਲ ਕੇ ਤੱਤ ਬਾਤ ਗੁਆਚ ਚੁੱਕੀ ਸੀ ਉਹਦੀ ਥਾਂ ਦੇ ਉਤੇ ritual ਪ੍ਰਧਾਨ ਹੋ ਗਈ। ritual ਕਿਸੇ ਧਰਮ ਦੇ ਵਿੱਚ ਉਦੋਂ ਪ੍ਰਧਾਨ ਹੁੰਦਾ ਹੈ, ਜਿਹਨੂੰ ਕਰਮਕਾਂਡ ਕਹਿੰਦੇ ਨੇ। ਜਦੋਂ ਉਹਦੇ ਕੋਲ ਕੋਈ ਜੀਉਂਦੀ ਜਾਗਦੀ ਥਿਊਰੀ ਨਾ ਰਹੇ, ਕੋਈ ਰਾਹ ਦੱਸਣ ਨੂੰ ਕੋਈ ਚੀਜ਼ ਨਾ ਰਹੇ ਤੇ ਜਿਹੜੇ ਮੁਖੀ ਨੇ ਰਾਹ ਦੱਸਣ ਵਾਲੇ ਉਹ ਅੰਧ ਹੋ ਜਾਣ। ਉਸ ਵੇਲੇ ਉਨ੍ਹਾਂ ਨੂੰ ਕੁਛ ਨਹੀਂ ਸੁੱਝਦਾ ਤੇ ਉਹ ਇਨ੍ਹਾਂ ਫੋਕੀਆਂ ਰਸਮਾਂ ਰਿਵਾਜਾਂ 'ਤੇ ਪਾ ਦਿਆ ਕਰਦੇ ਨੇ। ਗੁਰੂ ਨਾਨਕ ਪਾਤਸ਼ਾਹ ਨੇ ਜੰਞੂ ਨੂੰ ਨਿੰਦਿਆ ਨਹੀਂ ਹੈ। ਲੇਕਿਨ ਨਾਲ ਹੀ ਦੱਸਿਆ ਹੈ ਕਿ ਜੇ ਜੰਞੂ ਪਾਉਣਾ ਹੈ ਤਾਂ ਤੂੰ ਦਇਆ ਦੀ ਕਪਾਹ ਬਣਾ, ਸੰਤੋਖ ਦਾ ਸੂਤ, ਜਤ ਦੀਆਂ ਵੱਟਾਂ ਦੇ, ਸਤਿ ਦੀਆਂ ਗੰਢਾਂ ਦੇ, ਇਹ ਜੇ ਤੇਰੇ ਇੱਕ ਧਾਗੇ ਦੇ ਨਾਲ ਤੇਰੇ ਅੰਦਰ ਪ੍ਰਵੇਸ਼ ਨਾ ਕਰੇ ਗੁਣ, ਤਾਂ ਇਹ ਮੁੱਖ ਧਾਗਾ ਹੈ, ਇਸ ਧਾਗੇ ਨੇ ਤੈਨੂੰ ਧਾਰਨਾ ਨਹੀਂ। ਇਹ ਤੇਰੇ ਨਾਲ ਤੇਰਾ ਜਨਮ ਨਹੀਂ ਬਦਲਾਅ ਸਕਦਾ। ਤੇਰਾ ਬਦਲਾਉਣਾ ਹੈ ਜਦ ਤੂੰ ਇਹ ਚੀਜ਼ਾਂ ਧਾਰਨ ਕਰੇਂ। ਇਸਲਾਮ ਦੇ ਵਿੱਚ ਵੀ ਮਹਾਰਾਜ ਨੇ ਕਿਹਾ ਕਿ ਜੇ ਤੂੰ ਰੋਜ਼ੇ ਰੱਖਣੇ ਨੇ ਤਾਂ ਇਸ ਚੀਜ਼ ਦੇ ਰੱਖ, ਜੇ ਇਸਲਾਮ ਧਾਰਨ ਕਰਨਾ

ਹੈ ਤਾਂ ਮੋਮ ਦਿਲ ਹੋ। ਨਮਾਜ਼ਾਂ ਪੜ੍ਹਨੀਆਂ ਨੇ ਤਾਂ ਉਨ੍ਹਾਂ ਦਾ ਅਰਥ ਜਾਣ ਕਿ ਕੀ ਨਮਾਜ਼ਾਂ ਨੇ। ਐਵੇਂ ਪੜ੍ਹੀ ਜਾਣਾ ਕੋਈ ਮਤਲਬ ਨਹੀਂ ਹੋਇਆ ਕਰਦਾ। ਸਿਆਣੇ ਬੰਦੇ ਇਸ ਗੱਲ ਦੇ ਉਤੇ ਵਿਚਾਰ ਕਰਦੇ ਨੇ। ਸੋ ਉਸ ਵੇਲੇ ਭਾਰਤ ਵਰਸ਼ ਵਿੱਚ ਦੋ ਮੱਤ ਸਨ, ਇਸਲਾਮ ਵਾਲਿਆਂ ਦਾ ਜ਼ੋਰ ਸੀ, ਬਾਕੀ ਸਾਰੀਆਂ ਸੰਪਰਦਾਵਾਂ ਜੋ ਹਿੰਦੂ ਸਮਾਜ ਦੇ ਵਿੱਚ ਆਉਂਦੀਆਂ ਨੇ ਉਹ ਸੀ। ਅਸਲੀ ਚੀਜ਼ ਰੁਲ ਚੁੱਕੀ ਸੀ, ਧਰਮ ਇੱਕ ritual ਬਣ ਕੇ ਰਹਿ ਗਿਆ ਸੀ। ਕੋਈ ਉਤਸ਼ਾਹ ਨਹੀਂ ਸੀ ਦਿੰਦਾ। ਵੈਸੇ ਇੱਕ ਵਹਿਮਪ੍ਰਸਤੀ ਹੋ ਕੇ ਰਹਿ ਗਿਆ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਨੌਵੇਂ ਪਾਤਸ਼ਾਹ ਤੱਕ ਆਚਰਣ ਉਸਾਰੀ ਕੀਤੀ ਗਈ, ਜਿਹੜੇ ਗੁਰਸਿੱਖ ਵੀ ਆਏ। ਪੀਰਾਂ ਦੇ ਕੋਲ ਗਏ, ਵੱਡੇ-ਵੱਡੇ ਮਹਾਤਮਾਂ ਦੇ ਕੋਲ ਗਏ ਤੇ ਉਨ੍ਹਾਂ ਨੂੰ ਅਸਲੀ ਗੱਲ ਸਮਝਾਈ ਗਈ ਤੇ ਉਹਦੀ ਆਚਰਨ ਉਸਾਰੀ ਹੋਈ। ਉਸ ਵੇਲੇ ਗੁਰੂਆਂ ਦੇ ਪਿੱਛੇ ਲੱਗਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਉਸ ਵੇਲੇ ਵਿਚਾਰਾਂ ਕੀਤੀਆਂ ਗਈਆਂ। ਗੁਰੂ ਦਸ਼ਮੇਸ਼ ਪਿਤਾ ਦੇ ਸਾਮ੍ਹਣੇ ਜੋ ਕੰਮ ਆਇਆ ਉਹ ਇਹ ਆਇਆ ਕਿ ਜਿੰਨੀ ਦੇਰ ਤੱਕ ਕਾਇਆਂ ਕਲਪ ਨਹੀਂ ਕੀਤੀ ਜਾਂਦੀ ਸਮਾਜ ਦੀ ਤੇ ਸਹੀ ਅਰਥ ਨਹੀਂ ਕੱਢੇ ਜਾਂਦੇ ਕਿ ਧਰਮ ਕੀ ਹੈ, ਮਜ਼੍ਹਬ ਕੀ ਹੈ। ਓਨੀਂ ਦੇਰ ਤੱਕ ਗੱਲ ਬਣਦੀ ਨਹੀਂ ਕੋਈ। ਕਿਉਂਕਿ ਗੁਰੂ ਮਹਾਰਾਜ ਤੋਂ ਪਹਿਲਾਂ ਐਨਾ ਅੰਧਕਾਰ ਛਾ ਗਿਆ ਸੀ ਕਿ ਗੁਰੂ ਮਹਾਰਾਜ ਨੂੰ ਕਹਿਣਾ ਪਿਆ ਇਸ ਤਰ੍ਹਾਂ ਦੇ ਨਾਲ -

***ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,***
***ਸੱਚ ਵਾਲਾ ਕਾਲ ਪੈ ਗਿਆ।***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***
***ਅੰਗ - 468***

ਕੂੜ ਦਾ ਵਰਤਾਰਾ, ਮਹਾਰਾਜ ਕਹਿੰਦੇ -

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ ॥ ਅੰਗ - 145***

ਉਹ ਸਮਾਂ ਐਸਾ ਸੀ ਜਿਸ ਦੇ ਵਿੱਚ ਧਰਮ ਨਾਮ ਦੀ ਚੀਜ਼ ਕੋਈ ਨਾ ਰਹੀ। ਜੇ ਆਦਮੀ ਦੇ ਵਿੱਚ ਧਰਮ ਨਾ ਹੋਵੇ ਤਾਂ ਉਹ ਕਿਸੇ ਮਜ਼੍ਹਬ ਦਾ ਪੈਰੋਕਾਰ ਨਹੀਂ ਹੋ ਸਕਦਾ। ਕਿਸੇ ਸੰਪਰਦਾ ਨੂੰ ਮੰਨ ਨਹੀਂ ਸਕਦਾ, ਕਿਉਂਕਿ ਧਰਮ ਤੋਂ ਬਗੈਰ ਆਦਮੀ ਦਾ ਜੀਵਨ ਜਿਹੜਾ ਹੈ ਉਹ ਬਿਲਕੁਲ ਥੋਥਾ ਹੈ।

***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ ॥ ਅੰਗ - 145***

ਕੂੜ ਦੀ ਮੱਸਿਆ ਆ ਗਈ, ਸੱਚ ਦਾ ਜਿਹੜਾ ਚੰਦਰਮਾ ਸੀ ਉਹ ਦਿਸਦਾ ਹੀ ਨਹੀਂ।

*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*

***ਅੰਗ - 145***

ਅੰਧੇਰਾ ਛਾ ਗਿਆ ਸੰਸਾਰ 'ਚ। ਕੀ ਉਸ ਵੇਲੇ ਜਿਹੜੇ ਮੌਜੂਦਾ ਧਰਮ ਸਨ। ਉਹ ਆਪਣੀ ਡਿਊਟੀ ਨਹੀਂ ਸੀ ਦੇ ਰਹੇ। ਇਹ ਗੱਲ ਕਹੀ ਜਾ ਸਕਦੀ ਹੈ ਕਿ ਤੁਸੀਂ ਆਪਣਾ ਪੱਖ ਸਿੱਧਾ ਕਰਨ ਵਾਸਤੇ ਇਹ ਗੱਲ ਕਹਿ ਰਹੇ ਓਂ। ਧਰਮ ਕੋਈ ਮਾੜੇ ਨਹੀਂ ਸੀਗੇ। ਬਿਲਕੁਲ ਸਹੀ ਸੀਗੇ। ਲੇਕਿਨ ਉਨ੍ਹਾਂ ਦੀ ਵਰਤੋਂ ਜਿਹੜੀ ਸੀ ਉਹ ਦੂਸ਼ਿਤ ਹੋ ਗਈ। ਇਸਲਾਮ ਕੋਈ ਮਾੜੀ ਚੀਜ਼ ਨਹੀਂ, ਬਹੁਤ ਸਿਧਾਂਤ ਰਲਦਾ ਹੈ ਗੁਰੂ ਗ੍ਰੰਥ ਸਾਹਿਬ ਨਾਲ ਉਹਦਾ। 95% ਮੈਂ ਕਹਾਂ ਤਾਂ ਵੀ ਠੀਕ ਹੈ। ਇੱਕ ਵਾਹਿਗੁਰੂ ਨੂੰ ਮੰਨਣ ਵਾਲੇ ਨੇ ਉਹ, ਪ੍ਰਮੇਸ਼ਰ ਦੇ ਹੁਕਮ ਨੂੰ ਮੰਨਦੇ ਨੇ ਤੇ ਉਹਦੇ ਵਾਸਤੇ ਭਜਨ ਬੰਦਗੀ ਕਰਦੇ ਨੇ। ਦੁਆ ਕਰਦੇ ਨੇ, ਪੰਜ ਵਾਰੀ ਕਰਦੇ ਨੇ। ਲੇਕਿਨ ਉਹ ritual ਬਣ ਗਈ ਸੀ। ਉਹਦੀ ਜਿਹੜੀ ਅਸਲੀ ਚੀਜ਼ ਸੀ ਉਹ ਖਤਮ ਹੋ ਗਈ ਸੀ। ਹਰ ਧਰਮ 'ਚ ਹੀ ਹੋ ਜਾਂਦੀ ਹੈ, ਜਦੋਂ ਸਮਾਂ ਪੈ ਜਾਂਦਾ ਹੈ ਰਹੁਰੀਤਾਂ ਬਣਨੀਆਂ ਸ਼ੁਰੂ ਹੋ ਜਾਦੀਆਂ ਨੇ। ਉਸ ਵੇਲੇ ਜਿਹੜੇ ਮਜ਼੍ਹਬ ਹੁੰਦੇ ਨੇ ਉਹ ਰਹੁਰੀਤਾਂ 'ਤੇ ਹੁੰਦੇ ਨੇ, ਸਤਿ 'ਤੇ ਅਧਾਰਤ ਨਹੀਂ ਹੋਇਆ ਕਰਦੇ। ਸੋ ਉਨ੍ਹਾਂ ਨੇ ਇਹੀ ਇੱਕ ਗੱਲ ਕਰ ਲਈ ਕਿ ਹਿੰਦੂਆਂ ਨੂੰ ਕਤਲ ਕਰੋ। ਇਨ੍ਹਾਂ ਇਸਲਾਮ ਵਿੱਚ ਲਿਆਓ। ਫੇਰ ਇਨ੍ਹਾਂ ਦੀ ਮੁਕਤੀ ਹੋਏਗੀ। ਆਪ ਦੀ ਮੁਕਤੀ ਨਹੀਂ ਹੁੰਦੀ, ਦੂਜਿਆਂ ਵਾਸਤੇ ਇਹ ਨੇਕ ਕੰਮ ਗਿਣਿਆ ਗਿਆ। ਇੱਥੇ ਤੱਕ ਕਿ ਬਾਬਰ ਆਪਣੀ ਤਉਜ਼ਕੇ ਬਾਬਰੀ 'ਚ ਲਿਖਦਾ ਹੈ ਕਿ ਮਥੁਰਾ ਵਿੱਚ ਮੈਂ ਇੱਕ ਲੱਖ ਬੰਦਾ ਫੜਿਆ, ਯੁੱਧ ਤੋਂ ਬਾਅਦ। ਅਰ ਉਹ ਇੱਕੋ ਦਿਨ 'ਚ ਸਾਰਾ ਕਤਲ ਕਰਾ ਦਿੱਤਾ। ਮੈਨੂੰ ਚਾਰ ਵਾਰੀ ਆਪਣਾ ਟੈਂਟ ਬਦਲਣਾ ਪਿਆ, ਐਨਾ ਖ਼ੂਨ ਉੱਚਾ ਹੋ ਗਿਆ ਤੇ ਅੱਲਾਹ ਤਾਲਾ ਮੇਰੇ ਉਤੇ ਰਹਿਮਤ ਕਰੇਗਾ ਕਿ ਮੈਂ ਐਨੇ ਕਾਫਰ ਮਾਰ ਦਿੱਤੇ। ਦੱਸੋ ਇਹ ਕਿਹੜੀ ਗੱਲ ਹੈ? ਇਹ ਜਨੂੰਨ ਹੋਇਆ ਕਿ ਪਾਗਲਪੁਣਾ ਹੋਇਆ? ਅੰਧ ਹੋ ਗਿਆ। ਮਜ਼੍ਹਬ ਜਿਹੜਾ ਹੈ ਉਹ ਰਸਤਾ ਦਿਖਾਉਂਦਾ ਹੈ ਆਦਮੀ ਨੂੰ, ਚਾਨਣਾ ਦਿਖਾਉਂਦਾ ਹੈ, ਅੰਧਕਾਰ ਵਿੱਚ ਨਹੀਂ ਲੈ ਕੇ ਜਾਇਆ ਕਰਦਾ। ਸੋ ਮੂਲ ਗੁਣ ਨੇ ਜਿਹਨੂੰ ਧਰਮ ਕਹਿੰਦੇ ਨੇ, ਜੇ ਧਰਮ ਨਾ ਹੋਵੇ ਨਾ ਤਾਂ ਰਾਜ ਚਲਦਾ ਹੈ, ਨਾ ਇਨਸਾਨ ਦਾ ਜੀਵਨ ਚਲਦਾ ਹੈ, ਨਾ ਉਹ ਕਿਸੇ ਮਜ਼੍ਹਬ ਦਾ ਪੈਰੋਕਾਰ ਬਣ ਸਕਦਾ ਹੈ, ਜਿੰਨਾਂ ਚਿਰ ਇਹ ਚੀਜ਼ ਨਹੀਂ ਆਉਂਦੀ। ਇਹਨੂੰ ਲਿਆਉਣ ਵਾਸਤੇ ਗੁਰੂ ਦਸਵੇਂ ਪਾਤਸ਼ਾਹ ਤੋਂ ਪਹਿਲਾਂ ਬੜੀ ਭਾਰੀ ਤਿਆਰੀ ਹੋਈ ਮਨੁੱਖ ਦੇ ਅੰਦਰ, ਖਿਮਾ ਲਿਆਂਦੀ, ਪਵਿੱਤਰਤਾ ਲਿਆਂਦੀ, ਅਹਿੰਸਾ ਲਿਆਂਦੀ; ਪੰਜ ਕਿਸਮ ਦੀ ਅਹਿੰਸਾ ਹੁੰਦੀ ਹੈ, ਨਾ ਤਾਂ ਸਰੀਰਕ ਤੌਰ 'ਤੇ ਕਿਸੇ ਦਾ ਨੁਕਸਾਨ ਕਰਨਾ, ਰਾਖੀ ਕਰਨੀ ਉਹਦੀ। ਮਾਰਨਾ ਨਹੀਂ ਹੈ, ਦੁਖੀ ਨਹੀਂ ਕਰਨਾ, ਤਸੀਹੇ ਨਹੀਂ ਦੇਣੇ। ਨਾ ਬੋਲ ਦੇ ਨਾਲ ਕੌੜਾ ਬੋਲ ਬੋਲਣਾ ਹੈ, ਮਿਹਣੇ-ਤਾਹਨੇ ਨਹੀਂ ਦੇਣੇ, ਕਿਉਂਕਿ ਬੋਲ ਜਿਹੜਾ ਹੈ ਇਹ ਵੱਡੇ-ਵੱਡੇ ਯੁੱਧ ਕਰਾ ਦਿੰਦਾ ਹੈ। ਮਹਾਂਭਾਰਤ ਦਾ ਯੁੱਧ ਕੌੜੇ ਬੋਲ ਤੋਂ ਹੀ ਹੋਇਆ।

ਭਾਈ ਸੋਭਾ ਰਾਮ ਨੂੰ ਕੌੜਾ ਬੋਲ ਕੇ ਹੀ ਰਿੱਛ ਬਣਨਾ ਪਿਆ। ਸੋ ਬੋਲ ਦੀ ਵੀ ਅਹਿੰਸਾ ਲਿਆਂਦੀ। ਤੀਸਰੀ ਹੁੰਦੀ ਹੈ ਮਨ ਦੀ ਅਹਿੰਸਾ - ਮਨੋ ਬਿਲਕੁਲ ਹੀ ਕਿਸੇ ਦਾ ਬੁਰਾ ਨਾ ਚਿਤਵਨਾ।

*ਪਰ ਕਾ ਬੁਰਾ ਨ ਰਾਖਹੁ ਚੀਤ ॥*
*ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - 386*

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - 259*

ਜਿਹੜੀ ਅਸਲੀ ਚੀਜ਼ ਹੈ ਉਸਨੂੰ ਅਸੀਂ ਸਮਝ ਨਹੀਂ ਸਕਦੇ, ਉਸ ਤਰ੍ਹਾਂ ਹੀ ਬੋਲ ਦਿੰਦੇ ਹਾਂ ਰੋਜ਼ ਕਿ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।*

ਫੇਰ ਕਚਹਿਰੀਆਂ 'ਚ ਕਿਉਂ ਜਾਂਦੇ ਓਂ? ਸਰਬੱਤ ਦਾ ਭਲਾ ਮੰਗਣ ਵਾਲਾ ਤਾਂ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਇਹਨੂੰ ਵੀ ਸੁਮੱਤ ਦੇਹ, ਇਹਦੀ ਮੱਤ ਪੁੱਠੀ ਹੋ ਗਈ ਤੂੰ ਕ੍ਰਿਪਾ ਕਰ। ਉਹ ਬੁਰਾ ਨਹੀਂ ਮੰਗਦਾ ਕਿਸੇ ਦਾ। ਬੁਰਾ ਮੰਗਣਾ ਤਾਂ ਗੁਰਮਤਿ ਵਿੱਚ ਪੂਰੀ ਤਰ੍ਹਾਂ ਨਾਲ ਮਨ੍ਹਾਂ ਕਰ ਦਿੱਤਾ ਗਿਆ ਹੈ।

*ਪਰ ਕਾ ਬੁਰਾ ਨ ਰਾਖਹੁ ਚੀਤ ॥*

Reward ਕੀ ਹੈ?

*ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - 386*

ਚੌਥੀ ਅਹਿੰਸਾ ਹੋਇਆ ਕਰਦੀ ਹੈ ਬੁੱਧੀ ਦੀ। ਬੁੱਧੀ ਦੇ ਨਾਲ ਸਭ ਦਾ ਭਲਾ ਕਰਨਾ। ਹਰ ਗੱਲ ਤੋਂ ਦੇਖਣਾ ਕਿ ਇਹਦਾ ਨੁਕਸਾਨ ਹੋ ਜਾਏਗਾ, ਇਹਨੂੰ ਜੇ ਇਹ ਗੱਲ ਨਾ ਦੱਸੀ। ਇਹ ਨਹੀਂ ਹੈ ਕਿ ਕਿਸੇ ਦੇ ਬੱਚਿਆਂ ਨੂੰ ਨਸ਼ੀਲੀਆਂ ਚੀਜ਼ਾਂ ਖਾਣ ਲਾ ਦਿਓ। ਬੁੱਧੀ ਦੀ ਤਰਕੀਬ ਹੀ ਹੈ ਦੂਸਰਿਆਂ ਦੇ ਘਰ ਵਿੱਚ ਫਸਾਦ ਪਾ ਦੇਣਾ, ਗੱਲ ਚਲਾ ਦੇਣੀ। ਇਸੇ ਕਰਕੇ ਗੁਰੂ ਮਹਾਰਾਜ ਨੇ ਚੁਗਲੀ ਤੇ ਨਿੰਦਿਆਂ ਨੂੰ ਬਹੁਤ ਹੀ ਮਾੜਾ ਕਿਹਾ ਹੈ। ਪੰਜਵੀਂ ਹੋਇਆ ਕਰਦੀ ਹੈ ਕਿ ਜੇ ਰੂਹਾਨੀ ਸ਼ਕਤੀ ਆ ਜਾਵੇ, ਤਾਂ ਸ਼ਕਤੀ ਵਰਤ ਕੇ ਕਿਸੇ ਦਾ ਬੁਰਾ ਨਹੀਂ ਕਰਨਾ। ਇਹ ਪੰਜ ਕਿਸਮ ਦੀ ਅਹਿੰਸਾ ਹੋਇਆ ਕਰਦੀ ਹੈ। ਜਿਹੜੇ ਇਸਦੇ ਵਿਪਰੀਤ ਨੇ, ਉਹ ਪੰਜ ਕਿਸਮ ਦੀ ਹਿੰਸਾ ਦੇ ਵਿੱਚ ਹੋਇਆ ਕਰਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ 'ਦਇਆ' ਹੈ, ਦਇਆ ਜਿਹੜੀ ਹੈ ਇਸ ਤੋਂ ਧਰਮ ਪੈਦਾ ਹੁੰਦਾ, ਜੇ ਦਇਆ ਨਾ ਹੋਵੇ ਧਰਮ ਹੁੰਦਾ ਹੀ ਨਹੀਂ ਪੈਦਾ। ਮਹਾਰਾਜ ਕਹਿੰਦੇ -

*ਧੌਲੁ ਧਰਮੁ ਦਇਆ ਕਾ ਪੂਤੁ ॥ ਅੰਗ - 3*

ਦਇਆ ਦੇ ਵਿੱਚੋਂ ਧਰਮ ਪੈਦਾ ਹੁੰਦਾ ਹੈ, ਧਰਮ ਹੈਗਾ ਗੁਣ, ਉਹਦੀਆਂ ਪੰਜਾਹ ਸੱਠ ਗੁਣ ਨੇ। ਲੇਕਿਨ ਮੁਖੀ ਦੱਸ ਪੰਦਰਾਂ ਗਿਣੇ ਨੇ।

ਬਾਕੀ ਹੋਰ ਬਹੁਤ ਨੇ, ਦਇਆ ਨਾ ਹੋਵੇ ਭਾਉਂਦਾ ਨਹੀਂ ਪ੍ਰਮੇਸ਼ਰ।

ਐਸੀ ਦਇਆ ਦੀ ਇੱਕ ਕਹਾਣੀ ਆਉਂਦੀ ਹੈ, ਹੱਜ ਜਾ ਰਿਹਾ ਸੀ। ਉਹਦੇ ਵਿੱਚ ਇੱਕ ਗੁਲਾਮ ਲੜਕੀ ਸੀ। ਉਹਦਾ ਨਾਉਂ ਰਾਵੀਆ ਸੀ ਉਹ ਗੁਲਾਮ ਹੋ ਗਈ, ਲੇਕਿਨ ਭਜਨ ਬਹੁਤ ਕਰਦੀ ਸੀ, ਹੱਦ ਤੋਂ ਜ਼ਿਆਦਾ ਕਰਦੀ ਸੀ। ਬੜੀ ਦਇਆ ਸੀ ਉਹਦੇ ਵਿੱਚ। ਜਦੋਂ ਕਾਹਬੇ ਤੋਂ ਸੱਠ ਮੀਲ ਰਹਿ ਗਏ। ਉਥੇ ਕੈਂਪ ਲੱਗਿਆ, ਜਦੋਂ ਕੈਂਪ ਤੁਰ ਗਿਆ, ਉਹ ਵਿਚਾਰੀ ਚੀਜ਼ਾਂ ਵਗੈਰਾ ਸੰਭਾਲਦੀ ਲੇਟ ਹੋ ਗਈ। ਉਸ ਤੋਂ ਬਾਅਦ ਉਹਨੇ ਆਪਣੀ ਤਿਆਰੀ ਕਰਨੀ ਸੀ। ਲੇਕਿਨ ਉਹਨੇ ਦੇਖਿਆ ਕਿ ਇੱਕ ਕੁੱਤੀ ਖੂਹ ਦੇ ਦੁਆਲੇ ਘੁੰਮਦੀ ਹੈ, ਉਹਨੂੰ ਖਿਆਲ ਆਇਆ ਕਿ ਇਹਦੇ ਨਾਲ ਬੱਚੇ ਨੇ, ਇਹ ਪਾਣੀ ਮੰਗਦੇ ਨੇ ਬੱਚੇ। ਇਹ ਉਨ੍ਹਾਂ ਨੂੰ ਪਾਣੀ ਪਿਲਾਉਣ ਦਾ ਯਤਨ ਕਰਦੀ ਹੈ। ਹੁਣ ਉਹਦੇ ਕੋਲ ਤਾਂ ਕੋਈ ਡੋਲ੍ਹ ਨਹੀਂ ਸੀ, ਹੋਰ ਕੁਛ ਨਹੀਂ ਸੀ। ਉਹਨੇ ਆਪਣੇ ਕੱਪੜੇ ਪਾੜ ਕੇ ਰੱਸੀ ਬਣਾਉਣੀ ਸ਼ੁਰੂ ਕਰ ਦਿੱਤੀ। ਰੱਸੀ ਫੇਰ ਵੀ ਨਾ ਪਹੁੰਚੀ, ਉਸ ਤੋਂ ਬਾਅਦ ਉਹਨੇ ਆਪਣੇ ਕੇਸ ਕੱਟ ਲਏ, ਸਿਰ ਦੀ ਸੋਭਾ ਗੁਆ ਲਈ, ਰੱਸੀ ਬਣਾ ਲਈ, ਰੱਸੀ ਬਣਾ ਕੇ ਇੱਕ ਚਾਦਰ ਦਾ ਛੋਟਾ ਜਿਹਾ ਟੁਕੜਾ ਪਾਣੀ ਵਿੱਚ ਭਿਉਂ ਲਿਆ ਕਰੇ। ਬਾਹਰ ਆ ਕੇ ਨਿਚੋੜ ਦਿਆ ਕਰੇ। ਉਹ ਪਾਣੀ ਸਾਰੇ ਕਤੂਰਿਆਂ ਨੇ ਵੀ ਪੀਤਾ, ਕੁੱਤੀ ਨੇ ਵੀ ਪੀਤਾ। ਦੁਆ ਹੋਈ ਉਹਦੇ ਵਾਸਤੇ। ਉਧਰਲੇ ਪਾਸੇ ਜਿਹੜਾ ਕਾਫਲਾ ਸੀ ਉਹ ਕਾਹਬੇ ਪਹੁੰਚ ਗਿਆ। ਉਸ ਵੇਲੇ ਇਬਰਾਹੀਮ ਸੀ ਇਨ੍ਹਾਂ ਸਾਰਿਆਂ ਦਾ ਮੁੱਖੀ। ਇਬਰਾਹੀਮ ਜਦ ਆਇਆ ਤਾਂ ਹੈਰਾਨ ਹੋ ਗਏ ਸਾਰੇ ਕਿ ਕਾਹਬੇ ਦੇ ਦਰਸ਼ਨ ਹੀ ਨਹੀਂ ਹੁੰਦੇ। ਗੁਰੂ ਨਾਨਕ ਪਾਤਸ਼ਾਹ ਦਾ ਤਾਂ ਬਾਅਦ ਵਿੱਚ ਆਉਂਦਾ ਹੈ ਨਾ ਕਿ ਕਾਹਬਾ ਘੁੰਮ ਗਿਆ ਜਿਧਰ ਚਰਨ ਕਰੇ ਸੀ ਮਹਾਰਾਜ ਦੇ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਕਾਹਬਾ ਪਹਿਲਾਂ ਵੀ ਗਾਇਬ ਹੋਇਆ ਸੀ। ਉਸ ਵੇਲੇ ਦੁਆ ਕੀਤੀ ਕਿ ਹੇ ਅੱਲਾਹ ਤਾਲਾ ਕਾਹਬਾ ਕਿੱਥੇ ਚਲਿਆ ਗਿਆ। ਉਹ ਕਹਿਣ ਲੱਗੇ ਰਾਵੀਆ ਨੂੰ ਹੱਜ ਕਰਾਉਣ ਵਾਸਤੇ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਵੇਂ ਹੋ ਗਿਆ। ਉਹ ਕਹਿੰਦੇ, ਉਹਨੇ ਦਇਆ ਕਰਕੇ ਮੈਨੂੰ ਰਿਝਾ ਲਿਆ। ਇਸ ਕਰਕੇ ਕਾਹਬਾ ਉਥੇ ਗਿਆ ਹੈ। ਜਿਸ ਵਕਤ ਉਹ ਉਥੇ ਜਾਂਦੇ ਨੇ, ਉਸ ਲੜਕੀ ਕੋਲ ਕੱਪੜਾ ਤਾਂ ਕੋਈ ਹੈ ਨਹੀਂ ਸੀ, ਰੇਤਾ ਪੁੱਟਿਆ, ਗਲ-ਗਲ ਤੱਕ ਟੋਆ ਪੁੱਟ ਕੇ ਉਸਦੇ ਵਿੱਚ ਬੈਠ ਗਈ। ਸਿਰ ਦਿਸਦਾ ਸੀ ਬਾਹਰ। ਉਹਦੇ ਆਲੇ-ਦੁਆਲੇ ਜੰਗਲੀ ਜਾਨਵਰ ਬੈਠੇ ਸੀ। ਬੈਠੇ ਉਹ ਜਿਹੜੇ ਇੱਕ ਦੂਜੇ ਦੇ ਵਿਰੋਧੀ ਨੇ। ਜਿਵੇਂ ਹਰਨ ਹੈ ਨਾਲ ਬਘਿਆੜ ਬੈਠਾ ਹੈ, ਸ਼ੇਰ ਬੈਠਾ ਹੈ, ਬੱਕਰੀ ਬੈਠੀ ਹੈ। ਉਹ ਹੈਰਾਨ ਹੋ ਗਿਆ ਇਬਰਾਹੀਮ ਕਿ ਕਮਾਲ ਦੀ ਗੱਲ ਹੈ ਕਿ ਇਹਦੇ ਆਲੇ-ਦੁਆਲੇ ਤਾਂ ਜੰਗਲੀ ਜਾਨਵਰ ਬੈਠੇ ਨੇ ਵਿਰੋਧੀ ਸੁਭਾਵਾਂ ਦੇ ਜਿਵੇਂ ਗੁਰੂ ਮਹਾਰਾਜ ਦੇ ਪਾਸ ਜਦੋਂ ਕੀਰਤਨ ਹੋਇਆ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੇ ਜਾਨਵਰ ਵਿਰੋਧੀ ਨੇ। ਮਹਾਰਾਜ ਕਹਿੰਦੇ ਪਿਆਰਿਆ! ਇਨ੍ਹਾਂ

ਦੇ ਅੰਦਰ ਸ਼ਬਦ ਚਲਿਆ ਗਿਆ, ਇਨ੍ਹਾਂ ਦਾ ਵਿਰੋਧ ਖਤਮ ਹੋ ਗਿਆ। ਉਥੇ ਜਦ ਆਏ ਤਾਂ ਜਾਨਵਰ ਉਠ ਕੇ ਤੁਰ ਗਏ। ਕਹਿਣ ਲੱਗੇ, ਐ ਰਾਵੀਆ! ਤੂੰ ਕਿਹੜਾ ਕੰਮ ਕੀਤਾ ਹੈ, ਜਿਹਦੇ ਕਰਕੇ ਤੂੰ ਦਰਗਾਹ ਵਿੱਚ ਪ੍ਰਵਾਨ ਹੋ ਗਈ। ਉਹ ਕਹਿਣ ਲੱਗੀ, ਮੈਂ ਤਾਂ ਕੋਈ ਕੰਮ ਨਹੀਂ ਕੀਤਾ, ਮੈਂ ਤਾਂ ਇੱਥੇ ਇੱਕ ਕੁੱਤੀ ਸੀ ਪਿਆਸੀ, ਬੱਚਿਆਂ ਨੂੰ ਲਈਂ ਫਿਰਦੀ ਸੀ, ਮੈਂ ਆਪਣੇ ਕੱਪੜੇ ਵੀ ਪਾੜ ਦਿੱਤੇ ਤੇ ਕੇਸ ਵੀ ਕੱਟ ਦਿੱਤੇ ਉਹਦੀ ਰੱਸੀ ਬਣਾਈ ਹੈ ਤਾਂ ਉਨ੍ਹਾਂ ਨੇ ਪਾਣੀ ਪੀਤਾ ਹੈ।

ਸੋ ਇਹ ਦਇਆ ਦਾ ਕੰਮ ਹੈ। ਸੱਠ ਕੋਹ ਦੇ ਉਤੇ ਆ ਕੇ ਕਾਹਬੇ ਨੇ ਰਾਵੀਆ ਨੂੰ ਦਰਸ਼ਨ ਦਿੱਤੇ। ਸੋ ਦਇਆ ਨਾ ਮਨੁੱਖ ਵਿੱਚ ਹੋਵੇ, ਮਹਾਰਾਜ ਕਹਿੰਦੇ ਕਸਾਈ ਹੁੰਦਾ ਹੈ। ਇਹ ਧਰਮ ਨਹੀਂ ਹੁੰਦਾ –

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥*** ***ਅੰਗ – 1103***

ਜੀਵਾਂ ਨੂੰ ਵੱਢ-ਵੱਢ ਕੇ ਖਾਂਦਾ ਹੈਂ, ਧਰਮ ਕਿਹੜਾ ਹੋਇਆ ਇਹ? ਫੇਰ ਧਰਮ ਦੀ ਪਰਿਭਾਸ਼ਾ ਕੀ ਹੋਈ?

***ਆਪਸ ਕਉ ਮੁਨਿਵਰ ਕਰਿ ਥਾਪਹੁ ਕਾ***
***ਕਉ ਕਹਹੁ ਕਸਾਈ ॥*** ***ਅੰਗ – 1103***

ਫੇਰ ਕਸਾਈ ਕੀਹਨੂੰ ਕਹੋਂਗੇ, ਤੁਸੀਂ ਆਪ ਹੀ ਹੋਏ।

***ਅਠਸਠਿ ਤੀਰਥ ਸਗਲ***
***ਪੁੰਨ ਜੀਅ ਦਇਆ ਪਰਵਾਨੁ ॥*** ***ਅੰਗ – 136***

ਇਹ ਦਇਆ ਦੁਆਪਰ ਵਿੱਚ ਅੱਧੀ ਹੋ ਗਈ ਸੀ ਕਿਉਂਕਿ ਜਾਨਵਰਾਂ ਦੀਆਂ ਕੁਰਬਾਨੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸੀ।

ਇਸ ਤਰ੍ਹਾਂ ਦੇ ਨਾਲ ਫੇਰ ਹੋਇਆ ਕਰਦਾ ਹੈ ਮਿੱਠਾ ਬਚਨ। ਕੌੜਾ ਬਚਨ ਨਾ ਬੋਲਣਾ –

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***

***ਅੰਗ – 473***

ਗੁਰੂ ਮਹਾਰਾਜ ਨੇ ਵਰਜਿਆ ਹੈ ਗੁਰਸਿੱਖਾਂ ਨੂੰ ਕਿ ਫਿੱਕਾ ਨਹੀਂ ਬੋਲਣਾ। ਪਿਆਰ ਦੇ ਨਾਲ ਗੱਲ ਕਰੋ। ਪਿਆਰ ਨਾਲ ਜਿੱਤੋ ਸਭ ਨੂੰ। ਇਸ ਤੋਂ ਅੱਗੇ ਹੋਇਆ ਕਰਦਾ ਹੈ ਸਤਿ ਬੋਲਣਾ। ਬਚਨ ਜਿਹੜਾ ਮੂੰਹ ਤੋਂ ਕਹਿਣਾ ਹੈ ਸਤਿ ਕਹਿਣਾ ਹੈ। ਝੂਠਾ ਬਚਨ ਨਹੀਂ ਕਹਿਣਾ ਹੈਗਾ। ਸ਼ੀਲ ਹੁੰਦਾ ਹੈ ਚਰਿੱਤਰ। ਚਰਿੱਤਰ ਦੇ ਸਿਆਣਿਆਂ ਨੇ 29-30 ਭੇਤ ਗਿਣੇ ਨੇ। ਕੌੜਾ ਬੋਲਣਾ ਚਰਿੱਤਰ ਨਹੀਂ ਹੈ, ਪੈਸੇ ਲੈ ਕੇ ਮੁੱਕਰ ਜਾਣਾ ਚਰਿੱਤਰ ਨਹੀਂ ਹੈ, ਫਜ਼ੂਲ ਗੱਲਾਂ ਕਰਨੀਆਂ; ਇਸ ਤਰ੍ਹਾਂ ਦੇ ਨਾਲ ਉਹ ਪੂਰਾ ਮਨੁੱਖ ਹੁੰਦਾ ਹੈ ਜਿਹੜਾ ਜ਼ਿੰਮੇਵਾਰੀ ਦੇ ਨਾਲ ਸ਼ੀਲਤਾ ਨੂੰ ਕਾਇਮ

ਰੱਖਦਾ ਹੈ। ਫੇਰ ਹੁੰਦੀ ਹੈ 'ਸੌਚ'; ਸੌਚ ਹੁੰਦੀ ਹੈ ਆਪਣੇ ਸਰੀਰ ਨੂੰ ਪਵਿੱਤਰ ਰੱਖਣਾ, ਆਪਣੇ ਘਰ ਨੂੰ ਪਵਿੱਤਰ ਰੱਖਣਾ, ਆਪਣੇ ਬਚਨਾਂ ਨੂੰ ਪਵਿੱਤਰ ਰੱਖਣਾ। ਆਪਣੇ ਮਨ ਨੂੰ ਮੈਲ ਨਾ ਲੱਗਣ ਦੇਣੀ। ਆਪਣੀ ਬੁੱਧੀ ਨੂੰ ਪਵਿੱਤਰ ਰੱਖਣਾ। ਆਪਣੇ ਅੰਦਰ ਜੋ ਜੀਵ ਆਤਮਾ ਹੈ ਉਹਨੂੰ ਪਵਿੱਤਰ ਰੱਖਣਾ। ਸੋ ਇਸ ਤਰ੍ਹਾਂ ਦੇ ਨਾਲ ਇਹ ਗੁਣ ਹੋਇਆ ਕਰਦੇ ਨੇ ਜਿਨ੍ਹਾਂ ਨੂੰ ਧਰਮ ਕਹਿੰਦੇ ਨੇ। ਫੇਰ ਹੋਇਆ ਕਰਦਾ 'ਸੰਤੋਖ', ਤ੍ਰਿਸ਼ਨਾ ਬਿਨਾਂ। ਮਿਹਨਤ ਕਰੋ ਜੀਅ ਭਰ ਕੇ ਜਿੰਨੀ ਕਰ ਸਕਦੇ ਓਂ, ਉਹਦੇ 'ਚ ਕੁਤਾਹੀ ਨਾ ਕਰੋ, ਪ੍ਰਮੇਸ਼ਰ ਮੁਆਫ ਨਹੀਂ ਕਰਦਾ ਹੇ ਤਨਖਾਹ ਵੀ ਲੈਂਦਾ ਹੈ ਤੇ ਕੁਤਾਹੀ ਵੀ ਕਰਦਾ ਹੈ। ਲੇਕਿਨ ਜੋ ਕੁਛ ਹਾਸਿਲ ਹੋ ਗਿਆ, ਜੋ ਕੁਛ ਮਿਲ ਗਿਆ ਉਹਦੇ ਉਤੇ ਸੰਤੋਖ ਕਰੋ। ਤ੍ਰਿਸ਼ਨਾ ਵਿੱਚ ਨਾ ਆਓ, ਕਿਉਂਕਿ –

***ਏਹ ਤਿਸਨਾ ਵਡਾ ਰੋਗੁ ਲਗਾ***
***ਮਰਣੁ ਮਨਹੁ ਵਿਸਾਰਿਆ ॥*** ***ਅੰਗ – 919***

ਆਦਮੀ ਤ੍ਰਿਸ਼ਨਾ ਦੇ ਵਿੱਚ ਰੁੜ੍ਹ ਰਿਹਾ ਹੈ। ਰੁੜ੍ਹਿਆ ਹੋਇਆ ਪ੍ਰਮੇਸ਼ਰ ਵਿਸਰਿਆ ਹੋਇਆ ਹੈ, ਮਰਨਾ ਭੁੱਲਿਆ ਹੋਇਆ ਹੈ। 80 ਸਾਲ ਦੀ ਉਮਰ ਹੁੰਦੀ ਹੈ, ਕੋਠੀਆਂ ਬਣਾ ਰਿਹਾ ਹੁੰਦਾ ਹੈ ਉਸ ਵੇਲੇ। ਤ੍ਰਿਸ਼ਨਾ 'ਚ ਲੱਗਿਆ ਪਿਆ ਹੈ। ਸੋ ਤ੍ਰਿਸ਼ਨਾ ਆਦਮੀ ਨੂੰ ਜਿਹੜੀ ਹੈ ਇਹ ਇੱਕ ਅੱਗ ਹੋਇਆ ਕਰਦੀ ਹੈ।

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥***
***ਪਰੈ ਪਰੈ ਹੀ ਕਉ ਲੁਝੀ ਹੇ ॥*** ***ਅੰਗ – 213***

ਕਰੋੜ ਰੁਪਿਆ ਜੁੜ ਗਿਆ, ਕਹਿੰਦਾ ਹੈ ਕਿ ਮੈਂ ਤਾਂ ਅਜੇ ਬਿਲੀਅਨਰ ਨਹੀਂ ਹੋਇਆ ਅਜੇ, ਕ੍ਰੋੜੀ ਹੀ ਹੋਇਆ ਹਾਂ। ਹੋਰ ਅੱਗੇ ਚੱਲ ਪਿਆ। ਇਹਦਾ ਅੰਤ ਨਹੀਂ ਹੈ ਮਹਾਰਾਜ ਕਹਿੰਦੇ–

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*** ***ਨਸੀਹਤਨਾਮਾ***

ਜੇ ਵਾਹਿਗੁਰੂ ਨੇ ਪੈਸਾ ਦਿੱਤਾ ਹੈ ਉਹਨੇ ਕਿਸੇ ਚੰਗੇ ਕਾਰਜਾਂ ਦੇ ਉਤੇ ਵਰਤ। ਉਸ ਤੋਂ ਕੰਮ ਲੈ, ਸੰਸਾਰ ਦਾ ਭਲਾ ਕਰ। ਵਾਹਿਗੁਰੂ ਸੰਸਾਰ 'ਚ ਵਸਦਾ ਹੈ। ਹਰ ਥਾਂ 'ਤੇ ਵਸਦਾ ਹੈ। ਜੇ ਵਾਹਿਗੁਰੂ ਨੂੰ ਪ੍ਰਸੰਨ ਕਰਨਾ ਹੈ, ਸੇਵਾ ਕਰਨੀ ਸ਼ੁਰੂ ਕਰ। ਗੁਰਦੁਆਰੇ ਵਗੈਰਾ ਬਣਾਉਣਾ ਠੀਕ ਹੈ ਸਾਡੇ ਵਾਸਤੇ, ਮਾਨਸਿਕ ਤਸੱਲੀ ਮਿਲਦੀ ਹੈ, ਲੇਕਿਨ ਇਸ ਤੋਂ ਅੱਗੇ ਸਮਾਜ ਦੇ ਬਾਰੇ ਵੀ ਸੋਚੋ, ਬੱਚਿਆਂ ਬਾਰੇ ਸੋਚੋ, ਬੇਅੰਤ ਪੈਸਾ ਵਾਹਿਗੁਰੂ ਨੇ ਤੁਹਾਨੂੰ ਦਿੱਤਾ, ਥੋੜ੍ਹਾ–ਥੋੜ੍ਹਾ ਪੈਸਾ ਵੀ ਕੱਢੋ, ਟੈਲੀਵੀਜ਼ਨ ਲਾ ਸਕਦੇ ਓਂ, ਉਥੋਂ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਪ੍ਰਸਾਰ ਹੋ ਸਕਦੇ ਨੇ। ਫੇਰ ਤੁਸੀਂ ਕੋਈ

ਟੈਕਨੀਕਲ ਸਕੂਲ, ਕਾਲਜ ਬਣਾ ਸਕਦੇ ਓਂ, ਬੱਚੇ ਬੜੇ ਔਖੇ ਨੇ ਮੈਂ ਜਿੱਥੇ ਵੀ ਜਾਂਦਾ ਹਾਂ, ਮੈਨੂੰ ਇਹੀ ਸ਼ਿਕਾਇਤ ਆਉਂਦੀ ਹੈ ਕਿ ਬੱਚੇ ਨੇ ਕੇਸ ਮੁਨਾ ਦਿੱਤੇ ਸੀ। ਅਸਰ ਪੈਂਦਾ ਹੈ ਉਨ੍ਹਾਂ ਦਾ, ਉਹ ਆਪਣੇ ਦ੍ਰਿੜ੍ਹ ਇਰਾਦੇ 'ਤੇ ਨਹੀਂ ਰਹਿ ਸਕਦੇ। ਕਿਉਂਕਿ ਐਸਾ ਹੀ ਹੈ। ਸੋ ਇਹ ਜਿਹੜੀਆਂ ਚੀਜ਼ਾਂ ਨੇ ਸੰਤੋਖ ਦੇ ਵਿੱਚ ਰਹਿ ਕੇ ਅਸੀਂ ਇਹ ਚੀਜ਼ਾਂ ਕਰ ਸਕਦੇ ਹਾਂ। ਸੋ ਇਹ ਇੱਕ ਜੀਵਨ ਹੈ।

ਦੂਜਾ ਹੈ ਭੈ ਰਹਿਤ ਹੋਣਾ –

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

***ਅੰਗ – 1427***

ਡਰਦਾ ਉਹ ਹੈ ਜਿਹੜਾ ਗਲਤ ਕੰਮ ਕਰਦਾ ਹੈ। ਇਨਕਮਟੈਕਸ ਦੀ ਚੋਰੀ ਕਰਨ ਵਾਲਾ ਡਰੀ ਜਾਏਗਾ ਕਿ ਕਿਤੇ ਫੜਿਆ ਨਾ ਜਾਵਾਂ ਮੈਂ। ਦੂਜਾ ਡਰੇਗਾ ਉਹ ਕਿ ਇੱਥੋਂ ਸਮਾਨ ਲੈ ਕੇ ਚੱਲ ਪਓ, ਕਸਟਮ ਨੂੰ ਬਚਾਉਣ ਵਾਸਤੇ ਲਕੋ ਲਓ ਤੇ ਆਦਮੀ ਸਾਰੇ ਰਸਤੇ ਡਰਦਾ ਹੀ ਜਾਏਗਾ, ਕਿਤੇ ਫੜ ਨਾ ਹੋ ਜਾਏ, ਇਹ ਭੈ ਕਹਾਉਂਦਾ ਹੈ। ਭੈ ਆਉਂਦਾ ਹੈ ਗਲਤ ਕੰਮਾਂ ਨਾਲ

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***

***ਅੰਗ – 84***

ਸੋ ਇਸ ਤਰ੍ਹਾਂ ਦੇ ਨਾਲ ਸਾਰੇ ਚਰਿੱਤਰ ਨੂੰ ਧਰਮ ਕਿਹਾ ਜਾਂਦਾ ਹੈ। ਮਿੱਠਾ ਬੋਲਣਾ, ਦਾਨ ਕਰਨਾ, ਸੇਵਾ ਕਰਨੀ; ਇਹ ਤਾਂ ਇੱਕ ਫੈਕਟਰ ਹੋ ਗਿਆ ਜਿਸਨੂੰ ਅਸੀਂ ਧਰਮ ਕਹਿੰਦੇ ਹਾਂ। ਦੂਸਰਾ ਹੋਇਆ ਕਰਦਾ ਹੈ ਆਦਮੀ ਦੇ ਅੰਦਰ ਗਿਆਨ। ਬ੍ਰਹਮਗਿਆਨ ਤੱਕ ਪਹੁੰਚਣਾ ਆਦਮੀ ਵਾਸਤੇ ਜ਼ਰੂਰੀ ਹੈ, ਤਾਂ ਇਹਦਾ ਆਉਣਾ ਜਾਣਾ ਖਤਮ ਹੁੰਦਾ ਹੈ ਨਹੀਂ ਤਾਂ ਖਤਮ ਨਹੀਂ ਹੋਇਆ ਕਰਦਾ। ਹਉਮੈ ਤੋਂ ਰਹਿਤ ਹੋਣਾ, ਹਉਮੈ ਨੂੰ ਸਮਝਣਾ ਕਿ ਹਉਮੈ ਕੀ ਹੈ। ਹਉਮੈਂ ਸਾਨੂੰ ਉਲਝਾਈ ਫਿਰਦੀ ਹੈ। ਜਿਹੜਾ 'ਮੈਂ' ਅਰ 'ਮੇਰਾ' ਹੈ ਨਾ ਇਹ ਦੋ ਚੀਜ਼ਾਂ ਆਦਮੀ ਦੇ ਅੰਦਰ ਸੁਭਾਵਿਕ ਆਈਆਂ ਹੋਈਆਂ ਨੇ। ਕੋਈ ਐਸਾ ਬੰਦਾ ਨਹੀਂ ਜਿਸਦੇ ਅੰਦਰ ਨਹੀਂ ਆਈਆਂ। ਜਿੰਨੀ ਦੇਰ ਤੱਕ ਹਉਮੈ ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***

***ਅੰਗ – 466***

ਜਿਹੜੀ ਸ਼ਖਸ਼ੀਅਤ ਹੈ ਨਾ ਇਹਨੂੰ ਹਉਮੈ ਕਹਿੰਦੇ ਨੇ, ego ਨਹੀਂ ਹੁੰਦੀ, ਈਗੋ ਹੋਰ ਚੀਜ਼ ਹੁੰਦੀ ਹੈ। ਇਹ ਇਕ ਭਾਵ ਹੈ ਮੈਂ ਤੇ ਮੇਰੀ ਦਾ ਇਹਨੂੰ ਕੱਟਣ ਵਾਸਤੇ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਉਪਦੇਸ਼, ਹਉਮੈ ਦੂਰ ਕਰਨ ਵਾਸਤੇ ਨੇ। ਹਉਮੈ ਦੇਹ ਅਧਿਆਸ ਤੋਂ ਪੈਦਾ ਹੁੰਦੀ ਹੈ। ਜਦੋਂ ਇਹ ਆਪਣੇ ਆਪ ਨੂੰ ਦੇਹ ਨਹੀਂ ਮੰਨਦਾ, ਮਨ ਨਹੀਂ ਮੰਨਦਾ, ਬੁੱਧੀ ਨਹੀਂ ਮੰਨਦਾ, ਚਿੱਤ ਨਹੀਂ ਮੰਨਦਾ, ਮੈਂ ਜਿਹੜਾ ਇੱਕ ਪਰਛਾਵਾਂ ਹੈ ਉਹ

ਨਹੀਂ ਮੰਨਦਾ, ਇਹ ਸਮਝਦਾ ਹੈ ਕਿ ਮੈਂ ਆਤਮਾ ਹਾਂ। ਆਤਮਾ ਸਾਰੇ ਪਰੀਪੂਰਨ ਹੈ, ਆਤਮਾ ਦਾ ਹੀ ਸਾਰੇ ਪਸਾਰਾ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - 846*

ਸੋ ਦੂਸਰੀ ਹੋਇਆ ਕਰਦੀ ਹੈ ਸੁੱਚੀ ਕਿਰਤ। ਕਿਰਤ ਨੂੰ ਬੜੀ ਭਾਰੀ ਮਹੱਤਤਾ ਦਿੱਤੀ ਹੈ। ਮਹਾਤਮਾ ਬੁੱਧ ਨੇ ਅਸ਼ਟਾਂਗ ਯੋਗ ਦੇ ਅੰਦਰ ਕਿਰਤ ਨੂੰ ਮਹੱਤਤਾ ਦਿੱਤੀ ਹੈ। ਤੁਸੀਂ ਸਾਰੇ ਕਿਰਤ ਕਰਦੇ ਓਂ, ਠੀਕ ਹੈ, ਨੇਕ ਕਿਰਤ ਕਰਦੇ ਓਂ, ਝੂਠ ਨਹੀਂ ਬੋਲਦੇ, ਗਲਤ ਕੰਮ ਨਹੀਂ ਕਰਦੇ, ਇਹ ਇੱਕ ਬੜਾ ਭਾਰੀ ਗੁਣ ਹੈ। ਕਿਰਤ ਦਾ ਜਿਹੜਾ ਅਨਾਜ ਪੈਦਾ ਕਰਿਆ ਹੋਇਆ, ਪੈਸਾ ਪੈਦਾ ਕਰਿਆ ਹੋਇਆ, ਉਹਦਾ ਅੰਨ੍ਹ ਮਨ ਨਿਰਮਲ ਕਰਦਾ ਹੈ। ਸੁੱਚੀ ਕਿਰਤ ਦਾ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ - 1245*

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ਅੰਗ - 472*

ਦੂਸਰਾ ਨਹੀਂ ਮਿਲਿਆ ਕਰਦਾ। ਜਿਹੜੀ ਚੌਥੀ ਹੈ ਉਹ ਹੈ ਆਦਮੀ ਵਾਸਤੇ - ਆਤਮ ਰਸੀਆ ਹੋਣਾ। ਪਹਿਲਾਂ ਆਤਮਾ ਦਾ ਗਿਆਨ ਹੋਵੇ, ਫੇਰ ਆਤਮਾ ਦਾ ਚਿੰਤਨ ਹੋਵੇ, ਜਿਵੇਂ ਨਾਮ ਰਸੀਆ ਹੈ ਏਸੇ ਤਰ੍ਹਾਂ ਆਤਮ ਰਸੀਆ ਹੋਇਆ ਕਰਦਾ ਹੈ। ਫੇਰ ਆਸੁਰੀ ਸੰਪਰਦਾ ਉਹਦੇ ਨੇੜੇ ਨਾ ਹੋਵੇ, ਨਾ ਵੈਰ, ਨਾ ਵਿਰੋਧ, ਨਾ ਕਾਮ, ਨਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ; ਹੰਸ, ਹੇਤ, ਕੋਪ, ਲੋਭ ਚਾਰੇ ਨਦੀਆਂ ਅੱਗ; ਰਾਜ, ਮਾਲ, ਰੂਪ, ਜਾਤ, ਜੋਬਨ, ਪੰਜੇ ਠੱਗ; ਇਹ ਇੱਕ ਮਹਿਕਮਾ ਹੈ ਇਹਨੂੰ ਤਿੰਨ ਚਾਰ ਸੌ ਗਿਣ ਲੈਂਦੇ ਨੇ। ਇਹਨੂੰ ਆਸੁਰੀ ਸੰਪਰਦਾ ਕਹਿੰਦੇ ਨੇ। ਜਿਹੜੀ ਆਦਮੀ ਨੂੰ ਗਲਤ ਪਾਸੇ ਲੈ ਕੇ ਜਾਂਦੀ ਹੈ। ਦੂਸਰੀ ਇਹਦੇ ਉਲਟ ਦੈਵੀ ਸੰਪਰਦਾ ਹੈ। ਸੋ ਇਹ ਇੱਕ ਸੁੱਚਾ ਇਨਸਾਨ ਜਿਹੜਾ ਹੈ ਉਹਦੇ ਵਿੱਚ ਇਹ ਚੀਜ਼ਾਂ ਹੁੰਦੀਆਂ ਨੇ। ਉਹ ਰਿਸ਼ੀ ਦਾ ਦਰਜਾ ਹਾਸਿਲ ਕਰਦਾ ਹੈ, ਮੁਨੀ ਦਾ, ਖਾਲਸੇ ਦਾ। ਇਸ ਆਦਰਸ਼ ਨੂੰ ਲਿਆਉਣ ਵਾਸਤੇ ਗੁਰੂ ਨਾਨਕ ਸਾਹਿਬ ਤੋਂ ਹੀ ਬਾਣੀ ਦੀ ਰਚਨਾ ਹੋਈ, ਸਿੱਖੀ ਦਾ ਬੀਜ ਫਲਿਆ, ਉਪਦੇਸ਼ ਹੋਏ, ਨੌਂ ਗੁਰੂ ਸਾਖਸ਼ਾਤ ਦੇਹ ਦੇ ਵਿੱਚ ਆ ਕੇ, ਬੇਅੰਤ ਸੰਸਾਰ ਦਾ ਭਰਮਣ ਕਰਕੇ ਸਮਝਾਉਂਦੇ ਰਹੇ। ਲੇਕਿਨ ਉਹ ਜਿਹੜੀ ritual ਸੀ, ਉਹ ਜੜ੍ਹ ਫੜੀ ਹੋਈ ਸੀ ਉਹਨੇ, ਉਹ ਟੁੱਟ ਨਹੀਂ ਸੀ ਰਹੀ। ਇਹਦੇ ਬਾਰੇ ਬਾਰ-ਬਾਰ ਹੋਇਆ। ਇੱਕ ਤਾਂ ਸਮਾਜ ਵੰਡੀ ਗਈ ਚਾਰ ਹਿੱਸਿਆਂ ਦੇ ਵਿੱਚ। ਇਹਨੇ ਬਹੁਤ ਵੱਡਾ ਨੁਕਸਾਨ ਦਿੱਤਾ ਭਾਰਤ ਵਰਸ਼ ਨੂੰ। ਕਿਉਂਕਿ ਚਾਰ ਹੋਏ, ਪਹਿਲਾਂ ਤਾਂ ਉਹ ਠੀਕ ਸੀਗਾ ਕਿ ਜਿਹੜਾ ਕਿਰਤ ਕਰਨ ਦੇ ਵਿੱਚ ਮਹੱਤਤਾ ਰੱਖਦਾ ਹੈ, ਸੇਵਾ ਕਰਦਾ ਹੈ, ਉਹਨੂੰ ਸ਼ੂਦਰ ਕਹਿ ਦਿੱਤਾ,

ਜਿਹੜਾ ਵਣਜ ਵਪਾਰ ਕਰ ਸਕਦਾ ਹੈ, ਉਹ ਵਣਜ ਵਪਾਰ ਕਰੇ, ਉਹਨੂੰ ਵੈਸ਼ ਕਿਹਾ, ਜਿਹੜਾ ਫੌਜ ਦੇ ਵਿੱਚ ਫਿੱਟ ਹੋ ਸਕਦਾ ਹੈ, ਦੇਸ਼ ਦੀ ਰਾਖੀ ਵਾਸਤੇ, ਉਹ ਜ਼ਮੀਨ ਦਾ ਮਾਲਕ ਹੋਵੇ ਤੇ ਖੱਤਰੀ ਉਹਨੂੰ ਕਹਿੰਦੇ ਸੀ, ਚੌਥਾ ਜਿਹੜਾ ਖੋਜ ਕਰਦਾ ਸੀ, ਉਹਨੂੰ ਬ੍ਰਾਹਮਣ ਕਹਿੰਦੇ ਸੀ। ਉਹ ਮਾੜੀ ਨਹੀਂ ਸੀ ਵੰਡ। ਪੱਕੀ ਨਹੀਂ ਸੀ, ਕੋਈ ਵੀ ਬੰਦਾ ਤਰੱਕੀ ਕਰਕੇ ਇੱਕ ਦੂਜੇ ਦੇ ਥਾਂ ਆ ਸਕਦਾ ਸੀ। ਲੇਕਿਨ ਬਾਅਦ ਵਿੱਚ ਜਿਉਂ-ਜਿਉਂ ਚਲਦਾ ਗਿਆ, ਸ਼ੂਦਰ ਬਿਲਕੁਲ ਹੀ ਥੱਲੇ ਸੁੱਟ ਦਿਤਾ ਗਿਆ, ਵੈਸ਼ਨੂੰ ਨੂੰ ਵੀ, ਬ੍ਰਾਹਮਣ ਦਾ ਧਰਮ ਖੱਟ ਧਰਮ ਹੋ ਗਿਆ ਉਹਨੇ ਵੇਦ ਪੜ੍ਹਨੇ, ਵੇਦ ਪੜ੍ਹਾਉਣੇ, ਉਹਨੂੰ ਦਾਨ ਦੇਣਾ, ਦਾਨ ਲੈਣਾ, ਦਾਨ ਲਿਆਉਣਾ, ਯੱਗ ਕਰਨਾ ਤੇ ਯੱਗ ਕਰਾਉਣਾ। ਖੱਤਰੀਆਂ ਦੇ ਜਿਹੜੇ ਸੀ ਉਹ ਪੰਜ ਧਰਮ ਸੀ। ਜਿਹੜੇ ਵੈਸ਼ ਸੀਗੇ ਉਹ ਵੇਦ ਪੜ੍ਹਾ ਨਹੀਂ ਸੀ ਸਕਦੇ। ਯੱਗ ਨਹੀਂ ਸੀ ਕਰਾ ਸਕਦੇ, ਦਾਨ ਦੇ ਸਕਦੇ ਸੀ, ਲੈ ਨਹੀਂ ਸੀ ਸਕਦੇ। ਸ਼ੂਦਰ ਜਿਹੜਾ ਸੀ ਉਹਨੂੰ ਕਿਹਾ ਕਿ ਤੈਨੂੰ ਕੁਛ ਕਰਨ ਦੀ ਲੋੜ ਨਹੀਂ। ਤੂੰ ਭਜਨ ਵੀ ਨਹੀਂ ਕਰਨਾ ਤੂੰ ਸੇਵਾ ਕਰ, ਉੱਚੀਆਂ ਜਾਤੀਆਂ ਦੀ, ਦੁਬਾਰਾ ਤੈਨੂੰ ਉਚੀਆਂ ਜਾਤੀਆਂ 'ਚ ਜਨਮ ਮਿਲੇਗਾ, ਫੇਰ ਤੂੰ ਅਧਿਕਾਰੀ ਹੋਏਂਗਾ। ਜੇ ਕਿਤੇ ਸ਼ੂਦਰ ਨੇ ਓਅੰਕਾਰ ਕਹਿ ਦਿੱਤਾ, ਉਹਨੂੰ ਬਹੁਤ ਸਜ਼ਾ ਮਿਲਦੀ ਸੀ।

ਸ੍ਰੀ ਰਾਮ ਚੰਦਰ ਜੀ ਦੇ ਵੇਲੇ ਇੱਕ ਰਿਸ਼ੀ ਸੀ, ਉਹਦੀ ਬਹੁਤ ਵੱਡੀ ਮਹਾਨਤਾ ਹੋ ਗਈ। ਬ੍ਰਹਮਗਿਆਨੀ ਸੀ, ਛੋਟੀ ਜਾਤ ਦਾ ਸੀ, ਚੰਡਾਲ ਜਾਤੀ ਦਾ ਜਿਵੇਂ ਬਾਲਮੀਕ ਸੀ। ਉਥੇ ਕਿਸੇ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ। ਉਨ੍ਹਾਂ ਨੇ ਆ ਕੇ ਸਤਿਆ ਗ੍ਰਹਿ ਕਰ ਦਿੱਤਾ ਰਾਮ ਚੰਦਰ ਜੀ ਦੇ ਦਰਬਾਰ 'ਚ ਕਿਉਂਕਿ ਉਹ ਰਾਜੇ ਸੀਗੇ, ਰਾਜਾ ਰਾਮ ਤੇ ਰਾਮ ਚੰਦਰ ਜੀ ਦਾ ਫਰਕ ਹੈ ਆਪਸ ਵਿੱਚ, ਰਾਜਾ ਰਾਮ ਮਰਿਆਦਾ ਪੁਰਸ਼ੋਤਮ ਸੀ, ਰਾਮ ਚੰਦਰ ਜੀ ਸਰਬ ਕਲਾ ਸਮਰੱਥ ਇੱਕੋ ਵਿਅਕਤੀ ਸੀਗੇ ਉਹ। ਉਨ੍ਹਾਂ ਨੂੰ ਕਿਹਾ ਗਿਆ ਕਿ ਇਸ ਵੇਲੇ ਅਨੀਤੀ ਹੋ ਰਹੀ ਹੈ ਤੇਰੇ ਰਾਜ ਵਿੱਚ ਇੱਕ ਅਨਾਰੀਅਨ ਤਪ ਕਰ ਰਿਹਾ ਹੈ। ਉਹਦਾ ਪ੍ਰਤਾਪ ਵੱਧ ਰਿਹਾ ਹੈ, ਉਹ ਬ੍ਰਹਮਗਿਆਨੀ ਸੀ, ਉਸ ਰਿਸ਼ੀ ਨੂੰ ਮਾਰ ਦੇਣਾ ਚਾਹੀਦਾ ਹੈ। ਉਹ ਸਤਲੁਜ ਦੇ ਕੰਢੇ ਰਹਿੰਦਾ ਸੀ। ਜਿਸ ਵਕਤ ਉਹਨੂੰ ਮਾਰਨ ਵਾਸਤੇ ਰਾਮਚੰਦਰ ਜੀ ਆਏ, ਉਨ੍ਹਾਂ ਨੇ ਕਿਹਾ ਕਿ ਕਿੱਥੇ ਮੈਂ ਆ ਗਿਆ, ਕਿੰਨੀ ਸੁਗੰਧੀ ਆ ਰਹੀ ਹੈ, ਕਿੰਨੀ ਸ਼ਾਂਤੀ ਹੈ ਇੱਥੇ, ਕਿਸ ਤਰ੍ਹਾਂ ਦੇ ਨਾਲ ਸਾਰੇ ਫੁੱਲਾਂ ਦੇ ਵਿਚੋਂ ਰੂਹਾਨੀ ਪ੍ਰਭਾਵ ਪੈ ਰਿਹਾ ਹੈ ਉਹ ਕਹਿਣ ਲੱਗੇ ਕਿ ਇਹ ਉਸੇ ਮਾਣਕ ਰਿਸ਼ੀ ਦਾ ਇਹ ਥਾਂ ਹੈ। ਉਨ੍ਹਾਂ ਨੇ ਵਡਿਆਈ ਕਰ ਦਿੱਤੀ, ਜਿਵੇਂ ਰਾਜਾ ਹੁੰਦੇ ਹੋਏ ਸੀਤਾ ਜੀ ਨੂੰ ਉਨ੍ਹਾਂ ਨੂੰ ਦੇਣਾ ਪਿਆ ਬਨਵਾਸ, ਇਸੇ ਤਰ੍ਹਾਂ ਦੇ ਨਾਲ ਉਹਨੂੰ ਆਪਣੀ ਤਲਵਾਰ ਨਾਲ ਕਤਲ ਕਰਨਾ ਪਿਆ। ਉਹ ਵਖੇਵੇਂ ਸੀ ਆਦਮੀ ਨੂੰ ਮੌਕਾ ਨਹੀਂ ਮਿਲਦਾ। ਗੁਰੂ ਨਾਨਕ ਨੇ ਸਾਰੀ ਮਨੁੱਖਤਾ ਨੂੰ ਕਲਾਵੇ ਵਿੱਚ ਲਿਆ ਕਿ ਆਰੀਅਨ ਕੀ ਅਨਾਰੀਅਨ ਜਿਹੜਾ ਵੀ ਹੈ, ਜੋ ਵੀ ਬੰਦਾ ਹੈ -

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥* *ਅੰਗ - 97*
*ਏਕੁ ਪਿਤਾ ਏਕਸ ਕੇ*
*ਹਮ ਬਾਰਿਕ ਤੂ ਮੇਰਾ ਗੁਰ ਹਾਈ ॥* *ਅੰਗ - 611*

ਸੋ ਉਹਦੇ ਵਿੱਚ ਚੰਗਾ ਚਰਿੱਤਰ ਲਿਆਉਣ ਦੀ ਲੋੜ ਸੀ ਬੜੀ ਜ਼ਬਰਦਸਤ। ਇਸ ਤੋਂ ਪਹਿਲਾਂ ਹਰਸ਼ਵਰਧਨ ਇੱਥੇ ਬਾਦਸ਼ਾਹ ਹੋਇਆ ਹੈ। ਉਹ ਚਕਰਵਰਤੀ ਬਾਦਸ਼ਾਹ ਸੀ, ਬਹੁਤ ਵੱਡੀ ਉਹਦੀ ਫੌਜ ਸੀ, ਤਾਸ਼ਕੰਦ ਤੋਂ ਲੈ ਕੇ ਬ੍ਰਹਮਾ ਤੱਕ ਉਹਦਾ ਰਾਜ ਸੀ। ਉਹਨੇ ਸਭਾ ਕੀਤੀ, ਸਭਾ ਕਰਕੇ ਜਿਹੜੇ ਕਰਮਕਾਂਡ ਸੀ, ਹੋਰ ਕੱਸ ਦਿੱਤੇ ਗਏ। ਸਮਾਜ ਨੂੰ ਆਪਣੇ-ਆਪਣੇ ਥਾਂ ਕਰੜਾ ਕਰ ਦਿੱਤਾ ਗਿਆ। ਉਹਦਾ ਨਤੀਜਾ ਕੀ ਹੋਇਆ ਕਿ ਧਰਮ ਛੱਡ ਦਿੱਤਾ ਖੱਤਰੀਆਂ ਨੇ, ਯੁੱਧ ਕਰ ਨਾ ਸਕੇ, ਬਿਜ਼ਨਸ ਬਵਾਲ 'ਚ ਪੈ ਗਏ। ਉਹ ਸਾਰਾ ਜਿੰਨਾਂ ਸੀ ਉਹ ਫੇਲ੍ਹ ਹੋ ਗਿਆ।

ਇਹ ਗੱਲ ਗੁਰੂਆਂ ਦੇ ਸਾਮ੍ਹਣੇ ਜ਼ਬਰਦਸਤ ਸੀ। ਸੋ ਨੌਵੇਂ ਪਾਤਸ਼ਾਹ ਤੋਂ ਬਾਅਦ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਇਕੱਠ ਬੁਲਾਇਆ, ਉਹਦੇ ਵਿੱਚ ਨਿਰਣੇਪੂਰਵਕ ਫੈਸਲਾ ਲਿਆ ਕਿ ਸਮਾਜ ਦਾ ਆਪਰੇਸ਼ਨ ਕਰਨਾ ਬਹੁਤ ਜ਼ਰੂਰੀ ਹੈ ਤੇ ਇੱਕ ਉਹ ਸਮਾਜ ਪੈਦਾ ਕਰਨ ਦੀ ਲੋੜ ਹੈ ਜਿਹਦੇ ਵਿੱਚ ਬ੍ਰਹਮਗਿਆਨੀ ਹੋਣ, ਆਤਮ ਰਸੀਏ ਹੋਣ, ਨਾਮ ਰਸੀਏ ਹੋਣ, ਦਾਨੀ ਹੋਣ, ਸੇਵਾ ਕਰਨ ਵਾਲੇ ਹੋਣ ਤੇ ਪੂਰੇ ਧਰਮੀ ਹੋਣੇ ਤੇ ਉਹ ਧਰਮ ਹਿੰਦੋਸਤਾਨ ਦੀ ਕਲਿਆਣ ਕਰ ਸਕਦਾ ਹੈ। ਜਿਹੜੀ ਇਥੇ ਅੱਧੋਗਤੀ ਹੋ ਰਹੀ ਹੈ, ਲੱਖ-ਲੱਖ ਬੰਦਾ ਮਾਰਿਆ ਜਾ ਰਿਹਾ ਹੈ ਇਹ ਜਿਹੜੀ ਉਨ੍ਹਾਂ 'ਚ ਬਿਮਾਰੀ ਹੈ ਉਹਨੂੰ ਦੂਰ ਕਰਨ ਦੀ ਸਮਰੱਥਾ ਹੋਏਗੀ। ਸੋ ਉਸ ਵੇਲੇ ਗੁਰੂ ਮਹਾਰਾਜ ਜੀ ਨੇ ਇਕੱਠ ਬੁਲਾਇਆ, ਉਸ ਇਕੱਠ ਦੇ ਵਿੱਚ ਕੀਰਤਨ ਹੋ ਰਿਹਾ ਹੈ, ਗੁਰੂ ਮਹਾਰਾਜ ਜੀ ਸਿੰਘਾਸ਼ਨ 'ਤੇ ਬੈਠੇ ਨੇ, ਬੜੀ ਦੇਰ ਬਾਅਦ ਦਰਸ਼ਨ ਹੋਏ, ਸੰਗਤਾਂ ਦਰਸ਼ਨ ਕਰ ਰਹੀਆਂ ਨੇ ਤੇ ਇੱਕ ਟੱਕ ਲਾ ਕੇ ਗੁਰੂ ਮਹਾਰਾਜ ਵੱਲ ਦੇਖ ਰਹੇ ਨੇ। ਜਦੋਂ ਕਾਫੀ ਸਮਾਂ ਹੋ ਗਿਆ, ਉਸ ਵੇਲੇ ਗੁਰੂ ਮਹਾਰਾਜ ਜੀ ਤਖਤ 'ਤੇ ਖੜ੍ਹੇ ਹੋ ਗਏ, ਉਸ ਵੇਲੇ ਬੜੀ ਫੁਰਤੀ ਨਾਲ ਤਲਵਾਰ ਕੱਢ ਲਈ ਤੇ ਇੱਕ ਵਿਚਾਰ ਦਿੱਤਾ ਜਿਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰੀ ਹੈ ਕਿ ਪਿਆਰਿਓ! ਸੰਸਾਰ ਦੇ ਵਿੱਚ ਨਿਘਾਰ ਆ ਗਿਆ, ਚਰਿੱਤਰ ਨਾਮ ਦੀ ਚੀਜ਼ ਜਾਂਦੀ ਰਹੀ। ਧਰਮ ਜਿਹਨੂੰ ਕਹਿੰਦੇ ਨੇ ਅਲੋਪ ਹੋ ਚੁੱਕਿਆ ਹੈ। ਰਾਜੇ ਕਸਾਈ ਬਣ ਗਏ ਨੇ, ਇਨ੍ਹਾਂ ਨੂੰ ਸੁਮੱਤ ਦੇਣ ਦੀ ਲੋੜ ਹੈ, ਇੱਕ ਐਸਾ ਨਿੱਗਰ ਸਮਾਜ ਬਣਨਾ ਚਾਹੀਦਾ ਹੈ ਜਿਹੜਾ ਆਪਣੇ ਹੱਕਾਂ ਦੀ ਰਾਖੀ ਵਾਸਤੇ ਪੂਰਾ ਸੁਚੇਤ ਹੋਵੇ ਤੇ ਬੰਦਗੀ ਵੀ ਕਰੇ ਤੇ ਦੋਵੇਂ ਪੱਖ ਉਹਦੇ ਪੂਰੇ ਹੋਣ, ਗ੍ਰਿਹਸਤੀ ਵੀ ਪੂਰਾ ਹੋਵੇ, ਦੁਨੀਆਂਦਾਰ ਵੀ ਪੂਰਾ ਹੋਵੇ, ਜੇ ਹਾਕਮ ਹੈ ਤਾਂ ਹਾਕਮ ਪੂਰਾ ਹੋਵੇ। ਪੂਰੀ ਤਰ੍ਹਾਂ ਨਿਆਂਕਾਰ ਹੋਵੇ, ਸਾਰੇ ਉਹਦੇ ਵਿੱਚ ਗੁਣ ਹੋਣ, ਉਸ ਵੇਲੇ ਮਹਾਰਾਜ ਨੇ

ਕਿਹਾ ਕਿ ਉਸ ਦੇ ਵਾਸਤੇ ਸਾਨੂੰ ਇੱਕ ਸੀਸ ਦੀ ਲੋੜ ਹੈ। ਇੱਥੇ ਸਾਡੇ ਇਤਿਹਾਸਕਾਰ ਬੜਾ ਭਾਰਾ ਟਪਲਾ ਖਾਂਦੇ ਨੇ। ਕਿਉਂਕਿ ਇਤਿਹਾਸ ਦੇ ਵਿੱਚ ਜੇ ਕਲਮ ਗਲਤ ਚੱਲ ਜਾਏ, ਉਹ ਸ਼ਰਧਾ ਹੀ ਤੋੜ ਦਿੰਦੀ ਹੈ। ਮੈਂ ਦੇਖਿਆ ਹੈ ਇਤਿਹਾਸ ਦੇ ਵਿੱਚ ਜਿੱਥੇ ਬਹੁਤ ਸਾਡੀ ਸ਼ਰਧਾ ਉਚੇ ਪੁਆਇੰਟ 'ਤੇ ਪਹੁੰਚਦੀ ਹੈ ਉਥੇ ਇਤਿਹਾਸਕਾਰ ਦੀ ਕਲਮ ਨੇ ਸਾਨੂੰ ਥੱਲੇ ਲਾ ਦਿੱਤਾ। ਹੁਣ ਇਹ ਕਹਿੰਦੇ ਨੇ ਕਿ ਗੁਰੂ ਸਾਹਿਬ ਨੇ ਆਵਾਜ਼ ਦਿੱਤੀ ਕਿ ਕੋਈ ਨਾ ਉੱਠਿਆ। ਗੁਰੂ ਮਹਾਰਾਜ ਏਧਰ ਉਧਰ ਦੇਖਦੇ ਰਹੇ, ਇੱਕ ਮਿੰਟ; ਉਸ ਤੋਂ ਬਾਅਦ ਦੂਸਰੀ ਆਵਾਜ਼ ਦਿੱਤੀ, ਹੈ ਕੋਈ ਸਿੱਖ ਜਿਹੜਾ ਭੇਟਾ ਕਰੇ ਆਪਣਾ ਸੀਸ? ਫੇਰ ਨਾ ਕੋਈ ਉਠਿਆ, ਲੋਕ ਉਠਣੇ ਸ਼ੁਰੂ ਹੋ ਗਏ। ਤੀਸਰੀ ਆਵਾਜ਼ ਦਿੱਤੀ ਕਿ ਕੋਈ ਹੈ ਉਸ ਵੇਲੇ ਇੱਕ ਸਿੱਖ ਜਿਹਦਾ ਨਾਉਂ ਦਇਆ ਰਾਮ ਸੀ, ਉਹ ਵਿਚਾਰਾ ਡਰਦਾ-ਡਰਦਾ ਆ ਕੇ, ਕੰਬਦਾ-ਕੰਬਦਾ ਗੁਰੂ ਸਾਹਿਬ ਕੋਲ ਆ ਕੇ ਖੜ੍ਹਾ ਹੋ ਗਿਆ ਕਹਿਣ ਲੱਗਿਆ ਮਹਾਰਾਜ! ਮੇਰਾ ਸੀਸ ਹਾਜ਼ਰ ਹੈ। ਮੇਰੇ ਤੋਂ ਦੇਰ ਤਾਂ ਹੋ ਗਈ ਕਿਉਂਕਿ ਮੈਂ ਫੈਸਲਾ ਕਰ ਰਿਹਾ ਸੀ ਆਪਣੇ ਅੰਦਰ।

ਸਾਧਸੰਗਤ ਜੀ! ਇਹ ਕਿੱਡੀ ਕਮਜ਼ੋਰ ਗੱਲ ਹੈ। ਕਿਉਂਕਿ ਗੁਰਬਾਣੀ ਨੇ ਗੁਰਸਿੱਖ ਐਨਾ ਤਿਆਰ ਕਰ ਦਿੱਤਾ ਸੀ ਕਿ ਉਹਦਾ ਦੇਹ-ਅਧਿਆਸ ਟੁੱਟ ਚੁੱਕਿਆ ਸੀ। ਭਾਈ ਦਿਆਲਾ ਦੇਗਾਂ ਦੇ ਵਿੱਚ ਉਬਾਲਿਆ ਗਿਆ। ਉਹ ਹਾਏ-ਬੂ ਕਰਦਾ, ਪਰ ਦੇਹ ਅਧਿਆਸ ਟੁੱਟਿਆ ਹੋਇਆ ਸੀ। ਗੁਰੂ ਪੰਜਵੇਂ ਪਾਤਸ਼ਾਹ ਨੇ ਦੇਹ-ਅਧਿਆਸ ਤੋੜ ਕੇ ਦਿਖਾ ਦਿੱਤਾ ਕਿ ਤਵੀਆਂ ਦੇ ਉਤੇ ਕਿਵੇਂ ਬੈਠਿਆ ਜਾ ਸਕਦਾ ਹੈ ਤੇ ਗੁਰਸਿੱਖਾਂ ਦੇ ਅੰਦਰ ਇਹ ਬਾਰ-ਬਾਰ ਦੁਹਰਾਇਆ ਜਾਂਦਾ ਸੀ ਖਿਆਲ ਕਿ ਮੌਤ ਕੋਈ ਚੀਜ਼ ਨਹੀਂ ਹੈ। ਮੌਤ ਨਾਮ ਦੀ ਚੀਜ਼ ਜਿਹੜੀ ਡਰਾਉਂਦੀ ਹੈ ਇਹ ਕੁਛ ਵੀ ਨਹੀਂ ਹੈ, ਇਹ ਇੱਕ ਪਰਿਵਰਤਨ ਹੈ, ਜਿਵੇਂ ਕੱਪੜੇ ਲਾਹ ਕੇ ਦੂਜੇ ਪਾ ਲਈਦੇ ਨੇ ਇਸੇ ਤਰ੍ਹਾਂ ਹੁੰਦਾ ਹੈ, ਦੇਹ-ਅਧਿਆਸ ਜਿੰਨਾਂ ਚਿਰ ਨਹੀਂ ਟੁੱਟਦਾ ਓਨਾਂ ਚਿਰ ਹਉਮੈ ਨਹੀਂ ਟੁੱਟਦੀ। ਉਹ ਦੇਹ-ਅਧਿਆਸ ਪੂਰੀ ਤਰ੍ਹਾਂ ਨਾਲ ਟੁੱਟ ਚੁੱਕਿਆ ਸੀ, ਕਿਉਂਕਿ ਐਸੇ ਗੁਰੂ ਮਹਾਰਾਜ ਅੰਦਰ ਬਚਨ ਆਉਂਦੇ ਨੇ-

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ-ਜਿਹੜੀ ਮੌਤ ਤੋਂ।***

ਸੰਤਾਂ ਨੇ ਮੂੰਹੋਂ ਮੰਗ ਲਈ।

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ-365***

***ਕਬੀਰ ਮਰਤਾ ਮਰਤਾ ਜਗੁ ਮੂਆ***
***ਮਰਿ ਭੀ ਨ ਜਾਨਿਆ ਕੋਇ ॥***
***ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥***

***ਅੰਗ - 1366***

ਸੋ ਇਸ ਤਰ੍ਹਾਂ ਉਸ ਵੇਲੇ ਐਸਾ ਨਹੀਂ ਸੀ ਗੁਰਸਿੱਖਾਂ ਦਾ ਖਿਆਲ

ਕਿ ਮੌਤ ਤੋਂ ਹੀ ਡਰੀ ਜਾਣ। ਦੋ ਸੌ ਸਾਲ ਦੀ ਸਿੱਖੀ ਸੀ। ਭਾਈ ਦਇਆ ਰਾਮ ਜੀ ਉੱਠ ਕੇ ਆ ਗਏ। ਕਹਿਣ ਲੱਗੇ, ਸੱਚੇ ਪਾਤਸ਼ਾਹ! ਮੇਰਾ ਤਾਂ ਮੇਰੇ ਕੋਲ ਕੁਛ ਹੈ ਹੀ ਨਹੀਂ, ਆਪ ਪੂਰਨ ਬ੍ਰਹਮਗਿਆਨੀ ਸੀ ਉਸ ਵੇਲੇ, ਨਾਮ ਦੀ ਦਾਤ ਸਾਰੇ ਸਿੱਖਾਂ ਨੂੰ ਮਿਲੀ ਹੋਈ ਸੀ। ਪਹਿਲਾਂ ਚਰਨਾਮ੍ਰਿਤ ਹੁੰਦਾ ਸੀ, ਚਰਨਾਮ੍ਰਿਤ ਸਾਰਿਆਂ ਨੂੰ ਮਿਲਿਆ ਹੋਇਆ ਸੀ। ਬੰਦਗੀ ਕਰਦੇ ਸੀ, ਪੂਰਨ ਬ੍ਰਹਮਗਿਆਨੀ ਸੀ, ਯੋਗੀ ਸੀ, ਕਿਉਂਕਿ ਉਨ੍ਹਾਂ ਨੇ ਸਾਰੇ ਅਸ਼ਟਾਂਗਯੋਗ ਕਰੇ ਹੋਏ ਸੀ, ਫੇਰ ਸੇਵਾਦਾਰ ਸੀਗੇ, ਉਸ ਵੇਲੇ ਉਹ ਪੂਰਨ ਸ਼ਕਤੀਆਂ ਵਿੱਚ ਸੀ।

ਇੱਕ ਵਾਰੀ ਚੰਦਨ ਸਿੱਧ, ਕਪਾਲਮੋਚਨੇ ਆ ਗਿਆ, ਜਦ ਗੁਰੂ ਮਹਾਰਾਜ ਜੀ ਪਾਉਂਟੇ ਸਾਹਿਬ ਗਏ ਹੋਏ ਸੀ। ਗੁਰੂ ਮਹਾਰਾਜ ਵੀ ਆਏ ਕਪਾਲ ਮੋਚਨ, ਕਈ ਕੌਤਕ ਉਥੇ ਮਹਾਰਾਜ ਨੇ ਕੀਤੇ ਤੇ ਉਹ ਆ ਗਿਆ, ਪੰਜਾਹ ਬੰਦੇ ਨਾਲ, ਉਨ੍ਹਾਂ ਨੇ ਕਿਹਾ ਕਿ ਦੇਖੋ ਗੁਰੂ ਨਾਨਕ ਦੇ ਵਿੱਚ ਬਹੁਤ ਸ਼ਕਤੀਆਂ ਸੀ ਤੇ ਜਿਹੜੇ ਹੁਣ ਗੁਰੂ ਨੇ ਸੁਣਿਆ ਹੈ ਉਹ ਕਲਗੀਆਂ ਵੀ ਲਾਉਂਦੇ ਨੇ, ਘੋੜਿਆਂ ਦੀ ਸਵਾਰੀ ਵੀ ਕਰਦੇ ਨੇ। ਰਾਜਸੀ ਠਾਠ ਹੈ, ਸ਼ਸਤਰ ਵੀ ਚਲਾਉਂਦੇ ਨੇ। ਕਹਿਣ ਲੱਗੇ, ਸ਼ਾਇਦ ਇਨ੍ਹਾਂ ਵਿੱਚ ਸ਼ਕਤੀ ਨਾ ਹੋਵੇ। ਚਲੋ ਚੱਲ ਕੇ ਦੇਖੀਏ, ਲੰਗਰ ਚੱਲ ਰਿਹਾ ਸੀ। ਲੰਗਰ 'ਚ ਬੈਠ ਗਏ, ਇੱਕ ਸਿੱਧੀ ਹੁੰਦੀ ਹੈ, ਆਦਮੀ ਰੱਜਦਾ ਹੀ ਨਹੀਂ ਚਾਹੇ ਕਿੰਨਾ ਹੀ ਖਾਈ ਜਾਵੇ। ਉਹ ਪੰਜਾਹ ਸਿੱਧਾਂ ਨੂੰ ਪ੍ਰਸ਼ਾਦੇ ਵਰਤਾਅ ਦਿਆ ਕਰਨ, ਉਸੇ ਵੇਲੇ ਖਤਮ ਹੋ ਜਾਇਆ ਕਰਨ, ਦਾਲਾ ਪਾ ਦਿਆ ਕਰਨ, ਖਤਮ ਹੋ ਜਾਇਆ ਕਰੇ। ਬਾਕੀਆਂ ਦੇ ਕੋਲ ਜਾ ਹੀ ਨਾ ਸਕਣ ਸੇਵਾਦਾਰ। ਜਦੋਂ ਦੇਖਿਆ ਕਿ ਦੇਗੇ ਵੱਡੇ-ਵੱਡੇ ਥੱਲੇ ਨੂੰ ਜਾ ਰਹੇ ਨੇ, ਮਹਾਰਾਜ ਜੀ ਦੇ ਪਾਸ ਗਏ ਕਿ ਸੱਚੇ ਪਾਤਸ਼ਾਹ! ਸਿੱਧ ਬੈਠੇ ਨੇ ਉਥੇ, ਅਸੀਂ ਤਾਂ ਉਨ੍ਹਾਂ ਨੇ ਹੀ ਉਲਝਾ ਲਏ, ਪ੍ਰਸ਼ਾਦਾ-ਪ੍ਰਸ਼ਾਦਾ, ਦਾਲਾ-ਦਾਲਾ ਕਰੀ ਜਾਂਦੇ ਨੇ। ਹੁਣ ਐਸਾ ਨਾ ਹੋਵੇ ਕਿ ਲੰਗਰ ਮਸਤ ਹੋ ਜਾਵੇ। ਗੁਰੂ ਮਹਾਰਾਜ ਕਹਿੰਦੇ, ਭਾਈ ਦਇਆ ਸਿੰਘ! ਇਹ ਸ਼ਕਤੀਆਂ ਦਿਖਾਉਣ ਤੋਂ ਹਟਦੇ ਨਹੀਂ ਹਨ। ਜਾਓ ਤੁਸੀਂ ਹੀ ਜਾਓ। ਭਾਈ ਦਇਆ ਸਿੰਘ ਜੀ ਆ ਗਏ, ਉਨ੍ਹਾਂ ਨੇ ਖੁਦ ਪ੍ਰਸ਼ਾਦਿਆਂ ਵਾਲੀ ਛੋਟੀ ਟੋਕਰੀ ਲੈ ਲਈ, ਨਾਲ ਦੇ ਨੂੰ ਬਾਲਟੀ ਦੇ ਦਿੱਤੀ ਦਾਲ ਪਾਉਣ ਵਾਲੀ, ਇੱਕੋ ਹੀ ਕਹਿਣ ਵਾਹਿਗੁਰੂ ਪ੍ਰਸ਼ਾਦਾ, ਵਾਹਿਗੁਰੂ ਪ੍ਰਸ਼ਾਦਾ, ਵਾਹਿਗੁਰੂ ਦਾਲਾ। ਉਹ ਜ਼ੋਰ ਲਾ ਰਹੇ ਉਹ ਪ੍ਰਸ਼ਾਦਾ ਹੀ ਨਾ ਮੁੱਕਿਆ ਉਨ੍ਹਾਂ ਤੋਂ। ਉਹ ਕਹਿਣ ਲੱਗੇ, ਸਿੱਧੋ! ਦੇਖੋ, ਸਾਡੇ ਜੂਠ ਛੱਡਣ ਦਾ ਨਹੀਂ ਹੈ, ਤੁਹਾਨੂੰ ਇਹ ਖਾਣਾ ਪੈਣਾ ਹੈ, ਅਖੀਰ ਉਹ ਉਠ ਖੜ੍ਹੇ। ਕਹਿਣ ਲੱਗੇ, ਗੁਰੂ ਮਹਾਰਾਜ! ਸਾਡੇ ਵੱਡਿਆਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਅਜਮਾਇਆ, ਉਨ੍ਹਾਂ ਨਾਲ ਅਸੀਂ ਸ਼ਕਤੀਆਂ ਦੇ ਝਗੜੇ ਕਰਦੇ ਰਹੇ, ਹੁਣ ਅਸੀਂ ਤੁਹਾਨੂੰ ਆ ਕੇ ਦੇਖਿਆ ਤਾਂ ਇੱਥੇ ਤਾਂ ਕੁਛ ਘਟਿਆ ਹੀ ਨਹੀਂ ਹੈ, ਉਸ ਵੇਲੇ ਤੋਂ। ਭਾਈ ਦਇਆ ਸਿੰਘ ਕਹਿਣ ਲੱਗੇ, ਚੰਦਨ! ਤੈਨੂੰ ਗਲਤੀ ਲੱਗ ਗਈ, ਮੈਂ ਤਾਂ ਉਨ੍ਹਾਂ ਦਾ ਇੱਕ ਅਧਨਾ ਜਿਹਾ ਗੁਰਸਿੱਖ ਹਾਂ। ਉਹ ਤਾਂ ਉਥੇ ਬੈਠੇ ਨੇ, ਚਲੋ ਉਨ੍ਹਾਂ ਦੇ ਤੁਹਾਨੂੰ ਦਰਸ਼ਨ ਕਰਾਈਏ।

ਜਦੋਂ ਗੁਰੂ ਮਹਾਰਾਜ ਦੇ ਦਰਸ਼ਨ ਕਰੇ, ਉਸੇ ਵੇਲੇ ਪੂਰਾ ਜਲਾਲ ਤੱਕ ਕੇ ਨੀਵੀਆਂ ਪਾ ਲਈਆਂ, ਕਹਿਣ ਲੱਗੇ, ਜਿਨ੍ਹਾਂ ਦੇ ਸਿੱਖਾਂ ਵਿੱਚ ਹੀ ਐਨੀ ਤਾਕਤ ਹੈ ਤੇ ਗੁਰੂ ਤਾਂ ਫੇਰ ਨਿਰਾ ਹੀ ਸ਼ਕਤੀਆਂ ਦਾ ਭੰਡਾਰਾ ਹੀ ਹੈ, ਦਰਿਆ ਹੈ।

ਸੋ ਭਾਈ ਦਇਆ ਸਿੰਘ ਐਸੇ ਸੀਗੇ, ਇਹ ਨਹੀਂ ਹੈ ਕਿ ਗੁਰੂ ਮਹਾਰਾਜ ਨੇ ਆਵਾਜ਼ ਮਾਰੀ ਤਾਂ ਭਾਈ ਦਇਆ ਸਿੰਘ ਡਰ ਕੇ ਬੈਠੇ ਰਹੇ। ਅਸੀਂ ਤਾਂ ਬੈਠੇ ਰਹਿੰਦੇ, ਇਹ ਸਾਡੀਆਂ ਗੱਲਾਂ ਲਿਖੀਆਂ ਨੇ ਲਿਖਣ ਵਾਲਿਆਂ ਨੇ, ਆਪ ਦੀਆਂ ਲਿਖੀਆਂ ਨੇ ਕਿ ਮੈਂ ਤਾਂ ਕਦੇ ਵੀ ਨਾ ਜਾਂਦਾ।

ਫੇਰ ਦੂਜਾ ਇਹ ਸੀ ਕਿ ਗੁਰੂ ਮਹਾਰਾਜ ਨੇ ਕੋਈ ਲੁਕਾਅ ਨਹੀਂ ਸੀ ਰੱਖਿਆ ਕਿ ਤੰਬੂ 'ਚ ਲੈ ਕੇ ਗਏ ਉਥੇ ਬੱਕਰੇ ਬੰਨ੍ਹੇ ਹੋਏ, ਐਹੋ ਜਿਹੀਆਂ ਕਮਜ਼ੋਰ ਗੱਲਾਂ ਕਰਦੇ ਨੇ ਸਾਡਾ ਨਿਸ਼ਚਾ ਹੀ ਹਿਲਾ ਦਿੰਦੇ ਨੇ। ਗੁਰੂ ਮਾਰਨ ਜੀਵਾਉਣ ਵਾਸਤੇ ਸਮਰੱਥ ਪੁਰਸ਼ ਹੋਇਆ ਕਰਦਾ ਹੈ, ਉਹਨੂੰ ਕੋਈ ਔਖੀ ਬਾਤ ਨਹੀਂ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਪੰਜ ਵਾਰੀ-ਵਾਰੀ ਗੁਰਸਿੱਖ ਉਠੇ, ਸਾਮ੍ਹਣੇ ਸਭ ਦੇ ਉਨ੍ਹਾਂ ਦੇ ਸੀਸ ਲੈ ਲਏ। ਉਸ ਤੋਂ ਬਾਅਦ ਔਰੰਗਜ਼ੇਬ ਦਾ ਜਾਸੂਸ ਹੈ ਅਬਦੁੱਲ ਤਰਾਨੀ ਉਹਨੇ ਜਿਹੜੀ ਡਾਇਰੀ ਭੇਜੀ ਉਹਦੇ ਵਿੱਚ ਲਿਖਿਆ ਹੋਇਆ ਸੀ ਕਿ ਮੈਂ ਬੜਾ ਡਰਿਆ ਹੋਇਆ ਸੀ, ਜੇ ਕਿਤੇ ਥੱਲੇ ਉਤਰ ਆਏ, ਮੇਰੀ ਵੀ ਨਾ ਵਾਰੀ ਆ ਜਾਏ, ਮੈਂ ਨੱਠਣ ਨੂੰ ਵੀ ਤਿਆਰ ਸੀ, ਪਰ ਮੈਂ ਚੰਗੀ ਤਰ੍ਹਾਂ ਨਹੀਂ ਦੇਖ ਸਕਿਆ, ਮੈਂ ਇਹ ਦੇਖਿਆ ਕਿ ਸੀਸ ਤਾਂ ਕੱਟੇ ਗਏ, ਪਰ ਉਨ੍ਹਾਂ ਨੇ ਕੋਈ ਕਲਾਮ ਪੜ੍ਹੀ, ਕੋਈ ਪਾਣੀ ਜਿਹਾ ਛਿੜਕਿਆ, ਉਹ ਮੈਂ ਦੇਖਦਾ ਹਾਂ ਕਿ ਉਹ ਸੀਸ ਧੜਾਂ ਦੇ ਨਾਲ ਜੁੜ ਗਏ, ਮੈਂ ਇਹ ਨਹੀਂ ਸੀ ਕਹਿ ਸਕਦਾ ਕਿ ਸਹੀ ਧੜ ਨਾਲ ਜੁੜਿਆ ਹੈ, ਜਾਂ ਜਿਹਦੇ ਨਾਲ ਜੁੜ ਗਿਆ ਉਹ ਉਠ ਕੇ ਖੜ੍ਹੇ ਹੋ ਗਏ। ਇਹ ਬਖਸ਼ੀ ਸਿੰਘ ਨੇ ਰਾਮਗੜ੍ਹੀਆ ਇਤਿਹਾਸ ਲਿਖਿਆ ਹੈ ਉਹਦੇ ਵਿੱਚ ਵੀ ਜ਼ਿਕਰ ਕਰਿਆ ਹੈ ਇਸ ਗੱਲ ਦਾ। ਬਾਕੀ ਜੇ ਅਸੀਂ ਦਲੀਲ ਨਾਲ ਗੱਲ ਕਰੀਏ ਇਹ ਕੋਈ ਗੱਲ ਨਹੀਂ ਹੈ, ਈਸਾ ਜੀ ਦੇ ਕੋਲ ਲਾਰਜੈਸ ਆਇਆ। ਉਹ ਮਰਿਆ ਹੋਇਆ ਸੀ ਚੁੱਕ ਕੇ ਲੈ ਆਏ। ਈਸਾ ਜੀ ਨੂੰ ਕਿਹਾ, ਈਸਾ ਜੀ 'ਚ ਸ਼ਕਤੀਆਂ ਸੀ ਉਹਨੇ ਪਾਣੀ ਛਿੜਕਿਆ ਉਹ ਉਠ ਕੇ ਖੜ੍ਹਾ ਹੋ ਗਿਆ।

ਬਾਬਾ ਗੁਰਦਿੱਤਾ ਜੀ, ਗੁਰੂ ਛੇਵੇਂ ਪਾਤਸ਼ਾਹ ਜਦੋਂ ਕੀਰਤਪੁਰ ਸਾਹਿਬ ਗਏ, ਉਥੇ ਉਨ੍ਹਾਂ ਨੇ ਸ਼ਸਤਰ ਉਤਾਰ ਦਿੱਤੇ ਕਿ ਹੁਣ ਅਸੀਂ ਯੁੱਧ ਨਹੀਂ ਕਰਨਾ ਕੋਈ। ਬਾਬਾ ਗੁਰਦਿੱਤਾ ਜੀ ਸ਼ਿਕਾਰ ਨੂੰ ਚਲੇ ਗਏ ਤੇ ਉਥੇ ਇੱਕ ਗਊ ਫਿਰਦੀ ਸੀ, ਚਿਤਮਚਿੱਤੀ ਉਨ੍ਹਾਂ ਨੇ ਚਿੱਤਾ ਸਮਝ ਕੇ ਉਹਦੇ ਬਾਣ ਮਾਰਿਆ। ਬਾਣ ਲੱਗਿਆ ਤਾਂ ਉਹਦੀਆਂ ਆਂਦਰਾਂ ਬਾਹਰ ਗਿਰ ਗਈਆਂ। ਪਹਾੜੀਆਂ ਨੇ ਆ ਕੇ ਰੌਲਾ ਪਾ ਲਿਆ। ਰੌਲਾ ਪਾਇਆ ਹੋਇਆ ਤਾਂ ਉਹ ਕਹਿੰਦੇ ਸਾਡੀ ਗਊ ਜਿਉਂਦੀ ਕਰੋ। ਉਹ ਕਹਿਣ ਲੱਗੇ ਕਿ ਅੱਗੇ

ਸਾਡੇ ਨਾਲ ਗੱਲ ਹੋ ਚੁੱਕੀ ਹੈ, ਬਾਬਾ ਅਟੱਲ ਜੀ ਨੇ ਮੋਹਨ ਨੂੰ ਜੀਉਂਦਾ ਕਰ ਦਿੱਤਾ ਸੀ ਤੇ ਉਨ੍ਹਾਂ ਨੂੰ ਜਾਣਾ ਪਿਆ ਆਪ। ਕਹਿੰਦੇ, ਨਹੀਂ ਅਸੀਂ ਰਾਜੇ ਕੋਲ ਸ਼ਿਕਾਇਤ ਕਰਾਂਗੇ। ਉਨ੍ਹਾਂ ਨੇ ਕਿਹਾ ਜੇ ਫੌਜ ਆਈ ਯੁੱਧ ਕਰਨਾ ਪੈਣਾ ਹੈ, ਮਹਾਰਾਜ ਨੇ ਸ਼ਸਤਰ ਉਤਾਰੇ ਨੇ। ਐਸ ਵੇਲੇ ਚੰਗਾ ਇਹੀ ਹੈ ਕਿ ਗਊ ਜਿਉਂਦੀ ਕਰ ਦੇਈਏ। ਵਾਹਿਗੁਰੂ ਕਹਿ ਕੇ ਛਿੱਟਾ ਮਾਰਿਆ, ਗਊ ਉੱਠ ਕੇ ਖੜ੍ਹੀ ਹੋ ਗਈ, ਕਿਧਰੇ ਨਿਕਲੀਆਂ ਹੋਈਆਂ ਆਂਦਰਾਂ ਗਈਆਂ, ਨਾ ਕੋਈ ਜ਼ਖਮ ਨਾ ਕੁਛ ਹੋਰ। ਪੂਰੀ ਤਰ੍ਹਾਂ ਨਾਲ ਜੀਉਂਦੀ ਹੋ ਗਈ। ਇਸ ਤਰ੍ਹਾਂ ਸਾਰੇ ਹੀ ਧਰਮਾਂ ਦੇ ਇਤਿਹਾਸ ਦੇ ਅੰਦਰ ਐਸੇ ਜ਼ਿਕਰ ਆਉਂਦੇ ਨੇ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਸਮਾਧੀ ਦੇ ਵਿੱਚ ਜਦੋਂ ਬੈਠਣ ਲੱਗੇ, ਅੰਮ੍ਰਿਤ ਵੇਲੇ, ਇੱਕ ਮਾਈ ਦੇ ਰੋਣ ਦੀ ਆਵਾਜ਼ ਆਈ। ਮਹਾਰਾਜ ਨੇ ਸੇਵਾਦਾਰ ਨੂੰ ਭੇਜਿਆ ਕਿ ਜਾਹ ਪਤਾ ਕਰ ਕਿ ਅੰਮ੍ਰਿਤ ਵੇਲੇ ਕੌਣ ਰੋਂਦਾ ਹੈ। ਆ ਕੇ ਦੱਸਿਆ ਕਿ ਇੱਕ ਬ੍ਰਾਹਮਣੀ ਹੈ ਉਹਦਾ ਇਕਲੌਤਾ ਪੁੱਤਰ ਸੀਗਾ, ਵਿਧਵਾ ਹੈ ਉਹ, ਉਹ ਅਚਾਨਕ ਮਰ ਗਿਆ। ਮਹਾਰਾਜ ਜੀ ਕਹਿਣ ਲੱਗੇ ਕਿ ਤੂੰ ਜਾਹ, ਉਹਨੂੰ ਕਹਿ ਤੂੰ ਰੋ ਨਾ, ਅੰਮ੍ਰਿਤ ਵੇਲਾ ਹੈ। ਸਵੇਰੇ ਸਾਡੇ ਕੋਲ ਲੈ ਆਵੇ। ਉਹ ਜਦੋਂ ਮਹਾਰਾਜ ਕੋਲ ਲਿਆਂਦਾ, ਮਹਾਰਾਜ ਨੇ ਕਿਹਾ ਕਿ ਉੱਠ ਖੜ੍ਹ ਕਾਕਾ, ਉਠਾਲ ਦਿੱਤਾ ਤੇ ਨਾਲ ਧਰਮਰਾਜ ਨੂੰ ਕਿ ਦੇਖ, ਸਾਡੇ ਜੀਉਂਦੇ-ਜੀਉਂਦੇ ਤੂੰ ਇੱਥੇ ਕਾਲ ਨਹੀਂ ਭੇਜਣਾ, ਜਿੰਨਾਂ ਚਿਰ ਸਾਡਾ ਸਰੀਰ ਹੈ ਇੱਥੇ। ਉਨ੍ਹਾਂ ਦੇ ਜੀਉਂਦੇ-ਜੀਉਂਦੇ ਬੜੀ ਆਬਾਦੀ ਵਧੀ ਕਿ ਇੱਥੇ ਕਾਲ ਨਹੀਂ ਹੈ।

ਸਾਧਸੰਗਤ ਜੀ! ਇਹ ਕੋਈ ਐਵੇਂ ਨਹੀਂ ਗੱਲਾਂ, ਸਮਰੱਥ ਪੁਰਸ਼ ਜਿਹੜੇ ਨੇ ਉਹ ਸਾਰਾ ਕੁਛ ਕਰ ਸਕਦੇ ਨੇ।

ਨਾਮਦੇਵ ਜੀ ਕੋਲ ਮੁਰਦਾ ਲਈਂ ਜਾਂਦੇ ਨੇ, ਸਸਕਾਰ ਕਰਨ ਲਈ ਜਿਥੋਂ ਗਊ ਦਾ ਝਗੜਾ ਪਿਆ ਉਨ੍ਹਾਂ ਦਾ, ਸਲੇਮਸ਼ਾਹ ਬਾਦਸ਼ਾਹ ਨਾਲ, ਉਹ ਲਿਆ ਕੇ ਬੀਬੀ ਨੇ ਆ ਕੇ ਮੱਥਾ ਟੇਕਿਆ, ਸ਼ਿੰਗਾਰ ਉਹਦੇ ਲਾਏ ਹੋਏ ਸੀ ਸਤੀ ਹੋਣ ਜਾ ਰਹੀ ਸੀ। ਬੰਦਗੀ ਕਰਦੇ ਸੀ, ਮਾੜੇ ਜਿਹੇ ਨੇਤਰ ਖੋਲ੍ਹੇ, ਦੇਖਿਆ ਕਿ ਕੋਈ ਬੀਬੀ ਹੈ, ਸਹਿਜ ਸੁਭਾਅ ਕਹਿ ਦਿੱਤਾ ਕਿ ਸੁਹਾਗਮਾਣ। ਉਹ ਸਿਆਣੀ ਸੀ ਕਹਿਣ ਲੱਗੀ, ਮਹਾਂਪੁਰਸ਼ੋ! ਸੁਹਾਗ ਤਾਂ ਮੇਰਾ ਅਰਥੀ 'ਤੇ ਪਿਆ ਹੈ, ਅਰਥੀ ਮੰਗਾ ਲਈ ਕਿ ਸੰਤਾਂ ਦਾ ਬਚਨ ਹੋ ਗਿਆ ਅਣਥਾ ਨਹੀਂ ਹੁੰਦਾ, ਜੋ ਵੀ ਕਹਿ ਦੇਣ ਉਹ ਹੋ ਜਾਇਆ ਕਰਦਾ ਹੈ। ਉਸ ਵੇਲੇ ਕੁਛ ਪਰੇਸ਼ਾਨੀ ਹੋਈ, ਅੰਦਰ ਆਵਾਜ਼ ਆਈ ਕਹਿੰਦੇ ਪਰੇਸ਼ਾਨ ਕਾਹਨੂੰ ਹੁੰਦਾ ਹੈਂ, ਰਾਮ ਕਹਿ ਕੇ ਮੋਢਾ ਫੜ ਕੇ ਉਠਾ ਦੇ। ਉਠਾ ਦਿੱਤਾ ਤੇ ਬਾਦਸ਼ਾਹ ਨੇ ਝਗੜਾ ਪਾ ਲਿਆ ਕਿ ਉਹਨੇ ਗਊ ਮਾਰ ਕੇ ਉਹਦੇ ਅੱਗੇ ਕਰ ਦਿੱਤੀ।

ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਗੱਲਾਂ ਨਹੀਂ ਹੈਗੀਆਂ, ਸਾਰੇ

ਧਰਮਾਂ ਦੇ ਵਿੱਚ ਐਸੀਆਂ ਗੱਲਾਂ ਹੋਇਆਂ ਕਰਦੀਆਂ ਨੇ। ਗੁਰਮਤਿ ਵਿੱਚ ਤਾਂ ਬਹੁਤੀਆਂ ਹੀ ਆਉਂਦੀਆਂ ਨੇ।

ਗੁਰੂ ਨਾਨਕ ਸਾਹਿਬ ਬੈਠੇ ਨੇ ਜਮੁਨਾ ਦੇ ਕੰਢੇ ਤੇ ਹਾਥੀਖਾਨਾ ਨੇੜੇ ਹੈ, ਉਥੇ ਹਾਥੀ ਮਰ ਗਿਆ। ਮਹਾਵਤ ਰੋਣ ਲੱਗ ਗਏ, ਮਹਾਰਾਜ ਕਹਿੰਦੇ, ਭਾਈ ਮਰਦਾਨਾ! ਦੇਖ ਕੀ ਗੱਲ ਹੈ? ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਉਹ ਮਹਾਵਤ ਰੋਂਦਾ ਹੈ ਕਿ ਮੇਰਾ ਤਾਂ ਇਹੀ ਹਾਥੀ ਸੀਗਾ ਜਿਸ ਤੋਂ ਮੈਨੂੰ ਰੁਜ਼ਗਾਰ ਮਿਲਿਆ ਹੋਇਆ ਸੀ। ਮੈਂ ਬੇਰੁਜ਼ਗਾਰ ਹੋ ਜਾਣਾ ਹੈ ਤੇ ਇਹ ਮਰ ਗਿਆ। ਮੈਨੂੰ ਬਾਦਸ਼ਾਹ ਨੇ ਕੱਢ ਦੇਣਾ ਹੈ। ਮਹਾਰਾਜ ਕਹਿੰਦੇ, ਉਹਨੂੰ ਕਹਿ ਦੇ ਕਿ ਮਰਿਆ ਨਹੀਂ ਹੈ ਜੀਉਂਦਾ ਹੀ ਹੈ। ਭਾਈ ਮਰਦਾਨਾ ਗਿਆ ਤੇ ਜਾ ਕੇ ਕਹਿਣ ਲੱਗਿਆ, ਪ੍ਰੇਮੀਆਂ! ਹਾਥੀ ਮਰਿਆ ਨਹੀਂ ਹੈ ਜੀਉਂਦਾ ਹੀ ਹੈ। ਕਹਿੰਦਾ, ਨਹੀਂ। ਕਹਿੰਦਾ, ਤੂੰ ਦੇਖ, ਗੁਰੂ ਪੀਰਾਂ ਦੇ ਬਚਨ ਐਵੇਂ ਨਹੀਂ ਹੋਇਆ ਕਰਦੇ। ਜਦੋਂ ਜਾ ਕੇ ਦੇਖਿਆ ਹਾਥੀ ਦੇ ਪੈਰ ਮਾਰਿਆ ਉਹ ਉਠ ਕੇ ਸੁਚੇਤ ਹੋ ਗਿਆ। ਜਦੋਂ ਦਿੱਲੀ ਦੇ ਬਾਦਸ਼ਾਹ ਨੂੰ ਖਬਰ ਹੋਈ, ਉਹ ਆਪ ਆਇਆ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗਿਆ ਕਿ ਮੈਂ ਐਸ ਤਰ੍ਹਾਂ ਸੁਣਿਆ ਹੈ ਕਿ ਤੁਹਾਡੇ ਕਹਿਣ 'ਤੇ ਹਾਥੀ ਜੀਉਂਦਾ ਹੋ ਗਿਆ ਤੇ ਹੁਣ ਮਾਰ ਕੇ ਜੀਉਂਦਾ ਕਰੋ। ਮਹਾਰਾਜ ਕਹਿਣ ਲੱਗੇ, ਬਾਦਸ਼ਾਹ! ਇਹ ਮਾਰਨਾ ਜੀਉਣਾ ਹੱਥ ਹੁੰਦਾ ਹੈ ਕਰਤਾਰ ਦੇ। ਦਰਵੇਸ਼ਾਂ ਦੀ ਦੁਆ ਹੋਇਆ ਕਰਦੀ ਹੈ। ਇਹ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ, ਮਾਰ ਕੇ ਮੈਂ ਕੀ ਦਿਖਾਉਣਾ ਹੈ। ਐਨਾ ਕਹਿਣ ਦੀ ਦੇਰ ਸੀ ਹਾਥੀ ਗਿਰ ਗਿਆ। ਕਹਿੰਦੇ ਹੁਣ ਜੀਉਂਦਾ ਕਰੋ। ਕਹਿੰਦੇ ਹੁਣ ਨਹੀਂ ਹੁੰਦਾ।

ਪ੍ਰਮੇਸ਼ਰ ਦੀ ਸੁੱਟੀ ਹੋਈ ਦਰਵੇਸ਼ ਹੱਥ 'ਤੇ ਲੈ ਲੈਂਦੇ ਨੇ, ਦਰਵੇਸ਼ ਦੀ ਕੀਤੀ ਹੋਈ ਨੂੰ ਪ੍ਰਮੇਸ਼ਰ ਨਹੀਂ ਲੈ ਸਕਦਾ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ - 1253***

ਇਸ ਤਰ੍ਹਾਂ ਨਾਲ ਇਹ ਜਿਹੜਾ ਨਿਰਮੂਲ ਜਿਹੀ ਗੱਲ ਦੇ ਉਤੇ ਬਹਿਸ ਚੱਲੀ ਜਾਂਦੀ ਹੈ ਕਿ ਅੰਦਰ ਲੈ ਗਏ ਜੀ, ਬੱਕਰਾ ਵੱਢ ਦਿੱਤਾ ਜੀ। ਆਵਾਜ਼ ਆਈ ਜੀ ਉਹਦੀ। ਕੀਹਨੂੰ ਆਈ ਆਵਾਜ਼, ਬੱਕਰਾ ਵੱਢ ਕੇ ਦੇਖ ਕੇ ਕਦੇ ਵੀ ਨਹੀਂ ਆਵਾਜ਼ ਆਉਂਦੀ। ਉਹ ਐਨਾ ਉੱਚੀ ਤਾਂ ਨਹੀਂ ਗਿਰਦਾ ਕਿ ਸਾਰਿਆਂ ਨੂੰ ਸੁਣ ਜਾਵੇ। ਡਰੇ ਹੋਏ ਤਾਂ ਸਾਰੇ ਬੈਠੇ ਸੀ।

ਸੋ ਇਸ ਤਰ੍ਹਾਂ ਬੇਅੰਤ ਮਿਸਾਲਾਂ ਨੇ। ਬ੍ਰਾਹਮਣ ਦਾ ਲੜਕਾ ਲੈ ਆਏ ਗੁਰੂ ਸਤਵੇਂ ਪਾਤਸ਼ਾਹ ਦੇ ਕੋਲ। ਬਾਰ-ਬਾਰ ਕਹਿਣ ਲੱਗੇ, ਜੀਉਂਦਾ ਕਰਨ ਲਈ, ਕਿਉਂਕਿ ਧੀਰਮੱਲ ਦੀ ਸਾਰੀ ਸਾਜਿਸ਼ ਸੀ, ਉਹਨੇ ਕਿਹਾ ਕਿ ਜੇ ਇਹ ਜੀਉਂਦਾ ਕਰਨਗੇ ਤਾਂ ਗੁਰੂ ਛੇਵੇਂ ਪਾਤਸ਼ਾਹ ਨੇ ਮਨ੍ਹਾ ਕਰਿਆ ਹੋਇਆ ਹੈ। ਬਾਬਾ ਗੁਰਦਿੱਤਾ ਜੀ ਨੂੰ ਆਪਣਾ ਸਰੀਰ ਛੱਡਣਾ ਪਿਆ, ਜੇ ਨਹੀਂ

ਜੀਉਂਦਾ ਕਰਨਗੇ, ਬਦਨਾਮੀ ਹੋਏਗੀ। ਉਸ ਵੇਲੇ ਮਹਾਰਾਜ ਕਹਿਣ ਲੱਗੇ ਕਿ ਇਹ ਤੁਸੀਂ ਕੀ ਸਵਾਲ ਪਾ ਲਿਆ, ਉਹ ਜਿਹੜੇ ਮਸੰਦ ਸੀ ਉਨ੍ਹਾਂ ਦੇ ਉਹ ਜ਼ਿਆਦਾ ਹੀ ਜ਼ੋਰ ਦੇਈ ਜਾਣ। ਮਹਾਰਾਜ ਕਹਿੰਦੇ, ਚੰਗਾ ਜੇ ਜੀਉਂਦਾ ਕਰਨਾ ਹੈ ਤਾਂ ਕੋਈ ਆਪਣੇ ਸਰੀਰ ਦੀ ਜਾਨ ਇਹਦੇ 'ਚ ਪਾ ਦਿਓ, ਨੀਵੀਆਂ ਪਾ ਲਈਆਂ ਸਾਰਿਆਂ ਨੇ। ਭਾਈ ਜੀਵਨ ਜੀ ਉਥੇ ਬੈਠੇ ਸੀ, ਭਾਈ ਭਗਤੂ ਜੀ ਦੇ ਲੜਕੇ, ਉੱਠ ਕੇ ਚਲੇ ਗਏ, ਜਾ ਕੇ ਕੁਸ਼ਾ ਦਾ ਆਸਣ ਬਣਾਇਆ, ਲੰਮੇ ਪੈ ਕੇ ਸਰੀਰ ਛੱਡ ਦਿੱਤਾ ਤੇ ਬ੍ਰਾਹਮਣ ਦਾ ਲੜਕਾ ਜੀਉਂਦਾ ਹੋ ਗਿਆ। ਮਹਾਰਾਜ ਕਹਿਣ ਲੱਗੇ, ਦੇਖੋ ਮੇਰਾ ਕਿਹੜਾ ਪਿਆਰਾ ਪੁੱਤਰ ਗਿਆ ਹੈ ਜਿਹਨੇ ਇਹ ਲੜਕਾ ਜੀਉਂਦਾ ਕਰਿਆ ਹੈ। ਜਦੋਂ ਜਾ ਕੇ ਦੇਖਿਆ ਤਾਂ ਭਾਈ ਜੀਵਨ। ਕਹਿਣ ਲੱਗੇ ਗੁਰਸਿੱਖੋ! ਤੁਹਾਡੀ ਮਸੰਦ ਬਿਰਤੀ ਰਹੀ, ਮੇਰਾ ਐਡਾ ਪਿਆਰਾ ਪੁੱਤਰ ਮਾਰ ਕੇ ਤੁਸੀਂ ਇਹ ਲੜਕਾ ਜੀਉਂਦਾ ਕਰ ਦਿੱਤਾ।

ਸੋ ਇਸ ਤਰ੍ਹਾਂ ਦੇ ਨਾਲ ਬਹੁਤ ਸਾਰੀਆਂ ਮਿਸਾਲਾਂ ਨੇ। ਬਾਬਾ ਫਰੀਦ ਬੈਠੇ ਨੇ ਜੰਗਲ ਦੇ ਅੰਦਰ, ਪੰਛੀ ਰੌਲਾ ਪਾਉਂਦੇ ਨੇ। ਕਹਿੰਦੇ, ਮਰ ਵੰਞੋ ਚਿੜੀਓ। ਸਾਰੀਆਂ ਚਿੜੀਆਂ ਮਰ ਗਈਆਂ। ਖਿਆਲ ਆਇਆ ਕਿ ਐਵੇਂ ਹੀ ਮਾਰ ਦਿੱਤੀਆਂ। ਕਹਿੰਦੇ, ਜੀਅ ਵੰਞੋ ਚਿੜੀਓ। ਸਾਰੀਆਂ ਜੀਉਂਦੀਆਂ ਹੋ ਗਈਆਂ। ਗੁਰੂ ਦਸਵੇਂ ਪਾਤਸ਼ਾਹ ਜਦੋਂ ਦੱਖਣ ਨੂੰ ਜਾ ਰਹੇ ਨੇ ਤੇ ਆਪ ਇੱਕ ਥਾਂ ਪਹੁੰਚੇ ਉਥੇ ਇੱਕ ਗੁਰਸਿੱਖ ਤੋਂ ਕਬੂਤਰ ਮਰ ਗਿਆ। ਭਾਈ ਮਾਨ ਸਿੰਘ ਤੋਂ, ਉਨ੍ਹਾਂ ਨੇ ਰੌਲਾ ਪਾ ਕੇ ਸਿੰਘਾਂ ਨੂੰ ਘੇਰ ਲਿਆ। ਮਹਾਰਾਜ ਜੀ ਨੂੰ ਜਾਣਾ ਪਿਆ ਉਥੇ। ਕਹਿਣ ਲੱਗੇ, ਕੀ ਤੁਸੀਂ ਕਰਦੇ ਓਂ? ਕਹਿੰਦੇ, ਇਨ੍ਹਾਂ ਨੇ ਕਬੂਤਰ ਮਾਰ ਦਿੱਤਾ। ਉਹ ਕਹਿੰਦੇ, ਉਹ ਤਾਂ ਪ੍ਰਮੇਸ਼ਰ ਦਾ ਹੁਕਮ ਹੁੰਦਾ ਹੈ, ਮਰਦਾ ਓਹੀ ਹੈ ਜਿੰਨਾਂ ਚਿਰ ਹੁਕਮ ਨਹੀਂ ਆਉਂਦਾ ਕੋਈ ਨਹੀਂ ਮਾਰ ਸਕਦਾ। ਕਹਿੰਦੇ, ਫੇਰ ਸਾਰੇ ਹੀ ਮਾਰ ਦਿਓ। ਮਹਾਰਾਜ ਕਹਿੰਦੇ, ਮਾਰ ਦਿੰਦੇ ਹਾਂ। ਸਾਰੇ ਹੀ ਮਰ ਗਏ। ਡਰ ਗਏ ਸਾਰੇ ਹੀ ਕਿ ਇਹ ਤਾਂ ਬਹੁਤ ਸਮਰੱਥ ਮਹਾਂਪੁਰਸ਼ ਆ ਗਏ। ਉਸ ਵੇਲੇ ਚਰਨਾਂ 'ਤੇ ਢਹਿ ਪਏ ਕਿ ਮਹਾਰਾਜ! ਇਹ ਸਾਡੇ ਤੋਂ ਗਲਤ ਕਹਿ ਹੋ ਗਿਆ ਕਿ ਤੁਸੀਂ ਜੀਉਂਦੇ ਕਰ ਦਿਓ। ਮਹਾਰਾਜ ਕਹਿੰਦੇ, ਜੀਉਂਦੇ ਹੀ ਨੇ। ਉਹ ਜੀਉਂਦੇ ਹੋ ਗਏ। ਇੱਕ ਕਬੂਤਰ ਨਾ ਹੋਇਆ। ਕਹਿੰਦੇ, ਮਹਾਰਾਜ! ਇਹ ਨਹੀਂ ਹੋਇਆ? ਕਹਿੰਦੇ, ਇਹਦੀ ਮੌਤ ਆਈ ਹੋਈ ਸੀ।

ਗੁਰੂ ਦਸਵੇਂ ਪਾਤਸ਼ਾਹ ਇਹੋ ਜਿਹੇ ਨਹੀਂ ਸੀਗੇ ਕਿ ਕੁਛ ਕਰ ਨਹੀਂ ਸੀ ਸਕਦੇ। ਸਾਡੇ ਨਿਸ਼ਚੇ ਕਮਜ਼ੋਰ ਕਰਨ ਵਾਸਤੇ ਇਤਿਹਾਸਕਾਰਾਂ ਨੇ ਐਸੀਆਂ ਬੇਅੰਤ ਗੱਲਾਂ ਸਾਡੇ ਸਾਮ੍ਹਣੇ ਲਿਆ ਦਿੱਤੀਆਂ।

ਮੌਜੂਦਾ ਗੱਲ ਮੈਂ ਤੁਹਾਨੂੰ ਦਸਦਾ ਹਾਂ ਕਿ ਡਾਕਟਰ ਸੁਆਮੀ ਰਾਮ ਜੀ ਦੇ 'ਆਤਮ ਮਾਰਗ' 'ਚ ਲੇਖ ਆਉਂਦੇ ਨੇ, 'ਹਿਮਾਲੀਆ ਦੇ ਸੰਤਾਂ ਸੰਗ ਨਿਵਾਸ' ਇਨ੍ਹਾਂ ਨੇ ਪੁਸਤਕ ਲਿਖੀ ਹੈ, ਉਹਦੇ ਵਿੱਚ ਲਿਖਦੇ ਨੇ ਕਿ

ਮੈਂ ਵੇਦਾਂਤ ਪੜ੍ਹਾ ਰਿਹਾ ਸੀ। ਇੱਕ ਸਾਧੂ ਆ ਗਿਆ, ਵਿੱਚ ਹਸੀ ਜਾਵੇ ਜਦੋਂ ਮੈਂ ਬੋਲਾਂ। ਮੈਂ ਜਮਾਤ ਨੂੰ ਛੁੱਟੀ ਦੇ ਦਿੱਤੀ ਤੇ ਉਹਨੂੰ ਪੁਛਿਆ ਕਿ ਸੰਤ ਜੀ! ਤੁਸੀਂ ਹੱਸੀ ਕਿਉਂ ਜਾਂਦੇ ਓਂ? ਕਹਿੰਦਾ, ਇਸ ਗੱਲ 'ਤੇ ਕਿ ਤੈਨੂੰ ਵੇਦਾਂਤ ਦੇ ਬਾਰੇ ਕੋਈ ਗਿਆਨ ਨਹੀਂ। ਮੈਂ ਕਿਹਾ, ਮੈਂ ਸਕਾਲਰ, ਮੈਨੂੰ ਐਨਾ ਗਰਬ ਆਪਣੇ ਆਪ 'ਤੇ ਕਿ ਨਾ ਕੋਈ ਸੰਸਕ੍ਰਿਤ ਦਾ ਸਕਾਲਰ ਮੇਰਾ ਮੁਕਾਬਲਾ ਕਰ ਸਕਦਾ ਹੈ, ਪੀ.ਐਚ.ਡੀ ਮੈਂ ਕੀਤੀ ਹੋਈ ਹੈ ਇੰਗਲੈਂਡ ਤੋਂ ਤੇ ਡਾਕਟਰੀ ਮੈਂ ਕਰੀ ਹੋਈ ਹੈ ਜਰਮਨ ਤੋਂ। ਇਹ ਮੈਨੂੰ ਆ ਕੇ ਕਿਵੇਂ ਕਹਿੰਦਾ ਹੈ ਕਿ ਤੂੰ ਜਾਣਦਾ ਨਹੀਂ ਕੁੱਛ। ਮੈਂ ਕਿਹਾ, ਸਵਾਮੀ ਜੀ! ਐਵੇਂ ਨਹੀਂ ਇਲਜ਼ਾਮ ਲਗਾਈਦਾ ਹੁੰਦਾ। ਕਹਿੰਦੇ, ਆ ਜਾ, ਤੈਨੂੰ ਦੱਸਾਂ। ਬਹਿ ਗਏ ਅਸੀਂ। ਮੈਨੂੰ ਕਹਿਣ ਲੱਗਿਆ ਕਿ ਕੋਈ ਕੀੜਾ ਲਿਆ ਫੜ ਕੇ। ਮੈਂ ਇੱਕ ਲੰਮਾ ਜਿਹਾ ਕੀੜਾ ਸੀ ਉਹ ਫੜ ਕੇ ਲੈ ਆਇਆ। ਚਾਕੂ ਮੰਗਾ ਲਿਆ ਮੇਰੇ ਤੋਂ ਵਿਚਾਲਿਓਂ ਕੱਟ ਦਿੱਤਾ। ਵਿਚਾਲਿਓਂ ਕੱਟ ਕੇ ਇਕ ਏਧਰ ਸੁੱਟ ਦਿੱਤਾ, ਇੱਕ ਓਧਰ। ਮੈਂ ਕਿਹਾ ਕੀ ਹੋਇਆ? ਕਹਿੰਦਾ, ਤੈਨੂੰ ਦਸਦਾ ਹਾਂ ਕਿ ਕੀ ਹੋਇਆ? ਮੈਂ ਹੈਰਾਨ ਹੋ ਗਿਆ, ਦੋਵੇਂ ਹਿੱਸੇ ਹੌਲੀ-ਹੌਲੀ ਹਿੱਲ ਕੇ ਜੁੜ ਗਏ, ਉਹ ਕੀੜਾ ਤੁਰ ਪਿਆ। ਉਹਨੇ ਤਾਂ ਆਪਣੀ ਗੱਲ ਦੱਸੀ।

ਪਰ ਇਹ ਜਿਹੜੀ ਗੱਲ ਹੈ ਅੱਜ ਤੋਂ ਪੰਜਾਹ ਸਾਲ ਪਹਿਲਾਂ ਕੋਈ ਸੰਤ ਕਰ ਸਕਦਾ ਹੈ ਤਾਂ ਗੁਰੂ ਸਾਹਿਬ ਨਹੀਂ ਕਰ ਸਕਦੇ? ਸੋ ਇਸ ਕਰਕੇ ਇਹ ਜਿਹੜਾ ਵਾਦ-ਵਿਵਾਦ ਹੈ ਇਹ ਐਵੇਂ ਹੀ ਸਾਨੂੰ ਕਮਜ਼ੋਰ ਬਣਾਉਣ ਵਾਸਤੇ ਹੈ, ਜਿਹੜਾ ਮਤਲਬ ਹੈ ਉਹ ਇਹ ਕਿ ਮਹਾਰਾਜ ਨੇ ਸੀਸ ਲਏ ਉਸ ਤੋਂ ਬਾਅਦ ਮਹਾਰਾਜ ਜੀ ਨੇ ਜਲ ਮੰਗਾਇਆ ਸਤਲੁਜ ਦਾ। ਉਸ ਵੇਲੇ ਦਰਿਆਵਾਂ ਦਾ ਜਲ ਪਵਿੱਤਰ ਹੋਇਆ ਕਰਦਾ ਸੀ। ਹੁਣ ਤਾਂ ਸਾਰੇ ਸੀਵਰੇਜ਼ ਉਹਦੇ 'ਚ ਪਾ ਦਿੱਤੇ ਨੇ। ਉਸ ਵੇਲੇ ਮਹਾਰਾਜ ਜੀ ਨੇ ਪੰਜ ਬਾਣੀਆਂ ਪੜ੍ਹੀਆਂ ਤੇ ਬਾਬਾ ਗੁਰਦਿੱਤਾ ਜੀ ਜੋ ਸਨ, ਬਾਬਾ ਬੁੱਢਾ ਜੀ ਦੀ ਉਲਾਦ 'ਚੋਂ, ਉਹ ਬੈਠੇ ਸੀ ਉਥੇ ਬਾਬਾ ਰਾਮ ਕੋਇਰ ਜੀ ਤੇ ਉਨ੍ਹਾਂ ਨੇ ਦੇਖਿਆ ਕਿ ਦੋ ਚਿੜੇ ਆਏ ਨੇ, ਉਨ੍ਹਾਂ ਨੇ ਇੱਕ-ਇੱਕ ਘੁੱਟ ਭਰ ਲਈ ਪਾਣੀ ਦੀ ਜਿਹੜਾ ਡੁਲ੍ਹਿਆ ਹੋਇਆ ਸੀ। ਉਹ ਤਾਂ ਲੜ ਰਹੇ ਨੇ ਕਿਹੜੇ ਵੇਲੇ ਦੇ, ਖ਼ੂਨ ਨਿਕਲ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਮਹਾਰਾਜ ਨੇ ਕੋਈ ਬਹੁਤ ਕਰਾਰਾ ਤੇਜ਼ ਧਰ ਕੇ ਜਲ ਬਣਾਇਆ ਹੈ। ਉਸ ਵੇਲੇ ਮਾਤਾ ਜੀਤੋ ਜੀ ਕੋਲ ਚਲੇ ਗਏ, ਜਾ ਕੇ ਕਹਿਣ ਲੱਗੇ ਕਿ ਕੋਈ ਪ੍ਰਬੰਧ ਕਰੋ, ਮਹਾਰਾਜ ਜੀ ਨੇ ਐਸਾ ਕਰਾਰਾ ਜਲ ਬਣਾ ਦਿੱਤਾ ਕਿ ਜਿਹੜਾ ਵੀ ਪੀਏਗਾ ਉਹ ਯੁੱਧ ਕਰਨ ਤੋਂ ਨਹੀਂ ਹਟੇਗਾ। ਉਸ ਵੇਲੇ ਮਾਤਾ ਜੀ ਪਤਾਸ਼ੇ ਲੈ ਕੇ ਆ ਗਏ। ਮਹਾਰਾਜ ਜੀ ਨੇ ਦੇਖਿਆ ਕਹਿੰਦੇ-

***ਭਲੋ ਭਯੋ ਤੂੰ ਚਲਿ ਕਰਿ ਆਈ।***
***ਨੀਰ ਬਿਖੈ ਪਾਈ ਮਧੁਰਾਈ॥***

***(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)***

ਚੰਗਾ ਕਰਿਆ ਤੂੰ ਪਤਾਸ਼ੇ ਲੈ ਆਂਦੇ ਨਹੀਂ ਤਾਂ ਐਹੋ ਜਿਹਾ ਕਰੂਰ

ਖਾਲਸਾ ਬਣਨਾ ਸੀ ਕਿ ਕਿਸੇ ਤੋਂ ਉਹਨੇ ਡਰਨਾ ਹੀ ਨਹੀਂ ਸੀ ਕਦੇ ਵੀ, ਹਰ ਵਕਤ ਹੀ ਤਿਆਰ-ਬਰ-ਤਿਆਰ ਰਹਿਣਾ ਸੀ। ਬੇਇਨਸਾਫੀ ਹੁੰਦੀ ਹੀ ਹੈ, ਇਸ ਕਰਕੇ ਤੂੰ ਚੰਗਾ ਕਰਿਆ। ਸੋ ਕਈ ਪ੍ਰੇਮੀਆਂ ਦੇ ਮਨ ਵਿੱਚ ਹੁੰਦਾ ਹੈ ਕਿ ਜਲ ਦੇ ਵਿੱਚ ਵੀ ਕੁੱਛ ਹੋ ਜਾਇਆ ਕਰਦਾ ਹੈ?

ਮੈਂ ਤੁਹਾਨੂੰ ਆਪਣੀ ਹੱਡਬੀਤੀ ਦਸਦਾ ਹਾਂ। ਮੇਰੇ ਕੋਲ ਇੱਕ ਬੀਬੀ ਆਈ, ਉਹ ਕਹਿਣ ਲੱਗੀ, ਵੀਰ ਜੀ ਉਹਨੇ ਕਿਹਾ ਮੈਨੂੰ ਕਿ ਵੀਰ ਜੀ! ਮੈਨੂੰ ਅੱਖਾਂ ਤੋਂ ਦਿਸਦਾ ਨਹੀਂ ਹੈ। ਇਹ ਉਹਦੀ ਹੀ ਮਿਹਨਤ ਸੀ ਜਿਹੜੀ ਉਹਨੇ ਕਰੀ। ਕਹਿੰਦੀ ਮੇਰਾ ਬਲੱਡ ਪਰੈਸ਼ਰ ਜਿਹੜਾ ਹੈ ਨਾ ਉਹ 245 ਹੈ। ਮੇਰੇ ਗੁਰਦੇ ਦੇ ਵਿੱਚ ਪੱਥਰੀ ਹੈ ਜਦੋਂ ਮੈਨੂੰ ਆਪਰੇਸ਼ਨ ਵਾਸਤੇ ਲਿਜਾਂਦੇ ਨੇ, ਬਲੱਡ ਪਰੈਸ਼ਰ ਵੱਧ ਹੋ ਜਾਂਦਾ ਹੈ। ਬਲੱਡ ਸ਼ੂਗਰ ਵੀ ਮੇਰੀ 245 ਹੈ। ਉਹ ਮੇਰਾ ਆਪਰੇਸ਼ਨ ਨਹੀਂ ਕਰਦੇ ਦੋ ਤਿੰਨ ਵਾਰੀ ਮੈਨੂੰ ਵਾਪਸ ਲੈ ਆਏ ਨੇ ਆਪਰੇਸ਼ਨ ਥਿਏਟਰ 'ਚੋਂ। ਉਨ੍ਹਾਂ ਨੇ ਕਹਿ ਦਿੱਤਾ ਕਿ ਬੀਬੀ ਤੇਰਾ ਇਲਾਜ ਨਹੀਂ ਹੋ ਸਕਦਾ ਤੇ ਚੌਥਾ ਮੇਰੀ ਰੀੜ੍ਹ ਦੀ ਹੱਡੀ 'ਚ ਕਰੈਕ ਆਇਆ ਹੋਇਆ ਹੈ। ਜਿਗਰ ਦੇ ਵਿੱਚ ਮੇਰੇ ਰਸੌਲੀ ਹੈ ਹਰ ਪਾਸਿਓਂ ਮੈਂ ਬੀਮਾਰ ਹਾਂ। ਮੇਰੇ ਮੂੰਹੋਂ ਨਿਕਲ ਗਿਆ ਕਿ ਬੀਬੀ! ਤੈਨੂੰ ਸ਼ਬਦ ਦਾ ਪਾਠ ਕਰਨਾ ਪੈਣਾ ਹੈ, ਪੰਜ ਘੰਟੇ ਰੋਜ਼। ਕਰ ਲਏਗੀ? ਕਹਿੰਦੀ ਹਾਂ। ਉਹਦਾ ਲੜਕਾ ਠਾਣੇਦਾਰ ਸੀ, ਪੜ੍ਹੀ ਲਿਖੀ ਸੀ। ਉਹ ਆਸ਼ਰਮ 'ਚ ਆ ਗਈ। ਸ਼ਬਦ ਮੈਂ ਉਹਨੂੰ ਦੇ ਦਿੱਤਾ। ਸਵੇਰੇ ਦੋ ਵਜੇ ਤੋਂ ਪੰਜ ਵਜੇ ਤੱਕ ਪਾਠ ਕਰਦੀ ਸੀ, ਪੰਜ ਘੰਟੇ। ਉਹ ਵੀਹ ਦਿਨ ਦੇ ਬਾਅਦ ਮੇਰੇ ਕੋਲ ਆ ਗਈ ਮੈਨੂੰ ਕਹਿਣ ਲੱਗੀ, ਵੀਰ ਜੀ! ਮੈਨੂੰ ਤੁਹਾਡਾ ਚਿਹਰਾ ਦਿੱਸ ਗਿਆ? ਮੈਂ ਕਿਹਾ, ਕੀ ਗੱਲ? ਕਹਿੰਦੀ ਮੇਰੀ ਅੱਖ ਖੁਲ੍ਹ ਗਈ ਸੱਜੀ। ਖਬਰੇ ਕਦੋਂ ਦੀ ਬੰਦ ਹੋਈ-ਹੋਈ ਸੀ। ਮੈਂ ਕਿਹਾ, ਚੰਗਾ ਲੱਗੀ ਰਹਿ ਤੇਰਾ ਬਾਕੀ ਵੀ ਹੋ ਜਾਏਗਾ। ਉਸ ਤੋਂ ਬਾਅਦ ਕਹਿੰਦੀ ਕਿ ਮੈਨੂੰ ਪੀ.ਜੀ.ਆਈ ਜਾਣ ਦੀ ਇਜਾਜ਼ਤ ਦੇ ਦਿਓ। ਉਥੇ ਚਲੀ ਗਈ, ਡਾਕਟਰ ਕਹਿੰਦੇ ਤੇਰਾ ਤਾਂ ਬਲੱਡ ਪਰੈਸ਼ਰ ਵੀ ਨਾਰਮਲ ਹੈ, ਤੇਰੀ ਸ਼ੂਗਰ ਵੀ ਨਾਰਮਲ ਹੈ। ਤੂੰ ਕੀ ਖਾਧਾ ਹੈ। ਗਰਮੀਆਂ ਦੇ ਦਿਨ ਸੀ, ਮੈਂ ਇਹ ਕਹਿ ਦਿੱਤਾ ਸੀ ਕਿ ਪ੍ਰਸ਼ਾਦੇ ਤੋਂ ਬਾਅਦ ਗੁੜ ਦੇ ਦਿਆ ਕਰੋ, ਥੋੜ੍ਹਾ-ਥੋੜ੍ਹਾ ਸਾਰਿਆਂ ਨੂੰ ਖਾਣ ਲਈ, ਰੋਟੀ ਹਜ਼ਮ ਹੋ ਜਾਂਦੀ ਹੈ। ਉਹ ਕਹਿੰਦੀ ਉਥੇ ਗੁੜ ਮਿਲਦਾ ਹੈ, ਕੁਛ ਵਿਆਹ ਵਗੈਰਾ ਉਥੇ ਜਦ ਹੁੰਦੇ ਨੇ ਲੱਡੂ-ਜਲੇਬੀਆਂ ਆ ਜਾਂਦੀਆਂ ਨੇ। ਕਹਿੰਦੇ, ਇਹਦੇ ਨਾਲ ਤਾਂ ਸ਼ੂਗਰ ਹਟਦੀ ਨਹੀਂ। ਕਹਿੰਦੀ, ਮੈਂ ਤਾਂ ਪਾਠ ਕਰਿਆ ਹੈ। ਡਾਕਟਰ ਹੈਰਾਨ ਹੋ ਗਏ, ਕਾਰਡ ਦੇ ਵਿੱਚ ਲਿਖ ਦਿੱਤਾ ਉਨ੍ਹਾਂ ਨੇ। ਉਸ ਤੋਂ ਬਾਅਦ ਸਤੰਬਰ ਦੇ ਵਿੱਚ ਮੈਂ ਅਮਰੀਕਾ ਜਾ ਰਿਹਾ ਸੀ। ਮੇਰੇ ਕੋਲ ਪੁੜੀ ਲੈ ਕੇ ਆ ਗਈ। ਮੈਂ ਕਿਹਾ ਕੀ ਹੈ ਇਹ? ਕਹਿੰਦੀ, ਵੀਰ ਜੀ! ਆਹ ਦੇਖੋ, ਤਿੰਨ ਟੁਕੜੇ ਹੋ ਕੇ ਮੇਰੀ ਪੱਥਰੀ ਨਿਕਲ ਗਈ। ਉਸ ਤੋਂ ਬਾਅਦ ਜਦੋਂ ਮੈਂ ਯੂ.ਐਸ.ਏ ਤੋਂ ਆਇਆ, ਮੈਨੂੰ ਕਹਿਣ ਲੱਗੀ, ਵੀਰ ਜੀ! ਮੇਰੀ ਅੱਖ ਨਹੀਂ ਖੁੱਲ੍ਹੀ ਦੂਜੀ ਮੈਂ ਹੁਣ ਕਾਣੀਓਂ ਜਾਊਂਗੀ ਘਰ ਨੂੰ? ਮੈਂ ਕਿਹਾ, ਨਹੀਂ ਤੂੰ ਕਾਣੀ

ਕਿਉਂ ਜਾਏਂਗੀ? ਤੂੰ ਇੱਥੇ ਚਾਰ ਮਹੀਨੇ ਹੋਰ ਰਹਿ, ਮਿਹਨਤ ਕਰ। ਪਹਿਲੀ ਜਨਵਰੀ ਦੀ ਗੱਲ ਹੈ, 20 ਜਨਵਰੀ ਨੂੰ ਉਹਦੀ ਦੂਜੀ ਅੱਖ ਖੁਲ੍ਹ ਗਈ। ਜਿਹੜੀ ਸਾਲ-ਡੇਢ ਸਾਲ ਦੀ ਬੰਦ ਸੀ। ਡਾਕਟਰਾਂ ਨੇ ਕਿਹਾ ਸੀ ਕਿ ਤੇਰੇ ਅੱਖ ਦੀ ਲਾਈਟ ਖਤਮ ਹੋ ਚੁੱਕੀ ਹੈ, ਨਾੜੀਆਂ ਪਿਚਕ ਚੁੱਕੀਆਂ ਨੇ। ਬਹੁਤ ਖੁਸ਼ ਹੋਈ ਧਰਤੀ 'ਤੇ ਪੈਰ ਨਾ ਲੱਗੇ। ਪੀ.ਜੀ.ਆਈ ਗਈ ਕਾਰਡ ਦਿਖਾਇਆ, ਕਹਿਣ ਲੱਗੀ ਮੇਰੀ ਰੀੜ੍ਹ ਦੀ ਹੱਡੀ ਚੈਕ ਕਰੋ। ਜਦੋਂ ਐਕਸਰੇ ਲਿਆ ਤਾਂ ਉਹ ਕਹਿਣ ਲੱਗੇ ਕਿ ਬੀਬੀ ਇਹ ਐਕਸਰੇ ਹੈ ਤਾਂ ਤੇਰਾ ਨਾਉਂ, ਲੇਕਿਨ ਜਿਹੜਾ ਤੇਰੇ ਕਰੈਕ ਸੀ ਉਹਦਾ ਤਾਂ ਹੁਣ ਨਾਉਂ ਨਿਸ਼ਾਨ ਵੀ ਨਹੀਂ। ਜਿਗਰ ਦੀ ਰਸੌਲੀ ਉਹ ਵੀ ਘੁਲ ਗਈ। ਸਾਰੀਆਂ ਬੀਮਾਰੀਆਂ ਠੀਕ ਹੋ ਗਈਆਂ। ਉਹ ਫੇਰ ਕਾਹਲੀ ਪੈ ਗਈ, ਕਹਿੰਦੀ ਮੇਰੀ ਪੋਤੀ ਦਾ ਇਮਤਿਹਾਨ ਹੈ, ਮੈਨੂੰ ਜਾਣ ਦਿਓ। ਮੈਂ ਕਿਹਾ ਕਿ ਜੇ ਤੂੰ ਚਾਰ ਮਹੀਨੇ ਹੋਰ ਰਹੇਂ ਤੇਰੀ ਬੱਚਿਆਂ ਵਰਗੀ ਅੱਖ ਰਹੂਗੀ। ਹੁਣ ਸ਼ਾਇਦ ਤੈਨੂੰ ਐਨਕ ਲਾਉਣੀ ਪਵੇ। ਡੇਢ ਨੰਬਰ ਲੱਗਿਆ ਸੀ ਉਹਦੇ।

ਇਹ ਮੈਂ ਸਾਰੇ ਡਾਕਟਰਾਂ ਵਿੱਚ ਗੱਲ ਕਰੀ ਸੀ, ਜਦੋਂ ਮੈਂ ਦੇਹਰਾਦੂਨ ਮੈਡੀਕਲ ਕਾਲਜ ਦੀ ਬੁਨਿਆਦ ਰੱਖੀ ਸੀ, ਡਾ. ਸਵਾਮੀ ਰਾਮ ਜੀ ਨੇ 2500 ਬੈਡ ਦਾ ਹਸਪਤਾਲ ਬਣਾਇਆ ਸੀ। ਉਸ ਵੇਲੇ ਉਥੇ ਅਮਰੀਕਨ ਡਾਕਟਰ ਵੀ ਸੀ, ਸਾਰੇ ਡਾਕਟਰ ਸੀ, ਮੈਂ ਕਿਹਾ ਕਿ 'ਸਰਬ ਰੋਗ ਕਾ ਅਉਖਦੁ ਨਾਮ'। ਦਵਾਈ ਜਿਹੜੀ ਹੈ ਉਹ ਅੰਦਰ ਪਈ ਹੈ -

***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***
***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - 259***

ਮੈਂ ਛੋਟਾ ਜਿਹਾ ਸੀ, ਅਠਾਰ੍ਹਾਂ ਕੁ ਸਾਲ ਦਾ। ਸਿੰਧ ਵਿੱਚ ਚਲਿਆ ਗਿਆ ਨੌਕਰੀ ਕਰਨ, ਉਥੇ ਪੁਲਿਸ ਦੀ ਨੌਕਰੀ ਮਿਲੇ। ਮੈਂ ਕਿਹਾ, ਮੈਂ ਨਹੀਂ ਕਰਨੀ। ਹੁੰਦੇ-ਹੁੰਦੇ ਮੈਂ ਬਾਹਰ ਚਲਿਆ ਗਿਆ ਫਾਰਮ ਵਿੱਚ, ਉਥੇ ਭਜਨ ਬੰਦਗੀ ਕਰਦਾ ਰਿਹਾ। ਇੱਕ ਮਾਈ ਪ੍ਰਸ਼ਾਦਾ ਲਿਆਂਦੀ ਰਹੀ ਰੋਜ਼। ਉਹਨੇ ਤੁਹਾਡੇ ਬੀਜੀ ਨੂੰ ਮੰਗਾ ਲਿਆ ਚਿੱਠੀ ਪਾ ਕੇ, ਉਹਨੂੰ ਕਹਿਣ ਲੱਗੀ ਕਿ ਇਹ ਨੌਂ ਮਹੀਨੇ ਭੋਰੇ 'ਚ ਜਾਣ ਨੂੰ ਤਿਆਰ ਹੋ ਰਿਹਾ ਹੈ। ਉਸ ਤੋਂ ਬਾਅਦ ਖਬਰੇ ਤੇਰੇ ਕੋਲ ਆਵੇ ਕਿ ਨਾ ਆਵੇ। ਕੀ ਕਰੇ, ਕੀ ਨਾ ਕਰੇ। ਤੂੰ ਇਹਨੂੰ ਵਾਪਸ ਲੈ ਜਾ। ਉਹਨੇ ਮੇਰੇ ਨਾਲ ਗੱਲ ਕਰੀ, ਮੈਂ ਕਿਹਾ ਮੈਂ ਵਾਪਸ ਤਾਂ ਜਾਣਾ ਨਹੀਂ। ਮਾਨਸ ਜਨਮ ਬੜੀ ਮੁਸ਼ਕਲ ਨਾਲ ਮਿਲਿਆ ਹੈ, ਤੂੰ ਇੱਥੇ ਰਹਿ ਮੈਂ ਤੈਨੂੰ ਕੁਛ ਨਹੀਂ ਕਹਿੰਦਾ, ਸੇਵਾ ਕਰ, ਆਹ ਬੱਚਿਆਂ ਨੂੰ ਪੜ੍ਹਾ ਦੇ, ਜੰਗਲਾਂ 'ਚ ਇਹ ਲੋਕ ਰਹਿੰਦੇ ਨੇ। ਉਹ ਮੇਰੇ ਕੋਲ ਆਈ, ਕਹਿਣ ਲੱਗੀ ਕਿ ਇਨ੍ਹਾਂ ਦਾ ਪੋਤਾ ਬਿਮਾਰ ਹੈ, ਅਠਰਾਹ ਦਾ, ਰਾਤ ਥੱਲੇ ਮੰਜੇ ਤੋਂ ਲਾਹ ਕੇ ਰੱਖਿਆ। ਇਹ ਮਾਈ ਤੁਹਾਡੇ ਲਈ ਰੋਜ਼ ਪ੍ਰਸ਼ਾਦਾ ਲਿਆਉਂਦੀ ਹੈ (ਅੱਠ ਪਹਰ ਦਾ ਮੈਂ ਇੱਕ ਪ੍ਰਸ਼ਾਦਾ ਛਕਦਾ ਹੁੰਦਾ ਸੀ) ਸ਼ਰਧਾ ਹੈ, ਸ਼ਰਧਾ ਟੁੱਟ ਜਾਏਗੀ ਇਨ੍ਹਾਂ ਦੀ। ਮੈਨੂੰ ਜਦ ਪਤਾ ਨਹੀਂ ਸੀ ਐਨਾ, ਐਨਾ ਪਤਾ ਸੀ ਕਿ ਬਾਣੀ ਜਿਹੜੀ ਹੈ ਇਹਦੇ ਨਾਲ ਇਲਾਜ

ਹੋ ਜਾਂਦਾ ਹੈ। ਉਹ ਜਦੋਂ ਪੜ੍ਹਿਆ ਤਾਂ ਉਹਦੇ ਵਿੱਚ ਲਿਖਿਆ ਸੀ ਜੇ 48 ਘੰਟੇ ਬੈਠ ਕੇ ਸਾਧਨ ਕਰੇ ਫੇਰ ਇਹ ਬਿਮਾਰੀ ਦਾ ਇਲਾਜ ਹੋ ਜਾਂਦਾ ਹੈ। ਉਹ ਤਾਂ ਸੀਗਾ ਕਿ ਸਿੱਧੀ ਆ ਜਾਂਦੀ ਹੈ, ਮੈਂ ਆਪਣੇ ਆਪ ਜੋਖਿਆ ਕਿ ਮੈਂ 48 ਘੰਟੇ ਬੈਠ ਸਕਦਾ ਹਾਂ। ਜੇ ਇੱਕ ਵਾਰੀ ਅੱਖ ਲੱਗ ਜਾਵੇ ਤਾਂ ਫੇਰ ਦੁਬਾਰਾ 48 ਘੰਟੇ ਕਰਨਾ ਪੈਣਾ ਹੈ, ਜੇ ਉਬਾਸੀ ਆ ਜਾਵੇ ਤਾਂ ਵੀ ਫੇਰ 48 ਘੰਟੇ, ਗੰਦੀ ਹਵਾ ਆ ਜਾਵੇ ਤਾਂ 48 ਘੰਟੇ ਦੁਬਾਰਾ ਕਰਨਾ ਪਵੇਗਾ। ਮੈਂ ਬੈਠ ਗਿਆ, ਮੈਂ ਸੁਰਤ ਨਾਲ, ਸੁਰਤ ਮੇਰੀ ਬਹੁਤ ਤੇਜ਼ ਚਲਦੀ ਸੀ, ਮੈਂ 34 ਘੰਟਿਆਂ 'ਚ ਸਾਰਾ ਹੀ ਪਾਠ ਕਰ ਲਿਆ। ਮਾਈ ਨੂੰ ਬੁਲਾ ਲਿਆ, ਮੈਂ ਕਿਹਾ ਮਾਈ! ਇਕੱਲੀ ਆਈਂ ਕੋਈ ਆਵੇ ਨਾ ਤੇਰੇ ਨਾਲ। ਉਹ ਆਈ ਤਾਂ ਮੈਂ ਕਿਹਾ ਮੇਰੇ ਮੂਹਰੇ ਜਿਹੜਾ ਪਾਣੀ ਪਿਆ ਹੈ, ਇਹਦੇ ਨਾਲ ਇਸ਼ਨਾਨ ਕਰਾ ਦੇ ਬੱਚੇ ਦਾ। ਉਹਦੀ ਗਰਦਨ ਪਿੱਛੇ ਨੂੰ ਗਿਰੀ ਹੋਈ, ਮੈਨੂੰ ਕਹਿਣ ਲੱਗੀ ਕਿ ਬੇਟਾ! ਰਾਤ ਤਾਂ ਅਸੀਂ ਬੈਠੇ ਰਹੇ ਹਾਂ ਸਾਰੀ, ਹੁਣ ਪਤਾ ਨਹੀਂ ਹਟਕੋਰੇ ਲੈ ਰਿਹਾ ਹੈ। ਮੈਂ ਕਿਹਾ ਤੂੰ ਇਸ਼ਨਾਨ ਕਰਾ ਦੇ। ਛਟੀ ਖੜ੍ਹੀ ਸੀ ਬਹੁਤ ਮਜ਼ਬੂਤ ਉਥੇ ਇਸ਼ਨਾਨ ਕਰਾ ਦਿੱਤਾ ਉਹਦਾ। ਇਸ਼ਨਾਨ ਤੋਂ ਬਾਅਦ ਮੈਂ ਕਿਹਾ ਜਾਈਂ ਨਾ ਅਰਦਾਸ ਕਰ ਲੈਣ ਦੇ ਮੈਨੂੰ। ਮੈਂ ਅਰਦਾਸ ਕਰੀ ਕਿ ਸੱਚੇ ਪਾਤਸ਼ਾਹ! ਤੇਰੀ ਬਾਣੀ ਨਾ ਗਲਤ ਹੋ ਜਾਵੇ। ਜੇ ਤੂੰ ਮੇਰਾ ਸਰੀਰ ਲੈਣਾ ਹੈ ਨਾ, ਤਾਂ ਮੈਂ ਦੇਣ ਨੂੰ ਤਿਆਰ ਹਾਂ, ਇਸ ਬੱਚੇ ਨੂੰ ਜੀਉਂਦਾ ਕਰ ਦੇ। ਬਾਣੀ ਦੀ ਬਦਨਾਮੀ ਨਹੀਂ ਮੈਂ ਸਹਿ ਸਕਦਾ। ਮੈਂ ਦੇਖਿਆ ਪੰਦਰਾਂ ਮਿੰਟ ਬਾਅਦ ਛਟੀ ਦੇ ਪੱਤਿਆਂ ਨੂੰ ਠੂੱਠੀ ਪੈਣ ਲੱਗ ਗਈ। ਮੈਂ ਕਿਹਾ, ਮਾਈ! ਜਾਈਂ ਨਾ ਅਜੇ, ਫੇਰ ਅੱਧਾ ਘੰਟਾ ਲੰਘ ਗਿਆ ਉਹਨੂੰ ਛਟੀ ਕੁਮਲਾ ਗਈ। ਮੇਰੇ ਮਨ 'ਚ ਆਇਆ ਕਿ ਮੈਂ ਇੱਕ ਪਾਪ ਕਰਿਆ ਹੈ ਬਹੁਤ ਵੱਡਾ। ਇੱਕ ਜਾਨ ਬਚਾਉਣ ਵਾਸਤੇ, ਇੱਕ ਛਟੀ ਦਾ ਖ਼ੂਨ ਕਰ ਦਿੱਤਾ। ਉਹਦੀ ਜ਼ਿੰਦਗੀ ਖਤਮ ਕਰ ਕਰਕੇ ਉਸ ਬੱਚੇ ਨੂੰ ਦੇ ਦਿੱਤੀ। ਫੇਰ ਮੈਂ ਅਰਦਾਸ ਕਰੀ ਕਿ ਸੱਚੇ ਪਾਤਸ਼ਾਹ! ਮੇਰੇ ਤੋਂ ਹੋ ਗਈ ਭੁੱਲ, (18 ਸਾਲ ਦੀ ਉਮਰ ਕੀ ਹੁੰਦੀ ਹੈ ਬੰਦੇ ਦੀ) ਕਿ ਮੇਰੇ 'ਚ ਜਿਹੜੀ ਸ਼ਕਤੀ ਆਈ ਹੈ ਉਹ ਮੈਂ ਸਾਰੀ ਵਾਪਸ ਕਰ ਦੇਵਾਂ। ਅੱਗੇ ਤੋਂ ਨਾ ਮੇਰੇ ਵਿੱਚ ਇਹ ਸ਼ਕਤੀ ਆਵੇ ਕਦੇ ਵੀ ਤੇ ਇਹਦੇ ਨਾਲ ਜੇ ਮਾਈ ਕਿਸੇ ਨੂੰ ਦੱਸੇ ਤਾਂ ਇਹਦਾ ਬੱਚਾ ਬੀਮਾਰ ਕਰ ਦੇਈਂ। ਨਾ ਤਾਂ ਉਸ ਮਾਈ ਨੇ ਭੇਤ ਖੋਲ੍ਹਿਆ ਸਾਰੀ ਜ਼ਿੰਦਗੀ, ਨਾ ਮੈਂ ਕਿਸੇ ਨੂੰ ਦੱਸਿਆ। ਹੁਣ ਮੈਂ ਤਾਂ ਦੱਸਿਆ ਹੈ ਕਿ ਇਹ ਜਲ ਜਿਹੜਾ ਹੁੰਦਾ ਹੈ ਇਹ ਐਵੇਂ ਨਹੀਂ ਹੁੰਦਾ, ਪਤਾਸੇ ਪਾ ਦਿੱਤੇ, ਮਿੱਠਾ ਪਾਣੀ ਹੈ। ਬਾਣੀ ਵਿੱਚ ਜਿੰਨੀ ਬਿਰਤੀ ਇਕਾਗਰ ਹੁੰਦੀ ਹੈ ਪਾਠ ਕਰਨ ਵਾਲੇ ਦੀ, ਓਨੀਂ ਐਨਰਜੀ ਇਹਦੇ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਪ੍ਰਵੇਸ਼ ਕਰਕੇ ਜਿਹੜਾ ਛਕਦਾ ਹੈ, ਉਹਦੀ ਇੱਕ ਵਾਰੀ ਕਾਇਆ ਕਲਪ ਹੋ ਜਾਂਦੀ ਹੈ।

ਦੋ ਤਿੰਨ ਚੀਜ਼ਾਂ ਨੇ ਇਕ ਤਾਂ ਹੈ ਵਿਸ਼ਵਾਸ਼ ਦੀ ਗੱਲ। ਇੱਕ ਇਹ ਹੈ ਕਿ ਪਹਿਲੇ ਜ਼ਮਾਨਿਆਂ 'ਚ ਹਰ ਇੱਕ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਜਾਂਦਾ। ਤਿਆਰ ਕੀਤਾ ਜਾਂਦਾ ਸੀ, ਜਿਹੜਾ ਆਉਂਦਾ ਸੀ, ਖਾਲਸਾ ਬਣਨ

ਵਾਸਤੇ, ਉਹਨੂੰ ਪਰਖ ਕੇ ਫੇਰ ਦਿੱਤਾ ਜਾਂਦਾ ਸੀ। ਛੇ-ਛੇ ਮਹੀਨੇ ਪਾਠ ਕਰਾਈ ਜਾਂਦੇ ਸੀ। ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਪਹਿਲਾਂ ਛੇ-ਛੇ ਮਹੀਨੇ ਪਾਠ ਕਰਾਉਂਦੇ ਸੀ ਲੱਖਾਂ ਹੀ ਮੂਲਮੰਤ੍ਰ ਦੇ। ਫੇਰ ਦੇਖਣਾ ਕਿ ਲਗਨ ਹੈ, ਫੇਰ ਉਹਨੂੰ ਕਹਿਣਾ ਕਿ ਹੁਣ ਤੂੰ ਅੰਮ੍ਰਿਤ ਛਕ ਲੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਵਿਸਾਖੀ ਵਾਲੇ ਦਿਨ ਐਸਾ ਕੌਤਕ ਕਰਿਆ ਕਿ ਉਹ ਮਰੇ ਪਏ ਬੰਦੇ ਜਿੰਨ੍ਹਾਂ 'ਚ ਜਾਨ ਹੀ ਨਹੀਂ ਸੀ, ਨਿਰਭੈ ਤੇ ਨਿਰਵੈਰ ਬਣਾ ਦਿੱਤੇ। ਇਸ ਕਰਕੇ ਵਿਸਾਖੀ ਦਾ ਜਿਹੜਾ ਦਿਨ ਹੈ ਉਹ ਸਾਡੇ ਵਾਸਤੇ ਬਹੁਤ ਮਹੱਤਵ ਰੱਖਦਾ ਹੈ। ਲੇਕਿਨ ਗੱਲ ਸਮਝਣੀ ਚਾਹੀਦੀ ਹੈ। ਇਹੀ ਨਹੀਂ ਹੈਗਾ ਕਿ ਰਸਮ ਬਣਾ ਲਓ ਅੰਮ੍ਰਿਤ ਛਕਣ ਦੀ। ਮੈਂ ਕਦੇ ਨਹੀਂ ਕਹਿੰਦਾ, ਮੈਂ ਹਮੇਸ਼ਾ ਕਹਿੰਦਾ ਹਾਂ ਕਿ ਜੇ ਪੂਰੀ ਤਰ੍ਹਾਂ ਤਿਆਰ ਹੋਂ, ਪੂਰੀ ਤਰ੍ਹਾਂ ਰੱਖ ਸਕਦੇ ਓਂ, ਗੁਰੂ ਤੇ ਪੂਰਾ ਵਿਸ਼ਵਾਸ਼ ਰੱਖ ਸਕਦੇ ਓਂ, ਫੇਰ ਆ ਜਾਓ ਗੁਰੂ ਤੁਹਾਡੇ 'ਚ ਬਰਕਤ ਪਾਏਗਾ, ਨਾਮ ਵੀ ਚੱਲੇਗਾ, ਸਭ ਕੁਛ ਹੋਏਗਾ ਤੇ ਅਧਿਕਾਰ ਹੀ ਨਹੀਂ ਹੈ ਤੁਹਾਨੂੰ। ਅਸੀਂ ਭੇਡਾਂ 'ਤੇ ਰੰਗ ਪਾਉਣਾ ਹੈ। ਅੰਮ੍ਰਿਤ ਦੀ ਬੇਅਦਬੀ ਹੈ। ਅੰਮ੍ਰਿਤ ਦਾ ਜਿਹੜਾ ਵਪਾਰੀ ਹੈ, ਅੰਮ੍ਰਿਤ ਦਿਓ ਉਹਨੂੰ। ਉਹਦੇ 'ਚ ਕਾਇਆ ਕਲਪ ਹੋ ਜਾਏਗੀ। ਬ੍ਰਹਮਗਿਆਨ ਤੱਕ ਪਹੁੰਚ ਜਾਂਦਾ ਹੈ। ਗੁਰੂ ਮਹਾਰਾਜ ਨੇ ਬ੍ਰਹਮਗਿਆਨੀ ਬਣਾ ਦਿੱਤੇ ਸਾਰੇ। ਉਸ ਵੇਲੇ ਜਿਹੜੇ ਕਵੀ ਸੀ ਉਨ੍ਹਾਂ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ ਪੜ੍ਹੋ ਪਿਆਰ ਨਾਲ-

*ਧਾਰਨਾ -ਪੀਵਹੁ ਪਾਹੁਲ ਖੰਡੇਧਾਰ, ਹੋਵੇ ਜਨਮ ਸੁਹੇਲਾ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*

*ਭਾਈ ਗੁਰਦਾਸ ਜੀ, ਵਾਰ 41/1*

ਐਸਾ ਆਬ-ਏ-ਹਿਆਤ ਜਿਸਨੂੰ ਟੋਲ੍ਹਦੇ ਰਹੇ, ਉਹ ਦਾਖਲ ਕਰ ਦਿੱਤਾ। ਆਦਮੀ ਦੇ ਅੰਦਰ ਸਾਧਸੰਗਤ ਜੀ, ਅੰਮ੍ਰਿਤ ਭਰਿਆ ਪਿਆ ਹੈ। ਇੱਥੇ ਪਾਹੁਲ ਸ਼ਬਦ ਵਰਤਿਆ ਹੈ ਉਨ੍ਹਾਂ ਨੇ। ਲੇਕਿਨ ਆਦਮੀ ਨੂੰ ਪਤਾ ਨਹੀਂ ਹੈ -

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥*
*ਜਿਉ ਕਸਤੂਰੀ ਮਿਰਗੁ ਨ ਜਾਣੈ*
*ਭ੍ਰਮਦਾ ਭਰਮਿ ਭੁਲਾਇਆ ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ*
*ਕਰਤੈ ਆਪਿ ਖੁਆਇਆ ॥* *ਅੰਗ - 644*

ਅੰਦਰਲੇ ਅੰਮ੍ਰਿਤ ਤੱਕ ਪਹੁੰਚਦਾ ਨਹੀਂ, ਮਹਾਰਾਜ ਕਹਿੰਦੇ, ਤੇਰੇ ਅੰਦਰ ਖੂਹ ਭਰਿਆ ਪਿਆ ਹੈ ਅੰਮ੍ਰਿਤ ਦਾ, ਉਹਨੂੰ ਤੂੰ ਦੇਖ। ਉਹਦੇ ਤੱਕ ਤੂੰ ਪਹੁੰਚ ਨਹੀਂ ਸਕਦਾ। ਉਹਦਾ ਤਰੀਕਾ ਕੀ ਹੈ, ਜਿਵੇਂ ਆਪਾਂ ਟਿਊਬਵੈਲ ਲਾਉਂਦੇ ਹਾਂ, reflex wall ਤੋਂ ਉੱਤੇ ਪਾਣੀ ਭਰਦੇ ਹਾਂ। ਸੂਟਾ ਮਰਵਾਉਂਦੇ ਹਾਂ ਬਟਨ ਦੱਬ ਕੇ, ਫੇਰ ਉਹ ਪਾਣੀ ਹੇਠਲਾ ਉਤੇ ਆ ਜਾਂਦਾ ਹੈ। ਫੇਰ ਪਾਉਂਦੇ ਹਾਂ, ਫੇਰ ਆਉਂਦੇ ਹਾਂ, ਜੇ ਬਹੁਤਾ ਗਹਿਰਾ ਹੈ ਪੰਜ ਸੱਤ ਵਾਰੀ ਪਾਣੀ ਪਾਉਣਾ ਪੈਂਦਾ ਹੈ। ਉਸ ਤੋਂ ਬਾਅਦ ਜਦੋਂ reflex wall ਨਾਲ ਲੱਗ ਗਿਆ, ਉਤਲੇ ਪਾਣੀ ਦੀ ਹੇਠਲੇ ਪਾਣੀ ਨਾਲ ਸੰਧੀ ਮਿਲ ਗਈ। ਇਸੇ ਤਰ੍ਹਾਂ ਜਦੋਂ ਪੰਜ ਪਿਆਰੇ ਜਦੋਂ ਨਾਮ ਦਿੰਦੇ ਨੇ, ਸ਼ਬਦ ਦਿੰਦੇ ਨੇ ਵਾਹਿਗੁਰੂ ਮੰਤਰ, ਮੂਲਮੰਤ੍ਰ ਵਾਸਤੇ ਤਾਕੀਦ ਕਰਦੇ ਨੇ ਤੇ ਉਹ ਪਵਿੱਤਰ ਜਲ, ਸ਼ਕਤੀਸ਼ਾਲਾ ਜਦੋਂ ਇਹ ਪੀਂਦਾ ਹੈ, ਉਹਦੇ ਨਾਲ ਇਸ ਤਰ੍ਹਾਂ ਹੋਇਆ ਕਰਦਾ ਹੈ। ਉਹ ਇਹ ਹੁਣ ਨਾ ਕਰੇ ਫੇਰ ਬੜਾ ਮੁਸ਼ਕਲ ਹੈ। ਇਸ ਕਰਕੇ ਬਾਹਰਲੀ ਜਿਹੜੀ ਪਾਹੁਲ ਹੈ ਉਹ ਗੁਰੂ ਮਹਾਰਾਜ ਨੇ ਬਹੁਤ ਸਾਇੰਟੇਫਿਕ ਤਰੀਕੇ ਦੇ ਨਾਲ ਇੱਕ ਐਸੀ ਚੀਜ਼ ਲਿਆਂਦੀ ਜਿਹਦੇ ਨਾਲ ਆਦਮੀ ਦੇ ਵਿੱਚ ਧਰਮ ਵੀ ਆ ਜਾਵੇ ਤੇ ਮਜ਼੍ਹਬ ਜਿਹਨੂੰ ਕਹਿੰਦੇ ਨੇ ਉਹ ਵੀ ਪੂਰੀ ਤਰ੍ਹਾਂ ਫਲੇ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਸਭ ਨੂੰ ਕਿਹਾ ਕਿ ਦੇਖੋ, ਇੱਕ ਅਕਾਲ ਪੁਰਖ ਨੂੰ ਮੰਨਣਾ ਹੈ, ਹੋਰ ਕਿਸੇ ਨੂੰ ਨਹੀਂ ਮੰਨਣਾ। ਛੱਡ ਦਿਓ ਸਾਰਿਆਂ ਨੂੰ, ਕਿਉਂਕਿ ਸਭ ਬਣਾਏ ਹੋਏ ਨੇ, 'ਬਿਨੁ ਕਰਤਾਰ ਨ ਕਿਰਤਮ ਮਾਨੋ। ਕਰਤਾਰ ਤੋਂ ਬਗੈਰ ਹੋਰ ਨਾ ਮੰਨੋ ਕਿਸੇ ਨੂੰ। ਉਹ ਪਰਮ ਜੋਤ ਹੈ –

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਅਸੀਂ ਜਿਹੜਾ ਵਾਹਿਗੁਰੂ ਕਿਹਾ ਹੈ ਉਸ ਜੋਤ ਨੂੰ ਕਿਹਾ ਹੈ। ਜਦੋਂ ਤੁਸੀਂ ਵਾਹਿਗੁਰੂ ਕਹਿਣਾ ਹੈ, ਉਸ ਵੇਲੇ ਉਸ ਜੋਤ ਨੂੰ ਜਪਣਾ ਹੈ, ਅਸੀਂ ਉਹਨੂੰ ਜਾਗ੍ਰਤ ਜੋਤ ਕਹਿੰਦੇ ਹਾਂ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ।***
***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਵਾਹਿਗੁਰੂ ਤੋਂ ਬਗੈਰ ਕਿਸੇ ਨੂੰ ਨਹੀਂ ਮੰਨਣਾ। ਜਦੋਂ ਤੁਹਾਡੇ ਅੰਦਰ ਬ੍ਰਹਮਗਿਆਨ ਦੀ ਜੋਤ ਜਗ ਪਈ, ਸਾਰੇ ਇੱਕੋ ਹੀ ਪ੍ਰਮੇਸ਼ਰ ਆਉਣ ਲੱਗ

ਗਿਆ, ਉਸ ਵੇਲੇ ਤੁਸੀਂ ਖਾਲਸਾ ਪਦ ਪ੍ਰਾਪਤ ਕਰ ਲਵੋਂਗੇ। ਲਿਖਣ 'ਤੇ ਨਹੀਂ ਹੁੰਦਾ ਕਿ ਫਲਾਣਾ ਸਿੰਘ ਖਾਲਸਾ, ਫਲਾਣਾ ਸਿੰਘ ਖਾਲਸਾ। ਖਾਲਸਾ ਇੱਕ ਆਦਰਸ਼ ਹੈ –

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ')***

ਜਦੋਂ ਸਾਰੀ ਸ੍ਰਿਸ਼ਟੀ ਦੇ ਵਿੱਚ ਇੱਕੋ ਪ੍ਰਮੇਸ਼ਰ ਨਜ਼ਰ ਆਉਣ ਲੱਗ ਜਾਵੇ। ਉਸ ਵੇਲੇ 'He is called Khalsa' ਤੇ ਉਹਦੀ ਪਦਵੀ ਕਿੰਨੀ ਹੈ ਕਿ ਮੇਰੇ ਵਿੱਚ ਤੇ ਉਸ ਖਾਲਸੇ ਤੇ ਰੱਬ ਦੇ ਵਿੱਚ ਕੋਈ ਭੇਤ ਨਹੀਂ ਹੈ। ਸੋ ਐਡੀ ਵੱਡੀ ਪਦਵੀ ਦੇ ਉਤੇ ਇੱਕ ਆਮ ਮਨੁੱਖ ਨੂੰ ਗੁਰੂ ਮਹਾਰਾਜ ਨੇ ਪਹੁੰਚਾ ਕੇ ਕਿਹਾ ਕਿ ਮੈਨੂੰ ਵੀ ਅੰਮ੍ਰਿਤ ਛਕਾਓ ਹੁਣ। ਇਹ ਇੱਕ ਨਵੀਂ ਗੱਲ ਸੀ। ਸੋ ਇਸ ਤਰ੍ਹਾਂ ਦੇ ਨਾਲ ਸੰਗਤ ਬਣਾ ਦਿੱਤੀ। ਐਸਾ ਨਿਰਭੈ ਤੇ ਮਨੁੱਖੀ ਅਧਿਕਾਰਾਂ ਦਾ ਰਾਖਾ ਪੈਦਾ ਕਰਿਆ ਮਹਾਰਾਜ ਨੇ ਕਿ ਕਿੱਡੀਆਂ ਜ਼ਿੰਮੇਵਾਰੀਆਂ ਇਹਦੇ ਉਤੇ ਆ ਗਈਆਂ। ਕਿੰਨੀ ਦੇਰ ਤੱਕ ਚਲਦੀ ਰਹੀ ਇਹ ਸੰਸਥਾ ਸਹੀ ਮਾਇਨਿਆਂ ਦੇ ਅੰਦਰ। ਹੁਣ ਕੀ ਹੈ? ਹੁਣ ਤਾਂ ਮੈਂ ਕਹਿ ਹੀ ਨਹੀਂ ਸਕਦਾ, ਤੁਸੀਂ ਸਾਰੇ ਜਾਣਦੇ ਹੀ ਓਂ। ਕਿਤੇ-ਕਿਤੇ ਆਦਰਸ਼ ਸਹੀ ਤਰੀਕਾ ਚੱਲ ਰਿਹਾ ਹੈ, ਕਿਤੇ-ਕਿਤੇ ਨਹੀਂ ਚਲਦਾ। ਜਿੱਥੇ ਅੰਮ੍ਰਿਤ ਛਕਦੇ ਨੇ, ਮੈਂ ਤੁਹਾਨੂੰ ਇੱਕ ਮਿਸਾਲ ਦਿੰਦਾ ਹਾਂ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਪੁਸਤਕ ਵਿੱਚ ਲਿਖੀ ਹੈ। ਉਹ ਕਹਿਣ ਲੱਗੇ, ਅਸੀਂ ਖਾਲਸਾ ਸਕੂਲ ਲੁਧਿਆਣੇ ਅੰਮ੍ਰਿਤ ਛਕਾਉਣਾ ਸੀ, ਚਾਰ ਸਿੰਘ ਤਾਂ ਆ ਗਏ, ਪੰਜਵਾਂ ਨਾ ਆਵੇ। sense ਕਰ ਜਾਂਦੇ ਸੀ, ਐਸ ਤਰ੍ਹਾਂ ਨਹੀਂ ਸੀ ਕਿ ਗੁਰਸਿੱਖਾਂ ਨੂੰ ਪਤਾ ਨਹੀਂ ਸੀ, ਗੱਲਾਂ ਜਾਣ ਜਾਂਦੇ ਸੀ ਦੂਰ ਤੱਕ ਦੀਆਂ। ਮੈਨੂੰ ਬਹੁਤ ਪਤਾ ਹੈ ਉਨ੍ਹਾਂ ਦਾ। ਉਹ ਕਹਿਣ ਲੱਗੇ ਕਿ ਅਰਦਾਸ ਕਰੋ ਕਿ ਸਿੰਘ ਆ ਰਿਹਾ ਹੈ। ਜਦੋਂ ਅਰਦਾਸ ਹੋ ਹਟੀ ਤਾਂ ਪਿੱਛੇ ਮੁੜ ਕੇ ਦੇਖਿਆ ਤਾਂ ਤੁਹਾਡੇ (ਬੀਜੀ ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਆ ਗਏ। ਕਹਿਣ ਲੱਗੇ, ਲੇਟ ਆਏ ਤੁਸੀਂ? ਕਹਿਣ ਲੱਗੇ, ਤੁਹਾਡਾ ਸੁਨੇਹਾ ਹੁਣੇ ਹੀ ਗਿਆ। ਵਾਹਿਗੁਰੂ ਜਾਣੇ ਕਿ ਇਹਦੇ ਵਿੱਚ ਕੀ ਭੇਤ ਸੀ। ਕਿਉਂਕਿ ਉਸ ਵੇਲੇ ਜਿਹੜੇ ਗੁਰਸਿੱਖ ਸੀ, ਇੱਕ ਕਦਮ ਪੁੱਟ ਕੇ ਹੀ ਕਿਤੇ ਦੀ ਕਿਤੇ ਚਲੇ ਜਾਂਦੇ ਸੀ। ਬਾਬਾ ਜਵਾਲਾ ਸਿੰਘ ਜੀ ਕੋਠੇ ਪਿੰਡ ਗਏ ਹੋਏ ਨੇ, ਹਰਖੋਵਾਲ ਵਾਲੇ। ਉਥੇ ਬਾਹਰ ਆਏ ਤਾਂ ਨਿਹੰਗ ਸਿੰਘ ਟਹਿਲ ਸਿੰਘ ਉਨ੍ਹਾਂ ਦਾ ਗੜਵਈ ਸੀ, ਉਸ ਵੇਲੇ। ਕਿਸੇ ਨੂੰ ਨਿਗ੍ਹਾਂ ਥੱਲੇ ਨਹੀਂ ਸੀ ਲਿਆਇਆ ਕਰਦਾ ਉਹ। ਬਾਬਾ ਜੀ ਕਹਿਣ ਲੱਗੇ ਕਿ ਚੱਲ ਚੱਲੀਏ, ਆਹ ਫੜਾ ਬਾਂਹ। ਬਾਂਹ ਫੜੀ, ਉਹ ਹੈਰਾਨ ਹੋ ਗਿਆ, ਭਮੱਤਰ ਗਿਆ ਕਿ ਕਿੱਥੇ ਆ ਗਏ, ਨਾ ਉਹ ਖੂਹ ਹੈ, ਨਾ ਉਹ ਚਲ੍ਹਾ ਹੈ, ਅਸੀਂ ਤਾਂ ਫਿਰਦੇ ਹਾਂ ਰਾਮਗੜ੍ਹ, ਸੀਗੇ ਕੋਠੇ, ਚਾਲੀ ਮੀਲ ਦਾ ਫਰਕ। ਉਥੇ ਕਰਤਾਰ ਸਿੰਘ ਉਨ੍ਹਾਂ ਦਾ ਪ੍ਰੇਮੀ ਸੀ ਉਹਨੂੰ ਬਚਨ ਦਿੱਤਾ ਹੋਇਆ ਸੀ ਕਿ ਅੰਤ ਸਮੇਂ ਅਸੀਂ

ਤੇਰੇ ਕੋਲ ਹੋਵਾਂਗੇ। ਫਟਾਫਟ ਉਹਦੇ ਘਰ ਜਾ ਕੇ ਉਹਦਾ ਸੀਸ ਚੁੱਕ ਕੇ ਪੱਟ 'ਤੇ ਰੱਖ ਲਿਆ। ਦੱਸ ਵਾਰੀ ਵਾਹਿਗੁਰੂ-ਵਾਹਿਗੁਰੂ ਕਹਾਇਆ, ਸਸਕਾਰ ਕਰਿਆ, ਸਸਕਾਰ ਤੋਂ ਬਾਅਦ ਕਹਿਣ ਲੱਗੇ ਕਿ ਚੰਗਾ ਤੁਸੀਂ ਹੁਣ ਅਲਾਹਣੀਆਂ ਦਾ ਪਾਠ ਸੁਣੋ, ਚਲੋ ਹੁਣ ਤੁਸੀਂ। ਅਸੀਂ ਹਾਲੇ ਹੁਣ ਇੱਥੇ ਹੀ ਠਹਿਰਾਂਗੇ। ਉਹ ਜਦੋਂ ਸਭ ਚਲੇ ਗਏ ਉਹਦੀ ਫੇਰ ਬਾਂਹ ਫੜ ਲਈ, ਕਹਿੰਦਾ ਆ ਚੱਲੀਏ। ਜਦ ਦੇਖਿਆ, ਉਸੇ ਚਲ੍ਹੇ ਦੇ ਕੋਲ ਫੇਰ ਆ ਗਏ। ਉਹ ਹੈਰਾਨ ਹੋ ਗਿਆ, ਨਾ ਮਹਾਂਪੁਰਸ਼ਾਂ ਨੂੰ ਪੁੱਛ ਸਕੇ। ਦੂਜੇ ਦਿਨ ਪਾਰਸਭਾਗ ਦੀ ਕਥਾ ਕਰਦਾ ਸੀ, ਉਹਦੇ ਵਿੱਚ ਆਇਆ ਕਿ ਕਈ ਵਾਰੀ ਆਪਣਾ ਬਚਨ ਪੂਰਾ ਕਰਨ ਵਾਸਤੇ ਮਹਾਂਪੁਰਸ਼ ਸ਼ਕਤੀ ਦੀ ਵਰਤੋਂ ਕਰ ਲੈਂਦੇ ਨੇ। ਉਂਝ ਗੁਰਸਿੱਖੀ ਦੇ ਵਿੱਚ ਸ਼ਕਤੀ ਦਿਖਾਉਂਦੇ ਨਹੀਂ ਹਨ। ਅਜਰ ਨੂੰ ਜਰਦੇ ਨੇ, ਕਿਉਂਕਿ ਸਬਕ ਇਹੀ ਸਿਖਾਇਆ ਗਿਆ ਹੈ; ਗੁਰੂ ਪੰਜਵੇਂ ਪਾਤਸ਼ਾਹ ਨੇ ਕਿੰਨਾ ਅਜਰ ਜਰਿਆ, ਭਾਈ ਪ੍ਰਾਣਾ, ਜਿਸ ਵਕਤ ਗੁਰੂ ਮਹਾਰਾਜ ਗਰਮ ਤਵੀ 'ਤੇ ਚਰਨ ਰੱਖਣ ਲੱਗੇ, ਖੜ੍ਹਾ ਹੋ ਗਿਆ, ਬਾਹਾਂ ਚੁੱਕ ਲਈਆਂ, ਮਹਾਰਾਜ ਕਹਿੰਦੇ, ਭਾਈ ਪ੍ਰਾਣਾ! ਹੇਠਾਂ ਕਰ ਬਾਹਾਂ, ਕੀ ਕਰਨ ਲੱਗਿਆ ਹੈਂ? ਕਹਿੰਦਾ ਮੇਰੇ ਤੋਂ ਦੇਖਿਆ ਨਹੀਂ ਜਾਂਦਾ ਮਹਾਰਾਜ, ਮੈਂ ਦਿੱਲੀ ਤੇ ਲਾਹੌਰ ਦੇ ਛੈਣੇ ਵਜਾਉਣ ਲੱਗਿਆ ਹਾਂ, ਦੋਵੇਂ ਸ਼ਹਿਰ ਗਰਕ ਕਰ ਦਊਂਗਾ। ਮਹਾਰਾਜ ਕਹਿੰਦੇ, ਕਿਸ ਤੋਂ ਲੈ ਲਈ ਇਹ ਸ਼ਕਤੀ? ਮਹਾਰਾਜ! ਤੁਹਾਡੇ ਚਰਨਾਂ 'ਚੋਂ। ਮਹਾਰਾਜ ਕਹਿੰਦੇ, ਕੀ ਫੇਰ ਅਸੀਂ ਨਹੀਂ ਕਰ ਸਕਦੇ? ਅਸੀਂ ਭਾਣਾ ਵਰਤਾਅ ਰਹੇ ਹਾਂ, ਤੈਨੂੰ ਨਹੀਂ ਪਤਾ ਇਨ੍ਹਾਂ ਗੱਲਾਂ ਦਾ, ਚੁੱਪ ਕਰਕੇ ਦੇਖੋ। ਅਜਰ ਨੂੰ ਜਰਨਾ ਹੈ, ਕਲੀ ਕਾਲ ਦਾ ਜ਼ਮਾਨਾ ਹੈ -

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।*** ***ਬਚਿਤ੍ਰ ਨਾਟਕ***

ਨਹੀਂ ਗੁਰੂ ਨੌਂਵੇਂ ਪਾਤਸ਼ਾਹ ਨੇ ਕਰਿਆ। ਸੋ ਇਸ ਤਰ੍ਹਾਂ ਗੁਰਸਿੱਖ ਵੀ ਨਹੀਂ ਕਰਦੇ, ਕਿਤੇ ਮਜ਼ਬੂਰੀ ਵਸ ਜਿਵੇਂ ਬਾਬਾ ਬੀਰ ਸਿੰਘ ਜੀ ਨੇ ਮਜ਼ਬੂਰੀ ਵਸ ਅਟਕ ਦਰਿਆ ਨੂੰ ਕਹਿ ਦਿੱਤਾ ਕਿ ਤੂੰ ਰੁਕ ਜਾ। ਉਹ ਵੇਲੇ ਕੋਈ ਚਾਰਾ ਨਹੀਂ ਸੀ, ਇਹੋ ਜਿਹੀ ਗੱਲ ਤਾਂ ਕਦੇ ਹੀ ਹੋਇਆ ਕਰਦੀ ਹੈ, ਹਮੇਸ਼ਾ ਨਹੀਂ।

ਇੱਕ ਨਾਮਧਾਰੀ ਸਿੰਘ ਹੁੰਦਾ ਸੀ, ਉਹਨੂੰ ਉਡਣਾ ਸਿੱਖ ਕਹਿੰਦੇ ਸੀ, ਇੱਕ ਵਾਰੀ ਜਦੋਂ ਉਹ ਗ੍ਰਿਫਤਾਰ ਕਰ ਲਿਆ, ਤਾਂ ਗਵਰਨਰ ਦੇ ਪਾਸ ਲੈ ਗਏ। ਕਹਿੰਦੇ ਕਿ ਆਹ ਉਡਣਾ ਸਿੱਖ ਕਹਾਉਂਦਾ, ਇਹ ਬਾਬਾ ਰਾਮ ਸਿੰਘ ਕੋਲ ਜਾ ਕੇ ਚਿੱਠੀਆਂ ਲਿਆਇਆ ਕਰਦਾ ਹੈ। ਉਹ ਕਹਿੰਦੇ ਕਿ ਤੂੰ ਉਡ ਸਕਦਾ ਹੈਂ, ਕਹਿੰਦਾ ਨਾ ਮਹਾਰਾਜ! ਮੇਰੇ ਕੀ ਫੰਘ ਲੱਗੇ ਨੇ ਜੋ ਮੈਂ ਉਡ ਸਕਾਂ। ਉਨ੍ਹਾਂ ਨੇ ਬਾਰ-ਬਾਰ ਕਹਿਆ, ਡੀ.ਸੀ, ਐਸ.ਪੀ ਕਹਿਣ ਕਿ ਸਾਨੂੰ ਪੱਕੀ ਤਰ੍ਹਾਂ ਨਾਲ ਪਤਾ ਹੈ, ਦਿਖਦਾ-ਦਿਖਦਾ ਗਾਇਬ ਹੋ ਜਾਂਦਾ ਹੈ। ਜਦੋਂ ਉਹ ਹਟੇ ਹੀ ਨਾ ਕਹਿਣ ਤੋਂ, ਕਹਿੰਦਾ ਫੇਰ ਤੁਸੀਂ ਕੀ ਦੇਖਣਾ ਹੈ। ਕਹਿੰਦੇ, ਅਸੀਂ ਜਿਹੜੀ ਗੱਲ ਕਹਿੰਦੇ ਹਾਂ। ਕਹਿੰਦੇ, ਹੱਥਕੜੀਆਂ, ਬੇੜੀਆਂ 'ਚੋਂ ਉੱਡ ਕੇ ਦਿਖਾ? ਕਹਿੰਦਾ, ਆਹ ਲੈ ਤੇਰੀਆਂ ਬੇੜੀਆਂ

ਪਈਆਂ ਨੇ, ਆਹ ਹੱਥਕੜੀਆਂ; ਸਾਨੂੰ ਕੌਣ ਕੈਦ ਕਰ ਸਕਦਾ ਹੈ, ਲੈ ਮੈਂ ਗਿਆ, ਗਾਇਬ ਹੋ ਗਿਆ।

ਇਹ ਆਮ ਗੱਲਾਂ ਸੀ ਗੁਰਸਿੱਖਾਂ ਦੇ ਅੰਦਰ, ਲੇਕਿਨ ਤਮਾਸ਼ੇ ਨਹੀਂ ਸੀ ਦਿਖਾਉਂਦੇ। ਜੇ ਸਾਡੇ ਕੋਲ ਹੋਣ ਅਸੀਂ ਤਾਂ ਤਮਾਸ਼ਾ ਦਿਖਾ ਦੇਈਏ ਇੱਥੇ। ਗੁਰੂ ਮਹਾਰਾਜ ਨੇ ਕਿਹਾ ਹੈ ਕਿ ਇਹ ਗੱਲ ਨਹੀਂ ਕਰਨੀ। ਜਰਨੀ ਹੈ ਚੀਜ਼, ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ, ਕੋਈ ਗੱਲ ਨਹੀਂ ਕਰਨੀ। ਸੋ ਖਾਲਸੇ ਦਾ ਤੇਜ਼ ਬਹੁਤ ਹੋ ਗਿਆ। ਗੁਰੂ ਮਹਾਰਾਜ ਨੇ ਇੱਕ ਮਨੁੱਖ ਦੇ ਵਿੱਚ ਚਾਰ ਆਦਰਸ਼ ਪਾਏ। ਸਮਾਜ ਵੰਡਿਆਂ ਪਿਆ ਸੀ, ਸ਼ੂਦਰ 'ਚ, ਵੈਸ਼ 'ਚ, ਖੱਤਰੀ 'ਤੇ ਬ੍ਰਾਹਮਣ, ਮਹਾਰਾਜ ਨੇ ਸ਼ੂਦਰ ਜਿਹਨੂੰ ਪੈਰ ਕਹਿੰਦੇ ਸੀ, ਉਹਨੂੰ ਉਪਰ ਕਰ ਦਿੱਤਾ।

***ਉਲਟਾ ਖੇਲੁ ਪਿਰੰਮ ਦਾ***
***ਪੈਰਾਂ ਉਪਰਿ ਸੀਸੁ ਨਿਵਾਇਆ।***

***ਭਾਈ ਗੁਰਦਾਸ ਜੀ, ਵਾਰ 1/23***

ਪੈਰਾਂ ਦੇ ਉਪਰ ਸੀਸ ਨਿਵਾ ਦਿੱਤਾ। ਸ਼ੂਦਰ ਸੇਵਾ ਕਰਦਾ ਸੀ, ਸ਼ੂਦਰ ਦੀ ਸੇਵਾ ਨੂੰ ਕਿੰਨੀ ਮਹਾਨਤਾ ਦਿੱਤੀ ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਦਰਗਹ ਬੈਸਣੁ ਪਾਈਦੈ,***
***ਜੇ ਵਿੱਚ ਦੁਨੀਆਂ ਸੇਵ ਕਮਾਈਐ।***

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥*** ***ਅੰਗ – 26***

ਦੂਸਰੀ ਬਾਤ ਮਹਾਰਾਜ ਨੇ, ਦੂਸਰੀ ਕਲਾਸ ਜਿਹਨੂੰ ਵੈਸ਼ ਕਹਿੰਦੇ ਸੀ, ਉਹ ਵੀ ਇੱਕੋ ਮਨੁੱਖ 'ਚ ਲਿਆ ਕੇ ਕਿਹਾ ਕਿ ਤੂੰ ਸੁੱਚੀ ਕਿਰਤ ਕਰ।

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥*** ***ਅੰਗ – 1245***

ਗੁਰੂ ਨਾਨਕ ਨੇ ਮਲਕ ਭਾਗੋ ਦੀਆਂ ਮਠਿਆਈਆਂ ਨਹੀਂ ਸੀ ਖਾਧੀਆਂ। ਮਾਲ-ਪੂੜੇ ਨਹੀਂ ਸੀ ਖਾਧੇ। ਭਾਈ ਲਾਲੋ ਦੇ ਸੁੱਕੇ ਹੋਏ ਟੁੱਕੜ ਵਿਚੋਂ ਦੁੱਧ ਦੀ ਧਾਰ ਵਗਾ ਦਿੱਤੀ। ਸੋ ਉਸੇ ਮਨੁੱਖ ਦੇ ਵਿੱਚ ਜਿਹੜਾ ਅਲੱਗ ਸੀ ਉਹਨੂੰ ਕਿਹਾ ਕਿ ਸੇਵਾ ਵੀ ਤੂੰ ਕਰਨੀ ਹੈ, ਸੇਵਾ ਦਾ ਦਰਜਾ ਨੰਬਰ ਇੱਕ ਤੇ ਕਿਰਤ ਦਾ ਨੰਬਰ ਦੋ। ਹੇਠਲੇ ਪਾਸਿਓਂ ਮਹਾਰਾਜ ਨੇ ਚੁੱਕ ਦਿੱਤਾ ਇਹਨੂੰ। ਤੀਸਰਾ ਜਿਹੜਾ ਸੀਗਾ ਖੱਤਰੀ, ਉਨ੍ਹਾਂ ਨੂੰ ਮਹਾਰਾਜ ਨੇ ਕਿਹਾ ਕਿ ਜਿਹੜਾ ਕਰਮਾਂ ਦਾ ਸੂਰਮਾ ਹੈ ਉਹ ਖੱਤਰੀ ਹੋ ਸਕਦਾ ਹੈ, ਦੂਸਰਾ ਨਹੀਂ ਹੋ ਸਕਦਾ।

***ਪੁੰਨ ਦਾਨ ਕਾ ਕਰੇ ਸਰੀਰੁ ॥*** ***ਅੰਗ – 952***

ਪੁੰਨ ਦਾਨ ਦੇ ਸਰੀਰ ਬਾਰੇ ਮੈਂ ਇੱਕ ਛੋਟੀ ਜਿਹੀ ਮਿਸਾਲ ਦਿੰਦਾ ਹਾਂ, ਜਿਸ ਵਕਤ ਕਰਣ ਮਰ ਗਿਆ ਉਹ ਸਵਾ ਮਣ ਸੋਨਾ ਰੋਜ਼ ਪੁੰਨ ਕਰਦਾ ਸੀ, ਉਹਦੇ ਕੋਲ ਇੱਕ ਸਿੱਧੀ ਸੀ। ਕ੍ਰਿਸ਼ਨ ਮਹਾਰਾਜ ਨੇ ਕਿਹਾ

ਕਿ ਦਾਨ ਦਾ ਸੂਰਜ ਛਿਪ ਗਿਆ, ਹੱਥ ਚੁੱਕ ਲਏ ਉਪਰ ਨੂੰ ਦੋਵੇਂ। ਅਰਜਨ ਨੇ ਗੁੱਸਾ ਕਰਿਆ, ਮਹਾਰਾਜ! ਐਨੀ ਵਡਿਆਈ, ਦਾਨੀ ਤਾਂ ਵੱਡੇ-ਵੱਡੇ ਹੋਏ ਨੇ। ਇਹਦੇ ਨਾਲ ਦਾ ਕੋਈ ਦਾਨੀ ਨਹੀਂ। ਕਹਿੰਦੇ, ਕਿਵੇਂ ਪਤਾ ਲੱਗੇ? ਕਹਿੰਦੇ ਚੱਲ। ਰੂਪ ਬਦਲਾ ਲਏ। ਬੁੱਢਾ ਬ੍ਰਾਹਮਣ ਬਣ ਗਿਆ। ਕਰਣ ਜਿਹੜਾ ਸੀ ਉਹ ਜ਼ਖਮੀ ਹੋਇਆ, ਖ਼ੂਨ ਨਿਕਲ ਰਿਹਾ ਸੀ ਤੇ ਕਿਨਾਰੇ 'ਤੇ ਪਹੁੰਚਿਆ ਹੋਇਆ ਸੀ ਉਥੇ ਜਾ ਕੇ ਕਿਹਾ ਕਿ ਐ ਕਰਣ! ਮੇਰੇ ਤਾਂ ਭਾਗ ਮੰਦੇ ਹੋ ਗਏ, ਮੈਂ ਦਲਿੱਦਰ ਦਾ ਖਾਤਮਾ ਕਰਾਉਣ ਤੇਰੇ ਕੋਲ ਆਇਆ ਸੀ, ਤੂੰ ਤਾਂ ਧਰਤੀ 'ਤੇ ਪਿਆ ਹੈਂ ਤੇ ਮੈਨੂੰ ਕੁਛ ਦੇਹ। ਉਹ ਕਹਿਣ ਲੱਗਿਆ ਕਿ ਮੇਰੇ ਕੋਲ ਇਸ ਵੇਲੇ ਕੁੱਛ ਨਹੀਂ ਹੈ। ਅੱਖ ਚਾਹੀਦੀ ਹੈ ਅੱਖ ਲੈ ਲੈ, ਹੱਡੀ ਚਾਹੀਦੀ ਹੈ ਹੱਡੀ ਲੈ ਲੈ, ਜੋ ਚੀਜ਼ ਮੇਰੇ ਸਰੀਰ ਦੀ ਚਾਹੀਦੀ ਹੈ ਉਹ ਲੈ ਲੈ, ਉਹ ਕਹਿਣ ਲੱਗੇ, ਤੂੰ ਝੂਠ ਬੋਲਦਾ ਹੈਂ, ਤੇਰੇ ਕੋਲ ਹੈ ਕਿਉਂ ਨਹੀਂ, ਤੇਰੇ ਦੰਦਾਂ ਦੇ ਉਤੇ ਸੋਨੇ ਦੀ ਪਲੇਟ ਹੈ। ਕਹਿਣ ਲੱਗਿਆ, ਮੈਨੂੰ ਮੁਆਫ ਕਰ ਮੈਂ ਭੁੱਲ ਗਿਆ, ਮੈਨੂੰ ਪੱਥਰ ਫੜਾ ਮੈਂ ਤੈਨੂੰ ਦੰਦ ਪੁੱਟ ਕੇ ਦੇ ਦੇਵਾਂ। ਉਹ ਕਹਿੰਦਾ, ਮੈਂ ਕਿਉਂ ਫੜਾਵਾਂ, ਉਹ ਪਿਆ ਹੈ ਪੱਥਰ ਤੂੰ ਆਪ ਚੁੱਕ। ਹੌਲੀ-ਹੌਲੀ ਇੱਕ-ਇੱਕ ਇੰਚ ਹਿਲਦਾ-ਹਿਲਦਾ, ਪੱਥਰ ਤੱਕ ਚਲਿਆ ਗਿਆ, ਜਦੋਂ ਪੱਥਰ ਨਾਲ ਮਾਰਨ ਲੱਗਿਆ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਬਾਂਹ ਫੜ ਲਈ, ਕਹਿਣ ਲੱਗੇ, ਧੰਨ ਹੈਂ ਤੂੰ, ਅਸਲੀ ਖੱਤਰੀ ਹੈਂ। ਮਹਾਰਾਜ ਕਹਿੰਦੇ-

*ਪੁੰਨ ਦਾਨ ਕਾ ਕਰੈ ਸਰੀਰੁ ॥*
*ਖੇਤੁ ਪਛਾਣੈ ਬੀਜੈ ਦਾਨੁ ॥*
*ਸੋ ਖਤ੍ਰੀ ਦਰਗਹ ਪਰਵਾਣੁ ॥* **ਅੰਗ - 1411**

ਖੇਤ ਪਛਾਨਣਾ ਪੈਣਾ ਹੈ ਕਿ ਦਾਨ ਕਿੱਥੇ ਦੇਈਏ, ਕਿੱਥੇ ਇਹ ਸਫਲ ਹੋਏਗਾ, ਕਿੱਥੇ ਇਹ ਸੰਸਾਰ ਦੀ ਸੇਵਾ ਵਿੱਚ ਲੱਗੇਗਾ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਖੇਤ ਪਛਾਣ ਕੇ ਦਾਨ ਕਰੇ। ਖਾਲਸਾ ਦਾਨੀ ਹੈ ਦਸਵੰਧ ਕੱਢਦਾ ਹੈ, ਸੌ ਬੋਰੀ ਅਨਾਜ ਦੀ ਹੋ ਜਾਏ, ਇੱਕ ਬੋਰੀ ਦੇਣੀ ਚਾਹੀਦੀ ਹੈ। ਸੌ ਰੁਪਿਆ ਬਚ ਜਾਵੇ ਖਰਚੇ ਕੱਢ ਕੇ, ਇੱਕ ਰੁਪਿਆ ਗੁਰੂ ਦਾ ਦੇਣਾ ਚਾਹੀਦਾ ਹੈ। ਸੋ ਦਾਨੀ ਬਣਾ ਦਿੱਤਾ ਸਹਿਜ ਨਾਲ ਓਹੀ ਪੁਰਸ਼। ਤੀਸਰਾ ਬ੍ਰਾਹਮਣ ਬਣਾ ਦਿੱਤਾ। ਬ੍ਰਾਹਮਣ ਮਹਾਰਾਜ ਕਹਿੰਦੇ ਉਹ ਹੈ -

*ਸੋ ਪੰਡਿਤੁ ਜੋ ਮਨੁ ਪਰਬੋਧੈ ॥*
*ਰਾਮ ਨਾਮੁ ਆਤਮ ਮਹਿ ਸੋਧੈ ॥*
*ਰਾਮ ਨਾਮ ਸਾਰੁ ਰਸੁ ਪੀਵੈ ॥*
*ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥* **ਅੰਗ - 274**

ਉਸੇ ਇੱਕ ਵਜੂਦ ਨੂੰ ਪ੍ਰਚਾਰਕ ਬਣਾ ਦਿੱਤਾ, ਗਿਆਨੀ ਬਣਾ ਦਿੱਤਾ, ਕਥਾਕਾਰ ਬਣਾ ਦਿੱਤਾ, ਕਹਿੰਦੇ ਤੁਹਾਡੇ ਵਿੱਚ ਮਿਸ਼ਨਰੀ ਕੋਈ ਨਹੀਂ ਹੋਏਗਾ, ਕਿਉਂਕਿ ਮਿਸ਼ਨਰੀ ਦੂਸ਼ਿਤ ਕਰ ਦਿੰਦੇ ਨੇ ਹਰ ਚੀਜ਼ ਨੂੰ। ਤੁਸੀਂ ਗ੍ਰਿਹਸਤੀ ਬੰਦਗੀ ਕਰਕੇ ਆਪ ਹੀ ਪ੍ਰਚਾਰ ਕਰੋਂਗੇ। ਤੁਹਾਡਾ ਜੀਵਨ ਪ੍ਰਚਾਰ ਬਣੇਗਾ। ਸੋ ਇਸ ਤਰ੍ਹਾਂ ਸਾਰੇ ਵਜੂਦ ਨੂੰ ਮਹਾਰਾਜ ਨੇ ਕਿਹਾ ਹੈ, ਇਹ ਖਾਲਸੇ ਦਾ ਵਜੂਦ ਹੈ। ਇਹਦੀ ਮਹਾਨਤਾ ਕਿੰਨੀ ਹੈ, ਪੜ੍ਹ ਲਓ ਇਸ ਤਰ੍ਹਾਂ -

***ਧਾਰਨਾ - ਜਾਣੋ ਪਿਆਰਿਓ! ਮੇਰਾ ਰੂਪ ਖਾਲਸੇ ਨੂੰ।***
***ਖਾਲਸਾ ਮੇਰੋ ਰੂਪ ਹੈ ਖਾਸ॥***
***ਖਾਲਸੇ ਮਹਿ ਹੌਂ ਕਰੌਂ ਨਿਵਾਸ॥***

***(ਸਰਬ ਲੋਹ ਗ੍ਰੰਥ 'ਚੋਂ)***

ਕਹਿਣ ਲੱਗੇ -

***ਮਮ ਸਰੂਪ ਤੁਮ ਅਬਿ ਭਏ.........।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਪੰਜਾਂ ਨੂੰ ਸਾਮ੍ਹਣੇ ਕਰਕੇ ਕਹਿਣ ਲੱਗੇ ਕਿ ਹੁਣ ਤੁਸੀਂ ਮੇਰਾ ਸਰੂਪ ਬਣ ਗਏ।

***ਹੌਂ ਭਾ ਤੁਮਹਿੰ ਸਰੂਪ॥*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਮੈਂ ਤੁਹਾਡਾ ਸਰੂਪ ਬਣ ਗਿਆ, ਤੁਸੀਂ ਮੇਰਾ ਸਰੂਪ ਬਣ ਗਏ। ਓਤ ਪੋਤ ਹੋ ਗਏ ਆਪਾਂ।

***ਬ੍ਰਹਮ ਗਯਾਨ ਦਿਢ ਰਿਦੈ ਹ੍ਵੈ ਪਦ ਅਤਿ ਲੀਨਿ ਅਨੂਪ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਤੁਸੀਂ ਬ੍ਰਹਮਗਿਆਨ ਦਾ ਪਦ ਹਾਸਲ ਕਰ ਲਿਆ। ਬ੍ਰਹਮਗਿਆਨ ਦਾ ਪਦ ਕੀ ਹੁੰਦਾ ਹੈ -

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***

***ਅੰਗ - 272***

ਜਿਹਨੂੰ ਦੂਸਰਾ ਨਜ਼ਰ ਹੀ ਨਹੀਂ ਆਉਂਦਾ ਪ੍ਰਮੇਸ਼ਰ ਤੋਂ ਬਗੈਰ, ਉਹ ਬ੍ਰਹਮਗਿਆਨੀ ਹੋਇਆ ਕਰਦਾ ਹੈ -

***ਧਾਰਨਾ - ਦੂਜਾ ਨਾ ਦੇਖਦੇ,***
***ਪ੍ਰਭ ਜੀ ਬਿਨੁ ਬ੍ਰਹਮਗਿਆਨੀ।***

ਕਹਿਣ ਲੱਗੇ, ਬ੍ਰਹਮਗਿਆਨ ਹੁਣ ਦ੍ਰਿੜ੍ਹ ਹੋ ਗਿਆ ਤੁਹਾਨੂੰ।

***ਸਭਿਨਿ ਸੁਨਾਵਨਿ ਕਾਰਨੇ ਊਚੇ ਕੀਨਿ ਬਖਾਨ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਬਹੁਤ ਉੱਚੀ ਆਵਾਜ਼ ਵਿੱਚ ਮਹਾਰਾਜ ਨੇ ਕਿਹਾ ਕਿ ਸਾਰੇ ਸੁਣ ਲੈਣ। ਕਹਿਣ ਲੱਗੇ, ਪਿਆਰਿਓ! -

***ਰਾਖਯੋ ਸਿੱਖੀ ਬੀਜ ਜਗ ਅੰਗਦ ਗੁਰੂ ਸਮਾਨ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿਵੇਂ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਟੈਸਟ ਵਿੱਚੋਂ ਪਾਸ ਹੋ ਕੇ ਸਿੱਖੀ ਦਾ ਬੀਜ ਰੱਖ ਲਿਆ ਸੀ, ਇਸੇ ਤਰ੍ਹਾਂ ਇਨ੍ਹਾਂ ਪੰਜਾਂ ਨੇ ਸਿੱਖੀ ਦਾ ਬੀਜ ਰੱਖ ਲਿਆ।

***ਸਭਿ ਸੰਗਤਿ ਕੇ ਤਾਰਿਬੇ ਸਮਰਥ ਭੇ ਇਹ ਪੰਚ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ***

ਜਿਵੇਂ ਮੈਂ ਤਾਰਦਾ ਹਾਂ ਹੁਣ ਇਹ ਪੰਜ ਜਿਹੜੇ ਨੇ ਸੰਗਤ ਨੂੰ ਤਾਰਨ ਵਾਸਤੇ ਸਮਰੱਥ ਨੇ।

*ਜਾਨਹੁ ਮੋਹਿ ਸਮਾਨ ਤਿਨ ਭੇਦ ਰਹਯੋ ਨਹਿੰ ਰੰਚ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਭੋਰਾ ਜਿੰਨਾ ਵੀ ਭੇਦ ਨਹੀਂ ਰਿਹਾ –

*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥ (ਸਰਬ ਲੋਹ ਗ੍ਰੰਥ 'ਚੋਂ)*

ਗੁਰੂ ਨਾਨਕ ਨੂੰ ਤੇ ਪਾਰਬ੍ਰਹਮ ਨੂੰ ਅਸੀਂ ਸ਼ਹਾਦਤ ਦੇ ਤੌਰ 'ਤੇ ਪੇਸ਼ ਕਰਕੇ ਕਹਿੰਦੇ ਹਾਂ ਮੈਂ ਜਿਹੜੀ ਗੱਲ ਕਹੀ ਹੈ ਉਹ ਬਿਲਕੁਲ ਸਾਫ ਕਹੀ ਹੈ। ਸੋ ਐਸਾ ਪਦ ਦੇਣ ਤੋਂ ਬਾਅਦ ਆਪ ਨੇ, ਆਪਣਾ ਜੋ ਤੇਜ ਸੀ ਹਵਾਲੇ ਕਰ ਦਿੱਤਾ –

*ਧਾਰਨਾ – ਦਿੱਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ।*
*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*

*(ਸਰਬ ਲੋਹ ਗ੍ਰੰਥ 'ਚੋਂ)*

ਸੋ ਇਸ ਤਰ੍ਹਾਂ ਦੇ ਨਾਲ ਵਿਸਾਖੀ ਵਾਲੇ ਦਿਨ ਇਹ ਆਦਰਸ਼ ਸੰਸਾਰ 'ਤੇ ਕਲਜੁਗ ਦੇ ਸਮੇਂ ਦੇ ਵਿੱਚ ਪ੍ਰਗਟ ਕਰ ਦਿੱਤਾ। ਸੋ ਬਹੁਤ ਵੱਡੀ ਚੀਜ਼ ਗੁਰੂ ਮਹਾਰਾਜ ਨੇ ਲਿਆਂਦੀ ਤੇ ਨਾਲ ਇਹ ਕਿਹਾ ਕਿ ਮੈਂ ਜਾਣਾ ਨਹੀਂ ਤੁਹਾਡੇ ਵਿਚੋਂ, ਜਿਸ ਵਕਤ ਮਹਾਰਾਜ ਜੀ ਜੋਤੀ ਜੋਤ ਸਮਾਉਣ ਲੱਗੇ, ਉਸ ਵੇਲੇ ਕਨਾਤ ਲਾਈ ਹੋਈ ਸੀ ਉਸ ਵੇਲੇ ਬਹੁਤ ਉਦਾਸ ਹੋ ਗਏ ਸਿੰਘ। ਕਹਿਣ ਲੱਗੇ, ਮੈਂ ਜਾਣਾ ਨਹੀਂ ਹੈ ਪਿਆਰਿਓ! ਮੈਂ ਤੁਹਾਡੀ ਸੰਭਾਲ ਕਰਾਂਗਾ –

*ਧਾਰਨਾ – ਕਰਾਂਗਾ ਸੰਭਾਲ ਪਿਆਰੇ ਸਦਾ ਖਾਲਸੇ ਦੀ।*
*ਪੰਥ ਖਾਲਸਾ ਖੇਤੀ ਮੇਰੀ।*
*ਕਰੋਂ ਸੰਭਾਲਨਿ ਮੈਂ ਤਿਸ ਬੇਰੀ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5642*

ਮੈਂ ਛੱਡ ਕੇ ਨਹੀਂ ਜਾਂਦਾ ਤੁਹਾਨੂੰ ਕਿਤੇ। ਪਰ ਜਿਹੜਾ ਖਾਲਸਾ ਹੋਏਗਾ ਉਹਦੀ ਰਾਖੀ ਮੈਂ ਹੋਵਾਂਗਾ।

ਮੈਂ ਗੱਲ ਸੁਣਾਉਂਦਾ ਵਿਚਾਲੇ ਹੀ ਛੱਡ ਗਿਆ ਸੀ ਕਿ ਭਾਈ ਰਣਧੀਰ ਸਿੰਘ ਅੰਮ੍ਰਿਤ ਛਕਾਉਣ ਲੱਗੇ, ਬਾਪੂ ਜੀ ਆ ਗਏ ਅੰਮ੍ਰਿਤ ਤਿਆਰ ਹੋ ਗਿਆ। ਉਸ ਤੋਂ ਬਾਅਦ ਬਾਪੂ ਜੀ ਪਹਿਲੇ ਨੰਬਰ 'ਤੇ ਸੀਗੇ, ਜਦੋਂ ਲੜਕਾ ਆਇਆ ਕਰਤਾਰ ਸਿੰਘ ਫਲੇਵਾਲ ਦਾ ਸੀ ਉਹ, ਅੰਮ੍ਰਿਤ ਦੇ ਛਿੱਟੇ ਮਾਰੇ, ਕੇਸਾਂ 'ਚ ਪਾਇਆ, ਚੂਲੀਆਂ ਪਿਲਾਈਆਂ ਜਦੋਂ ਛਿੱਟੇ ਮਾਰਦੇ ਸੀ, ਬਾਪੂ ਜੀ ਨੇ ਧਿਆਨ ਨਾਲ ਉਸ ਵਲ ਦੇਖ ਲਿਆ, ਦੇਖਿਆ ਉਸਦੀ ਉਸੇ ਵੇਲੇ ਸਮਾਧੀ ਲਗ ਗਈ। ਅੱਗੋਂ ਆਵਾਜ਼ ਹੀ ਨਾ ਆਈ, ਸਾਰੇ ਹੈਰਾਨ ਹੋ ਗਏ, ਭਾਈ ਸਾਹਿਬ ਕਹਿਣ ਲੱਗੇ, ਭਾਈ ਸਾਹਿਬ! ਕੀ ਗੱਲ ਹੋ ਗਈ, ਕਹਿੰਦੇ, ਸਾਡੇ ਤੋਂ ਥੋੜ੍ਹੇ ਜਿਹੇ ਜਲਾਲ 'ਚ ਆ ਕੇ ਦੇਖਿਆ ਗਿਆ। ਕਹਿੰਦੇ, ਹੁਣ? ਕਹਿੰਦੇ, ਹੁਣ ਇਹ 56 ਘੰਟੇ ਇਸੇ ਹਾਲਤ 'ਚ

ਰਹੇਗਾ, ਅਖੰਡਪਾਠ ਸ਼ੁਰੂ ਕਰਾਂਗਾ ਫੇਰ ਕਿਤੇ ਭੋਗ ਪੈਣ ਵੇਲੇ ਇਹਨੂੰ ਸੁਰਤ ਆਏਗੀ। ਚੁੱਕ ਕੇ ਬੱਚਾ ਇੱਕ ਪਾਸੇ ਬਿਠਾ ਦਿੱਤਾ, ਸਕੂਲ ਦੇ ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾ ਦਿੱਤਾ, ਦਸਵੀਂ ਕਲਾਸ ਦੇ ਬੱਚਿਆਂ ਨੂੰ ਅੰਮ੍ਰਿਤ ਛਕਾ ਕੇ ਭੇਜਦੇ ਹੁੰਦੇ ਸੀ ਸਕੂਲਾਂ ਵਾਲੇ। ਉਸ ਤੋਂ ਬਾਅਦ ਅਖੰਡਪਾਠ ਸਾਹਿਬ ਸ਼ੁਰੂ ਹੋ ਗਿਆ। ਜਦੋਂ 48 ਘੰਟੇ ਲੰਘ ਗਏ, ਆਸਾ ਜੀ ਦੀ ਵਾਰ ਸ਼ੁਰੂ ਹੋ ਗਈ, ਭੋਗ ਪੈਣ ਤੋਂ ਬਾਅਦ, ਕੀਰਤਨ ਭਾਈ ਰਣਧੀਰ ਸਿੰਘ ਜੀ ਕਰ ਰਹੇ ਸੀ। ਉਹ ਬੱਚਾ ਹਿਲਿਆ, ਧਰਤੀ ਤੋਂ ਉੱਚਾ ਉਠਣ ਲੱਗ ਗਿਆ, ਬਾਪੂ ਜੀ ਉੱਠ ਕੇ ਗਏ, ਐਨੇ ਨੂੰ ਉਹ ਤੈਰਨ ਲੱਗ ਗਿਆ ਸੰਗਤ ਦੇ ਉਤੇ, ਜਿਵੇਂ ਮੱਛੀ ਤੈਰਦੀ ਹੈ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਦੇ ਉਤੋਂ, ਵਾਜਿਆਂ ਦੇ ਉਤੋਂ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੰਮਾ ਪੈ ਗਿਆ। ਬਾਪੂ ਜੀ ਆਏ, ਕਹਿੰਦੇ ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ, ਇਹਦੀ ਰੂਹ ਇਸ ਵੇਲੇ ਅਕਾਲ ਪੁਰਖ ਦੇ ਦਰ 'ਤੇ ਸੰਜੋਗ ਮੰਗ ਰਹੀ ਹੈ। ਆਪਾਂ ਤਾਂ ਵਿਆਹ ਵਾਸਤੇ ਲਾਵਾਂ ਪੜ੍ਹਦੇ ਹਾਂ, ਲਾਵਾਂ ਹੈਗੀਆਂ ਇਸ ਵਾਸਤੇ। ਉਸ ਵੇਲੇ ਪੜ੍ਹਿਆ ਤੇ ਕੀਰਤਨ ਤੋਂ ਬਾਅਦ ਬੱਚਾ ਧਰਤੀ 'ਤੇ ਪੈਰ ਨਾ ਲੱਗੇ ਉਹਦਾ, ਹੌਲੀ-ਹੌਲੀ ਤੇਜ ਘਟਿਆ ਤਾਂ ਧਰਤੀ 'ਤੇ ਪੈਰ ਲੱਗਣ ਲੱਗਿਆ। ਸੋ ਇਸ ਤਰ੍ਹਾਂ ਦੇ ਨਾਲ ਇਹ ਕੋਈ ਐਵੇਂ ਪਾਣੀ ਨਹੀਂ ਪਿਲਾਇਆ ਜਾਂਦਾ। ਪਰ ਅੱਜ ਦੇ ਸਮੇਂ ਉਸ ਅਵਸਥਾ ਦੇ ਪੰਜ ਪਿਆਰੇ ਲੱਭਣੇ ਮੁਸ਼ਕਲ ਹਨ। ਉਸ ਵੇਲੇ ਇੱਕ ਵਾਰੀ ਅੰਮ੍ਰਿਤ ਛਕਾ ਦਿੰਦੇ ਸੀ, ਅੰਮ੍ਰਿਤ ਛੱਡ ਕੇ ਮੁੜ ਕੇ ਸ਼ਰਾਬ ਤਾਂ ਕੋਈ ਵੀ ਨਹੀਂ ਸੀ ਪੀਂਦਾ, ਪਤਿਤ ਹੁੰਦਾ ਹੀ ਨਹੀਂ ਸੀ। ਹੁਣ ਅਸੀਂ ਕਹਿੰਦੇ ਹਾਂ ਕਿ ਇਹ ਤਾਂ ਬੇਮੁਖ ਹੋ ਜਾਣਗੇ, ਗੁਰੂ ਨੂੰ ਜਵਾਬ ਦੇ ਦੇਣਗੇ, ਉਸ ਤੋਂ ਚੰਗਾ ਹੈ ਕਿ ਹਾਲੇ ਇਨ੍ਹਾਂ ਨੂੰ ਹੇਠਲੀ ਸ਼੍ਰੇਣੀ 'ਚ ਹੀ ਰਹਿਣ ਦਿਓ। ਪਤਿਤ ਤਾਂ ਨਹੀਂ ਹੋਣਗੇ। ਖਾਲਸਾ ਕੋਈ ਮਾੜੀ ਮੋਟੀ ਚੀਜ਼ ਨਹੀਂ ਹੈ, ਇਹ ਇੱਕ ਬਹੁਤ ਵੱਡਾ ਆਦਰਸ਼ ਲਿਆਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਉਸ ਆਦਰਸ਼ ਦੇ ਵਾਸਤੇ ਵਿਸਾਖੀ ਵਾਲੇ ਦਿਨ ਆਪਾਂ ਸਾਰੇ ਇਕੱਠੇ ਹੋ ਕੇ ਇਸ ਆਦਰਸ਼ ਨੂੰ ਦੁਹਰਾਉਂਦੇ ਹਾਂ। ਗੁਰੂ ਮਹਾਰਾਜ ਇਸ ਆਦਰਸ਼ ਦੇ ਨਾਲ ਜਿਹੜੀ ਸਿੱਖਿਆ ਦਿੰਦੇ ਨੇ ਉਹ ਇਹ ਕਹਿੰਦੇ ਨੇ ਕਿ ਤੁਸੀਂ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦਾ ਰੂਪ ਤੱਕਣਾ ਹੈ। ਸੰਸਾਰ ਤੋਂ ਅੱਡ ਨਹੀਂ ਹੋਣਾ, ਕਿਸੇ ਨੂੰ ਬੁਰਾ ਨਹੀਂ ਕਹਿਣਾ। ਜੇ ਬੁਰਾ ਜਾਣਦੇ ਗੁਰੂ ਦਸਵੇਂ ਪਾਤਸ਼ਾਹ ਤਾਂ ਔਰੰਗਜ਼ੇਬ ਨੇ ਤਾਂ ਗੁਰੂ ਮਹਾਰਾਜ ਦੇ ਸਾਹਿਬਜ਼ਾਦੇ ਸ਼ਹੀਦ ਕਰਾ ਦਿੱਤੇ ਤੇ ਗੁਰੂ ਮਹਾਰਾਜ ਕੀ ਕਰਦੇ ਨੇ ਉਹਦੇ ਸ਼ਹਿਜ਼ਾਦਿਆਂ 'ਚ ਲੜਾਈ ਪਈ ਹੈ, ਬਹਾਦਰਸ਼ਾਹ ਨੂੰ ਤਖਤ 'ਤੇ ਬਿਠਾ ਰਹੇ ਨੇ। ਨਹੀਂ ਤਾਂ ਕਹਿੰਦੇ ਕਿ ਮਰਨ ਦਿਓ ਇਨ੍ਹਾਂ ਸਾਰਿਆਂ ਨੂੰ। ਜਿੱਥੇ ਤਾਰੇ ਦੇ ਤੀਰ ਮਾਰਿਆ ਸੀ ਇਕ ਬਹਾਦਰਸ਼ਾਹ ਦੇ ਵੀ ਮਾਰ ਦਿੰਦੇ। ਆਹ ਗੱਲ ਨਹੀਂ ਹੈ। ਜਿਹੜਾ 'ਖਾਲਸਾ' ਹੈ ਉਹਦੀ ਪਦਵੀ ਐਡੀ ਵੱਡੀ ਲਿਖੀ ਹੈ ਕਿ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***

***ਅੰਗ - 273***

ਪ੍ਰਮੇਸ਼ਰ ਬਣਾ ਦਿੱਤਾ ਇੱਕ ਜੀਵ ਨੂੰ ਚੁੱਕ ਕੇ। ਇਸ ਕਰਕੇ ਨਾਲ ਇਹ ਕਹਿ ਦਿੱਤਾ ਕਿ ਜਿਹੜੀ ਉਹਦੀ ਦ੍ਰਿਸ਼ਟੀ ਹੁੰਦੀ ਹੈ ਉਹ ਸਾਰਿਆਂ ਨੂੰ ਪ੍ਰਮੇਸ਼ਰ ਕਰਕੇ ਦੇਖਦੀ ਹੈ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ -

*ਧਾਰਨਾ - ਸਾਰੇ ਸੰਸਾਰ ਨੂੰ ਪ੍ਰਭ ਜੀ ਦਾ ਰੂਪ ਜਾਣਿਓ।*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥*

*(ਜਾਪੁ ਸਾਹਿਬ)*

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*

ਅੱਗੇ ਦੇ ਵਿਚੋਂ ਚੰਗਿਆੜੀਆਂ ਨਿਕਲਦੀਆਂ ਨੇ ਉਹ ਫੇਰ ਅੱਗ 'ਚ ਜਾ ਕੇ ਰਲ ਜਾਂਦੀਆਂ ਨੇ।

*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*

ਗਰਦ ਉਡਦੀ ਹੈ ਧਰਤੀ ਉਤੋਂ, ਮੁੜ ਕੇ ਧਰਤੀ ਵਿੱਚ ਹੀ ਸਮਾਅ ਜਾਂਦੀ ਹੈ।

*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*ਅਕਾਲ ਉਸਤਤਿ*

ਪਾਣੀ ਦੇ ਵਿੱਚ ਲਹਿਰਾਂ ਉਠਦੀਆਂ ਨੇ ਲੇਕਿਨ ਲਹਿਰਾਂ ਮੁੜ ਕੇ ਫੇਰ ਪਾਣੀ ਵਿੱਚ ਹੀ ਸਮਾਅ ਜਾਂਦੀਆਂ ਨੇ। ਇਸ ਤਰ੍ਹਾਂ ਪ੍ਰਭੂ ਦੇ ਵਿਚੋਂ ਇਹ ਸਾਕਾਰ ਦੁਨੀਆਂ ਪ੍ਰਗਟ ਹੋਈ ਹੈ, ਉਹਦੇ ਵਿਚੋਂ ਨਿਕਲ ਕੇ ਉਹਦੇ ਵਿਚ ਹੀ ਸਮਾਅ ਜਾਏਗੀ। ਸੋ ਉਸ ਵੇਲੇ ਇਹ ਆਦਿ ਵਿੱਚ ਵੀ ਸੱਚ ਸੀ, ਜੁਗਾਦਿ ਵਿੱਚ ਵੀ ਸੱਚ, ਹੁਣ ਵੀ ਸੱਚ ਤੇ ਅਖੀਰ ਵਿੱਚ ਵੀ ਸੱਚ। ਇੱਥੇ ਵਾਹਿਗੁਰੂ ਤੋਂ ਬਗੈਰ ਹੋਰ ਕੋਈ ਹੈ ਨਹੀਂ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*

*ਅੰਗ - 922*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

ਐ ਪ੍ਰਭੂ! ਮੈਨੂੰ ਤੇਰੇ ਬਿਨਾਂ ਸੰਸਾਰ ਦੇ ਅੰਦਰ ਹੋਰ ਕੋਈ ਨਜ਼ਰ ਨਹੀਂ ਆ ਰਿਹਾ, ਤੂੰ ਹੀ ਹੈਂ ਸੰਸਾਰ ਦੇ ਅੰਦਰ, ਆਪੇ ਹੀ ਖੇਲ੍ਹ ਕਰ ਰਿਹਾ ਹੈਂ ਕਿਤੇ ਨਿਰਗੁਨ ਹੋ ਕੇ, ਕਿਤੇ ਸਰਗੁਨ ਹੋ ਕੇ, ਸੋ ਇਹ ਉਪਦੇਸ਼ ਦੇ ਕੇ ਐਸਾ ਉਸਾ ਉੱਚਾ ਆਦਰਸ਼ ਲਿਆਂਦਾ, ਵਿਸਾਖੀ ਵਾਲੇ ਦਿਨ ਕਿ ਕਾਇਆਂ ਕਲਪ ਕਰਕੇ ਰੱਖ ਦਿੱਤੀ ਸੰਸਾਰ ਦੀ। ਇਹ ਆਦਰਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਹੈ ਸਾਰਾ। ਜੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਹੀ ਤਰੀਕੇ ਨਾਲ ਮੰਨਾਂਗੇ, ਵਿਚਾਰਾਂਗੇ ਤਾਂ ਖਾਲਸਾ ਪਦ ਸਾਡੇ ਵਿੱਚ ਆ ਜਾਏਗਾ, ਨਹੀਂ ਤਾਂ ਭੇਖ ਨਾਲ ਨਹੀਂ।

***ਖਾਲਸਾ ਭਰਮ ਭੇਖ ਤੇ ਰਹੇ ਨਿਆਰਾ।***

ਭੇਖ ਦੇ ਵਿੱਚ ਖਾਲਸਾ ਨਹੀਂ ਆਉਂਦਾ ਕਿ ਖਾਸ ਭੇਖ ਧਾਰ ਲਿਆ ਕਿ ਖਾਲਸਾ ਹੈ ਜੀ, ਠੀਕ ਹੈ ਪਰ ਭੇਖੀ ਨੂੰ ਮੰਨਿਆ ਨਹੀਂ।

ਅੰਦਰਲੇ ਗੁਣ ਪੈਦਾ ਕਰੋ, ਗਧੇ ਦੀ ਮਿਸਾਲ ਦੇ ਕੇ ਮਹਾਰਾਜ ਨੇ, ਖੱਲ ਪਾ ਦਿੱਤੀ ਗਧੇ 'ਤੇ ਉਹ ਜਦੋਂ ਗਧਿਆਂ ਵਿੱਚ ਬੋਲਣ ਲੱਗ ਗਿਆ, ਮਹਾਰਾਜ ਕਹਿੰਦੇ, ਦੇਖ ਲਓ ਫੇਰ ਘੁਮਿਆਰ ਨੇ ਫੜ ਲਿਆ। ਭੁਲੇਖਾ ਪਿਆ ਸੀ ਦੁਨੀਆਂ ਨੂੰ, ਭੇਖ ਨੇ ਲੇਕਿਨ ਇਹਨੂੰ ਬਹੁਤ ਬਣਾ ਦਿੱਤਾ ਲੇਕਿਨ ਅੰਦਰ ਓਹੀ ਨਿੰਦਿਆ, ਓਹੀ ਚੁਗਲੀ, ਓਹੀ ਵੈਰ, ਓਹੀ ਵਿਰੋਧ, ਓਹੀ ਰੱਬ ਤੋਂ ਬੇਮੁਖੀ, ਓਹੀ ਮਾਇਆ ਦਾ ਪਿਆਰ, ਭੇਖ ਨਾਲ ਖਾਲਸਾ ਨਹੀਂ ਬਣਦਾ ਸਾਧਸੰਗਤ ਜੀ। ਮਹਾਰਾਜ ਨੇ ਬਹੁਤ ਉੱਚਾ ਆਦਰਸ਼ ਲਿਆਂਦਾ, ਇਹਨੂੰ ਸਮਝਣ ਦਾ ਆਪਾਂ ਯਤਨ ਕਰੀਏ ਤੇ ਇਸ ਪਦ 'ਤੇ ਪਹੁੰਚਣ ਵਾਸਤੇ ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰੀਏ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# ਸ਼ਹੀਦੀ ਸਾਕਾ

*ਸ਼ਾਨ.......................................................।*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਲੇਖੇ ਵਿੱਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥*
*ਅੰਗ - 694*

ਸਾਧਸੰਗਤਿ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਸੋ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਤੂੰ ਲੇਖੇ ਵਿੱਚ ਲਾ ਲੈ, ਇਹ ਜਨਮ ਤੇਰੇ ਲੇਖੇ ਵਿੱਚ ਹੈ। ਹਰ ਇੱਕ ਬੰਦੇ ਦਾ ਜਨਮ ਲੇਖਿਆਂ 'ਚ ਲੱਗ ਰਿਹਾ ਹੈ। ਕਿਸੇ ਦਾ ਬੱਚਿਆਂ ਦੇ ਲੇਖੇ ਲੱਗ ਰਿਹਾ ਹੈ। ਕਿਸੇ ਦਾ ਪੈਸੇ ਕਮਾਉਣ ਦੇ ਲੇਖੇ ਵਿੱਚ ਲੱਗ ਰਿਹਾ ਹੈ। ਕਿਸੇ ਦਾ ਲੜਾਈ ਝਗੜੇ 'ਚ ਲੱਗ ਰਿਹਾ ਹੈ, ਵੈਰ ਵਿਰੋਧ 'ਚ ਲੱਗ ਰਿਹਾ ਹੈ। ਮਹਾਰਾਜ ਨੇ ਕੁਛ ਗਿਣੇ ਨੇ, ਵੈਰ, ਵਿਰੋਧ, ਕਾਮ, ਕ੍ਰੋਧ, ਲੋਭ, ਮੋਹ। ਇਹਦੇ ਵਿੱਚ ਜਨਮ ਲੇਖਿਆਂ 'ਚ ਜਾ ਰਿਹਾ ਹੈ। ਇਨ੍ਹਾਂ ਦੇ debit balance ਵਿੱਚ ਲੱਗ ਰਿਹਾ ਹੈ ਲੇਖੇ 'ਚ। credit balance ਵਿੱਚ ਨਹੀਂ ਜਾ ਰਿਹਾ। ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਮਹਾਂ ਲੋਭ, ਧ੍ਰੋਹ; ਨੌਂ ਚੀਜ਼ਾਂ ਗਿਣੀਆਂ ਨੇ ਇੱਥੇ। ਵੈਸੇ ਜੇ ਆਪਾਂ ਗਿਣਨ ਲੱਗੀਏ, ਮੈਂ ਇੱਕ ਵਾਰੀ ਗਿਣੀਆਂ 273 ਹੋਈਆਂ ਸੀ। ਛੋਟੇ-ਛੋਟੇ ਜਜ਼ਬੇ ਸਾਰੇ ਗਿਣੇ, ਉਹਦੇ ਵਿੱਚ ਇਨਸਾਨ ਐਨਾ devided ਹੈ ਕਿ ਸਮਾਂ ਉਹਦੇ ਵਿੱਚ ਲੱਗ ਰਿਹਾ ਹੈ ਉਹਦਾ। ਜਿਹੜਾ ਲੇਖੇ 'ਚ ਲਾਉਣ ਨੂੰ ਆਪਾਂ ਬੇਨਤੀ ਕਰਦੇ ਹਾਂ, ਉਹ ਹੈ -

*ਉਮਰ ਓਹਾ ਵਿਚ ਲੇਖੇ ਦੇ ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*

*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।*
*ਭਾਈ ਵੀਰ ਸਿੰਘ ਜੀ*

ਜੇ ਪ੍ਰਮੇਸ਼ਰ ਦੇ ਪਿਆਰ ਵਿੱਚ, ਲੇਖੇ 'ਚ ਨਹੀਂ ਪਈ ਹੈ, ਤਾਂ ਸਾਨੂੰ ਹਾਸਲ ਨਹੀਂ ਹੈ ਕੁਛ ਵੀ। ਘਾਟੇ ਦੇ ਵਪਾਰੀ ਹਾਂ ਅਸੀਂ, 24000 ਸਵਾਸ ਰੋਜ਼ ਸਾਡਾ ਜਾਂਦਾ ਰਹਿੰਦਾ ਹੈ। ਪੁਰਾਣੇ ਜ਼ਮਾਨਿਆਂ ਦੇ ਅੰਦਰ ਮਹਾਂਪੁਰਸ਼ ਹੁੰਦੇ ਆਏ ਨੇ, ਸਾਰੇ ਦੇਸ਼ਾਂ 'ਚ ਹੁੰਦੇ ਆਏ ਨੇ ਸਭ ਪ੍ਰਮੇਸ਼ਰ ਨੂੰ ਪ੍ਰਵਾਨ ਸੀਗੇ, ਇਹ ਨਹੀਂ ਕਿ -

*ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥*

*ਅੰਗ - 463*

ਜੇ ਕੋਈ ਇਸ ਗੱਲ ਦਾ ਕਰੇ ਕਿ ਸਾਡੇ ਵੱਲ ਹੀ ਰੱਬ ਹੈ, ਰੱਬ ਦਾ ਕੋਈ ਪਤਾ ਨਹੀਂ ਕਿਹਦੇ ਵੱਲ ਹੈ। ਸਾਰਿਆਂ ਵੱਲ ਹੈ, ਕਿਉਂਕਿ ਸਾਰੇ ਉਹਦੇ ਨੇ, ਉਹ ਸਾਰਿਆਂ ਵੱਲ ਹੈ। ਗੁਰੂ ਮਹਾਰਾਜ ਤੋਂ ਪਹਿਲਾਂ ਭਾਰਤ ਵਰਸ਼ ਵਿੱਚ ਬਹੁਤ ਸਾਰੇ ਸਾਧੂਆਂ ਵਿੱਚ ਇਹ ਰਿਵਾਜ਼ ਪਿਆ ਹੋਇਆ ਸੀ ਕਿ ਜਦੋਂ ਉਨ੍ਹਾਂ ਨੂੰ ਗਿਆਨ ਹੋ ਜਾਂਦਾ ਸੀ, ਪ੍ਰਤੱਖ ਰੂਪ ਵਿੱਚ ਸਾਖਸ਼ਾਤਕਾਰ ਹੋ ਜਾਂਦਾ ਸੀ ਪ੍ਰਮੇਸ਼ਰ, ਉਸ ਤੋਂ ਬਾਅਦ ਉਨ੍ਹਾਂ ਦੀ ਹੋਂਦ ਖਤਮ ਹੋ ਜਾਇਆ ਕਰਦੀ ਸੀ। 'ਮੈਂ' ਨਹੀਂ ਸੀ ਰਹਿੰਦੀ, 'ਵਾਹਿਗੁਰੂ' ਰਹਿ ਜਾਂਦਾ ਸੀ। ਉਸ ਵੇਲੇ ਉਹ ਸਰੀਰ ਨੂੰ ਵਾਧੂ ਜਾਣਦੇ ਸੀ। ਉਹ ਸਮਾਧੀ ਲੈ ਲਿਆ ਕਰਦੇ, ਸਰੀਰ ਛੱਡ ਦਿਆ ਕਰਦੇ। ਕੋਈ ਜਲ ਵਿੱਚ ਸਮਾਧੀ ਲਾ ਲੈਂਦਾ ਸੀ। ਸਵਾਮੀ ਰਾਮ ਤੀਰਥ ਨੇ 33 ਸਾਲ ਦੀ ਉਮਰ ਵਿੱਚ ਜਲ ਸਮਾਧੀ ਲੈ ਲਈ, ਗੰਗਾ 'ਚ ਬੈਠ ਗਿਆ, ਉਹਦੇ ਵਿੱਚ ਹੀ ਸਰੀਰ ਛੱਡ ਦਿੱਤਾ ਉਹਨੇ। ਕਈ ਬੈਰਾਗੀ ਸਾਧੂ, ਸਾਡੇ ਪਿੰਡ ਧਮੋਟ ਤਿੰਨ ਬੈਰਾਗੀ ਸਾਧੂਆਂ ਨੇ ਸਮਾਧੀ ਲੈ ਕੇ ਸਰੀਰ ਛੱਡ ਦਿੱਤੇ। ਜਿਉਂਦਿਆਂ ਨੇ ਹੀ ਆਪਣੇ ਆਲੇ-ਦੁਆਲੇ ਨਮਕ ਚਿਣਾ ਲਿਆ ਤੇ ਸਰੀਰ ਛੱਡ ਦਿੱਤੇ ਉਨ੍ਹਾਂ ਨੇ।

ਗੁਰੂ ਘਰ 'ਚ ਇਸ ਤਰ੍ਹਾਂ ਨਹੀਂ ਹੈ ਇੱਥੇ ਇੱਕ ਧਿਆਨ ਨਾਲ ਸੁਣਨ ਵਾਲੀ ਗੱਲ ਹੈ ਕਿ ਸਭ ਕੁਛ ਪ੍ਰਾਪਤ ਕਰਨ ਤੋਂ ਬਾਅਦ ਇੱਕ ਗੱਲ ਰਹਿ ਜਾਂਦੀ ਹੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ - 62*

ਫੇਰ ਸੱਚ ਵਾਸਤੇ ਜਿਉਂ ਕੇ ਦੱਸਣਾ, ਪ੍ਰਾਪਤੀ ਤਾਂ ਕਰ ਲਈ, ਜੋ ਕੁਛ ਜਾਨਣਾ ਸੀ ਜਾਣ ਲਿਆ, ਜਿਹਨੂੰ ਮਿਲਣਾ ਸੀ ਮਿਲ ਲਿਆ। ਆਪਣਾ ਮੈਂ ਭਾਵ ਬਿਲਕੁਲ vanish (ਖਤਮ) ਹੋ ਗਿਆ। ਪ੍ਰਮੇਸ਼ਰ ਬਣ ਗਿਆ। ਹੁਣ ਪ੍ਰਮੇਸ਼ਰ ਬਣਿਆ ਹੋਇਆ ਇੱਕ ਸਰੀਰ ਨੂੰ ਵਾਧੂ ਜਾਣ ਕੇ ਸਰੀਰ ਛੱਡ ਦਿੰਦਾ ਸੀ। ਗੁਰੂ ਘਰ 'ਚ ਇਹ ਹੈ ਕਿ ਜੇ ਇਹ ਪਦਵੀ ਤੈਨੂੰ ਮਿਲ ਗਈ, ਸਭ ਚੀਜ਼ਾਂ ਇਸ ਤੋਂ ਥੱਲੇ ਨੇ, ਪਰ ਇਸ ਤੋਂ ਉਪਰ ਇੱਕ ਚੀਜ਼

ਹੈ, ਸੱਚ ਦੇ ਆਚਾਰ ਵਿੱਚ ਜਿਉਂ ਕੇ ਦੱਸਣਾ, ਉਹਦੇ ਵਿੱਚ ਕੁਰਬਾਨੀਆਂ ਵੀ ਹੁੰਦੀਆਂ ਨੇ। ਆਪਣੇ ਵਾਸਤੇ ਸਾਰੀ ਦੁਨੀਆਂ ਜੀਅ ਰਹੀ ਹੈ, ਕੌਣ ਹੈ ਜਿਹੜਾ ਆਪਣੇ ਵਾਸਤੇ ਨਹੀਂ ਜੀਅ ਰਿਹਾ। ਪਰ ਕੋਈ-ਕੋਈ ਵਿਰਲੇ ਬੰਦੇ ਨੇ ਜਿਨ੍ਹਾਂ ਨੂੰ ਪਹਿਲਾਂ ਤਾਂ ਆਪਣੇ ਸਮਾਜ ਦਾ ਦਰਦ, ਫੇਰ ਆਪਣੇ ਦੇਸ਼ ਦਾ ਦਰਦ, ਫੇਰ ਸਾਰੇ ਸੰਸਾਰ ਦਾ ਦਰਦ, ਉਹ ਕੋਈ ਹੀ ਹੈ ਵਿਰਲਾ।

ਚਾਰ ਤਰ੍ਹਾਂ ਦੇ ਬੰਦੇ ਕਿਹਾ ਗਿਆ ਹੈ ਇੱਕ ਤਾਂ mattel type ਹੁੰਦੇ ਨੇ, mattel ਦੇ ਜਿਹੜੇ ਅਣੂ ਨੇ ਉਹ ਬਹੁਤ ਸੰਘਣੇ ਹੁੰਦੇ ਨੇ, ਅੱਡ ਕੀਤੇ ਹੋਏ ਵੀ ਅੱਡ ਨਹੀਂ ਹੁੰਦੇ। ਇਸ ਕਿਸਮ ਦੇ ਜਿਹੜੇ ਬੰਦੇ ਹੁੰਦੇ ਨੇ ਇਹ ਸਿਰਫ ਆਪਣੇ ਵਾਸਤੇ ਹੀ ਹੁੰਦੇ ਨੇ, ਪੁੱਤਰ ਧੀਆਂ ਵਾਸਤੇ ਵੀ ਨਹੀਂ ਹੁੰਦੇ, ਸ਼ਰਾਬ ਪੀਣ ਲੱਗ ਗਿਆ, ਬਿਲਕੁਲ ਨਹੀਂ ਛੱਡਦਾ ਹਾਲਾਂਕਿ ਉਹਨੂੰ ਪਤਾ ਹੁੰਦਾ ਹੈ ਕਿ ਮੇਰੇ ਬੱਚੇ ਭੁੱਖੇ ਮਰ ਰਹੇ ਨੇ, ਮੈਂ proper education ਨਹੀਂ ਉਨ੍ਹਾਂ ਨੂੰ ਦੇ ਰਿਹਾ। ਘਰ ਵਿੱਚ ਕਲੇਸ਼ ਪੈ ਰਿਹਾ ਹੈ। ਮੇਰੀ ਜੀਵਨ ਸਾਥਣ ਦੁੱਖ ਮੰਨ ਰਹੀ ਹੈ। ਨਹੀਂ ਮੰਨਦੇ, ਕਿਉਂਕਿ mattel type ਹੈ ਉਹ, ਸਿਰਫ ਆਪਣੇ ਵਾਸਤੇ ਜੀਉਂਦਾ ਹੈ। ਦੂਸਰੇ ਬੰਦੇ ਉਹ ਨੇ ਜਿਹੜੇ vegetable type ਹੁੰਦੇ ਨੇ। ਜਿਵੇਂ ਵੇਲ ਹੈ ਉਹ ਨੇੜੇ-ਨੇੜੇ ਚੜ੍ਹ ਜਾਂਦੀ ਹੈ। ਉਹ ਬੰਦੇ ਸਿਰਫ ਆਪਣੇ ਪਰਿਵਾਰ ਵਾਸਤੇ ਜਾਂ ਆਪਣੇ ਬਹੁਤ ਨੇੜੇ ਦੇ ਰਿਸ਼ਤੇਦਾਰਾਂ ਵਾਸਤੇ। ਉਸ ਤੋਂ ਅਗਾਹਾਂ ਉਨ੍ਹਾਂ ਦੀ ਦੁਨੀਆਂ ਨਹੀਂ ਹੁੰਦੀ ਨਾ ਉਹ ਕੰਮ ਕਰਦੇ ਨੇ। ਮੈਨੂੰ ਕੀ ਮਿਲੇਗਾ, ਮੈਨੂੰ ਕੀ ਮਿਲੇਗਾ, ਮੈਨੂੰ ਕੀ ਲਾਭ ਹੋਏਗਾ। ਇਹ ਮੈਂ ਬਚਪਨ 'ਚ ਸੁਣਦਾ ਹੁੰਦਾ ਸੀ ਐਹੋ ਜਿਹੀਆਂ ਗੱਲਾਂ। ਮੈਂ ਕਿਹਾ ਐਸ ਤਰ੍ਹਾਂ ਕਹਿੰਦੇ ਨੇ ਕਿ ਮੇਰਾ ਤਾਂ ਹਿਤ ਹੀ ਨਹੀਂ ਇਹਦੇ ਵਿੱਚ। ਉਹ ਹਿਤ ਵਾਸਤੇ ਜੀਉਂਦਾ ਹੈ ਆਦਮੀ।

ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੂੰ Animal type (ਪਸ਼ੂ ਬਿਰਤੀ) ਕਹਿੰਦੇ ਨੇ, ਉਹ ਹੁੰਦੇ ਨੇ ਜਿਹੜੇ ਆਪਣੀ community ਵਾਸਤੇ ਜੀਉਂਦੇ ਨੇ, ਦੂਜਿਆਂ ਨਾਲ ਇਨ੍ਹਾਂ ਦਾ ਕੋਈ ਤੁਅੱਲਕ ਨਹੀਂ। ਮੁਸਲਮਾਨ ਹੈ ਮੁਸਲਮਾਨ ਵਾਸਤੇ ਜੀਉਂਏਗਾ। ਇਹਦੇ ਵਾਸਤੇ ਵਿੱਚ ਵੀ ਫਿਰਕੇ ਹੁੰਦੇ ਨੇ, ਉਹ ਆਪਣੇ ਵਾਸਤੇ, ਦੂਸਰਾ ਆਪਣੇ ਵਾਸਤੇ, ਦੂਜਿਆਂ ਨਾਲ ਉਨ੍ਹਾਂ ਨੂੰ ਕੋਈ ਸਬੰਧ ਨਹੀਂ ਹੁੰਦਾ, ਕੁਛ ਹੋਈ ਜਾਵੇ ਚਾਹੇ। ਇਨ੍ਹਾਂ ਨੂੰ animal type ਕਹਿੰਦੇ ਨੇ, ਜਿਵੇਂ ਬੱਕਰੀਆਂ ਬੱਕਰੀਆਂ ਵਾਸਤੇ, ਭੇਡਾਂ ਭੇਡਾਂ ਵਾਸਤੇ, ਗਾਈਆਂ ਗਾਈਆਂ 'ਚ ਬੈਠਣਗੀਆਂ, ਮੱਝਾਂ ਮੱਝਾਂ 'ਚ ਬੈਠਣਗੀਆਂ। ਕਦੇ ਨਹੀਂ ਹੋਏਗਾ ਕਿ ਹਿਰਨ ਕੁੱਤਿਆਂ 'ਚ ਆ ਕੇ ਬਹਿ ਜਾਏ, ਹਿਰਨਾਂ 'ਚ ਬੈਠਣਗੇ। ਉਹ ਆਪਣੇ ਵਾਸਤੇ ਜੀਉਂਦਾ ਹੈ, ਆਪਣੀ ਜਮਾਤ ਵਾਸਤੇ। ਇਹ ਬੰਦੇ ਵੀ ਲੇਖੇ 'ਚ ਨਹੀਂ ਹੋਇਆ ਕਰਦੇ, ਇਨ੍ਹਾਂ ਦਾ ਜੀਵਨ ਇਨ੍ਹਾਂ ਦੇ ਲੇਖਿਆ 'ਚ ਲਗਦਾ ਹੈ। ਚੌਥੇ ਹੁੰਦੇ ਨੇ moon type, ਜਿਵੇਂ ਚੰਦਰਮਾ ਧਰਤੀ ਦੇ ਦੁਆਲੇ ਘੁੰਮਦਾ ਹੈ, ਇਸ ਤਰ੍ਹਾਂ ਦੇ ਨਾਲ ਉਨ੍ਹਾਂ ਦੀਆਂ ਦੋ ਕਿਸਮਾਂ ਹੁੰਦੀਆਂ ਨੇ। ਇੱਕ ਨੂੰ ਦੇਸ਼ ਭਗਤ ਕਿਹਾ ਜਾਂਦਾ ਹੈ। ਅਸੀਂ ਬਹੁਤ ਉਹਦੀ ਮਹਿਮਾ ਕਰਦੇ ਹਾਂ ਕਿ ਦੇਸ਼ ਭਗਤ ਹੈ। ਦੇਸ਼ ਵਾਸਤੇ

ਜੀਉਂਦਾ ਹੈ। ਉਹ ਆਪਣੇ ਦੇਸ਼ ਵਾਸਤੇ ਜੀਉਂਦਾ ਹੈ ਹਿੰਦੋਸਤਾਨ ਵਿੱਚ ਹਿੰਦੋਸਤਾਨ ਲਈ ਜੀਉਣ ਵਾਲਾ ਬੰਦਾ ਦੇਸ਼ ਭਗਤ ਹੈ ਤੇ ਉਹਨੂੰ ਪਾਕਿਸਤਾਨ ਨਾਲ ਕੁਛ ਨਹੀਂ ਹੈ, ਕਿ ਉਧਰ ਵੀ ਇਨਸਾਨ ਵਸਦੇ ਨੇ ਸਰਹੱਦੋਂ ਪਾਰ। ਉਸ ਤੋਂ ਅੱਗੇ ਅਫਗਾਨਿਸਤਾਨ ਹੈ, ਈਰਾਨ ਹੈ, ਉਹਦੇ ਵਾਸਤੇ ਨਹੀਂ ਉਹ ਜੀਉਂਦਾ। ਦੇਸ਼ ਭਗਤ ਦੇ ਵਿੱਚ ਇਹ ਨੁਕਸ ਹੁੰਦਾ ਹੈ ਕਿ ਉਹਦਾ ਚੌਗਿਰਦਾ ਬੜਾ limited ਹੁੰਦਾ ਹੈ। ਹੁੰਦਾ pure ਹੈ ਦਿਲ ਤੋਂ, ਇੱਜ਼ਤ ਜਿੰਨੀ ਕੀਤੀ ਜਾਵੇ ਥੋੜ੍ਹੀ ਹੈ, ਲੇਕਿਨ ਇੱਕ ਉਹ ਹੁੰਦਾ ਹੈ ਜਿਹੜਾ ਵਿਸ਼ਵ ਵਾਸਤੇ ਜੀਉਂਦਾ ਹੈ, ਸਾਰੇ ਸੰਸਾਰ ਵਾਸਤੇ ਜੀਉਂਦਾ ਹੈ। ਉਹ ਪੁਰਸ਼ ਕਦੇ-ਕਦੇ ਆਉਂਦੇ ਨੇ। ਆਮ ਹੈ ਕਿ ਪੰਜ-ਪੰਜ ਕੇ ਹਜ਼ਾਰ ਸਾਲ, ਅੱਜਕੱਲ੍ਹ 2500 ਸਾਲ ਬਾਅਦ ਐਸੀ ਹਸਤੀ ਆਇਆ ਕਰਦੀ ਹੈ ਦੋ ਹਜ਼ਾਰ ਸਾਲ ਬਾਅਦ ਉਨ੍ਹਾਂ ਨੂੰ ਯੁੱਗ ਪੁਰਸ਼ ਆਖਿਆ ਜਾਂਦਾ ਹੈ। ਉਹ moon type ਹੋਇਆ ਕਰਦੇ ਨੇ, ਸਾਰੇ ਸੰਸਾਰ ਨੂੰ ਕਲਾਵੇ ਵਿੱਚ ਲੈਂਦੇ ਨੇ, ਸਾਰੀ ਇਨਸਾਨੀਅਤ ਨੂੰ ਲੈਂਦੇ ਨੇ, ਸਾਰੀ ਇਨਸਾਨੀਅਤ ਦੇ ਦੁੱਖ ਕੱਟਣ ਵਾਸਤੇ ਰੂਹਾਨੀ ਸੂਝ ਦਿੰਦੇ ਨੇ। ਜੇ ਭਾਸ਼ਾ ਦਾ ਬੈਰੀਅਰ ਨਾ ਹੋਵੇ ਉਨ੍ਹਾਂ ਨੂੰ ਵੀ ਉਪਦੇਸ਼ ਦਿੰਦੇ ਨੇ ਜਾ ਕੇ, ਦੂਜਾ ਹੈ ਕਿ ਸਾਰਿਆਂ ਦੇ ਦੁੱਖਾਂ ਨੂੰ ਖਤਮ ਕਰਨਾ ਚਾਹੁੰਦੇ ਨੇ। ਆਈਟਮਾਂ ਦਾ ਉਨ੍ਹਾਂ ਨੂੰ ਲਗਦਾ ਹੈ ਕਿ ਬਹੁਤ ਮਾੜਾ ਕੰਮ ਹੋ ਰਿਹਾ ਹੈ, ਮਨੁੱਖਤਾ ਨੂੰ ਤਬਾਹ ਕਰ ਦਏਗਾ ਇਹ, ਸੋ ਇਸ ਤਰ੍ਹਾਂ ਦੇ ਨਾਲ ਇਹ ਲੇਖੇ ਵਿੱਚ ਲਗਦੇ ਨੇ। ਅਸੀਂ ਜਿਹੜੀ ਅਰਦਾਸ ਕਰੀ ਹੈ ਕਿ ਹੇ ਪ੍ਰਭੂ! ਮੇਰਾ ਜਨਮ ਤੂੰ ਆਪਣੇ ਲੇਖੇ 'ਚ ਲਾ ਲੈ। ਜਿਹੜਾ ਵਾਹਿਗੁਰੂ ਦੇ ਲੇਖੇ ਵਿੱਚ ਲਗਦਾ ਹੈ, ਉਹ ਸਾਰੇ ਵਿਸ਼ਵ ਦੇ ਲੇਖੇ 'ਚ ਲੱਗਿਆ ਕਰਦਾ ਹੈ -

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***

***ਭਾਈ ਵੀਰ ਸਿੰਘ ਜੀ***

ਸਾਂਈ ਜਿਹੜਾ ਹੈ ਉਹ ਸਾਰੀ ਸ੍ਰਿਸ਼ਟੀ ਵਿੱਚ ਹੈ, ਉਹ ਕਿਸੇ ਇੱਕ ਵਾਸਤੇ ਨਹੀਂ ਹੈ, ਸਾਰੀ ਦੁਨੀਆਂ ਵਾਸਤੇ ਹੈ, ਓਹੀ ਉਮਰ ਲੇਖੇ ਵਿੱਚ ਹੈ।

ਸੋ ਉਹ ਸ੍ਰਿਸ਼ਟੀ ਵਾਸਤੇ ਜੀਉਂਦੇ ਨੇ। ਗੁਰੂ ਦਸ਼ਮੇਸ਼ ਪਿਤਾ ਸਾਰੇ ਸੰਸਾਰ ਦੇ ਸੀ, ਉਨ੍ਹਾਂ ਨੇ ਇਹ ਕਿਹਾ ਹੈ ਕਿ -

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨ ਆਯੋ ਜਗਤ ਤਮਾਸਾ। ਅਕਾਲ ਪੁਰਖ ਬਾਚ॥ ਚੌਪਈ॥***

ਮੈਂ ਸਾਰੀ ਸ੍ਰਿਸ਼ਟੀ ਦੇ ਵਿੱਚ ਜੋ ਕੁਛ ਹੋ ਰਿਹਾ ਹੈ, ਉਹ ਦੇਖਣ ਵਾਸਤੇ ਆਇਆ ਹਾਂ, ਜਗਤ ਕਹਿੰਦੇ ਨੇ ਸਾਰੀ ਸ੍ਰਿਸ਼ਟੀ ਨੂੰ। ਮੈਂ ਦਾਸ ਹਾਂ ਪ੍ਰਮੇਸ਼ਰ ਤੇ ਮੇਰਾ ਕੰਮ ਕੀ ਹੈ, ਮੇਰਾ ਕੰਮ ਹੈ ਕਿ ਸੁਭ ਵਿਚਾਰ

ਜਿਹੜੇ ਨੇ ਉਨ੍ਹਾਂ ਨੂੰ ਉਭਾਰਨਾ, ਜਿਹੜੇ ਅਸ਼ੁਭ ਵਿਚਾਰ ਨੇ, ਜਿਹਨੂੰ ਅਧਰਮ ਕਿਹਾ ਜਾਂਦਾ ਹੈ, ਉਹਨੂੰ ਖਤਮ ਕਰਨਾ। ਲਾਈਟ ਦੇਣੀ ਸੰਸਾਰ ਨੂੰ ਹਰ ਤਰ੍ਹਾਂ ਦੇ ਨਾਲ। ਜਿਹੜਾ ਇਹ ਜੀਵਨ ਹੁੰਦਾ ਹੈ ਉਹ ਪੈਸੇ ਨਾਲ ਵੀ ਮਦਦ ਕਰਦਾ ਹੈ। ਆਪਣੇ ਸਰੀਰ ਨਾਲ ਵੀ ਮਦਦ ਕਰਦਾ ਹੈ, ਆਪਣੀ ਵਿਦਿਆ ਨਾਲ ਵੀ ਸਾਰਿਆਂ ਦੀ ਮਦਦ ਕਰਦਾ ਹੈ। ਉਹ ਕਹਿ ਸਕਦਾ ਹੈ ਕਿ –

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਕਾ ਭਲਾ।***

ਕਿੱਡਾ ਵੱਡਾ ਆਦਰਸ਼ ਗੁਰੂ ਨੇ ਦਿੱਤਾ ਹੈ, ਇਸ ਆਦਰਸ਼ ਦੀ ਪੂਰਤੀ ਵਾਸਤੇ ਕੱਲ ਜੋ ਮੈਂ ਬੇਨਤੀ ਕਰੀ ਸੀ ਕਿ 40 ਸਿੰਘ ਗੁਰੂ ਦਸਵੇਂ ਪਾਤਸ਼ਾਹ ਨਾਲ ਚਮਕੌਰ ਸਾਹਿਬ ਆਏ। ਇੱਕ ਨੇ ਵੀ ਨਹੀਂ ਕਿਹਾ ਕਿ ਆਪਾਂ ਬਚ ਜਾਈਏ। ਸਾਮ੍ਹਣੇ ਦਿਸਦਾ ਹੈ ਕਿ ਬੜੀ ਭਾਰੀ ਫੌਜ ਹੈ, ਲੇਕਿਨ ਜੀਵਨ ਲੇਖੇ 'ਚ ਲਾਉਣ ਦਾ ਚਾਉ ਹੈ। ਹੌਂਸਲਾ ਹੈ ਕਿ ਮੇਰਾ ਜੀਵਨ ਲੇਖੇ 'ਚ ਲਗ ਜਾਏ। ਮੇਰਾ ਗੁਰੂ ਦੇਖੇ। ਵਧ-ਵਧ ਕੇ ਕੁਰਬਾਨੀਆਂ ਦਿੱਤੀਆਂ, ਐਡੀ ਵੱਡੀ ਫੌਜ ਨੂੰ ਚਾਰ ਪਹਿਰ ਰੋਕ ਰੱਖਿਆ। ਉਸ ਤੋਂ ਬਾਅਦ ਉਨ੍ਹਾਂ ਨੇ ਸੋਚ ਕੇ ਗੁਰੂ ਦਸ਼ਮੇਸ਼ ਪਿਤਾ ਕੋਲ ਬੇਨਤੀ ਕਰੀ ਕਿ ਪਾਤਸ਼ਾਹ! ਅਸੀਂ ਤੁਹਾਡਾ ਯੁੱਧ ਨਹੀਂ ਦੇਖ ਸਕਦੇ ਕਿਉਂਕਿ ਤੁਸੀਂ ਇੱਕ ਥਾਂ ਦੇ ਉਤੇ ਐਸਾ ਫੁਰਮਾਨ ਕਰਿਆ ਹੋਇਆ ਹੈ, ਪੜ੍ਹੋ ਪਿਆਰ ਨਾਲ-

***ਧਾਰਨਾ – ਜਿਸੁ ਪਿਆਰੇ ਸਿਉ ਨੇਹੁੰ,***
***ਤਿਸ ਆਗੈ ਮਰ ਚਲੀਏ।***
***ਤਾ ਕੈ ਪਾਛੈ ਜੀਵਣਾ,***
***ਧ੍ਰਿਗੁ ਜੀਵਣ ਸੰਸਾਰ।***

ਜਿਹੜੇ ਪਿਆਰੇ ਨਾਲ ਪਿਆਰ ਲੱਗਿਆ ਹੋਇਆ ਹੈ, ਉਹਦੀਆਂ ਅੱਖਾਂ ਦੇ ਸਾਮ੍ਹਣੇ ਆਪਣਾ ਸਰੀਰ ਬਲੀਦਾਨ ਕਰ ਦੇਣਾ ਚਾਹੀਦਾ ਹੈ। ਧਿਰਕਾਰ ਹੈ ਓਸ ਜੀਵਨ ਨੂੰ ਜਿਹੜਾ ਉਹਦੇ ਜਾਣ ਤੋਂ ਬਾਅਦ ਜੀਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬੇਨਤੀ ਕਰੀ ਕਿ ਮਹਾਰਾਜ! ਸਾਡੀ ਹਿਰਦੇ ਤੋਂ ਬੇਨਤੀ ਹੈ ਕ੍ਰਿਪਾ ਕਰੋ ਆਪ। ਮਹਾਰਾਜ ਜੀ ਨੇ ਪ੍ਰੇਮੀਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ, ਆਪ ਨੇ ਬਾਹਰ ਜਾਣ ਦੀ ਤਿਆਰੀ ਕਰ ਲਈ।

ਇੱਥੇ ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਦੇ ਅੰਦਰ ਗੁਰੂ ਦਾ ਪਿਆਰ, ਸਤਿਕਾਰ ਹੈ, ਇਹ ਚਾਹੇ ਪੰਜ ਪਿਆਰੇ ਕਿੱਡੇ ਹੀ ਵੱਡੇ ਹੋ ਗਏ ਸੀ, ਲੇਕਿਨ ਗੁਰੂ ਦੇ ਸਾਮ੍ਹਣੇ ਸਿੱਖ ਕਦੇ ਵੀ ਵੱਡਾ ਨਹੀਂ ਬਣਦਾ। ਬਾਬਾ ਬੁੱਢਾ ਜੀ ਪੂਰਨ ਬ੍ਰਹਮਗਿਆਨੀ ਸੀਗੇ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ – 273***

ਲੇਕਿਨ ਗੁਰੂ ਛੇਵੇਂ ਪਾਤਸ਼ਾਹ ਕੋਲ ਬੇਨਤੀ ਕਰੀ ਕਿ ਜਦੋਂ ਮੇਰਾ

ਸਰੀਰ ਛੁਟ ਰਿਹਾ ਹੋਵੇ, ਤੁਸੀਂ ਮੇਰੇ ਸਾਮ੍ਹਣੇ ਹੋਵੋਂ ਤਾਂ ਮੈਂ ਤੁਹਾਨੂੰ ਨਮਸ਼ਕਾਰ ਕਰਕੇ ਸਰੀਰ ਛੱਡਾਂ। ਸਿੱਖ ਨਹੀਂ ਕਦੇ ਗੁਰੂ ਦੇ ਸਾਮ੍ਹਣੇ ਬਣਦਾ ਕੁਛ ਵੀ। ਚਾਹੇ ਇੱਕ ਹੋਵੇ, ਚਾਹੇ ਦੋ ਹੋਣ, ਚਾਹੇ ਪੰਜ ਹੋਣ, ਗੁਰੂ ਗੁਰੂ ਹੀ ਹੈ, ਗੁਰੂ ਹੈਗਾ ਵੀਹ ਵਿਸਵੇ, ਜੇ ਗੁਰੂ ਨਾਲ ਸੰਗਤ ਰਲ ਜਾਵੇ, ਗੁਰੂ ਹੋਵੇ preasant (ਹਾਜਰ), ਸੰਗਤ ਹੋਵੇ ਤਾਂ ਉਹਦਾ ਇੱਕ ਵਿਸਵਾ ਵੱਧ ਜਾਂਦਾ ਹੈ। ਇੱਕੀ ਵਿਸਵੇ ਹੋ ਜਾਇਆ ਕਰਦੀ ਹੈ ਸੰਗਤ। ਇਕੱਲੀ ਸੰਗਤ ਨਹੀਂ ਹੁੰਦੀ ਕਿ ਇਕੱਲੇ ਬੰਦੇ ਇਕੱਠੇ ਹੋ ਗਏ ਤੇ ਗੁਰੂ 'ਚ amendment ਕਰ ਦਿਓ ਜੀ ਸੰਗਤ ਨੇ ਕਿਹਾ ਹੈ, ਗੁਰੂ ਗ੍ਰੰਥ ਸਾਹਿਬ ਦੇ ਮੰਗਲ ਬਦਲ ਦਿਓ। ਐਹੋ ਜਿਹੀਆਂ ਗੁਸਤਾਖੀਆਂ ਆ ਜਾਇਆ ਕਰਦੀਆਂ ਨੇ, ਨਾਸਤਿਕਤਾ ਆ ਜਾਇਆ ਕਰਦੀ ਹੈ। ਕਿਉਂਕਿ deeply ਨਹੀਂ ਲੈਂਦੇ, ਉਤੋਂ-ਉਤੋਂ ਗੱਲਾਂ ਅਸੀਂ ਆਪਣੇ ਮਨ ਦੀਆਂ ਮਾਰ ਲੈਂਦੇ ਹਾਂ। ਆਪਣੇ ਆਉਂਦਾ ਹੈ ਕਿ ਗੁਰੂ ਨੂੰ ਹੁਕਮ ਦਿੱਤਾ, ਬੜੀ ਰੌਚਕ ਬਾਤ ਹੈ ਪਰ ਸਿੱਖ ਨਾ ਕਦੇ ਵੀ ਗੁਰੂ ਨੂੰ ਹੁਕਮ ਦਏਗਾ। ਗੁਰੂ ਕੋਲ ਬੇਨਤੀ ਹੀ ਕਰੇਗਾ, ਕਿੱਡਾ ਵੱਡਾ ਕਿਉਂ ਨਾ ਹੋ ਜਾਵੇ। ਗੁਰੂ ਅੰਗਦ ਸਾਹਿਬ ਗੁਰੂ ਨਾਨਕ ਦਾ ਰੂਪ ਹੋ ਕੇ ਗੁਰੂ ਨਾਨਕ ਨੂੰ ਹੁਕਮ ਨਹੀਂ ਸੀ ਦੇ ਸਕਦੇ। ਛੇ ਮਹੀਨੇ ਬੈਠੇ ਰਹੇ, ਬਿਨਾਂ ਕੁਛ ਖਾਧੇ ਪੀਤੇ। ਕਿਉਂਕਿ ਉਹ ਸਹਿ ਨਹੀਂ ਸੀ ਸਕਦੇ ਵਿਛੋੜਾ ਤਾਂ ਬੇਨਤੀ ਕੀਤੀ, ਗੁਰੂ ਮਹਾਰਾਜ ਭਾਵਨਾ ਜਾਣਦੇ ਸੀ, ਹੁਕਮ ਦੀ ਲੋੜ ਨਹੀਂ ਸੀ ਗੁਰੂ ਸਾਹਿਬ ਨੂੰ ਕਿ ਹੁਕਮ ਦੇਣ ਮੈਨੂੰ। ਭਾਵਨਾ ਦੇਖੀ ਕਿ ਇਹ ਬਿਲਕੁਲ ਸਹੀ ਕਹਿ ਰਹੇ ਨੇ ਇਨ੍ਹਾਂ ਨੂੰ oblige ਕਰਨਾ, ਇਨ੍ਹਾਂ ਦੀ ਭਾਵਨਾ ਪੂਰੀ ਕਰਨੀ ਗੁਰੂ ਦਾ ਫਰਜ਼ ਹੈ। ਸੋ ਆਪ ਬਾਹਰ ਨਿਕਲੇ, ਉਥੇ ਦਾ ਇੰਤਜ਼ਾਮ ਕਰ ਦਿੱਤਾ, ਤਿੰਨ ਸਿੰਘ ਨਾਲ ਲਏ ਤੇ ਬਾਹਰ ਨਿਕਲ ਕੇ ਤਾੜੀ ਮਾਰੀ, ਰੌਲਾ ਰੱਪਾ ਮਚ ਗਿਆ, ਰਾਤ ਨੂੰ ਹਨ੍ਹੇਰੀ ਆ ਗਈ। ਰੇਤਾ ਸੀ ਆਲੇ-ਦੁਆਲੇ ਚਾਰੇ ਪਾਸੇ, ਉਹ ਓਡਾਰ ਜਿਹੜੇ ਜ਼ਖਮੀ ਹੋ ਗਿਰਦੇ ਸੀ ਜਾਂ ਮਰ ਜਾਂਦੇ ਸੀ ਉਹਦੇ ਉਤੋਂ ਦੀ ਰੇਤਾ ਲੰਘ ਗਿਆ ਸਾਰਿਆਂ ਦੇ। ਸੋ ਉਸ ਵੇਲੇ ਆਪ ਰਾਤ ਦੇ ਹਨ੍ਹੇਰੇ 'ਚ ਜਾ ਰਹੇ ਨੇ ਤੇ ਰਸਤੇ ਵਿੱਚ ਪਾਣੀ ਹੈ ਵੱਡਾ ਦਰਿਆ ਜਿਹੜਾ ਸੁੱਕਿਆ ਹੋਇਆ ਹੈ, ਉਥੋਂ ਹੀ ਚਲਦਾ ਹੈ ਚਮਕੌਰ ਸਾਹਿਬ ਤੋਂ ਹੀ। ਉਸ ਪਾਸੇ ਦੀ ਮਹਾਰਾਜ ਦਾ ਰੂਟ ਹੈ ਜਿੱਥੋਂ ਦੀ ਗਏ ਨੇ। ਉਹ ਦਲਦਲ ਦੇ ਵਿੱਚ ਜੋੜਾ ਰਹਿ ਗਿਆ, ਉਸ ਵੇਲੇ ਗੁਰੂ ਮਹਾਰਾਜ, ਸਰਦੀ ਬੇਅੰਤ, ਚਰਨ ਕਿੰਨੇ ਠੰਢੇ ਹੋਏ ਹੋਣੇ ਨੇ। ਆਪ ਝਾੜ ਸਾਹਿਬ ਗਏ ਉਥੇ ਠਹਿਰੇ, ਬਹੁਤ ਜ਼ਿਆਦਾ ਝਾੜ ਸੀ ਉਥੇ। ਉਸ ਤੋਂ ਬਾਅਦ ਮਾਛੀਵਾੜੇ ਨੂੰ ਚਲੇ ਜਾਂਦੇ ਨੇ, ਤੁਰ ਹੁੰਦਾ ਨਹੀਂ ਹੈ ਆਪ ਤੋਂ ਤੇ ਉਥੇ ਛੋਟਾ ਪਿੰਡ ਹੁੰਦਾ ਸੀ ਉਸ ਵੇਲੇ, ਹੁੰਦਾ ਤਾਂ ਬਹੁਤ ਮਸ਼ਹੂਰ ਸੀ, ਕਿਉਂਕਿ ਉਥੋਂ ਦੀ ਸੜਕ ਸੀ ਲਾਹੌਰ ਨੂੰ ਜਾਣ ਵਾਲੀ ਤੇ ਵਪਾਰ ਗੱਡਾ ਸੀ ਜ਼ਬਰਦਸਤ ਮਾਛੀਵਾੜਾ। ਉਥੇ ਮਹਾਰਾਜ ਗੁਲਾਬੇ ਦੇ ਬਾਗ ਦੇ ਵਿੱਚ ਨੇੜੇ ਖੂਹ ਸੀਗਾ ਜਿਹੜਾ ਹੁਣ ਵੀ ਹੈ, ਉਥੇ ਜਲ ਪਾਣੀ ਕੁਰਲਾ ਵਗੈਰਾ ਕੀਤਾ, ਉਸ ਤੋਂ ਬਾਅਦ ਇੱਕ ਟਿੰਡ, ਮਿੱਟੀ ਦੀਆਂ ਟਿੰਡਾਂ ਹੁੰਦੀਆਂ, ਬੇੜਾਂ ਨਾਲ ਬੰਨ੍ਹੀਆਂ ਹੁੰਦੀਆਂ ਸੀ, ਉਹ ਬੇੜ ਖੋਲ੍ਹੀ ਤੇ ਟਿੰਡ ਲੈ ਲਈ ਤੇ ਧਰਤੀ ਦੇ ਉਤੇ ਜਿਥੇ ਹੁਣ ਬਣਿਆ ਹੋਇਆ

ਹੈ ਅਸਥਾਨ ਉਥੇ ਆਪ ਠੰਢੀ ਧਰਤੀ 'ਤੇ ਪੈ ਗਏ। ਉਤੇ ਨੂੰ ਕੋਈ ਕੱਪੜਾ ਨਹੀਂ, ਰੀਵੀ ਚਲਦੀ ਹੈ। ਰੀਵੀ ਕਹਿੰਦੇ ਨੇ ਜਿਹੜੀ ਠੰਢੀ ਹਵਾ, ਬਰਫਾਨੀ ਹਵਾ ਹੁੰਦੀ ਹੈ। ਮਾਈਨਸ ਜ਼ੀਰੋ ਚਲਦੀ ਹੁੰਦੀ ਹੈ, ਸਾਰੇ adverse cercumstansis ਨੇ, ਆਪ ਦੇ ਮਨ ਵਿੱਚ ਇੱਕ ਭੋਰਾ ਜਿੰਨਾਂ ਵੀ ਉਲਾਂਭਾ ਨਹੀਂ ਆਇਆ ਕਿ ਸੱਚੇ ਪਾਤਸ਼ਾਹ ਤੂੰ ਤਾਂ ਮੈਨੂੰ ਕਿਹਾ ਸੀ –

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ। ਅਕਾਲ ਪੁਰਖ ਬਾਚ॥ ਚੌਪਈ॥***

ਦੁਸ਼ਟਾਂ ਦਾ ਸ਼ੰਘਾਰ ਕਰਨ ਵਾਸਤੇ, ਰੱਬ ਦੇ ਪਿਆਰਿਆਂ ਨੂੰ ਉਧਾਰਨ ਵਾਸਤੇ ਸਾਡਾ ਜਨਮ ਹੋਇਆ ਤੇ ਮੈਨੂੰ ਐਡਾ ਵੱਡਾ ਮਿਸ਼ਨ ਦੇ ਕੇ ਐਸ ਤਰ੍ਹਾਂ ਖਰਾਬ ਕਰਨਾ ਸੀ ਤੂੰ? ਸਾਡੀ ਜੇ ਉੱਚੀ ਅਵਸਥਾ ਹੁੰਦੀ ਤਾਂ ਅਸੀਂ ਤਾਂ ਕਹਿ ਦੇਣਾ ਸੀ, ਕਿਉਂਕਿ ਮਹਾਂਪੁਰਸ਼ ਕਹਿੰਦੇ ਆਏ ਨੇ ਰੱਬ ਨੂੰ, ਉਲਾਂਭੇ ਦਿੰਦੇ ਆਏ ਨੇ। ਇੱਥੇ ਉਸੇ ਨੂੰ ਪੜ੍ਹ ਕੇ ਸਾਡੇ ਜਿਹੜੇ ਨੇ ਬੁੱਧੀਜੀਵੀ ਉਹ ਖੁਲ੍ਹਮ-ਖੁਲ੍ਹਾ ਕਹਿ ਦਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਨੇ ਵਾਹਿਗੁਰੂ ਨੂੰ ਉਲਾਂਭਾ ਦਿੱਤਾ। ਮੈਂ ਇੱਕ ਵਾਰੀ ਕਿਹਾ ਕਿ ਉਲਾਂਭਾ ਦਿੱਤਾ? ਇਹ ਤਾਂ ਫੇਰ dynamite ਕਰ ਦਿੱਤਾ ਗੁਰੂ ਨਾਨਕ ਨੇ ਆਪਣਾ ਹੀ ਸਿਧਾਂਤ ਨੂੰ। ਜਿਹੜੀ ਸਿੱਖੀ ਹੈ ਉਹ ਹੁਕਮ 'ਤੇ ਖੜ੍ਹੀ ਹੈ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***
***ਅੰਗ – 1***

ਜੇ ਹੁਕਮ ਵਿੱਚ ਬੰਦਾ ਨਹੀਂ ਚਲਦਾ ਤਾਂ ਰੱਬ ਨਹੀਂ ਮਿਲ ਸਕਦਾ ਕਦੇ ਵੀ। ਚਾਰ ਲਾਈਨਾਂ ਲਿਖੀਆਂ ਨੇ ਮਹਾਰਾਜ ਨੇ ਪਹਿਲਾਂ ਲਿਖਿਆ ਹੈ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ – 1***

ਇੱਥੇ ਵਾਹਿਗੁਰੂ ਤੋਂ ਬਿਨਾਂ ਕੋਈ ਨਹੀਂ ਆਪੇ ਹੀ expend ਹੋਇਆ, ਆਪੇ ਹੀ ਹੁਣ ਫੈਲਿਆ ਹੋਇਆ ਹੈ, ਆਪੇ ਹੀ ਜਦੋਂ ਖਤਮ ਹੋ ਜਾਏਗਾ, ਆਪਣੇ ਆਪ ਹੀ depress ਹੋ ਜਾਏਗਾ ਤੇ ਇਹਨੂੰ realize ਕਿਵੇਂ ਕਰਿਆ ਜਾਵੇ? ਕਹਿੰਦੇ ਅਕਲ ਨਾਲ ਨਹੀਂ ਹੋ ਸਕਦਾ, ਬੁੱਧੀ ਜਿਹੜੀ ਹੈ ਇਹ matter ਦੇ circel 'ਚ ਹੋਣ ਕਰਕੇ ਉਥੇ ਦੀ ਟੋਹ ਨਹੀਂ ਲਾ ਸਕਦੀ–

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਅੰਗ – 1***

ਸਮਾਧੀ ਲਾ ਕੇ silence 'ਚ ਬੈਠ ਕੇ ਸੋਚ ਕੇ ਮਹਾਰਾਜ ਕਹਿੰਦੇ ਤਾਂ ਵੀ ਨਹੀਂ ਹੁੰਦਾ।

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥***
***ਅੰਗ – 1***

ਭੁੱਖਾਂ, ਪਦਾਰਥਾਂ ਨੂੰ ਭੋਗ ਭੋਗ ਕੇ ਕੋਈ realization ਹੋ ਜਾਏ ਮਹਾਰਾਜ ਕਹਿੰਦੇ ਨਹੀਂ –

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਅੰਗ – 1***

ਮਹਾਰਾਜ ਕਹਿੰਦੇ ਨੇ –

***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥***

***ਅੰਗ – 1***

ਲੱਖ ਦਲੀਲ ਹੋਵੇ ਆਦਮੀ ਦੇ ਕੋਲ, realization ਵਾਸਤੇ ਇੱਕ ਵੀ ਸਾਥ ਨਹੀਂ ਦਿੰਦੀ। ਮਹਾਰਾਜ ਨੂੰ ਗੋਰਖਨਾਥ ਨੇ ਸਵਾਲ ਕਰਿਆ ਕਿ ਹੇ ਨਾਨਕ! –

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***

***ਅੰਗ – 1***

ਅਸੀਂ ਸਚਿਆਰ ਕਿਵੇਂ ਬਣੀਏ? ਇਹ ਜਿਹੜਾ ਸੰਸਾਰ ਨੂੰ ਅਸੀਂ ਸੰਸਾਰ ਸਮਝਦੇ ਹਾਂ, ਇਹ ਸਾਨੂੰ ਪ੍ਰਮੇਸ਼ਰ ਨਹੀਂ ਦਿਸਦਾ। ਇਹ ਸਚਿਆਰ ਕਿਵੇਂ ਬਣ ਸਕਦੇ ਹਾਂ। ਕਿਵੇਂ ਹਉਮੈ ਦੀ ਕੰਧ ਟੁੱਟੇ? ਮਹਾਰਾਜ ਕਹਿੰਦੇ –

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***

***ਅੰਗ – 1***

ਹੁਕਮ ਤੇ ਰਜ਼ਾ ਵਿੱਚ ਚੱਲਣ ਨਾਲ ਅਸੀਂ realization ਤੱਕ ਪਹੁੰਚ ਸਕਦੇ ਹਾਂ। ਜੇ ਹੁਣ ਇਹੀ ਗੱਲ ਕਹਿ ਦਿੱਤੀ ਕਿ ਗੁਰੂ ਨਾਨਕ ਨੇ ਕਿਹਾ ਕਿ –

***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥***

***ਅੰਗ – 360***

ਇਹ ਗੱਲ ਗੁਰੂ ਨਾਨਕ ਨੇ ਵਾਹਿਗੁਰੂ ਨੂੰ ਨਹੀਂ ਕਹੀ। ਇਹ ਗੱਲ ਕਹੀ ਬਾਬਰ ਨੂੰ ਕਿ ਤੇਰੀਆਂ ਫੌਜਾਂ ਜਿੱਤੀਆਂ। ਤੂੰ ਜਦ ਲੜਦਾ ਸੀ ਸਾਨੂੰ ਕੋਈ ਰੋਸ ਨਹੀਂ ਸੀ। ਜਿਸ ਦਿਨ ਤੋਂ ਤੂੰ ਸਿਵਲ ਦੇ ਉਤੇ ਹਮਲਾ ਕਰਾ ਦਿੱਤਾ ਫੌਜਾਂ ਦਾ, ਫੇਰ ਪਿਆਰਿਆ! ਤੇਰੇ ਤੋਂ ਪੁੱਛ ਹੋਏਗਾ ਦਰਗਾਹ ਦੇ ਵਿੱਚ। ਸੋ ਇਹਨੂੰ ਉਲਟੇ ਅਰਥਾਂ 'ਚ ਲਾ ਦੇਣਾ ਇਹ ਗਲਤ ਹੈ, ਫੇਰ ਸਾਡਾ ਨਿਸ਼ਚਾ ਟੁੱਟ ਜਾਂਦਾ ਹੈ ਕਿ ਫੇਰ ਹੁਕਮ ਤਾਂ ਕੁਛ ਨਾ ਹੋਇਆ।

ਸੋ ਇਸ ਤਰ੍ਹਾਂ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਇਕ ਸੁਰ ਵਾਹਿਗੁਰੂ ਦਾ ਰੂਪ ਨੇ ਉਨ੍ਹਾਂ 'ਚ ਤੇ ਵਾਹਿਗੁਰੂ 'ਚ ਕੋਈ ਫਰਕ ਨਹੀਂ ਹੈ –

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ 'ਚੋਂ***

ਭੌਰਾ ਜਿੰਨਾਂ ਵੀ ਭੇਦ ਨਹੀਂ। ਉਸ ਵੇਲੇ ਜੋ ਆਪ ਨੇ ਉਸ ਵੇਲੇ ਦੇ

ਖਿਆਲ ਨੇ, ਉਹ ਇਸ ਤਰ੍ਹਾਂ ਦੇ ਨਾਲ ਪ੍ਰਗਟ ਹੋਏ -

*ਧਾਰਨਾ - ਹਾਲ ਮੁਰੀਦਾਂ ਦਾ ਕਹਿਣਾ,*
*ਮਿਤ੍ਰ ਪਿਆਰੇ ਨੂੰ ਕਹਿਣਾ।*

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ,*
*ਭਠ ਖੇੜਿਆਂ ਦਾ ਰਹਣਾ॥* *ਖਿਆਲ ਪਾਤਿਸ਼ਾਹੀ 10*

ਹੇ ਪ੍ਰਭੂ! ਜੇ ਤੇਰੇ ਨਾਲ ਮੈਂ ਜੁੜਿਆ ਨਾ ਹੋਵਾਂ, ਤਾਂ ਰੋਗ ਹੈ ਰਜਾਈਆਂ ਓਢਣਾ, ਜਿਹੋ ਜਿਹੇ ਸੱਪਾਂ ਨਾਲ ਰਹੇ ਓਹੋ ਜਿਹੀਆਂ ਰਜਾਈਆਂ ਲੈ ਲਈਆਂ। ਸੂਲਾਂ ਨੇ ਸੁਰਾਹੀ ਤੇ ਖੰਜਰ ਹੈ ਪਿਆਲਾ ਤੇ ਜਿਹੜਾ ਖਾਣਾ ਪੀਣਾ ਹੈ ਉਹ ਬਿੰਗ ਕਸਾਈਆਂ ਦਾ, ਜਾਂ ਬੱਕਰੇ ਨੂੰ ਮਾਰਦੇ ਨੇ ਉਹ ਗਲ ਨੂੰ ਵਟਾ ਦਿੰਦੇ ਨੇ, ਉਹਨੂੰ ਬਿੰਗ ਕਹਿੰਦੇ ਨੇ, ਆਹ ਜਿਹੜਾ ਤੂੰ ਮੈਨੂੰ ਦਿੱਤਾ ਹੈ ਭੂੰਝੇ ਪੈਣਾ, ਠੰਢੀ ਹਵਾ ਦੇ ਵਿੱਚ ਇਹ ਮੈਨੂੰ ਬਹੁਤ ਚੰਗਾ ਹੈ, ਖੇੜਿਆਂ ਵਿੱਚ ਰਹਿਣਾ, ਮਹਿਲਾਂ ਵਿੱਚ ਰਹਿਣਾ, ਭੱਠ ਵਰਗਾ ਲਗਦਾ ਹੈ। contrast ਹੈ ਦੋਹਾਂ ਚੀਜ਼ਾਂ ਦਾ। ਕਿੱਡੀ ਖੁਸ਼ਦਿਲੀ ਨਾਲ ਭਾਣੇ ਨੂੰ ਮੰਨਿਆ, ਜਰਿਆ ਉਸ ਚੀਜ਼ ਨੂੰ। ਫੇਰ ਇਹ ਹੈ ਕਿ ਸਾਰੀਆਂ ਸ਼ਕਤੀਆਂ ਦੇ ਮਾਲਕ ਸੀ ਆਪ, ਕਦੇ ਵੀ ਉਹ ਬਦਲ ਸਕਦੇ ਸੀ। ਲੇਕਿਨ ਜਿਹੜਾ actor arts ਦੇ ਮੁਤਾਬਿਕ ਚਲਦਾ ਹੈ, ਜੇ ਫਿਲਮ ਵਿੱਚ ਕੰਮ ਵੀ ਕਰਦਾ ਹੋਵੇ, ਆਪਣੀ ਮਰਜ਼ੀ ਨਹੀਂ ਕਰਦਾ ਉਹ। ਡਾਇਰੈਕਟਰ ਦੇ ਮੁਤਾਬਿਕ ਹੀ ਚਲਦਾ ਹੈ ਉਹ। ਸੋ ਮਹਾਰਾਜ ਨੇ ਇਸ ਸੰਸਾਰ ਨੂੰ ਇੱਕ ਨਾਟਕ ਕਿਹਾ ਹੈ।

*ਦੇਖਨ ਆਯੋ ਜਗਤ ਤਮਾਸਾ।*

ਉਸ ਵੇਲੇ ਜਿਹੜੇ ਸਿੰਘ ਉਥੇ ਹੀ ਅੱਡ ਹੋ ਗਏ ਸੀ, ਮਹਾਰਾਜ ਨੇ ਕਹਿ ਦਿੱਤਾ ਸੀ ਕਿ ਤੁਸੀਂ ਆਹ ਤਾਰੇ ਦੀ ਸੇਧ ਰੱਖਿਓ, ਮਿਲਟਰੀ ਵਾਲੇ ਬੰਦੇ ਜਾਣਦੇ ਨੇ, ਪਹਿਲੇ ਜ਼ਮਾਨਿਆਂ 'ਚ ਜਦੋਂ ਕਮਪਾਸ ਨਹੀਂ ਸੀ ਹੁੰਦੀ, ਉਸ ਵੇਲੇ ਤਾਰਿਆਂ ਦੀ ਸੇਧ ਦੇ ਨਾਲ ਚਲਦੇ ਹੁੰਦੇ ਸੀ ਕਾਫਲੇ। ਰਸਤਾ ਲੱਭ ਜਾਂਦਾ ਹੈ, ਉਹ ਬੜਾ ਸੌਖਾ process ਹੈ, ਤਿੰਨ ਦਰਖਤ ਦੇਖ ਲੈਣੇ ਇੱਕ ਲਾਈਨ ਦੇ ਅੰਦਰ। ਉਹਦੇ ਵਿਚੋਂ ਜਦੋਂ ਦੂਜੇ ਦਰਖਤ ਕੋਲ ਗਏ, ਉਥੇ ਫੇਰ ਇੱਕ ਜਮਾਂ ਕਰ ਲੈਣਾ ਨਿਸ਼ਾਨ। ਫੇਰ ਗਏ ਇੱਕ ਫੇਰ ਜਮਾਂ ਕਰ ਲੈਣਾ। ਤਾਰੇ ਘੁੰਮਦੇ ਸੀ ਤਾਰੇ ਦੀ ਸੇਧ ਰੱਖਣੀ ਹੈ ਬਿਲਕੁਲ। ਉਸੇ ਨਾਲ ਗੁਰੂ ਮਹਾਰਾਜ ਜਾ ਰਹੇ ਸੀ ਤੇ ਅੰਮ੍ਰਿਤ ਵੇਲਾ ਹੋਇਆ ਦੇਖਦੇ ਆ ਰਹੇ ਨੇ, ਵੈਸੇ ਇਹ ਨਹੀਂ ਸੀ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ, ਭਾਈ ਦਇਆ ਸਿੰਘ ਤ੍ਰਿਕਾਲਦਰਸ਼ੀ ਸੀਗੇ। ਫੇਰ ਵੀ ਦੁਨੀਆਂ ਦੇ ਨਾਟਕ ਵਾਂਗਣ ਪੂਰਾ ਨਾਟਕ ਕਰਦੇ ਸੀ। ਆਪ ਗੁਰੂ ਮਹਾਰਾਜ ਕੋਲ ਆ ਜਾਂਦੇ ਨੇ ਉਸ

ਵੇਲੇ ਮਹਾਰਾਜ ਦੇ ਪੈਰ ਕੰਡਿਆਂ ਨਾਲ ਭਰੇ ਪਏ ਨੇ। ਛਾਲੇ ਹੋਏ ਹੋਏ ਨੇ, ਠੰਢੇ ਹੋਏ ਪਏ ਨੇ। ਆਪ ਜੀ ਮਾਛੀਵਾੜੇ ਉਨ੍ਹਾਂ ਨੂੰ ਲੈ ਜਾਂਦੇ ਨੇ। ਉਸ ਤੋਂ ਬਾਅਦ ਉਥੇ ਘੇਰਾ ਪੈ ਗਿਆ। ਦਲੇਰ ਖਾਨ ਪੰਜ ਹਜ਼ਾਰ ਫੌਜ ਲੈ ਕੇ ਆ ਗਿਆ ਤੇ ਉਹਨੂੰ ਸੂਹ ਮਿਲੀ ਕਿ ਗੁਰੂ ਗੋਬਿੰਦ ਸਿੰਘ ਇਸ ਸ਼ਹਿਰ ਵਿੱਚ ਆ ਗਏ ਨੇ। ਪੂਰਾ ਘੇਰਾ ਪਾ ਲਿਆ, ਉਸ ਵੇਲੇ ਗਨੀ ਖਾਂ, ਨਬੀ ਖਾਂ ਦੋ ਪਠਾਣ, ਗੁਰੂ ਮਹਾਰਾਜ ਦੀ ਚਰਨ ਸ਼ਰਨ ਹਾਜ਼ਰ ਹੋਏ, ਪਹਿਲਾਂ ਤਾਂ ਬਹੁਤ ਰੋਏ-ਬਹੁਤ ਰੋਏ ਕਿ ਸੱਚੇ ਪਾਤਸ਼ਾਹ ਕੀ ਹੋ ਗਿਆ ਇਹ। ਇਨ੍ਹਾਂ ਨੇ ਕਿੱਡਾ ਵੱਡਾ ਜ਼ੁਲਮ ਕਰਿਆ, ਕਸਮ ਕੁਰਾਨ ਦੀ ਖਾ ਕੇ ਕਸਮ ਤੋੜੀ। ਸਾਰੇ ਫਿਟਕਾਰਾਂ ਪਾ ਰਹੇ ਨੇ ਤੁਸੀਂ ਇੱਥੇ ਨਾ ਰਹੋ। ਸਾਡੇ ਆ ਜਾਓ ਇਹ ਸੇਵਾ ਸਾਨੂੰ ਬਖਸ਼ੋ। ਮਹਾਰਾਜ ਜੀ ਉਥੇ, ਉਹ ਪਿਆਰੇ ਸੀ ਉਨ੍ਹਾਂ ਨੂੰ ਤਾਂ ਹੈ ਹੀ ਨਹੀਂ ਸੀ ਕਿ ਹਿੰਦੂ ਹੈ ਕਿ ਮੁਸਲਮਾਨ ਹੈ, ਕੌਣ ਹੈ। ਪਿਆਰ ਵਾਲੇ ਟੋਲ੍ਹਦੇ ਸੀ, ਪਿਆਰ ਵਾਲਿਆਂ ਨਾਲ ਉਨ੍ਹਾਂ ਦਾ ਸਬੰਧ ਸੀ। ਉਨ੍ਹਾਂ ਦੇ ਘਰ ਚਲੇ ਜਾਂਦੇ ਨੇ, ਉਨ੍ਹਾਂ ਨੇ ਨੀਲੇ ਵਸਤਰ ਬਣਾ ਕੇ ਪਹਿਨਾ ਦਿੱਤੇ, ਇੱਕ ਮਾਈ ਤੋਂ, ਖਤਰਾਣੀ ਸੀ ਉਹ, ਚੋਲਾ ਰੱਖੀਂ ਬੈਠੀ ਸੀ, ਉਹਨੂੰ ਰੰਗਾ ਕੇ ਮਹਾਰਾਜ ਨੇ ਪਹਿਨ ਲਿਆ ਮਹਾਰਾਜ ਨੇ ਦੂਸਰੇ ਦਿਨ।

ਇੱਥੇ ਆ ਕੇ ਇਤਿਹਾਸ ਦੀਆਂ ਰੈਆਂ ਬਦਲ ਜਾਂਦੀਆਂ ਨੇ। ਇੱਕ ਤਾਂ ਉਹ ਇਸ ਮੱਤ ਦੇ ਨੇ ਕਿ ਗੁਰੂ ਮਹਾਰਾਜ ਨੂੰ ਜਿਹੜਾ ਅਨਾਇਤ ਅਲੀ ਸੀ ਸੱਯਦ, ਪੀਰ ਸੀਗਾ ਉਥੇ ਦਾ, ਉਸ ਨੇ ਕਿਹਾ ਕਿ ਮਹਾਰਾਜ! ਬਾਹਰ ਫੌਜ ਬਹੁਤ ਹੈ ਤੇ ਅਸੀਂ ਤੁਹਾਨੂੰ ਫੌਜ ਵਿਚੋਂ ਨਹੀਂ ਲਿਜਾਣਾ ਚਾਹੁੰਦੇ। ਲੇਕਿਨ ਫੌਜ ਨੂੰ ਧੋਖਾ ਦੇਣ ਵਾਸਤੇ ਭਾਈ ਦਇਆ ਸਿੰਘ ਨੂੰ ਚਾਰਪਾਈ 'ਤੇ ਬਿਠਾ ਕੇ ਲੈ ਜਾਂਦੇ ਨੇ। ਤੁਹਾਡੇ ਕੋਲ ਨੇ ਸਸ਼ਤਰ, ਗੁਰੂ ਤੇਗ ਬਹਾਦਰ ਸਾਹਿਬ ਦੇ। ਇਹ ਅਸੀਂ ਬੁੱਢੇ ਦਰਿਆ ਦੇ ਵਿਚੀਂ ਲੰਘਾ ਦਿੰਦੇ ਹਾਂ, ਅਗਾਂਹਾਂ ਸਾਡੀ ਸਿੱਖੀ ਸੇਵਕੀ ਹੈ ਮੁਰੀਦ ਨੇ ਮੇਰੇ, ਉਥੇ ਮੈਂ ਇੱਕ ਘਰ ਵਿੱਚ ਛੱਡ ਆਉਂਦਾ ਹਾਂ ਤੁਹਾਨੂੰ। ਇਹ ਆਥਣੇ ਜਿਸ ਵਕਤ ਜਾਣਗੇ, ਰੌਲਾ ਪੈ ਜਾਏਗਾ ਕਿ ਗੁਰੂ ਗੋਬਿੰਦ ਸਿੰਘ ਗ੍ਰਿਫਤਾਰ ਕਰ ਲਏ, ਪਹਿਰੇਦਾਰ ਅਵੇਸਲੇ ਹੋ ਜਾਣਗੇ। ਉਥੋਂ ਆ ਕੇ ਅਸੀਂ ਤੁਹਾਨੂੰ ਲੈ ਲਵਾਂਗੇ, ਇੱਕ ਤਾਂ ਮੱਤ ਇਹ ਹੈ ਇਹ ਵੀ ਦਿਲ ਲਗਦਾ ਹੈ।

ਦੂਸਰਾ ਹੈ ਜੋ ਪ੍ਰਚਲਤ ਹੈ ਕਿ ਮਹਾਰਾਜ ਜੀ ਚਾਰਪਾਈ 'ਤੇ ਬੈਠੇ, ਸੂਰਜ ਛਿਪਣ ਵਾਲਾ ਸੀ ਤੇ ਚਾਰ ਸਿੰਘਾਂ ਨੇ ਤੇ ਗਨੀ ਖਾਂ ਨਬੀ ਖਾਂ ਨੇ ਪਲੰਘ ਚੁੱਕਿਆ ਹੋਇਆ ਹੈ, ਜਾਣ ਕੇ ਉਥੋਂ ਲੰਘੇ ਜਿੱਥੇ ਦਲੇਰ ਖਾਨ ਸੀ, ਪਾਬੰਦੀ ਲਾਈ ਹੋਈ ਸੀ ਕਿ ਕੋਈ ਪੀਰ ਫਕੀਰ ਨਾ ਲੰਘ ਜਾਵੇ ਭੇਸ ਬਦਲ ਕੇ। ਜਦੋਂ ਗੁਰੂ ਮਹਾਰਾਜ ਆਏ ਉਨ੍ਹਾਂ ਨੇ ਰੋਕ ਲਏ। ਰੋਕੇ ਹੋਏ ਤਾਂ ਉਨ੍ਹਾਂ ਦੋਨਾਂ ਨੂੰ ਪੁੱਛਿਆ ਉਹ ਕਹਿੰਦੇ ਇਹ ਤਾਂ ਉੱਚ ਦੇ ਪੀਰ ਨੇ। ਉੱਚ ਦੇ ਪੀਰਾਂ ਦੇ ਪੀਰ ਨੇ, ਗੁਰੂ ਨਾਨਕ ਸਾਹਿਬ ਉੱਚ ਦੇ ਪੀਰਾਂ ਦੇ ਪੀਰ ਸੀ। ਉਹ ਵੀ ਝੂਠ ਨਹੀਂ ਬੋਲੇ। ਉਸ ਤੋਂ ਬਾਅਦ ਮਹਾਰਾਜ ਜੀ ਨੂੰ ਇੱਕ ਟੈਂਟ ਵਿੱਚ ਰੱਖਿਆ ਗਿਆ। ਸਿੰਘਾਂ ਨੂੰ ਉਨ੍ਹਾਂ ਨੇ ਮੁਸਲਮਾਨ

ਸਮਝ ਕੇ ਖਾਣਾ ਖਿਲਾਇਆ, ਮਹਾਰਾਜ ਭਾਈ ਦਇਆ ਸਿੰਘ ਨੂੰ ਕਹਿਣ ਲੱਗੇ ਕਿ ਖਾਣੇ ਦਾ ਸੰਕੋਚ ਨਾ ਕਰਿਓ, ਤੁਸੀਂ ਮੂਲਮੰਤ੍ਰ ਪੜ੍ਹ ਕੇ 'ਤ੍ਰਿਪ੍ਰਸਾਦਿ ਭਰਮ ਕਾ ਨਾਸ' ਕਹਿ ਕੇ ਖਾ ਲਿਓ।

ਮਹਾਰਾਜ ਜੀ! ਜੇ ਉਨ੍ਹਾਂ ਦਾ ਦੀਨੀ ਖਾਣਾ ਹੋਇਆ, ਸ਼ਰਾ ਦਾ ਹੋਇਆ?

ਮਹਾਰਾਜ ਕਹਿੰਦੇ, ਸਭ ਖਤਮ ਹੋ ਜਾਏਗਾ। ਥੋੜ੍ਹਾ ਤੁਸੀਂ ਕਹਿਓ ਕਿ ਪੀਰ ਜੀ ਦਾ ਰੋਜ਼ਾ ਰੱਖਿਆ ਹੋਇਆ ਹੈ, ਸਵੇਰੇ ਖੁਲਾਉਣਾ ਹੈ। ਕੁਛ ਖਾਣਾ ਸਾਨੂੰ ਪੈਕ ਕਰ ਦਿਓ। ਉਹ ਉਨ੍ਹਾਂ ਨੂੰ ਖਲਾਵਾਂਗੇ ਸਵੇਰੇ। ਉਸ ਤੋਂ ਬਾਅਦ ਸਵੇਰੇ ਵੇਲੇ, ਉਨ੍ਹਾਂ ਨੇ ਉਸ ਵੇਲੇ ਕਿਹਾ ਕਿ ਕੋਈ ਗਵਾਹੀ ਦੇਵੇ, ਉਸ ਵੇਲੇ ਜਿਹੜੇ ਅਨਾਇਤ ਅਲੀ ਸੀ ਸੱਯਦ, ਉਹ ਆਏ ਹੋਏ ਸੀ, ਉਨ੍ਹਾਂ ਦੀ ਉਥੇ ਸਿੱਖੀ ਸੇਵਕੀ ਸੀ। ਪੀਰ ਮੁਹੰਮਦ ਸੀ ਉਨ੍ਹਾਂ ਦਾ ਨਾਉਂ ਤੇ ਉਨ੍ਹਾਂ ਨੂੰ ਦੱਸਿਆ ਕਿ ਪੀਰ ਜੀ ਆਏ ਹੋਏ ਨੇ ਇੱਥੇ, ਉਹ ਗੁਰੂ ਗੋਬਿੰਦ ਸਿੰਘ ਨੂੰ ਜਾਣਦੇ ਨੇ। ਘੋੜ ਸਵਾਰ ਪੀਰ ਜੀ ਕੋਲ ਗਿਆ ਉਹ ਕਹਿਣ ਲੱਗੇ ਕਿ ਹੁਣ ਤਾਂ ਮੈਂ ਨਮਾਜ਼ ਪੜ੍ਹਨੀ ਹੈ ਰਾਤ ਦੀ, ਬੁੱਢਾ ਮੇਰਾ ਸਰੀਰ ਹੈ, ਮੈਂ ਹੁਣ ਬਹੁਤੀ ਖੇਚਲ ਨਹੀਂ ਝੱਲ ਸਕਦਾ। ਉਨ੍ਹਾਂ ਨੂੰ ਕਹਿਣਾ ਨਾ ਕੁਛ ਵੀ, ਸਾਹਿਬ-ਏ-ਕਸ਼ਵ ਨੇ ਉਹ, ਜੇ ਇੱਕ ਬਚਨ ਕਰ ਦਿੱਤਾ, ਤੁਹਾਡੀ ਤਬਾਹੀ ਕਰ ਦੇਣਗੇ। ਸਤਿਕਾਰ ਕਰਿਓ ਮੈਂ ਸਵੇਰੇ ਆ ਕੇ ਦਸ ਦੇਵਾਂਗਾ ਕਿ ਉਹ ਕੌਣ ਹੈ? ਪਰ ਤੁਸੀਂ ਐਉਂ ਕਰੋ ਜੇ ਉਹ ਮੇਰੀ ਗਵਾਹੀ ਨਾ ਮੰਨਿਆ ਤਾਂ ਤੁਸੀਂ ਸੱਯਦ ਹਸਨ ਅਲੀ ਨੂੰ ਵੀ ਮੰਗਾ ਲਿਓ, ਮੋਠੂਮਾਜਰੀਏ ਨੂੰ ਤੇ ਅਨਾਇਤ ਅਲੀ ਨੂੰ ਵੀ ਮੰਗਾ ਲਓ। ਸਵੇਰ ਤੱਕ ਘੋੜ ਸਵਾਰ ਨੇ ਦਸ ਦਿੱਤਾ ਕਿ ਉਹ ਤਾਂ ਇਹ ਕਹਿੰਦੇ ਨੇ ਕਿ ਹੌਲੀ-ਹੌਲੀ ਮੈਂ ਆਵਾਂਗਾ, ਦਸ ਵਜੇ, ਜਦੋਂ ਮੈਂ ਦਸ ਦੇਵਾਂਗੇ ਕਿ ਉਹ ਵੀ ਆ ਜਾਣਗੇ। ਤਿੰਨ ਉਹ ਹੋ ਗਏ, ਦੋ ਉਹ ਹੋ ਗਏ। ਹੁਣ ਮੈਂ ਜਿਹੜੀ ਕੱਲ੍ਹ ਬੇਨਤੀ ਕਰੀ ਸੀ ਜੇ ਗੁਰੂ ਸਾਹਿਬ ਇਹ ਕਹਿੰਦੇ ਕਿ ਮੁਸਲਮਾਨਾਂ ਦਾ ਇਤਬਾਰ ਨਹੀ ਕਰਨਾ ਤੇ ਐਸ ਵੇਲੇ ਤਾਂ ਉਨ੍ਹਾਂ ਦੇ ਆਲੇ-ਦੁਆਲੇ A friend in need, is a friend indeed. ਕੌਣ ਹੈ ਜਿਹੜਾ ਆਪਣੀ ਜਾਨਾਂ ਦੇਣ ਵਾਸਤੇ ਤਿਆਰ ਹੈ। ਜੇ ਕਿਤੇ ਪਤਾ ਲਗ ਜਾਂਦਾ, ਉਨ੍ਹਾਂ ਨੂੰ ਉਤੇ ਹੀ ਮਾਰ ਦੇਣਾ ਸੀ ਸਣੇ ਬੱਚਿਆਂ ਦੇ, ਆਰਡਰ ਸੀਗਾ ਕਿ ਘਾਣੀ 'ਚ ਪੀੜ ਦਿਓ, ਸਾਮ੍ਹਣੇ ਬੱਚੇ। ਲੇਕਿਨ ਧੰਨ ਨੇ ਉਹ ਪੁਰਸ਼ ਕਿੱਡੇ ਦਲੇਰ ਸੀ, ਕਿੰਨਾ ਪਿਆਰ ਸੀ ਗੁਰੂ ਦੇ ਨਾਲ। ਸਵੇਰੇ ਆਏ ਸਾਰਿਆਂ ਨੇ ਕਿਹਾ ਇਹ ਤਾਂ ਉੱਚ ਦੇ ਪੀਰਾਂ ਦੇ ਪੀਰ ਨੇ, ਸੈਰ ਕਰਦੇ ਫਿਰਦੇ ਨੇ। ਉਧਰ ਜਦੋਂ ਕਰਦ ਭੇਟ ਕਰੀ ਭਾਈ ਦਇਆ ਸਿੰਘ ਨੇ, ਤਾਂ ਗਨੀ ਖਾਂ, ਨਬੀ ਖਾਂ ਨੇ ਕਿਹਾ ਕਿ ਇਹ ਨਵੀਂ ਰੀਤ ਆਈ ਹੈ, ਮੱਕੇ ਤੋਂ ਹਦਾਇਤਾਂ ਆਈਆਂ ਨੇ। ਗੁਰੂ ਮਹਾਰਾਜ ਨੂੰ ਉਹਨੇ ਪੰਜ ਸੌ ਮੋਹਰ ਮੱਥਾ ਟੇਕਿਆ। ਗਲਤੀ ਬਖਸ਼ਾਈ, ਉਸ ਤੋਂ ਬਾਅਦ ਸਾਰੇ ਹੋ ਗਿਆ ਕਿ ਮੰਜੇ ਦੇ ਉਤੇ ਗੁਰੂ ਗੋਬਿੰਦ ਸਿੰਘ ਨਹੀਂ ਹੈ ਉਹ ਤਾਂ ਉੱਚ ਦੇ ਪੀਰਾਂ ਦੇ ਪੀਰ ਨੇ। ਨਿਧੜਕ ਹੋ ਕੇ ਤੁਰਨ ਲੱਗ ਗਏ। ਇਧਰ ਸਵੇਰੇ ਜਦੋਂ ਮੇਲ ਹੋਇਆ

ਸਿੰਘਾਂ ਦਾ ਅੱਗੇ ਗਏ ਜਾ ਕੇ ਚਾਰਪਾਈ ਰੱਖੀ। ਮਹਾਰਾਜ ਕਹਿੰਦੇ, ਲਿਆਂਦਾ ਕੁਛ? ਕਹਿੰਦੇ ਲਿਆਂਦਾ ਕੁਛ? ਜਦੋਂ ਪੈਕ ਕਰੇ ਨੂੰ ਖੋਲ੍ਹਦੇ ਨੇ, ਉਹਦੇ ਵਿੱਚ ਕੜਾਹ ਪ੍ਰਸ਼ਾਦ ਤੇ ਖੀਰ ਹੈ। ਹੁਣ ਇੱਥੇ ਜਿਨ੍ਹਾਂ ਦੀ ਸ਼ਰਧਾ ਘੱਟ ਹੈ, ਉਹ ਸ਼ੰਕੇ 'ਚ ਪੈ ਜਾਣਗੇ ਕਿ ਬਣਾਇਆ ਤਾਂ ਉਨ੍ਹਾਂ ਨੇ ਹਲਾਲ ਸੀ ਬਈ ਖੀਰ ਤੇ ਪ੍ਰਸ਼ਾਦ ਕਿਵੇਂ ਹੋ ਗਿਆ।

ਮੈਂ ਤੁਹਾਨੂੰ ਇੱਕ ਜੀਉਂਦੀ ਜਾਗਦੀ ਗੱਲ ਦਸਦਾ ਹਾਂ। ਇੱਥੇ ਬਾਹਰ ਇੱਕ ਪੁਸਤਕ ਮਿਲਦੀ ਹੈ ਡਾਕਟਰ ਸਵਾਮੀ ਰਾਮ ਜੀ ਦੀ। 'ਹਿਮਾਲੀਆਂ ਦੇ ਸੰਤਾਂ ਦੇ ਸੰਗ'। ਉਹ 45 ਸਾਲ ਗੁਫਾਵਾਂ ਵਿੱਚ ਰਹੇ ਨੇ। ਬੜੇ learned person ਸੀ, ਇੱਥੋਂ doctorate ਕਰੀ ਇੰਗਲੈਂਡ ਤੋਂ। ਜਰਮਨ ਤੋਂ ਉਨ੍ਹਾਂ ਨੇ ਡਾਕਟਰੀ ਕਰੀ, ਸੰਸਕ੍ਰਿਤ ਦੇ ਸਕਾਲਰ ਸੀ, ਵੇਦਾਂ ਦੇ ਉਹ ਪੂਰਨ ਗਿਆਤਾ ਸੀ। ਕੁਰਾਨ ਸ਼ਰੀਫ ਉਲਮਾ ਸੀ, ਬਾਈਬਲ ਉਨ੍ਹਾਂ ਨੇ ਪੂਰੀ ਤਰ੍ਹਾਂ ਪੜ੍ਹੀ ਹੋਈ ਸੀ ਬੈਠ ਕੇ ਗਿਰਜੇ 'ਚ। ਗੁਰੂ ਗ੍ਰੰਥ ਸਾਹਿਬ ਜੀ ਨੂੰ ਉਨ੍ਹਾਂ ਨੇ ਮੰਨਿਆ ਸੀ ਕਿ ਇਹ ਸੱਚਮੁੱਚ ਗੁਰੂ ਹੈ। ਉਹ ਲਿਖਦੇ ਨੇ ਕਿ ਮੇਰੇ ਗੁਰੂ ਨੇ ਮੈਨੂੰ ਕਿਹਾ ਕਿ ਤੂੰ ਸੰਤਾਂ ਦੇ ਕੋਲ, ਤਜਰਬੇ ਸਿੱਖ, ਉਨ੍ਹਾਂ ਨੂੰ ਦੇਖ ਕਿ ਉਹ ਕਿਵੇਂ ਕਰਦੇ ਨੇ। ਕਹਿੰਦੇ, ਮੈਂ ਸ੍ਰੀ ਨਗਰ, ਗੜਵਾਲ ਹੈ ਉਥੇ ਜਾ ਰਿਹਾ ਸੀ ਤੇ ਇੱਕ ਸੰਤ ਨੂੰ ਮਿਲਣਾ ਸੀ, ਮੈਨੂੰ ਪਤਾ ਲੱਗਿਆ ਕਿ ਉਹ ਗੁਫਾ 'ਚ ਰਹਿੰਦਾ ਹੈ। ਪਰ ਨੇੜੇ ਨਹੀਂ ਆਉਣ ਦਿੰਦਾ ਕਿਸੇ ਨੂੰ ਇੱਕ ਬ੍ਰਾਹਮਣ ਨੂੰ ਮੈਂ ਨਾਲ ਲਿਆ ਉਹ ਕਹਿੰਦਾ ਜੀ ਮੈਂ ਤਾਂ ਜਾਂਦਾ ਨਹੀਂ ਉਹ ਤਾਂ ਡੰਡੇ ਮਾਰਦਾ ਹੈ। ਮਗਰ ਪੈ ਜਾਂਦਾ ਹੈ ਕਮਲਿਆ ਵਾਂਗਣ ਪਤਾ ਨਹੀਂ ਕੌਣ ਹੈ ਉਹ। ਕਹਿੰਦੇ ਅਸੀਂ ਕਿਹਾ ਕਿ ਅਸੀਂ ਤੈਨੂੰ ਡੰਡੇ ਨਹੀਂ ਮਾਰਨ ਦਿੰਦੇ। ਛੇ ਮੀਲ ਪਹਾੜ ਦੀ ਚੜ੍ਹਾਈ ਚੜ੍ਹ ਕੇ ਅਸੀਂ ਉਥੇ ਗਏ ਗੁਫਾ ਸੀ ਉਹਦੀ। ਛੇ ਫੁੱਟ ਤੋਂ ਉੱਚਾ ਜੁਆਨ ਪੂਰਾ ਸੀ ਤੇ ਹੱਥ ਵਿੱਚ ਵੱਡਾ ਸੋਟਾ ਰਖਦਾ ਸੀ। ਉਹ ਕਹਿਣ ਲੱਗਿਆ ਜੀ ਮੈਂ ਤਾਂ ਜਾਂਦਾ ਨਹੀਂ ਔਹ ਦੇਖੋ ਕਿੱਡਾ ਭਿਆਨਕ ਸਰੂਪ ਹੈ। ਬੋਰੀ ਪਹਿਨੀ ਹੋਈ ਸੀ ਉਹਨੇ। ਕਹਿੰਦੇ ਆ ਜਾ ਕੋਈ ਨਾ। ਅੱਗੇ ਗਿਆ ਤਾਂ ਜਦ ਉਸ ਬ੍ਰਾਹਮਣ ਨੇ ਮੱਥਾ ਟੇਕਿਆ ਕਹਿੰਦੇ ਰਾਹ 'ਚ ਤਾਂ ਤੂੰ ਮੈਨੂੰ ਗਾਲ੍ਹਾਂ ਕੱਢਦਾ ਆਇਆ ਹੈਂ ਹੁਣ ਮੱਥੇ ਟੇਕਦਾ ਹੈਂ ਤੇਰੀ ਮੈਂ ਲੈਂਦਾ ਹਾਂ ਖਬਰ। ਉਹ ਡਰ ਗਿਆ ਬਹੁਤ। ਕਹਿੰਦੇ, ਐਸ ਤਰ੍ਹਾਂ ਕਰ ਪਾਣੀ ਲਿਆ ਦਰਿਆ 'ਚੋਂ, ਗੰਗਾ ਚਲਦੀ ਸੀ, ਹੇਠੋਂ ਪਾਣੀ ਲੈ ਗਿਆ। ਕਹਿੰਦਾ, ਕਿਉਂ ਬਈ ਸਵਾਮੀ ਹੁਣ ਤੈਨੂੰ ਖਾਣ ਲਈ ਵੀ ਦੇਈਏ ਕੁਛ? ਮੇਰੇ ਕੋਲ ਤਾਂ ਕੁਛ ਹੈ ਨਹੀਂ। ਕਹਿੰਦੇ, ਪੰਡਤਾਂ! ਆਹ ਛੁਰੀ ਚੁੱਕ ਕੇ ਇਹਨੂੰ ਤਿੱਖੀ ਕਰ। ਉਹ ਹੈਰਾਨ ਹੋ ਗਿਆ ਕਿ ਛੁਰੀ ਤਿੱਖੀ ਕਰ ਰਿਹਾ ਹੈ ਕੀ ਕਰੇਗਾ ਇਹ, ਕਹਿੰਦੇ ਇੱਕ ਮੁਰਦਾ ਰੁੜ੍ਹਿਆ ਆ ਰਿਹਾ ਹੈ ਦਰਿਆ 'ਚ, ਉਹ ਥੋੜ੍ਹੇ-ਥੋੜ੍ਹੇ ਪਾਣੀ 'ਚ ਜਾਂਦਾ ਹੈ ਤੂੰ ਉਹਨੂੰ ਖਿੱਚ ਕੇ ਕੰਢੇ ਲਾ ਲਈਂ, ਉਥੋਂ ਦੋ ਕੁ ਸੇਰ ਮਾਸ ਉਹਦਾ ਕੱਟ ਲਿਆਈਂ। ਡਰ ਗਿਆ ਕਹਿੰਦਾ ਹਜ਼ੂਰ ਮੈਂ ਤਾਂ ਕਦੇ ਇਹੋ ਜਿਹਾ ਕੰਮ ਕਰਿਆ ਨਹੀਂ। ਕਹਿੰਦੇ, ਫੇਰ ਤੇਰਾ ਕੱਟ ਲੈਂਦੇ ਹਾਂ। ਸਿੱਧਾ ਹੀ ਹਿਸਾਬ ਹੈ। ਉਹ ਜਦ ਕੱਟਣ ਲੱਗਿਆ, ਮਾਸ ਤਾਂ ਕੱਟ

ਲਿਆਂਦਾ, ਉਹਦੀ ਦੋ ਉਂਗਲਾਂ ਕੱਟ ਗਈਆਂ। ਲਟਕਣ ਲਗ ਗਈਆਂ, ਜਦੋਂ ਆਇਆ ਖ਼ੂਨ ਚੱਲੇ। ਕਹਿੰਦੇ, ਆਹ ਕੀ ਹੋਇਆ? ਕਹਿੰਦਾ, ਜੀ ਆਹ ਛੁਰਾ ਤਿੱਖਾ ਸੀ ਬਹੁਤ, ਮੇਰੇ ਲੱਗਿਆ। ਕਹਿੰਦੇ ਉਰ੍ਹੇ ਆ। ਹੱਥ ਫੜਿਆ, ਉਂਗਲੀਆਂ ਜੋੜ ਦਿੱਤੀਆਂ।

ਕਹਿੰਦਾ ਧਰ ਇਹਨੂੰ ਪਤੀਲੇ 'ਚ। ਪਤੀਲੇ 'ਚ ਧਰ ਦਿੱਤਾ। ਸਵਾਮੀ ਨੂੰ ਕਹਿੰਦਾ ਕਿ ਅੱਜ ਤਾਂ ਫਸ ਗਏ, ਇਹਨੇ ਆਪਾਂ ਨੂੰ ਮੁਰਦੇ ਦਾ ਮਾਸ ਖਲਾਉਣਾ ਹੈ। ਉਹ ਕਹਿੰਦਾ ਕੀ ਗੱਲਾਂ ਕਰਦਾ ਹੈ? ਸਵਾਮੀ ਕਹਿੰਦਾ, ਮੈਂ ਵੀ ਕਹਿ ਦਿੱਤਾ ਕਿ ਸਰ ਅਸੀਂ vegetarian ਹਾਂ। ਕਹਿੰਦੇ, ਅਸੀਂ ਤੈਨੂੰ ਕਦ ਕਿਹਾ ਹੈ ਕਿ ਮਾਸ ਖਾ। ਕਹਿੰਦੇ ਉਹ ਬਣਦਾ ਰਿਹਾ, ਸਾਨੂੰ ਕਹਿੰਦੇ ਪੱਤੇ ਤੋੜ ਕੇ ਲਿਆਉ ਵੱਡੇ। ਪੱਤੇ ਲਿਆਂਦੇ। ਪੱਤਿਆਂ 'ਤੇ ਪਾਉਣ ਲੱਗ ਗਏ। ਕਹਿੰਦੇ ਅਸੀਂ ਹੈਰਾਨ ਹੋ ਗਏ ਕਿ ਇਹ ਰਸਗੁੱਲੇ ਪਾਈ ਜਾਂਦਾ ਹੈ। ਅਸੀਂ ਕੰਨ ਵਿੱਚ ਇੱਕ ਦੂਜੇ ਦੇ ਗੱਲ ਕਰ ਲਈ ਕਹਿੰਦੇ, ਮੈਨੂੰ ਉਹ ਕਹਿਣ ਲੱਗਿਆ ਕਿ ਸਵਾਮੀ ਜੀ! ਕਿਤੇ ਇਹਨੇ ਹਿਪਨੋਟਾਈਜ਼ ਤਾਂ ਨਹੀਂ ਆਪਾਂ ਨੂੰ ਕਰ ਦਿੱਤਾ। ਉਹ ਦੂਰ ਬੈਠਾ ਸੀ। ਕਹਿੰਦੇ ਮੈਂ ਕੋਈ ਹਿਪਨੋਟਾਈਜ਼ ਨਹੀਂ ਕਰਿਆ ਤੁਹਾਨੂੰ। ਸਵਾਮੀ! ਤੂੰ ਛੇ ਮੀਲ ਪਰ੍ਹੇ ਸ੍ਰੀ ਨਗਰ ਤੋਂ ਕਹਿ ਨਹੀਂ ਸੀ ਰਿਹਾ ਕਿ ਮੈਂ ਰਸਗੁੱਲੇ ਨਹੀਂ ਖਾਧੇ, ਫਲਾਣੇ ਵੇਲੇ ਖਾਧੇ ਸੀ ਮੈਂ ਤੈਨੂੰ ਉਹ ਰਸਗੁੱਲੇ ਦਿੰਦਾ ਹਾਂ, ਓਹੀ ਸਵਾਦ ਹੈ। ਉਸ ਤੋਂ ਬਾਅਦ ਜਦੋਂ ਸ਼ਾਮ ਨੂੰ ਬ੍ਰਾਹਮਣ ਜਦ ਜਾਣ ਲੱਗਿਆ ਕਹਿੰਦੇ ਲੈ ਬਾਕੀ ਬਚੇ ਹੋਏ ਪਿੰਡ ਵਿੱਚ ਵੰਡ ਦੇਈਂ। ਕਹਿੰਦਾ ਹਿਪਨੋਟਾਈਜ਼ ਨਹੀਂ ਮੈਂ ਤੁਹਾਨੂੰ ਕਰਿਆ, ਪਿੰਡ ਤੱਕ ਮੇਰੀ ਹਿਪਨੋਟਿਜ਼ਮ ਨਹੀਂ ਜਾਂਦੀ। ਉਹ ਪਿੰਡ ਵਿੱਚ ਜਾ ਕੇ ਵੰਡ ਦਿੱਤੇ।

ਸਵਾਮੀ ਜੀ ਨੂੰ ਉਹ ਪੁੱਛਣ ਲੱਗੇ ਕਿ ਤੁਸੀਂ ਇਹ ਵਿਦਿਆ ਕਿੱਥੋਂ ਲਈ? ਕਿੰਨਾਂ ਪੜ੍ਹੇ ਹੋਏ ਓਂ? ਕਹਿੰਦਾ, ਮੈਂ ਡਾਕਟਰੇਟ ਕੀਤੀ ਹੋਈ ਹੈ ਸੰਸਕ੍ਰਿਤ ਦੀ। ਪੀ,ਐਚ.ਡੀ ਹਾਂ ਮੈਂ। ਮੈਂ ਅਥਰਵਣਵੇਦ ਪੜ੍ਹਦਾ ਸੀ। ਉਹਦੇ ਵਿੱਚ ਲਿਖਿਆ ਹੋਇਆ ਹੈ ਕਿ basic elements ਜਿਹੜੇ ਨੇ matter ਦੇ ਉਹ ਕਿਵੇਂ change ਕੀਤੇ ਜਾ ਸਕਦੇ ਨੇ। ਜਿਵੇਂ ਪਾਰਸ ਦੇ ਨਾਲ ਸੋਨਾ ਬਣ ਜਾਂਦਾ ਸੀ ਲੋਹਾ। ਉਹਦੀ ਮੈਂ ਪ੍ਰੈਕਟਿਸ ਕਰੀ ਤੇ ਮੈਂ ਕਾਮਯਾਬ ਹੋ ਗਿਆ। ਤੁਹਾਡੇ ਸਾਮ੍ਹਣੇ ਮੈਂ ਇੱਥੋਂ ਪੱਥਰ ਧਰ ਦਿੰਦਾ, ਇਹ ਵੀ ਰਸਗੁੱਲੇ ਬਣ ਜਾਣੇ ਸੀ। ਕੋਈ ਚੀਜ਼ ਵੀ ਧਰ ਦੇਵਾਂ। ਜੋ ਮੇਰੀ ਇੱਛਾ ਹੋਏਗੀ ਓਹੀ ਬਣ ਜਾਏਗੀ।

ਹੁਣ ਮੈਂ ਤਾਂ ਉਹਦੇ 'ਚ ਪੜ੍ਹਿਆ, ਮੈਨੂੰ ਕਿੰਨੀਆਂ ਹੀ ਗੱਲਾਂ ਆ ਗਈਆਂ ਸਾਮ੍ਹਣੇ। ਪਹਿਲੀ ਤਾਂ ਆਈ ਕਿ ਗੁਰੂ ਮਹਾਰਾਜ ਨੇ ਕੁਰਕਸ਼ੇਤਰ 'ਚ ਹਰਨ ਇੱਕ ਰਾਜੇ ਦਾ ਲੜਕਾ ਲਿਆਇਆ, ਕਹਿੰਦੇ ਧਰ ਦੇ ਇਹਨੂੰ ਰਿੰਨਣਾ, ਜਿਹਦੇ ਉਤੇ ਆ ਕੇ ਗੁਰੂ ਮਹਾਰਾਜ ਨਾਲ ਚਰਚਾ ਹੋਈ, 'ਮਾਸ–ਮਾਸ ਕਰ ਮੂਰਖ ਝਗੜੇ'। ਉਹ ਜਦੋਂ ਨਾਨੂੰ ਪੰਡਤ ਹੋਣੀਂ ਬੈਠ ਗਏ ਪੰਗਤ ਲਾ ਕੇ ਗੁਰੂ ਮਹਾਰਾਜ ਨੇ ਖੀਰ ਵਰਤਾਈ, ਇਸ 'ਤੇ ਸਾਡੇ ਪੜ੍ਹੇ ਲਿਖੇ

ਇਤਰਾਜ਼ ਕਰਦੇ ਸੀ। ਫੇਰ ਇਸ ਤਰ੍ਹਾਂ ਦੇ ਨਾਲ ਜੀ ਗੁਰੂ ਅੰਗਦ ਸਾਹਿਬ ਦੀ ਸਾਖੀ ਹੈ। ਗੁਰੂ ਮਹਾਰਾਜ ਨੇ ਜਦ ਕਿਹਾ ਖਾਓ ਮੁਰਦਾ। ਬਾਬਾ ਬੁੱਢਾ ਜੀ ਤੇ ਗੁਰੂ ਅੰਗਦ ਸਾਹਿਬ ਜੀ ਚਲੇ ਗਏ ਉਨ੍ਹਾਂ ਨੇ ਕਿਹਾ ਕਿ ਕਿੱਧਰੋਂ ਖਾਈਏ? ਮਹਾਰਾਜ ਨੇ ਕਿਹਾ ਕਿ ਸਿਰ ਵੱਲੋਂ ਖਾਓ। ਉਹ ਜਦੋਂ ਕੱਪੜਾ ਚੁੱਕਿਆ ਤਾਂ ਉਥੇ ਕੁਛ ਵੀ ਨਾ, ਉਥੇ ਪ੍ਰਸ਼ਾਦ ਪਿਆ। ਹੁਣ ਇਹਨੂੰ ਵੀ ਅਸੀਂ ਕਰ ਲੈਂਦੇ ਹਾਂ ਕਿ ਇਹ ਕਿਵੇਂ possible ਹੋ ਸਕਦਾ ਹੈ। ਦਿਸਦਾ ਮੁਰਦਾ ਹੋਵੇ ਤੇ ਪ੍ਰਸ਼ਾਦ ਹੋਵੇ। ਇਸੇ ਤਰ੍ਹਾਂ ਨਾਲ ਬਹੁਤ ਚੀਜ਼ਾਂ ਹੋਈਆਂ ਨੇ ਸਿੱਖ ਇਤਿਹਾਸ 'ਚ। ਜਿਹੜੇ ਗੁਰੂ ਮਹਾਰਾਜ ਨੂੰ ਲੈ ਕੇ ਗਏ, ਮਹਾਰਾਜ ਨੇ ਕਿਹਾ ਕਿ ਤੁਸੀਂ ਤਾਂ ਆਹੀ ਖਾਧਾ ਹੈ, ਤੁਸੀਂ ਹੋਰ ਕੁਛ ਨਹੀਂ ਖਾਧਾ।

ਸਵਾਮੀ ਨੇ ਪੁੱਛਿਆ ਕਿ ਜੇ ਮੈਂ ਇਹ ਵਿਦਿਆ ਲਵਾਂ ਤਾਂ ਕਿੰਨਾ ਸਮਾਂ ਮੈਨੂੰ ਲੱਗ ਜਾਏਗਾ? ਕਹਿੰਦੇ, ਵੀਹ ਸਾਲ ਲੱਗਣਗੇ, ਸਾਧਨਾ ਕਰਦੇ। ਫੇਰ ਤੁਹਾਨੂੰ ਇਹ ਮਿਲ ਜਾਏਗੀ। ਸੋ ਸਾਡੇ ਇਤਿਹਾਸ ਵਿੱਚ ਇਹੋ ਜਿਹੀਆਂ ਗੱਲਾਂ ਵੀ ਆਉਂਦੀਆਂ ਨੇ ਉਨ੍ਹਾਂ ਦੀ back ਦੇ ਉਤੇ ਕਾਰਨ ਨੇ, ਸਾਬਤ ਕੀਤੀਆਂ ਜਾ ਸਕਦੀਆਂ ਨੇ।

ਚੰਡੀਗੜ੍ਹ ਇੱਕ ਸੰਤ ਆ ਗਿਆ, ਕੰਬਲ ਦੀ ਬੁੱਕਲ ਮਾਰ ਕੇ ਰੱਖਦਾ ਸੀ। ਕਰਨਲ ਹਰਨਾਮ ਸਿੰਘ ਉਹਦੇ ਘਰ ਆ ਗਏ। ਕਹਿਣ ਲੱਗੇ, ਕਰਨਲ ਕੀ ਖਾਣਾ ਹੈ? ਕਹਿੰਦਾ, ਗਰਮ-ਗਰਮ ਰਸਗੁੱਲੇ। ਕਹਿੰਦੇ, ਥਾਲ ਲਿਆ? ਕੱਪੜਾ ਦੇ ਦੇ ਉੱਤੇ, ਹੱਥ ਰੱਖ ਲੈ ਹੇਠਾਂ ਤੇ ਚੁੱਕ ਲੈ। ਉਹ ਕਰਨਲ ਕਹਿੰਦਾ ਮੇਰਾ ਹੱਥ ਗਰਮ ਹੋਣ ਲੱਗ ਗਿਆ। ਮੈਂ ਕਿਹਾ, ਸਵਾਮੀ ਜੀ! ਮੇਰਾ ਤਾਂ ਹੱਥ ਗਰਮ ਹੋਣ ਲੱਗ ਗਿਆ। ਕਹਿੰਦੇ, ਤੂੰ ਗਰਮ-ਗਰਮ ਰਸਗੁੱਲੇ ਕਿਹਾ ਸੀ, ਰੁਮਾਲ ਲਾਹ ਦੇ। ਕਹਿੰਦਾ ਜਦੋਂ ਮੈਂ ਰੁਮਾਲ ਲਾਹਿਆ ਤਾਂ ਰਸਗੁੱਲੇ ਪਏ।

ਉਹ ਪ੍ਰਤਾਪ ਸਿੰਘ ਕੈਰੋਂ ਕੋਲ ਚਲਿਆ ਗਿਆ ਸੈਕਟਰੀਏਟ। ਉਹ ਕਹਿਣ ਲੱਗੇ ਕਿ ਜੀ ਇਸ ਤੋਂ ਜਿਹੜੀ ਚੀਜ਼ ਮੰਗੋ ਦੇ ਦਿੰਦਾ ਹੈ। ਸਿਆਲ ਦਾ ਮਹੀਨਾ ਸੀ ਪੋਹ ਦਾ ਕਹਿਣ ਲੱਗਿਆ ਸਵਾਮੀ ਜੀ! ਸਾਨੂੰ ਤਾਂ ਅੱਜ ਹੌਲਾਂ ਛਕਾਓ। ਹੌਲਾਂ ਤਾਂ ਉਸ ਮਹੀਨੇ 'ਚ ਹੁੰਦੀਆਂ ਹੀ ਨਹੀਂ। ਕਹਿੰਦਾ, ਮੈਨੂੰ ਇਸ ਤਰ੍ਹਾਂ ਦਸ ਦਿਓ ਇਸ ਵੇਲੇ ਹੋਣਗੀਆਂ ਕਿੱਥੇ? ਕਹਿੰਦੇ, ਤਾਸ਼ਕੰਦ 'ਚ। ਕਹਿੰਦੇ, ਲਓ ਹੁਣੇ ਆਈਆਂ? ਥੋੜ੍ਹੀ ਦੇਰ ਬਾਅਦ ਕੰਬਲ ਚੁੱਕਿਆ, ਬਹੁਤ ਸਾਰੀਆਂ ਬਣਾ ਕੇ ਦੇ ਦਿੱਤੀਆਂ।

ਫੇਰ ਉਹ ਫਲੈਚਰ ਸੀ ਕਮਿਸ਼ਨਰ, ਉਹਦੇ ਕੋਲ ਚਲਿਆ ਗਿਆ, ਉਹਨੇ ਵੀ ਇਵੇਂ ਜਿਵੇਂ ਕਰਿਆ, ਉਹਨੂੰ ਵੀ ਕਰ ਕੇ ਦਿਖਾ ਦਿੱਤਾ।

ਇਹ ਇੱਕ ਵਿਦਿਆ ਸੀ ਇੰਡੀਆ ਦੇ ਅੰਦਰ, ਹੁਣ ਵੀ ਹੈਗੀ, limited ਹੈ। ਕਿਸੇ ਚੀਜ਼ ਨੂੰ ਕੁਛ ਬਣਾ ਦੇਣਾ। ਸੋ ਗੁਰੂ ਮਹਾਰਾਜ ਦੇ ਉਤੇ ਜਿਹੜਾ ਉਹ ਇਹ ਕਹਿ ਦਿੰਦੇ ਨੇ ਕਿ ਪੱਖ ਲੈਂਦੇ ਨੇ ਜੀ ਉਥੇ ਮੁਸਲਮਾਨੀ ਖਾਣਾ ਖਾਧਾ ਸੀ ਸਿੰਘਾਂ ਨੇ, ਇਹ ਗੱਲ ਨਹੀਂ ਹੈ। ਮਹਾਰਾਜ

ਐਵੇਂ ਨਹੀਂ ਸੀਗੇ। ਧਰਮ ਸੰਕਟ 'ਚ ਨਹੀਂ ਸੀ ਪੈਣ ਦਿੰਦੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਚਲਦੇ-ਚਲਦੇ ਹੌਲੀ-ਹੌਲੀ ਮਾਲਵੇ ਦੇ ਵਿੱਚ ਹੇਹਰ ਪਿੰਡ ਪਹੁੰਚ ਜਾਂਦੇ ਨੇ। ਇਨ੍ਹਾਂ ਨੇ ਇੱਥੋਂ ਨੇੜੇ ਜਾ ਕੇ ਵਿਦਾ ਕਰ ਦਿੱਤਾ ਤੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤੀ ਪੀਰ ਨੂੰ, ਹੁਕਮਨਾਮਾ ਦਿੱਤਾ ਤੇ ਗਨੀ ਖਾਂ ਨਬੀ ਖਾਂ ਨੂੰ ਹੁਕਮਨਾਮਾ ਦਿੱਤਾ ਕਹਿਣ ਲੱਗੇ ਇਨ੍ਹਾਂ ਨੇ ਸਾਡੀ ਬਹੁਤ ਮਦਦ ਕਰੀ ਹੈ। ਮੇਰਾ ਖਾਲਸਾ ਏਸ ਮਦਦ ਨੂੰ ਯਾਦ ਰੱਖੇਗਾ, ਜਦ ਇਹ ਹੁਕਮਨਾਮਾ ਦਿਖਾਉਣ ਇਨ੍ਹਾਂ ਨੂੰ ਕੁਛ ਭੇਟਾ ਜ਼ਰੂਰ ਕਰਨੀ। ਪੁਸ਼ਤਾਂ ਦੀਆਂ ਰੋਟੀਆਂ ਲਾ ਦਿੱਤੀਆਂ ਉਨ੍ਹਾਂ ਦੇ। ਸੋ ਇਸ ਤਰ੍ਹਾਂ ਚਲਦੇ ਹੋਏ ਜਦੋਂ ਲੰਮੇ ਗ੍ਰਾਮ ਪਹੁੰਚਦੇ ਨੇ ਉਥੇ ਰਾਏ ਕੱਲਾ ਸੀ ਰਾਏਕੋਟ ਦਾ ਮੁਸਲਮਾਨ ਰਾਜਾ। ਉਹ ਆ ਗਿਆ ਤੇ ਉਥੇ ਗੱਲਬਾਤ ਸਿੰਘਾਂ ਤੋਂ ਸੁਣੀ। ਬਹੁਤ ਅਫਸੋਸ 'ਚ ਚਲਿਆ ਗਿਆ, ਜਿੰਨਿਆਂ ਨੇ ਵੀ ਵੀ ਸੁਣਿਆ, ਰੋਣਾ ਸ਼ੁਰੂ ਕਰ ਦਿੱਤਾ ਸਾਰਿਆਂ ਨੇ ਬਈ ਐਡੀ ਦੁਖਾਂਤ ਘਟਨਾ ਗੁਰੂ ਸਾਹਿਬ ਨਾਲ ਹੋਈ? ਬੱਚਿਆਂ ਦਾ ਕੋਈ ਪਤਾ ਨਹੀਂ, ਮਾਤਾਵਾਂ ਦਾ ਕੋਈ ਪਤਾ ਨਹੀਂ, ਬੁੱਢੀ ਮਾਤਾ ਦਾ ਕੋਈ ਪਤਾ ਨਹੀਂ ਕਿੱਥੇ ਹੈ? ਦੋ ਸਾਹਿਬਜ਼ਾਦੇ ਤਾਂ ਉਨ੍ਹਾਂ ਦੀਆਂ ਅੱਖਾਂ ਸਾਮ੍ਹਣੇ ਸ਼ਹੀਦ ਹੋ ਚੁੱਕੇ ਨੇ। ਬਹੁਤ ਨੀਵੀਂ ਪਾਈ ਬੈਠੇ ਨੇ।

ਅਖੀਰ ਰਾਏ ਕੱਲੇ ਕਿਹਾ ਕਿ ਮਹਾਰਾਜ! ਤੁਸੀਂ ਤਾਂ ਸਮਰੱਥ ਪੁਰਸ਼ ਓਂ? ਪਰ ਸਾਡਾ ਤਾਂ ਦਿਲ ਟੁੱਟਦਾ ਹੈ ਜਦੋ ਅਸੀਂ ਇਹ ਗੱਲਾਂ ਸੁਣਦੇ ਹਾਂ। ਮਹਾਰਾਜ ਤੁਸੀਂ ਇਹ ਬਦਲ ਦੇਣਾ ਸੀ ਸਾਰਾ ਕੁਛ, ਸਮਰੱਥ ਪੁਰਸ਼ ਓਂ, ਉਸ ਵੇਲੇ ਮਹਾਰਾਜ ਨੇ ਐਸੀ ਬਾਤ ਫੁਰਮਾਈ -

***ਧਾਰਨਾ - ਭਾਵੀ ਨਾ ਮਿਟਦੀ ਹੈ, ਲਿਖੀ ਕਰਤਾਰ ਨੇ ਜੋ।***

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ - 937***

ਗੁਰੂ ਸਮਰੱਥ ਹੈ ਸਾਡੇ ਲੇਖਾਂ ਨੂੰ ਮੇਟ ਸਕਦਾ ਹੈ। ਸੂਲੀ ਦੀ ਸੂਲ ਬਣਾ ਸਕਦਾ ਹੈ। ਲੇਕਿਨ ਜੋ ਕੁਛ ਉਨ੍ਹਾਂ ਦਾ part ਹੈ ਉਹਨੂੰ ਨਹੀਂ ਬਦਲਦਾ। ਜੋ ਮਿਲਿਆ ਹੈ ਧੁਰ ਦਰਗਾਹ ਤੋਂ ਉਹਦੇ ਮੁਤਾਬਿਕ ਹੀ ਚਲਦਾ ਹੈ। ਇੱਥੇ ਭਾਰਤ ਵਰਸ਼ ਵਿੱਚ ਇੱਕ ਬਹੁਤ ਵੱਡਾ ਰਾਜਾ ਹੋਇਆ ਹੈ। 130 ਸਾਲ ਉਹਨੇ ਰਾਜ ਕਰਿਆ ਸੀ। ਉਹਦਾ ਨਾਉਂ ਸੀ ਜਨਮੇਜਾ। ਅਰਜਨ ਦਾ ਉਹ ਪੜੌਤਾ ਸੀ। ਵੇਦ ਵਿਆਸ ਜੀ ਉਹਦੇ ਕੋਲ ਆਏ। ਉਹਨੇ ਕਿਹਾ ਕਿ ਵਿਆਸ ਜੀ ਤੁਸੀਂ ਸੀਗੇ, ਕ੍ਰਿਸ਼ਨ ਮਹਾਰਾਜ ਜੀ, ਭਿਸ਼ਮ ਪਿਤਾਮਾ ਸੀ, ਦਰੋਣਾਚਾਰੀਆ ਸੀ, ਪਰ ਤੁਹਾਡੇ ਹੁੰਦੇ ਹੋਏ ਮਹਾਂਭਾਰਤ ਦਾ ਯੁੱਧ ਕਿਉਂ ਹੋਇਆ? ਕਿਉਂ ਵਿਨਾਸ਼ ਹੋਇਆ ਐਡਾ ਵੱਡਾ। 45 ਲੱਖ ਬੰਦਾ 18 ਦਿਨਾਂ 'ਚ ਮਰਿਆ ਸੀ ਤੇ ਹਿੰਦੋਸਤਾਨ ਦਾ ਬਹੁਤ ਪਤਨ ਹੋਇਆ ਉਸ ਤੋਂ ਬਾਅਦ, ਤੁਸੀਂ ਹਟਾ ਨਹੀਂ ਸੀ ਸਕਦੇ? ਬਹੁਤ ਸਾਰੀਆਂ ਗੱਲਾਂ ਕਰੀਆਂ, ਉਹ ਕਹਿੰਦੇ ਤੁਹਾਨੂੰ ਹਟਾ ਦੇਣੀ ਚਾਹੀਦੀ ਸੀ। ਉਹ ਕਹਿੰਦੇ ਕ੍ਰਿਸ਼ਨ ਮਹਾਰਾਜ ਮਧਹਸਤ ਹੋ ਕੇ ਵੀ ਗਏ, ਪਰ ਉਹ ਨਹੀਂ ਮੰਨਿਆ, ਭਾਵੀ ਐਸੀ ਸੀ। ਕਹਿੰਦੇ ਇਹ ਤਾਂ ਬੜਾ ਸੌਖਾ ਹੈ ਕਹਿਣਾ

ਜਦੋਂ ਗੱਲ ਹੋ ਜਾਵੇ ਫੇਰ ਕਹਿ ਦਿਓ ਜੀ ਵਾਹਿਗੁਰੂ ਦਾ ਹੁਕਮ ਸੀ। ਭਾਵੀ ਸੀ। ਗੱਲ ਹੋਣ ਤੋਂ ਬਾਅਦ ਤਾਂ ਫੇਰ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ। ਕਹਿੰਦਾ ਲੱਗੇ ਜੇ ਮੈਨੂੰ ਪਤਾ ਕਿ ਮੇਰੇ ਨਾਲ ਭਾਵੀ ਕੀ ਬੀਤਣੀ ਹੈ ਤੇ ਮੈਂ ਕਦੇ ਵੀ ਨਾ ਹੋਣ ਦੇਵਾਂ। ਉਹ ਕਹਿੰਦੇ, ਨਹੀਂ ਜਨਮੇਜਾ! ਇਸ ਤਰ੍ਹਾਂ ਨਹੀਂ ਹੁੰਦਾ, ਜਦੋਂ ਬਾਰ-ਬਾਰ ਹਠ ਕਰਿਆ, ਕਹਿੰਦੇ ਲੈ, ਤੂੰ ਇੱਕ ਘੋੜੀ ਖਰੀਦੇਂਗਾ, ਉਸ ਘੋੜੀ 'ਤੇ ਚੜ੍ਹ ਕੇ ਜਾਏਂਗਾ, ਦੱਖਣ ਦਿਸ਼ਾ। ਉਥੇ ਇੱਕ ਖ਼ੂਬਸੂਰਤ ਅਨਾਰੀਅਨ ਲੜਕੀ ਹੋਏਗੀ, ਆਰੀਅਨ ਨਹੀਂ ਹੋਏਗੀ, ਦੇਸੀ ਹੋਏਗੀ। ਉਹਨੂੰ ਤੂੰ ਲੈ ਆਏਂਗਾ, ਮਹਿਲਾਂ 'ਚ ਤੇ ਬਗੈਰ ਵਿਆਹ ਤੋਂ ਰੱਖੇਂਗਾ ਕਿਉਂਕਿ ਕਿਸੇ ਨੇ ਵੀ ਉਹਦੀਆਂ ਲਾਵਾਂ ਨਹੀਂ ਪੜ੍ਹਨੀਆਂ ਪੰਡਤ ਨੇ। ਕਿਉਂਕਿ ਅਨਾਰੀਅਨ, ਆਰੀਅਨ ਦਾ ਬਹੁਤ ਜ਼ਿਆਦਾ ਵਿਵਾਦ ਸੀ ਇੱਥੇ। ਨਾ ਤਾਂ ਭੇਤ ਦਿੰਦੇ ਸੀ, ਨਾ ਓਅੰਕਾਰ ਦਾ ਮੰਤਰ ਜਪਣ ਦਿੰਦੇ ਸੀ, ਨਾ ਨੇੜੇ ਲੱਗਣ ਦਿੰਦੇ ਸੀ ਕਿ ਸਾਡੀ ਸਾਇੰਸ ਸਿੱਖ ਜਾਏਗਾ ਇਹ। ਦੂਰ ਰੱਖਦੇ ਸੀ। ਇਹ ਹੁਣ ਲੈ ਆਇਆ। ਲਿਆਇਆ ਹੋਇਆ ਤਾਂ ਪਰਜਾ 'ਚ ਰੌਲਾ ਪੈ ਗਿਆ। ਇਹਨੂੰ ਕਿਹਾ ਕਿਸੇ ਨੇ ਕਿ ਤੂੰ ਅਸ੍ਵਮੇਧ ਯੱਗ ਕਰ, ਇਹਦੀ ਜਿਹੜੀ ਘੋੜੀ ਸੀ ਕਾਲਾ ਵਛੇਰਾ ਹੋਇਆ ਇਹਦੇ। ਕਾਲੇ ਵਛੇਰੇ ਨੂੰ ਸ਼ਿੰਗਾਰ ਕੇ ਭੇਜਿਆ ਗਿਆ, ਅਸ੍ਵਮੇਧ ਯੱਗ ਕਰਿਆ ਤਾਂ ਉਸ ਵੇਲੇ ਬ੍ਰਾਹਮਣ ਕੋਈ ਨਾ ਆਇਆ। ਇਹ ਯੂਨੀਵਰਸਿਟੀਆਂ 'ਚ ਪੜ੍ਹਦੇ, ਵਿਦਿਆਲਿਆਂ 'ਚ ਪੜ੍ਹਦੇ ਹੋਏ ਪੰਡਤਾਂ ਦੇ ਲੜਕਿਆਂ ਨੂੰ ਲੈ ਗਿਆ, ਅਠਾਰ੍ਹਾਂ ਗੋਤਾਂ ਦੇਆਂ ਨੂੰ। ਉਸ ਵੇਲੇ ਉਹ ਕਹਿਣ ਲੱਗੇ ਕਿ ਐਸ ਤਰ੍ਹਾਂ ਕਰੇਂਗਾ। ਫੇਰ ਜਦੋਂ ਤੂੰ ਯੱਗ ਕਰਦਾ ਹੋਏਂਗਾ ਤੇਰੀ ਰਾਣੀ ਦਾ ਪੱਲਾ ਉਡ ਜਾਏਗਾ। ਇੱਕ ਕੱਪੜੇ 'ਚ ਹੋਏਗੀ ਉਹ। ਉਹ ਬੱਚਿਆਂ ਨੇ ਆਪਣੀ ਗੱਲ 'ਤੇ ਹੱਸਣਾ ਹੈ ਤੂੰ ਕਹਿਣਾ ਹੈ ਕਿ ਉਹਦੇ ਵਾਸਤੇ ਹੱਸੇ ਨੇ। ਤੂੰ ਉਨ੍ਹਾਂ ਸਾਰਿਆਂ ਨੂੰ ਮਾਰ ਦਏਂਗਾ। ਤੈਨੂੰ ਕੋਹੜ ਹੋ ਜਾਏਗਾ। ਇਸ ਤੋਂ ਬਾਅਦ ਮੈਂ ਆਵਾਂਗਾ, ਤੂੰ ਮੇਰੇ ਕੋਲ ਰੋਵੇਂਗਾ, ਗਲਤੀਆਂ ਮੰਨੇਂਗਾ, ਮੈਂ ਤੈਨੂੰ ਭਾਗਵਤ ਗਤਾ ਸੁਣਾਵਾਂਗਾ ਵਾਹਿਗੁਰੂ ਦੀ। ਉਹਦੇ ਵਿੱਚ ਇੱਕ ਮੰਤਰ ਬਲ ਦੀ ਸਾਖੀ ਆਏਗੀ ਬਈ ਭੀਮ ਨੇ ਹਾਥੀ ਮਾਰੇ ਸੀ ਹੁਣ ਤੱਕ ਘੁੰਮ ਰਹੇ ਨੇ। ਉਥੇ ਤੂੰ ਨਾਂਹ ਕਹਿ ਦੇਣੀ ਹੈ, ਉਹਦੇ ਨਾਲ ਤੇਰੀ ਮੌਤ ਹੋ ਜਾਣੀ ਹੈ। ਤੂੰ ਕਰ ਲੈ ਜਿਹੜਾ ਕੁਛ ਕਰਨਾ ਹੈ।

ਆਰਡਰ ਦੇ ਦਿੱਤੇ ਇਸਨੇ ਕਿ ਕੋਈ ਘੋੜੀ, ਘੋੜਾ ਖਰੀਦਣਾ ਨਹੀਂ। ਚਾਰ ਸਾਲ ਬਾਅਦ ਜਿਹੜੇ ਸੈਨਾਪਤੀ ਸੀ ਉਹ ਕਹਿਣ ਲੱਗੇ ਮਹਾਰਾਜ! ਆਪਣੀ ਸੈਨਾ ਹਾਰ ਜਾਏਗੀ, ਘੋੜੇ ਬੁੱਢੇ ਹੋ ਗਏ ਨੇ, ਨਵੇਂ ਆ ਨਹੀਂ ਰਹੇ। ਉਸ ਵੇਲੇ ਹੁਕਮ ਲੈ ਲਿਆ ਕਿ ਘੋੜੇ ਖਰੀਦ ਲਓ। ਉਸ ਤੋਂ ਬਾਅਦ ਇੱਕ ਘੋੜੀ ਆ ਗਈ ਸਾਰੇ ਕਹਿਣ ਲੱਗੇ ਕਿ ਜੀ ਇਹ ਘੋੜੀ ਤਾਂ ਤੁਹਾਡੇ ਲਾਇਕ ਹੈ। ਤੁਸੀਂ ਇਸ ਉਤੇ ਚੜ੍ਹਨਾ ਨਾ, ਉਹ ਵੀ ਲੈ ਲਈ। ਉਹ ਘੋੜੀ ਸੁਸਤ ਰਹਿਣ ਲੱਗ ਗਈ। ਕੋਈ ਹੋਰ ਚੜ੍ਹੇ ਨਾ। ਕਿਹਾ ਕਿ ਤੁਸੀਂ ਚੜ੍ਹ ਤਾਂ ਜਾਓ ਪਰ ਦੱਖਣ ਦਿਸ਼ਾ ਨਾ ਜਾਇਓ। ਇਸ ਸ਼ਰਤ 'ਤੇ ਚੜ੍ਹਨ ਲੱਗ ਗਿਆ। ਇੱਕ ਦਿਨ ਉਹਨੂੰ ਭਰਮ ਹੋ ਗਿਆ

ਰਸਤੇ ਦਾ। ਹਰੇਕ ਦੇ ਦਿਮਾਗ 'ਚ ਹੋ ਜਾਂਦਾ ਹੁੰਦਾ ਹੈ। ਉਹਨੂੰ ਪਤਾ ਨਾ ਲੱਗਿਆ ਕਿ ਮੈਂ ਦੱਖਣ ਨੂੰ ਜਾਂਦਾ ਹਾਂ। ਦਿਸ਼ਾ ਭਰਮ ਕਹਿੰਦੇ ਨੇ ਇਹਨੂੰ।

ਇੱਕ ਵਾਰੀ ਮੈਂ ਯੂ.ਪੀ ਨੂੰ ਜਾ ਰਿਹਾ ਸੀ। ਅੰਬਾਲੇ ਤੋਂ ਹੀ ਮੈਨੂੰ ਹੋ ਗਿਆ ਦਿਸ਼ਾ ਭਰਮ, ਮੈਂ ਕਿਹਾ ਅੰਮ੍ਰਿਤਸਰ ਨੂੰ ਜਾ ਰਿਹਾ ਹਾਂ। ਬਥੇਰਾ ਮੈਂ ਆਪਣੇ ਆਪ ਨੂੰ ਕਰਿਆ ਪਰ ਭਰਮ ਜਾਵੇ ਹੀ ਨਾ। ਅਖੀਰ ਉਤਰ ਕੇ ਮੈਂ ਸਟੇਸ਼ਨ 'ਤੇ ਖੜ੍ਹਾ ਹੋ ਗਿਆ ਦੇਖਿਆ ਕਿ ਆਹੀ ਸਟੇਸ਼ਨ ਹੈ ਅੰਬਾਲੇ ਦਾ। ਗੱਡੀ ਦਾ ਇੰਜਣ ਤਾਂ ਇਧਰ ਨੂੰ ਹੀ ਲੱਗਿਆ ਹੈ। ਜਦੋਂ ਵਿੱਚ ਬੈਠ ਗਿਆ ਫੇਰ ਹੋ ਗਿਆ, ਇਹਨੂੰ ਦਿਸ਼ਾ ਭਰਮ ਕਹਿੰਦੇ ਨੇ। ਆਦਮੀ ਨੂੰ ਹੋ ਜਾਂਦਾ ਹੁੰਦਾ ਹੈ।

ਉਹ ਦਿਸ਼ਾ ਭੁੱਲ ਕੇ ਦੱਖਣ ਨੂੰ ਚਲਿਆ ਗਿਆ, ਉਥੇ ਪਿਆਸ ਲੱਗੀ, ਝੌਂਪੜੀ ਕੋਲ ਚਲਿਆ ਗਿਆ, ਉਥੇ ਲੜਕੀ ਬਾਹਰ ਆਈ, ਖ਼ੂਬਸੂਰਤ ਸੀ ਉਹਨੂੰ ਨਾਲ ਹੀ ਬਿਠਾਲ ਲਿਆਇਆ। ਰਿਆਇਆ 'ਚ ਰੌਲਾ ਪੈ ਗਿਆ। ਹੁਣ ਕਹਿੰਦੇ ਕਿ ਯੱਗ ਕਰਨਾ ਹੈ, ਚਲੋ ਯੱਗ ਮੈਂ ਕਰ ਦਿੰਦਾ ਹਾਂ। ਮੈਂ ਨਹੀਂ ਕਿਸੇ ਨੂੰ ਮਾਰਾਂਗਾ ਮੈਨੂੰ ਪਤਾ ਹੈ। ਜਦੋਂ ਯੱਗ ਕਰਦਾ ਸੀ, ਰਾਣੀ ਹਰ ਵਾਰੀ ਕੱਪੜਾ ਬਦਲ ਕੇ ਆਉਂਦੀ। ਲੜਕੇ ਸੀਗੇ ਉਹ ਕਹਿਣ ਲੱਗੇ ਕਿ ਕਿੰਨੀਆਂ ਕੁ ਰਾਣੀਆਂ ਨੇ ਇਹਦੀਆਂ? ਇੱਕ ਸਿਆਣਾ ਸੀ ਕਹਿੰਦਾ ਇੱਕੋ ਹੀ ਹੈ। ਕਹਿੰਦੇ ਸਾੜ੍ਹੀ ਤਾਂ ਹਰ ਵੇਲੇ ਬਦਲੀ ਹੁੰਦੀ ਹੈ? ਉਹ ਕਹਿੰਦਾ, ਹੈ ਇੱਕੋ। ਕਹਿੰਦੇ ਤੈਨੂੰ ਕਿਵੇ ਪਤਾ ਹੈ? ਕਹਿੰਦਾ, ਮੈਂ ਨਹੁੰ 'ਤੇ ਰੱਖ ਚੌਲ ਮਾਰਿਆ ਸੀ ਇਹਦੇ ਪੈਰ 'ਤੇ ਲੱਗਿਆ ਹੋਇਆ ਹੈ। ਉਹ ਜਦੋਂ ਰਾਣੀ ਆਈ ਸਾਰੇ ਮੁੰਡੇ ਦੇਖ ਕੇ ਹੱਸ ਪਏ। ਉਧਰ ਕੱਪੜਾ ਉੱਡ ਗਿਆ। ਉਹਨੂੰ ਸਮਝ ਹੀ ਨਾ ਰਹੀ ਕਿ ਮੈਂ ਮਾਰਨੇ ਨਹੀਂ। ਉਸੇ ਵੇਲੇ ਬ੍ਰਾਹਮਣਾਂ ਦੇ ਬੱਚੇ ਕੜਾਹਿਆਂ 'ਚ, ਭੱਠੀਆਂ 'ਚ ਸੁੱਟ ਦਿੱਤੇ। ਮਾਰ ਦਿੱਤੇ।

ਉਸ ਤੋਂ ਬਾਅਦ ਵੇਦ ਵਿਆਸ ਜੀ ਆਏ ਕਹਿੰਦੇ ਕਿਉਂ ਹੋ ਗਿਆ ਸਭ ਕੁਛ? ਹੁਣ ਉਹ ਵੀ ਹੋ ਜਾਣਾ ਹੈ। ਸਾਰੀ ਕਥਾ ਸੁਣਾ ਕੇ ਜਦੋਂ ਉਹ ਪ੍ਰਕਰਣ ਆਇਆ। ਕਹਿੰਦਾ, ਹੁਣ ਮੈਂ ਸੁਣਾਉਣ ਲੱਗਿਆ ਹਾਂ ਕਿ ਭੀਮ ਨੇ ਹਾਥੀ ਮਾਰੇ, sphere 'ਚ ਫਿਰਦੇ ਨੇ। ਇਹਨੇ ਨੱਕ ਮਾਰ ਦਿੱਤਾ। ਕਹਿੰਦੇ ਕਿਉਂ ਬਈ? ਕਹਿੰਦਾ ਤੁਹਾਡੇ ਕਹਿਣ 'ਤੇ ਤਾਂ ਮੈਂ ਮੰਨ ਲੈਂਦਾ ਹਾਂ ਪਰ ਮਨੁੱਖੀ ਬਲ ਐਨਾ ਨਹੀਂ ਹੈ। ਕਹਿੰਦੇ ਮੈਂ ਕੋਈ ਮਨੁੱਖੀ ਬਲ ਦੀ ਗੱਲ ਕਰ ਰਿਹਾ ਹਾਂ? ਮੈਂ ਤਾਂ ਮੰਤ੍ਰ ਬਲ ਦੀ ਗੱਲ ਕਰੀ ਹੈ। ਉਹਨੇ ਮੰਤ੍ਰ ਬਲ ਨਾਲ ਥੱਲੇ ਲਾਹ ਦਿੱਤੇ। ਨੱਕ 'ਤੇ ਕੋਹੜ ਰਹਿ ਗਿਆ, ਉਹਦੇ ਨਾਲ ਮਰ ਗਿਆ। ਮਹਾਰਾਜ ਇਸ ਗੱਲ ਦਾ ਦ੍ਰਿਸ਼ਟਾਂਤ ਦਿੰਦੇ ਹੋਏ ਫੁਰਮਾਨ ਕਰਦੇ ਨੇ –

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***
***ਅੰਗ – 1344***

ਸੋ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਇਵੇਂ ਹੀ ਹੋਣਾ ਸੀ।

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਨਹੀਂ ਮਾਤਾ ਦੀ ਖਬਰ ਨਹੀਂ ਆਈ ਕੋਈ, ਨਾ ਮਾਤਾ ਸੁੰਦਰੀ ਜੀ ਦੀ ਆਈ ਹੈ। ਕੋਈ ਹੁਸ਼ਿਆਰ ਬੰਦਾ ਦੇਖੋ ਜਿਹੜਾ ਭੇਤ ਲੈ ਆਵੇ। ਉਹ ਕਹਿਣ ਲੱਗੇ, ਮਹਾਰਾਜ! ਜੇ ਅਸੀਂ ਇੱਥੋਂ ਕੋਈ ਭੇਜਦੇ ਹਾਂ ਹਿੰਦੂ, ਉਨ੍ਹਾਂ ਨੇ ਪੂਰੀ ਖਬਰ ਨਹੀਂ ਦੇਣੀ। ਮੇਰਾ ਇੱਕ ਮਾਂਹੀ ਹੈ ਉਹ ਬਹੁਤ ਹੁਸ਼ਿਆਰ ਬੰਦਾ ਹੈ, ਆਗਿਆ ਹੋਵੇ ਤਾਂ ਉਹਨੂੰ ਭੇਜ ਦੇਵਾਂ। ਤਿੰਨ ਕੁ ਚਾਰ ਦਿਨ ਲੱਗ ਜਾਣਗੇ, ਕਿਉਂਕਿ 40 ਕੋਹ ਹੈ। 60 ਮੀਲ ਹੁੰਦਾ ਹੈ 40 ਕੋਹ ਦਾ, 100 ਕਿਲੋਮੀਟਰ ਹੁੰਦਾ ਹੈ। ਦੋ ਦਿਨਾਂ ਚਲਿਆ ਜਾਏਗਾ, ਇੱਕ ਦਿਨ ਖਬਰ ਲਏਗਾ, ਦੋ ਦਿਨਾਂ 'ਚ ਆ ਜਾਏਗਾ। ਮਹਾਰਾਜ ਕਹਿਣ ਲੱਗੇ ਕਿ ਇਹ ਤਾਂ ਜ਼ਿਆਦਾ ਹੈ ਸਮਾਂ। ਅੱਜ ਹੀ ਜਾਵੇ ਅੱਜ ਹੀ ਹਾਜ਼ਰ ਹੋਵੇ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਇਸ ਬਾਰੇ ਕੁਛ ਕਹਿ ਨਹੀਂ ਸਕਦੇ। ਤੁਸੀਂ ਸਮਰੱਥ ਪੁਰਸ਼ ਹੋਂ। ਮਾਂਹੀ ਨੂੰ ਭੇਜ ਦਿੱਤਾ। ਮਹਾਰਾਜ ਕਹਿਣ ਲੱਗੇ, ਲੈ ਜਿੱਥੇ ਤੇਰਾ ਜੀਅ ਕਰਦਾ ਹੈ ਚਲਿਆ ਜਾਈਂ, ਤੈਨੂੰ ਕੋਈ ਦੇਖੇਗਾ ਨਹੀਂ। ਜਿਹਦੀ ਗੱਲ ਸੁਣੇਂਗਾ ਕੋਲ ਹੋ ਕੇ ਸੁਣ ਲਈਂ ਕੋਈ ਦੇਖੇਗਾ ਨਹੀਂ ਤੈਨੂੰ। ਮੁੜ ਆਈਂ ਸਭ ਖਬਰ ਲੈ ਕੇ। ਮਾਂਹੀ ਨੇ ਦੋ ਚਾਰ ਕਦਮਾਂ ਪੁੱਟੀਆਂ, ਸਰਹੰਦ ਪਹੁੰਚ ਗਿਆ। ਉਥੇ ਫੇਰ ਮਹਾਰਾਜ ਜੀ, ਜਦੋਂ ਦੁਪਹਿਰਾ ਲੰਘ ਗਿਆ। ਕਹਿੰਦੇ, ਦੇਖੋ ਤਾਂ ਮਾਂਹੀ ਆਉਂਦਾ ਹੈ। ਰਾਏ ਕੱਲਾ ਉਥੇ ਹੀ ਬੈਠੇ ਸੀ ਸਾਰੇ। ਕਹਿੰਦੇ, ਮਹਾਰਾਜ! ਅੱਜ ਤਾਂ ਗਿਆ, 60 ਮੀਲ ਜਾਣਾ ਹੈ ਉਹਨੇ। ਮਹਾਰਾਜ ਕਹਿੰਦੇ ਆਹ ਦਰਖਤ 'ਤੇ ਦੇਖੋ ਚੜ੍ਹ ਕੇ। ਉਹ ਦੇਖਿਆ ਤਾਂ ਉਪਰਲੇ ਨੇ ਕਿਹਾ ਕਿ ਮਹਾਰਾਜ! ਕੋਈ ਨਜ਼ਰ ਤਾਂ ਆ ਨਹੀਂ ਰਿਹਾ। ਫੇਰ ਥੋੜ੍ਹੇ ਜਿਹੇ ਬਚਨ ਹੋਏ, ਮਹਾਰਾਜ ਕਹਿੰਦੇ ਫੇਰ ਦੇਖੋ ਤਾਂ ਆ ਤਾਂ ਨਹੀਂ ਰਿਹਾ। ਉਨ੍ਹਾਂ ਦੇ ਮਨ 'ਚ ਸ਼ੱਕ ਪੈ ਗਿਆ ਕਿ ਮਹਾਰਾਜ! ਐਨੇ ਕਾਹਲੇ ਕਿਉਂ ਹੋਏ ਹੋਏ ਨੇ। ਇਹ ਤਾਂ ਹੋ ਹੀ ਨਹੀਂ ਸਕਦਾ ਕਿ ਉਹ ਐਨੀ ਜਲਦੀ ਆ ਜਾਵੇ। ਉਹ ਜਿਹੜਾ ਉਪਰ ਚੜ੍ਹਿਆ ਹੋਇਆ ਸੀ ਬਰੋਟੇ ਦੇ ਉਹ ਕਹਿਣ ਲੱਗਿਆ ਕਿ ਮਹਾਰਾਜ! ਆ ਰਿਹਾ ਹੈ ਉਹ, ਸਾਮ੍ਹਣੇ ਆ ਰਿਹਾ ਹੈ। ਸਾਰੇ ਹੈਰਾਨ ਹੋ ਗਏ। ਮਾਹੀ ਉਸੇ ਦਿਨ ਆ ਗਿਆ, ਦੁਪਹਿਰ ਤੋਂ ਬਾਅਦ। ਉਹ ਜਦੋਂ ਆ ਗਿਆ ਧਾਹਾਂ ਮਾਰਦਾ ਹੀ ਆਉਂਦਾ ਹੈ ਗੁਰੂ ਸਾਹਿਬ ਕੋਲ। ਬੋਲ ਨਹੀਂ ਸਕਦਾ। ਮਹਾਰਾਜ ਕਹਿੰਦੇ, ਤੂੰ ਦਸ ਤਾਂ ਸਹੀ ਕੀ ਹੋਇਆ ਹੈ? ਬੋਲਦਾ ਨਹੀਂ, ਆਉਂਦਾ ਹੈ ਗਲੇ ਤੱਕ ਬੋਲ, ਫੇਰ ਰੁਕ ਜਾਂਦਾ ਹੈ।

ਜਦੋਂ ਮਹਾਰਾਜ ਨੇ ਫੇਰ ਕਿਹਾ ਉਹਨੇ ਐਸੀ ਬੇਨਤੀ ਕਰੀ –

***ਧਾਰਨਾ – ਦੱਸਿਆ ਨਹੀਂ ਜਾਂਦਾ ਸਾਹਿਬਾ,***
***ਕਿਵੇਂ ਦੱਸਾਂ ਬੋਲ ਕੇ।***

ਦੱਸ ਨਹੀਂ ਹੁੰਦਾ, ਯਤਨ ਕਰਦਾ ਹੈ ਫੇਰ ਗੱਚ ਉੱਠਦਾ ਹੈ। ਕਹਿੰਦਾ, ਮਹਾਰਾਜ ਮੇਰੇ ਤੋਂ ਦੱਸ ਨਹੀਂ ਹੁੰਦਾ। ਤੁਸੀਓਂ ਕ੍ਰਿਪਾ ਕਰੋ ਮੇਰੇ ਉਤੇ। ਮਹਾਰਾਜ ਨੇ ਧਰਵਾਸ ਦਿੱਤਾ ਕਿ ਕੋਈ ਨਾ ਜੋ ਕੁਛ ਹੋਣਾ ਸੀ ਉਹ ਤਾਂ ਹੋ ਗਿਆ। ਤੂੰ ਜੋ ਕੁਛ ਦੇਖਿਆ ਹੈ ਉਹ ਦੱਸ ਸਾਨੂੰ। ਉਸ ਵੇਲੇ ਕਹਿਣ

ਲੱਗਿਆ ਕਿ ਮਹਾਰਾਜ! ਮੈਂ ਜਦੋਂ ਤੁਹਾਡੇ ਕੋਲੋਂ ਚੱਲਿਆ, ਸਵੇਰਾ ਸੀਗਾ, ਮੈਂ ਹੈਰਾਨ ਹੋ ਗਿਆ ਕਿ ਮੈਂ ਦਿਨ ਚੜ੍ਹਦੇ ਨੂੰ ਹੀ ਉਥੇ ਪਹੁੰਚ ਗਿਆ। ਫੇਰ ਮੈਂ ਕੀ ਦੇਖਦਾ ਹਾਂ ਕਿ ਘਰ-ਘਰ ਦੇ ਵਿੱਚ ਸਿਆਪੇ ਹੋ ਰਹੇ ਨੇ। ਕੋਈ ਘਰ ਨਹੀਂ ਜਿੱਥੇ ਰੋਣਾ ਪਿੱਟਣਾ ਨਹੀਂ ਪਿਆ ਹੋਇਆ। ਤੁਹਾਡੇ ਹੁਕਮ ਦੇ ਮੁਤਾਬਿਕ ਮੈਂ ਕੋਲ ਹੋਇਆ, ਉਥੇ ਜਾ ਕੇ ਉਨ੍ਹਾਂ ਦੀਆਂ ਗੱਲਾਂ ਵੀ ਸੁਣੀਆਂ। ਹਰੇਕ ਥਾਂ 'ਤੇ ਕਹਿ ਰਹੇ ਸੀ ਕਿ ਇਨ੍ਹਾਂ ਪਾਪੀਆਂ ਨੇ ਪਾਪ ਕਰਿਆ ਹੈ ਕੁਰਾਨ ਸ਼ਰੀਫ ਦੀ ਕਸਮ ਖਾ ਕੇ ਤੋੜੀ, ਨਤੀਜਾ ਕੀ ਹੋਇਆ ਕਿੰਨਾ ਨੁਕਸਾਨ ਕਰਾ ਲਿਆ। ਇੱਕ ਫਕੀਰ ਪਏ ਹੋਏ ਨੇ ਹੱਥ ਧੋ ਕੇ, ਕੀ ਲੈਣਾ ਹੈ, ਉਹ ਰਾਜ ਰੋਕਦਾ ਹੈ ਕਿਸੇ ਦਾ? ਜਾਂ ਉਹਨੂੰ ਫਤਹਿ ਕਰਕੇ ਰਾਜ ਕਾਇਮ ਕਰ ਲੈਣਗੇ ਇਹ? ਕਹਿੰਦਾ ਮਹਾਰਾਜ! ਇਸ ਤਰ੍ਹਾਂ ਉਨ੍ਹਾਂ ਦੀ ਨਿੰਦਿਆ ਹੋ ਰਹੀ ਹੈ ਨਾਲੇ ਲੋਕ ਰੋ ਰਹੇ ਨੇ।

ਉਸ ਤੋਂ ਬਾਅਦ ਮੈਂ ਅੱਗੇ ਚਲਿਆ ਗਿਆ ਤਾਂ ਮੈਨੂੰ ਪਤਾ ਲੱਗਿਆ ਇੱਕ ਮੋਤੀ ਰਾਮ ਮਹਿਰਾ ਸੀ। ਉਹਨੂੰ ਮਿਲਿਆ ਉਹਨੇ ਮੈਨੂੰ ਦੱਸਿਆ ਕਿ ਸਾਹਿਬਜ਼ਾਦੇ ਗੰਗੂ ਸੀ ਬ੍ਰਾਹਮਣ ਜਿਹੜਾ ਸੇਵਾ ਕਰਦਾ ਸੀ ਲੰਗਰ 'ਚ। ਉਹ ਲਾਲਚ ਵਸ ਹੋ ਕੇ ਉਨ੍ਹਾਂ ਨੂੰ ਘਰ ਲੈ ਆਇਆ ਉਥੇ ਲਿਆ ਕੇ ਜਿਹੜੇ ਮਾੜੇ ਮੋਟੇ ਪੈਸੇ ਸੀ ਉਹ ਚੁੱਕ ਲਏ ਤੇ ਚੋਰ ਬਣਨ ਤੋਂ ਡਰਦਾ ਉਹਨੇ ਉਨ੍ਹਾਂ ਨੂੰ ਮੁਰਿੰਡੇ ਵਾਲਿਆਂ ਨੂੰ ਫੜਾ ਦਿੱਤਾ। ਉਹ ਇੱਥੇ ਰਿਹਾ ਹੈ, ਉਨ੍ਹਾਂ ਨੇ ਬੜਾ ਜ਼ੁਲਮ ਕਰਿਆ, torture (ਤੰਗ) ਕਰਨ ਵਾਸਤੇ। ਪੋਹ ਦਾ ਮਹੀਨਾ, ਬੁਰਜ ਦੇ ਉਤੇ ਨਾ ਕੋਈ ਦਰਵਾਜਾ, ਨਾ ਕੋਈ ਕੁਛ। ਕੋਈ ਕੱਪੜਾ ਨਹੀਂ ਦਿੱਤਾ ਉਥੇ ਡੱਕ ਦਿੱਤੇ। ਉਹ ਮਾਤਾ ਜੀ ਦੇ ਨਾਲ ਲਗ ਕੇ ਪਏ ਰਹੇ, ਉਹ ਬੈਠੇ ਰਹੇ ਸਾਰੀ ਰਾਤ ਭਜਨ ਕਰਦੇ ਰਹੇ। ਸਵੇਰਾ ਹੋਇਆ ਤਾਂ ਕਹਿਣ ਲੱਗੇ ਕਿ ਪਹਿਰੇਦਾਰਾਂ ਨੇ ਕਿਹਾ ਕਿ ਮਾਤਾ! ਇਨ੍ਹਾਂ ਨੂੰ ਕਚਹਿਰੀ 'ਚ ਬੁਲਾਇਆ ਹੈ। ਕਹਿਣ ਲੱਗੀ ਕਿ ਕੀ ਗੱਲ? ਕਹਿਣ ਲੱਗੇ ਕਿ ਦੇਖਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਕਿਹੋ ਜਿਹੇ ਨੇ। ਸਾਰੇ ਕਚਹਿਰੀ 'ਚ, ਸਭ ਜਰਨੈਲ ਬੈਠੇ ਨੇ, ਹੋਰ ਵੀ ਸਾਰੇ ਹਿੰਦੂ ਮੁਸਲਮਾਨ ਬੈਠੇ ਨੇ, ਉਹ ਦੇਖਣਾ ਚਾਹੁੰਦੇ ਨੇ ਕਿ ਉਨ੍ਹਾਂ ਦੇ ਬੱਚੇ ਕਿਹੋ ਜਿਹੇ ਨੇ। ਇਨ੍ਹਾਂ ਨੂੰ ਕਹਿੰਦੇ ਨਹੀਂ ਕੁਛ ਵੀ ਤੁਸੀਂ ਡਰੋ ਨਾ। ਉਸ ਤੋਂ ਬਾਅਦ ਉਥੇ ਲੈ ਗਏ। ਲਿਜਾ ਕੇ ਇਨ੍ਹਾਂ ਨੇ ਜੋ ਸਲਾਮ ਕਰਨ ਦਾ ਤਰੀਕਾ ਸੀ, ਝੁਕ ਕੇ ਸੱਤ ਵਾਰੀ ਸਲਾਮਾਂ ਕਰਨ ਲਈ ਕਿਹਾ। ਉਹ ਸਿਖਾ ਕੇ ਲੈ ਕੇ ਗਿਆ ਰਸਤੇ 'ਚ ਜਿਹੜੇ ਪਹਿਰੇਦਾਰ ਸੀ।

ਸਾਹਿਬਜ਼ਾਦਿਆਂ ਨੇ ਇੱਕ ਦੂਜੇ ਵਲ ਦੇਖਿਆ ਕਿ ਆਪਾਂ ਨੇ ਕਿਉਂ ਕਰਨਾ ਹੈ। ਜਦੋਂ ਕਚਹਿਰੀ ਵਿੱਚ ਗਏ ਤਾਂ ਇਨ੍ਹਾਂ ਨੇ ਆਪਣੇ ਹੀ ਤਰੀਕੇ ਨਾਲ ਫਤਹਿ ਬੁਲਾਈ –

***ਵਾਹਿਗੁਰੂ ਜੀ ਕਾ ਖ਼ਾਲਸਾ,***
***ਵਾਹਿਗੁਰੂ ਜੀ ਕੀ ਫਤਹਿ।***

ਸਾਰੇ ਕਚਹਿਰੀ ਵਾਲੇ ਹੈਰਾਨ ਹੋ ਗਏ ਤੇ ਕਾਜ਼ੀ ਨੇ ਕਿਹਾ ਕਿ

ਬੱਚਿਓ! ਇਹ ਕੋਰਟ ਹੈ ਇਹ ਸੰਗਤ ਨਹੀਂ ਤੁਹਾਡੀ ਹੈ। ਤੁਸੀਂ ਗੁਨਹਗਾਰ ਇੱਥੇ ਲਿਆਂਦੇ ਗਏ ਓਂ, ਮੁਜ਼ਰਮ ਹੋਂ ਤੁਸੀਂ ਏਸ ਵੇਲੇ। ਤੁਹਾਨੂੰ ਮੰਨਣੀ ਪਏਗੀ ਕੋਰਟ ਦੀ ਮਰਿਯਾਦਾ। ਸੀਸ ਝੁਕਾਓ ਇਸ ਤਰ੍ਹਾਂ ਦੇ ਨਾਲ। ਕਹਿਣ ਲੱਗੇ, ਕਿਹਨੂੰ ਝੁਕਾਈਏ। ਸਾਡਾ ਜਿਹੜਾ ਸੀਸ ਹੈ ਇਹ ਪਵਿੱਤਰ ਸੀਸ ਹੈ ਇਹ ਸਿਰਫ ਸੰਤਾਂ ਦੇ ਅੱਗੇ ਝੁਕ ਸਕਦਾ ਹੈ। ਹੋਰ ਨਹੀਂ ਕਿਸੇ ਅੱਗੇ ਝੁਕ ਸਕਦਾ। ਸੰਤਾਂ ਦੇ ਚਰਨਾਂ ਦੀ ਧੂੜੀ ਵੀ ਅਸੀਂ ਮਸਤਕ ਨਾਲ ਲਾ ਸਕਦੇ ਹਾਂ।

***ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥***

***ਅੰਗ - 468***

ਪਰ ਇਨ੍ਹਾਂ ਪਾਮਰਾਂ ਦੀ? ਇਹ ਸਾਰੇ ਪਾਮਰ ਬੈਠੇ ਨੇ। ਪਾਮਰ ਉਹਨੂੰ ਕਹਿੰਦੇ ਨੇ ਜਿਹੜਾ ਪ੍ਰਮੇਸ਼ਰ ਨੂੰ ਬਿਲਕੁਲ ਹੀ ਨਾ ਮੰਨਦਾ ਹੋਵੇ। ਨਾਸਤਕ ਹੋਵੇ। ਉਸ ਵੇਲੇ ਬਹੁਤ ਸਾਰੇ ਬਚਨ ਹੋਏ। ਉਹ ਕਹਿਣ ਲੱਗੇ ਕਿ ਤੁਸੀਂ ਮੋਮਨ ਨਹੀਂ ਹੋਂ, ਤੁਸੀਂ ਕੁਰਾਨ ਸ਼ਰੀਫ ਦੀਆਂ ਕਸਮਾਂ ਤੋੜੀਆਂ ਨੇ। ਸਾਡੇ ਪਿਤਾ ਜੀ ਨੇ ਕੁਰਾਨ ਸ਼ਰੀਫ ਦੀ ਆਣ ਰੱਖੀ ਹੈ। ਕਿਉਂਕਿ ਚਿੱਠੀ ਨਾ ਚਿੰਬੜੀ ਹੋਈ ਸੀ, ਚਿਪਕਾ ਕੇ ਭੇਜੀ ਤੁਸੀਂ। ਉਸ ਵੇਲੇ ਸਾਡੇ ਪਿਤਾ ਜੀ ਨੇ ਕਿਹਾ ਕਿ ਜੇ ਮੈਂ ਨਾ ਕੁਰਾਨ ਸ਼ਰੀਫ ਦੀ ਆਣ ਨਾ ਰੱਖੀ ਤਾਂ ਸੰਸਾਰ ਤੇ ਕੌਣ ਰੱਖੇਗਾ। ਤੁਸੀਂ ਉਨ੍ਹਾਂ ਨੂੰ ਆਹ ਗੱਲ ਕਹਿੰਦੇ ਓਂ ਤੇ ਆਪ ਬਣੇ ਹੋਏ ਓਂ ਮੋਮਨ? ਮੋਮਨ ਤਾਂ ਕਿਸੇ ਗੱਲੋਂ ਵੀ ਨਹੀਂ ਓਂ। ਹਾਂ ਮੋਮਨ ਹੋਵੇ ਤੁਹਾਡੇ 'ਚੋਂ ਇੱਕ ਵੀ ਅਸੀਂ ਉਹਨੂੰ ਸੀਸ ਨਿਵਾ ਦੇਵਾਂਗੇ। ਕਿਉਂਕਿ ਮੋਮਨ ਛੋਟਾ ਨਹੀਂ, ਸਾਡੇ ਗੁਰੂ ਮਹਾਰਾਜ ਨੇ ਕਿਹਾ ਹੈ -

***ਮੁਸਲਮਾਨ ਕਹਾਵਨ ਮੁਸਕਲ,***
***ਹੋਏ ਮੋਮ ਦਿਲ ਮੁਸਲਮਾਨ ਕਹਾਵੈ।***

ਕੋਈ ਛੋਟੀ ਬਾਤ ਨਹੀਂ ਜਿਹੜਾ ਰੱਬ ਦੀ ਰਜ਼ਾ 'ਚ ਚੱਲਣ ਵਾਲਾ ਹੈ। ਰੱਬ ਦੇ ਹੁਕਮ 'ਚ ਰਹਿੰਦਾ ਹੈ, ਖਰੈਤ ਦਿੰਦਾ ਹੈ, ਬੰਦਗੀ ਕਰਦਾ ਹੈ ਦਿਲੋਂ ਉਹ ਮੁਸਲਮਾਨ ਹੈ। ਇੱਥੇ ਤੁਹਾਡੇ 'ਚ ਇੱਕ ਵੀ ਨਹੀਂ ਹੈ। ਉਸ ਤੋਂ ਬਾਅਦ ਉਨ੍ਹਾਂ ਨੇ ਇਹ ਗੱਲ ਬਦਲ ਲਈ। ਕਹਿਣ ਲੱਗੇ, ਦੇਖੋ! ਬੱਚਿਓ! ਤੁਹਾਨੂੰ ਪਤਾ ਨਹੀਂ ਹੈ, ਤੁਸੀਂ ਤਾਂ ਇਧਰ ਆ ਗਏ, ਤੁਹਾਨੂੰ ਤਾਂ ਰਸੋਈਆ ਲੈ ਆਇਆ ਤੇ ਤੁਹਾਡੇ ਪਿਤਾ ਜੀ ਚਲੇ ਗਏ ਚਮਕੌਰ। ਉਥੇ ਤੁਹਾਡੇ ਭਰਾ ਵੀ ਮਾਰੇ ਗਏ ਤੇ ਪਿਤਾ ਵੀ। ਹੁਣ ਤੁਹਾਡਾ ਵਾਲੀਵਾਰਸ ਕੋਈ ਨਹੀਂ ਹੈ। ਨਵਾਬ ਸਾਹਿਬ ਨੂੰ ਰਹਿਮ ਆਇਆ ਤੁਹਾਡੇ ਉਤੇ, ਬੱਚੇ ਓਂ, ਉਹ ਤੁਹਾਨੂੰ ਪਾਲਣਾ ਪੋਸਣਾ ਚਾਹੁੰਦਾ ਹੈ। ਸ਼ਾਹੀ ਤਰੀਕੇ ਨਾਲ ਜਿਵੇਂ ਤੁਸੀਂ ਆਪਣੇ ਪਿਤਾ ਕੋਲ ਪਲਦੇ ਸੀ। ਉਸ ਤੋਂ ਘੱਟ ਨਹੀਂ ਤੁਹਾਡੀ ਪਾਲਣਾ ਹੋਏਗੀ। ਤੇ ਤੁਸੀਂ ਹੁਣ ਯਤੀਮ ਹੋਂ। ਤੁਹਾਡੇ ਪਿਤਾ ਜਿਹੜੇ ਨੇ ਉਹ ਸ਼ਹੀਦ ਕੀਤੇ ਜਾ ਚੁੱਕੇ ਨੇ।

ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਇਹ ਗੱਲ ਹੋ ਹੀ ਨਹੀਂ ਸਕਦੀ, ਸਾਡੇ ਜਿਹੜੇ ਪਿਤਾ ਜੀ ਨੇ ਉਹ ਸਰਬ ਕਲਾ ਸਮਰੱਥ ਨੇ ਦੁਨੀਆਂ 'ਚ

ਕੋਈ ਨਹੀਂ ਜੰਮਿਆ ਜਿਹੜਾ ਉਨ੍ਹਾਂ ਨੂੰ ਸ਼ਹੀਦ ਸਕੇ। ਉਹ ਤਾਂ ਸਾਰਾ ਕੁਛ ਅਜਰ ਨੂੰ ਜਰ ਰਹੇ ਨੇ। ਜੇ ਇੱਕ ਵਾਰੀ ਵੀ ਕੋਈ ਨਿਗ੍ਹਾ ਕਰ ਦੇਣ –

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥*

*ਅੰਗ – 472*

ਤੁਸੀਂ ਤਾਂ ਕਿਤੇ ਰਹਿਣਾ ਹੀ ਨਹੀਂ ਸੀ। ਕੋਈ ਨਹੀਂ ਜੰਮਿਆ ਸੰਸਾਰ 'ਤੇ ਜਿਹੜਾ ਉਨ੍ਹਾਂ ਨੂੰ ਸ਼ਹੀਦ ਕਰ ਦੇਵੇ –

*ਧਾਰਨਾ – ਕਿਹੜਾ ਜੰਮਿਆ ਗੁਰਾਂ ਨੂੰ ਮਾਰਨ ਵਾਲਾ ਜਗ 'ਤੇ*
*ਕਿਹੜਾ ਜੰਮਿਆ।*

*ਸ੍ਰੀ ਸਤਿਗੁਰ ਜੋ ਪਿਤਾ ਹਮਾਰਾ*
*ਜਗ ਮਹਿ ਕੌਨ ਸਕਹਿ ਤਿਹ ਮਾਰਾ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5952*

ਗੁਰੂ ਅੰਗਦ ਸਾਹਿਬ ਦੇ ਪਾਸ ਹਮਾਯੂੰ ਹਾਰ ਕੇ ਆਇਆ, ਯੁੱਧ ਹਾਰ ਗਿਆ ਤੇ ਉਹਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਾਡੇ ਬਾਬਰ ਨੂੰ ਰਾਜ ਦਿੱਤਾ ਸੀ ਕਿ ਚਲੋ ਉਥੇ ਚਲੋ, ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਆ ਗਿਆ। ਉਹ ਜਦੋਂ ਗੁਰੂ ਮਹਾਰਾਜ ਦੇ ਸਾਮ੍ਹਣੇ ਆਇਆ ਮਹਾਰਾਜ ਆਪਣੇ ਧਿਆਨ 'ਚ ਬੈਠੇ ਸੀ, ਬੱਚੇ ਖੇਲ੍ਹ ਰਹੇ ਸੀ। ਉਹ ਆ ਗਿਆ, ਸਾਰੇ ਅਹਿਲਕਾਰ ਨਾਲ ਨੇ, ਸ਼ਾਹੀ ਰੋਹਬਦਾਬ ਹੈ, ਬੜੀ ਆਕੜ ਫਾਕੜ ਨਾਲ ਆ ਕੇ ਖੜ੍ਹ ਗਿਆ, ਨਾ ਸੀਸ ਨਿਵਾਇਆ। ਪੰਦਰਾਂ ਮਿੰਟ ਲੰਘ ਗਏ ਉਹਨੂੰ ਖੜ੍ਹੇ ਨੂੰ। ਮਹਾਰਾਜ ਜੀ ਨੇ ਨੋਟਿਸ 'ਚ ਲਿਆਂਦਾ ਹੀ ਨਾ, ਅਭਿਮਾਨ ਜਿਹੜਾ ਸੀ ਰਾਜਸੀ; ਰਾਜ, ਮਾਲ, ਰੂਪ, ਜਾਤ, ਜੋਬਨ ਇਹ ਅਭਿਮਾਨ ਹੁੰਦੇ ਨੇ। ਰਾਜ ਹੋਵੇ, ਜੋਬਨ ਹੋਵੇ, ਪੈਸਾ ਜ਼ਿਆਦਾ ਹੋਵੇ, ਰੂਪ ਹੋਵੇ ਵਧੀਆ, ਜਾਤ ਹੋਵੇ। ਉਹਨੇ ਕਿਹਾ ਕਿ ਮੈਂ ਜੇ ਹਾਰ ਗਿਆ ਤਾਂ ਇਸ ਫਕੀਰ ਨੇ ਤਾਂ ਉਠ ਕੇ ਮੇਰਾ ਸਤਿਕਾਰ ਨਹੀਂ ਕਰਿਆ। ਪੁਛਿਆ ਵੀ ਨਹੀਂ ਤੂੰ ਕੌਣ ਹੈਂ ਕਿੱਥੋਂ ਆਇਆ ਹੈਂ। ਇਹ ਜੀਉਂਦਾ ਨਹੀਂ ਰਹਿਣਾ ਚਾਹੀਦਾ, ਕ੍ਰੋਧ 'ਚ ਆ ਕੇ ਤਲਵਾਰ ਕੱਢ ਲਈ। ਜਦੋਂ ਮੁੱਠੇ ਕੋਲ ਹੱਥ ਗਿਆ, ਨਾ ਤਲਵਾਰ ਕੱਢ ਹੋਵੇ, ਨਾ ਵਿੱਚ ਕਰ ਹੋਵੇ, ਗਿੱਠ ਕੁ ਕੱਢ ਲਈ, ਉਥੇ ਖੜ੍ਹਾ ਰਹਿ ਗਿਆ। ਸਾਰਾ ਜ਼ੋਰ ਲਾ ਲਿਆ, ਨਾ ਹੱਥ ਛੁਟੇ। ਮਹਾਰਾਜ ਕਹਿੰਦੇ, ਕਿਉਂ ਸ਼ੇਰ ਸ਼ਾਹ ਸੂਰੀ ਤੇ ਤੇਰੀ ਤਲਵਾਰ ਹਾਰ ਮੰਨ ਕੇ ਆ ਗਈ ਤੇ ਫਕੀਰਾਂ ਦੇ ਉਤੇ ਆ ਕੇ ਤਲਵਾਰਾਂ ਕੱਢਦਾ ਹੈਂ, ਸ਼ਰਮ ਨਹੀਂ ਆਉਂਦੀ ਤੈਨੂੰ? ਜਦੋਂ ਝਾੜ ਪਈ, ਸਿੱਜਦਾ ਕਰਨ ਲੱਗ ਗਿਆ। ਖਤਾ ਮੁਆਫ ਕਰੋ, ਗਲਤੀ ਹੋ ਗਈ। ਮਹਾਰਾਜ ਕਹਿੰਦੇ ਜੇ ਪੰਦਰਾਂ ਮਿੰਟ ਹੋਰ ਠਹਿਰਿਆ ਰਹਿੰਦਾ ਨਾ, ਤੇਰਾ ਕਸ਼ਟ ਨਿਵਾਰ ਰਹੇ ਸੀ ਅਸੀਂ। ਤੈਨੂੰ ਹੁਣੇ ਫਤਹਿ ਦੇ ਦੇਣੀ ਸੀ। ਕਿਉਂਕਿ ਗੁਰੂ ਮਹਾਰਾਜ ਨੇ ਬਚਨ ਕੀਤਾ ਹੋਇਆ ਹੈ। ਪਰ ਜਿਹੜਾ ਤੂੰ ਹੁਣ ਕਰਿਆ ਹੈ ਚੌਦਾਂ ਸਾਲ ਤੈਨੂੰ ਭਟਕਣਾ ਪੈਣਾ ਹੈ। ਚੌਦਾਂ ਸਾਲ ਬਾਅਦ ਤੈਨੂੰ ਦੁਬਾਰਾ ਰਾਜ ਪ੍ਰਾਪਤ ਹੋਏਗਾ।

ਮਾਰ ਸਕਿਆ ਉਹ? ਗੁਰੂ ਪੰਜਵੇਂ ਪਾਤਸ਼ਾਹ ਤੇ ਗੁਰੂ ਨੌਵੇਂ ਪਾਤਸ਼ਾਹ ਨੇ ਭਾਣਾ ਵਰਤਾਉਣਾ ਸੀ।

***ਠੀਕਰਿ ਫੋਰਿ ਦਿਲੀਸਿ ਸਿਰਿ,***
***ਪ੍ਰਭ ਪੁਰ ਕੀਆ ਪਯਾਨ।*** ***ਬਚਿਤ੍ਰ ਨਾਟਕ***

ਕਿਸੇ ਦੀ ਤਾਕਤ ਨਹੀਂ ਸੀ ਕਿ ਮਾਰ ਸਕਦਾ ਗੁਰੂਆਂ ਨੂੰ। ਉਹ ਤਾਂ ਨਿਰੀ ਹੀ ਤਾਕਤ ਸੀ। ਕੋਈ ਆਮ ਆਦਮੀ ਨਹੀਂ ਸੀ। ਕਹਿਣ ਲੱਗੇ ਤੁਸੀਂ ਕੀ ਸਮਝਦੇ ਓਂ ਸਾਡੇ ਪਿਤਾ ਜੀ ਨੂੰ? ਐਸਾ ਸੰਸਾਰ 'ਚ ਕੋਈ ਨਹੀਂ –

***ਸ੍ਰੀ ਸਤਿਗੁਰ ਜੋ ਪਿਤਾ ਹਮਾਰਾ,***
***ਜਗ ਮਹਿ ਕੌਨ ਸਕਹਿ ਤਿਹ ਮਾਰਾ।***

ਆਕਾਸ਼ ਨੂੰ ਕੋਈ ਕੱਟ ਸਕਦਾ ਹੈ? ਹਨ੍ਹੇਰੀ ਆਈ ਨੂੰ ਕਿਹੜਾ ਸੂਰਮਾ ਹੈ ਜਿਹੜਾ ਰੋਕ ਦਏਗਾ। ਪਹਾੜ ਨੂੰ ਕਿਹੜਾ ਚਲਾਏਮਾਨ ਕਰਨ ਵਾਲਾ ਹੈ ਸੰਸਾਰ ਦੇ ਅੰਦਰ। ਸੂਰਜ, ਚੰਦਰਮਾ ਦਾ ਵੇਗ ਕੌਣ ਰੋਕਣ ਵਾਲਾ ਹੈ ਸੰਸਾਰ ਅੰਦਰ। ਕੋਈ ਹੈ ਰੋਕਣ ਵਾਲਾ? ਕਿਹੋ ਜਿਹੀਆਂ ਗੱਲਾਂ ਤੁਸੀਂ ਕਰਦੇ ਓਂ?

ਚੁੱਪ ਕਰ ਗਏ ਸਾਰੇ।

ਫੇਰ ਕਿਹਾ ਕਿ ਬੱਚਿਓ! ਨਵਾਬ ਸਾਹਿਬ ਤੁਹਾਡੇ ਬੜੇ ਹਮਦਰਦ ਨੇ ਤੁਸੀਂ ਸੀਸ ਨਿਵਾਓ। ਉਹ ਕਹਿੰਦੇ ਤੁਹਾਨੂੰ ਇੱਕ ਵਾਰੀ ਕਹਿ ਦਿੱਤਾ ਕਿ ਤੁਹਾਡੇ 'ਚ ਇੱਕ ਵੀ ਸੰਤ ਹੁੰਦਾ, ਅਸੀਂ ਸੀਸ ਨਿਵਾਉਣਾ ਸੀ, ਚਰਨਾਂ 'ਤੇ ਮਸਤਕ ਲਾਉਣਾ ਸੀ। ਪਰ ਤੁਸੀਂ ਤਾਂ ਪਾਮਰ ਹੋਂ ਤੁਹਾਡੇ ਅੰਦਰ ਤਾਂ ਬੁਰਿਆਈ ਬੈਠੀ ਹੈ ਸਾਰੀ। ਅਪਵਿੱਤਰ ਹੈ। ਅਪਵਿੱਤਰ ਦੇ ਮੂਹਰੇ ਅਸੀਂ ਸੀਸ ਨਿਵਾਈਏ? ਸਾਡੇ ਪਿਤਾ ਜੀ ਤਾਂ ਸ਼ਕਤੀਆਂ ਜਰ ਰਹੇ ਨੇ।

ਉਸ ਵੇਲੇ ਸੁੱਚਾ ਨੰਦ ਦਾ ਉਥੇ ਇੱਕ ਖੱਤਰੀ ਸੀ, ਉਹ ਕਹਿਣ ਲੱਗਿਆ ਨਵਾਬ ਸਾਹਿਬ! ਇਨ੍ਹਾਂ ਨਾਲ ਪੋਲੀਆਂ-ਪੋਲੀਆਂ ਗੱਲਾਂ ਨਾ ਕਰੋ, ਇਹ ਨਾਗਾਂ ਦੇ ਬੱਚੇ ਨੇ। ਅਜੇ ਛੋਟੇ ਨੇ ਖੜੱਪੇ ਨਾਗ ਬਣਨਾ ਹੈ ਇਨ੍ਹਾਂ ਨੇ। ਅਜੇ ਇਹ ਨਿੱਕੇ ਚੰਗਿਆੜੇ ਨੇ ਇਨ੍ਹਾਂ ਨੇ ਭਾਂਬੜ ਬਣਨਾ ਹੈ ਇਨ੍ਹਾਂ ਨੂੰ ਹੁਣੇ ਬੁਝਾ ਦਿਓ। ਬਹੁਤੀ ਸੋਚ ਵਿੱਚ ਨਾ ਪਓ। ਸਭਾ ਦਾ ਰੁਖ ਬਦਲ ਦਿੱਤਾ ਸਾਰਾ।

ਕਹਿਣ ਲੱਗੇ, ਇਹ ਤਾਂ ਬਹੁਤ ਜ਼ਹਿਰੀਲੇ ਨੇ, ਦੇਖੋ ਇਹ ਡਰਦੇ ਨਹੀਂ। ਕਿਵੇਂ ਸਾਰੀ ਕਚਹਿਰੀ ਦੇ ਅੰਦਰ ਨਿਧੜਕ ਹੋ ਕੇ ਬੋਲ ਰਹੇ ਨੇ। ਕਾਜ਼ੀ ਕਹਿਣ ਲੱਗਿਆ ਬੱਚਿਓ! ਤੁਹਾਨੂੰ ਡਰਨਾ ਚਾਹੀਦਾ ਹੈ। ਕਿੱਡੇ-ਕਿੱਡੇ ਜਰਨੈਲ ਬੈਠੇ ਨੇ ਜਿਨ੍ਹਾਂ ਨੇ ਤੁਹਾਡੇ ਪਿਤਾ ਜੀ ਨਾਲ ਯੁੱਧ ਲੜੇ ਨੇ ਤੇ ਥੋੜ੍ਹਾ ਡਰ ਕੇ ਬੋਲੋ। ਕਹਿੰਦੇ, ਡਰ, ਅਸੀਂ ਕਿਉਂ ਡਰੀਏ? ਡਰਦੇ ਉਹ ਹੁੰਦੇ ਨੇ ਜਿਨ੍ਹਾਂ 'ਚ ਗਲਤੀਆਂ ਹੁੰਦੀਆਂ ਨੇ –

***ਧਾਰਨਾ – ਡਰਦੇ ਤਾਂ ਓਹੀਓ ਨੇ,***

*ਪਾਪ ਕਮਾਉਂਦੇ ਜਿਹੜੇ।*

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਅੰਗ - 84*

ਜਿਹੜਾ ਸਹੀ ਰਾਹ ਦੇ ਉਤੇ ਚੱਲੇ ਉਹ ਤਾਂ ਡਰਦਾ ਹੀ ਨਹੀਂ ਹੁੰਦਾ। ਕਿਤੇ ਵੀ ਪਾਪ ਕਮਾ ਲਓ, ਕਿਤੇ ਛੁਪਾ ਕੇ ਗੱਲ ਕਰ ਲਓ, ਆਦਮੀ ਦੇ ਅੰਦਰ ਡਰ ਆਪਣੇ ਆਪ ਪੈਦਾ ਹੋ ਜਾਇਆ ਕਰਦਾ ਹੈ। ਕੋਈ ਆਦਮੀ ਇਨਕਮਟੈਕਸ ਦਾ ਪੈਸਾ ਰੋਕਣ ਲਗ ਜਾਵੇ, ਰਾਤ ਨੂੰ ਨੀਂਦ ਨਹੀਂ ਆਉਂਦੀ ਕਿ ਕਿਤੇ ਫੜੇ ਨਾ ਜਾਈਏ। ਹੋਰ ਇਹੋ ਜਿਹੀਆਂ ਗੱਲਾਂ ਕਈ ਹੁੰਦੀਆਂ ਨੇ। ਕਿਸੇ ਨੇ ਗਲਤ ਕੰਮ ਕਰ ਦਿੱਤਾ, ਡਰੱਗ ਵਗੈਰਾ ਕਰਦਾ ਹੈ ਕਿ ਡਰਦਾ ਹੈ ਉਹ ਕਿ ਮੇਰੇ ਛਾਪਾ ਨਾ ਪੈ ਜਾਵੇ। ਡਰਦਾ ਉਹ ਹੈ ਜਿਹੜਾ ਪਾਪ ਕਮਾਉਂਦਾ ਹੈ। ਧਰਮ ਜਿਹੜਾ ਕਰਦਾ ਹੈ ਉਹ ਖੁਸ਼ ਹੁੰਦਾ ਹੈ। ਕਹਿੰਦੇ, ਅਸੀਂ ਕਿਹੜਾ ਕੰਮ ਕਰਿਆ ਹੈ ਜਿਹਦੇ ਕਰਕੇ ਕਰੀਏ। ਕਿਸੇ ਬੰਦੇ ਨੂੰ ਨਹੀਂ ਮਾਰਿਆ। ਕੋਈ ਅਸੀਂ ਗਲਤ ਗੱਲ ਨਹੀਂ ਕਰੀ। ਅਸੀਂ ਪ੍ਰਮੇਸ਼ਰ ਦੇ ਪਿਆਰ ਵਿੱਚ ਜੀਉਂਦੇ ਹਾਂ, ਸਾਨੂੰ ਡਰਨ ਦੀ ਕੀ ਲੋੜ ਹੈ। ਕਹਿਣ ਲੱਗੇ, ਤੁਸੀਂ ਐਸ ਤਰ੍ਹਾਂ ਕਰੋ ਦੀਨ ਮੰਨੋ। ਸ਼ਰਾ ਵਿੱਚ ਆਵੋ। ਨਮਾਜ਼ਾਂ ਪੜ੍ਹੋ, ਜ਼ਕਾਤ ਦੇਵੋ, ਰੋਜ਼ੇ ਰੱਖੋ। ਤੁਹਾਡੀ ਪਾਲਣਾ ਕਰਾਂਗੇ, ਸ਼ਰ੍ਹਾ ਵਿੱਚ ਆ ਜਾਵੋ। ਤੁਹਾਡਾ ਪਿਤਾ ਤਾਂ ਹੁਣ ਹੈ ਨਹੀਂ, ਤੁਸੀਂ ਲੱਖ ਕਹੀ ਜਾਓ ਕਿ ਹੈਗਾ। ਅਸੀਂ ਤੁਹਾਨੂੰ ਕਿੰਨਾ concession ਦਿੰਦੇ ਹਾਂ, ਪੀਰਾਂ ਵਾਂਗਣ ਮੰਨਾਂਗੇ। ਵੱਡੇ ਹੋ ਕੇ ਜੇ ਸ਼ਾਦੀ ਕਰਾਉਣੀ ਹੋਈ ਤਾਂ ਸ਼ਾਹੀ ਖਾਨਦਾਨ ਵਿੱਚ ਤੁਹਾਡੀ ਸ਼ਾਦੀ ਹੋਏਗੀ ਤੇ ਤੁਸੀਂ ਦੀਨ ਮੰਨੋ। ਕਹਿਣ ਲੱਗੇ, ਕਿ ਕਿਹੜਾ ਦੀਨ ਮੰਨੀਏ? ਕਹਿੰਦੇ, ਜੋ ਸਾਡਾ ਹੈ। ਕਹਿਣ ਲੱਗੇ ਕਿ ਤੁਹਾਡਾ ਤਾਂ ਦੀਨ ਹੀ ਨਹੀਂ, ਬੇ-ਦੀਨੇ ਬੈਠੇ ਓਂ ਤੁਸੀਂ ਤਾਂ ਸਾਰੇ। ਤੁਸੀਂ ਕੁਰਾਨ ਸ਼ਰੀਫ ਦੇ ਉਤੇ ਨਿਸ਼ਚਾ ਰੱਖਦੇ ਓਂ? ਸਭ ਤੋਂ ਵੱਡੀ ਤੁਹਾਡੀ ਪੁਸਤਕ ਹੈ ਕੁਰਾਨ ਸ਼ਰੀਫ ਤੇ ਤੁਸੀਂ ਤਾਂ ਉਹਦੀਆਂ ਧੱਜੀਆਂ ਉਡਾ ਦਿੱਤੀਆਂ, ਤੁਸੀਂ ਦੀਨਦਾਰ ਕਿਵੇਂ ਕਹਾ ਸਕਦੇ ਓਂ? ਤੁਹਾਡਾ ਬਚਨ ਕੋਈ ਨਹੀਂ, ਤੁਹਾਡੀ ਕਸਮ ਕੋਈ ਨਹੀਂ, ਤੁਹਾਡਾ ਰੱਬ ਕੋਈ ਨਹੀਂ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਤਾਂ ਦੀਨਦਾਰ ਹਾਂ। ਅੰਮ੍ਰਿਤ ਵੇਲੇ ਉਠਦੇ ਹਾਂ, ਬਾਣੀ ਪੜ੍ਹਦੇ ਹਾਂ, ਗੁਰੂ ਨੂੰ ਮੰਨਦੇ ਹਾਂ, ਭਜਨ ਕਰਦੇ ਹਾਂ। ਰੋਜ਼ਾ ਰਖਦੇ ਹਾਂ, ਤੁਸੀਂ ਮਹੀਨਾ ਭਰ ਰੱਖਦੇ ਓਂ, ਅਸੀਂ ਰੋਜ਼ ਰਖਦੇ ਹਾਂ।

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨੁ ਪ੍ਰੀਤ।*

ਅਸੀਂ ਜ਼ਕਾਤ ਦਿੰਦੇ ਹਾਂ, ਦਸਵੰਧ ਦਿੰਦੇ ਹਾਂ ਗੁਰੂ ਦੇ ਲੇਖੇ, ਤੁਸੀਂ ਤਾਂ 40ਵਾਂ ਹਿੱਸਾ ਹੀ ਦਿੰਦੇ ਓਂ। ਤੁਸੀਂ ਨਮਾਜ਼ਾਂ ਪੰਜ ਪੜ੍ਹਦੇ ਹੋਂ, ਅਸੀਂ ਹਰ ਵਕਤ ਓਹਦੀ ਯਾਦ ਵਿੱਚ ਰਹਿੰਦੇ ਹਾਂ। ਕਦੇ ਵੀ ਸਮਾਂ ਨਹੀਂ ਹੁੰਦਾ ਜਦੋਂ ਅਸੀਂ ਪ੍ਰਮੇਸ਼ਰ ਨੂੰ ਭੁੱਲਦੇ ਹਾਂ, ਹਰ ਵਕਤ ਵਾਹਿਗੁਰੂ-ਵਾਹਿਗੁਰੂ ਉਹਦਾ ਨਾਮ ਜਪਦੇ ਹਾਂ। ਇੱਥੇ ਸੰਸਾਰ ਦੇ ਅੰਦਰ ਦੀਨਾਂ ਦਾ ਕਿਉਂ ਝਗੜਾ ਪਾਇਆ ਹੈ ਤੁਸੀਂ। ਇੱਕੋ ਵਾਹਿਗੁਰੂ ਹੈ -

*ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥*

*ਅੰਗ - 483*

ਉਹ ਤਾਂ ਇੱਕੋ ਹੀ ਹੈ ਸਾਰਿਆਂ ਦੇ ਅੰਦਰ ਗੈਬ ਹੋ ਕੇ, ਗੁਪਤ ਹੋ ਕੇ ਰਹਿ ਰਿਹਾ ਹੈ -

*ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥*

*ਅੰਗ - 483*

ਓਹੀ ਹਿੰਦੂਆਂ ਵਿੱਚ ਹੈ, ਓਹੀ ਤੁਹਾਡੇ ਵਿੱਚ ਹੈ। ਇੱਕੋ ਪ੍ਰਮੇਸ਼ਰ ਤੋਂ ਸਾਰਾ ਸੰਸਾਰ ਬਣਿਆ ਹੈ, ਇੱਕ ਨੂਰ ਤੋਂ। ਸਾਰੇ ਜਿੰਨੇ ਜੀਵ ਨੇ ਸਾਰੇ ਅੱਲਾਹ ਦੇ ਨੇ -

*ਧਾਰਨਾ - ਇੱਕ ਨੂਰ ਅੱਲਾਹ ਦਾ ਜੀ,*
*ਸਾਰੀ ਦੁਨੀਆਂ-ਸਾਰੀ ਦੁਨੀਆਂ।*

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ 1 ॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥ 1 ॥ ਰਹਾਉ ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥*

*ਅੰਗ - 1350*

ਇਹ ਤਾਂ ਇੱਕੋ ਮਿੱਟੀ ਨੂੰ ਬਣਾਇਆ ਹੋਇਆ ਹੈ ਉਸਨੇ। ਸੋ ਇਸ ਤਰ੍ਹਾਂ ਦੇ ਨਾਲ ਬਚਨ ਸੁਣਾਏ। ਕਹਿਣ ਲੱਗੇ, ਕਿਉਂ conversion ਦੇ ਵਿੱਚ ਪਏ ਹੋਏ ਓਂ ਤੁਸੀਂ, ਬੰਦਿਆਂ ਦੇ ਗਲ ਵੱਢ-ਵੱਢ ਕੇ ਮਾਰਦੇ ਓਂ? ਜੇ ਤੁਹਾਡੇ ਅਸੂਲ ਚੰਗੇ ਨੇ ਤੁਸੀਂ ਸੰਸਾਰ ਨੂੰ ਦੱਸੋ ਆਪਣੇ ਆਪ ਹੀ ਆ ਜਾਣਗੇ। ਤਲਵਾਰ ਨਾਲ ਵੀ ਕਦੇ ਕਿਸੇ ਦੇ ਵਿਸ਼ਵਾਸ਼ ਨੂੰ ਬਦਲਾਈਦਾ ਹੁੰਦਾ ਹੈ? ਸਭਾ ਚੁੱਪ ਕਰ ਗਈ।

ਸਭਾ ਚੁੱਪ ਕਰ ਗਈ, ਜਵਾਨ ਨਾ ਕਾਜ਼ੀ ਨੂੰ ਆ ਰਿਹਾ ਹੈ ਨਾ ਮੁੱਲਾਂ ਨੂੰ ਆ ਰਿਹਾ ਹੈ। ਕਹਿੰਦੇ, ਅੱਜ ਤਾਂ ਛੁੱਟੀ ਦੇ ਦਿਓ। ਇਨ੍ਹਾਂ ਦੀ ਮਾਤਾ ਜੀ ਜਿਹੜੀ ਹੈ ਉਹਨੇ ਇਨ੍ਹਾਂ ਨੂੰ ਪੱਕੇ ਕਰਿਆ ਹੋਇਆ ਹੈ, ਅੱਡ ਕਰ ਦਿਓ।

ਮਾਤਾ ਜੀ ਕੋਲ ਭੇਜ ਦਿੱਤੇ, ਉਨ੍ਹਾਂ ਨੇ ਗੱਲ ਦੱਸੀ ਤੇ ਐਨੇ ਨੂੰ ਉਸੇ ਵੇਲੇ ਆ ਗਏ ਅੱਡ ਕਰਨ ਵਾਲੇ ਕਿ ਰਾਤ ਅੱਡ ਰੱਖੋ ਇਨ੍ਹਾਂ ਨੂੰ। ਮਾਤਾ ਜੀ ਨੇ ਕਿਹਾ ਕਿ ਤੁਹਾਡੇ ਪਿਤਾ ਦੀ ਚਾਦਰ ਜਿਹੜੀ ਹੈ ਨਾ ਉਹਨੂੰ ਦਾਗ ਨਾ ਲਗ ਜਾਵੇ। ਸੀਸ ਜਾਂਦਾ ਹੈ ਪਿਆ ਚਲਿਆ ਜਾਵੇ, ਕੋਈ ਪਰਵਾਹ ਨਹੀਂ। ਜੇ ਕਮਜ਼ੋਰ ਮਾਂ ਹੁੰਦੀ ਉਹਨੇ ਕਹਿਣਾ ਸੀ ਕਿ ਤੁਸੀਂ ਹੁਣ ਤਾਂ ਇਸਲਾਮ ਧਾਰਨ ਕਰ ਲਓ ਤੁਹਾਨੂੰ ਫੇਰ ਅੰਮ੍ਰਿਤ ਛਕਾ ਕੇ ਸਿੰਘ ਬਣਾ ਲਵਾਂਗੇ, ਕੋਈ ਫਰਕ ਨਹੀਂ ਹੈ। ਇਹ ਨਹੀਂ ਗੱਲ ਕਹੀ ਮਾਤਾ ਜੀ ਨੇ,

ਕਿਹਾ ਕਿ ਦਾਗ ਨਾ ਲੱਗ ਜਾਏ।

ਫੇਰ ਸਾਹਿਬਜ਼ਾਦੇ ਜਿਹੜੇ ਸੀ, ਗੁਰੂ ਹਰਿਕ੍ਰਿਸ਼ਨ ਮਹਾਰਾਜ ਦੇ ਪੰਜ ਸਾਲ ਦੀ ਉਮਰ 'ਚ ਗੁਰੂ ਗ੍ਰੰਥ ਸਾਹਿਬ ਯਾਦ ਸੀ। ਬਾਬੇ ਫਰੀਦ ਦੇ ਪੰਜ ਸਾਲ ਦੀ ਉਮਰ 'ਚ ਕੁਰਾਨ ਸ਼ਰੀਫ ਯਾਦ ਸੀ ਉਹ ਧੁਰ ਤੋਂ ਆਏ ਹੋਏ ਸਾਰੇ, ਇਹ ਵੀ ਧੁਰ ਤੋਂ ਆਏ ਹੋਏ ਸੀ। ਬੱਚੇ ਸਾਡੇ ਬੱਚਿਆਂ ਵਰਗੇ ਥੋੜ੍ਹਾ ਸੀ। ਫੇਰ ਹੁਣ ਟਰੇਨਿੰਗ ਦੇਵੋ। ਬੜਾ ਭਾਰਾ part ਅਦਾ ਕਰਨਾ ਸੀ ਇਨ੍ਹਾਂ ਨੇ ਸੰਸਾਰ ਦੇ ਵਿੱਚ ਆ ਕੇ। ਪੂਰਨ ਬ੍ਰਹਮਗਿਆਨੀ ਸੀਗੇ।

ਉਸ ਵੇਲੇ ਕਹਿੰਦੇ ਮਾਤਾ ਜੀ! ਫਿਕਰ ਨਾ ਕਰੋ।

ਅੱਡ ਕਰ ਲਏ ਗਏ, ਦੂਸਰੇ ਦਿਨ ਫੇਰ ਲੈ ਗਏ, ਓਹੀ ਗੱਲ ਫੇਰ ਸ਼ੁਰੂ ਹੋ ਗਈ। ਉਹ ਕਹਿਣ ਲੱਗੇ, ਕਿਹੜੀ ਚੀਜ਼ ਨੂੰ ਤੁਸੀਂ ਮੋਮਨ ਬਣਾ ਰਹੇ ਓਂ, ਸ਼ਰਾ 'ਚ ਲਿਆ ਰਹੇ ਓਂ, ਸਰੀਰ ਤੁਹਾਡਾ ਤੇ ਸਾਡਾ ਇੱਕ ਹੈ। ਇਹ ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ ਹੈ –

*ਪੁਤਰੀ ਤੇਰੀ ਬਿਧਿ ਕਰਿ ਥਾਟੀ ॥*
*ਜਾਨੁ ਸਤਿ ਕਰਿ ਹੋਇਗੀ ਮਾਟੀ ॥ 1 ॥*
*ਮੂਲੁ ਸਮਾਲਹੁ ਅਚੇਤ ਗਵਾਰਾ ॥*
*ਇਤਨੇ ਕਉ ਤੁਮ੍ ਕਿਆ ਗਰਬੇ ॥ 1 ॥ ਰਹਾਉ ॥*
*ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥*
*ਅਵਰ ਵਸਤੁ ਤੁਝ ਪਾਹਿ ਅਮਾਨ ॥ 2 ॥ ..............*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥* *ਅੰਗ – 374*

ਤੇਰੇ ਕੋਲ ਹੈ ਕੀ –

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥ 3 ॥* *ਅੰਗ – 374*

ਆਹ ਸਰੀਰ ਨੂੰ ਤੁਸੀਂ ਸ਼ਰਾ 'ਚ ਲਿਆਉਣਾ ਚਾਹੁੰਦੇ ਓਂ? ਸ਼ਰਾ ਨੂੰ ਸਮਝੋ ਪਹਿਲਾਂ ਕੀ ਹੈ? ਇਹ ਜਿਹੜਾ ਸਰੀਰ ਹੈ ਇਹ ਨੌਂ ਦਰਵਾਜ਼ਿਆਂ ਵਾਲਾ ਕਿਲ੍ਹਾ ਹੈ, ਇਹਦੇ ਵਿੱਚ ਪ੍ਰਮੇਸ਼ਰ ਰਹਿੰਦਾ ਹੈ। ਕੁਰਾਨ ਸ਼ਰੀਫ ਦੇ ਵਿੱਚ ਵੀ ਇਹੀ ਆਉਂਦਾ ਹੈ। ਸਾਡੇ ਗੁਰੂ ਵੀ ਇਹੀ ਦਸਦੇ ਨੇ। ਵੇਦਾਂ ਵਿੱਚ ਵੀ ਇਹੀ ਆਉਂਦਾ ਹੈ। ਇਹ ਭੰਨ ਤੋੜ ਕਿਉਂ ਕਰ ਰਹੇ ਓਂ ਤੁਸੀਂ? –

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ – 954*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

ਕਹਿਣ ਲੱਗੇ, ਨਵਾਬ ਸਾਹਿਬ! ਫਰਕ ਕਿਸ ਗੱਲ ਦਾ ਹੈ? ਸਾਰਿਆਂ ਦੇ ਵਿੱਚ ਵਾਹਿਗੁਰੂ ਵਸਦਾ ਹੈ ਤੁਸੀਂ ਪੰਜ ਤੱਤ ਦੇ ਓਂ, ਤੁਹਾਡੇ ਵੀ ਨੌਂ ਦਰਵਾਜੇ ਨੇ। ਇਸਲਾਮ ਦੇ ਨਾਲ ਪੰਦਰਾਂ ਦਰਵਾਜ਼ੇ ਤਾਂ ਨਹੀਂ ਨਾ ਬਣ ਜਾਂਦੇ ਕਿ ਸਾਡੇ 'ਚ ਕੋਈ ਵਿਸ਼ੇਸ਼ਤਾ ਹੋਏਗੀ? ਹਰੇਕ ਦੇ ਅੰਦਰ ਪ੍ਰਮੇਸ਼ਰ ਦਾ ਨਾਮ ਗੂੰਜਦਾ ਹੈ। ਹਰੇਕ ਦੇ ਅੰਦਰ ਪ੍ਰਕਾਸ਼ ਹੈ, ਹਰੇਕ ਦੇ ਅੰਦਰ ਵਾਹਿਗੁਰੂ ਵਸਦਾ ਹੈ। ਇਹ ਕਿਹੜੀ ਗੱਲ ਤੁਸੀਂ ਕਰ ਰਹੇ ਓਂ। ਇਹ ਤਾਂ ਐਵੇਂ ਭਰਮਾਂ 'ਚ ਪਏ ਹੋਏ ਓਂ ਤੁਸੀਂ ਖਾਹਮਖਾਹ।

ਇੱਕ ਸੇਠ ਸੀਗਾ, ਉਹ ਮਾਰਵਾਟ ਨੂੰ ਜਾਣ ਲੱਗਿਆ, ਨੌਕਰਾਂ ਨੂੰ ਕਹਿਣ ਲੱਗਿਆ ਕਿ ਤੁਸੀਂ ਦੱਸੋ ਮੈਂ ਕੀ ਲਿਆਵਾਂ ਤੁਹਾਡੇ ਵਾਸਤੇ? ਇੱਕ ਨੇ ਕਿਹਾ ਕਿ ਉਥੇ water melon ਹੁੰਦੇ ਨੇ, ਕਹਿੰਦੇ ਠੀਕ ਹੈ। ਦੂਸਰੇ ਨੇ ਕਿਹਾ ਕਿ ਮੇਰੇ ਵਾਸਤੇ ਤਾਂ ਤਰਬੂਜ਼ ਲਿਆਇਓ। ਉਹ ਕਹਿੰਦੇ, ਠੀਕ ਹੈ। ਤੀਸਰੇ ਨੂੰ ਪੁੱਛਿਆ ਉਹ ਕਹਿੰਦਾ ਮੇਰੇ ਵਾਸਤੇ ਮਤੀਰਾ ਲੈ ਕੇ ਆਇਓ। ਸਾਰਿਆਂ ਨੇ ਆਪਣੀ-ਆਪਣੀ ਗੱਲ ਕਰ ਦਿੱਤੀ, ਆਪਣੀ-ਆਪਣੀ ਬੋਲੀ 'ਚ। ਉਹ ਕਹੇ ਮੈਂ ਤਾਂ ਆਹ ਗੱਲ ਕਹੀ ਹੈ, ਮੈਂ ਆਹ ਕਹੀ ਹੈ, ਉਹ ਸੇਠ ਆਉਂਦਾ ਹੋਇਆ ਤਰਬੂਜ਼ ਲੈ ਆਇਆ, ਕਹਿੰਦੇ ਆਹੀ ਮੰਗਿਆ ਸੀ, ਕਹਿੰਦੇ ਹਾਂ। wheat ਕਹਿ ਲਓ, ਗੇਂਹੂੰ ਕਹਿ ਲਓ, ਗੰਧਮ, ਕਣਕ ਕਹਿ ਲਓ, ਚੀਜ਼ ਤਾਂ ਇੱਕੋ ਹੀ ਹੈ, ਅੱਲਾਹ ਕਹਿ ਲਓ, ਵਾਹਿਗੁਰੂ ਕਹਿ ਲਓ, ਰਾਮ ਕਹਿ ਲਓ, ਨਾਰਾਇਣ ਗੋਬਿੰਦ ਕੁਛ ਕਹਿ ਲਓ, ਉਹ ਇੱਕ ਚੀਜ਼ ਹੈ ਸਾਰੀ। ਇਹ ਤਾਂ ਐਵੇਂ ਭਰਮਾਂ 'ਚ ਪਈ ਹੋਈ ਦੁਨੀਆਂ ਹੈ, ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ,***
***ਭਰਮਾਂ ਵਿੱਚ ਪੈ ਗਈ ਦੁਨੀਆਂ।***
***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ਅੰਗ - 885***

ਕਹਿਣ ਲੱਗੇ, ਨਾਉਂ ਨੇ ਬੋਲੀ ਅੱਡ-ਅੱਡ ਹੈ, ਇੱਥੇ ਫਰਕ ਕਿਹੜੀ ਗੱਲ ਦਾ ਹੈ। ਸਾਡੇ ਪਿਤਾ ਜੀ ਤਾਂ ਇਹ ਦਸਦੇ ਨੇ ਕਿ ਮਜ਼੍ਹਬ ਜਿਹੜਾ ਹੁੰਦਾ ਹੈ ਅੰਦਰਲੀ ਖੋਜ ਕਰਨ ਵਾਸਤੇ ਹੁੰਦਾ ਹੈ। ਅੰਦਰਲੀ ਖੋਜ ਨਹੀਂ ਹੁੰਦੀ ਤਾਂ ਮਜ਼੍ਹਬ ਕੋਈ ਵੀ ਨਹੀਂ ਉਹ ਕਾਫਰਾਂ ਦਾ ਮਜ਼੍ਹਬ ਹੋਇਆ ਕਰਦਾ ਹੈ। ਅੰਦਰਲੀ ਖੋਜ ਕਰਨੀ ਹੈ ਕਿਉਂਕਿ ਅੰਦਰ ਪ੍ਰਮੇਸ਼ਰ ਹੈ -

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ - 309***

ਉਹ ਤਾਂ ਗੁਰੂ ਨੂੰ ਮੁਰਸ਼ਦ-ਏ-ਕਾਮਲ ਨੂੰ ਮਿਲ ਕੇ ਇਹਦੀ ਖੋਜ ਕਰਨੀ ਹੈ, ਧਰਮ ਤਾਂ ਇਹ ਹੈ ਕਿ ਤੁਹਾਡੇ ਵਾਲਾ ਕਿਹੜਾ ਸੀਗਾ ਅਸੀਂ

ਤਾਂ ਸਮਝ ਹੀ ਨਹੀਂ ਸਕਦੇ, ਤੁਹਾਡੀ ਗੱਲ ਤੇ ਬਾਕੀ ਸਾਡੀ ਤਾਂ ਜਿਹੜੀ ਦ੍ਰਿਸ਼ਟੀ ਹੈ, ਸਾਡੇ ਪਿਤਾ ਜੀ ਨੇ ਸਾਨੂੰ ਦ੍ਰਿੜ੍ਹ ਕਰਾਈ। ਉਹ ਤਾਂ ਇਹ ਹੈ ਕਿ –

*ਕੋਊ ਭਇਓ ਮੁੰਡੀਆਂ ਸੰਨਿਆਸੀ, ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥* *ਅਕਾਲ ਉਸਤਤਿ*

ਬਾਕੀ ਸਾਡਾ ਤਾਂ ਝਗੜਾ ਹੀ ਨਹੀਂ, ਸਾਡੇ ਤਾਂ ਪੜਦਾਦਾ ਜੀ ਨੇ ਕਰਤਾਰਪੁਰ ਮਸਜਿਦ ਬਣਾ ਕੇ ਮਸਜਿਦ ਬਣਾ ਕੇ ਦਿੱਤੀ ਮੁਸਲਮਾਨਾਂ ਨੂੰ ਕਿ ਤੁਸੀਂ ਆਪਣੇ ਤਰੀਕੇ ਨਾਲ ਨਮਾਜ਼ ਪੜ੍ਹਿਆ ਕਰੋ। ਜਦੋਂ ਯੁੱਧ ਤੋਂ ਬਾਅਦ ਸ਼ਾਹਜਹਾਨ ਨੇ ਹੁਕਮ ਦਿੱਤਾ ਕਿ ਕਰਤਾਰਪੁਰ ਢਾਹ ਦਿਓ। ਉਸ ਵੇਲੇ ਵਜ਼ੀਰਖਾਨ ਵਜ਼ੀਰ ਸੀ, ਉਹ ਕਹਿਣ ਲੱਗਿਆ ਹਜ਼ੂਰ! ਥੋੜ੍ਹੀ ਜਿਹੀ ਅਸੀਂ amendment ਚਾਹੁੰਦੇ ਹਾਂ। ਕਹਿੰਦੇ ਕੀ? ਕਹਿੰਦੇ ਉਥੇ ਇੱਕ ਬਹੁਤ ਸੁੰਦਰ ਮਸਜਿਦ ਬਣੀ ਹੋਈ ਹੈ।

ਕੀਹਨੇ ਬਣਾ ਦਿੱਤੀ?

ਕਹਿੰਦੇ, ਗੁਰੂ ਮਹਾਰਾਜ ਨੇ।

ਸੋਚਣ ਲੱਗ ਗਿਆ ਕਿ ਉਨ੍ਹਾਂ ਦੀ ਦ੍ਰਿਸ਼ਟੀ ਐਡੀ ਵਿਸ਼ਾਲ ਹੈ ਕਿ ਮਸਜਿਦਾਂ ਵੀ ਬਣਾ ਕੇ ਦਿੰਦੇ ਨੇ? ਕਹਿੰਦੇ ਹਾਂ ਜੀ, ਜਿਹੜੇ ਮੁਸਲਮਾਨ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਤਰੀਕੇ ਨਾਲ ਨਮਾਜ਼ ਪੜ੍ਹਨ ਵਾਸਤੇ ਮਸਜਿਦ ਬਣਾ ਦਿੱਤੀ ਗੁਰੂ ਛੇਵੇਂ ਪਾਤਸ਼ਾਹ ਨੇ ਤੇ ਉਥੇ ਬੇਅੰਤ ਮੁਸਲਮਾਨ ਜਿਨ੍ਹਾਂ ਨੂੰ ਮਾਲੀ ਸਹਾਇਤਾ ਵੀ ਦਿੰਦੇ ਨੇ ਗਰੀਬੀ ਦੇ ਕਾਰਨ। ਕਹਿੰਦਾ, ਫੇਰ ਜਿੱਥੇ ਮਸਜਿਦ ਬਣੀ ਹੋਈ ਹੈ ਉਸ ਸ਼ਹਿਰ ਨੂੰ ਨਾ ਉਜਾੜੋ। ਸਾਰਾ ਸ਼ਹਿਰ ਬਚ ਗਿਆ। ਕਹਿਣ ਲੱਗੇ, ਸਾਨੂੰ ਤਾਂ ਕੋਈ ਮਸਜਿਦ ਦੇ ਵਿੱਚ ਦੇਹੁਰੇ ਦੇ ਵਿੱਚ ਫਰਕ ਕੋਈ ਨਹੀਂ ਹੈ ਤੇ ਸਾਡੇ ਗੁਰੂ ਨੇ ਤਾਂ ਇਹ ਸਿਖਾਈ ਹੀ ਨਹੀਂ ਹੈ ਗੱਲ।

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਊ ਹੈ॥*
*ਦੇਵਤਾ ਅਦੇਵ ਜੱਛ ਗੰ੍ਧਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਦਸ ਔ ਆਬ ਕੋ ਰਲਾਉ ਹੈ।*

*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥ ਅਕਾਲ ਉਸਤਤਿ*

ਪੂਜਾ ਤੇ ਨਮਾਜ਼ ਨੂੰ ਅਸੀਂ ਇੱਕੋ ਜਿਹੀ ਜਾਣਦੇ ਹਾਂ, ਇੱਕੋ ਜਿਹੀ ਜਾਣ ਕੇ ਅਸੀਂ ਕੁਰਾਨ ਤੇ ਪੁਰਾਨ ਨੂੰ ਇੱਕੋ ਜਿਹਾ ਜਾਣਦੇ ਹਾਂ। ਇਹ ਧਰਮ ਗ੍ਰੰਥ ਨੇ ਇਨ੍ਹਾਂ ਦਾ ਸਤਿਕਾਰ ਕਰਨਾ ਬਣਦਾ ਹੀ ਹੈ ਤੇ ਅੱਲਾਹ ਨੂੰ, ਰਾਮ ਨੂੰ, ਰਹੀਮ ਨੂੰ ਸਭ ਨੂੰ ਇੱਕ ਜਾਣਦੇ ਹਾਂ। ਇਹ ਸਾਨੂੰ ਸਮਝਾਓ ਕਿ ਤੁਹਾਡੇ ਕੋਲ ਕਿਹੜੀ ਵਿਸ਼ੇਸ਼ਤਾ ਹੈ। ਤੁਹਾਡੇ ਕੋਲ ਕਿਹੜਾ ਤਰੀਕਾ ਹੈ ਜਿਹਦੇ ਨਾਲ ਤੁਸੀਂ ਰੱਬ ਨੂੰ ਛੇਤੀ ਮਿਲਾ ਦਿਓ। ਸਰੀਰ ਨੂੰ ਭੰਨੋ ਤੋੜੋ, ਇਹਦੇ ਨਾਲ ਕੀ ਬਣਦਾ ਹੈ। ਨਵਾਬ ਸਾਹਿਬ! ਇਹ ਗੱਲ ਜਿਹੜੀ ਤੁਸੀਂ ਚਾਹੁੰਦੇ ਓਂ ਇਹ ਅਸੀਂ ਚੰਗੀ ਤਰ੍ਹਾਂ ਸਮਝਦੇ ਹਾਂ।

ਉਸ ਵੇਲੇ ਕਹਿਣ ਲੱਗੇ ਦੇਖੋ ਬੱਚਿਓ ਤੁਹਾਨੂੰ ਸਜ਼ਾ-ਏ-ਮੌਤ ਮਿਲਣੀ ਹੈ। ਜੇ ਤੁਸੀਂ ਸ਼ਰ੍ਹਾ ਵਿੱਚ ਆ ਜਾਓ, ਤਾਂ ਸਜ਼ਾ-ਏ-ਮੌਤ ਨਹੀਂ ਮਿਲੇਗੀ ਤੁਹਾਨੂੰ ਪੂਰੀ ਜ਼ਿੰਦਗੀ ਜੀਉਣ ਦਾ ਹੱਕ ਦਿੱਤਾ ਜਾਏਗਾ। ਕਹਿਣ ਲੱਗੇ, ਇੱਕ ਗੱਲ ਦਾ ਜਵਾਬ ਦਿਓ। ਜੇ ਅਸੀਂ ਦੀਨ ਨੂੰ ਅਪਣਾਅ ਲਈਏ, ਫੇਰ ਤਾਂ ਨਹੀਂ ਮੌਤ ਆਉਂਦੀ ਕਦੇ। ਚੁੱਪ ਕਰ ਗਏ ਸਾਰੇ, ਫੇਰ ਤਾਂ ਨਹੀਂ ਆਦਮੀ ਮਰਦਾ। ਕਹਿੰਦੇ ਵਿਚਾਰੋ ਤੁਸੀਂ -

***ਧਾਰਨਾ - ਕਿੱਥੇ ਗਏ ਨੇ ਪੈਗੰਬਰ ਪੀਰ ਅਉਲੀਏ,***
***ਦਿਸਦਾ ਨਾ ਕੋਈ ਜਗ 'ਤੇ।***
***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥***
***ਅੰਗ - 488***

ਅਸਮਾਨ ਨੂੰ ਕਹਿਣ ਲੱਗੀ ਜ਼ਮੀਨ ਕਿ ਇੱਥੇ ਬੜੇ ਪੀਰ ਪੈਗੰਬਰ ਅਉਲੀਏ ਆਏ, ਅਵਤਾਰ ਆਏ, ਗੁਰੂ ਆਏ ਉਹ ਚਲੇ ਕਿੱਥੇ ਗਏ, ਮੇਰੀ ਛਾਤੀ ਦੇ ਉਤੇ ਖੇਲ੍ਹਾਂ ਕਰੀਆਂ। ਵੱਡੇ-ਵੱਡੇ ਯੁੱਧ ਵੀ ਕਰੇ, ਵੱਡੀਆਂ-ਵੱਡੀਆਂ ਗੱਲਾਂ ਵੀ ਕਰੀਆਂ, ਹੁਣ ਕੋਈ ਦਿੰਹਦਾ ਹੀ ਨਹੀਂ ਹੈ, ਤੇਰੀ ਦ੍ਰਿਸ਼ਟੀ ਦੂਰ ਤੱਕ ਹੈ, ਅਸਮਾਨ! ਮੈਂ ਤਾਂ 25 ਹਜ਼ਾਰ ਮੀਲ ਦੇ ਘੇਰੇ 'ਚ ਹੀ ਹਾਂ। ਮੇਰੀ ਤਾਂ ਪਹੁੰਚ ਨਹੀਂ ਹੈ, ਉਹ ਚਲੇ ਕਿੱਥੇ ਜਾਂਦੇ ਨੇ। ਉਹ ਕਹਿਣ ਲੱਗਿਆ -

***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ਅੰਗ - 488***

ਕੁਛ ਤਾਂ ਤੇਰੇ ਉਤੇ ਜਾਲ ਦਿੱਤੇ, ਕੋਈ ਤੇਰੇ 'ਚ ਦੱਬ ਦਿੱਤੇ। ਜਿਹੜੇ ਉਲਾਂਭੇ ਸਹਿਣ ਵਾਸਤੇ ਜੀਵ ਜਿਹੜਾ ਹੈ ਉਹ ਸੱਚੀ ਦਰਗਾਹ ਦੇ ਵਿੱਚ ਖੜ੍ਹਾ ਹੈ ਗੁਨਹਗਾਰ ਬਣਿਆ ਹੋਇਆ।

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***

*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੋਇਕੈ*
*ਫੇਰੇ ਭੂਮ ਹੀ ਮਿਲਏ ਹੈਂ॥ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਦੱਸੋ ਜੇ ਅਸੀਂ ਇਸਲਾਮ ਧਾਰਨ ਕਰ ਲਈਏ, ਤੁਹਾਡੀ ਸ਼ਰ੍ਹਾ ਵਿੱਚ ਆ ਜਾਈਏ, ਫੇਰ ਤਾਂ ਨਹੀਂ ਮਰੀਦਾ ਹੁੰਦਾ, ਉਹ ਜਦੋਂ ਜਾਣਾ ਹੀ ਹੈ, ਫੇਰ ਐਡੀ ਕਮਜ਼ੋਰੀ ਕਿਉਂ ਆਵੇ, ਉਤੋਂ ਅਸੀਂ ਵਧੀਆ ਰੱਖਦੇ ਹਾਂ। ਰਿਆਜ਼ਤ ਕਰਦੇ ਹਾਂ, ਭਗਤੀ ਕਰਦੇ ਹਾਂ, ਤੁਸੀਂ ਜ਼ੋਰ ਕਰਦੇ ਹੋਂ –

*ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥*
*ਅੰਗ – 1375*

ਅਸੀਂ ਜ਼ੋਰ ਨਹੀਂ ਕਰਦੇ, ਅਸੀਂ ਉਪਦੇਸ਼ ਦਿੰਦੇ ਹਾਂ, ਸਤਿ ਦਾ ਰਸਤਾ ਦਿਖਾਉਂਦੇ ਹਾਂ। ਅੰਦਰੋਂ ਆਦਮੀ ਦੇ, ਪ੍ਰਮੇਸ਼ਰ ਦੇ ਦਰਸ਼ਨ ਕਰਾਉਂਦੇ ਹਾਂ। ਕਿਹੜੀ ਵਿਸ਼ੇਸ਼ਤਾ ਹੈ ਜਿਹਦੇ ਕਰਕੇ ਤੁਸੀਂ ਸਾਨੂੰ ਬਾਰ-ਬਾਰ ਕਹੀ ਜਾਂਦੇ ਓਂ ਕਿ ਤੁਸੀਂ ਆਹ ਦੀਨ ਕਬੂਲ ਕਰ ਲਓ? ਉਸ ਵੇਲੇ ਚੁੱਪ ਬੈਠੀ ਹੈ ਸਾਰੀ ਸਭਾ, ਕੋਈ ਨਹੀਂ ਬੋਲ ਰਿਹਾ। ਜਵਾਬ ਹੀ ਨਹੀਂ ਆਉਂਦਾ, ਕੌਣ ਦੇ ਦਏਗਾ ਇਹਦਾ ਜਵਾਬ ਤੇ ਕਾਜ਼ੀ ਨੇ ਕਿਹਾ ਕਿ ਬੱਚਿਓ! ਜੇ ਤੁਸੀਂ ਇਹ ਸ਼ਰਤ ਨਹੀਂ ਮੰਨਦੇ ਤਾਂ ਤੁਹਾਨੂੰ ਸਜਾਏ ਮੌਤ ਹੈ। ਉਹ ਕਹਿਣ ਲੱਗੇ ਜਾਣਾ ਤਾਂ ਫੇਰ ਵੀ ਹੈ। ਜੇ ਹੁਣ ਚਲੇ ਜਾਈਏ ਸੁਰਖਰੂ ਬਗੈਰ ਡਰ ਤੋਂ ਸੀਸ ਛੁੱਟ ਜਾਏ, ਬਹੁਤ ਵੱਡੀ ਬਾਤ ਹੈ ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਸਿਰ ਜਾਵੇ ਤਾਂ ਜਾਵੇ,*
*ਮੇਰਾ ਸਿੱਖੀ ਸਿਦਕ ਨਾ ਜਾਵੇ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ – 1412*

ਕਹਿਣ ਲੱਗੇ, ਜਿਹੜਾ ਤੁਸੀਂ ਰੌਲਾ, ਰੱਟ ਲਾਈ ਹੈ ਨਾ ਦੀਨ ਦੀਨ ਦੀ, ਅਸਲੀ ਜਿਹੜੀ ਹੈ ਹਰ ਬੰਦੇ ਦੇ ਅੰਦਰ ਹਉਮੈ ਹੈ। ਉਹ ਰੋਗ ਲੱਗਿਆ ਹੋਇਆ ਹੈ ਉਹਦੇ ਕਰਕੇ ਜੰਮਦਾ ਹੈ ਮਰਦਾ ਹੈ। ਚਾਹੇ ਇਸਲਾਮ 'ਚ ਆ ਜਾ, ਚਾਹੇ ਹਿੰਦੂ ਧਰਮ 'ਚ ਆ ਜਾ, ਚਾਹੇ ਸਿੱਖ ਧਰਮ 'ਚ ਆ ਜਾ। ਧਰਮ ਕੋਈ ਮਦਦ ਨਹੀਂ ਕਰ ਸਕਦਾ। ਹਉਮੈ ਰੋਗ ਕੱਟਣ ਵਾਸਤੇ ਨਾਮ ਦੀ ਲੋੜ ਹੈ, ਦਾਰੂ ਹੈ ਨਾਮ। ਉਹ ਦਾਰੂ ਜਿੰਨਾਂ ਚਿਰ ਨਹੀਂ ਵਰਤਦਾ, ਨਾਮ ਪ੍ਰਮੇਸ਼ਰ ਦਾ ਇੱਕ ਹੈ, ਚਾਹੇ ਅੱਲਾਹ ਹੈ, ਚਾਹੇ ਰਾਮ ਹੈ, ਰਹੀਮ ਹੈ, ਵਾਹਿਗੁਰੂ ਹੈ, ਗੋਬਿੰਦ ਹੈ, ਕੋਈ ਵੀ ਹੈ, ਮੰਤਰ ਦੇ ਨਾਲ ਅਸੀਂ ਨਾਮ 'ਚ ਪਹੁੰਚਣਾ ਹੈ। ਨਾਮ ਅੰਦਰ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ – 293*

ਤੇ ਅਸਲੀ ਗੱਲ ਹਉਮੈ ਦੀ ਹੈ, ਖੁਦੀ ਦੀ ਹੈ, ਉਹ ਖੁਦੀ ਵਾਲੀ ਗੱਲ ਤੁਸੀਂ ਸਮਝਦੇ ਨਹੀਂ। ਕਰੀ ਜਾਂਦੇ ਨੇ ਕਿ ਦੀਨ ਕਬੂਲ ਕਰ ਲਓ, ਇਸਲਾਮ 'ਚ ਆ ਜਾਓ, ਕੋਈ ਗੱਲ ਹੈ ਤੁਹਾਡੇ ਕੋਲ ਸਮਝਾਉਣ ਵਾਸਤੇ। ਸਾਡੇ ਗੁਰੂ ਨੇ ਨਾਮ ਦਿੱਤਾ ਹੈ, ਹਉਮੈ ਦੇ ਰੋਗ ਨੂੰ ਦੂਰ ਕਰਦਾ ਹੈ। ਬਾਕੀ ਤੁਹਾਡਾ ਜਿਹੜਾ ਹੈ ਤੁਸੀਂ ਜ਼ੁਲਮ ਕਰ ਰਹੇ ਓਂ, ਜ਼ੋਰ ਕਰ ਰਹੇ ਓਂ। ਇਸ ਤਰ੍ਹਾਂ ਨਹੀਂ ਹੁੰਦਾ। ਅਸੀਂ ਜੋ ਆਪਣਾ ਰਸਤਾ ਚੁਣਿਆ ਹੈ ਠੀਕ ਹੈ, ਚਾਹੇ ਸਿਰ ਜਾਵੇ –

***ਹਮਰੇ ਬੰਸ ਰੀਤਿ ਚਲੀ ਆਈ।***
***ਸੀਸ ਦੀਆ ਪਰ ਧਰਮ ਨ ਜਾਈ।***

ਸਾਡੇ ਗੁਰੂ ਪੰਜਵੇਂ ਪਾਤਸ਼ਾਹ ਨੂੰ ਵੀ ਇਹ ਗੱਲ ਕਹੀ ਸੀ ਤੁਸੀਂ। ਗੁਰੂ ਨੌਵੇਂ ਪਾਤਸ਼ਾਹ ਦੇ ਕੋਲ ਵੀ ਇਹ ਸ਼ਰਤ ਰੱਖੀ ਸੀ ਤੇ ਸੀਸ ਚਲਿਆ ਜਾਵੇ, ਤਾਂ ਜਾਵੇ ਲੇਕਿਨ ਧਰਮ ਨਹੀਂ ਅਸੀਂ ਛੱਡ ਸਕਦੇ। ਇਸ ਤਰ੍ਹਾਂ ਦੀ ਜਦੋਂ ਗੱਲ ਹੋਈ ਉਸ ਵੇਲੇ ਉਹ ਫੇਰ ਬੋਲਿਆ ਝੂਠਾ ਨੰਦ। ਕਹਿਣ ਲੱਗਿਆ, ਨਵਾਬ ਸਾਹਿਬ! ਢਿੱਲੇ ਨਾ ਪਵੋ, ਰਾਜਨੀਤੀ ਵਰਤੋ ਇਹ ਨਾਗਾਂ ਦੇ ਬੱਚੇ ਖੜੱਪੇ ਨਾਗ ਬਣ ਜਾਣਗੇ, ਅੱਜ ਚੰਗਿਆੜੀ ਹੈ, ਹੁਣੇ ਦੱਬ ਦਿਓ। ਜਦੋਂ ਇਹ ਭਾਂਬੜ ਮੱਚ ਗਿਆ ਫੇਰ ਨਹੀਂ ਇਹ ਕਾਬੂ ਆਉਣਾ। ਉਸ ਵੇਲੇ ਸਜ਼ਾ ਸੁਣਾਈ ਗਈ, ਕਿ ਜੇ ਤੁਸੀਂ ਨਹੀਂ ਮੰਨਦੇ ਤੁਹਾਨੂੰ ਸਜ਼ਾ ਇਹ ਹੈ ਕਿ ਤੁਹਾਨੂੰ ਨੀਹਾਂ ਦੇ ਵਿੱਚ ਜੀਉਂਦਿਆਂ ਦੇ ਵਿੱਚ ਚਿਣ ਦਿੱਤਾ ਜਾਏਗਾ। ਸ਼ਹੀਦ ਕਰਨ ਦਾ ਹੁਕਮ ਹੋ ਗਿਆ, ਉਸ ਵੇਲੇ ਇੱਕ ਬਹੁਤ ਪ੍ਰਭਾਵ ਵਾਲਾ ਬੰਦਾ ਉਠਿਆ ਵਿੱਚੋਂ, ਨਵਾਬ ਮਲੇਰ ਕੋਟਲੇ ਦਾ, ਉਹ ਕਹਿਣ ਲੱਗਿਆ ਦੇਖੋ ਤੁਸੀਂ ਸਜ਼ਾ ਦੇ ਦਿੱਤੀ ਬੱਚਿਆਂ ਨੂੰ, ਮਾਸੂਮਾਂ ਨੂੰ। ਕੁਰਾਨ ਸਰੀਫ ਦੇ ਅੰਦਰ ਮੈਨੂੰ ਕੋਈ ਆਇਤ ਦਿਖਾਓ, ਜਿਥੇ ਬਗੈਰ ਕਸੂਰ ਮਾਸੂਮਾਂ ਨੂੰ ਤੁਸੀਂ ਬੁਨਿਆਦਾਂ ਵਿੱਚ ਚਿਣਨ ਦਾ ਹੁਕਮ ਦਿੰਦੇ ਓਂ। ਇਹ ਸਭਾ ਨਹੀਂ ਹੈ ਇਹ ਬੇਇਨਸਾਫ ਲੋਕ ਇਕੱਠੇ ਹੋਏ ਬੈਠੇ ਨੇ। ਮੈਂ ਬਿਲਕੁਲ ਵੀ ਇਨ੍ਹਾਂ ਨਾਲ ਸਹਿਮਤ ਨਹੀਂ ਹਾਂ। ਨਵਾਬ ਕਹਿਣ ਲੱਗਿਆ, ਨਵਾਬ ਸਾਹਿਬ! ਤੁਹਾਡਾ ਭਰਾ ਮਾਰਿਆ ਹੈ ਗੁਰੂ ਗੋਬਿੰਦ ਸਿੰਘ ਨੇ, ਤੁਸੀਂ ਬਦਲਾ ਲਓ ਇਨ੍ਹਾਂ ਤੋਂ। ਕਹਿਣ ਲੱਗਿਆ, ਮੈਂ ਕਾਇਰ ਹਾਂ, ਮੈਨੂੰ ਤੁਸੀਂ ਕੀ ਸਮਝਦੇ ਓਂ? ਜਦੋਂ ਗੁਰੂ ਗੋਬਿੰਦ ਸਿੰਘ ਆਏਗਾ ਸਾਮ੍ਹਣੇ ਦੋਹੇਂ ਹੱਥ ਕਰਾਂਗੇ। ਯਾਦ ਹੈ ਸਾਨੂੰ ਕਿ ਸਾਡਾ ਭਰਾ ਮਾਰਿਆ ਹੈ। ਆਹ ਬੱਚਿਆਂ ਨੇ ਕੀ ਕਰਿਆ ਹੈ, ਤੁਹਾਡੇ ਬੱਚੇ ਨਹੀਂ ਹੈ ਇਹੋ ਜਿਹੇ? ਸ਼ੀਰਖੋਰ ਬੱਚੇ, ਤੁਹਾਨੂੰ ਹੋ ਕੀ ਗਿਆ, ਅੰਨ੍ਹੇ ਹੋ ਗਏ ਤੁਸੀਂ। ਮੈਂ ਸਭਾ ਦਾ ਮੈਂਬਰ ਬਣਨਾ ਵੀ ਨਹੀਂ ਚਾਹੁੰਦਾ। ਉਸੇ ਵੇਲੇ protest ਕੀਤਾ ਉਠ ਕੇ ਚਲਿਆ ਗਿਆ। ਬਾਅਦ ਵਿੱਚ ਦੋਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬੁਨਿਆਦਾਂ 'ਚ ਚਿਣ ਦਿੱਤੇ ਉਹ ਬੁਨਿਆਦ ਛਾਤੀ ਤੱਕ ਗਈ ਫਟ ਗਈ, ਕੰਬਲ ਪਾ ਦਿੱਤੇ ਉਨ੍ਹਾਂ ਉਤੇ, ਜਲਾਦਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਜਿਹਵਾ ਕਰ ਦਿਓ। ਜਲਾਦ ਕੋਈ ਤਿਆਰ ਨਾ ਹੋਵੇ। ਐਨੇ ਨੂੰ ਦਿੱਲੀ ਤੋਂ ਦੋ ਜਲਾਦ ਆ ਗਏ, ਉਨ੍ਹਾਂ ਨੂੰ ਕੰਮ ਸੀ ਉਥੇ ਸਰਕਾਰੀ, ਕਹਿਣ

ਲੱਗੇ, ਤੁਸੀਂ ਕਰ ਦਿਓ, ਕਹਿੰਦੇ ਹਾਂ। ਉਨ੍ਹਾਂ ਨੇ ਬੱਚਿਆਂ ਦੇ ਛਾਤੀਆਂ ਤੇ ਗੋਡੇ ਧਰ ਲਏ ਤੇ ਜਿਵੇਂ ਬੱਕਰੇ ਨੂੰ ਜਿਹਵਾ ਕਰੀਦਾ ਹੈ ਐਸ ਤਰ੍ਹਾਂ ਕਰ ਦਿਤੇ। ਸ਼ਹੀਦੀ ਹੋ ਗਈ। ਹਾਹਾਕਾਰ ਮਚ ਗਈ। ਐਸਾ ਦਸਦੇ ਨੇ ਕਿ ਕੁਦਰਤ ਨੇ ਵੀ protest ਕਰਿਆ ਭੁਚਾਲ ਆ ਗਿਆ, ਹਨ੍ਹੇਰੀ ਚੱਲ ਪਈ, ਹਾਹਾਕਾਰ ਹੋ ਗਈ ਸਾਰੇ। ਬਈ ਅੱਜ ਸਰਹੰਦ ਦੀ ਬੁਨਿਆਦ ਨਹੀਂ, ਮੁਗਲੀਆ ਸਲਤਨਤ ਦੀ ਬੁਨਿਆਦ ਉੱਖੜ ਰਹੀ ਹੈ, ਐਡਾ ਮਹਾਂ ਪਾਪ ਇੱਥੇ ਹੋਇਆ ਹੈ। ਸੋ ਉਸ ਵੇਲੇ ਮਾਤਾ ਜੀ ਨੂੰ ਖਬਰ ਮਿਲੀ ਕਿ ਸਾਹਿਬਜ਼ਾਦੇ ਸ਼ਹੀਦ ਹੋ ਗਏ।

ਇੱਥੇ ਚਾਰ ਗੱਲਾਂ ਇਤਿਹਾਸਾਂ 'ਚ ਲਿਖੀਆਂ ਹੋਈਆਂ ਨੇ ਕਮਜ਼ੋਰ ਬੰਦਿਆਂ ਨੇ ਪਹਿਲੀ ਇਹ ਲਿਖੀ ਕਿ ਮਾਤਾ ਜੀ ਨੇ ਟੋਡਰ ਮੱਲ ਕੋਲ ਸੁਨੇਹਾ ਭੇਜਿਆ ਕਿ ਮੈਨੂੰ ਹੀਰਾ ਭੇਜ ਦੇ, ਮੈਂ ਚੱਟ ਲਵਾਂ ਤੇ ਛੇਤੀ ਦੇ ਕੇ ਸਰੀਰ ਛੱਡ ਦੇਵਾਂ। ਖੁਦਖਸ਼ੀ।

ਦੂਸਰਾ ਇਹ ਕਿ ਉਨ੍ਹਾਂ ਮਹਿਲ ਵਿੱਚ ਸਿਰ ਮਾਰਿਆ। ਇਹ ਵੀ ਖੁਦਖਸ਼ੀ।

ਇਹਦੇ ਮੁਕਾਬਲੇ ਤੇ ਮੈਂ ਪਹਿਲੇ ਦੀਵਾਨ ਵਿੱਚ ਦਸਿਆ ਸੀ ਕਿ ਨਾਮਧਾਰੀ ਮਾਂ ਨੇ ਬੱਚਾ ਛੁਟ ਕੇ ਆ ਗਿਆ, ਫਰਕਸ਼ਿਅਰ ਤੋਂ ਕਹਿੰਦੀ ਬੇਟਾ! ਤੂੰ ਕਿਉਂ ਆ ਗਿਆ ਕਹਿੰਦਾ ਮੈਨੂੰ ਛੱਡ ਦਿੱਤਾ, ਮੈਂ ਛੋਟਾ ਬੱਚਾ ਹਾਂ। ਕਹਿੰਦੀ ਤੂੰ ਦਾੜ੍ਹੀ ਫੜ ਲੈ ਇਹਦੀ ਜਾ ਕੇ ਕਾਬਨ ਦੀ। ਉਹ ਕਾਬਨ ਕੋਲ ਗਿਆ, ਕਹਿੰਦਾ ਤੇਰੇ ਨਾਲ ਗੱਲ ਕਰਨੀ ਹੈ ਉਹਦੀ ਦਾੜ੍ਹੀ ਫੜ ਲਈ ਤੇ ਨਾਲ ਲਟਕ ਗਿਆ। ਨਾਭੇ ਦਾ ਸੀ ਇੱਕ ਰਾਮ ਸਿੰਘ, ਰਸਾਲੇ ਦਾ ਜਵਾਨ, ਆਫੀਸਰ ਸੀਗਾ ਨਾਇਬ ਸੂਬੇਦਾਰ ਉਹਨੇ ਬੱਚੇ ਦੀਆਂ ਦੋਵੇਂ ਬਾਹਾਂ ਤੇ ਸਿਰ ਵੱਢ ਦਿੱਤਾ। ਮਾਂ ਜੈਕਾਰੇ ਬੁਲਾਵੇ, ਉੱਚੀ-ਉੱਚੀ ਛਾਲਾਂ ਮਾਰੇ।

ਹੁਣ ਗੁਰੂ ਦੱਸੋ ਗੁਰੂ ਦਸਵੇਂ ਪਾਤਸ਼ਾਹ ਦੀ ਮਾਂ ਐਨੀ ਕਮਜ਼ੋਰ ਸੀ ਕਿ ਮੱਥਾ ਮਾਰਦੀ ਉਹਦੇ ਵਿੱਚ। ਚੌਥੀ ਗੱਲ ਕਹਿੰਦੇ ਨੇ ਕਿ ਉਨ੍ਹਾਂ ਨੇ ਛਾਲ ਮਾਰੀ ਬੁਰਜ ਤੋਂ। ਉਹ ਵੀ ਖੁਦਖਸ਼ੀ ਹੈ।

ਅਸਲੀ ਜੋ ਗੱਲ ਹੈ ਉਹ ਇਹ ਕਿ ਮਾਤਾ ਜੀ ਯੋਗੀ ਸੀ, 28 ਸਾਲ ਗੁਰੂ ਤੇਗ ਬਹਾਦਰ ਸਾਹਿਬ ਦੇ ਦਰਵਾਜ਼ੇ ਮੂਹਰੇ ਬੈਠ ਕੇ, ਜਦੋਂ ਭੋਰੇ ਵਿੱਚ ਸੀਗੇ, ਉਨ੍ਹਾਂ ਨੇ ਯੋਗ ਸਾਧਨਾ ਸਾਧੀ, ਨਾਮ ਜਪਿਆ। ਨਾਮ ਜਪਣ ਵਾਲੇ ਦੀ ਜਦੋਂ ਸੁਰਤ ਦਸਵੇਂ ਦੁਆਰ 'ਚ ਪਹੁੰਚ ਜਾਵੇ, ਉਹਦੇ ਅਖਤਿਆਰ ਵਿਚ ਹੁੰਦਾ ਹੈ ਕਿ ਸਰੀਰ 'ਚ ਰਹੇ ਜਾਂ ਛੱਡ ਜਾਵੇ।

ਮਾਤਾ ਜੀਤੋ ਜੀ ਨੇ ਆਪਣੀ ਮਰਜ਼ੀ ਨਾਲ ਸਰੀਰ ਛੱਡ ਦਿੱਤਾ ਸੀ। ਯੋਗੀ ਨੂੰ ਕੋਈ ਦੋਸ਼ ਨਹੀਂ ਹੁੰਦਾ, ਜੇ ਉਹ ਚਾਹੇ ਫੇਰ ਆ ਜਾਏਗਾ ਸਰੀਰ 'ਚ।

ਡਾਕਟਰ ਸਵਾਮੀ ਰਾਮ ਜੀ ਲਿਖਦੇ ਨੇ ਕਿ ਮੇਰੇ ਗੁਰੂ ਨੇ ਇੱਕ ਸੰਤ

ਕੋਲ ਮੈਨੂੰ ਭੇਜ ਦਿੱਤਾ। ਜਦੋਂ ਮੈਂ ਉਥੇ ਗਿਆ ਤਾਂ ਉਸ ਨੇ ਕਿਹਾ Mr. you are to late I am living this body. ਕੱਲ੍ਹ ਨੂੰ ਤਿਆਰੀ ਹੈ ਮੇਰੀ। ਕਹਿੰਦਾ, ਉਹ ਸਰੀਰ ਛੱਡ ਗਿਆ। ਛੱਡਿਆ ਤਾਂ ਉਹਦੇ ਚੇਲਿਆ ਨੇ ਰੌਲਾ ਪਾ ਲਿਆ, ਜਿਹਦੇ 'ਚ ਮੁਸਲਮਾਨ ਸੀ, ਈਸਾਈ ਸੀ, ਹਿੰਦੂ ਸੀ। ਉਹ ਕਹਿੰਦੇ ਸੰਸਕਾਰ ਕਰਨਾ ਹੈ, ਜਿਵੇਂ ਗੁਰੂ ਨਾਨਕ ਸਾਹਿਬ ਦਾ ਹੋਇਆ ਸੀ। ਦੂਜੇ ਕਹਿੰਦੇ ਅਸੀਂ ਤਾਂ ਕਬਰ ਵਿੱਚ ਲੈ ਕੇ ਜਾਣਾ ਹੈ। ਡੀ.ਸੀ. ਆ ਗਿਆ, ਐਸ.ਪੀ. ਆ ਗਿਆ, ਪੁਲਿਸ ਆ ਗਈ। ਫੈਸਲਾ ਨਾ ਕੋਈ ਹੋਵੇ ਉਨ੍ਹਾਂ ਤੋਂ ਕਿ ਕਿਹਨੂੰ ਦੇਈਏ ਇਹਦੀ ਲਾਸ਼। ਕਹਿੰਦਾ, ਮੈਨੂੰ ਕਹਿੰਦੇ ਮਿਸਟਰ ਸਵਾਮੀ! ਤੂੰ ਦੱਸ ਇਹ ਕੌਣ ਸੀ। ਮੇਰੇ ਮਨ 'ਚ ਗੁੱਸਾ ਸੀ, ਮੈਂ ਕਿਹਾ, ਇਹ ਦਸ ਕੇ ਕਿਉਂ ਨਾ ਗਿਆ ਕਿ ਮੇਰਾ ਕੀ ਕਰਨਾ ਹੈ। ਕਹਿੰਦੇ ਮੈਂ ਕਿਹਾ ਇਸ ਸੰਤ ਨੇ ਤਾਂ ਪੰਗਾ ਖੜ੍ਹਾ ਕਰ ਦਿੱਤਾ।

ਕਹਿੰਦਾ, ਜਦੋਂ ਮੈਂ ਐਨੀ ਗੱਲ ਕਹੀ ਤਾਂ ਉਠ ਕੇ ਬਹਿ ਗਿਆ ਉਹ। ਕਹਿੰਦਾ, ਮੈਂ ਕਿਹੜਾ ਪੰਗਾ ਖੜ੍ਹਾ ਕਰ ਦਿੱਤਾ। ਕਹਿੰਦਾ, get out ਈਸਾਈ, get out ਹਿੰਦੂ, get out ਮੁਸਲਮਾਨ। ਸਾਰੀ ਜ਼ਿੰਦਗੀ ਮੈਂ ਪ੍ਰਚਾਰ ਕਰਿਆ, ਮੈਨੂੰ ਸਮਝ ਹੀ ਨਹੀਂ ਸਕੇ। ਮੈਂ ਇਨਸਾਨ ਹਾਂ, ਮੈਂ ਇਨ੍ਹਾਂ ਕੈਦਾਂ ਤੋਂ ਬਾਹਰ ਹਾਂ ਫੇਰ ਕਹਿੰਦਾ, ਮਿਸਟਰ ਸੁਆਮੀ! ਹੁਣ ਮੈਂ ਚਾਰ ਦਿਨ ਹੋਰ ਰਹਿਣਾ ਹੈ, ਤੂੰ ਪੁੱਛ ਲੈ ਮੇਰੇ ਤੋਂ ਕੀ ਪੁੱਛਣਾ ਹੈ। ਕਹਿੰਦਾ, ਚੌਥੇ ਦਿਨ ਅਸੀਂ ਤੁਰੇ ਜਾਂਦੇ ਹਾਂ, ਦਰਿਆ 'ਚ ਇਸ਼ਨਾਨ ਕਰਨ ਲੱਗੇ, ਗਿੱਟੇ-ਗਿੱਟੇ ਪਾਣੀ ਹੈ। ਕਹਿੰਦਾ, ਲੈ ਬਈ ਸਵਾਮੀ! ਹੁਣ ਮੈਂ ਜਾਨਾਂ। ਮੈਂ ਕਿਹਾ ਕਿ ਫੇਰ ਰੌਲਾ ਪਏਗਾ? ਕਹਿੰਦਾ ਐਤਕੀ ਮੈਂ ਸਰੀਰ ਹੀ ਨਹੀਂ ਦੇਣਾ ਇਨ੍ਹਾਂ ਨੂੰ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਛਾਈਂ ਮਾਈਂ ਹੋ ਗਿਆ। ਰਿਹਾ ਹੀ ਨਾ ਉਥੇ।

ਇਹ ਆਮ ਸਾਧੂ ਕਰ ਸਕਦੇ ਨੇ। ਤੇ ਮਾਤਾ ਜੀ ਨੂੰ ਮੰਨਣ ਵੀ ਸਾਨੂੰ ਔਖ ਲਗਦੀ ਹੈ। ਗੁਰੂ ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਉਂਦੇ ਨੇ –

***ਧਾਰਨਾ – ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ-ਗੁਰਮੁਖ ਪਿਆਰਾ।***

ਮਰਜ਼ੀ ਦੇ ਨਾਲ ਸਰੀਰ ਛੱਡ ਦਿੰਦਾ ਹੈ, ਮਰਜ਼ੀ ਹੋਵੇ ਫੇਰ ਉਠ ਖੜ੍ਹਦਾ ਹੈ।

ਸੋ ਜਿਸ ਵਕਤ ਉਹ ਗੁਰੂ ਮਹਾਰਾਜ ਨੂੰ ਦਸ ਚੁੱਕਿਆ, ਕੀ ਦੇਖਦੇ ਨੇ ਸਾਰੇ ਜਿੰਨੇ ਸੁਣ ਰਹੇ ਨੇ, ਰਾਏ ਕੱਲੇ ਸਮੇਤ, ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਈ ਜਾਂਦਾ ਹੈ। ਹੁੱਬਕੀਆਂ ਆਉਂਦੀਆਂ ਨੇ, ਰੋ ਰਹੇ ਨੇ, ਗੁਰੂ ਮਹਾਰਾਜ ਸ਼ਾਂਤ ਬੈਠੇ ਨੇ, ਥੋੜ੍ਹਾ ਜਿਹਾ ਹੇਠਾਂ ਹੋ ਕੇ ਕਰਦ ਨਾਲ, ਛੋਟੀ ਨਾਲ ਇੱਕ ਕਾਂਹੀ ਦਾ ਬੂਟਾ ਹੈ ਉਹ ਪੁੱਟੀ ਜਾਂਦੇ ਨੇ, ਇਧਰੋਂ ਇਹਨੇ ਗੱਲ ਖਤਮ ਕਰ ਦਿੱਤੀ, ਏਧਰੋਂ ਮਹਾਰਾਜ ਨੇ ਕਾਂਹੀ ਦਾ ਬੂਟਾ ਪੁੱਟ

ਲਿਆ, ਕਹਿੰਦੇ ਲਓ ਮੁਗਲ ਰਾਜ ਦੀ ਜੜ੍ਹ ਪੁੱਟੀ ਗਈ। ਸੁੱਟ ਦਿਤਾ।

ਉਸ ਵੇਲੇ ਰਾਏ ਕੱਲਾ ਕਹਿਣ ਲੱਗਿਆ ਕਿ ਮੈਂ ਵੀ ਮੁਸਲਮਾਨ ਹਾਂ। ਕਹਿੰਦੇ ਇੱਕ ਦੀ ਜੜ੍ਹ ਹਰੀ ਰਹੇਗੀ ਜਿਹਨੇ ਸਭਾ ਵਿੱਚ ਹਾਅ ਦਾ ਨਾਅਰਾ ਮਾਰਿਆ। ਕੋਈਓ ਹੁੰਦਾ ਹੈ ਜਿਹੜਾ ਹਾਅ ਦਾ ਨਾਅਰਾ ਮਾਰੇ, ਚਾਹੇ ਦੁਸ਼ਮਣ ਹੀ ਹੋਵੇ, ਜੇ ਹਾਅ ਦਾ ਨਾਅਰਾ ਮਾਰ ਦੇਵੇ ਮਿੱਤਰ ਬਣ ਜਾਂਦਾ ਹੈ। ਉਹ ਬਹਾਦਰ ਰਹੇ ਸੱਚੀ ਗੱਲ ਸਮਝਦੇ ਸੀ। ਮੇਰੇ ਖਾਲਸੇ ਦਾ ਰਾਜ ਹੋਏਗਾ ਉਨ੍ਹਾਂ ਵੱਲ ਕੋਈ ਝਾਕੇਗਾ ਵੀ ਨਹੀਂ। ਰਾਜ ਕਰਨਗੇ। ਬਾਕੀ ਤੂੰ ਹੈਂ ਅਸੀਂ ਤੈਨੂੰ ਆਪਣੀ ਸ੍ਰੀ ਸਾਹਿਬ ਦਿੰਦੇ ਹਾਂ, ਜਦੋਂ ਤੱਕ ਤੇਰੇ ਪਰਿਵਾਰ ਵਿੱਚ ਇਹਦਾ ਸਤਿਕਾਰ ਰਹੇਗਾ ਉਸ ਵੇਲੇ ਤੁਹਾਡੇ ਵੱਲ ਕੋਈ ਝਾਕ ਨਹੀਂ ਸਕਦਾ। ਕਿੱਡਾ ਹੀ ਵੱਡਾ ਗਨੀਮ ਚੜ੍ਹ ਕੇ ਕਿਉਂ ਨਾ ਆ ਜਾਏ। ਉਹਦੇ ਉਤੇ ਉਹਨੇ ਰਾਜ ਕਰਿਆ, ਉਹਦੇ ਪੁੱਤਰ ਨੇ ਕਰਿਆ, ਜਦ ਪੋਤਰਾ ਆਇਆ, ਇੱਕ ਕੱਟੜ ਬੰਦਾ ਆ ਗਿਆ ਉਹਦੇ ਕੋਲ ਮੌਲਵੀ ਉਹ ਕਹਿੰਦਾ ਲੈ ਗੁਰੂ ਦੀ ਤਲਵਾਰ ਚੁੱਕੀਂ ਫਿਰਦਾ ਹੈਂ ਤੂੰ ਹਿੰਦੂ ਹੈਂ। ਇਹਨੂੰ ਸ਼ਿਕਾਰ 'ਚ ਲੈ ਕੇ ਜਾਇਆ ਕਰ, ਮਹਾਰਾਜ ਦਾ ਸ਼ਸਤਰ ਪਹਿਨ ਲਿਆ। ਉਦਣ ਹੀ ਘੋੜੇ ਤੋਂ ਗਿਰ ਪਿਆ, ਰਕਾਬ 'ਚ ਪੈਰ ਫਸ ਗਿਆ, ਮਰ ਗਿਆ ਉਹ ਰਾਜ ਵੀ ਖਤਮ ਤੇ ਉਹ ਵੀ ਖਤਮ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਓ ਤੁਸੀਂ ਬੈਰਾਗ ਨਾ ਕਰੋ। ਇਹ ਬਹੁਤ ਵੱਡਾ ਕਾਰਨਾਮਾ ਹੋਇਆ ਹੈ ਸੰਸਾਰ ਦੇ ਇਤਿਹਾਸ ਵਿੱਚ ਕਿ ਧਰਮ ਦੀ ਰਾਖੀ ਕਰਨ ਵਾਸਤੇ ਆਪਣਾ ਬਲੀਦਾਨ ਦੇ ਦਿੱਤਾ। ਇਹਦਾ ਸਦਾ ਹੀ ਸੰਸਾਰ ਜਸ ਗਾਏਗਾ। ਐਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਵਾਹਵਾ ਵਾਹਵਾ ਬਈ ਸਦਾ ਜਸ ਗਾਉ ਦੂਨੀਆਂ,***
***ਐਸੀ ਕਰਨੀ ਕਰ ਗਏ ਪਿਆਰੇ।***

ਪਿਆਰਿਓ! ਤੁਸੀਂ ਬੈਰਾਗ ਨਾ ਕਰੋ। ਇਹ ਤਾਂ ਅਮਰ ਕਹਾਣੀ ਬਣ ਗਈ। ਸਦਾ ਵਾਸਤੇ ਜੀਉਂਦੇ ਰਹਿਣਾ ਹੈ ਉਨ੍ਹਾਂ ਨੇ। ਇਸੇ ਤਰ੍ਹਾਂ ਨਾਲ ਵਿਸਥਾਰ ਦੇ ਨਾਲ ਪੁਸਤਕ ਛਪੀ ਹੈ ਜਾਗਦੀਆਂ ਜੋਤਾਂ, ਇਹ ਕਿਤਾਬ ਅੰਗ੍ਰੇਜ਼ੀ ਵਿੱਚ ਵੀ ਛਪੀ ਹੈ, ਉਹਦੇ ਵਿੱਚ ਬਹੁਤ ਖੋਲ੍ਹ ਕੇ ਵਰਨਣ ਕੀਤਾ ਗਿਆ ਹੈ ਕਿਉਂਕਿ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਗੁਰੂ ਦਸ਼ਮੇਸ਼ ਪਿਤਾ ਦਾ ਜਿਹੜਾ ਜੀਵਨ ਹੈ ਉਹਨੂੰ ਹੱਦ ਤੋਂ ਜ਼ਿਆਦਾ ਸਮਝਣਾ ਔਖਾ ਹੈ। ਬਹੁਤ ਔਖੀ ਹੈ ਪੜਚੋਲ ਕਰਨੀ, ਗੁਰੂ ਮਹਾਰਾਜ ਦੀ। ਸੋ ਉਨ੍ਹਾਂ ਦੇ ਜਿੰਨੇ ਕੁ ਆਪਣੀ ਸਮਝ ਵਿੱਚ ਆਏ, ਆਪਾਂ ਬਚਨ ਕੀਤੇ, ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰਸਤੋਤਰ, ਅਰਦਾਸ, ਹੁਕਮਨਾਮਾ।

(-------)

# ਦਸ਼ਮੇਸ਼ ਪਿਤਾ ਵੱਲੋਂ ਭਾਈ ਨਿੰਗਰ ਨੂੰ ਉਪਦੇਸ਼ ਬਖਸ਼ਿਸ਼ ਕਰਨਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਪਿਆਰੇ ਜੀ ਸੰਸਾ ਮੇਰਾ ਉਤਰ ਗਿਆ,*
*ਪਿਆਰੇ ਜਬ ਤੇ ਦਰਸ਼ਨ ਪਾਇਆ।*

ਸਾਧਸੰਗਤ ਜੀ, ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਕਾਰੋਬਾਰ ਸੰਕੋਚਦੇ ਹੋਏ ਗੁਰੂ ਮਹਾਰਾਜ ਦੇ ਚਰਨਾਂ 'ਚ ਸਸ਼ੋਭਤ ਹੋਏ ਬੈਠੇ ਓਂ, ਭਾਗ ਤੋਂ ਬਗੈਰ ਸਤਿਸੰਗ ਦੀ ਪ੍ਰਾਪਤੀ ਨਹੀਂ ਹੁੰਦੀ, ਐਸਾ ਸਾਰੇ ਮਹਾਂਪੁਰਸ਼ਾਂ ਦਾ ਮਤ ਹੈ, ਕਿ ਮੇਰਾ ਸੰਸਾ ਉਤਰ ਗਿਆ ਦਰਸ਼ਨ ਕਰਕੇ, ਮਹਾਰਾਜ ਕਹਿੰਦੇ ਇਹਦਾ ਹੀ ਝਗੜਾ ਹੈ, ਸੰਸਾ ਹੀ ਸੰਸਾਰ ਹੈ। ਇੱਕ ਗੱਲ ਸਮਝ 'ਚ ਆਉਣੀ ਹੈ ਸਾਡੇ, ਜੇ ਤਾਂ ਸਾਰੀ ਜ਼ਿੰਦਗੀ 'ਚ ਆ ਗਈ ਤਾਂ, ਤਾਂ ਅਸੀਂ ਜਿੱਤ ਗਏ, ਜੇ ਨਾ ਆਈ ਤਾਂ ਨਹੀਂ ਜਿੱਤੇ, ਉਹ ਇੱਕ ਸਮਝ ਹੁੰਦੀ ਹੈ, ਇੱਕ ਬੁੱਝਣਾ ਹੁੰਦਾ ਹੈ। ਜੇ ਤਾਂ ਬੁੱਝ ਜਾਵੇ ਫੇਰ ਤਾਂ ਗੱਲ ਬਣ ਜਾਂਦੀ ਹੈ, ਨਹੀਂ ਤਾਂ ਸਾਰੀ ਜ਼ਿੰਦਗੀ ਖਪਦਾ ਹੈ -

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ - 467*

ਗੁਰੂ ਮਹਾਰਾਜ ਕਹਿੰਦੇ ਨੇ ਜੇ ਇੱਕ ਗੱਲ ਬੁੱਝ ਗਿਆ ਤਾਂ ਬੁੱਝ ਗਿਆ। ਹੁਣ ਇਹਦੇ ਵਿਚ ਬੜੀਆਂ ਹੀ ਲੰਮੀਆਂ ਚੌੜੀਆਂ ਵਿਚਾਰਾਂ ਆਉਂਦੀਆਂ ਨੇ ਕਿ ਅਸੀਂ ਨੇਕ ਕੰਮ ਕਰਦੇ ਹਾਂ, ਦਾਨ ਦਿੰਦੇ ਹਾਂ, ਸਤਿਸੰਗ ਕਰਦੇ ਹਾਂ, ਪਾਠ ਕਰਦੇ ਹਾਂ, ਹੋਰ ਅਨੇਕਾਂ ਕਿਸਮ ਦੀ ਸਹਾਇਤਾ ਕਰਦੇ ਹਾਂ, ਬੀਮਾਰ ਹੋ ਗਏ ਉਹਦੀ ਤੀਮਾਰਦਾਰੀ ਕਰਦੇ ਹਾਂ, ਇਲਾਜ ਨਾ ਹੋ ਸਕਦਾ ਹੋਵੇ ਪੈਸੇ ਇਕੱਠੇ ਕਰਕੇ ਦਿੰਦੇ ਹਾਂ, ਗੁਰੂ ਕੇ ਲੰਗਰ ਚਲਾਉਂਦੇ ਹਾਂ। ਕਿੰਨਾ ਕੁਛ ਹੋ ਰਿਹਾ ਹੈ ਸੰਸਾਰ ਦੇ ਵਿਚ ਨੇਕੀ ਵਾਲੇ ਪਾਸੇ, ਸਾਰੀ ਹੀ ਨੇਕੀ ਕਰਦੇ ਹਾਂ, ਬਦੀ ਨੂੰ ਤਾਂ ਛੱਡ ਦਿਓ। ਉਹਦਾ ਤਾਂ ਸਬੰਧ ਨਹੀਂ ਹੁੰਦਾ ਇਨ੍ਹਾਂ ਗੱਲਾਂ ਦਾ। ਨੇਕੀ ਦਾ ਸਬੰਧ ਹੁੰਦਾ ਹੈ ਕਿਉਂਕਿ ਅਸੀਂ ਇਸ ਰਸਤੇ ਪਏ ਹੋਏ ਹਾਂ। ਹੁਣ ਮਹਾਰਾਜ ਜੀ ਇਹ ਕਹਿੰਦੇ ਨੇ ਕਿ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਅੰਗ - 251*

ਜੇ ਤਾਂ ਬੁੱਝ ਲਿਆ ਤਾਂ, ਤਾਂ ਠੀਕ ਹੈ ਨਹੀਂ ਤਾਂ ਪਸ਼ੂ ਦਾ ਦਰਜਾ ਹੀ ਰਹਿੰਦਾ ਹੈ। ਐਨੇ ਪਾਠ ਕਰਕੇ ਐਨਾ ਸਭ ਕੁਛ ਕਰਕੇ ਫੇਰ ਤਰੱਕੀ ਨਹੀਂ ਹੁੰਦੀ, ਇਹ ਗੱਲ ਜ਼ਰਾ ਸਮਝਣ ਵਾਲੀ ਹੈ। ਉਹ ਕਹਿੰਦੇ, 'ਅਸੀਂ ਕਦੋਂ ਕਿਹਾ ਹੈ ਕਿ ਇਹ ਸਭ ਬਿਰਥੇ ਜਾਂਦੇ ਨੇ, ਪਰ ਅਸੀਂ ਇਹ ਜ਼ਰੂਰ ਕਹਿੰਦੇ ਹਾਂ ਕਿ ਹਉਮੈ ਦੇ ਮੰਡਲ ਦੀਆਂ ਬਾਤਾਂ ਨੇ ਸਾਰੀਆਂ। ਕਿਉਂਕਿ ਉਹਨੇ ਹਾਲੇ ਤੱਕ ਹੁਕਮ ਨੂੰ ਨਹੀਂ ਬੁੱਝਿਆ । ਹਉਮੈ ਦੇ ਮੰਡਲ ਦੇ ਅੰਦਰ ਘੁੰਮ ਰਿਹਾ ਹੈ। ਫੇਰ ਮਹਾਰਾਜ ਇਹ ਪਾਠ ਕੀਤੇ ਹੋਏ, ਕੀਰਤਨ ਕਰੇ ਹੋਏ, ਸੇਵਾ ਕਰੀ ਹੋਈ, ਬੇਅੰਤ ਦਾਨ ਕਰੇ ਹੋਏ, ਖੇਚਲਾਂ ਸਹੀਆਂ ਹੋਈਆਂ; ਇਹ ਸਭ ਕਿੱਥੇ ਜਾਏਗਾ? ਮਹਾਰਾਜ ਕਹਿੰਦੇ, ਇਹ ਜਾਂਦੇ ਕਿਤੇ ਨਹੀਂ ਇਨ੍ਹਾਂ ਦਾ ਬੇਅੰਤ ਫਲ ਹੈ, ਇਹ ਤੇਰੇ ਹਿਰਦੇ ਦੀ ਜਿਹੜੀ ਮੈਲ ਹੈ, ਇਹਨੂੰ ਨਿਰਮਲ ਕਰ ਦਏਗਾ । ਬਾਣੀ 'ਚ ਤੇਰਾ ਚਿੱਤ ਲੱਗਣ ਲਗ ਜਾਏਗਾ । ਜੇ ਭਲਾ ਚਿੱਤ ਲਗ ਕੇ ਵੀ ਮਹਾਰਾਜ ਸਾਡੇ ਤੋਂ ਗੱਲ ਨਾ ਬੁੱਝੀ ਗਈ? ਫੇਰ ਕਹਿੰਦੇ ਤੈਨੂੰ ਬਹੁਤ ਲੰਮੇ ਸਮੇਂ ਵਾਸਤੇ ਤੈਨੂੰ ਸਵਰਗਾਂ ਦਾ ਵਾਸਾ ਮਿਲੇਗਾ। ਛੋਟੇ ਜਿਹੇ ਸਵਰਗ ਵਾਸਤੇ ਅਸੀਂ ਤਰਲੇ ਲੈਂਦੇ ਹਾਂ ਕਿ ਦਰਗਾਹ 'ਚ ਜਾ ਕੇ ਕੋਈ ਦੁੱਖ ਨਾ ਮਿਲੇ। ਐਸਾ ਨਾ ਹੋਵੇ ਕਿ ਕੋਈ ਥਾਂ ਨਾ ਮਿਲੇ ਸਾਨੂੰ ਤੇ ਫੇਰ ਧੱਕਾ ਦਿੱਤਾ ਜਾਵੇ। ਕੁਛ ਦੇਰ ਓਥੇ ਰਹੀਏ, ਸੁੱਖ ਸ਼ਾਂਤੀ ਨਾਲ ਰਹੀਏ, ਕਿਉਂਕਿ ਉਹ ਭੋਗ ਲੋਕ ਹੈ। ਉਹ ਫੇਰ ਛੋਟੇ ਵੀ ਹੈਗੇ, ਵੱਡੇ ਵੀ ਹੈਗੇ। ਆਹ ਜਿਵੇਂ ਸਾਡੇ ਦੇਸ਼ ਦੇ ਵਿਚੋਂ ਬਾਹਰ ਜਾਂਦੇ ਨੇ, ਪਹਿਲਾਂ ਨਿੱਕੇ-ਨਿੱਕੇ ਦੇਸ਼ਾਂ 'ਚ ਜਾਂਦੇ ਨੇ, ਮਲੇਸ਼ੀਆਂ 'ਚ ਚਲੇ ਗਏ, ਥਾਈਲੈਂਡ, ਹੋਰ ਪਰ੍ਹੇ ਬ੍ਰਹਮਾ ਵਲ ਨੂੰ ਅੱਗੇ ਨਿਕਲ ਜਾਂਦੇ ਸੀ, ਜਾਪਾਨ ਚਲੇ ਗਏ, ਏਧਰ ਅਰਬ ਕੰਟਰੀਆਂ 'ਚ ਚਲੇ ਗਏ, ਉਸ ਤੋਂ ਅੱਗੇ ਜਾਣ ਵਾਲੇ ਹੋਰ ਅੱਗੇ ਵੱਧ ਗਏ। ਇਟਲੀ ਚਲੇ ਗਏ, ਫਰਾਂਸ 'ਚ ਚਲੇ ਗਏ, ਬੈਲਜ਼ੀਅਮ 'ਚ ਚਲੇ ਗਏ, ਨੀਦਰਲੈਂਡ, ਨਾਰਵੇ, ਜਰਮਨ 'ਚ ਚਲੇ ਗਏ; ਜਿਉਂ-ਜਿਉਂ ਅੱਗੇ ਨੂੰ ਜਾਂਦੇ ਹਾਂ ਹੋਰ ਸੁੱਖ ਵਧਦਾ ਹੈ, ਫੇਰ ਇੰਗਲੈਂਡ ਚਲੇ ਗਏ। ਉਥੇ ਹੋਰ ਹੀ ਰੂਲ ਨੇ, ਭੁੱਖਾ ਹੀ ਨਹੀਂ ਮਰਦਾ ਕੋਈ, ਸੁੱਖ-ਸ਼ਾਂਤੀ ਹੈ, ਜੇ ਹੋਰ ਵੀ ਅੱਗੇ ਚਲੇ ਗਏ, ਕਨੇਡਾ ਚਲੇ ਗਏ, ਆਸਟਰੇਲੀਆ, ਅਮਰੀਕਾ 'ਚ ਚਲੇ ਗਏ ਇਹ ਪਹੁੰਚ ਦੇ ਹਿਸਾਬ ਨਾਲ ਹੈ। ਇਸ ਆਸ਼ੇ ਨਾਲ ਉਨ੍ਹਾਂ ਦੇਸ਼ਾਂ 'ਚ ਜਾਂਦੇ ਹਾਂ ਕਿ ਓਥੇ ਗੁਜ਼ਰ ਸੋਹਣੀ ਹੋਏਗੀ, ਗੋਰਮਿੰਟਾਂ ਦੇ ਕਾਨੂੰਨ ਵਧੀਆ ਨੇ, ਏਸੇ ਤਰ੍ਹਾਂ ਦੇ ਨਾਲ ਸਵਰਗ ਲੋਕ ਹੈ। ਪਹਿਲਾਂ ਸਵਰਗ ਗੰਧਰਬ ਲੋਕ ਹੋਇਆ ਕਰਦਾ ਹੈ, ਇੱਥੇ ਦੇ ਰਾਜ ਬਾਦਸ਼ਾਹ ਨਾਲੋਂ ਸੌ ਗੁਣਾਂ ਸੁੱਖ ਜ਼ਿਆਦਾ ਹੋਇਆ ਕਰਦਾ, ਬੜਾ ਵੱਡਾ ਸੁੱਖ ਹੈ, ਸਾਡੇ ਕੋਲ ਤਾਂ ਬਾਦਸ਼ਾਹ ਦਾ ਹੀ ਸੁੱਖ ਨਹੀਂ। ਗਰੀਬ ਆਦਮੀ ਹਾਂ, ਪਤਾ ਹੀ ਨਹੀਂ, ਕਿ ਉਹ ਕਿਵੇਂ ਰਹਿੰਦੇ ਨੇ, ਕਿਸ ਤਰ੍ਹਾਂ ਉਨ੍ਹਾਂ ਕੋਲ ਸਭ ਚੀਜ਼ਾਂ ਹੁੰਦੀਆਂ ਨੇ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁੱਖ ਦੇਵ ਗੰਧਰਬ ਲੋਕ 'ਚ ਹੋਇਆ ਕਰਦਾ ਹੈ। ਉਸ ਤੋਂ ਸੌ ਗੁਣਾਂ ਜ਼ਿਆਦਾ ਸੁਖ ਪਿੱਤਰ ਲੋਕ 'ਚ ਹੁੰਦਾ ਹੈ। ਇਸੇ ਤਰ੍ਹਾਂ ਗਿਣੀ ਜਾਓ ਤੁਸੀਂ ਸੌ-ਸੌ ਗੁਣਾਂ ਸੁਖ ਵਧਦਾ ਹੈ, ਜਿਹੜਾ ਇੰਦ੍ਰ ਲੋਕ ਹੈ 10 ਖਰਬ ਜ਼ਿਆਦਾ ਗੁਣਾਂ ਸੁੱਖ ਹੈ ਇੱਥੇ ਦੇ ਰਾਜੇ ਨਾਲੋਂ। ਫੇਰ ਕਰਮ ਦੇਵ ਲੋਕ ਹੈ, ਅਜਾਨ ਦੇਵ, ਪ੍ਰਜਾਪਤ ਲੋਕ ਹੈ। ਫੇਰ

ਪੁਰੀਆਂ ਆ ਜਾਂਦੀਆਂ ਨੇ ਤਿੰਨ ਮੁਖੀ ਦੇਵਤਿਆਂ ਦੀ ਬਹੁਤ ਜ਼ਿਆਦਾ ਤਪ ਕੀਤਾ ਹੋਵੇ ਫੇਰ 'ਬ੍ਰਹਮ ਲੋਕ' 'ਚ ਜਾਂਦਾ ਹੈ। ਫੇਰ 'ਸ਼ਿਵ ਲੋਕ' 'ਚ ਚਲਿਆ ਜਾਂਦਾ ਹੈ। ਅਖੀਰਲੀ ਹੱਦ ਹੈ 'ਬੈਕੁੰਠ ਧਾਮ', ਇੱਥੇ ਤੱਕ ਅਸੀਂ ਚਲੇ ਜਾਂਦੇ ਹਾਂ। ਫੇਰ ਇਹ ਬਿਰਥਾ ਤਾਂ ਨਾ ਹੋਇਆ ਸਾਡਾ, ਬਾਣੀ ਪੜ੍ਹੀ ਹੋਈ ਦਾਨ ਕੀਤੇ ਹੋਏ, ਸੇਵਾ ਕੀਤੇ ਹੋਏ। ਮਹਾਰਾਜ ਕਹਿੰਦੇ ਤੁਹਾਨੂੰ ਅਸੀਂ ਇੱਕ ਗੱਲ ਸਮਝਾਉਂਦੇ ਹਾਂ। ਅਸੀਂ ਉਸ ਸੁੱਖ 'ਚ ਤੁਹਾਨੂੰ ਲਿਜਾਣਾ ਚਾਹੁੰਦੇ ਹਾਂ ਇਹ ਸਾਰੇ ਸੁੱਖ ਇਕੱਠੇ ਕਰ ਲਓ, ਇਹ ਐਸ ਤਰ੍ਹਾਂ ਸਮਝ ਲਓ ਕਿ ਇਹ ਇੱਕ ਬੂੰਦ ਹੈ ਸਮੁੰਦਰ ਦੀ, ਸਾਰੇ ਸੁੱਖ ਬੈਕੁੰਠ ਧਾਮ ਤੱਕ ਤੇ ਜਿੱਥੇ ਅਸੀਂ ਲਿਜਾਣਾ ਚਾਹੁੰਦੇ ਹਾਂ ਉਹ ਸੁੱਖ ਦਾ ਸਮੁੰਦਰ ਹੈ । ਸਮੁੰਦਰ ਹੈ ਸੁੱਖ ਦਾ ਇੱਕ ਬੂੰਦ ਤੇ ਸਮੁੰਦਰ ਦਾ ਕੀ ਮੁਕਾਬਲਾ ਹੈ, ਇਸ ਕਰਕੇ ਅਸੀਂ ਕਹਿੰਦੇ ਹਾਂ –

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥***

***ਅੰਗ – 467***

ਉਹ ਗੱਲ ਨਹੀਂ ਅਸੀਂ ਬਣਾ ਸਕਦੇ, ਬਹੁਤ ਮੁਸ਼ਕਲ ਹੈ, ਬੜੇ ਅਭਿਆਸ ਦੀ ਲੋੜ ਹੈ, ਪੂਰਨ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਦੀ ਹਰ ਵਕਤ ਲੋੜ ਹੈ, ਫੇਰ ਉਹ ਸੰਗਤ ਨਹੀਂ ਕੁਛ ਵੀ ਕਰਦੀ, ਜਿੰਨੀ ਦੇਰ ਤੱਕ ਮੰਨਦਾ ਨਹੀਂ। ਮੰਨਣ ਦੀ ਲੋੜ ਹੈ, ਕਮਾਉਣ ਦੀ ਲੋੜ ਹੈ, ਇਹ ਸੰਸਾ ਪਿਆ ਹੋਇਆ ਹੈ, ਮਨੁੱਖ ਦੇ ਮਨ ਵਿਚ; ਇਹ ਵਾਹਿਗੁਰੂ ਨੇ ਪਾ ਦਿੱਤਾ।

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***

***ਅੰਗ – 999***

ਪਹਿਲਾ ਤੱਤ ਹਉਮੈ ਦਾ ਪਾ ਦਿਤਾ, ਮਹਾਰਾਜ ਕਹਿੰਦੇ, ਇਹ ਤਾਂ ਝੱਖਣਾ ਝਾਖ ਹੈ, ਜਿਹੜਾ ਤੁਸੀਂ ਤੁਰੇ ਫਿਰਦੇ ਓਂ। ਉਹ ਲੇਖੇ ਵਾਲੀ ਜਿਹੜੀ ਗੱਲ ਹੈ, ਉਹ ਬੜੀ ਔਖੀ ਹੈ, ਕਿ ਲੇਖੇ ਵਾਲੀ ਗੱਲ ਕੀ ਹੈ? ਉਹ ਅਕਲ ਨਾਲ ਤਾਂ ਆਉਂਦੀ ਨਹੀਂ ਹੈ, ਪੜ੍ਹਨ ਵਾਲਾ ਆਦਮੀ ਤਾਂ ਨੇੜੇ ਦੀ ਵੀ ਨਹੀਂ ਲੰਘਦਾ । ਇਹ ਜਿਹੜੇ ਗੂੜ੍ਹ ਸਿਧਾਂਤ ਨੇ ਕਮਾਈ ਕਰਕੇ ਅੰਦਰੋਂ ਪੈਦਾ ਹੁੰਦੇ ਨੇ, ਇਹ ਕਿਤਾਬਾਂ ਵਗੈਰਾਂ ਪੜ੍ਹ ਕੇ ਨਹੀਂ, ਆਦਮੀ ਓਥੇ ਬਿਲਕੁਲ ਨਹੀਂ ਜਾ ਸਕਦਾ, ਉਹਦੀ ਸੁਰਤੀ ਹੀ ਨਹੀਂ ਉਥੇ ਪਹੁੰਚਦੀ। ਬੁੱਧੀ ਨਹੀਂ ਪਹੁੰਚਦੀ। ਇਹ ਤਾਂ ਬੈਠ ਕੇ ਸਾਧਨ ਕਰੇ । ਮਹਾਂਪੁਰਸ਼ ਦੀ ਹੋਵੇ ਸੰਗਤ ਉਹ ਨਾਲ ਦੀ ਨਾਲ ਦੱਸੀ ਜਾਵੇ, ਮਹਾਂਪੁਰਸ਼ ਦੀ ਸੰਗਤ ਤੋਂ ਬਗੈਰ ਨਹੀਂ ਉਤਰ ਸਕਦਾ। ਪੜ੍ਹੇ ਲਿਖੇ ਸਾਰੇ ਗੇੜੇ ਖਾਂਦੇ ਫਿਰਦੇ ਨੇ।

ਇੱਕ ਲੇਖ ਆਤਮ-ਮਾਰਗ ਮੈਗਜੀਨ ਵਿੱਚ ਦਿੱਤਾ ਸੀ ਅਸੀਂ –

***ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥***

***ਅੰਗ – 339***

ਆਹ ਸਿੱਧੀਆਂ ਗੱਲਾਂ ਨੇ ਚਾਰ। ਜਦੋਂ ਅਸੀਂ ਸੀਗੇ, ਮੈਂ ਕਹਿੰਦਾ ਸੀ ਮੈਂ ਵੀ ਹੈਗਾ, ਓਨਾਂ ਚਿਰ ਤੂੰ ਨਹੀਂ ਆਇਆ। ਜਦ ਤੂੰ ਆ ਗਿਆ, ਮੈਂ ਮਰ ਗਿਆ। ਇਹ ਕਿੱਡੀ ਵੱਡੀ ਗੱਲ ਹੈ । ਆਹ ਗੱਲ

ਕਿਸੇ ਦੀ ਸਮਝ ਵਿੱਚ ਨਹੀਂ ਆਈ, ਜਿਹਦੇ ਕੋਲ ਜਾ ਕੇ ਅਸੀਂ ਕਹਿੰਦੇ ਸੀ ਕਿ ਆਹ ਲੇਖ ਲੈ, ਉਹ ਕਹਿੰਦਾ ਸੀ ਕਿ ਇਹਦੇ ਬਾਰੇ ਤਾਂ ਪਤਾ ਹੀ ਨਹੀਂ ਲਗਦਾ, ਕਿ ਜੀਵ ਦਾ ਕੀ ਅਸਿਤੱਤ੍ਵ ਹੈ, ਇਹ ਹੈ ਕਿ ਨਹੀਂ ਹੈ। ਸੱਚੀ ਹੈ ਰੂਹ ਕਿ ਝੂਠੀ ਰੂਹ ਹੈ। ਇਹ ਪਰਛਾਵਾ ਹੈ, ਕਿ ਇਹ ਕੀ ਹੈ? ਜਦ ਤੱਕ ਆਦਮੀ ਆਪਣੇ ਅੰਦਰ ਨਹੀਂ ਜਾਂਦਾ, 'ਅੰਦਰਲੀ ਖੋਜ' ਨਹੀਂ ਕਰਦਾ, 'ਵਿਵੇਕ ਮੰਡਲ' 'ਚ ਬਿਰਤੀ ਗਏ ਤੋਂ ਬਗੈਰ ਜਿਹੜਾ ਜਾਣਿਆ ਹੋਇਆ ਹੈ, ਉਹ ਜਾਣਿਆ ਹੋਇਆ ਹੀ ਹੈ, ਬੁੱਝੀ ਹੋਈ ਗੱਲ ਨਹੀਂ। ਉਹ ਕ੍ਰਿਸ਼ਮਾ ਨਹੀਂ ਆਇਆ ਜਲਵਾ ਨਹੀਂ ਵਾਪਰਿਆ। ਜਦੋਂ ਜਲਵਾ ਵਾਪਰ ਗਿਆ। ਉਸ ਵੇਲੇ ਇਕ ਦਮ ਬੰਦਾ ਮਹਾਂਪੁਰਸ਼ ਬਣ ਜਾਏਗਾ। ਮਨਸੂਰ ਨੇ ਇਹ ਜਲਵਾ ਤੱਕਿਆ ਸੀ, ਅੱਖਾਂ ਨਾਲ ਦੇਖ ਲਿਆ ਸੱਚ। ਰੁਕ ਨਾ ਹੋਇਆ, ਉੱਚੀ ਬੋਲ ਪਿਆ 'ਅਨਹਲ ਹੱਕ ਬਗੋ' 'ਅਨਹਲ ਹੱਕ ਬਗੋ' ਅਹੰ ਬ੍ਰਹਮਅਸਵੀ; ਬਿਲਕੁਲ ਸੱਚ ਕਹਿ ਰਿਹਾ ਸੀ, ਸੱਚ ਭਾਇਆ ਨਾ, ਉਸਨੂੰ ਬੜੀਆਂ ਤਕਲੀਫਾਂ ਦਿੱਤੀਆਂ, ਕਿੰਨਿਆਂ ਦੇਸ਼ਾਂ 'ਚ, ਚੀਨ ਤੱਕ ਚਲਿਆ ਗਿਆ। ਜਿੱਥੇ ਜਾ ਕੇ ਵਸੇ ਉਥੋਂ ਫੇਰ ਕੱਢ ਦਿਤਾ। ਸਾਧੂਪੁਣਾ ਤਿਆਗ ਦਿੱਤਾ, ਗ੍ਰਿਹਸਤੀ ਹੋ ਗਿਆ, ਸੂਤ ਵੱਟਣ ਲੱਗ ਗਿਆ। ਕੱਪੜੇ ਬੁਣਨ ਲੱਗ ਗਿਆ, ਛੱਡ ਦਿੱਤਾ ਸਭ ਕੁਛ। ਉਹ ਅੰਦਰਲੀ ਸਚਾਈ ਨੂੰ ਦੱਬ ਨਾ ਸਕਿਆ, ਕਿਸੇ ਤਰ੍ਹਾਂ ਦਬਾ ਕੇ; ਕਿਉਂਕਿ ਸੱਚ ਦੇਖ ਲਿਆ ਸੀ, ਸੱਚ ਨੂੰ ਉਸ ਨੇ ਬੋਲ ਦਿੱਤਾ। ਅਖੀਰ ਵਿਚਾਰੇ ਨੂੰ ਸੂਲੀ 'ਤੇ ਚੜ੍ਹਨਾ ਪਿਆ, ਸਰੀਰ ਦੇ ਟੁਕੜੇ-ਟੁਕੜੇ ਕਰਾ ਲਏ। ਬੜੀ ਭਾਰਾ ਉਸਨੂੰ torture ਦਾ ਸਾਮ੍ਹਣਾ ਕਰਨਾ ਪਿਆ। ਕਿਉਂਕਿ ਉਹਨੇ ਲੇਖੇ ਇੱਕ ਗੱਲ ਨੂੰ ਪ੍ਰਗਟ ਕਰ ਦਿੱਤਾ। ਹੁਣ ਸੰਤ ਨਹੀਂ ਕਰਦੇ, ਉਹ ਐਸ ਤਰ੍ਹਾਂ ਨਹੀਂ ਕਰਦੇ ਕਿ ਗਾਹਕ ਨਹੀਂ ਹੈ -

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥***

***ਅੰਗ - 1086***

ਦੂਜਾ ਇਹ ਹੈ, ਕਿ ਕੋਈ ਵਿਰਲਾ ਹੀ ਹੈ, ਜਿਹਨੇ ਇਹ ਗੱਲ ਸਮਝੀ ਹੈ ਸਾਰੇ ਨਹੀਂ ਸਮਝਦੇ ਕਿ ਸਾਰੇ ਸੰਤ ਸਮਝ ਜਾਣਗੇ। ਹਾਂ, ਠੀਕ ਹੈ, ਭੇਖ ਵਗੈਰਾ ਹੈਗੇ, ਆਪਣਾ ਗੁਜ਼ਾਰਾ ਕਰੀ ਜਾਂਦੇ ਨੇ, ਪੈਸਾ ਟਕਾ ਆ ਜਾਂਦਾ ਹੈ, ਲੰਗਰ ਵੀ ਚਲਾਉਂਦੇ ਨੇ, ਸਭ ਕੁਛ ਕਰਦੇ ਨੇ। ਲੇਕਿਨ ਪਹੁੰਚ ਵਾਲਾ ਨਹੀਂ ਕੋਈ, ਪਹੁੰਚ ਵਾਲਾ ਕੋਈ-ਕੋਈ ਹੁੰਦਾ ਹੈ । ਕਹਿੰਦੇ ਜਿਹੜਾ ਪਹੁੰਚ ਗਿਆ ਉਹ ਛੁਪਾ ਲੈਂਦਾ ਹੈ। ਉਹ ਰੌਲਾ ਨਹੀਂ ਪਾਉਂਦਾ, ਰੌਲਾ ਪਾਇਆ ਮਨਸੂਰ ਨੇ, ਸੂਲੀ 'ਤੇ ਚੜ੍ਹਨਾ ਪੈ ਗਿਆ। ਬਹੁਤ ਅਜੀਬ ਤਰ੍ਹਾਂ ਦੀਆਂ ਬਾਤਾਂ ਨੇ ਇਹ, ਮਹਾਰਾਜ ਕਹਿੰਦੇ ਇਹ ਜਿਹੜਾ ਸ਼ੰਕਾ ਹੈ ਨਾ ਮਨ ਵਿੱਚ ਪਿਆ ਹੋਇਆ, ਇਹ ਉਤਰਦਾ ਨਹੀਂ। ਫੇਰ ਸਾਡੇ ਮਨ ਵਿਚ ਆਉਂਦਾ ਹੈ ਕਿ ਅਸੀਂ ਤਾਂ ਗੁਰੂ ਨਾਨਕ ਸਾਹਿਬ ਦੀ ਦਰਗਾਹ ਵਿੱਚ ਚਲੇ ਜਾਣਾ ਹੈ, ਦਰਗਾਹ 'ਚ ਚਲੇ ਤਾਂ ਜਾਵਾਂਗੇ ਲੇਕਿਨ ਉਥੇ ਪੀਰੀਅਡ ਹੈ, ਬਈ ਭਾਈ ਅਜੇ ਤੈਨੂੰ ਗਿਆਨ ਨਹੀਂ ਹੋਇਆ, ਕਰਮ, ਉਪਾਸ਼ਨਾ, ਗਿਆਨ, ਵਿਗਿਆਨ; ਤੱਤ ਬੇਤੇ ਮਹਾਂਪੁਰਸ਼ ਦਾ ਬਚਨ ਨਹੀਂ ਹੋਇਆ, ਇਸ ਕਰਕੇ ਤੇਰੇ ਕੀਤੇ ਹੋਏ ਸਤਿਸੰਗਾਂ ਦਾ, ਬਾਣੀ ਪੜ੍ਹੀ ਦਾ ਫਲ ਅਸੀਂ

ਤੈਨੂੰ ਦਿੰਦੇ ਹਾਂ ਪਰ ਪਿਆਰਿਆ ਫੇਰ ਮੁੜ ਕੇ ਮਨੁੱਖ ਬਣਨਾ ਪੈਣਾ ਹੈ ਕਿਉਂਕਿ ਤੂੰ 'ਯੋਗ ਭ੍ਰਿਸ਼ਟ' ਇਥੇ ਆਇਆ ਹੈਂ। ਯੋਗ ਭ੍ਰਿਸ਼ਟ ਹੈਂ, ਕਰਿਆ ਤਾਂ ਸਭ ਕੁਛ। ਲੇਕਿਨ ਤੂੰ ਪੂਰਾ ਨਾ ਹੋ ਸਕਿਆ। ਨਾਮਦੇਵ ਜੀ ਵਰਗਾ ਨਾ ਹੋ ਸਕਿਆ, ਕਬੀਰ ਸਾਹਿਬ ਵਰਗਾ ਨਾ ਹੋ ਸਕਿਆ, ਰਵਿਦਾਸ ਜੀ ਵਰਗਾ ਨਾ ਹੋ ਸਕਿਆ। ਇਸ ਕਰਕੇ ਜਿਹੜੀ ਅਗਲੀ ਦਰਗਾਹ ਹੈ ਵਾਹਿਗੁਰੂ ਦੀ, ਉਥੇ ਤੈਨੂੰ ਥਾਂ ਨਹੀਂ ਮਿਲਣਾ। lower level ਦੀ ਦਰਗਾਹ 'ਚ ਤੈਨੂੰ ਥਾਂ ਮਿਲੇਗਾ। ਸੁੱਖ ਬੇਅੰਤ ਹੋਣਗੇ, ਹਜ਼ਾਰਾਂ ਸਾਲ ਤੂੰ ਇੱਥੇ ਰਹਿ ਸਕਦਾ ਹੈਂ, ਲੇਕਿਨ ਜਦੋਂ ਤੱਕ ਤੈਨੂੰ ਪੂਰਨ ਗਿਆਨ ਨਹੀਂ ਹੁੰਦਾ, ਜਲਵਾ ਨਹੀਂ ਤੱਕਦਾ ਆਤਮ ਸ਼ਾਖਸ਼ਾਤਕਾਰ ਨਹੀਂ ਹੁੰਦਾ। ਮੁੜ-ਮੁੜ ਕੇ ਤੈਨੂੰ ਜੰਮਣਾ ਮਰਨਾ ਪਵੇਗਾ। ਇੱਥੇ ਹੁਣ ਦੋ ਤਰ੍ਹਾਂ ਦੇ ਬੰਦੇ ਹੁੰਦੇ ਨੇ ਇਹ ਇਸ ਤਰ੍ਹਾਂ ਕਹਿਣ ਤੇ ਕਿ ਮੈਂ ਚਲਿਆ ਜਾਵਾਂਗਾ, ਚਲਿਆ ਤਾਂ ਜਾਂਦਾ ਹੈ, ਨਿਸ਼ਚਾ ਹੈ ਉਹਦਾ, ਸੁਰਤ ਰਹਿੰਦੀ ਹੈ ਉਸਦੀ; ਪਰ ਉਹ ਅਜੇ ਬੰਧਨ ਨਹੀਂ ਟੁੱਟਿਆ, ਹਉਮੈ ਦੇ ਮੰਡਲ ਤੋਂ ਬਾਹਰ ਨਹੀਂ ਨਿਕਲ ਸਕਿਆ। ਗੱਲ ਅਜੇ ਸਮਝ ਨਹੀਂ ਆਈ, ਹਉਮੈ ਦਾ ਨਾਸ਼ ਨਹੀਂ ਹੋਇਆ, ਮਹਾਰਾਜ ਕਹਿੰਦੇ, ਜੇ ਹਉਮੈ ਦਾ ਨਾਸ਼ ਨਹੀਂ ਹੋ ਸਕਿਆ ਤਾਂ ਪਿਆਰਿਆ! –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***

***ਅੰਗ – 466***

ਜਿਹੜੇ ਤੂੰ ਨੇਕ ਕਰਮ ਕਰ ਰਿਹਾ ਹੈਂ, ਉਹ ਤੂੰ ਕਹਿ ਰਿਹਾ ਹੈਂ, ਮੈਂ ਕਰ ਰਿਹਾ ਹਾਂ, ਤੇਰੇ ਨਾਲ ਚਿੰਬੜ ਰਿਹਾ ਹੈ। ਉਹ ਚਿੰਬੜੇ ਹੋਏ ਤੈਨੂੰ ਫੇਰ ਫਲ ਦੇਣਗੇ। ਮਾੜੇ ਵੀ ਦਿੰਦੇ ਨੇ, ਚੰਗੇ ਵੀ ਦਿੰਦੇ ਨੇ, ਹਥਕੜੀ ਚਾਹੇ ਸੋਨੇ ਦੀ ਪਹਿਨ ਲੈ, ਹੀਰੇ ਜਵਾਹਰਾਤ ਲੱਗੇ ਹੋਏ ਨੇ, ਝਿਲਮਿਲ-ਝਿਲਮਿਲ ਕਰਦੀ ਹੈ, ਹੈ ਤਾਂ ਹਥਕੜੀ ਹੀ, ਚਾਹੇ ਲੋਹੇ ਦੀ ਪਹਿਨ ਲੈ। ਲੋਹੇ ਦੀ ਹੱਥਕੜੀ ਵੀ ਬੰਧਨ ਹੈ ਤੇ ਇਹ ਵੀ ਬੰਧਨ ਹੈ, ਆਹ ਗੱਲ ਨੂੰ ਅਸੀਂ ਸਮਝ ਨਹੀਂ ਸਕੇ। ਉਹਨੂੰ ਦਰਗਾਹ ਦੇ ਵਿਚੋਂ ਦੁਬਾਰਾ ਭੇਜ ਦਿੱਤਾ ਜਾਂਦਾ ਹੈ ਕਿ ਜਾਹ ਹੁਣ ਪੂਰਾ ਕਰ। ਲਿਖ ਦਿੱਤਾ ਜਾਂਦਾ ਹੈ ਉਹਦੇ ਮੱਥੇ 'ਚ ਕਿ ਤੈਨੂੰ ਗੁਰੂ ਮਿਲ ਜਾਏਗਾ। ਗੁਰੂ ਦਾ ਬਚਨ ਕਮਾ ਲਈਂ, ਗੁਰੂ ਨੂੰ ਪ੍ਰਸੰਨ ਕਰ ਲਈਂ, ਕਿਉਂਕਿ ਗੁਰੂ ਤੈਨੂੰ ਇੱਕ ਗੱਲ ਦੱਸੇਗਾ –

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*** ***ਅੰਗ – 306***

ਉਹ ਦਇਆਲ ਹੋ ਕੇ ਸੁਣਾਉਂਦਾ ਹੈ, ਜਿੰਨਾ ਚਿਰ ਨਹੀਂ ਦਇਆਲ ਹੁੰਦਾ, ਚੁੱਪ ਰਹਿੰਦਾ ਹੈ, ਬਿਲਕੁਲ ਨਹੀਂ ਬੋਲਦਾ, ਉਹ ਕਹਿੰਦਾ ਹੈ ਗਾਹਕ ਹੀ ਨਹੀਂ ਹੈ –

***ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥***
***ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥***

***ਅੰਗ – 1086***

ਪਤਾ ਹੁੰਦਾ ਹੈ ਮਹਾਤਮਾ ਨੂੰ, ਸਭ ਦੀ ਬਿਰਤੀ ਦਾ ਪਤਾ ਹੁੰਦਾ ਹੈ

ਕਿ ਇਹ ਕਿੱਥੇ ਕੇ ਅਟਕਿਆ ਹੋਇਆ ਹੈ। ਉਹ ਸਤਿਸੰਗ ਕਰਦਾ ਹੈ ਹੌਲੀ-ਹੌਲੀ ਉਹਨੂੰ ਸੋਝੀ ਪੈ ਜਾਂਦੀ ਹੈ, ਅੰਦਰ ਜਦ ਨਾਮ ਦਾ ਬਲ ਹੁਲਾਰੇ ਮਾਰਦਾ ਹੈ, ਫੇਰ ਇਕ ਅਵਸਥਾ ਐਸੀ ਆਉਂਦੀ ਹੈ, ਕਿ ਜੋ ਬਚਨ ਮਹਾਂਪੁਰਸ਼ਾਂ ਦੇ ਮੁੱਖ ਤੋਂ ਨਿਕਲ ਜਾਵੇ, ਉਹਨੂੰ ਬਿਲਕੁਲ ਸੱਚ ਮੰਨਦੇ ਨੇ।

ਗੁਰੂ ਨਾਨਕ ਨੇ ਕਿਹਾ ਕਿ ਪੁਰਖਾ (ਗੁਰੂ ਅੰਗਦ ਸਾਹਿਬ ਨੂੰ) ਦੁਪਹਿਰਾ ਹੋ ਗਿਆ, ਤੂੰ ਮੇਰੇ ਕੱਪੜੇ ਧੋ ਲਿਆ। ਪਹਿਲਾਂ ਗਿਆ ਸ੍ਰੀ ਚੰਦ, ਉਹ ਕਹਿੰਦਾ ਮਹਾਰਾਜ ਕੁਛ ਆਰਾਮ ਵੀ ਕਰ ਲੈਣ ਦਿਆ ਕਰੋ। ਤੁਸੀਂ ਤਾਂ ਸੱਤਰੇ-ਬਹੱਤਰੇ ਹੁੰਦੇ ਜਾਂਦੇ ਓਂ? ਅਜੇ ਅੱਧੀ ਰਾਤ ਹੈ, ਲੱਖਮੀ ਦਾਸ ਨੂੰ ਕਿਹਾ ਉਹਨੇ ਵੀ ਟੁੱਟਵਾਂ ਜਵਾਬ ਦਿੱਤਾ। ਬਾਬਾ ਜੀ ਨੂੰ ਕਿਹਾ, ਬਾਬਾ ਜੀ ਬਾਹਰ ਗਏ, ਕਹਿੰਦੇ ਮਹਾਰਾਜ! ਜਦੋਂ ਅਸੀਂ ਹਲ ਜੋੜਨ ਜਾਂਦੇ ਹਾਂ ਤਾਂ ਤਿੰਗੜ ਚੜ੍ਹਦਾ ਹੁੰਦਾ ਹੈ। ਇੱਕ ਪਹਿਰ ਰਾਤ ਰਹਿੰਦੀ ਹੁੰਦੀ ਹੈ। ਅਜੇ ਤਾਂ ਬਾਹਰ ਹਨ੍ਹੇਰਾ ਪਿਆ ਹੈ, ਗੁਰੂ ਅੰਗਦ ਸਾਹਿਬ ਨੂੰ ਕਿਹਾ, ਕੱਪੜੇ ਚੁੱਕ ਲਏ ਧੋਣ ਦਾ ਮਸਾਲਾ ਲੈ ਲਿਆ। ਪੂਰਾ ਹੀ ਨਿਸ਼ਚਾ ਹੈ। ਬਾਹਰ ਨਿਕਲ ਕੇ ਕੀ ਦੇਖਦੇ ਨੇ ਕਿ ਦਿਨ ਦੇ ਬਾਰ੍ਹਾਂ ਵੱਜੇ ਨੇ । ਧੁੱਪ ਨਿਕਲੀ ਹੋਈ ਹੈ, ਕੱਪੜੇ ਧੋ ਕੇ, ਸੁਕਾ ਕੇ, ਤੈਹਾਂ ਲਾ ਕੇ ਲੈ ਆਏ। ਕਹਿੰਦੇ, ਲੈ ਆਇਆ ਪੁਰਖਾ। ਕਹਿੰਦਾ ਮਹਾਰਾਜ! ਧੁੱਪ ਬਹੁਤ ਸੀ। ਸ੍ਰੀ ਚੰਦ ਕਹਿਣ ਲੱਗੇ ਕਿ ਆਹ ਚੇਲੇ ਗੁਰੂ ਨੂੰ ਪਤਾ ਨਹੀਂ ਕੀ ਹੋਇਆ ਹੈ ਬਈ ਰਾਤ ਪਈ ਹੋਈ ਹੈ, ਕੱਪੜੇ ਧੋ ਲਿਆਇਆ ਕਹਿੰਦਾ, ਸੁਕਾ ਵੀ ਲਿਆਇਆ। ਉਨ੍ਹਾਂ ਨੇ ਗੁਰੂ ਦਾ ਬਚਨ ਸਤਿ ਕਰਕੇ ਨਹੀਂ ਸੀ ਮੰਨਿਆ, ਉਨ੍ਹਾਂ ਦੇ ਵਿਚ ਆਪਣੀ ਅਕਲ ਸੀ । ਇੱਥੋਂ ਉਹ ਫੇਲ੍ਹ ਹੋ ਗਏ। ਇਨ੍ਹਾਂ ਨੇ ਗੁਰੂ ਦੇ ਬਚਨ ਨੂੰ ਮੰਨ ਲਿਆ, ਜਦ ਇਹੋ ਜਿਹੀ ਸਥਿਤੀ ਹੋਵੇ ਫੇਰ ਗੁਰੂ ਗੁਰਉਪਦੇਸ਼ ਸੁਣਾਇਆ ਕਰਦਾ ਹੈ। ਉਹ ਕਿਹੜਾ ਸੁਣਾਉਂਦਾ ਹੈ। ਹੁਣ ਦੇ ਪੜ੍ਹੇ ਹੋਇਆਂ ਨੂੰ ਤਾਂ ਪਤਾ ਹੀ ਨਹੀਂ ਚਾਹੇ ਜਿੰਨਾ ਜੀਅ ਕਰਦਾ ਹੈ ਕਿਤਾਬਾਂ ਪੜ੍ਹ ਲਓ, ਕਿਉਂਕਿ ਗਲਤ ਗੱਲਾਂ ਹੋ ਗਈਆਂ। ਬਹੁਤ ਗਲਤ ਗੱਲ ਹੋ ਗਈ, ਪ੍ਰਚਾਰਕਾਂ ਦੇ ਮੂੰਹ ਵਿਚ ਕਲਜੁਗ ਆ ਵੜਿਆ । ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗੇ, ਮਹਾਰਾਜ! ਹੰਸ ਤਾਂ ਹੈਗਾ, ਵੇਦਾਂ ਦੇ ਸਲੋਕ ਦੋਹਾਂ ਫੰਘਾਂ 'ਤੇ ਉੱਕਰੇ ਹੋਏ ਨੇ ਪਰ ਇਹ ਕੀੜੇ ਮਕੌੜੇ ਖਾਂਦਾ ਹੈ, ਸਾਡੀ ਤਾਂ ਸਮਝ ਤੋਂ ਬਾਹਰ ਹੈ ਗੱਲ। ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਇਹਨੇ ਦੱਸ ਦਿੱਤਾ ਕਿ ਕਲਜੁਗ ਦੇ ਜਿਹੜੇ ਪ੍ਰਚਾਰਕ ਹੋਣਗੇ, ਉਨ੍ਹਾਂ ਦੀ ਬੁੱਧੀ ਬੜੀ ਤੇਜ਼ ਹੋਏਗੀ। ਉਨ੍ਹਾਂ ਦੀਆਂ ਕੂਟੇਸ਼ਨਾਂ ਸਾਰੀ ਦੁਨੀਆਂ ਭਰ ਦੇ ਮਜ਼ਹਬਾਂ ਦੀਆਂ ਯਾਦ ਹੋਣਗੀਆਂ। ਪਰ ਆਪ ਉਨ੍ਹਾਂ ਦਾ ਜੀਵਨ ਵਿਸ਼ੇ ਵਿਕਾਰਾਂ ਤੋਂ ਉਪਰ ਨਹੀਂ ਹੋਏਗਾ ਕਿਉਂਕਿ ਉਨ੍ਹਾਂ ਦੇ ਅੰਦਰ ਹਨ੍ਹੇਰਾ ਰਹੇਗਾ। ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਨਾ ਹੋਣ ਕਰਕੇ ਹਨ੍ਹੇਰੇ ਦੀਆਂ ਗੱਲਾਂ ਆਪ ਕਰਨਗੇ, ਹਨ੍ਹੇਰੇ ਦੀਆਂ ਗੱਲਾਂ ਸੰਸਾਰ ਨੂੰ ਸਿਖਾਉਣਗੇ। ਉਹ ਚੀਜ਼ਾਂ ਵਰਤ ਰਹੀਆਂ ਨੇ, ਕਿਸੇ ਨੂੰ ਨਹੀਂ ਪਤਾ ਕਿ 'ਗੁਰ ਓਪਦੇਸ਼' ਕੀ ਹੁੰਦਾ ਹੈ, ਮੈਂ ਕਿੰਨਿਆਂ ਨੂੰ ਪੁੱਛ ਚੁੱਕਿਆ ਹਾਂ। ਕਿਉਂਕਿ ਕੋਈ ਸਬਜੈਕਟ ਫੜਦਾ ਹੀ ਨਹੀਂ ਹੈ। ਕਹਿੰਦੇ, ਇਸ ਦਾ ਨਹੀਂ ਪਤਾ ਲਗਦਾ। ਮੈਂ ਕਿਹਾ ਕਿ ਐਸ ਤਰ੍ਹਾਂ ਕਰੋ,

ਪਤਾ ਲਾਉਣ ਵਾਲਾ ਕੋਈ ਲੈ ਆਓ, ਉਹਨੂੰ ਸਿਰੋਪਾ ਵੱਡਾ ਦੇਣਾ ਛੋਟਾ ਨਹੀਂ ਦੇਣਾ। ਦੂਜਿਆਂ ਨਾਲੋਂ ਡੇਢਾ ਦੇ ਦੇਵਾਂਗੇ । ਇਹ ਸਿੱਧਾ ਹੀ ਅੱਖਰ ਹੈ ਇਹਦੇ 'ਚ ਹੈ ਕੀ। ਕਹਿੰਦੇ, ਤੁਸੀਂ ਦੱਸ ਦਿਓ? ਮੈਂ ਕਿਹਾ ਮੈਨੂੰ ਦੱਸਣ ਦਾ ਅਧਿਕਾਰ ਨਹੀਂ ਹੈ, ਮੈਨੂੰ ਅਜੇ ਵਾਹਿਗੁਰੂ ਨੇ ਕਿਹਾ ਨਹੀਂ ਹੈ ਕਿ ਤੂੰ ਦੱਸ ਦਿਆ ਕਰ। ਇਸ ਕਰਕੇ ਜੇ ਮੈਂ ਭੇਤ ਖੋਲ੍ਹਿਆ ਤਾਂ ਮੈਂ ਗੁਨਹਗਾਰਾਂ 'ਚ ਖੜ੍ਹ ਜਾਵਾਂਗਾ ਜਾ ਕੇ। ਉਹ ਗੱਲ ਦਾ ਹੀ ਨਹੀਂ ਪਤਾ ਲਗਦਾ ਕਿਉਂਕਿ ਅਸਾਡਾ ਜਿਹੜਾ ਪਿਛਲਾ ਵਿਰਸਾ ਸੀ ਅਸੀਂ ਉਸ ਨਾਲੋਂ ਟੁੱਟ ਗਏ। ਸਾਧੂ, ਸੰਤ ਆਮ ਸੁਭਾਵਿਕ ਗੱਲਾਂ ਕਰਿਆ ਕਰਦੇ ਸੀ। ਸੰਤਾਂ ਦੀ ਤਾਂ ਹੁਣ ਸੰਗਤ ਹੀ ਨਹੀਂ ਮਿਲਦੀ। ਨਾ ਸੰਤ ਟਿਕ ਕੇ ਬਹਿੰਦਾ ਹੈ ਕੋਈ। ਨੱਠੇ ਹੀ ਫਿਰਦੇ ਨੇ, ਜਗਿਆਸੂਆਂ ਨੂੰ ਬੜਾ ਔਖਾ ਹੈ, ਗੁਰੂ ਨਾਨਕ ਪਾਤਸ਼ਾਹ ਨੇ, ਚਾਰ ਉਦਾਸੀਆਂ ਕਰਨ ਤੋਂ ਬਾਅਦ, ਆਪ ਚੁੱਪ ਕਰਕੇ, ਟਿੱਕ ਕੇ ਬੈਠ ਗਏ ਕਿ ਹੁਣ ਇੱਥੇ ਸੰਗਤ ਆਏਗੀ, ਭਜਨ ਬੰਦਗੀ ਕਰਨਗੇ, ਹੁਣ ਇਨ੍ਹਾਂ ਤੋਂ ਪ੍ਰੈਕਟੀਕਲ ਕਰਾਵਾਂਗੇ, । ਫੇਰ ਉਹ ਸੰਸਾ ਉਤਰਦਾ ਹੈ, ਜਿਹੜਾ ਮਹਾਰਾਜ ਨੇ ਕਿਹਾ ਹੈ -

***ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥***

***ਅੰਗ - 1218***

ਉਹ ਸੰਸਾ ਹੀ ਸੰਸਾਰ ਨੂੰ ਦੁਖੀ ਕਰ ਰਿਹਾ ਹੈ, ਜਿੰਨਾਂ ਚਿਰ ਸੰਸਾਰ ਦਿਸਦਾ ਹੈ, ਓਨਾਂ ਚਿਰ ਸੰਸਾ ਹੈ ਗੱਲਾਂ ਨਾਲ ਜੇ ਮੈਂ ਕਹਿ ਦੇਵਾਂ ਕਿ ਵਾਹਿਗੁਰੂ ਹੈ ਬਿਲਕੁਲ ਗਲਤ ਹੈ। ਮੈਂ ਮੰਨਿਆ ਹੀ ਨਹੀਂ, ਉਤੋਂ-ਉਤੋਂ ਬੋਲ ਕੇ ਬੁੱਧੀ ਦੇ ਬਲ ਨਾਲ ਗੱਲ ਕਰ ਰਿਹਾ ਹਾਂ। ਮੰਨਿਆ ਸੀ ਭਾਈ ਘਨੱਈਏ ਨੇ। ਬਾਬਾ ਭਾਗ ਸਿੰਘ ਜੀ ਨੇ ਮੰਨਿਆ, ਮੱਧ ਪ੍ਰਦੇਸ਼ 'ਚ ਗਏ ਹੋਏ ਨੇ, ਤੇ ਉਥੇ ਸ਼ੇਰ ਹੀ ਸ਼ੇਰ ਰਹਿੰਦੇ ਨੇ, ਬਹੁਤ ਸ਼ੇਰ ਪਹਿਲਾਂ ਵੀ ਬਹੁਤ ਸ਼ੇਰ ਹੁੰਦੇ ਸੀ, ਹੁਣ ਵੀ ਉਥੇ ਕੁ ਹੀ ਰੱਖੇ ਹੋਏ ਨੇ ਕਾਛਾਕਾਨ੍ਹਾ ਦੇ ਜੰਗਲਾਂ 'ਚ। ਉਥੇ ਹਨ੍ਹੇਰਾ ਹੋਣ ਲੱਗਿਆ ਤਾਂ ਉਸ ਏਰੀਏ ਦੇ ਜਿਹੜੇ ਲੋਕ ਰਹਿੰਦੇ ਸੀ ਕਾਹਲੀ-ਕਾਹਲੀ ਘਰਾਂ ਨੂੰ ਨੱਠ ਰਹੇ ਸੀ ਕਿ ਜੰਗਲ 'ਚੋਂ ਨਿਕਲ ਚੱਲੀਏ। ਉਹ ਬੈਠਾ ਦੇਖ ਕੇ ਸੰਤਾਂ ਨੂੰ ਕਿ ਪਾਣੀ ਦੇ ਕੰਢੇ ਬੈਠਾ ਹੈ, ਇੱਥੇ ਤਾਂ ਰਾਤ ਨੂੰ ਸ਼ੇਰਾਂ ਨੇ ਆ ਕੇ ਪਾਣੀ ਪੀਣਾ ਹੈ। ਵਿਚਾਰਾ ਬਾਲ-ਯੋਗੀ ਹੈ, ਉਸ ਵੇਲੇ ਆਪ ਦੀ 22 ਕੁ ਸਾਲ ਦੀ ਉਮਰ ਸੀ। ਲਟਬੌਰੀ ਜੀ ਹਾਲਤ 'ਚ ਰਹਿੰਦੇ ਹੁੰਦੇ। ਮਸਤ ਰਹਿੰਦੇ ਹੁੰਦੇ, ਪੈਦਲ ਹਜ਼ੂਰ ਸਾਹਿਬ ਨੂੰ ਜਾ ਰਹੇ ਸੀ। ਕਹਿਣ ਲੱਗੇ, ਬਾਲ ਯੋਗੀ! ਆਹ ਨੇੜੇ ਹੀ ਹੈ ਪਿੰਡ ਤੂੰ ਉਥੇ ਆ ਜਾ। ਨਾਲੇ ਤਾਂ ਪ੍ਰਸ਼ਾਦ ਪਾਣੀ ਦੀ ਸੇਵਾ ਕਰਾਂਗੇ ਤੇ ਇੱਥੇ ਨਾ ਬਹਿ ਇੱਥੇ ਤਾਂ ਸ਼ੇਰ ਆਉਂਦੇ ਨੇ ਬੰਦੇ ਨੂੰ ਖਾ ਜਾਂਦੇ ਨੇ । ਹੋਰ ਜਾਨਵਰ ਆਉਂਦੇ ਨੇ ਬਹੁਤ, ਬਘਿਆੜ ਆਉਂਦੇ ਨੇ। ਉਹ ਕਹਿੰਦੇ ਕੋਈ ਗੱਲ ਨਹੀਂ ਹੈ, ਬੜਾ ਸੋਹਣਾ ਥਾਉਂ ਹੈ ਇਸ਼ਨਾਨ ਕਰਨ ਨੂੰ ਜਲ ਹੈ। ਕੋਈ ਗੱਲ ਨਹੀਂ, ਸ਼ੇਰ ਮੈਨੂੰ ਸ਼ੇਰ ਨਜ਼ਰ ਨਹੀਂ ਆਉਂਦਾ। ਗੱਲ ਸਮਝੀ ਨਾ, ਦੂਜੇ ਦਿਨ ਸਵੇਰੇ ਹੀ ਆਏ ਸਾਰੇ ਦੇਖਣ ਕਿ ਉਹ ਹੈਗਾ ਕਿ ਖਾ ਲਿਆ। ਹੈਰਾਨ ਰਹਿ ਗਏ ਕਿ ਉਹ ਤਾਂ ਉਵੇਂ ਹੀ ਬੈਠਾ ਹੈ। ਕਈਆਂ

ਨੇ ਕਿਹਾ ਕਿ ਅੱਜ ਸ਼ੇਰ ਨਹੀਂ ਆਇਆ ਹੋਣਾ। ਕਹਿੰਦੇ ਚਲੋ ਪੈੜਾਂ ਦੇਖੀਏ, ਪੈੜਾਂ ਦੇਖੀਆਂ ਤਾਂ ਸ਼ੇਰ ਆਲੇ ਦੁਆਲੇ ਘੁੰਮੇ ਹੋਏ, ਸੁੰਘਿਆ ਹੋਇਆ। ਕਹਿੰਦੇ ਬਾਲਯੋਗੀ! ਤੈਨੂੰ ਸ਼ੇਰ ਨੇ ਕਿਉਂ ਨਾ ਖਾਧਾ? ਆਹ ਦੇਖ ਉਹਦੀਆਂ ਪੈੜਾਂ ਤੇ ਤੈਨੂੰ ਇੱਥੇ ਖੜ੍ਹ ਕੇ ਸੁੰਘਿਆ, ਉਹ ਕਹਿਣ ਲੱਗੇ ਕਿ ਜੇ ਭੁੱਖ ਲੱਗੀ ਹੋਵੇ, ਤੁਸੀਂ ਆਪਣੀ ਬਾਂਹ ਵੱਢ ਕੇ ਖਾ ਲਓਂਗੇ, ਕਹਿੰਦੇ ਨਹੀਂ। ਕਹਿੰਦੇ, ਫੇਰ ਆਹੀ ਗੱਲ ਹੈ। ਕਹਿੰਦੇ, ਇਹ ਸਾਡੀ ਸਮਝ 'ਚ ਨਹੀਂ ਆਈ, ਕਹਿੰਦੇ ਸਮਝ 'ਚ ਇਹ ਹੈ, ਕਿ ਇੱਥੇ ਜੇ ਤਾਂ ਮੈਂ ਇਹ ਕਹਿ ਦੇਵਾਂ ਕਿ ਮੈਂ ਹੀ ਹਾਂ, ਹੋਰ ਕੋਈ ਨਹੀਂ ਹੈ, ਇਹ ਵੀ ਗੱਲ ਸੱਚੀ ਹੈ। ਜੇ ਮੈਂ ਕਹਿ ਦੇਵਾਂ ਤੂੰ ਹੀਂ ਹੈਂ ਹੋਰ ਕੋਈ ਨਹੀਂ ਤਾਂ ਮੈਂ ਕਿੱਥੋਂ ਰਹਿ ਗਿਆ। ਕਹਿੰਦੇ ਭਾਈ, ਇੱਥੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ, ਗੈਰ ਨਹੀਂ ਇਸ ਕਰਕੇ ਆਪਣੇ ਆਪ ਨੂੰ ਕੌਣ ਖਾਂਦਾ ਹੈ, ਉਹਦਾ ਸ਼ੰਕਾ ਉਤਰਿਆ ਹੋਇਆ ਸੀ।

ਬਾਬਾ ਜੀ ਮਸਤੂਆਣੇ ਵਾਲੇ ਆ ਰਹੇ ਨੇ, ਸ਼ੇਰ ਸਾਮ੍ਹਣੇ ਆ ਜਾਂਦਾ ਹੈ, ਸੇਵਾਦਾਰ ਨੱਠ ਕੇ ਦਰਖਤ 'ਤੇ ਚੜ੍ਹਨ ਦਾ ਯਤਨ ਕਰਦਾ ਹੈ। ਸ਼ੇਰ ਨੇ ਉਨ੍ਹਾਂ ਨੇ ਸੁੰਘਿਆ, ਸੁੰਘ ਕੇ ਜੰਗਲ 'ਚ ਛਾਲ ਮਾਰੀ, ਉਹ ਉਵੇਂ ਜਿਵੇਂ ਜਾ ਰਹੇ ਨੇ। ਸੇਵਾਦਾਰ ਨੱਠ ਕੇ ਮਿਲਿਆ। ਕਹਿੰਦਾ ਬਾਬਾ ਜੀ! ਬਚ ਗਏ ਅੱਜ ਤਾਂ। ਕਹਿੰਦੇ ਕੀ ਹੋਇਆ? ਕਹਿੰਦਾ, ਸ਼ੇਰ ਆ ਗਿਆ ਸੀ, ਤੁਹਾਨੂੰ ਸੁੰਘਦਾ ਸੀ, ਮੈਂ ਤਾਂ ਦਰਖਤ 'ਤੇ ਚੜ੍ਹ ਗਿਆ। ਕਹਿੰਦੇ ਕਿੱਥੇ ਕੁ ਆਇਆ ਸੀ? ਕਹਿੰਦਾ ਉਥੇ। ਕਹਿੰਦੇ ਇਹ ਨਿਗ੍ਹਾ ਹੁੰਦੀ ਹੈ, ਜੇ ਅੱਖ ਦੇ ਕੋਏ ਵਿੱਚ ਉਂਗਲੀ ਦੇ ਲਓ, ਚੰਦ ਦੋ ਦਿਸਣ ਲਗ ਜਾਂਦੇ ਨੇ। ਜੇ ਕਮਜ਼ੋਰ ਹੋ ਜਾਵੇ, ਮੋਤੀਆ ਹੋ ਜਾਵੇ, ਇੱਕ-ਇੱਕ ਬਲਬ ਦੇ ਚਾਰ-ਚਾਰ ਦਿੱਸਣ ਲਗ ਜਾਂਦੇ ਨੇ, ਹੁੰਦਾ ਇੱਕੋ ਹੀ ਹੈ, ਅੱਖ 'ਚ ਫਰਕ ਪੈ ਗਿਆ। ਨਿਗ੍ਹਾ 'ਚ ਫਰਕ ਪੈ ਗਿਆ। ਕਹਿੰਦੇ, ਏਵੇਂ ਪਿਆਰਿਆ! ਜਿਹੜੀ ਅੰਦਰਲੀ ਸੋਝੀ ਹੈ, ਉਹਦੇ 'ਚ ਫਰਕ ਪੈ ਕੇ ਲਗਦਾ ਹੈ ਕਿ ਆਹ ਸ਼ੇਰ ਹੈ, ਆਹ ਸੱਪ ਹੈ, ਫਲਾਣਾ ਹੈ, ਚੋਰ ਹੈ, ਪਰ ਇਹ ਸਾਰਾ ਹੀ ਪ੍ਰਮੇਸ਼ਰ ਹੈ, ਗੁਰੂ ਨਾਨਕ ਸਾਹਿਬ ਹੀ ਨੇ, ਹੋਰ ਇੱਥੇ ਹੈ ਨਹੀਂ। ਸਾਨੂੰ ਤਾਂ ਦਿਸਿਆ ਹੀ ਨਹੀਂ ਸ਼ੇਰ। ਇਹ ਸੰਸਾ ਉਤਰਨ ਦੀ ਬਾਤ ਹੈ ਪ੍ਰੈਕਟੀਕਲ ਬਾਤ ਹੋਇਆ ਕਰਦੀ ਹੈ। ਸੋ -

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥*
*ਅੰਗ - 1218*

ਜਦੋਂ ਜਲਵਾ ਦੇਖ ਲਿਆ, ਫੇਰ ਅਨਹਲ-ਹੱਕ-ਬਗੋ ਕਹਿਣਾ ਹੀ ਪਿਆ ਕਿਉਂਕਿ ਅੱਖਾਂ ਨਾਲ ਦੇਖ ਲਿਆ ਸੀ। ਫੇਰ ਭੁੱਲਣ ਦੀ ਗੱਲ ਤਾਂ ਹੈ ਹੀ ਨਹੀਂ ਸੀ। ਮਨਸੂਰ ਰਿਹਾ ਹੀ ਨਾ, ਉਹ ਰੱਬ ਹੀ ਬਣ ਗਿਆ, ਪਰ ਉੱਚੀ ਬੋਲਣ ਲੱਗ ਗਿਆ। ਇਸ ਤਰ੍ਹਾਂ ਦੇ ਨਾਲ ਅਸੀਂ ਸੰਗਤ 'ਚ ਆਉਂਦੇ ਹਾਂ, ਗੱਲ ਸਮਝਣੀ ਹੈ, ਉਹਦੇ ਵਾਸਤੇ ਤਪ ਦੀ ਲੋੜ ਹੈ, ਭਜਨ ਦੀ ਲੋੜ ਹੈ। ਆਹ ਜਿਹੜੀ ਬੁੱਧੀ ਹੈ ਇਹ ਬਦਲ ਜਾਣੀ ਹੈ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥*** ***ਅੰਗ - 339***

ਜਿੰਨੀ ਦੇਰ ਤੱਕ ਬੁੱਧੀ ਨਹੀਂ ਬਦਲਦੀ, ਓਨੀ ਦੇਰ ਤੱਕ ਠੀਕ ਹੈ ਕਰਮ ਕਰਦਾ ਹੈ, ਤੇਰੇ ਨੇਕ ਨੇ। ਤੈਨੂੰ ਉਚੀ ਤੋਂ ਉਚੀ ਦਰਗਾਹ ਵਿੱਚ ਥਾਂ ਮਿਲੇਗਾ। ਉਚੇ ਤੋਂ ਉਚਾ ਸਵਰਗ ਮਿਲੇਗਾ। ਸੁੱਖ ਮਿਲੇਗਾ, ਇਹ ਨਹੀਂ ਮਹਾਰਾਜ ਕਿ ਕੀਤਾ ਕਿਸੇ ਦਾ ਗਵਾਵੇ । ਮਹਾਰਾਜ ਕਹਿੰਦੇ ਕਿਸੇ ਦਾ ਕੀਤਾ ਹੋਇਆ ਮਹਾਰਾਜ ਭੋਰਾ ਜਿੰਨਾਂ ਵੀ ਘਾਲਿਆ ਹੋਇਆ ਅਜਾਈਂ ਨਹੀਂ ਜਾਂਦਾ ਹੈ। ਪਰ ਇਹ ਇੱਕ ਗੱਲ ਯਾਦ ਰੱਖੇ ਕਿ ਮੈਨੂੰ ਸਵਰਗਾਂ ਵਗੈਰਾਂ ਦੀ ਤਾਂ ਲੋੜ ਨਹੀਂ, ਲੱਖ ਸਾਲ ਰਹਿ ਕੇ ਫੇਰ ਆਏਗਾ, ਕੀ ਪਤਾ ਕਿਹੋ ਜਿਹੀ ਦੁਨੀਆਂ ਹੋਵੇ। ਕਰੋੜ ਸਾਲ ਰਹਿ ਕੇ ਫੇਰ ਆ ਜਾਏਗਾ ਕੀ ਪਤਾ ਕਿਹੋ ਜਿਹੀ ਦੁਨੀਆ ਹੋਵੇ। ਨਾ, ਹੁਣ ਤਾਂ ਮੇਰੇ ਤੋਂ ਇਸ ਜਨਮ 'ਚ ਲੰਘ ਨਹੀਂ ਹੋਇਆ, ਹੇ ਪ੍ਰਭੂ! ਮੈਨੂੰ ਛੇਤੀ ਦੇ ਕੇ ਜਨਮ ਦੇ ਦੇ। ਛੇਤੀ ਨਾਲ ਹੀ ਕੋਈ ਆਪਣੇ ਪਿਆਰ ਵਾਲਾ ਪੂਰਨ ਮਹਾਤਮਾ ਮਿਲਾ ਦੇ । ਉਹਦੀ ਮੈਂ ਸੇਵਾ ਕਰਾਂ। ਕਰਮ ਉਪਾਸਨਾ, ਗਿਆਨ, ਵਿਗਿਆਨ ਦੀਆਂ ਮੈਂ ਅਵਸਥਾਵਾਂ ਪ੍ਰਾਪਤ ਕਰਾਂ।

ਕ੍ਰਿਸ਼ਨ ਮਹਾਰਾਜ ਨੂੰ ਪੁਛਿਆ ਕਿ ਮਹਾਰਾਜ! ਜਿਹੜੇ ਯੋਗ ਭ੍ਰਿਸ਼ਟ ਹੋ ਜਾਂਦੇ ਨੇ ਇਹ ਜਾਂਦੇ ਕਿੱਥੇ ਨੇ, ਅਰ ਇਨ੍ਹਾਂ ਦਾ ਕੀ ਹਾਲ ਹੁੰਦਾ ਹੈ? ਇਨ੍ਹਾਂ ਦਾ ਤਪ ਕਿੱਥੇ ਚਲਿਆ ਜਾਂਦਾ ਹੈ? ਕਹਿੰਦੇ, ਅਰਜਨ! ਜਿਹੜੇ ਲੋਕ ਯੋਗ ਭ੍ਰਿਸ਼ਟ ਹੋ ਜਾਂਦੇ ਨੇ, ਸਾਰੇ ਲੰਘਦੇ ਨਹੀਂ ਹੁੰਦੇ, ਲੰਘਦੇ ਟਾਵੇਂ-ਟਾਵੇਂ ਨੇ। ਜ਼ਿਆਦਾਤਰ ਯੋਗ ਭ੍ਰਿਸ਼ਟ ਹੁੰਦੇ ਨੇ ਜਿਹੜੇ ਲੱਗੇ ਹੋਏ ਹੁੰਦੇ ਨੇ ਕਿ

***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥***
***ਅੰਗ - 1369***

ਚਿੱਤ ਫੜ ਲਿਆ ਬਾਲ-ਬੱਚਿਆਂ ਨੇ, ਰਿਸ਼ਤੇਦਾਰਾਂ ਨੇ ਫੜ ਲਿਆ, ਦੁਨੀਆਂ ਨੇ ਫੜ ਲਿਆ। ਮਿਲਣ ਤਾਂ ਚੱਲੇ ਸੀਗੇ ਰੱਬ ਨੂੰ ਪਰ ਵਿਚਾਲੇ ਰਹਿ ਗਏ । ਕਹਿੰਦੇ ਉਨ੍ਹਾਂ ਦਾ ਹਾਲ ਇਹ ਹੁੰਦਾ ਹੈ ਕਿ ਸਰੀਰ ਛੱਡਣ ਤੋਂ ਬਾਅਦ ਜੇ ਉਨ੍ਹਾਂ ਦੀ ਜੋ ਇੱਛਿਆ ਇਹ ਹੋਵੇ, ਅੰਤ ਸਮੇਂ ਦੀ ਵਾਸ਼ਨਾ ਕਿ ਮੈਨੂੰ ਹੇ ਪ੍ਰਭੂ! ਛੇਤੀ ਨਾਲ ਭੇਜ ਦੇ, ਮੇਰੇ ਤੋਂ ਇਸ ਜਨਮ ਵਿੱਚ ਤਾਂ ਹੋਇਆ ਕੁਛ ਨਹੀਂ। ਨਾ ਇੱਕ ਜਨਮ 'ਚ ਹੁੰਦਾ ਹੈ, ਜਨਮ-ਦਰ-ਜਨਮ ਲੈਣੇ ਪੈਂਦੇ ਨੇ। ਧੰਨੇ ਨੂੰ ਹੋ ਗਿਆ, ਕਹਿੰਦਾ ਮਹਾਰਾਜ! ਤੁਸੀਂ ਮੈਨੂੰ ਤਾਂ ਛੇਤੀ ਦੇ ਕੇ ਦਰਸ਼ਨ ਦੇ ਦਿੱਤੇ? ਆਹ ਤ੍ਰਿਲੋਚਨ ਨੇ ਮੈਨੂੰ ਇਸ ਰਾਹ ਪਾਇਆ ਹੈ, ਇਹਨੂੰ ਤੁਸੀਂ ਦਰਸ਼ਨ ਹੀ ਨਹੀਂ ਦਿੰਦੇ। ਕਹਿੰਦੇ, ਧੰਨਿਆਂ! ਮਾਣ ਨਹੀਂ ਕਰੀਦਾ, ਮੇਰੇ ਦਰਸ਼ਨ ਵੀ ਅਸੂਲਾਂ ਨਾਲ ਹੀ ਹੁੰਦੇ ਨੇ। ਇਹ ਵੀ ਜਿਹੜਾ ਹੈਗਾ, ਆਹ ਤੈਨੂੰ ਦਿਖਾਵਾਂ। ਸੌ ਜਨਮ ਦਾ ਪੜਦਾ ਚੁੱਕ ਦਿੱਤਾ। ਸੌ ਜਨਮ ਤੋਂ ਭਜਨ ਬੰਦਗੀ ਤਪ ਕਰ ਰਿਹਾ ਹੈ। ਬੜੇ ਉੱਗਰ ਤਪ ਕਰ ਰਿਹਾ ਹੈ, ਕਿਤੇ ਪੁੱਠੇ ਲਟਕ ਕੇ, ਪਾਣੀਆਂ 'ਚ ਖੜ੍ਹ ਕੇ, ਧੂਣੀਆਂ ਤਾਪਦਾ ਹੈ ਕਿਤੇ ਸਹਿਜ ਤਪ ਕਰ ਰਿਹਾ ਹੈ। ਕਿਤੇ

ਸਤੋਗੁਣੀ ਤਪ ਕਰ ਰਿਹਾ ਹੈ। ਕਿਤੇ ਰਜੋ ਗੁਣੀ ਤਪ ਕਰ ਰਿਹਾ ਹੈ। ਕਿਤੇ ਤਮੋ ਗੁਣੀ ਤਪ ਕਰ ਰਿਹਾ ਹੈ। ਕਹਿੰਦੇ ਆਹ ਤੂੰਹੀਂ ਹੈ, ਦੇਖ ਲੈ। ਕਿੱਡੀ ਵੱਡੀ ਫਿਲਮ ਹੈ। ਕਹਿੰਦਾ ਮਹਾਰਾਜ ਇਹ ਤਾਂ ਸੌ ਜਨਮ ਹੈ? ਕਹਿੰਦੇ ਐਨੇ ਹੀ ਲੱਗਿਆ ਹੈ। ਉਹ ਤੇਰਾ ਪਿਛਲਾ ਪੂਰਾ ਕਰਿਆ ਹੋਇਆ ਸੀ, ਬੱਸ ਇੱਕ ਪੁੰਆਇੰਟ ਤੋਂ ਰਿਹਾ ਹੋਇਆ ਸੀ। ਉਹ ਪੁਆਇੰਟ ਤੂੰ ਸ਼ਰਧਾ ਦਾ ਹੁਣ ਪੂਰਾ ਕਰ ਲਿਆ ਤੇ ਗੱਲ ਸਹੀ ਹੋ ਗਈ। ਐਂ ਨਾ ਸੋਚ ਕਿ ਮੈਨੂੰ ਛੇਤੀ ਦੇ ਕੇ ਰੱਬ ਮਿਲ ਗਿਆ।

ਅਰਜਨ ਨੂੰ ਕਹਿਣ ਲੱਗੇ ਕ੍ਰਿਸ਼ਨ ਮਹਾਰਾਜ ਕਿ ਜੇ ਤਾਂ ਉਹਦੇ ਮਨ ਵਿੱਚ ਲੋਚਾ ਹੋਵੇ ਕਿ ਮੇਰੇ ਕੀਤੇ ਹੋਏ ਕਰਮਾਂ ਦਾ ਮੈਨੂੰ ਫਲ ਮਿਲ ਜਾਏ ਤਾਂ 'ਬ੍ਰਹਮ ਲੋਕ' 'ਚ ਚਲਿਆ ਜਾਂਦਾ ਹੈ ਸਿੱਧਾ ਹੈ ਉਥੇ ਜਿਹੜੇ ਸੁੱਖ ਨੇ ਉਹ ਖਰਬਾਂ-ਖਰਬਾਂ ਗੁਣਾਂ ਜ਼ਿਆਦਾ ਨੇ ਇਸ ਧਰਤੀ ਨਾਲੋਂ। ਬੜੀ ਦੇਰ ਤੱਕ ਹਜ਼ਾਰਾਂ ਸਾਲ, ਲੱਖਾਂ ਸਾਲ ਉਨ੍ਹਾਂ ਸੁੱਖਾਂ ਨੂੰ, ਭੋਗਾਂ ਨੂੰ ਭੋਗਦਾ ਹੈ ਪਰ ਉਹਦਾ ਜੋ ਪਿਛਲਾ ਕੀਤਾ ਹੋਇਆ ਤਪ ਹੈ ਉਹ ਨਸ਼ਟ ਨਹੀਂ ਹੁੰਦਾ। ਜੇ ਉਹਨੇ ਇਸ ਜਨਮ ਦੇ ਅੰਦਰ 'ਅਨਹਦ ਸ਼ਬਦਾਂ' ਦਾ ਮੰਡਲ ਪਾਰ ਕਰ ਲਿਆ, ਪ੍ਰਕਾਸ਼ ਜਿੰਨੇ ਵੀ ਹੈਗੇ ਸਾਰੇ ਮੰਡਲ ਪਾਰ ਕਰ ਲਏ। ਦਸਵੇਂ ਦੁਆਰ ਤੱਕ ਵੀ ਜੇ ਉਹ ਪਹੁੰਚ ਗਿਆ। ਤਾਂ ਕਹਿੰਦੇ ਦੂਜੇ ਜਨਮ 'ਚ ਆ ਕੇ ਉਹਨੂੰ ਇਹ ਸਾਧਨ ਕਰਨੇ ਨਹੀਂ ਪੈਂਦੇ, ਉਹਨੂੰ ਅੰਦਰਲਾ ਆਪੇ ਹੀ ਗਿਆਨ ਹੁੰਦਾ ਹੈ, ਆਪਣੇ ਆਪ ਹੀ। ਜਦ ਕੋਈ ਗੱਲ ਕਰੇਗਾ ਇੱਕ ਦਮ ਅਵਸਥਾ ਉਹਦੀ ਆ ਜਾਂਦੀ ਹੈ। ਹੈਰਾਨ ਹੁੰਦੇ ਨੇ ਲੋਕ ਕਿ ਇਹਨੇ ਤਪ ਤਾਂ ਕੋਈ ਕਰਿਆ ਨਹੀਂ, ਜਪ ਨਹੀਂ ਕਰਿਆ ਤੇ ਇਹਨੂੰ ਗਿਆਨ ਕਿੱਥੋਂ ਆ ਗਿਆ। ਗਿਆਨ ਪਿਛਲਾ ਸਾਂਭਿਆ ਹੋਇਆ ਵਾਹਿਗੁਰੂ ਗਵਾਉਂਦਾ ਨਹੀਂ, ਸਟੋਰ ਵਿਚ ਜਮ੍ਹਾਂ ਕਰਕੇ ਰੱਖ ਦਿੰਦਾ ਹੈ। ਜਿਹੜੇ ਨੇਕ ਕੰਮ ਕਰੇ ਨੇ ਉਨ੍ਹਾਂ ਦੇ ਅਵਜ਼ਾਨੇ 'ਚ ਅਸੀਂ ਰੋਜ਼ ਕਹਿੰਦੇ ਹਾਂ ਕਿ ਅਸੀਂ ਪਾਠ ਕੀਤਾ ਹੋਇਆ ਆਪਣੇ ਖਜ਼ਾਨੇ ਪ੍ਰਵਾਨ ਕਰੀਂ। ਉਹ ਪਏ ਰਹਿੰਦੇ ਨੇ, ਉਹਦੇ ਵਿਚੋਂ ਸੁੱਖ ਦੇ ਦਿੰਦਾ ਹੈ ਵਾਹਿਗੁਰੂ। ਬ੍ਰਹਮ ਲੋਕ ਦੇ ਅੰਦਰ ਬੇਅੰਤ ਸਾਲ, ਹਜ਼ਾਰ ਸਾਲ, ਦਸ ਹਜ਼ਾਰ ਸਾਲ, ਲੱਖ ਸਾਲ, ਦਸ ਲੱਖ ਸਾਲ, ਇਹ ਕੋਈ ਬੰਧੇਜ਼ ਨਹੀਂ ਹੈ। ਉਹ ਫੇਰ ਜਦੋਂ ਸੰਸਾਰ ਦੇ ਵਿੱਚ ਆਉਂਦਾ ਹੈ, ਜਿਹੜਾ ਉਹਨੇ ਤਜਰਬਾ ਹਾਸਲ ਕਰਿਆ, ਰੂਹਾਨੀ ਪੜ੍ਹਾਈ ਕਰੀ ਹੋਈ ਹੈ, ਉਹ ਨਹੀਂ ਨਸ਼ਟ ਹੋਇਆ ਕਰਦੀ। ਉਹ ਉਸ ਵੇਲੇ ਤੋਂ ਹੀ, ਬਚਪਨ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਲੋਕ ਹੈਰਾਨ ਹੋ ਜਾਂਦੇ ਨੇ ਕਿ ਇਹ ਨਾ ਪੜ੍ਹਿਆ ਲਿਖਿਆ ਹੈ, ਇਹਨੂੰ ਇਹ ਗੱਲਾਂ ਕਿੱਥੋਂ ਆ ਗਈਆਂ। ਉਹ ਪਹਿਲੇ ਜਨਮ ਦਾ 'ਯੋਗ ਭ੍ਰਿਸ਼ਟ' ਹੈ। ਉਸਨੂੰ ਬਚਪਨ ਦੇ ਵਿੱਚ ਹੀ ਲਗਨ ਲੱਗ ਜਾਇਆ ਕਰਦੀ ਹੈ, ਉਹ ਕਹਿਣ ਲੱਗੇ ਅਰਜਨ! ਉਹਨੂੰ ਫੇਰ ਮੁੜ ਕੇ ਤਪ ਵਗੈਰਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਉਹਦੇ ਅੰਦਰ ਪਹਿਲਾਂ ਹੀ ਕਰਿਆ ਪਿਆ ਹੈ, ਉਹਨੂੰ ਆਪੇ ਹੀ ਪਤਾ ਲੱਗ ਜਾਂਦਾ ਹੈ, ਜਦੋਂ ਕੋਈ ਬਚਨ ਕਰਦਾ ਹੈ। ਉਹ ਪ੍ਰਗਟ ਹੋ ਜਾਂਦਾ ਹੈ। ਉਹ ਰੁਕਿਆ ਹੋਇਆ ਕਿੱਥੇ ਸੀ, ਕਹਿੰਦੇ ਗਿਆਨ ਵਿੱਚ ਰੁਕਿਆ ਹੋਇਆ

ਸੀ, ਆਖਰੀ ਮੰਜ਼ਲ 'ਚ। ਆਖਰੀ ਮੰਜ਼ਲ 'ਚ ਉਹਦੇ ਮਨ ਨੇ ਅਜੇ ਮੰਨਿਆ ਨਹੀਂ ਸੀ। ਜਲਵਾ ਨਹੀਂ ਸੀ ਦੇਖਿਆ, ਆਤਮ ਸ਼ਾਖਸ਼ਾਤਕਾਰ ਨਹੀਂ ਸੀ ਹੋਇਆ। ਗੱਲਾਂ ਨਾਲ ਤਾਂ ਉਹ ਜਾਣ ਗਿਆ ਸੀ ਲੇਕਿਨ ਸਾਖਸ਼ਾਤਕਾਰ ਨਾ ਹੋਣ ਕਰਕੇ ਉਹ ਆਖਰੀ ਪੁਆਇੰਟ 'ਤੇ ਖੜ੍ਹਾ ਸੀ, ਵਾਲ ਜਿੰਨਾਂ ਹੀ ਫਰਕ ਸੀ ਜਿਹਨੂੰ ਪਾਰ ਕਰਨਾ ਸੀ। ਉਹ ਨਹੀਂ ਕਰ ਸਕਿਆ, ਇਹ ਦਸ-ਦਸ ਜਨਮ ਨਹੀਂ ਹੁੰਦਾ । ਇਹ ਤਾਂ ਬਹੁਤ ਹੀ ਔਖਾ ਹੈ ਸਾਧਸੰਗਤ ਜੀ। ਗੁਰੂ ਸਾਹਿਬ ਪ੍ਰਗਟ ਕਰਦੇ ਨੇ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***

***ਅੰਗ - 846***

ਲੈਕਚਰ ਦੇਣ ਵੇਲੇ ਆ ਜਾਏਗਾ, ਉਂਞ ਮਾੜਾ ਮੋਟਾ ਆ ਜਾਏਗਾ, ਲੇਕਿਨ ਪ੍ਰਤੱਖ ਰੂਪ ਵਿੱਚ ਇਹ ਪ੍ਰਗਟ ਨਹੀਂ ਹੁੰਦਾ -

***ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥***

***ਅੰਗ - 1427***

ਕਰੋੜਾਂ ਬੰਦਿਆਂ 'ਚੋਂ ਇੱਕ ਸ਼ਾਇਦ ਲੱਭ ਜਾਏ, ਨਹੀਂ ਤਾਂ ਇੱਥੇ ਸਾਰਾ ਰੌਲਾ ਗੌਲਾ ਮਾਇਆ ਦਾ ਹੀ ਹੈ। ਹਉਮੈ ਦਾ ਝਖਣਾ ਝਾਖ ਹੈ। ਇਸ ਕਰਕੇ ਸਾਨੂੰ ਬੜੀ ਮੁਸ਼ਕਲ ਹੋ ਗਈ। ਪਰ ਐਨਾ ਹੋ ਗਿਆ ਕਿ ਸਾਨੂੰ ਗੁਰੂ ਪੂਰਾ ਮਿਲ ਗਿਆ। ਗੁਰੂ ਗ੍ਰੰਥ ਸਾਹਿਬ। ਇਹਦੇ ਹੁੰਦੇ ਲਾਈਟ ਨਹੀਂ ਸਾਡੀ ਮੁੱਕਦੀ। ਪਰ ਇਹਦੇ ਵਿੱਚ ਹੁਣ ਰੌਲਾ ਪੈ ਗਿਆ, ਇਹ ਕਹਿੰਦੇ ਨੇ ਕਿ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਣਾ ਹੈ ਅਗਾਹਾਂ ਕਿਸੇ ਨੂੰ ਨਹੀਂ ਮੰਨਣਾ। ਨਾ ਕਿਸੇ ਦਾ ਸਤਿਕਾਰ, ਨਾ ਕੋਈ ਸੰਤ ਹੁੰਦਾ, ਨਾ ਕਿਸੇ ਤੋਂ ਪੁੱਛਣ ਦੀ ਲੋੜ ਹੈ-

ਗੁਰੂ ਗ੍ਰੰਥ ਸਾਹਿਬ ਕਹਿੰਦੇ ਤੂੰ ਸੰਤਾਂ ਕੋਲ ਜਾਹ। ਉਥੇ ਜਾ ਕੇ ਹੀ ਤੇਰਾ ਕੰਮ ਬਣਨਾ ਹੈ। ਮੇਰਾ ਰੂਪ ਨੇ ਉਹ -

***ਦਾਸ ਅਨਿੰਨ ਮੇਰੋ ਨਿਜ ਰੂਪ ॥*** ***ਅੰਗ - 1252***

ਜਿਹੜੇ ਮੇਰੇ ਬਣੇ ਹੋਏ ਨੇ ਉਨ੍ਹਾਂ ਦੇ ਕੋਲ ਜਾਹ।

***ਖਾਲਸਾ ਮੇਰੋ ਰੂਪ ਹੈ ਖਾਸ।***
***ਖਾਲਸੇ ਮਹਿ ਹੌਂ ਕਰੌਂ ਨਿਵਾਸ।*** ***ਸਰਬ ਲੋਹ ਗ੍ਰੰਥ 'ਚੋਂ***

ਜਿਹੜਾ ਖਾਲਸਾ ਹੈ ਉਹਦੀ ਪਦਵੀ ਕਿੱਡੀ ਹੈ? ਕਹਿੰਦੇ -

***ਖਾਲਸਾ ਮੇਰਾ ਸਤਿਗੁਰ ਪੂਰਾ।***

ਉਹ ਪੂਰਾ ਸਤਿਗੁਰੂ ਹੈ? ਹੈ ਕੌਣ ਉਹ? -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ।***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ।***

***ਸਰਬ ਲੋਹ ਗ੍ਰੰਥ 'ਚੋਂ***

ਮੇਰੇ ਵਿੱਚ, ਖਾਲਸੇ ਦੇ ਵਿਚ, ਤੇ ਵਾਹਿਗੁਰੂ ਦੇ ਵਿੱਚ ਕੋਈ ਭੇਦ

ਨਹੀਂ, ਉਹਨੂੰ ਸੰਤ ਕਹਿ ਲਓ, ਭਗਤ ਕਹਿ ਲਓ, ਗੁਰਸਿੱਖ ਕਹਿ ਲਓ, ਗੁਰਮੁਖ ਕਹਿ ਲਓ, ਕੋਈ ਹੋਰ ਨਾਉ ਦੇ ਦਿਓ, ਜਿਹੜਾ ਵੀ ਦੇਣਾ ਹੈ, ਉਹ ਤਾਂ ਪਦਵੀ ਹੈ। ਕਣਕ ਨੂੰ ਚਾਹੇ ਕਣਕ ਕਹਿ ਲਓ, ਚਾਹੇ wheet ਕਹਿ, ਚਾਹੇ ਗੰਧਮ ਕਹਿ ਲਓ, ਚਾਹੇ ਗੇਹੂੰ ਕਹਿ ਲਓ ਜਾਂ ਕੋਈ ਹੋਰ ਨਾਉਂ ਰੱਖ ਲਓ। ਕਣਕ ਤਾਂ ਕਣਕ ਹੀ ਹੈ। ਆਹ ਗੱਲਾਂ ਸਮਝਣ ਵਾਲੀਆ ਨੇ ਸਾਡੇ ਜੀਵਨ ਵਿੱਚ। ਪਿਛਲੇ ਜਿਹੜੇ ਕੀਤੇ ਹੋਏ ਕਰਮ ਨੇ ਉਨ੍ਹਾਂ ਦਾ ਫਲ ਬਚਪਨ ਵਿੱਚ ਹੀ ਹੋ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਕੋਲ ਸੰਗਤਾਂ ਹੁੰਮ ਹੁੰਮਾ ਕੇ ਵਿਸਾਖੀ ਨੂੰ ਪਹੁੰਚ ਰਹੀਆਂ ਨੇ। ਇੱਕ ਦੂਰ ਦੇਸ਼ ਤੋਂ ਸੰਗਤ ਆਈ, ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ, ਕੀਰਤਨ ਹੋ ਰਿਹਾ ਹੈ, ਉਪਰੰਤ ਗੁਰੂ ਦਸ਼ਮੇਸ਼ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਅਤਿ ਉਚੇ ਬਚਨ ਸੁਣਾਉਣੇ ਸ਼ੁਰੂ ਕੀਤੇ। ਦੀਵਾਨ ਦੀ ਸਮਾਪਤੀ ਹੋਈ, ਥੋੜ੍ਹਾ ਜਿਹਾ ਗੁਰੂ ਮਹਾਰਾਜ ਬੈਠੇ ਤਾਂ ਇੱਕ ਜੋੜਾ ਪਤੀ-ਪਤਨੀ ਗੁਰੂ ਮਹਾਰਾਜ ਦੇ ਹਜ਼ੂਰ ਗਲ 'ਚ ਪੱਲਾ ਪਾ ਕੇ ਬੜੀ ਹੀ ਸ਼ਰਧਾ ਨਾਲ ਨਮਸ਼ਕਾਰ ਕਰਕੇ ਖੜ੍ਹੇ ਹੋ ਗਏ। ਗੁਰੂ ਮਹਾਰਾਜ ਨੇ ਦੇਖਿਆ ਕਿ ਕੋਈ ਅਸਲੀ ਬੰਦੇ ਨੇ, ਕੋਈ ਵੱਡੀ ਚੀਜ਼ ਚਾਹੁੰਦੇ ਨੇ ਇਹ। ਉਸ ਵੇਲੇ ਮਹਾਰਾਜ ਨੇ ਕਿਹਾ ਕਿਉਂ ਗੁਰਸਿੱਖੋ! ਕੀ ਗੱਲ ਹੈ? ਕਹਿੰਦੇ ਸੱਚੇ ਪਾਤਸ਼ਾਹ! ਆਪ ਜੀ ਦੀ ਬਖਸ਼ਿਸ਼ ਦੇ ਨਾਲ ਸਾਡੇ ਘਰ ਇੱਕ ਪੁੱਤਰ ਹੋਇਆ। ਸਮੇਂ ਦੇ ਰਿਵਾਜ਼ ਮੁਤਾਬਿਕ ਅਸੀਂ ਛੋਟੀ ਉਮਰ 'ਚ ਹੀ ਬਾਰ੍ਹਾਂ ਕੁ ਸਾਲ ਦਾ ਵਿਆਹ ਕਰ ਦਿੱਤਾ। ਹੁਣ ਉਹ ਅਠਾਰ੍ਹਾਂ ਸਾਲ ਦਾ ਹੋ ਗਿਆ। ਬੜਾ ਸੋਹਣਾ ਖਾਨਦਾਨ ਹੈ ਬੜੇ ਸ਼ਰੀਫ ਬੰਦੇ ਨੇ, ਜਿੱਥੇ ਇਸਨੂੰ ਅਸੀਂ ਵਿਆਹਿਆ ਹੈ। ਅਰ ਉਹ ਲੜਕੀ ਸੱਚੇ ਪਾਤਸ਼ਾਹ! ਬਹੁਤ ਹੀ ਸੁਥਰੀ ਹੈ, ਮਰਿਆਦਾ ਪੁਰਸ਼ੋਤਮ ਹੈ, ਉਹਨੂੰ ਪਤਾ ਹੈ ਕਿ ਮਾਂ ਬਾਪ ਦਾ, ਸਹੁਰੇ ਦਾ ਮੈਂ ਕਿਵੇਂ ਆਦਰ ਕਰਨਾ ਹੈ। ਕਿਵੇਂ ਮੈਂ ਇਨ੍ਹਾਂ ਦੇ ਪਰਿਵਾਰ ਨਾਲ ਵਰਤਣਾ ਹੈ। ਕਿਸ ਤਰ੍ਹਾਂ ਦੇ ਨਾਲ ਆਪਣੇ ਭਾਈਚਾਰੇ ਵਿੱਚ ਆਪਣੇ ਨਿਯਮਾਂ ਨੂੰ ਕਾਇਮ ਰੱਖਦੀ ਹੋਈ ਨੇ ਇੱਜ਼ਤ ਪ੍ਰਾਪਤ ਕਰਨੀ ਹੈ। ਕੋਈ ਨੁਕਸ ਨਹੀਂ ਪਾਤਸ਼ਾਹ। ਅਸੀਂ ਇਸਨੂੰ ਬਹੁਤ ਜ਼ੋਰ ਲਾ ਰਹੇ ਹਾਂ ਕਿ ਤੂੰ ਭਾਈ ਗ੍ਰਿਹਸਤੀ ਹੋ ਜਾ ਤੇ ਉਸ ਲੜਕੀ ਨਾਲ ਬੋਲ। ਕਹਿੰਦਾ ਨਾ। ਮਹਾਰਾਜ ਸਾਡਾ ਕਿਹਾ ਨਹੀਂ ਮੰਨਦਾ। ਸਾਨੂੰ ਵੀ ਨਹੀਂ ਬੁਲਾਉਂਦਾ ਤੇ ਉਹਨੂੰ ਵੀ ਨਹੀਂ ਬੁਲਾਉਂਦਾ। ਕਹਿੰਦੇ, ਕੀ ਕਰਦਾ ਹੈ? ਕਹਿੰਦੇ, ਮਹਾਰਾਜ! ਚੁੱਪ ਕਰਕੇ ਬੈਠਾ ਰਹਿੰਦਾ ਹੈ। ਪਤਾ ਨਹੀਂ ਭਜਨ ਕਰਦਾ ਹੈ, ਪਤਾ ਨਹੀਂ ਕੀ ਕਰਦਾ ਹੈ। ਜਦ ਅਸੀਂ ਜ਼ਿਆਦਾ ਕਹਿੰਦੇ ਹਾਂ ਤਾਂ ਉਹ ਕਹਿ ਦਿੰਦਾ ਹੈ ਕਿ ਮੈਂ ਘਰ ਛੱਡ ਕੇ ਚਲੇ ਜਾਣਾ ਹੈ। ਜੇ ਤੁਸੀਂ ਮੈਨੂੰ ਤੰਗ ਕਰਿਆ ਤੇ ਫੇਰ ਮੈਂ ਵਾਪਸ ਨਹੀਂ ਆਉਣਾ। ਜੁਆਨ ਹੈ ਮਹਾਰਾਜ, ਕਮਜ਼ੋਰ ਨਹੀਂ ਹੈ, ਪੂਰੇ ਬਲ ਵਾਲਾ ਹੈ। ਮਹਾਰਾਜ! ਕਹਿੰਦੇ ਇਹੋ ਜਿਹਾ ਬੱਚਾ, ਸਾਡੇ ਕੋਲ ਲਿਆਓ ਉਸਨੂੰ। ਮਹਾਰਾਜ ਜੀ ਦੇ ਪਾਸ, ਆਇਆ, ਚਰਨਾਂ 'ਤੇ ਨਮਸ਼ਕਾਰ ਕਰੀ, ਮਹਾਰਾਜ ਕਹਿੰਦੇ ਕਿਉਂ ਨਿੰਗਰਾ! ਇਹ ਤੂੰ ਕੀ ਵਤੀਰਾ ਅਖਤਿਆਰ ਕਰਿਆ ਹੋਇਆ ਹੈ ਘਰ ਵਿੱਚ, ਸ਼ਾਦੀ ਤੇਰੀ

ਹੋਈ-ਹੋਈ ਹੈ, ਨੌਜਵਾਨ ਹੈਂ ਤੂੰ। ਨਾ ਕੋਈ ਤੂੰ ਕੰਮ ਕਰਦਾ ਹੈਂ, ਨਾ ਆਪਣੇ ਪਰਿਵਾਰ ਦੇ ਵਿੱਚ ਗ੍ਰਹਿਸਤੀ ਜੀਵਨ ਦੇ ਵਿੱਚ ਦਾਖਲ ਹੁੰਦਾ ਹੈਂ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਤਾਂ ਗੱਲ ਕੋਈ ਨਹੀਂ ਹੈ। ਪਰ ਇਹ ਹੈ ਕਿ ਮੈਂ ਤੇਰੀ ਬਾਣੀ ਪੜ੍ਹੀ ਹੈ। ਉਹਨੇ ਮੇਰੇ ਅੰਦਰ ਘਾਅ ਪਾ ਦਿੱਤਾ। ਮਹਾਰਾਜ ਉਹਦੇ ਨਾਲ ਇਸ ਤਰ੍ਹਾਂ ਗੱਲ ਕਰਦੇ ਨੇ -

***ਧਾਰਨਾ - ਕਿੱਥੋਂ ਲੱਗਿਆ ਵੈਰਾਗ ਨਿਆਣੀ ਉਮਰੇ,***
***ਪੁੱਛਣ ਦਸ਼ਮੇਸ਼ ਪਾਤਸ਼ਾਹ।***

ਕਹਿਣ ਲੱਗੇ, ਕਾਕਾ! ਅਠਾਰ੍ਹਾਂ ਸਾਲ ਦੀ ਤੇਰੀ ਉਮਰ ਹੈ।

ਬਿਰਧ ਹੋ ਗਏ ਭੋਗ-ਭੋਗ ਕੇ, ਉਨ੍ਹਾਂ ਦੇ ਮਨ ਵਿੱਚ ਬੈਰਾਗ ਨਹੀਂ ਉਪਜਿਆ, ਤੇਰੀ ਤਾਂ ਅਜੇ ਖਾਣ ਪੀਣ ਦੀ ਰੁੱਤ ਹੈ, ਤੈਨੂੰ ਬੈਰਾਗ ਕਿੱਥੋਂ ਹੋ ਗਿਆ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਹ ਆਪ ਹੀ ਜਾਣਦੇ ਓਂ। ਕਿਉਂਕਿ ਤੇਰੀ ਜੋ ਬਾਣੀ ਹੈ ਇਹ ਜਿਉਂਦੀ ਜਾਗਦੀ ਹੈ, ਕੋਈ ਐਵੇਂ ਹੀ ਨਹੀਂ ਹੈਗੀ ਕਿ ਪੜ੍ਹ ਲਓ, ਇਹ ਤਾਂ ਪਾਤਸ਼ਾਹ ਬਾਣ ਨੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,***
***ਮੇਰੇ ਪੈ ਗਿਆ ਕਲੇਜੇ ਛੇਕ।***

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥***

***ਅੰਗ - 1374***

ਪਾਤਸ਼ਾਹ! ਤੇਰੀ ਬਾਣੀ ਬਾਣ ਮਾਰਦੀ ਹੈ। ਗੁਰੂ ਰੂਪ ਹੋ ਕੇ, ਬਾਣੀ ਦਾ ਰੂਪ ਧਾਰ ਕੇ ਤੂੰ ਬਾਣ ਮਾਰਦਾ ਹਾਂ। ਪਾਤਸ਼ਾਹ! ਬਾਣੀ ਤਾਂ ਮੈਂ ਰੋਜ਼ ਪੜ੍ਹਦਾ ਸੀ। ਪਰ ਇੱਕ ਦਿਨ ਮੈਂ ਬਹੁਤ ਧਿਆਨ ਨਾਲ ਪੜ੍ਹਦਾ ਸੀ। ਬਾਣੀ ਦਾ ਰੂਪ ਹੀ ਹੋਇਆ ਹੋਇਆ ਸੀ। ਪਾਤਸ਼ਾਹ! ਅਨੰਦ ਸਾਹਿਬ ਪੜ੍ਹਦੇ ਹੋਏ ਜਦੋਂ ਮੈਂ ਇਸ ਤੁਕ 'ਤੇ ਪਹੁੰਚਿਆ -

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥***
***ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥***
***ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥***
***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***
***ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥***
***ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥***

***ਅੰਗ - 918***

ਪਾਤਸ਼ਾਹ! ਮੇਰੇ ਤੋਂ ਅੱਗੇ ਨਹੀਂ ਫੇਰ 'ਅਨੰਦ ਸਾਹਿਬ' ਪੜ੍ਹ ਹੋਇਆ। ਰੋਈ ਗਿਆ ਮੈਂ। ਜਦੋਂ ਪੜ੍ਹਾਂ, ਮੇਰੇ ਤੋਂ ਅੱਗੇ ਤੁਕ ਆਵੇ ਨਾ, ਮੇਰੇ ਸਾਮ੍ਹਣੇ ਸਾਖਸ਼ਾਤਕਾਰ ਹੋ ਗਈ ਬਾਣੀ। ਮੈਂ ਕੀ ਦੇਖਦਾ ਹਾਂ ਕਿ ਜਿਵੇਂ ਨਦੀ ਚਲ ਰਹੀ ਹੈ, ਉਹ ਕਿਸੇ ਥਾਂ ਤੋਂ ਰੇਤਾ ਚੁੱਕ ਲੈਂਦੀ ਹੈ ਕਿਸੇ ਥਾਂ ਛੱਡ ਦਿੰਦੀ, ਉਥੋਂ ਹੋਰ ਚੁੱਕ ਲੈਂਦੀ ਹੈ, ਉਹਨੂੰ ਅੱਗੇ ਲੈ ਜਾਂਦੀ ਹੈ। ਮੈਂ

ਦੇਖਦਾ ਹਾਂ ਕਿ ਇਹ ਸੰਜੋਗ ਤੇ ਵਿਜੋਗ ਦੀ ਖੇਲ੍ਹ ਹੋ ਰਹੀ ਹੈ ਜੀਵ ਆਉਂਦੇ, ਇਕੱਠੇ ਹੋ ਜਾਂਦੇ ਨੇ, ਹੁਕਮ ਹੋ ਜਾਂਦਾ ਹੈ, ਅੱਡ-ਅੱਡ ਹੋ ਜਾਂਦੇ। ਫੇਰ ਕੋਈ ਕਿਸੇ ਨੂੰ ਮਿਲਦਾ ਨਹੀਂ, ਨਾ ਕੋਈ ਜਾਣ, ਨਾ ਕੋਈ ਪਛਾਣ। ਐਵੇਂ ਝੂਠੀ ਕਲਪਨਾ ਕਰਦਾ ਰਹਿੰਦਾ ਹੈ ਹਰ ਵਕਤ। ਮੇਰਾ ਫਲਾਣਾ-ਮੇਰਾ ਫਲਾਣਾ। ਉਹਦੇ ਨਾਲ ਸਾਰਾ ਜੀਵਨ ਬਰਬਾਦ ਕਰ ਲੈਂਦਾ ਹੈ ਆਪਣਾ। ਗੱਲ ਕੋਈ ਨਹੀਂ ਬਣਦੀ। ਜਿਹੜਾ ਚਲਿਆ ਗਿਆ, ਮੁੜ ਕੇ ਆਉਂਦਾ ਹੀ ਨਹੀਂ। ਐਵੇਂ ਹੀ ਸਮਾਂ ਨਸ਼ਟ ਕਰਦਾ ਹੈ, ਮੈਨੂੰ ਦ੍ਰਿੜ੍ਹ ਹੋ ਗਿਆ ਕਿ ਇਹ ਤਾਂ ਸੰਜੋਗ ਵਿਜੋਗ ਦੀ ਕਾਰ ਚੱਲ ਰਹੀ ਹੈ। ਕੋਈ ਮਿਲ ਜਾਂਦੇ ਨੇ ਕੋਈ ਵਿਛੜ ਜਾਂਦੇ ਨੇ ਪਾਤਸ਼ਾਹ! ਕਿਸ਼ਤੀ ਦੇਖੀ ਮੈਂ। ਮੈਂ ਦੇਖਿਆ ਕਿ ਬੜੇ ਬੰਦੇ ਸਵਾਰ ਹੋ ਕੇ ਆ ਰਹੇ ਨੇ, ਜਦੋਂ ਕੰਢੇ 'ਤੇ ਆ ਗਏ ਕੋਈ ਏਧਰ ਨੂੰ ਚਲਿਆ ਕੋਈ ਓਧਰ ਨੂੰ। ਆਹੀ ਹਾਲ ਕੁਟੰਬ ਦਾ ਹੈ, ਕਿਨਾਰੇ ਆ ਗਏ, ਵਿਛੜ ਗਏ ਸਾਰੇ, ਮੁੜ ਕੇ ਆ ਕੇ ਕੋਈ ਨਹੀਂ ਮਿਲਦਾ-

***ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥***
***ਜੀਵਿ ਜੀਵਿ ਮੁਏ ਮੁਏ ਜੀਵੇ ॥*** ***ਅੰਗ - 1238***

ਜੁੜ ਜਾਂਦੇ ਨੇ, ਵਿਛੜ ਜਾਂਦੇ ਨੇ, ਜੁੜ ਜਾਂਦੇ ਨੇ ਵਿਛੜ ਜਾਂਦੇ ਨੇ, ਫੇਰ ਕੀਹਦਾ ਮੇਲ ਕੀਹਦੇ ਨਾਲ ਹੁੰਦਾ ਹੈ, ਕੋਈ ਸੰਸਾਰ 'ਤੇ ਰਿਹਾ ਹੀ ਨਹੀਂ ਹੈ। ਵੱਡੇ-ਵੱਡੇ ਮਹਾਂਪੁਰਸ਼ ਹੋਏ ਸੰਸਾਰ ਤੋਂ ਉਹ ਵੀ ਚਲੇ ਗਏ। ਪੰਛੀਆਂ ਨੂੰ ਮੈਂ ਦੇਖਦਾ ਹੈ ਆਉਂਦੇ ਨੇ ਉਡ ਕੇ, ਇੱਕ ਦਰਖਤ ਦੇ ਉਤੇ ਇਕੱਠੇ ਹੋ ਜਾਂਦੇ ਨੇ ਬੜੇ ਸੋਹਣੇ, ਇਕੱਠੇ ਬੋਲਦੇ ਨੇ। ਅੰਮ੍ਰਿਤ ਵੇਲਾ ਹੁੰਦਾ ਹੈ ਉਸੇ ਵੇਲੇ ਕੋਈ ਇਧਰ ਨੂੰ, ਕੋਈ ਓਧਰ ਨੂੰ ਜਾ ਰਿਹਾ ਹੈ, ਫੇਰ ਮੁੜ ਕੇ ਮਿਲਦੇ ਨੇ ਕਿ ਨਹੀਂ ਮਿਲਦੇ ਵਾਹਿਗੁਰੂ ਜਾਣੇ।

***ਬਿਰਖੈ ਹੇਠਿ ਸਭਿ ਜੰਤ ਇਕਠੇ ॥***
***ਇਕਿ ਤਤੇ ਇਕਿ ਬੋਲਨਿ ਮਿਠੇ ॥***
***ਅਸਤੁ ਉਦੋਤੁ ਭਇਆ ਉਠਿ ਚਲੇ***
***ਜਿਉ ਜਿਉ ਅਉਧ ਵਿਹਾਣੀਆ ॥*** ***ਅੰਗ - 1019***

ਇਹ ਚਿੱਤ ਵਾਹਿਗੁਰੂ ਦੇ ਹਾਲ ਲੱਗੇ ਤਾਂ, ਤਾਂ ਸਕਾਰਥਾ ਹੈ, ਇਹ ਦੁਨੀਆਂ ਦੇ ਨਾਲ ਲੱਗਿਆ ਹੋਇਆ ਹੈ। ਫੇਰ ਤੇਰੀ ਮੈਂ ਬਾਣੀ ਪੜ੍ਹਦਾ ਹਾਂ, ਉਹ ਕਹਿੰਦੇ ਨੇ ਕਿ ਜਿੱਥੇ ਇਹ ਸਬੰਧੀ ਕੋਈ ਵੀ ਨਹੀਂ ਜਾਣਾ ਤੂੰ ਇਨ੍ਹਾਂ ਦੇ ਨਾਲ ਪਿਆਰ ਪਾ-ਪਾ ਕੇ ਔਖਾ ਹੁੰਦਾ ਹੈਂ ਤੇ ਜੇ ਪਿਆਰ ਪਾਉਣਾ ਹੈ ਵਾਹਿਗੁਰੂ ਨਾਲ ਪਾ ਲੈ। ਜਦੋਂ ਵਾਹਿਗੁਰੂ ਨਾਲ ਪੈ ਗਿਆ, ਫੇਰ ਸਾਰਿਆਂ ਨਾਲ ਹੀ ਪੈ ਜਾਂਦਾ ਹੈ। ਕਿਉਂਕਿ ਵਾਹਿਗੁਰੂ ਦੇ ਨਾਲ ਪਿਆਰ ਪਿਆ, ਵਾਹਿਗੁਰੂ ਨੇ ਆਪਣਾ ਰੂਪ ਦਿਖਾਉਣਾ ਹੈ, ਫੇਰ ਤਾਂ ਉਹ ਸਾਰੇ ਹੀ ਪਿਆਰ, ਵਾਹਿਗੁਰੂ ਦਾ ਰੂਪ ਨਜ਼ਰ ਆਉਣ ਲਗ ਜਾਂਦਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***

***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*** ***ਅੰਗ - 264***

ਮਹਾਰਾਜ, ਨਾਮ ਨੇ ਤਾਂ ਸਹਾਇਤਾ ਕਰਨੀ ਹੈ, ਇਹ ਜਿਹੜਾ ਪਰਿਵਾਰ ਹੈ, ਕਿੰਨਾ ਸਪਸ਼ਟ ਲਿਖਿਆ ਹੈ -

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥*** ***ਅੰਗ - 918***

ਤੂੰ ਹਰ ਵਕਤ ਵਾਹਿਗੁਰੂ ਦੀ ਸੰਭਾਲ ਕਰ, ਇਹਨੇ ਤੇਰੇ ਨਾਲ ਨਿਭਣਾ ਹੈ, ਇਹ ਜਿਹੜੇ ਕੰਮ 'ਚ ਤੂੰ ਪੈ ਗਿਆ। ਨਾਮ ਵੀ ਤੇਰਾ ਜਾਂਦਾ ਰਿਹਾ, ਨਿਤਨੇਮ ਵੀ ਜਾਂਦਾ ਰਿਹਾ। ਪਿਆਰ ਵੀ ਜਾਂਦਾ ਰਿਹਾ, ਸੰਤ ਸੇਵਾ ਵੀ ਜਾਂਦੀ ਰਹੀ। ਗੁਰੂ ਦੀ ਸੇਵਾ ਵੀ ਜਾਂਦੀ ਰਹੀ, ਸਤਿਸੰਗ ਦੇ ਵਿੱਚ ਵੀ ਤੂੰ ਪਹੁੰਚ ਨਾ ਸਕਿਆ। ਕਿਉਂ ਨਾ ਪਹੁੰਚ ਸਕਿਆ ਕਿਉਂਕਿ ਕੁਟੰਬ ਦੇ ਵਿਚ, ਕੁਟੰਬ ਦੇ ਕੰਮਾਂ ਵਿਚ ਐਨਾ ਪਰਚ ਗਿਆ ਕਿ ਤੈਨੂੰ ਸਮਾਂ ਹੀ ਨਹੀਂ ਹੈ-

***ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥***
***ਅੰਗ - 918***

ਇਨ੍ਹਾਂ 'ਚੋਂ ਇੱਕ ਨੇ ਵੀ ਤੇਰੇ ਨਾਲ ਨਹੀਂ ਜਾਣਾ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***
***ਅੰਗ - 1281***
***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥***
***ਅੰਗ - 1102***

ਜਿਹੜਾ ਮਰਿਆ ਤੋਂ ਬਾਅਦ ਸਾਥ ਨਿਭਾਉਂਦਾ ਹੈ, ਪਾਤਸ਼ਾਹ! ਫੇਰ ਮੈਨੂੰ ਬੈਰਾਗ ਹੋ ਗਿਆ, ਮੈਂ ਕੀ ਬੋਲਾਂ ਇਨ੍ਹਾਂ ਨਾਲ, ਜੇ ਬੋਲਦਾ ਹਾਂ ਇਹ ਮੋਂਹਦੇ ਨੇ, ਭੁਲਾਉਂਦੇ ਨੇ ਤੇ ਤੇਰਾ ਫੁਰਮਾਨ ਹੈ -

***ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥***
***ਅੰਗ - 918***

ਹੁਣ ਤੁਸੀਂ ਕਹਿੰਦੇ ਓਂ, ਪੁੱਛਦੇ ਓਂ ਕਿ ਤੇਰੇ ਨਾਲ ਤਾਂ ਇਨ੍ਹਾਂ ਨੇ ਜਾਣਾ ਨਹੀਂ ਫੇਰ ਚਿੱਤ ਕਿਉਂ ਲਾਉਂਦਾ ਹੈਂ ਤੂੰ ਇਨ੍ਹਾਂ ਨਾਲ। ਕਿਉਂ ਖਪਦਾ ਹੈਂ, ਤੂੰ ਤਾਂ ਆਇਆ ਸੀ ਇਸ ਸੰਸਾਰ ਦੇ ਅੰਦਰ -

***ਧਾਰਨਾ - ਇਹੋ ਤੇਰੀ ਬਾਰੀ ਹੈ, ਗੋਬਿੰਦ ਮਿਲਣੇ ਦੀ।***

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ - 12***
***ਯਾ ਜੁਗ ਮਹਿ ਏਕਹਿ ਕਉ ਆਇਆ ॥***
***ਜਨਮਤ ਮੋਹਿਓ ਮੋਹਨੀ ਮਾਇਆ ॥***

*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ - 251*

ਸੱਚੇ ਪਾਤਸ਼ਾਹ! ਸੋ ਇਹ ਕੁਟੰਬੁ ਦੇ ਵਿੱਚ ਰਲ ਕੇ ਆਦਮੀ ਫਸ ਜਾਂਦਾ ਹੈ ਤੇ ਤੇਰਾ ਇਹ ਫੁਰਮਾਨ ਹੈ -

*ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥*
*ਅੰਗ - 918*

ਤੇਰਾ ਹੀ ਹੁਕਮ ਹੈ। ਜੇ ਕੋਈ ਕਹੇ ਕਿ ਜੀ ਚਿੱਤ ਲਾ ਤੇਰੀ ਡਿਊਟੀ ਬਣਦੀ ਹੈ, ਉਹ ਕਹਿੰਦਾ ਹੈ ਕਿ ਮੈਂ ਤਾਂ ਅਗਾਹਾਂ ਲੰਘਣਾ ਹੈ, ਬੁਰਾ ਫਸ ਗਿਆ ਮੈਂ ਤਾਂ। ਗ੍ਰਿਹਸਤ ਦੇ ਨਿਯਮ ਨੇ। ਪੁਰਾਣੇ ਜ਼ਮਾਨਿਆਂ ਦੇ ਅੰਦਰ ਜੀਵਨ ਦੇ ਹਰ ਮੋੜ ਦਾ ਨਿਯਮ ਹੁੰਦਾ, ਉਹ ਸੇਵਾ ਭਾਵ ਤੇ ਧਰਮ ਨਾਲ ਰਲਾਇਆ ਹੋਇਆ ਸੀ ਕਿ ਮਾਂ ਬਾਪ ਦੀ ਸੇਵਾ ਕਰਨੀ, ਬਜ਼ੁਰਗਾਂ ਦੀ ਸੰਭਾਲ ਕਰਨੀ, ਉਹਦਾ ਫਲ ਹੈ ਕਿ ਜੇ ਮਾਂ ਬਾਪ ਨੂੰ ਛੱਡ ਕੇ ਤੀਰਥਾਂ 'ਤੇ ਜਾਂਦਾ ਹੈ, ਅਠਾਹਠ ਤੀਰਥ ਕਰ ਆਇਆ। ਭਾਈ ਗੁਰਦਾਸ ਜੀ ਕਹਿੰਦੇ ਕੀ ਕਰਿਆ ਹੈ, ਘੁੰਮਣਬਾਣ ਲੱਗੀ ਹੋਈ ਸੀ, ਘਰ ਮਾਂ-ਬਾਪ ਨੂੰ ਛੱਡ ਦਿਤਾ ਤੂੰ, ਤੇਰੀ ਡਿਊਟੀ ਸੀ ਉਨ੍ਹਾਂ ਦੀ ਸੇਵਾ ਕਰਨੀ। ਤੇਰੇ ਧਰਮ-ਕਰਮ ਨਹੀਂ ਲੱਗਣੇ ਜੇ ਤੂੰ ਉਨ੍ਹਾਂ ਨੂੰ ਛੱਡ ਕੇ ਦੌੜਿਆ ਫਿਰਦਾ ਹੈਂ। ਜੇ ਤੂੰ ਉਨ੍ਹਾਂ ਨੂੰ ਛੱਡ ਕੇ ਤਪ ਕਰਦਾ ਹੈਂ, ਕੁਛ ਵੀ ਹਾਸਲ ਨਹੀਂ ਹੋਣਾ। ਨਿਯਮ ਹੈ ਜ਼ਿੰਦਗੀ ਦਾ ਬਣਾਇਆ ਹੋਇਆ, ਇਹਨੂੰ ਹੀ ਧਰਮ ਕਹਿੰਦੇ ਸੀ। ਪਿੱਤਰਾਂ ਦੇ ਵਾਸਤੇ ਕੁਛ ਦੇਣਾ, ਪਾਠ ਕਰਾਉਣੇ, ਪੂਜਾ ਕਰਾਉਣੀ ਇਹ ਧਰਮ ਹੁੰਦਾ ਹੈ, ਪਿੱਤਰ ਰਿਣ ਕਹਿੰਦੇ ਸੀ। ਮਾਪਿਆਂ ਦਾ ਰਿਣ ਹੁੰਦਾ ਹੈ ਸਮਾਜ ਦਾ ਰਿਣ ਹੁੰਦਾ ਹੈ। ਸਮਾਜ ਦੇ ਵਿੱਚ ਕੰਮ ਕਰਨਾ ਹੈ। ਜੇ ਜ਼ਮੀਨ ਹੈ production ਕਰਨੀ ਹੈ, ਜੇ ਹੋਰ ਕੰਮ ਕਰਦਾ ਹੈਂ ਤਾਂ ਉਥੇ ਵੀ ਵੱਧ ਕੇ ਕੰਮ ਕਰਨਾ ਹੈ ਲੇਕਿਨ ਫਸਣਾ ਕਿਸੇ ਚੀਜ਼ 'ਚ ਨਹੀਂ ਹੈ। ਜਿਵੇਂ ਮੈਨੇਜਰ ਹੁੰਦਾ ਹੈ ਇਸ ਤਰ੍ਹਾਂ ਕੰਮ ਕਰਨਾ ਹੈ ਸਾਰਾ। ਚਿੱਤ ਨਹੀਂ ਲਾਉਣਾ, ਚਿੱਤ ਲਾਉਣਾ ਹੋਰ ਚੀਜ਼ ਹੁੰਦੀ ਹੈ। ਕੰਮ ਕਰਨਾ ਹੋਰ ਚੀਜ਼ ਹੁੰਦੀ ਹੈ। ਗੁਰੂ ਮਹਾਰਾਜ ਨੇ ਗ੍ਰਿਹਸਤ ਨੂੰ ਛੁਡਾਇਆ ਨਹੀਂ ਹੈ ਪਰ ਚਿੱਤ ਲਾਉਣ ਤੋਂ ਵਰਜਿਆ ਹੈ। ਕਹਿੰਦੇ, ਚਿੱਤ ਲਾਉਣ ਨਾਲ ਕੀ ਹੋਏਗਾ, ਭੁੱਲ ਜਾਏਂਗਾ ਤੂੰ ਪ੍ਰਮੇਸ਼ਰ ਦਾ ਨਾਮ, ਤੇਰੇ ਯਾਦ ਹੀ ਨਹੀਂ ਰਹਿਣਾ। ਉਹ ਛੋਟੇ ਮੋਟੇ ਜਿਹੇ ਹੀ ਅੱਖਾਂ ਮੂਹਰੇ ਫਿਰੀ ਜਾਣਗੇ। ਉਨ੍ਹਾਂ 'ਚ ਹੀ ਰਚਿਆ ਰਹੇਂਗਾ, ਉਨ੍ਹਾਂ ਦੇ ਹੀ ਫੁਰਨੇ ਭਜਨ ਵਿੱਚ ਆਉਣਗੇ। ਫਸ ਗਿਆ ਤੂੰ ਡਿਊਟੀ ਤਾਂ ਦੇਹ। ਲੇਕਿਨ ਉਹਦੇ ਵਿੱਚ ਗਰਕ ਨਾ ਹੋ। ਗ੍ਰਿਹਸਤ ਦਾ ਕੰਮ ਸਾਰੀਆਂ ਡਿਊਟੀਆਂ ਦੇ। ਈਮਾਨਦਾਰੀ ਨਾਲ ਸਾਰੇ ਕੰਮ ਕਰ, ਲੇਕਿਨ ਫਸ ਨਾ ਕਿਸੇ ਚੀਜ਼ ਵਿੱਚ। ਚਿੱਤ ਜਿਹੜਾ ਹੈ ਵਾਹਿਗੁਰੂ ਨਾਲ ਲਾ। ਜਦ ਤੇਰਾ ਚਿੱਤ ਹਰੀ ਦੇ ਨਾਮ ਨਾਲ ਲੱਗ ਗਿਆ, ਹੱਥਾਂ ਪੈਰਾਂ ਨਾਲ ਕੰਮ ਕਰੀ ਜਾਹ, ਹੱਥਾਂ ਪੈਰਾਂ ਨਾਲ ਤੂੰ ਕੰਮ ਕਰੀ ਜਾਹ। ਤੂੰ

ਫਸਦਾ ਹੀ ਨਹੀਂ ਹੈਂ। ਮਹਾਰਾਜ! ਆਪ ਨੇ ਅੱਗੇ ਫੁਰਮਾਨ ਕਰਿਆ ਹੈ –

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ – 918***

ਪਰਿਵਾਰ ਨੇ ਨਾਲ ਨਹੀਂ ਨਿਭਣਾ, ਇਹਦੇ ਵਾਸਤੇ ਸਾਰੀ ਜ਼ਿੰਦਗੀ ਖਪੀ ਗਿਆ, ਖਪਿਆ ਹੀ ਨਹੀਂ, ਬੇਈਮਾਨੀਆਂ ਵੀ ਕਰੀਆਂ ਕਿ ਮੈਂ ਕੋਠੀ ਤਾਂ ਪਾ ਜਾਵਾਂ, ਆਪਣੇ ਪੁੱਤਰਾਂ ਨੂੰ, ਨਹੀਂ ਤਾਂ ਇਹ ਕਹਿਣਗੇ ਕਿ ਇਹ ਤਾਂ ਐਵੇਂ ਹੀ ਚਲਿਆ ਗਿਆ। ਕੋਈ ਚੰਗੇ ਥਾਂ ਵਿਆਹ ਤਾਂ ਕਰ ਦੇਵਾਂ। ਇਨ੍ਹਾਂ ਦੀ ਕੋਈ ਜਾਇਦਾਦ ਬਣਾ ਦੇਵਾਂ। ਫੇਰ ਕੀ ਕਰੇਗਾ, ਰਿਸ਼ਵਤਾਂ ਲਏਗਾ, ਬੇਈਮਾਨੀਆਂ ਕਰੇਗਾ, ਠੱਗੀਆਂ ਕਰੇਗਾ, ਧੋਖੇ ਕਰੇਗਾ, ਆਪਣੇ ਵਾਸਤੇ ਤਾਂ ਉਹਨੂੰ ਪਤਾ ਹੈ ਕਿ ਮੈਂ ਚਲੇ ਜਾਣਾ ਹੈ ਲੇਕਿਨ ਅਗਾਹਾਂ ਵਾਲਿਆਂ ਵਾਸਤੇ ਉਨ੍ਹਾਂ ਦੀ ਪਰਾਲਬਧ ਬਣਾਉਂਦਾ ਹੈ। ਇਸ ਤਰ੍ਹਾਂ ਮਹਾਰਾਜ! ਤੁਸੀਓਂ ਹੀ ਫੁਰਮਾਨ ਕੀਤਾ ਹੈ –

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥***

***ਅੰਗ – 918***

ਹੁਣ ਅਗਲਾ ਤੁਸੀਂ ਕਿਹਾ ਹੈ –

***ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥***

***ਅੰਗ – 918***

ਉਪਦੇਸ਼ ਤੇਰਾ ਗੁਰਬਾਣੀ ਦੇ ਅੰਦਰ ਹੈ, ਇਹਨੇ ਨਾਲ ਜਾਣਾ ਹੈ। ਉਪਦੇਸ਼ ਇਹ ਕਹਿੰਦਾ ਹੈ ਕਿ ਵਾਹਿਗੁਰੂ ਦਾ ਨਾਮ ਜਪ –

***ਧਾਰਨਾ – ਸਾਸ–ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।***

***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥*** ***ਅੰਗ – 295***
***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥***
***ਕਲਿ ਕਲੇਸ ਤਨ ਮਾਹਿ ਮਿਟਾਵਉ ॥*** ***ਅੰਗ – 262***

ਪਾਤਸ਼ਾਹ! ਤੇਰਾ ਤਾਂ ਹੁਕਮ ਹੈ ਕਿ ਸਵਾਸ–ਸਵਾਸ ਨਾਮ ਜਪ। ਪਰ ਜਦ ਅਸੀਂ ਗ੍ਰਿਹਸਤ ਵਿੱਚ ਪਵਾਂਗੇ, ਚਿੱਤ ਲਾਵਾਂਗੇ, ਭੁੱਲ ਜਾਣਾ ਹੈ, ਸਵਾਸ–ਸਵਾਸ ਤਾਂ ਕਿੱਧਰੇ ਗਿਆ। ਜਦੋਂ ਨਾਮ ਜਪਣ ਬੈਠਾਂਗੇ, ਘੰਟਾ ਤਾਂ ਸੁਰਤ ਨੂੰ ਇਕਾਗਰ ਕਰਨ ਨੂੰ ਹੀ ਲਗ ਜਾਏਗਾ। ਐਧਰ ਨੂੰ ਨੱਠਿਆ, ਓਧਰੋਂ ਰੋਕਿਆ। ਹਰਿਆ ਅਵਾਰਾ ਡੰਗਰ ਵਰਗਾ ਮਨ ਹੈ। ਟਿਕਦਾ ਹੀ ਨਹੀਂ, ਪਤਾ ਨਹੀਂ ਲੱਗਣ ਦਿੰਦਾ ਕਿ ਕਿਹੜੇ ਵੇਲੇ ਕਿੱਥੇ ਲੈ ਗਿਆ ਉਹਨੂੰ। ਪਾਤਸ਼ਾਹ! ਇਸ ਗੱਲ ਤੋਂ ਮੈਂ ਡਰਦਾ ਹਾਂ ਕਿ ਤੇਰਾ ਉਪਦੇਸ਼ ਜਿਹੜਾ ਹੈ ਉਹ ਨਾਮ ਜਪਣ ਦਾ ਹੈ ਤਾਂ ਕਰਕੇ ਮੈਂ ਇਸ ਤਰ੍ਹਾਂ ਰਹਿੰਦਾ ਹਾਂ, ਮਹਾਰਾਜ ਕਹਿਣ ਲੱਗੇ, ਪਿਆਰਿਓ! ਇਹਨੂੰ ਤੁਸੀਂ ਗਲਤ ਨਾ ਸਮਝੋ, ਬੱਚਾ ਤੁਹਾਡਾ ਬਹੁਤ ਹੀ ਭਾਗਸ਼ੀਲ ਹੈ। ਇਹ ਜਿਹੜੀ ਗੱਲ ਸੋਚਦਾ ਹੈ ਬਿਲਕੁਲ ਸਹੀ ਸੋਚਦਾ ਹੈ। ਤੁਸੀਂ ਆਪਣਾ ਲਾਹਾ ਦੇਖਦੇ ਓਂ। ਇਹ ਤਾਂ

ਸੱਚਮੁੱਚ ਇਸਨੂੰ ਬੈਰਾਗ ਹੋਇਆ ਹੋਇਆ ਹੈ -

*ਧਾਰਨਾ - ਸੁੱਤੇ ਇਹਦੇ ਓ ਭਾਗ ਜਾਗ ਪਏ,*
*ਇਹਨੂੰ ਹੋ ਗਿਆ ਬੈਰਾਗ ਮਾਇਆ ਮੋਹਣੀ ਤੋਂ।*

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ ॥ ਅੰਗ - 643*

ਕਹਿੰਦੇ ਪਿਆਰਿਓ! ਇਹ ਮਾਇਆ ਮਮਤਾ ਮੋਹਣੀ ਨੇ ਸਾਰੇ ਸੰਸਾਰ ਨੂੰ ਖਾ ਲਿਆ, ਬਗੈਰ ਦੰਦਾਂ ਤੋਂ, ਪਰ ਇਹ ਬਚਿਆ ਹੋਇਆ ਹੈ, ਮੋਹ ਵਿੱਚ ਨਹੀਂ ਫਸਿਆ, ਸੱਚ ਦੀ ਖੋਜ ਵਿੱਚ ਹੈ। ਸੱਚ ਨੂੰ ਪਾਉਣਾ ਚਾਹੁੰਦਾ ਹੈ। ਕਹਿਣ ਲੱਗੇ, ਨਿੰਗਰਾ! ਦੇਖ, ਚਾਹੇ ਤਾਂ ਗ੍ਰਿਹਸਤੀ ਬਣ ਜਾ, ਚਾਹੇ ਤਾਂ ਸਾਧੂ ਬਣ ਜਾ। ਦੋਹਾਂ ਗੱਲਾਂ ਦਾ ਕੋਈ ਬਹੁਤਾ ਫਰਕ ਨਹੀਂ ਹੋਇਆ ਕਰਦਾ। ਪਰ ਇਹ ਹੁੰਦਾ ਹੈ ਕਿ ਦੋਹਾਂ ਦੇ ਨਿਯਮ ਨੇ। ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਕਹਿੰਦੇ, ਅਸੀਂ ਤੈਨੂੰ ਇੱਕ ਸਾਖੀ ਸੁਣਾਉਂਦੇ ਹਾਂ ਕਿ ਇੱਕ ਮਹਾਤਮਾ ਸੀ ਬੰਦਗੀ ਕਰਿਆ ਕਰਦਾ ਸੀ। ਅਕਾਸ਼ ਬਿਰਤੀ ਦਾ ਮਾਲਕ ਸੀ। ਪ੍ਰਸ਼ਾਦਾ ਉਹਨੂੰ ਆ ਜਾਇਆ ਕਰਦਾ ਸੀ। ਇੱਕ ਵਾਰੀ ਐਸਾ ਹੋਇਆ ਕਿ ਸੱਤ ਦਿਨ ਲੰਘ ਗਏ, ਕੋਈ ਪ੍ਰਸ਼ਾਦਾ ਹੀ ਨਾ ਆਇਆ, ਪਾਣੀ ਪੀਈ ਗਏ, ਸ਼ੁਕਰ ਕਰਕੇ, ਭਜਨ ਕਰੀ ਗਏ। ਅੱਠਵੇਂ ਦਿਨ ਉਹਦੇ ਮਨ 'ਚ ਆਇਆ ਕਿ ਮੈਂ ਔਖਾ ਕਰਦਾ ਹਾਂ ਦੇਵ ਲੋਕਾਂ ਨੂੰ, ਮੈਨੂੰ ਬੈਠਾ ਬਿਠਾਏ ਨੂੰ ਪ੍ਰਸ਼ਾਦਾ ਲੈ ਕੇ ਆਉਂਦੇ ਨੇ। ਉਹ ਪ੍ਰੇਰਦੇ ਨੇ, ਪ੍ਰੇਰਨਾ ਕਰਕੇ ਗ੍ਰਿਹਸਤੀ ਲੋਕ ਪ੍ਰਸ਼ਾਦਾ ਬਣਾਉਂਦੇ ਨੇ, ਫੇਰ ਲੈ ਕੇ ਆਉਂਦੇ ਨੇ ਤੇ ਮੈਂ ਇੱਥੇ ਵਿਹਲਾ ਬੈਠਾ ਖਾਈ ਜਾਂਦਾ ਹਾਂ ਤੇ ਮੈਂ ਉਨ੍ਹਾਂ ਨੂੰ ਕਿਉਂ ਦੁੱਖ ਦੇਵਾਂ। ਉਸ ਵੇਲੇ ਆਪ ਬਾਣਾਂ ਪਹਿਨਿਆ, ਕੁਮੰਡਲ ਹੱਥ ਵਿੱਚ ਲਿਆ। ਆਸਣ ਮੋਢੇ ਉਤੇ ਰੱਖਿਆ, ਸਾਧੂ ਦਾ ਵੇਸ ਹੈ ਤੇ ਜਾ ਕੇ ਇੱਕ ਸੇਠ ਦੇ ਲੰਗਰ ਚੱਲ ਰਿਹਾ ਸੀ, ਉਥੇ ਖੜ੍ਹ ਗਏ, ਵਿਆਹ ਹੋ ਰਿਹਾ ਸੀ, ਉਸ ਤੋਂ ਬਾਅਦ ਲੰਗਰ ਚਲ ਰਿਹਾ ਸੀ। ਗਰੀਬ, ਗੁਰਬੇ, ਲੋੜਵੰਦ ਆ ਕੇ ਪ੍ਰਸ਼ਾਦਾ ਛਕਦੇ ਸੀ। ਇਹ ਖੜ੍ਹਾ ਰਿਹਾ, ਮੰਗਦਾ ਕਿਸੇ ਤੋਂ ਹੈ ਨਹੀਂ ਸੀ। ਸ਼ਾਮ ਪੈ ਗਈ, ਹਨ੍ਹੇਰਾ ਹੋ ਗਿਆ, ਲੰਗਰ ਦੀ ਸਮਾਪਤੀ ਹੋਈ, ਕਿਸੇ ਨੇ ਨਾ ਪੁੱਛਿਆ ਕਿ ਸੰਤ ਖੜ੍ਹੇ ਨੇ। ਕਿਉਂਕਿ ਸੰਤਾਂ ਦੇ ਬਾਰੇ ਇਹ ਨਿਯਮ ਹੈ ਕਿ ਜੇ ਸਾਧੂ ਹੈ ਤਾਂ ਗ੍ਰਿਹਸਤੀ ਕੱਪੜਿਆਂ 'ਚ ਨਾ ਗ੍ਰਿਹਸਤੀਆਂ ਦੇ ਦਰ 'ਤੇ ਜਾਵੇ। ਉਨ੍ਹਾਂ ਨੇ ਗ੍ਰਿਹਸਤੀ ਸਮਝ ਕੇ ਉਹਦਾ ਆਦਰ ਸਤਿਕਾਰ ਨਹੀਂ ਕਰਨਾ। ਦੋਸ਼ ਸਾਧੂ ਨੂੰ ਲੱਗੇਗਾ ਇਸ ਗੱਲ ਦਾ। ਗ੍ਰਿਹਸਤੀ ਦੇ ਸਿਰ ਨਹੀਂ ਆਉਣਾ ਇਹ ਦੋਸ਼। ਕਿਉਂਕਿ ਉਹਨੇ ਬਾਣਾ ਹੀ ਨਹੀਂ ਪਹਿਨਿਆ। ਜੇ ਪੂਰੇ ਬਾਣੇ ਵਿੱਚ ਜਾਂਦਾ ਹੈ, ਜੇ ਗ੍ਰਿਹਸਤੀ ਨਹੀਂ ਸੰਭਾਲਦਾ, ਫੇਰ ਉਹਦਾ ਦੋਸ਼ ਗ੍ਰਿਹਸਤੀ ਨੂੰ ਲਗਦਾ ਹੈ। ਕਹਿੰਦੇ, ਨਿੰਗਰਾ! ਉਹ ਸੰਤ ਵਾਪਸ ਆ ਗਏ, ਰਾਤ ਨੂੰ ਦੇਵਗਣ ਆਏ ਤੇ ਉਨ੍ਹਾਂ ਦੇ ਹੱਥਾਂ 'ਚ ਮਿਸਾਲਾਂ ਨੇ, ਉਹ ਕਹਿਣ ਲੱਗੇ ਸੰਤ ਜੀ! ਸਾਡੇ ਨਾਲ ਚੱਲੋ। ਕਹਿੰਦੇ, ਕਿੱਥੇ ਜਾਣਾ ਹੈ? ਕਹਿੰਦੇ, ਜਿਹੜੇ ਸੇਠ ਨੇ ਤੁਹਾਨੂੰ ਪ੍ਰਸ਼ਾਦਾ ਨਹੀਂ ਨਾ ਦਿੱਤਾ, ਕਿੰਨੇ

ਘੰਟੇ ਉਹਦੇ ਦਰ 'ਤੇ ਤੁਸੀਂ ਖੜ੍ਹੇ ਰਹੇ ਓਂ, ਉਹਦੇ ਘਰ ਨੂ ਲਾਉਣੀ ਹੈ, ਸਾਨੂੰ ਘਰ ਦੱਸ ਕਿੱਥੇ ਹੈ। ਉਠੋ ਸਾਡੇ ਨਾਲ ਚੱਲੋ। ਸੰਤ ਉਠ ਪਏ, ਨਾਲ ਚੱਲ ਪਏ, ਕਹਿੰਦੇ ਇਕ ਮਿਸਾਲ ਮੈਨੂੰ ਦੇ ਦਿਓ। ਇੱਕ ਨੇ ਮਿਸਾਲ ਉਨ੍ਹਾਂ ਫੜਾ ਦਿੱਤੀ। ਓਨਾਂ ਨੇ ਕੀ ਕਰਿਆ ਜਿਸ ਤੋਂ ਮਿਸਾਲ ਫੜੀ ਸੀ ਉਹਦੇ ਪਿੱਛੇ ਦੌੜ ਲਏ। ਦੂਜੇ ਵਲ ਨੂੰ ਗਏ, ਉਹ ਵੀ ਵਿਚਾਰਾ ਦੌੜਿਆ। ਉਹ ਕਹਿੰਦੇ, ਸੰਤ ਜੀ! ਅਸੀਂ ਤਾਂ ਤੇਰੀ ਮਦਦ ਵਾਸਤੇ ਆਏ ਹਾਂ। ਸੇਠ ਨੇ ਐਨੀ ਅਵੱਗਿਆ ਕੀਤੀ ਹੈ ਉਹਦੇ ਵਾਸਤੇ ਤੂੰ ਗੱਲ ਹੀ ਕੋਈ ਨਹੀਂ ਕਰਦਾ। ਕਹਿਣ ਲੱਗਾ, ਐ ਦੇਵ ਗਣੋ! ਤੁਹਾਨੂੰ ਪਤਾ ਹੈ ਕਿ ਰੋਜ਼ੀ ਦੇਣਾ ਕੀਹਦਾ ਫਰਜ਼ ਹੈ, ਸੇਠ ਦਾ ਫਰਜ਼ ਹੈ ਕਿ ਭਗਵਾਨ ਵਿਸ਼ਨੂੰ ਜੀ ਦਾ ਜਿਹਨੇ ਤੁਹਾਨੂੰ ਭੇਜਿਆ ਹੈ? ਤੇ ਮਹਾਂਪੁਰਸ਼ਾਂ ਦਾ ਤਾਂ ਮਤ ਇਸ ਤਰ੍ਹਾਂ ਕਹਿੰਦਾ ਹੈ -

***ਧਾਰਨਾ - ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਦੇ,***
***ਤੈਨੂੰ ਕਿਉਂ ਨਾ ਦੇਵੇ ਬੰਦਿਆ।***

***ਕਾਹੇ ਰੇ ਮਨ ਚਿਤਵਹਿ***
***ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥*** ***ਅੰਗ - 10***

ਕਹਿੰਦਾ ਮੈਨੂੰ ਇਹ ਦੱਸੋ ਕਿ ਰੋਜ਼ੀ ਉਹ ਸੇਠ ਦਿੰਦਾ ਹੈ ਕਿ ਭਗਵਾਨ ਦਿੰਦਾ ਹੈ। ਭਗਵਾਨ ਨੂੰ ਬਿਸ਼ੰਭਰ ਕਹਿੰਦੇ ਨੇ, ਹਰੇਕ ਦਾ ਪੇਟ ਭਰਨ ਵਾਲਾ। ਰੋਜ਼ੀ ਦੇਣਾ ਉਹਦੀ ਡਿਊਟੀ ਹੈ। ਜੇ ਉਹ ਸੇਠ ਨੂੰ ਪ੍ਰੇਰਦਾ ਤਾਂ ਹੀ ਉਹ ਮੈਨੂੰ ਕੁਛ ਦਿੰਦਾ ਜਦ ਪ੍ਰੇਰਿਆ ਹੀ ਨਹੀਂ ਮੈਂ ਖੜ੍ਹ ਕੇ ਆ ਗਿਆ ਕਿ ਭਗਵਾਨ ਨਰਾਜ਼ ਹੈ ਮੇਰੇ ਨਾਲ ਤੇ ਉਹਨੇ ਮੈਨੂੰ ਨਹੀਂ ਰੋਜ਼ੀ ਦਿੱਤੀ ਤੇ ਹੁਣ ਸੇਠ ਦਾ ਘਰ ਕਿਹੜੀ ਗੱਲ ਨਾਲ ਜਾਲਦੇ ਓਂ। ਗਲਤੀ ਆਪ ਦੀ ਤੇ ਘਰ ਉਹਦਾ ਜਾਲ ਦਿਓ। ਕਹਿੰਦੇ, ਜਾਓ ਭਗਵਾਨ ਨੂੰ ਕਹਿ ਦਿਓ। ਕਹਿੰਦੇ ਦੇਖ ਜੇ ਸਾਧੂ ਬਣਨਾ ਹੈ, ਐਹੋ ਜਿਹੀ ਬਿਰਤੀ ਚਾਹੀਦੀ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ - 1364***

ਫੇਰ ਜਿਹੜਾ ਸੰਤ ਹੈ-

***ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥***
***ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥***
***ਅੰਗ - 1373***

ਉਹ ਸੀਤਲਤਾ ਨਹੀਂ ਛੱਡਦੇ, ਇੱਕ ਮਹਾਤਮਾ ਸੀ, ਉਨ੍ਹਾਂ ਦੇ ਮਨ ਵਿੱਚ ਵੈਰਾਗ ਹੋਇਆ ਗ੍ਰਿਹਸਤ ਦੇ ਵਿਚੋਂ। ਸਭ ਕੁਛ ਛੱਡ ਛਡਾ ਕੇ ਸਾਧੂ ਬਣ ਗਏ। ਬਹੁਤ ਉੱਚ ਕੋਟੀ ਦੇ ਮਹਾਤਮਾ ਦੀ ਮੰਡਲੀ ਸੀ, ਉਹਦੇ ਨਾਲ ਰਲ ਕੇ ਭ੍ਰਮਣ ਕਰਨਾ ਸ਼ੁਰੂ ਕਰ ਦਿਤਾ ਕਿਉਂਕਿ ਪਿਛਲੇ ਸਮਿਆਂ ਦੇ ਅੰਦਰ ਮਹਾਤਮਾ ਹੌਲੀ-ਹੌਲੀ ਭਾਰਤ ਵਰਸ਼ ਦਾ ਦੂਰ ਤੱਕ ਭਰਮਣ ਕਰਕੇ

ਉਪਦੇਸ਼ ਦਿੰਦੇ ਰਹਿੰਦੇ ਸੀ। ਲੋਕ ਸਤੋ ਗੁਣੀ ਸੀ, ਉਪਦੇਸ਼ ਸੁਣਦੇ ਸੀ, ਮੰਡਲੀਆਂ ਨੂੰ ਰਹਿਣ ਵਾਸਤੇ ਥਾਂ ਦਿੰਦੇ ਸੀ ਤੇ ਜਦੋਂ ਚੌਮਾਸਾ ਆਉਂਦਾ, ਉਹ ਚਾਰ ਮਹੀਨੇ ਟਿਕ ਕੇ ਸਤਿਸੰਗ ਕਰਦੇ ਸੀ, ਦੂਰ-ਦੂਰ ਤੋਂ ਲੋਕ ਆ ਕੇ ਉਨ੍ਹਾਂ ਦੇ ਪ੍ਰਵਚਨ ਸੁਣਿਆ ਕਰਦੇ ਸੀ। ਐਸ ਤਰ੍ਹਾਂ ਸੰਸਾਰ ਦਾ ਭਲਾ ਹੋਇਆ ਕਰਦਾ ਸੀ। ਉਹ ਮਹਾਤਮਾ ਜਿਹੜੇ ਸੀ ਉਨ੍ਹਾਂ ਨੇ ਇੱਕ ਟਾਈਮ ਪ੍ਰਸ਼ਾਦਾ ਛਕਣਾ। ਬਾਕੀ ਟਾਈਮ ਭਜਨ 'ਚ ਗੁਜ਼ਾਰ ਦੇਣਾ। ਇੱਕ ਬਹੁਤ ਵੱਡਾ ਸੇਠ ਉਹਨੂੰ ਜਦ ਇਹ ਪਤਾ ਲੱਗਿਆ ਕਿ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਦਾ, ਗੁਰੂ ਤੋਂ ਬਗੈਰ ਗਤੀ ਨਹੀਂ ਹੁੰਦੀ -

***..........ਨਿਗੁਰੇ ਕਾ ਹੈ ਨਾਉ ਬੁਰਾ ॥ ਅੰਗ - 435***

ਕਿ ਗੁਰੂ ਕੀਹਨੂੰ ਕਰੀਏ, ਗੁਰੂ ਐਹੋ ਜਿਹਾ ਚਾਹੀਦਾ ਹੈ ਕਿ ਮੇਰੀ ਪਰਖ 'ਚ ਪੂਰਾ ਉਤਰੇ। ਕਈਆਂ ਦੇ ਖਿਆਲ ਹੁੰਦੇ ਨੇ ਕਿ ਗੁਰੂ ਤਾਂ ਬਣਾਉਣਾ ਹੀ ਹੈ ਤੇ ਬਣਾਈਏ ਪਰਖ ਕੇ। ਸੋ ਸੇਠ ਨੇ, ਸੰਤ ਮੰਡਲੀ ਆ ਗਈ, ਉਨ੍ਹਾਂ ਨੇ ਆਪਣੇ ਆਸਣ ਦਰਖਤਾਂ ਥੱਲੇ ਲਾ ਲਏ, ਦਰਖਤ ਸੰਘਣੇ ਸੀ, ਕੋਲ ਦੀ ਇੱਕ ਛੋਟੀ ਨਦੀ ਚਲਦੀ ਸੀ, ਨਦੀ ਤੋਂ ਪਾਰ ਉਹ ਸੰਤ ਚਲੇ ਗਏ, ਇੱਕ ਦਰਖਤ ਥੱਲੇ ਉਨ੍ਹਾਂ ਨੇ ਆਸਣ ਆਪਣਾ ਲਾ ਲਿਆ। ਹੁਣ ਜਦ ਪ੍ਰਸ਼ਾਦਾ ਆਇਆ ਤਾਂ ਸੇਠ ਦੇ ਬੰਦੇ ਪੁੱਛਦੇ ਨੇ ਕਿ ਇੱਥੇ ਤੁਹਾਡੀ ਮੰਡਲੀ 'ਚ ਕਿਹੜੇ-ਕਿਹੜੇ ਸੰਤ ਨੇ, ਸਾਰਿਆਂ ਨੇ ਕਿਹਾ ਕਿ ਜਿਹੜੇ ਨਦੀਓਂ ਪਾਰ ਰਹਿੰਦੇ ਨੇ, ਉਹ ਬੜੇ ਉੱਚ ਕੋਟੀ ਦੇ ਮਹਾਤਮਾ ਨੇ। ਹਰ ਵਕਤ ਭਜਨ 'ਚ ਲੀਨ ਰਹਿੰਦੇ ਨੇ। ਸੇਠ ਨੂੰ ਜਾ ਕੇ ਦੱਸਿਆ ਸੇਠ ਨੇ ਕਿਹਾ ਕਿ ਚੰਗਾ, ਪਰਖ ਕਰੋ ਉਹਦੀ। ਪ੍ਰਸ਼ਾਦਾ ਬਾਕੀਆਂ ਨੂੰ ਛਕਾ ਦਿਓ, ਉਹਦੇ ਕੋਲ ਜਾ ਕੇ ਨਦੀ ਦੇ ਵਿੱਚ ਬਾਕੀ ਦੇ ਪ੍ਰਸ਼ਾਦੇ ਟੁਕੜੇ ਕਰ-ਕਰ ਕੇ ਪਾਈ ਜਾਓ, ਫੇਰ ਸੰਤਾਂ ਕੋਲ ਜਾ ਕੇ ਕਹੋ ਕਿ ਸੰਤ ਜੀ! ਸਾਨੂੰ ਤਾਂ ਯਾਦ ਹੀ ਨਹੀਂ ਰਿਹਾ ਕਿ ਤੁਸੀਂ ਇੱਥੇ ਬੈਠੇ ਓਂ। ਅਸੀਂ ਤਾਂ ਬੜੀ ਗਲਤੀ ਕਰੀ ਹੈ ਇੱਥੇ ਮੱਛੀਆਂ ਨੂੰ ਪਾ ਦਿੱਤੇ ਪ੍ਰਸ਼ਾਦੇ। ਬਹੁਤ ਸੁਆਦੂ ਭੋਜਨ ਬਣੇ ਹੋਏ ਸੀ। ਛੱਤੀ ਪ੍ਰਕਾਰ ਦੇ ਭੋਜਨ ਸੀ, ਮਿੱਠੇ ਵੀ ਸੀ, ਖੱਟੇ ਵੀ ਸੀ। ਬਹੁਤ ਰੀਝ ਦੇ ਨਾਲ ਹਲਵਾਈਆਂ ਨੇ ਪ੍ਰਸ਼ਾਦਾ ਤਿਆਰ ਕਰਿਆ ਸੀ, ਸੰਤ ਮੰਡਲੀ ਛਕ ਕੇ ਬਹੁਤ ਪ੍ਰਸੰਨ ਹੋਈ ਹੈ। ਰੁਚੀ ਜਗਾਓ ਉਹਦੀ ਪ੍ਰਸ਼ਾਦੇ ਦੇ ਅੰਦਰ, ਫੇਰ ਦੇਖੋ ਕੀ ਬਚਨ ਕਰਦਾ ਹੈ, ਜਾ ਕੇ ਇਸੇ ਤਰ੍ਹਾਂ ਕਰਿਆ, ਜਦੋਂ ਸੰਤਾਂ ਕੋਲ ਗਏ, ਕਹਿਣ ਲੱਗੇ, ਸੰਤ ਕਹਿੰਦੇ ਕੋਈ ਗੱਲ ਨਹੀਂ, ਮੇਰੀ ਪਰਾਲਬਧ 'ਚ ਜਦ ਹੋਏਗਾ ਆਪੇ ਹੀ ਆ ਜਾਣਾ ਹੈ, ਤੁਸੀਂ ਕਾਹਨੂੰ ਫਿਕਰ ਕਰਦੇ ਓ ਐਨਾ। ਕਹਿੰਦੇ ਜੀ, ਸੇਠ ਸਾਹਿਬ ਨੇ ਬੜੇ ਨਰਾਜ਼ ਹੋਣਾ ਹੈ। ਕਹਿ ਦਿਓ ਸੇਠ ਸਾਹਿਬ ਨੂੰ।

ਦੂਸਰੇ ਦਿਨ ਫੇਰ ਭੇਜ ਦਿਤਾ, ਪਹਿਲੇ ਦਿਨ ਵਾਂਗ ਹੀ ਪ੍ਰਸ਼ਾਦਾ ਫੇਰ ਛਕਾਇਆ, ਉਧਰਲੇ ਪਾਸੇ ਪ੍ਰਸ਼ਾਦਾ ਲੈ ਕੇ ਗਏ। ਤਾਂ ਉਨ੍ਹਾਂ ਨੇ ਦੋ ਛੋਲਿਆਂ ਦੀਆਂ ਰੋਟੀਆਂ ਉਨ੍ਹਾਂ ਕੋਲ ਬਚੀਆਂ ਹੋਈਆਂ, ਨਿਰੇ ਛੋਲਿਆਂ ਦੀਆਂ। ਓਹੋ ਸੰਤ ਜੀ! ਕਹਿੰਦੇ ਸਾਡੇ ਤੋਂ ਤਾਂ ਫੇਰ ਭੁੱਲ ਹੋ ਗਈ। ਤੁਹਾਡੇ ਵਾਸਤੇ

ਤਾਂ ਅਸੀਂ ਪ੍ਰਸ਼ਾਦਾ ਰੱਖਿਆ ਹੀ ਨਹੀਂ ਹੈ। ਆਹ ਤਾਂ ਕੁੱਤਿਆਂ ਨੂੰ ਪਾਉਣ ਲਾਈ ਲਿਆਏ ਸੀਗੇ, ਆਹ ਸਾਡੇ ਕੋਲ ਬਚੇ ਪਏ ਸੀਗੇ। ਐਨੇ ਨੂੰ ਕੋਈ ਬਨਾਉਟੀ ਮੰਗਤਾ ਆ ਗਿਆ, ਸੇਠ ਦਾ ਭੇਜਿਆ ਹੋਇਆ, ਜਦੋਂ ਉਹ ਕਹਿਣ ਲੱਗੇ ਕਿ ਕੋਈ ਨਾ ਅਸੀਂ ਪਾਣੀ ਨਾ ਖਾ ਲਵਾਂਗੇ। ਮੰਗਤਾ ਆਇਆ, ਉਹ ਕਹਿੰਦਾ ਮੈਨੂੰ ਪ੍ਰਸ਼ਾਦਾ ਦਿਓ, ਉਹ ਕਹਿੰਦੇ ਲੈ ਭਾਈ, ਆਹ ਤੂੰ ਹੀ ਲੈ ਲੈ। ਦੂਸਰਾ ਦਿਨ ਵੀ ਭੁੱਖਿਆਂ ਦਾ ਲੰਘ ਗਿਆ।

ਤੀਸਰੇ ਦਿਨ ਸੰਤਾਂ ਵਾਸਤੇ ਭੰਡਾਰਾ ਕੀਤਾ ਘਰ। ਸਾਰੇ ਸੰਤਾਂ ਨੂੰ ਬੁਲਾਇਆ, ਬੈਂਡ ਵਾਜੇ ਵਜਦੇ ਜਾਂਦੇ ਨੇ ਇਨ੍ਹਾਂ ਸੰਤਾਂ ਕੋਲ ਵੀ ਸੇਠ ਆਇਆ ਕਿ ਮਹਾਰਾਜ! ਦੋ ਦਿਨ ਤੁਸੀਂ ਭੁੱਖੇ ਰਹੇ ਓਂ ਤੇ ਕੱਲ੍ਹ ਨੂੰ ਭੰਡਾਰੇ ਵਿੱਚ ਜ਼ਰੂਰ ਆਉਣਾ ਹੈ ਕਿਸੇ ਦਾ ਪ੍ਰਸ਼ਾਦਾ ਨਹੀਂ ਤੁਸੀਂ ਵਰਜਿਆ ਹੋਇਆ ਖਾਣਾ। ਬਹੁਤ ਮੈਂ ਤਨਦੇਹੀ ਨਾਲ ਪ੍ਰਸ਼ਾਦੇ ਤਿਆਰ ਕਰੇ ਨੇ। ਮਠਿਆਈ ਵੀ ਕਰਾਂਗਾ, ਸਲੂਣੇ ਵੀ ਕਰਾਂਗਾ, ਖੱਟੇ ਵੀ, ਮਿੱਠੇ ਵੀ, ਪੂਰੇ ਭੋਜਨ ਤਿਆਰ ਕਰਾਂਗਾ, ਤੁਸੀਂ ਦਿਨ ਪ੍ਰਸ਼ਾਦਾ ਨਹੀਂ ਛਕਿਆ, ਚਲੋ ਕੱਲ੍ਹ ਨੂੰ ਛਕ ਕੇ ਤ੍ਰਿਪਤੀ ਕਰ ਲੈਣਾ। ਸੰਤ ਕਹਿੰਦੇ, ਕੋਈ ਨਾ ਸੇਠ ਜੀ ਸਮਾਂ ਆਏਗਾ, ਵਰਤਿਆ ਜਾਏਗਾ।

ਸੇਠ ਦੇ ਜਿਸ ਵਕਤ ਸਾਰੇ ਸੰਤ ਆਏ, ਬੈਂਡ ਵਾਜੇ ਵਜਦੇ ਹੋਏ ਲਿਆਂਦੇ ਨੇ ਇਹ ਸੰਤ ਜਦ ਆਇਆ, ਸਿਖਾ ਦਿੱਤਾ ਪਹਿਰੇਦਾਰਾਂ ਨੂੰ ਕਿ ਹੋਰ ਸਭ ਨੂੰ ਅੰਦਰ ਲੰਘ ਜਾਣ ਦੇਣਾ, ਪਰ ਉਹਨੂੰ ਨਾ ਲੰਘਣ ਦੇਣਾ ਤੇ ਧੱਕੇ ਮਾਰ ਕੇ ਪਿੱਛੇ ਹਟਾ ਦੇਣਾ। ਜਦ ਸੰਤ ਸਾਰੇ ਸੇਠ ਦੀ ਹਵੇਲੀ 'ਚ ਵੜਨ ਲੱਗੇ, ਧੰਨ ਓ ਮਹਾਰਾਜ, ਧੰਨ ਓ ਤੁਸੀਂ, ਜਦ ਇਨ੍ਹਾਂ ਦੀ ਵਾਰੀ ਤਾਂ ਪਹਿਰੇਦਾਰ ਕਹਿਣ ਲੱਗਿਆ ਤੂੰ ਕਿੱਧਰ ਨੂੰ ਜਾਂਦਾ ਹੈਂ? ਨਾਲਦਿਆਂ ਨੂੰ ਕਿਹਾ ਕਿ ਇਹ ਵੀ ਸਾਡੇ ਨਾਲ ਦੇ ਸੰਤ ਨੇ। ਕਹਿੰਦੇ, ਇਹਨੂੰ ਸੰਤ ਕਿਹੜਾ ਕਹਿ ਦਏਗਾ, ਧੱਕੇ ਮਾਰੇ, ਪ੍ਰਸ਼ਾਦਾ ਦਿੱਤਾ ਹੀ ਨਾ। ਉਸ ਤੋਂ ਬਾਅਦ ਜਦੋਂ ਇਹ ਆ ਗਿਆ ਫੇਰ ਆਪਣੇ ਅਸਥਾਨ ਦੇ ਉਤੇ। ਉਸ ਵੇਲੇ ਸੇਠ ਜੀ ਫੇਰ ਆਏ ਕਹਿਣ ਲੱਗੇ, ਮਹਾਰਾਜ! ਬੜੀ ਭੁੱਲ ਹੋਈ, ਇਹ ਜਿਹੜੇ ਸਾਡੇ ਪਹਿਰੇਦਾਰ ਸੀ ਉਨ੍ਹਾਂ ਨੇ ਪਛਾਣਿਆ ਨਾ ਤੁਹਾਨੂੰ। ਮੈਂ ਤਾਂ ਕੇਵਲ ਤੁਹਾਡੇ ਵਾਸਤੇ ਹੀ ਭੰਡਾਰਾ ਐਡਾ ਵੱਡਾ ਕਰਿਆ ਸੀ। ਐਡਾ ਸਤਿਕਾਰ ਤੁਹਾਨੂੰ ਹੀ ਮੈਂ ਤਾਂ ਦਿੱਤਾ ਸੀ ਕਿਉਂਕਿ ਤੁਸੀਂ ਬੜੇ ਸੰਤੋਖੀ ਓਂ, ਪਰ ਕਿੱਡੀ ਭੁੱਲ ਹੋ ਗਈ ਸਾਡੇ ਤੋਂ। ਕਹਿੰਦੇ ਸੇਠ ਜੀ! ਕੋਈ ਗੱਲ ਨਹੀਂ ਹੈ। ਤੁਸੀਂ ਚਿੰਤਾ ਨਾ ਕਰੋ। ਧੱਕੇ ਧੁੱਕੇ ਮਾਰਨ ਨਾਲ ਸਾਨੂੰ ਕੋਈ ਗੱਲ ਨਹੀਂ ਲਗਦੀ ਕਿ ਠੀਕ ਹੈ ਵਿਚਾਰਿਆਂ ਤੋਂ ਭੁੱਲ ਹੋ ਗਈ। ਕਹਿੰਦੇ, ਹੁਣ ਪ੍ਰਸ਼ਾਦੇ ਵਰਤ ਗਏ, ਤੁਹਾਡੇ ਵਾਸਤੇ ਬਚਿਆ ਹੀ ਨਹੀਂ ਕੋਈ, ਕਹਿੰਦੇ ਕੋਈ ਗੱਲ ਨਹੀਂ।

ਚੌਥਾ ਦਿਨ ਜਦ ਆਇਆ। ਉਸ ਵੇਲੇ ਸੇਠ ਬੈਂਡ ਵਾਜੇ ਵਜਾਉਂਦਾ ਆ ਗਿਆ। ਉਹਨੇ ਪਾਲਕੀ ਲੈ ਆਂਦੀ, ਆ ਕੇ ਬੇਨਤੀਆਂ ਕਰਨ ਲੱਗ ਗਿਆ ਕਿ ਮਹਾਰਾਜ ਪਾਲਕੀ 'ਚ ਬੈਠੋ, ਮੈਂ ਗੁਰੂ ਧਾਰਨਾ ਸੀ, ਪਰ ਮੈਨੂੰ

ਕੋਈ ਗੁਰੂ ਸੀਤਲਦਾਸ ਨਹੀਂ ਸੀ ਲੱਭਦਾ, ਅਗਨੀ ਦਾਸ ਹੀ ਲੱਭੇ ਸੀ। ਮਾੜਾ ਜਿਹਾ ਕਿਸੇ ਸੰਤ ਦਾ ਨਿਰਾਦਰ ਕਰ ਦਿਓ, ਤੜੀ-ਤੰਬਲੀ ਚੁੱਕ ਕੇ ਔਹ ਜਾਂਦਾ ਹੈ। ਇਹ ਸੰਤ ਹੈ ਕਿ ਕੀ ਹੈ, ਅਗਲੀ ਦਾਸ ਨੇ ਸੀਤਲ ਦਾਸ ਨੇ। ਬੜਾ ਔਖਾ ਹੈ ਸੰਤ ਬਣਨਾ।

ਸੋ ਮਹਾਰਾਜ ਕਹਿਣ ਲੱਗੇ, ਨਿੰਗਰਾ! ਜੇ ਤੂੰ ਸੰਤ ਬਣਨਾ ਹੈ ਤਾਂ ਇਹੋ ਜਿਹਾ ਬਣ ਜਾ। ਫੇਰ ਤੂੰ ਆਪ ਵੀ ਤਰੇਂਗਾ ਤੇ ਸੰਸਾਰ ਨੂੰ ਵੀ ਤਾਰ ਦਏਂਗਾ। ਮਹਾਤਮਾ ਦੇ ਅੰਦਰ ਬਹੁਤ ਸ਼ਾਂਤੀ ਹੁੰਦੀ ਹੈ। ਬੇਅੰਤ ਮਿਸਾਲਾਂ ਨੇ ਐਸੀਆਂ। ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ ਜੇ ਗ੍ਰਿਹਸਤੀ ਬਣਨਾ ਹੈ ਉਹ ਵੀ ਅਸੀਂ ਤੈਨੂੰ ਦੱਸ ਦਿੰਦੇ ਹਾਂ। ਫੇਰ ਤੂੰ ਇਸ ਸਰੀਰ ਨੂੰ ਪੁੰਨ ਦਾਨ ਦਾ ਸਰੀਰ ਬਣਾ ਲੈ। ਇਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਪੁੰਨ ਦਾਨ ਦਾ ਸਰੀਰ ਬਣਾ ਲੈ,***
***ਮਾਇਆ ਜਾਣ ਦਾਸੀ ਰੱਬ ਦੀ।***

***ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥***
***ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥***
***ਅੰਗ - 952***

ਉਹ ਪਵਿੱਤਰ ਗ੍ਰਿਹਸਤੀ ਹੈ ਜਿਹਨੇ ਆਪਣਾ ਸਰੀਰ ਪੁੰਨ ਦਾਨ ਦਾ ਬਣਾ ਲਿਆ, ਨੇਕ ਕਮਾਈ ਕਰਦਾ ਹੈ, ਘਰ ਵਿੱਚ ਆਪਣੇ ਪਰਿਵਾਰ ਨੂੰ ਪਾਲਦਾ ਹੈ, ਬੱਚਿਆਂ ਨੂੰ ਪੜ੍ਹਾਉਂਦਾ ਲਿਖਾਉਂਦਾ ਹੈ, ਲੇਕਿਨ ਹਰ ਵਕਤ ਉਹਦੇ ਮਨ 'ਚ ਰਹਿੰਦੀ ਹੈ, ਦਸਵੰਧ ਗੁਰੂ ਦੇ ਲੇਖੇ ਕੱਢਦਾ ਹੈ। ਉਹਦਾ ਸਰੀਰ ਹੀ ਪੁੰਨ ਦਾਨ ਦਾ ਹੋਇਆ ਕਰਦਾ ਹੈ।

ਮਹਾਂਭਾਰਤ ਦੇ ਯੁੱਧ ਦੇ ਅੰਦਰ ਜਦੋਂ 'ਕਰਣ' ਜ਼ਖਮੀ ਹੋ ਕੇ ਗਿਰ ਗਿਆ। ਧਰਤੀ 'ਤੇ ਪਿਆ ਹੈ, ਖੂਨ ਦਾ ਬਹੁਤ ਛੱਪਰ ਲੱਗਿਆ ਪਿਆ ਹੈ ਆਲੇ-ਦੁਆਲੇ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਦੋਵੇਂ ਹੱਥ ਉਪਰ ਚੁੱਕੇ। ਕਹਿੰਦੇ ਅਰਜਨ! ਅੱਜ ਦਾਨ ਦਾ ਸੂਰਜ ਛਿਪ ਗਿਆ, ਕਹਿੰਦੇ ਕਿਵੇਂ ਮਹਾਰਾਜ? ਕਹਿੰਦੇ ਦਾਨੀ ਨਹੀਂ ਕੋਈ ਰਿਹਾ ਸੱਚ ਦਾ। ਕਹਿੰਦੇ, ਮਹਾਰਾਜ! ਸਾਰੇ ਹੀ ਅਸੀਂ ਦਾਨੀ ਹਾਂ, ਪੰਜੇ ਭਰਾ ਦਾਨ ਦਿੰਦੇ ਹਾਂ, ਫੇਰ ਅਸੀਂ ਖਾਂਦੇ ਪੀਂਦੇ ਹਾਂ। ਕਹਿੰਦੇ ਨਹੀਂ, ਠੀਕ ਹੈ ਤੁਸੀਂ ਦਾਨ ਦਿੰਦੇ ਓਂ, ਸੂਰਜ ਛੁੱਪ ਗਿਆ, ਤੁਸੀਂ ਤਾਰੇ ਤਾਂ ਹੈਗੇ, ਸੂਰਜ ਨਹੀਂ ਹੈਗਾ। ਕਹਿੰਦੇ ਓਹ ਕੌਣ ਹੈ ਮਹਾਰਾਜ? ਕਹਿੰਦੇ ਉਹ ਕਰਣ ਹੈ। ਕਹਿੰਦੇ, ਕਰਣ ਕੋਈ ਬਹੁਤ ਦਾਨੀ ਹੈ? ਕਹਿੰਦੇ ਹਾਂ, ਆਓ ਤੁਹਾਨੂੰ ਦਿਖਾਉਂਦੇ ਹਾਂ।

ਰੂਪ ਬਦਲ ਲਏ, ਬ੍ਰਾਹਮਣ ਦਾ ਰੂਪ ਕ੍ਰਿਸ਼ਨ ਮਹਾਰਾਜ ਨੇ ਬਣਾ ਲਿਆ ਅਤੇ ਨਾਲ ਲੈ ਲਿਆ ਅਰਜਨ। ਉਥੇ ਜਾ ਕੇ ਕਰਣ ਦੇ ਕੋਲ ਕਹਿਣ ਲੱਗਿਆ, ਕਹਿਣ ਲੱਗਿਆ ਕਿ ਕਰਣ ਜੀ! ਮੈਂ ਤਾਂ ਬਹੁਤ ਆਸ ਰੱਖ ਕੇ ਆਇਆ ਸੀ। ਮੇਰੇ ਦਲਿੱਦਰ ਦਾ ਨਾਸ਼ ਜੇ ਕਿਸੇ ਨੇ ਕਰਨਾ ਸੀ ਤਾਂ ਉਹ ਤੇਰੇ ਬਗੈਰ ਕੋਈ ਨਹੀਂ ਸੀ ਕਰ ਸਕਦਾ। ਹੁਣ ਤਾਂ ਮੇਰੇ ਉਤੇ ਦਲਿੱਦਰ ਦੀ ਰਾਤ ਪੈ ਗਈ। ਕਾਲੀ ਹਨ੍ਹੇਰੀ ਰਾਤ ਹੋ ਗਈ, ਕਿਉਂਕਿ ਤੂੰ

ਹੁਣ ਚੱਲਿਆ ਹੈਂ, ਥੋੜ੍ਹੀ ਦੇਰ ਨੂੰ ਤੇਰੇ ਪ੍ਰਾਣ ਪੰਖੇਰੂ ਉੱਡ ਜਾਣੇ ਨੇ, ਮੇਰੀ ਲੜਕੀ ਦੀ ਸ਼ਾਦੀ ਸੀ, ਮੈਂ ਬਹੁਤ ਆਸ ਰੱਖ ਕੇ ਆਇਆ ਸੀ, ਮੈਨੂੰ ਕੁਛ ਦੇ। ਕਹਿਣ ਲੱਗਿਆ, ਬ੍ਰਾਹਮਣ ਦੇਵਤਾ! ਮੈਦਾਨ-ਏ-ਜੰਗ 'ਚ ਪਿਆ ਹਾਂ। ਆਹ ਮੇਰਾ ਧਨੁੱਖ ਬਾਣ ਪਿਆ, ਸ਼ਸਤਰ ਪਏ ਨੇ, ਜੇ ਇਨ੍ਹਾਂ 'ਚੋਂ ਤੈਨੂੰ ਕੁਛ ਚਾਹੀਦਾ ਹੈ ਤਾਂ ਲੈ ਜਾ। ਜੇ ਮੇਰੇ ਸਰੀਰ ਦੀ ਕਿਸੇ ਹੱਡੀ ਦੀ, ਗੁਰਦੇ ਦੀ ਲੋੜ ਹੈ, ਦਿਲ ਦੀ ਲੋੜ, ਅੱਖਾਂ ਦੀ ਲੋੜ ਹੈ, ਉਹ ਤੂੰ ਕੱਢ ਸਕਦਾ ਹੈਂ ਪਰ ਮੇਰੇ ਕੋਲ ਹੁਣ ਮਾਇਆ ਤਾਂ ਹੈ ਨਹੀਂ ਮੈਂ ਕਿੱਥੋਂ ਦੇਵਾਂ? ਨਰਾਜ਼ ਹੋ ਗਿਆ ਬ੍ਰਹਾਮਣ, ਕਹਿੰਦਾ ਦਾਨੀ ਹੋ ਕੇ ਝੂਠ ਬੋਲਦਾ ਹੈਂ। ਤੇਰੇ ਦੰਦਾਂ ਦੇ ਵਿਚ ਸੋਨੇ ਦੀ ਪਰਤ ਚੜ੍ਹੀ ਹੋਈ ਹੈ। ਕਹਿੰਦਾ, ਹਾਂ ਮੇਰੀ ਯਾਦ ਤੋਂ ਭੁੱਲ ਗਿਆ ਸੀ। ਐਸ ਤਰ੍ਹਾਂ ਕਰੋ ਮੇਰੇ ਦੰਦ ਭੰਨ ਲਓ ਲੈ ਜਾਓ। ਉਹ ਕਹਿੰਦੇ, ਅਸੀਂ ਨਹੀਂ ਭੰਨਣੇ, ਆਪ ਦੇ। ਜਿਸ ਵਕਤ ਉਹ ਹੌਲੀ-ਹੌਲੀ ਹਿੱਲਿਆ ਇੱਕ ਪੱਥਰ ਨਿਗ੍ਹਾ ਪੈ ਗਿਆ, ਇੰਚ-ਇੰਚ ਕਰਕੇ ਓਧਰ ਨੂੰ ਰੁੜ੍ਹਦਾ ਜਾਂਦਾ ਹੈ, ਸਰੀਰ ਬਹੁਤ ਘਾਇਲ ਹੋਇਆ-ਹੋਇਆ, ਉਸ ਵੇਲੇ ਜਾ ਕੇ ਪੱਥਰ ਚੁੱਕ ਲਿਆ ਜਦੋਂ ਉੱਚਾ ਉਠਾ ਕੇ ਮਾਰਨ ਲੱਗਿਆ, ਕ੍ਰਿਸ਼ਨ ਮਹਾਰਾਜ ਨੇ ਉਸੇ ਵੇਲੇ ਹੱਥ ਫੜ ਲਿਆ ਉਹਦਾ ਤੇ ਨਾਲ ਦਰਸ਼ਨ ਦਿੱਤੇ, ਵਿਸ਼ਨੂੰ ਭਗਵਾਨ ਜੀ ਨੇ, ਕਹਿਣ ਲੱਗੇ, ਬਿਵਾਨ ਤਿਆਰ ਬੈਠੋ ਇਹਦੇ ਅੰਦਰ ਬੈਠੋ। ਰੂਹ ਜਿਹੜੀ ਸੀ ਛੱਡ ਗਈ ਸਰੀਰ। ਕਹਿੰਦੇ, ਕਿਉਂ ਅਰਜਨ! ਦੱਸ ਇਹੋ ਜਿਹਾ ਕੋਈ ਦਾਨੀ ਹੈ ਇਹਨੇ ਤਾਂ ਸਰੀਰ ਹੀ ਦਾਨ ਦਾ ਬਣਾਇਆ ਹੈ। ਮਹਾਰਾਜ ਕਹਿੰਦੇ ਜੇ ਗ੍ਰਿਹਸਤੀ ਬਣਨਾ ਹੈ ਤਾਂ ਗ੍ਰਿਹਸਤੀਆਂ ਦੇ ਵਿੱਚ ਗ੍ਰਿਹਸਤੀ ਹੋ ਕੇ ਉਦਾਸੀ ਰਹੀਂ। ਬੰਦਗੀ ਕਰੀਂ, ਨਾਮ ਜਪੀਂ। ਸੇਵਾ ਦੇ ਵਿੱਚ ਆਪਣਾ ਜੀਵਨ ਬਿਤਾਈਂ। ਜਦੋਂ ਸੇਵਾ ਵਿੱਚ ਬਿਤਾਏਂਗਾ।

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥*
*ਅੰਗ - 26*

ਸਾਰੇ ਬਚਨ ਸੁਣੇ। ਕਹਿਣ ਲੱਗਿਆ, ਪਾਤਸ਼ਾਹ! ਮੈਂ ਦੋਵੇਂ ਬਚਨ ਸੁਣ ਲਏ। ਕਹਿੰਦੇ ਲੈ ਤੈਨੂੰ ਹੋਰ ਦਸਦੇ ਹਾਂ -

ਇੱਕ ਸ਼ਿਕਾਰੀ ਸੀਗਾ, ਸ਼ਿਕਾਰ ਖੇਲ੍ਹਣ ਗਿਆ, ਰਾਤ ਪੈ ਗਈ, ਸਰਦੀ ਦਾ ਮੌਸਮ ਸੀ। ਦਰਖਤ ਦੇ ਥੱਲੇ ਆ ਗਿਆ, ਕੰਬੀ ਜਾਂਦਾ ਹੈ, ਦੰਦ ਵਜਦੇ ਨੇ। ਉਥੇ ਇੱਕ ਕਬੂਤਰ-ਕਬੂਤਰੀ ਕੁਪੋਤੀ ਦਾ ਆਲ੍ਹਣਾ ਸੀਗਾ। ਪਿਛਲੇ ਜਨਮ ਦਾ ਉਨ੍ਹਾਂ ਨੂੰ ਗਿਆਨ ਸੀ। ਯੋਗ ਭ੍ਰਿਸ਼ਟ ਬੁਰੀ ਤਰ੍ਹਾਂ ਹੋਏ ਹੋਏ ਸੀ, ਕੋਈ ਕਰਮ ਐਸਾ ਹੋ ਗਿਆ, ਜਿਹਦਾ ਦੰਡ ਉਨ੍ਹਾਂ ਨੂੰ ਮਿਲਿਆ ਸੀ। ਆਪਸ ਵਿੱਚ ਸਲਾਹ ਕਰੀ ਕਿ ਅਤਿਥੀ ਆ ਗਿਆ। ਇਹਦੇ ਕੋਲ ਕੁਛ ਨਹੀਂ ਹੈ ਕਿ ਪਾਲਾ ਤਾਂ ਹਟਾਈਏ। ਕਬੂਤਰ ਕਹਿਣ ਲੱਗਿਆ ਕਿ ਮੈਂ ਜਾਂਦਾ ਹਾਂ, ਕਿਸੇ ਅੱਗ ਦੇ ਜਲਦੇ ਦੇ ਵਿਚੋਂ ਮੈਂ ਕੁਛ ਲੈ ਕੇ ਆਉਂਦਾ ਹਾਂ। ਚਲਿਆ ਗਿਆ ਤਾਂ ਇੱਕ ਮੀਂਗਣ ਚੁੱਕ ਲਿਆਇਆ। ਉਸ ਸੁਲਘਦੀ ਮੀਂਗਣ ਹੇਠਾਂ ਸੁੱਟ ਦਿਤੀ। ਫਟਾਫਟ ਆਪਣਾ ਆਲ੍ਹਣਾ ਤੋੜ ਕੇ ਥੱਲੇ ਸੁੱਟ

ਦਿੱਤਾ। ਉਹਨੇ ਕਿਹਾ, ਸ਼ੁਕਰ ਹੈ ਅੱਗ ਵੀ ਆ ਗਈ, ਲਕੜੀ ਵੀ ਛੋਟੀ ਆ ਗਈ। ਉਸ ਵੇਲੇ ਭਖਾ ਲਿਆ ਫੂਕਾਂ ਮਾਰ-ਮਾਰ ਕੇ। ਵੱਡੀਆਂ ਲੱਕੜਾਂ ਚੁਗ ਲਿਆਇਆ। ਧੂਣੀ ਲਾ ਲਈ ਕਿ ਸਾਰੀ ਰਾਤ ਲੰਘ ਜਾਏਗੀ। ਉਹ ਕਹਿਣ ਲੱਗਿਆ ਕਿ ਦੇਖ ਦੋ ਆਪਣੇ ਬੱਚੇ ਨੇ ਦੋ ਆਪਾਂ ਹਾਂ, ਇਹ ਅਤਿਥੀ ਆਇਆ ਹੈ ਇਹਦਾ ਦੋਸ਼ ਕੀਹਨੂੰ ਲੱਗੇਗਾ, ਆਪਾਂ ਨੂੰ ਲੱਗੇਗਾ। ਬਈ ਮੈਂ ਇਹਦੇ ਧੂਣੇ ਵਿੱਚ ਗਿਰਦਾ ਹਾਂ, ਇਹ ਮੈਨੂੰ ਭੁੰਨ ਕੇ ਖਾ ਲਏਗਾ, ਉਹ ਕਹਿੰਦੀ ਤੂੰ ਨਾ ਗਿਰ। ਆਦਮੀ ਤੋਂ ਬਗੈਰ ਜਿਹੜੀ ਇਸਤ੍ਰੀ ਹੋ ਜਾਂਦੀ ਹੈ, ਉਹਨੂੰ ਕੋਈ ਮਾਣ ਨਹੀਂ ਮਿਲਦਾ, ਉਹਨੂੰ ਕੋਈ ਸਤਿਕਾਰ ਨਹੀਂ ਮਿਲਦਾ, ਉਹ ਕੁਛ ਵੀ ਨਹੀਂ ਕਰ ਸਕਦੀ। ਤੂੰ ਤਾਂ ਬੱਚਿਆਂ ਨੂੰ ਸਾਂਭ ਤੇ ਮੈਂ ਗਿਰਦੀ ਹਾਂ। ਉਹ ਕਹਿਣ ਲੱਗਿਆ ਦੇਖ, ਆਦਮੀ ਜਿਹੜਾ ਹੁੰਦਾ ਹੈ ਉਹ ਕਰਮਾਂ ਦਾ ਸ਼ੀਲ ਹੁੰਦਾ ਹੈ। ਬਾਹਰ ਉਹ ਸ਼ੇਰ ਹੈ, ਵੱਡੇ-ਵੱਡੇ ਔਖੇ ਕਰਮ ਕਰ ਲੈਂਦਾ ਹੈ ਪਰ ਘਰ ਵਿੱਚ ਆ ਕੇ ਤਾਂ ਰੋਟੀ ਵੀ ਨਹੀਂ ਲਾਹੁੰਣੀ ਆਉਂਦੀ ਉਹਨੂੰ। ਬੱਚਿਆਂ ਨੂੰ ਪਾਲਣਾ ਇਹ ਤਾਂ ਤੇਰਾ ਹੀ ਕੰਮ ਹੈ। ਤੂੰ ਰਹਿ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦੇ, ਕਬੂਤਰ ਨੇ ਛਾਲ ਮਾਰੀ। ਸ਼ਿਕਾਰੀ ਨੇ ਸ਼ੁਕਰ ਕੀਤਾ ਕਿ ਲੈ ਬਈ ਖਾਣ ਨੂੰ ਵੀ ਆ ਗਿਆ। ਕਬੂਤਰੀ ਨੇ ਵੀ ਮਾਰੀ ਤੇ ਉਹ ਵੀ ਉਹਨੇ ਭੁੰਨ ਕੇ ਖਾ ਲਈ। ਖਾਂਦੇ ਹੀ ਅੰਦਰ ਐਸਾ ਜਜ਼ਬਾ ਉਠਿਆ ਕਿ ਮਨਾਂ! ਮੈਂ ਮਨੁੱਖ, ਪਹਿਲਾਂ ਇਨ੍ਹਾਂ ਨੇ ਅੱਗ ਲਿਆਂਦੀ। ਫੇਰ ਆਪਣਾ ਆਲ੍ਹਣਾ ਹੀ ਤੋੜ ਕੇ ਸੁੱਟ ਦਿੱਤਾ ਮੇਰੇ ਸੁੱਖ ਦੇ ਵਾਸਤੇ, ਆਪਣੇ ਸਰੀਰ ਹੀ ਦੋਹਾਂ ਨੇ ਜਲਾ ਲਏ ਤੇ ਮੈਂ ਖਾ ਲਿਆ। ਧ੍ਰਿਗ ਹੈ ਮੈਨੂੰ, ਮੈਂ ਖਾ ਕੇ ਹਰਾਮ ਕਰਦਾ ਹੈ, ਵਾਹਿਗੁਰੂ ਦਾ ਮੈਂ ਭਜਨ ਨਹੀਂ ਕਰਦਾ, ਐਹੋ ਜਿਹੀਆਂ ਗੱਲਾਂ ਸੋਚਦਾ ਸੀ, ਉਸੇ ਵੇਲੇ ਬਵਾਨ ਆ ਗਏ। ਰੂਹਾਂ ਉਨ੍ਹਾਂ ਦੀਆਂ, ਦੋਹਾਂ ਕਬੂਤਰਾ ਦੀਆਂ, ਮਹਾਰਾਜ ਕਹਿੰਦੇ ਉਸੇ ਵੇਲੇ ਬਵਾਨਾਂ 'ਚ ਬੈਠ ਕੇ ਬੈਕੁੰਠ ਧਾਮ ਨੂੰ ਚਲੇ ਗਏ।

ਸੋ ਨਿੰਗਰਾ! ਸਾਧੂ ਬਣਨਾ ਹੈ ਤਾਂ ਉਹੋ ਜਿਹਾ ਬਣ, ਗ੍ਰਿਹਸਤੀ ਬਣਨਾ ਹੈ ਤਾਂ ਐਹੋ ਜਿਹਾ ਬਣ। ਹੁਣ ਦੇਖ ਕਿੰਨੇ ਸਿੰਘ ਆਏ ਹੋਏ ਨੇ ਸਾਡੇ ਕੋਲ। ਇਨ੍ਹਾਂ ਨੇ ਆਪਣੇ ਸਰੀਰ ਦਾਨ ਕੀਤੇ ਹੋਏ ਨੇ, ਆਪਣਾ ਕੋਈ ਹਿਤ ਨਹੀਂ, ਕੋਈ ਰਾਜ ਨਹੀਂ ਲੈਣਾ ਅਸੀਂ, ਅਸੀਂ ਕੋਈ ਜਾਇਦਾਦ ਨਹੀਂ ਬਣਾ ਰਹੇ। ਅਸੀਂ ਗਰੀਬ ਜਨਤਾ ਦੇ, ਜਿਨ੍ਹਾਂ ਨੂੰ ਦੁਖੀ ਕੀਤਾ ਜਾ ਰਿਹਾ ਹੈ, ਰਾਜ ਦੁਖੀ ਕਰਦਾ ਹੈ ਉਨ੍ਹਾਂ ਨੂੰ, ਕੋਈ ਵੀ personal ਆਜ਼ਾਦੀ ਨਹੀਂ ਉਨ੍ਹਾਂ ਨੂੰ। ਨਾ ਉਹ ਮਰਜ਼ੀ ਨਾਲ ਭਜਨ ਕਰ ਸਕਣ, ਨਾ ਉਹ ਕੋਈ ਸ਼ਿਵਾਲਾ, ਦਿਵਾਲਾ ਬਣਾ ਸਕਣ, ਮੰਦਰ ਬਣਾ ਸਕਣ, ਤੋੜ ਦਿੱਤੇ ਜਾਂਦੇ ਨੇ, ਉਨ੍ਹਾਂ ਦੀ ਰਾਖੀ ਵਾਸਤੇ, ਗਊ ਗਰੀਬ ਦੀ ਰਾਖੀ ਵਾਸਤੇ -

***ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥***

ਪਿਤਾ ਜੀ ਨੇ ਵੀ ਸਾਡੇ ਨੇ ਜੰਞੂ ਤੇ ਗਊ ਦੀ ਰਾਖੀ ਵਾਸਤੇ ਕਿੱਡੀ ਵੱਡੀ ਕੁਰਬਾਨੀ ਕਰ ਦਿਤੀ। ਇਹ ਦੇਖ ਕਿੰਨੇ ਆਏ ਬੈਠੇ ਨੇ ਇਨ੍ਹਾਂ ਨੇ ਆਪਣੇ ਸਰੀਰ ਦਾਨ ਵਿੱਚ ਦਿਤੇ ਹੋਏ ਨੇ ਕਿ ਜਿੱਥੇ ਜੀਅ ਕਰਦਾ ਹੈ ਲੇਖੇ ਵਿੱਚ ਲਾ ਲਓ। ਕਹਿੰਦਾ ਸੱਚੇ ਪਾਤਸ਼ਾਹ! ਫੇਰ ਤਾਂ ਮੈਂ ਗ੍ਰਿਹਸਤੀ

ਨਹੀਂ ਬਣਨਾ। ਮਹਾਰਾਜ ਨੇ ਉਸ ਦੇ ਮਾਂ-ਬਾਪ ਨੂੰ ਕਿਹਾ ਕਿ ਤੁਸੀਂ ਐਸ ਤਰ੍ਹਾਂ ਕਰੋ, ਇਹ ਤੁਹਾਡੇ ਨਹੀਂ ਹੈ ਫਿੱਟ, ਇਹ ਸਾਡੇ ਕੋਲ ਛੱਡ ਜਾਓ, ਤੁਹਾਨੂੰ ਅਸੀਂ ਇੱਕ ਪੁੱਤਰ ਹੋਰ ਦੇ ਦਿੰਦੇ ਹਾਂ, ਉਹਨੂੰ ਪਾਲੋ-ਪਲੋਸੋ ਉਹਨੂੰ ਤੁਸੀਂ ਜਿਹੋ ਜਿਹਾ ਚਾਹੁੰਦੇ ਓਂ, ਓਹੋ ਜਿਹਾ ਹੋ ਜਾਏਗਾ।

ਇਸ ਤਰ੍ਹਾਂ ਦੇ ਨਾਲ ਬਾਣੀ ਜਿਹੜੀ ਹੈ, ਬਾਣੀ ਨੂੰ ਵਿਚਾਰ ਕੇ, ਬਾਣੀ ਨਾਲ ਦਿਲ ਲਾ ਕੇ ਅਸੀਂ ਲੰਘ ਸਕਦੇ ਹਾਂ। ਹੌਲੀ-ਹੌਲੀ ਬਾਣੀ ਕਹਿੰਦੀ ਹੈ ਕਿ ਤੁਸੀਂ ਨਾਮ ਜਪੋ, ਗੁਰੂ ਵਾਲੇ ਬਣੋ ਬੰਦਗੀ ਕਰੋ। ਮਹਾਂਪੁਰਸ਼ਾਂ ਨੇ ਨਿਯਮ ਬਣਾ ਦਿੱਤਾ ਕਿ ਪਿਆਰਿਓ! ਤੁਸੀਂ ਕਿਰਤੀ ਬੰਦੇ ਓਂ, ਜੇ ਕੁਛ ਨਹੀਂ ਕਰ ਸਕਦੇ ਤਾਂ ਢਾਈ ਘੰਟੇ ਬੈਠ ਕੇ ਵਾਹਿਗੁਰੂ-ਵਾਹਿਗੁਰੂ, ਕਰੀ ਜਾਇਆ ਕਰੋ, ਨਹੀਂ ਤਾਂ ਸੰਤਾਂ ਤੋਂ ਪੁੱਛ ਲਓ ਉਹ ਦੱਸ ਦਿੰਦੇ ਨੇ ਕਿ ਤੂੰ ਕਿਹੜਾ ਜਾਪ ਕਰਨਾ ਹੈ, ਕਿਵੇਂ ਕਰਨਾ ਹੈ, ਕੀ ਤਰੀਕਾ ਹੈ। ਲਗਨ ਹੈਗੀ ਤਾਂ ਉਹ ਦੱਸ ਦਿੰਦੇ ਨੇ, ਉਹ ਕਰਨਾ ਸ਼ੁਰੂ ਕਰ ਲਓ। ਬਾਕੀ ਹੈ ਕਿ ਆਪਣਾ ਸਮਾਂ ਬਾਲ-ਬੱਚਿਆਂ ਵਿੱਚ ਵੀ ਦਿਓ, ਕਿਰਤ ਵਿੱਚ ਵੀ ਦਿਓ, 24 ਘੰਟੇ ਨੇ ਉਨ੍ਹਾਂ ਨੂੰ ਵੰਡ ਲਓ, ਦਸਵੰਧ ਵੀ ਕਮਾਈ ਦਾ ਕੱਢੋ, ਆਪਣਾ ਸਮਾਂ ਵੀ ਦੇਵੋ। ਇਸ ਤਰ੍ਹਾਂ ਅਸੀਂ ਕਰਦਿਆਂ ਹੋਇਆਂ ਅਸੀਂ ਹੌਲੀ-ਹੌਲੀ ਤਰੱਕੀ ਕਰਾਂਗੇ, ਤਰੱਕੀ ਕਰਦੇ-ਕਰਦੇ ਨਾਮ ਦੀਆਂ ਮੰਜ਼ਲਾਂ ਲੰਘ ਕੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ, ਜਿਹੜਾ ਸਾਡੇ ਅੰਦਰ ਸੰਸਾ ਪਿਆ ਹੋਇਆ ਹੈ, ਜਦੋਂ ਉਹ ਅਵਸਥਾ ਆਏਗੀ, ਉਦੋਂ ਉਹ ਸੰਸੇ ਨੂੰ ਪ੍ਰਤੱਖ ਰੂਪ ਵਿੱਚ ਦੂਰ ਕਰ ਦਿੰਦੇ ਸੀ। ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਸਾਡਾ ਸੰਸਾ ਉਤਰ ਗਿਆ ਭਾਈ ਕਿਉਂਕਿ ਜਦ ਅਸੀਂ ਦਰਸ਼ਨ ਕਰਿਆ ਜਲਵਾ ਦੇਖਿਆ ਹੈ ਰੱਬ ਦਾ। ਇਹ ਛੇਵੀਂ ਮੰਜ਼ਲ ਵਹਿਦੀਅਤ ਦੀ ਹੋਇਆ ਕਰਦੀ ਹੈ ਭਜਨ ਦੀ, ਜਿਹਨੂੰ ਜਲਵਾ ਦੇਖਣਾ ਕਹਿੰਦੇ ਨੇ ਤੇ ਹੈਰਾਨ ਹੁੰਦਾ ਹੈ, ਮੰਜ਼ਲ-ਏ-ਹੈਰਾਨ ਵੀ ਇਸਨੂੰ ਕਹਿੰਦੇ ਨੇ। ਵਿਸਮਾਦ ਦੀ ਮੰਜ਼ਲ ਵੀ ਕਹਿੰਦੇ ਨੇ। ਉਹ ਕਦ ਹੁੰਦਾ ਹੈ? ਜਦੋਂ ਅੰਦਰਲੇ ਪਾਸੇ ਪ੍ਰਗਟ ਹੁੰਦਾ ਹੈ, ਜਲਵਾ ਦੇਖਦਾ ਹੈ ਉਹਦਾ। ਵਾਹਿਗੁਰੂ ਦੇ ਦਰਸ਼ਨ ਕਰਦਾ ਹੈ, ਫੇਰ ਕੀ ਹੁੰਦਾ ਹੈ ਉਹ ਵਾਹਿਗੁਰੂ ਹਰ ਥਾਂ ਦੇ ਉਤੇ ਦਿਸਣ ਲਗ ਜਾਂਦਾ ਹੈ। ਕੋਈ ਬਾਹਰ ਰਹਿੰਦਾ ਹੀ ਨਹੀਂ ਉਹ ਆਪੇ ਹੀ ਦਿਸਦਾ ਹੈ ਕਿ ਆਪਣੇ ਆਪ ਹੀ ਹੈ, ਇਥੇ ਤਾਂ ਕੋਈ ਹੋਰ ਹੈ ਹੀ ਨਹੀਂ। ਉਸ ਵੇਲੇ ਜਦੋਂ ਪ੍ਰਤੱਖ ਦੇਖ ਲਿਆ, ਦਰਸ਼ਨ ਕਰ ਲਿਆ, ਫੇਰ ਕੀ ਹੋਇਆ ਕਰਦਾ ਹੈ, ਜਿਹੜੇ ਮਨ ਦੇ ਅੰਦਰ ਭਰਮ ਨੇ ਇਹ ਸਾਰੇ ਖਤਮ ਹੋ ਜਾਇਆ ਕਰਦੇ ਨੇ -

***ਧਾਰਨਾ - ਪਿਆਰੇ ਜੀ ਸੰਸਾ ਮੇਰਾ ਉਤਰ ਗਿਆ,***
***ਪਿਆਰੇ ਜਬ ਤੇ ਦਰਸ਼ਨ ਪਾਇਆ।***

ਇਸ ਤਰ੍ਹਾਂ ਮੈਂ ਜਿਹੜੀ ਪਹਿਲਾਂ ਬੇਨਤੀ ਕਰੀ ਸੀ -

***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥ ਅੰਗ-467***

ਇਸੇ ਜਨਮ 'ਚ ਜੇ ਤਾਂ ਅਸੀਂ ਕਰ ਲਿਆ ਇਹ ਕੰਮ, ਮੰਜ਼ਲ-ਏ-ਮਕਸੂਦ 'ਤੇ ਪਹੁੰਚ ਗਏ। ਸੱਤ ਮੰਜ਼ਲਾਂ ਹੁੰਦੀਆਂ ਨੇ, ਸਾਰੇ ਧਰਮਾਂ ਦੇ

ਅੰਦਰ, ਕਿਸੇ ਨੇ ਕੋਈ ਨਾਉਂ ਰੱਖਿਆ ਹੈ, ਕਿਸੇ ਨੇ ਕੋਈ ਰੱਖਿਆ ਹੈ। ਲੇਕਿਨ ਉਹ ਸਾਰੀਆਂ ਹੀ ਇੱਕ ਦੂਜੇ ਨਾਲ ਮਿਲਦੀਆਂ ਨਹੀਂ। ਬਾਬਾ ਫਰੀਦ ਨੂੰ 24 ਸਾਲ ਲੱਗੇ ਮੰਜ਼ਲ-ਏ-ਤਲਾਸ਼ ਦੇ ਵਿਚ, ਢੂੰਡ ਦੇ ਵਿੱਚ। ਜੰਗਲਾਂ ਦੇ ਵਿੱਚ ਢੂੰਡਦਾ ਸੀ। ਚੌਦਾਂ ਸਾਲ ਲੱਗੇ ਮੰਜ਼ਲ-ਏ-ਇਸ਼ਕ ਦੇ ਵਿੱਚ, ਉਹਨੇ ਪਿਆਰ ਕਰਿਆ ਆਪਣੇ ਮੁਰਸ਼ਦ ਨਾਲ, ਹੱਦ ਤੋਂ ਜ਼ਿਆਦਾ। ਪਿਆਰ ਤੋਂ ਬਿਨਾਂ ਗੱਲ ਨਹੀਂ ਚਲਦੀ, ਪਿਆਰ ਨੂੰ ਕਰਨ ਵਾਸਤੇ ਅਸੂਲ ਨੇ –

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***

***ਅੰਗ – 1412***

ਫੇਰ ਉਹ ਉਸੇ ਮੁਰਸ਼ਦ ਦੀ ਸੇਵਾ ਦੇ ਵਿੱਚ ਮੰਜ਼ਲ-ਏ-ਮਾਰਫਤ ਰੱਬ ਦਾ ਗਿਆਨ ਉਸਨੂੰ ਪ੍ਰਾਪਤ ਹੋਇਆ, ਲੇਕਿਨ ਅਜੇ ਰੱਬ ਦੀ ਪ੍ਰਾਪਤੀ ਨਹੀਂ ਹੋਈ। ਗਿਆਨ ਪ੍ਰਾਪਤ ਹੋਇਆ ਕਿ ਪ੍ਰਮੇਸ਼ਰ ਸਾਰੇ ਪਰੀਪੂਰਨ ਹੈ। ਇੱਕ ਨੂਰ ਹੀ ਹੈ ਸਾਰੇ –

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥***

***ਅੰਗ – 1350***

ਉਹੀ ਹੈ ਹਰ ਥਾਂ ਦੇ ਉਤੇ, ਇਹ ਮਾਰਫਤ ਦੇ ਵਿੱਚ ਜਾ ਕੇ ਸਮਝ 'ਚ ਆ ਗਈ ਗੱਲ। ਉਸ ਤੋਂ ਬਾਅਦ ਚੌਥੀ ਮੰਜ਼ਲ ਆ ਗਈ ਉਹਨੂੰ ਵਹਿਦੀਅਤ ਕਹਿੰਦੇ ਨੇ, ਲਿਵ ਲੱਗ ਜਾਣੀ, ਲਿਵਲੀਨ ਹੋ ਗਿਆ। ਪੰਜਵੀਂ ਮੰਜ਼ਲ ਆ ਗਈ, ਆਪਣਾ ਆਪ ਭੁੱਲਣ ਲੱਗ ਗਿਆ ਕਿ ਉਥੇ ਤਾਂ ਪ੍ਰਮੇਸ਼ਰ ਹੈ। ਛੇਵੀਂ ਮੰਜ਼ਲ ਆ ਗਈ, ਮੰਜ਼ਲ-ਏ-ਨੂਰ ਕਹਾਉਂਦੀ ਹੈ। ਵਿਸਮਾਦ ਕਹਾਉਂਦੀ ਹੈ, ਹੈਰਾਨ ਕਹਾਉਂਦੀ ਹੈ।

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥ ਅੰਗ – 1291***

ਜਿਹੜੀ ਸੱਤਵੀਂ ਮੰਜ਼ਲ ਹੈ ਉਹ ਆਪ ਨਹੀਂ ਆਇਆ ਕਰਦੀ, ਜੇ ਉਹਦੇ 'ਚ ਗੁਰੂ ਸਹਾਇਤਾ ਕਰੇ ਤਾਂ ਆਉਂਦੀ ਹੈ, ਨਹੀਂ ਤਾਂ ਨਹੀਂ ਆਇਆ ਕਰਦੀ। ਕਿਉਂਕਿ ਵਾਹਿਗੁਰੂ ਦਾ ਰੂਲ ਹੈ, ਉਹਨੇ ਗੁਰੂ ਤਾਂ ਹੀ ਬਣਾਇਆ ਕਿ ਆਖਰੀ ਮੰਜ਼ਲ 'ਤੇ ਤੈਨੂੰ ਮਦਦ ਕਰਨੀ ਪੈਣੀ ਹੈ।

ਜਦੋਂ ਬਾਬੇ ਫਰੀਦ ਨੇ ਆਪਣਾ ਡੇਲਾ ਕੱਢ ਕੇ ਅੱਗ ਲੈ ਆਂਦੀ, ਮੁਰਸ਼ਦ ਨੇ ਪਰਖ ਲਿਆ ਕਿ ਹੁਣ ਪੂਰਾ ਹੈ। ਉਸ ਵੇਲੇ ਜੱਫੀ 'ਚ ਲੈ ਕੇ 'ਹਮਾ-ਅਜ਼-ਔਸ਼ਤ' ਦੋ ਬਚਨ ਕਹੇ, ਕਪਾਟ ਖੁਲ੍ਹ ਗਏ ਉਸੇ ਵੇਲੇ ਬਾਬੇ ਫਰੀਦ ਦੇ। ਫਰੀਦ ਖਤਮ ਹੋ ਗਿਆ, ਸਰੀਰ ਕਾਇਮ ਹੈ ਲੇਕਿਨ ਫਰੀਦ ਕਾਇਮ ਨਹੀਂ ਹੈ। ਬਾਕੀ ਕੀ ਰਹਿ ਗਿਆ, ਅਸਲੀਅਤ ਰਹਿ ਗਈ। ਅਸਲੀਅਤ ਹੈ ਪ੍ਰਮੇਸ਼ਰ। ਪਦਵੀ ਕਿੱਡੀ ਪ੍ਰਾਪਤ ਕਰੀ, ਗੁਰੂ ਗ੍ਰੰਥ ਸਾਹਿਬ 'ਚ ਗੁਰੂ ਰੂਪ ਹੋ ਕੇ ਬੈਠੇ ਨੇ। ਕਿਉਂਕਿ ਸਤਿਗੁਰ ਦੀ ਬਾਣੀ ਹੈ ਸੋ ਇਸ

ਤਰ੍ਹਾਂ ਇਹ ਜਿਹੜੀ ਮੰਜ਼ਲ ਹੈ ਇੱਕ ਤਾਂ ਯੋਗ ਭ੍ਰਿਸ਼ਟਾਂ ਦੀ ਹੈ, ਉਹਦੇ ਵਿੱਚ ਅਸੀਂ ਲੋਕ ਚੱਲ ਰਹੇ ਹਾਂ। ਪਤਾ ਕਿਸੇ ਚੀਜ਼ ਦਾ ਲੱਗਿਆ ਨਹੀਂ ਹੈ, ਟੋਹਾਂ ਲੱਗ ਗਈਆਂ, ਲੇਕਿਨ ਮੰਜ਼ਲ ਨਹੀਂ ਮਿਲੀ। ਉਹਦਾ ਫਿਕਰ ਹੈ ਕਿ ਕੀ ਹੋਏਗਾ? ਮੁੜ ਕੇ ਫੇਰ ਜਨਮ ਹੋਏਗਾ, ਕਿਹੋ ਜਿਹੇ ਘਰ 'ਚ ਪੈਦਾ ਹੋ ਜਾਈਏ, ਕਿਹੋ ਜਿਹੇ ਹਾਲਾਤ ਹੋਣ, ਐਸ ਜਨਮ ਦੇ ਵਿੱਚ ਹੀ ਪੰਜਾਹ ਥਾਉਂ 'ਤੇ ਗਿਰੇ ਹਾਂ, ਤਿਲਕ-ਤਿਲਕ ਗਿਰਦੇ ਹਾਂ। ਅਗਲੇ ਦੇ ਵਿੱਚ ਕੀ ਹੋਏਗਾ। ਕੁਸੰਗੀਆਂ ਦਾ ਘਰ ਲੱਭ ਗਿਆ, ਸ਼ਰਾਬ ਕਬਾਬ 'ਚ ਪਹਿਲਾਂ ਹੀ ਉਹਨੇ ਪ੍ਰਵਿਰਤ ਕਰਾ ਦਿੱਤਾ ਤੇ ਸੰਤਾਂ ਦੇ ਨੇੜੇ ਜਾਣ ਹੀ ਨਾ ਦਿੱਤਾ ਫੇਰ ਕੀ ਹੋਏਗਾ? ਉਹ ਜਨਮ ਐਸੇ ਆ ਤਾਂ ਜਾਂਦੇ ਨੇ ਫਲ ਵੀ ਭੋਗਦਾ ਹੈ, ਲੇਕਿਨ ਭਜਨ ਕਰਿਆ ਹੋਇਆ ਨਹੀਂ ਕਿਤੇ ਵੀ ਜਾਂਦਾ, ਉਹ ਫੇਰ ਖਿੱਚ ਲੈਂਦਾ ਹੈ। ਕਸ਼ਿਸ਼ ਹੈ ਭਜਨ ਦੀ, ਸਮੇਂ ਨਾਲ ਖਿੱਚ ਲਈ। ਉਹ ਫੇਰ ਮੁੜ ਕੇ ਉਹਦੇ ਸਾਰੇ ਹੀ ਪਾਪ, ਸਾਰੀਆਂ ਹੀ ਗਲਤੀਆਂ ਮਾਫ ਹੋ ਜਾਂਦੀਆਂ ਨੇ, ਪਰ ਲੰਘਣ ਵਾਲਾ ਫੇਰ ਪੁਆਇੰਟ ਉਵੇਂ ਜਿਵੇਂ ਰਹਿ ਜਾਂਦਾ ਹੈ। ਕੋਲ ਜਾ ਕੇ ਖੜ੍ਹ ਜਾਂਦਾ ਹੈ ਰੱਬ ਦੇ ਉਪਦੇਸ਼ ਦੇ। ਵਿਵੇਕ ਮੰਡਲ 'ਚ ਬਿਰਤੀ ਜਾਂਦੀ ਹੈ। ਇੱਕ ਪਾਸੇ ਪ੍ਰਮੇਸ਼ਰ ਹੁੰਦਾ ਹੈ, ਇੱਕ ਪਾਸੇ ਇਹ ਖੜ੍ਹਾ ਹੈ, ਇਹਦੀ ਹੋਂਦ ਨਹੀਂ ਮਿਟਦੀ, ਮਿਟਾਉਂਦਾ ਨਹੀਂ ਹੈ, ਕਿਉਂਕਿ ਇਹ ਚੱਕਰਾਂ 'ਚ ਪੈ ਜਾਂਦਾ ਹੈ। ਸੰਤ ਤਾਂ ਪੈ ਜਾਂਦੇ ਨੇ ਡੇਰਿਆਂ ਦੇ ਚੱਕਰਾਂ 'ਚ ਕਿ ਪੈਸਾ ਆਵੇ, ਪੈਸਾ ਆਵੇ, ਐਸ ਤਰ੍ਹਾਂ ਪੈਸਾ ਆਏਗਾ, ਐਸ ਤਰ੍ਹਾਂ ਆਏਗਾ। ਫੇਲ੍ਹ ਹੋ ਗਏ ਸਾਰੇ। ਜਿਹੜਾ ਹੈਗਾ ਇਕੱਲਾ ਹੀ ਗੁਫਾ 'ਚ ਰਹਿੰਦਾ ਹੈ। ਉਹ ਸੰਗਤ ਨਹੀਂ ਮਿਲਦੀ, ਗਿਆਨ ਨਹੀਂ ਵਧਦਾ, ਉਹ ਉਥੇ ਹੀ ਉਹਦੇ 'ਚ ਰਿਧੀਆਂ-ਸਿੱਧੀਆਂ ਐਨੀਆਂ ਆ ਜਾਂਦੀਆਂ ਨੇ, ਓਹੀ ਨਹੀਂ ਉਹਨੂੰ ਟਿਕਣ ਦਿੰਦੀਆਂ। ਇਹ ਤਾਂ ਕੋਈ ਤੱਤ ਬੇਤਾ ਮਹਾਂਪੁਰਸ਼ ਕੋਈ ਪੂਰਾ ਮਿਲ ਜਾਏ। ਅਰ ਉਹਦੇ ਨਾਲ 100% ਪਿਆਰ ਹੋਵੇ। ਉਹਨੂੰ ਛੱਡ ਕੇ ਹੋਰ ਕਿਸੇ ਨਾਲ ਪਿਆਰ ਨਾ ਹੋਵੇ –

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***

***ਅੰਗ – 657***

ਨਹੀਂ ਤਾਂ ਪ੍ਰਗਟ ਹੁੰਦਾ ਹੀ ਨਹੀਂ ਹੈ, ਸੰਤ ਤੇ ਰਾਮ ਦੇ ਵਿੱਚ ਕੋਈ ਭੇਦ ਨਹੀਂ ਹੈ। ਸੰਤ ਨੂੰ ਮਨਾ ਲਿਆ, ਰੱਬ ਮੰਨ ਗਿਆ। ਸੰਤ ਹੀ ਨਹੀਂ ਮੰਨਿਆ, ਰੱਬ ਚੁੱਪ ਕਰਿਆ ਖੜ੍ਹਾ ਹੈ, ਰੱਬ ਤਾਂ ਕੋਲ ਹੈ ਸਭ ਦੇ, ਹਰੇਕ ਦੇ ਕੋਲ ਹੈ। ਪ੍ਰਗਟ ਕਿਉਂ ਨਹੀਂ ਹੁੰਦਾ, ਕਿਉਂਕਿ ਚਾਬੀ ਨਹੀਂ ਲੱਗੀ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ***
***ਵਿਚਿ ਹਉਮੈ ਭੀਤਿ ਕਰਾਰੀ ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥***

***ਅੰਗ – 1263***

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

***ਅੰਗ – 205***

ਸਤਿਗੁਰੂ ਦੀ ਸ਼ਰਨ ਗਿਆ ਨਹੀਂ ਹੈ। ਸ਼ੰਕਿਆਂ ਦਾ ਹਿਸਾਬ-ਕਿਤਾਬ ਹੀ ਨਹੀਂ ਇਹਦੇ ਅੰਦਰ। ਗੁਰੂ ਘਰ ਦੇ ਸੰਤ ਉੱਚੀ ਕਹਿ ਨਹੀਂ ਸਕਦੇ। ਹੌਲੀ ਵੀ ਨਹੀਂ ਕਹਿੰਦੇ, ਉਹ ਚੁੱਪ ਨੇ, ਕਿਸੇ ਜੀਵ ਦਾ ਭਾਗ ਹੁੰਦਾ ਹੈ, ਉਹ ਇਸ ਚੁੱਪ ਦੇ ਵਿਚੋਂ ਗੱਲ ਕੱਢ ਲੈਂਦਾ ਹੈ ਨਹੀਂ ਤਾਂ ਨਿਕਲਦੀ ਨਹੀਂ ਹੈ। ਸੰਤ ਆਉਂਦੇ ਨੇ, ਪੂਰੇ ਹੋ ਜਾਂਦੇ ਨੇ, ਤੁਰ ਜਾਂਦੇ ਨੇ, ਅਗਾਹਾਂ ਵਾਲਿਆਂ ਨੂੰ ਲਾਭ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਦੇ ਸੰਸੇ ਦੂਰ ਨਹੀਂ ਹੁੰਦੇ। ਉਹ ਕਿੰਨਿਆਂ ਥਾਵਾਂ 'ਤੇ ਫਸੇ ਰਹਿੰਦੇ ਨੇ, ਨਹੀਂ ਹੁੰਦੇ clear; ਐਡੇ ਸੰਸਕਾਰ ਜੜ ਜਾਂਦੇ ਨੇ ਬਚਪਨ ਤੋਂ ਉਹ ਪਾਰ ਨਹੀਂ ਹੋ ਸਕਦੇ। ਇਸ ਤਰ੍ਹਾਂ ਵਾਹਿਗੁਰੂ ਹੀ ਕ੍ਰਿਪਾ ਕਰੇ, ਸਾਧਸੰਗਤ ਜੀ! ਤੁਸੀਂ ਸਾਰੇ ਤੁਰੇ ਹੋਏ ਓਂ ਇਸ ਮਾਰਗ 'ਤੇ, ਮੈਂ ਤਾਂ ਬਚਨ ਕਰਿਆ ਹੈ ਇਹ। ਤੁਰੋ ਅੱਗੇ, ਇਸੇ ਜਨਮ 'ਚ ਸਿੰਞਣ ਦਾ ਯਤਨ ਕਰੋ। ਇਹ ਕੋਈ ਨਹੀਂ ਹੈ ਕਿ ਇਹ ਗ੍ਰਿਹਸਤੀ ਹੈ, ਇਹ ਸੰਤ ਹੈ, ਇਹ ਘਰ-ਬਾਰੀ ਹੈ, ਘਰ-ਬਾਰੀ ਹੀ ਲੰਘ ਜਾਂਦੇ ਨੇ, ਪਤਾ ਹੀ ਨਹੀਂ ਰਹਿੰਦਾ। ਕਬੀਰ ਸਾਹਿਬ ਕੀ ਸੀਗੇ। ਗ੍ਰਿਹਸਤੀ ਸੀ ਪੂਰੇ। ਡੇਢ ਕਰੋੜ ਬੰਦੇ ਨੂੰ ਪਾਰ ਲੰਘਾਇਆ ਉਨ੍ਹਾਂ ਨੇ। 150 ਸਾਲ ਦੇ ਕਰੀਬ ਉਨ੍ਹਾਂ ਦੀ ਉਮਰ ਹੋਈ ਹੈ। ਇਸ ਤਰ੍ਹਾਂ ਗੱਲ ਨੂੰ ਫੜਨ ਦਾ ਯਤਨ ਕਰੋ। ਹੁਣ ਸਾਰੇ ਪ੍ਰੇਮੀ ਗੁਰ ਸਤੋਤਰ, ਅਨੰਦ ਸਾਹਿਬ 'ਚ ਬੋਲੋ।

(-------)

# ਗੁਰੂ ਅਰਜਨ ਦੇਵ ਜੀ ਤੇ ਭਾਈ ਬਹਿਲੋ

ਸ਼ਾਨ......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਕਰਿ ਕਿਰਪਾ ਸਤਸੰਗਿ ਮਿਲਾਵਹੁ,*
*ਤੁਮ ਦੇਵਹੁ ਅਪਨੋ ਨਾਉ ਜੀ।*

*ਹਰਿ ਕੇ ਦਰਸਨ ਕੋ ਮਨਿ ਚਾਉ ॥*
*ਕਰਿ ਕਿਰਪਾ ਸਤਸੰਗਿ ਮਿਲਾਵਹੁ*
*ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥*
*ਕਰਉ ਸੇਵਾ ਸਤ ਪੁਰਖ ਪਿਆਰੇ*
*ਜਤ ਸੁਨੀਐ ਤਤ ਮਨਿ ਰਹਸਾਉ ॥*
*ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥ 1 ॥*
*ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥*
*ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ ॥*

*ਅੰਗ - 1120*

ਸਾਧਸੰਗਤਿ ਜੀ ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ, ਕਾਰਜ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਅਰਦਾਸ ਹੈ ਕਿ ਹੇ ਪ੍ਰਭੂ! ਇਸ ਕਲਜੁਗ ਦੇ ਅੰਦਰ ਜੀਵ ਦੇ ਵਾਸਤੇ ਕੋਈ ਵੀ ਸਾਧਨ ਨਹੀਂ ਹੈ। ਨਾ ਕੋਈ ਜਪ, ਫਲੀਭੂਤ ਹੁੰਦਾ ਹੈ, ਨਾ ਤਪ ਫਲੀਭੂਤ ਹੁੰਦਾ ਹੈ, ਨਾ ਦਾਨ, ਨਾ ਕੋਈ ਕਰਮ, ਤੇ ਇਸ ਯੁੱਗ ਦੇ ਅੰਦਰ ਬਹੁਤ ਵੱਡਾ ਮਹਾਤਮ ਮਹਾਰਾਜ ਨੇ ਸਤਿਸੰਗ ਦਾ ਦੱਸਿਆ ਹੈ। ਲੇਕਿਨ ਇਹ ਮਿਲਦੀ ਨਹੀਂ ਹੈ -

*ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥*

*ਅੰਗ - 95*

ਸੰਗਤ ਮਿਲ ਜਾਵੇ, ਸੰਗਤ ਦਾ ਅਸਰ ਆਦਮੀ ਦੇ ਮਨ 'ਤੇ ਪੈਂਦਾ ਹੈ। ਸੋਝੀ ਆਉਂਦੀ ਹੈ। ਨਾਮ ਦੀ ਮਹਿਮਾ ਦਾ ਪਤਾ ਲਗਦਾ ਹੈ, ਫੇਰ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਸਤਿਸੰਗ ਮਿਲਾ ਤੇ ਆਪਣਾ ਨਾਮ ਦੇ। ਕਿਉਂਕਿ ਤੇਰਾ ਨਾਮ ਮੈਂ ਇਸ ਕਰਕੇ ਮੰਗਦਾ ਹਾਂ ਕਿ ਮੇਰੇ ਮਨ ਵਿੱਚ ਤੇਰੇ ਦਰਸ਼ਨ ਦਾ ਚਾਉ ਜਾਗਿਆ ਹੋਇਆ ਹੈ ਤੇ ਮੈਂ ਸੇਵਾ ਕਰਾਂ ਸਤਿਪੁਰਖਾਂ ਦੀ। *'ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ*

*ਤਤ ਮਨਿ ਰਹਸਾਉ॥'* ਮੇਰਾ ਮਨ ਖਿੜ ਜਾਂਦਾ ਹੈ ਜਿਸ ਵਕਤ ਤੇਰਾ ਕੋਈ ਬਚਨ ਮੈਂ ਸੁਣਦਾ ਹਾਂ। ਮੈਂ ਘੋਲ ਘੁਮਾਈ ਜਾਵਾਂ ਉਨ੍ਹਾਂ ਗੁਰਮੁਖ ਪਿਆਰਿਆਂ ਤੋਂ, ਉਸ ਸਤਿਸੰਗ ਤੋਂ ਜੋ ਉਪਮਾ ਰਹਿਤ ਥਾਉਂ ਹੈ। '*ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥* ਸਾਰਿਆਂ ਦੇ ਉਤੇ ਤੇਰਾ ਹੱਥ ਹੈ, ਤੂੰ ਸਾਰਿਆਂ ਨੂੰ ਸੰਭਾਲਦਾ ਹੈਂ। ਸਾਰਿਆਂ ਦੀ ਪ੍ਰਤਿਪਾਲ ਕਰਦਾ ਹੈਂ। ਹੇ ਪ੍ਰਭੂ! ਮੈਨੂੰ ਹਰੇਕ ਘਟ ਦੇ ਵਿੱਚ ਦੇਖਣ ਦੀ ਸ਼ਕਤੀ ਦੇ। ਅਰਦਾਸ ਹੈ ਇਹ ਇੱਕ, ਸਮਾਂ ਲੰਘਿਆ ਜਾਂਦਾ ਹੈ ਸਾਧਸੰਗਤ ਜੀ।

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥***

***ਅੰਗ - 692***

ਜੋ ਲੰਘ ਗਿਆ ਉਹ ਮੁੜ ਕੇ ਹੱਥ 'ਚ ਨਹੀਂ ਆਉਣਾ। ਚੰਗੇ ਕਰਮਾਂ ਦੇ ਵੀ ਨਿਸ਼ਾਨ ਪਏ ਰਹਿਣੇ ਨੇ, ਮਾੜੇ ਕਰਮਾਂ ਦੇ ਵੀ ਨਿਸ਼ਾਨ ਪਏ ਰਹਿਣੇ ਨੇ। ਦੇਖ-ਦੇਖ ਜੀਵ ਸ਼ਰਮਿੰਦਾ ਹੁੰਦਾ ਹੈ। ਅੱਗੇ ਵਾਸਤੇ ਕੋਈ ਤਾਂਘ ਨਹੀਂ ਮਨ ਦੇ ਅੰਦਰ, ਕੋਈ ਚਾਉ ਨਹੀਂ ਜਾਗਦਾ ਕਿ ਮੈਂ ਛੇਤੀ ਤੋਂ ਛੇਤੀ ਆਪਣਾ ਜੋ ਮਕਸਦ ਹੈ ਉਸਨੂੰ ਪੂਰਾ ਕਰਾਂ। ਮਹਾਰਾਜ ਕਹਿੰਦੇ, ਪ੍ਰੇਮੀਆਂ! ਤੂੰ ਚੀਜ਼ ਬਣਾਉਂਦਾ ਹੈਂ ਉਹਦੀ ਮਿਆਦ ਹੈ। ਗਰੰਟੀ ਦਿੰਦੇ ਨੇ ਕਿ ਇੱਕ ਸਾਲ ਦੀ ਗਰੰਟੀ ਸਾਡੀ ਰਹੀ, ਬੈਟਰੀ ਬਣਾਉਣ ਵਾਲਾ ਕਹਿੰਦਾ ਹੈ। ਟਰੈਕਟਰ ਦਿੰਦਾ ਹੈ ਤਾਂ ਗਾਰੰਟੀ ਦਿੰਦਾ ਹੈ ਕਿ ਜੇ ਛੇ ਮਹੀਨੇ ਤੱਕ ਖਰਾਬ ਹੋ ਜਾਏ ਤਾਂ ਮੈਂ ਬਦਲ ਦੇਵਾਂਗਾ। ਸਭ ਚੀਜ਼ਾਂ ਦੀ ਗਰੰਟੀ ਹੈ, ਜੇ ਨਹੀਂ ਗਰੰਟੀ ਕੋਈ ਤਾਂ ਉਹ ਤੇਰੀ ਨਹੀਂ ਹੈ। ਲੰਘ ਜਾਣ ਤਾਂ ਸੈਂਕੜੇ ਸਾਲ ਲੰਘ ਜਾਣ ਨਾ ਲੰਘੇ ਤਾਂ ਘੜੀ ਵੀ ਨਹੀਂ ਲੰਘਦੀ, ਪਲ ਵੀ ਨਹੀਂ ਲੰਘਦਾ। ਕਿਉਂਕਿ ਇਹ ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਲਗ ਜਾਣਾ ਹੈ -

***ਧਾਰਨਾ - ਪੈ ਜਾਊ ਅਚਿੰਤਾ ਜਾਲ ਇੱਕ ਦਿਨ ਪੈ ਜਾਣਾ,***
***ਪੈ ਜਾਊ ਅਚਿੰਤਾ ਚਾਲ ਇਕ ਦਿਨ ਪੈ ਜਾਣਾ।***

***ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥***
***ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥***
***ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ 1 ॥***
***ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ 1 ॥ ਰਹਾਉ ॥***
***ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥***
***ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥***
***ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ ਅੰਗ - 55***

***ਧਾਰਨਾ - ਤੇਰੇ ਕਾਲ ਨੇ ਗੁਲੇਲਾ ਮਾਰਨੈ, ਚੋਗਾ ਚੁਗਦੇ ਦੇ।***

***ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥***
***ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥***

***ਅੰਗ - 631***

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*

***ਅੰਗ – 254***

ਐਸਾ ਅਚਨਚੇਤ ਆਦਮੀ ਦਾ ਜੀਵਨ ਹੈ। ਕੋਈ ਪਤਾ ਨਹੀਂ ਕਿੰਨਾਂ ਕੁ ਸਮਾਂ ਇਸ ਸਰੀਰ ਦੇ ਅੰਦਰ ਲੰਘਣਾ ਹੈ, ਕਿੰਨਾ ਕੁ ਨਹੀਂ ਲੰਘਣਾ, ਕੁਛ ਨਹੀਂ ਪਤਾ। ਜਦੋਂ ਐਨਾ ਪਤਾ ਨਹੀਂ ਹੈ, ਫੇਰ ਫਿਕਰ ਕਰਨਾ ਚਾਹੀਦਾ ਹੈ ਕਿ ਮੈਂ ਸੰਸਾਰ ਦੇ ਅੰਦਰ ਕੀ ਕਰਨ ਵਾਸਤੇ ਆਇਆ ਹਾਂ। ਅਸੀਂ ਸਾਰੇ ਹੀ ਜਾਣਦੇ ਹਾਂ ਰੋਜ਼ ਅਸੀਂ ਜਾਣਦੇ ਹਾਂ ਕਿ –

***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ – 12***

ਵਾਰੀ ਆ ਗਈ ਤੇਰੀ ਪ੍ਰਭੂ ਨੂੰ ਮਿਲਣ ਦੀ। ਲੇਕਿਨ ਵਾਰੀ ਦਾ ਕੋਈ ਤਰੀਕਾ ਵੀ ਹੈ? ਇਹ ਤਾਂ ਠੀਕ ਹੈ, ਅਸੀਂ ਮੰਨ ਲਿਆ ਕਿ ਵਾਰੀ ਆ ਗਈ ਮਿਲਣ ਦੀ। ਕਾਲ ਦਾ ਵੀ ਕੋਈ ਪਤਾ ਨਹੀਂ, ਪਰ ਇਹ ਯਾਦ ਨਹੀਂ ਰਿਹਾ ਕਰਦਾ। ਐਸਾ ਹੀ ਪ੍ਰਮੇਸ਼ਰ ਨੇ ਕੁਛ ਆਪਣਾ ਕੌਤਕ ਵਰਤਾਇਆ ਹੋਇਆ ਹੈ ਮਾਇਆ ਪਾਈ ਹੋਈ ਹੈ। ਕੋਲੋਂ ਬੰਦੇ ਤੁਰੇ ਜਾਂਦੇ ਨੇ ਲੇਕਿਨ ਇਹ ਕਹਿੰਦਾ ਹੈ ਕਿ ਮੈਂ ਨਹੀਂ ਜਾਣਾ, ਇਹੀ ਜਾਂਦੇ ਨੇ। ਅਰ ਇਹ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਸੰਸਾਰ ਤੋਂ ਚਲੇ ਜਾਣਾ ਹੈ। ਵੱਡੇ-ਵੱਡੇ ਯਤਨ ਕਰੇ ਨੇ ਪਰ ਇੱਥੇ ਸੰਸਾਰ 'ਤੇ ਕੋਈ ਰਹਿ ਨਹੀਂ ਸਕਦਾ। ਵੇਦ ਵਿਆਸ ਜੀ ਜਿਨ੍ਹਾਂ ਨੂੰ ਕਾਰਕ ਦਸਦੇ ਨੇ। ਕਾਰਕ ਉਹ ਹੁੰਦਾ ਹੈ ਜੋ ਆਪਣੀ ਮਰਜ਼ੀ ਦੇ ਨਾਲ ਸੰਸਾਰ 'ਤੇ ਆ ਕੇ, ਕਿਸੇ ਇੱਛਿਆ ਦੇ ਮੁਤਾਬਿਕ ਮੁੜ-ਮੁੜ ਆਉਂਦਾ ਹੈ। ਉਸਨੂੰ ਜੋ ਪਰਮਪਦ ਦੀ ਅਵਸਥਾ ਹੈ, ਭਾਵੇਂ ਉਹ ਮਾਨਣ ਦਾ ਹੱਕਦਾਰ ਹੁੰਦਾ ਹੈ ਪਰ ਫੁਰਨੇ ਕਰਕੇ ਮਾਣ ਨਹੀਂ ਸਕਦਾ, ਉਹਨੂੰ ਬਾਰ-ਬਾਰ ਸੰਸਾਰ 'ਤੇ ਆਉਣਾ ਪੈਂਦਾ ਹੈ। ਇਹ ਬਾਰ-ਬਾਰ ਆਉਂਦੇ ਨੇ ਸੰਸਾਰ 'ਤੇ, ਆਉਂਦੇ ਮਰਜ਼ੀ ਨਾਲ ਨੇ, ਜਾਂਦੇ ਮਰਜ਼ੀ ਨਾਲ ਨੇ। ਪਰ ਆਉਣਾ ਪੈਂਦਾ ਹੈ, ਇਹਨੂੰ ਕਾਰਕ ਕਹਿੰਦੇ ਨੇ।

ਕ੍ਰਿਸ਼ਨ ਮਹਾਰਾਜ ਵੀ ਕਹਿੰਦੇ ਨੇ ਕਿ ਜਦੋਂ ਸੰਸਾਰ 'ਤੇ ਬੋਝ ਆਉਂਦਾ ਹੈ, ਫੇਰ ਮੈਨੂੰ ਸੰਸਾਰ 'ਤੇ ਆਉਣਾ ਪੈਂਦਾ ਹੈ। ਇਸੇ ਤਰ੍ਹਾਂ ਦੇ ਨਾਲ ਆਪ ਦੇ ਪਾਸ ਇੱਕ ਐਸਾ ਨੌਕਰ ਸੀ, ਇਨ੍ਹਾਂ ਦੇ ਦਿਲ ਵਿੱਚ ਗੱਲ ਹੁੰਦੀ, ਉਸੇ ਵੇਲੇ ਉਹ ਕਰ ਦਿੰਦਾ ਸੀ। ਬੜੇ ਪ੍ਰਸੰਨ ਸੀ ਕਿ ਕਦੇ ਮੂੰਹ ਤੋਂ ਕਹਿਣਾ ਨਹੀਂ ਪਿਆ ਤੇ ਗੱਲ ਹੋ ਜਾਂਦੀ ਹੈ, ਕਿਉਂ ਨਾ ਮੈਂ ਇਸਨੂੰ ਵੀ ਕਾਰਕ ਦੀ ਪਦਵੀ ਦਿਵਾ ਦੇਵਾਂ ਤੇ ਇਸਦੀ ਮੌਤ ਰੋਕ ਦੇਵਾਂ। ਇਸ ਗੱਲ ਨੂੰ ਪੂਰਾ ਕਰਨ ਵਾਸਤੇ ਆਪ ਨੇ ਬ੍ਰਹਮਾ ਦਾ ਅਵਾਹਨ ਕਰਿਆ, ਬ੍ਰਹਮਾ ਜੀ ਪ੍ਰਗਟ ਹੋਏ ਕਹਿਣ ਲੱਗੇ ਕਿਸ ਵਾਸਤੇ ਸਾਨੂੰ ਯਾਦ ਕਰਿਆ? ਕਹਿੰਦੇ ਮਹਾਰਾਜ ਤੁਸੀਂ ਸਾਰੀ ਸ੍ਰਿਸ਼ਟੀ ਦੇ ਬਣਾਉਣ ਵਾਲੇ ਓਂ ਤੇ ਇੱਕ ਬੇਨਤੀ ਹੈ, ਉਹ ਇਹ ਹੈ ਕਿ ਮੇਰੇ ਨੌਕਰ ਨੂੰ ਓਨੀਂ ਉਮਰ ਦੇ ਦਿਓ ਜਿੰਨੀ ਉਮਰ ਹੈ। ਇੱਕ ਕਾਰਕ ਦੀ ਉਮਰ ਚਾਰ ਅਰਬ 32 ਕਰੋੜ ਸਾਲ ਦੀ

ਹੁੰਦੀ ਹੈ। ਐਨੀ ਉਮਰ ਇਹਨੂੰ ਦੇਣਾ। ਉਹ ਕਹਿਣ ਲੱਗੇ, ਦੇਖੋ, ਉਮਰ ਦੇਣੀ ਮੇਰੇ ਅਖਤਿਆਰ 'ਚ ਨਹੀਂ ਹੈ। ਪੈਦਾ ਕਰਦਾ ਹਾਂ ਮੈਂ, ਬਣਾਉਂਦਾ ਹਾਂ ਲੇਕਿਨ ਉਮਰ ਦੇਣੀ, ਕਿਸਮਤ ਦੇਣੀ ਇਹ ਮੇਰੇ ਹੱਥ ਦੀਆਂ ਚੀਜ਼ਾਂ ਨਹੀਂ ਹਨ। ਕਾਲ ਦਾ ਦੇਵਤਾ ਜੋ ਹੈ –

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***

***ਅੰਗ – 7***

ਜੋ ਕਾਲ ਕਰਦਾ ਹੈ, ਸੰਸਾਰ ਨੂੰ ਲੈਅ ਕਰਦਾ ਹੈ, ਉਨ੍ਹਾਂ ਨੂੰ ਸ਼ਿਵਜੀ ਆਖਦੇ ਨੇ ਤੇ ਉਨ੍ਹਾਂ ਦੇ ਪਾਸ ਚਲਦੇ ਹਾਂ। ਉਥੇ ਚਲੇ ਜਾਂਦੇ ਨੇ ਦੋਵੇਂ ਜਣੇ ਇਕੱਠੇ ਹੋ ਕੇ। ਨਾਲ ਨੌਕਰ ਹੈ। ਉਥੇ ਵੀ ਇਹੀ ਬੇਨਤੀ ਕਰੀ, ਕਹਿਣ ਲੱਗੇ ਕਿ ਮੈਂ ਤਾਂ ਕਾਲ ਓਨੀਂ ਦੇਰ ਤੱਕ ਨਹੀਂ ਕਰਦਾ ਜਿੰਨਾ ਚਿਰ ਤੱਕ ਇਹਦਾ ਸਮਾਂ ਨਹੀਂ ਮੁੱਕ ਜਾਂਦਾ। ਧਰਮਰਾਜ ਕੋਲ ਚਲੋ ਕਿਉਂਕਿ ਓਹੀ ਮੌਤ ਨੂੰ ਹੁਕਮ ਦਿੰਦਾ ਹੈ। ਧਰਮਰਾਜ ਕੋਲ ਚਲੇ ਜਾਂਦੇ ਨੇ ਇਕੱਠੇ ਹੋ ਕੇ ਸਾਰੇ ਹੀ। ਉਹ ਕਹਿਣ ਲੱਗੇ, ਮਹਾਰਾਜ! ਮੈਂ ਤਾਂ ਨਹੀਂ ਮਾਰਦਾ, ਇਹ ਤਾਂ ਮੌਤ ਮਾਰਦੀ ਹੈ। ਜੋ ਮੌਤ ਦਾ ਦੇਵਤਾ ਹੈ ਉਹ ਮਾਰਦਾ ਹੈ। ਉਹਦੇ ਪਾਸ ਚਲੇ ਜਾਂਦੇ ਨੇ। ਉਹ ਕਹਿੰਦੀ ਕਿ ਮੈਂ ਤਾਂ ਨਹੀਂ ਮਾਰਦੀ। ਮੈਨੂੰ ਤਾਂ ਪਰਚਾ ਮਿਲਦਾ ਹੈ, ਵਰੰਟ ਮਿਲਦੇ ਨੇ ਉਹ ਚਿਤ੍ਰਗੁਪਤ ਲਿਖ ਕੇ ਦਿੰਦੇ ਨੇ। ਜਦੋਂ ਸਮਾਂ ਕਿਸੇ ਦਾ ਪੂਰਾ ਹੋ ਜਾਂਦਾ ਹੈ ਉਹ ਲਿਖ ਦਿੰਦੇ ਨੇ ਤੇ ਫੇਰ ਅਸੀਂ ਆਪਣੇ ਐਕਸ਼ਨ 'ਚ ਆ ਜਾਂਦੇ ਹਾਂ। ਕਿਉਂ ਨਾ ਚਿਤ੍ਰਗੁਪਤਾਂ ਕੋਲ ਜਾਇਆ ਜਾਵੇ, ਉਥੇ ਰਜਿਸਟਰ ਦੇ ਵਿਚ ਹੀ entry ਕਰਾ ਦਿਤੀ ਜਾਵੇ ਕਿ ਇਹਦੀ ਉਮਰ ਕਾਰਕ ਦੀ ਹੋਵੇਗੀ। ਚਿਤ੍ਰਗੁਪਤ ਦੇ ਪਾਸ ਜਦੋਂ ਸਾਰੇ ਇਕੱਠੇ ਹੋ ਕੇ ਜਾਂਦੇ ਨੇ ਤਾਂ ਕਹਿਣ ਲੱਗੇ ਕਿ ਆਹ ਕੰਮ ਕਰਨਾ ਹੈ, ਉਹ ਕਹਿਣ ਲੱਗੇ, ਠੀਕ ਹੈ ਮਹਾਰਾਜ! ਰਜਿਸਟਰ ਲਿਆਉਂਦਾ ਹੈ, ਉਸ ਰੂਹ ਦਾ ਨਾਂ ਕੱਢਦਾ ਹੈ ਤੇ ਐਨੇ ਨੂੰ ਜਿਹੜਾ ਨੌਕਰ ਹੈ ਥੋੜ੍ਹਾ ਪਾਸੇ ਹਟ ਜਾਂਦਾ ਹੈ। ਉਸ ਵੇਲੇ ਉਹਨੇ ਕੱਢਿਆ ਕਹਿਣ ਲੱਗੇ ਮਹਾਰਾਜ! ਇਹ ਤਿੰਨ ਚੀਜ਼ਾਂ ਹੁੰਦੀਆਂ ਨੇ ਇੱਕ ਤਾਂ ਜਿੰਨੀ ਦੇਰ ਤੱਕ ਸਮਾਂ ਨਹੀਂ ਆਉਂਦਾ, ਇੱਕ ਥਾਂ ਨਹੀਂ ਆਉਂਦਾ, ਇੱਕ ਕਾਰਨ ਨਹੀਂ ਬਣਦਾ, ਓਨੀਂ ਦੇਰ ਤੱਕ ਮੌਤ ਨਹੀਂ ਆਇਆ ਕਰਦੀ। ਇਹ ਤਿੰਨ ਸੰਜੋਗ ਇਕੱਠੇ ਰਲਣ ਤਾਂ ਆਦਮੀ ਮਰਿਆ ਕਰਦਾ ਹੈ, ਇੱਕ ਉਹ ਸਮਾਂ ਆ ਜਾਵੇ, ਇਕ ਉਹ ਥਾਂ ਆ ਜਾਵੇ, ਇੱਕ ਉਹ ਕਾਰਨ ਆ ਜਾਵੇ। ਕਹਿਣ ਲੱਗੇ, ਆਹ ਦੇਖੋ, ਮੇਰੇ ਰਜਿਸਟਰ 'ਚ ਲਿਖਿਆ ਹੋਇਆ ਹੈ। ਜਦ ਇਸ ਰੂਹ ਨੂੰ ਵਿਆਸ ਜੀ ਬ੍ਰਹਮਾ, ਸ਼ਿਵ ਜੀ, ਧਰਮਰਾਜ ਤੇ ਕਾਲ ਦੇ ਦੇਵਤੇ ਲੈ ਕੇ ਚਿਤ੍ਰਗੁਪਤ ਦੇ ਪਾਸ ਆਉਣਗੇ ਉਸ ਵੇਲੇ ਇਹਦੀ ਮੌਤ ਹੋ ਜਾਏਗੀ। ਕਹਿੰਦੇ, ਇਹਦੀ ਤਾਂ ਮੌਤ ਦਾ ਕਾਰਨ ਹੀ ਇਹ ਸੀ, ਆਹੀ ਥਾਂ ਸੀ, ਆਹੀ ਸਮਾਂ। ਉਹ ਕਹਿੰਦੇ ਉਹ ਤਾਂ ਸਾਡੇ ਨਾਲ ਹੈ, ਜਦੋਂ ਪਤਾ ਕਰਿਆ ਤਾਂ ਕਹਿੰਦੇ ਜੀ ਉਹ ਤਾਂ ਬਾਹਰ ਮਰੇ ਪਏ ਨੇ।

ਕਾਲ ਨਹੀਂ ਟਲਦਾ ਕਿਸੇ ਦੇ ਸਿਰ ਤੋਂ। ਦੂਸਰਾ ਇਹ ਹੈ ਕਿ

ਇਹਦਾ ਪਤਾ ਕੋਈ ਨਹੀਂ ਹੈ, ਆਦਮੀ ਆਰਾਮ ਨਾਲ ਜਾਂਦਾ ਹੈ, ਕਾਲ ਆ ਜਾਂਦਾ ਹੈ, ਸਭ ਕੁਛ ਮਨ ਵਿਚ ਰਹਿ ਜਾਂਦਾ ਹੈ। ਕੁਛ ਵੀ ਨਹੀਂ ਕਰ ਸਕਦਾ। ਇਹ ਸਾਨੂੰ ਬੜਾ ਭਾਰਾ ਧੋਖਾ ਹੁੰਦਾ ਹੈ। ਜਾਣਾ ਹੈ ਅਸੀਂ ਸੰਸਾਰ ਤੋਂ ਆਪਣਾ ਸਮਾਂ ਜਿਹੜਾ ਅਸੀਂ ਬਰਬਾਦ ਕਰਦੇ ਹਾਂ, ਉਸ ਸੋਚਾਂ 'ਚ ਲੰਘ ਜਾਂਦਾ ਹੈ ਕਿ ਮੈਂ ਆ ਕਰ ਲਵਾਂ, ਔਹ ਕਰ ਲਵਾਂ, ਮੇਰਾ ਔਹ ਹੋ ਜਾਵੇ। ਹੁੰਦਾ ਤਾਂ ਓਹੀ ਹੈ ਜੋ ਵਾਹਿਗੁਰੂ ਨੇ ਕਰਨਾ ਹੈ। ਹੁਕਮ ਦੀ ਖੇਡ ਸਾਰੇ ਸੰਸਾਰ 'ਤੇ ਚੱਲ ਰਹੀ ਹੈ। ਇੱਕ ਉਹ ਨੇ ਜਿਹੜੇ ਹੁਕਮ ਨੂੰ ਬੁੱਝ ਜਾਂਦੇ ਨੇ, ਇੱਕ ਉਹ ਨੇ ਜਿਹੜੇ ਹੁਕਮ ਨੂੰ ਬੁੱਝਦੇ ਨਹੀਂ ਹਨ, ਤੇ ਹਰ ਵਕਤ ਚਿੰਤਾ 'ਚ ਰਹਿੰਦੇ ਨੇ। ਉਨ੍ਹਾਂ ਦੀ ਚਿੰਤਾ ਕੋਈ ਗੱਲ ਨਹੀਂ ਸਾਰ ਸਕਦੀ, ਗੱਲ ਓਹੀ ਹੁੰਦੀ ਹੈ, ਜੋ ਹੋਣੀ ਹੁੰਦੀ ਹੈ। ਇਸ ਕਰਕੇ ਉਹ ਸਮਾਂ ਜਿਹੜਾ ਸਾਡਾ ਨਸ਼ਟ ਹੁੰਦਾ ਹੈ ਉਹਨੂੰ ਛੱਡ ਕੇ ਅਸੀਂ ਜਿਸ ਕੰਮ ਨੂੰ ਕਰਨ ਵਾਸਤੇ ਆਏ ਹਾਂ, ਪ੍ਰਭੂ ਪ੍ਰਾਪਤੀ ਵਾਸਤੇ ਉਹ ਸਾਨੂੰ ਕਰਨਾ ਚਾਹੀਦਾ ਹੈ। ਪ੍ਰਭੂ ਪ੍ਰਾਪਤੀ ਵਾਸਤੇ ਗੁਰੂ ਦੀ ਲੋੜ ਹੈ, ਜਦੋਂ ਅਸੀਂ ਗੁਰੂ ਨੂੰ ਮਿਲਦੇ ਹਾਂ ਉਸ ਵੇਲੇ ਦੋ ਚੀਜ਼ਾਂ ਸੇਵਾ ਤੇ ਸਿਮਰਨ ਦੀ ਲੋੜ ਹੈ। ਇਹ ਦੋ ਫੰਘ ਨੇ ਜਿਹਦੇ ਨਾਲ ਰੂਹਾਨੀਅਤ ਦਾ ਸਫਰ ਤਹਿ ਹੋਇਆ ਕਰਦਾ ਹੈ, ਇਕੱਲਾ ਸਿਮਰਨ ਕਰਦਾ ਹੈ, ਸੇਵਾ ਨਹੀਂ ਕਰਦਾ, ਉਹਨੂੰ ਵੀ ਬੜੀ ਦੇਰ ਲਗਦੀ ਹੈ, ਇਕੱਲੀ ਸੇਵਾ ਕਰਦਾ ਹੈ, ਸਿਮਰਨ ਨਹੀਂ ਕਰਦਾ ਉਹਨੂੰ ਵੀ ਬਹੁਤ ਦੇਰ ਲਗਦੀ ਹੈ। ਦੋਵੇਂ ਚੀਜ਼ਾਂ ਲਾਜ਼ਮੀ ਨੇ। ਜਦੋਂ ਅਸੀਂ ਦੋਵੇਂ ਚੀਜ਼ਾਂ ਕਰਦੇ ਹਾਂ। ਉਸ ਵੇਲੇ ਗੁਰੂ ਦੇ ਦਰ 'ਤੇ ਪ੍ਰਸੰਨਤਾ ਪ੍ਰਾਪਤ ਹੁੰਦੀ ਹੈ। ਗੁਰੂ ਖੁਸ਼ ਹੋ ਗਿਆ ਪ੍ਰਮੇਸ਼ਰ ਖੁਸ਼ ਹੋ ਗਿਆ। ਮਹਾਰਾਜ ਇਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪਿਆਰੇ ਜੀ, ਗੁਰਾਂ ਦੇ ਦਰ ਮਾਣ ਪਾਵੇਂਗਾ,***
***ਸੇਵਾ ਕਰ ਲੈ ਨਿਮਾਣਾ ਹੋ ਕੇ।***

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਿਟਾਵੇ। ਇਹ ਪੰਜ ਚੀਜ਼ਾਂ ਨੇ ਜੋ ਬੰਦੇ ਨੂੰ ਬਹੁਤ ਦੁਖੀ ਕਰਦੀਆਂ ਨੇ। ਜੇ ਤਾਂ ਇਹ ਸਾਧੀਆਂ ਜਾਣ ਫੇਰ ਤਾਂ ਇਹ ਮਿਤ੍ਰ ਬਣ ਜਾਂਦੀਆਂ ਨੇ। ਜੇ ਆਪਣੇ ਸਰੂਪ ਦੇ ਵਿਚ ਰਹਿਣ ਤਾਂ ਇਹ ਕਿਸੇ ਪਾਸੇ ਨਹੀਂ ਜਾਣ ਦਿੰਦੀਆਂ। ਜਦੋਂ ਸਾਧੀਆਂ ਜਾਂਦੀਆਂ ਨੇ, ਠਾਕੀਆਂ ਜਾਂਦੀਆਂ ਨੇ; ਕਿਉਂਕਿ ਇਨ੍ਹਾਂ ਦੇ ਵਿੱਚ ਬਲ ਬਹੁਤ ਹੈ, ਬਲ ਬਹੁਤ ਹੋ ਕੇ ਫੇਰ ਇਹ ਚੰਗੇ ਕੰਮ ਦੇ ਵਾਸਤੇ ਓਨੀਂਓਂ ਸ਼ਕਤੀ ਦਿੰਦੀਆਂ ਨੇ। ਜਦੋਂ ਇਹ ਅਵਾਰਾ ਹੁੰਦੀਆਂ ਨੇ ਫੇਰ ਇਹ ਆਦਮੀ ਨੂੰ ਪਤਨ ਵਿੱਚ ਲੈ ਜਾਂਦੀਆਂ ਨੇ। ਕਾਮ ਹੈ - ਜਦੋਂ ਸਾਧਿਆ ਜਾਂਦਾ ਹੈ ਉਸ ਵੇਲੇ ਰੁਚੀ ਬਣ ਜਾਂਦੀ ਹੈ ਪ੍ਰਮੇਸ਼ਰ ਦੇ ਮਿਲਣ ਦੀ। ਹਰ ਵਕਤ ਪ੍ਰਭੂ ਦੀ ਯਾਦ, ਉਹਦਾ ਸਪਰਸ਼ ਮਹਿਸੂਸ ਹੁੰਦਾ ਹੈ। ਝੁਣ-ਝੁਣੀਆਂ ਆਉਂਦੀਆਂ ਨੇ ਨਾਮ ਜਪਣ ਵਾਲਿਆਂ ਨੂੰ ਕਿਉਂਕਿ ਉਹ ਸਾਧਿਆ ਗਿਆ। ਬੁਰਾ ਰੂਪ ਉਹਦਾ ਸਹੀ ਰੂਪ ਬਣ ਗਿਆ। ਕ੍ਰੋਧ ਹੈ, ਮਾੜਾ ਰੂਪ ਹੈ ਤਾਂ ਮਹਾਰਾਜ ਕਹਿੰਦੇ ਉਹਦੇ ਨੇੜੇ ਨਾ ਲੱਗੋ।

***ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥***
***ਅੰਗ - 40***

ਉਹਦੇ ਨੇੜੇ ਨਾ ਜਾਓ, ਹੱਥ ਨਾ ਲਾਓ, ਉਸਨੂੰ ਕਿਉਂਕਿ ਭਿੱਟੇ ਜਾਵਾਂਗੇ। ਜਦੋਂ ਇਹੀ ਕ੍ਰੋਧ ਸਾਧਿਆ ਜਾਂਦਾ ਹੈ, ਫੇਰ ਇਹ ਮਨ ਨੂੰ ਗਲਤ ਪਾਸੇ ਚੱਲਣ ਨਹੀਂ ਦਿੰਦਾ। ਨਰਾਜ਼ੀ ਕਰਦਾ ਹੈ ਮਨ ਨਾਲ, ਰੁਚੀਆਂ ਨਾਲ ਕਿ ਇਹ ਕੰਮ ਗਲਤ ਹੋ ਗਿਆ ਤੁਹਾਨੂੰ ਸਜ਼ਾ ਮਿਲੇਗੀ, ਆਪਣੇ ਆਪ ਨੂੰ ਸਜ਼ਾ ਦਿੰਦਾ ਹੈ। 'ਮੋਹ' ਹੈ ਮੋਹ ਦੀ ਥਾਂ ਦੇ ਉਤੇ, ਜਦੋਂ ਮੋਹ ਵਸ ਹੈ, ਉਸ ਵੇਲੇ ਬਾਰ-ਬਾਰ ਜੰਮਦਾ ਹੈ, ਬੱਚਿਆਂ ਦਾ ਮੋਹ ਹੈ, ਪੈਸੇ ਦਾ ਮੋਹ ਹੈ, ਜਾਇਦਾਦ ਦਾ ਮੋਹ ਹੈ, ਉਨ੍ਹਾਂ ਵਿੱਚ ਸੁਰਤੀ ਰਹਿ ਜਾਂਦੀ ਹੈ, ਮਰਨ ਵੇਲੇ; ਮਰਨ ਵੇਲੇ ਜਿਸ ਚੀਜ਼ ਵਿੱਚ ਵੀ ਸੁਰਤੀ ਰਹਿ ਗਈ ਇਹਨੂੰ ਬਾਰ-ਬਾਰ ਜਨਮ ਲੈਣਾ ਪਵੇਗਾ। ਘਰ ਵਿੱਚ ਰਹਿ ਗਈ ਸੁਰਤੀ ਉਸੇ ਪਰਿਵਾਰ ਵਿੱਚ ਬਾਰ-ਬਾਰ ਮਰ-ਮਰ ਕੇ ਜੰਮੇਗਾ। ਪੈਸੇ 'ਚ ਰਹਿ ਗਈ, ਸੱਪ ਬਣੇਗਾ। ਕੋਠੀਆਂ ਵਗੈਰਾ 'ਚ ਰਹਿ ਗਈ, ਭੂਤ ਬਣ ਜਾਏਗਾ। ਕਿੱਡਾ ਦੁੱਖ ਦਿੰਦਾ ਹੈ, ਪ੍ਰਮੇਸ਼ਰ ਦਾ ਨਾਮ ਨਹੀਂ ਜਪਣ ਦਿੱਤਾ ਤੇ ਮਰਨ ਤੋਂ ਬਾਅਦ ਵੀ ਸਾਨੂੰ ਕਿੱਥੇ ਲੈ ਗਿਆ। ਜਦੋਂ ਇਹ ਮੋਹ ਪਲਟ ਕੇ ਪ੍ਰੇਮ ਬਣ ਜਾਂਦਾ ਹੈ, ਫੇਰ ਇਹ ਵਾਹਿਗੁਰੂ ਨੂੰ ਮਿਲਾ ਦੇਣ ਦੀ ਸਮਰੱਥਾ ਰਖਦਾ ਹੈ। ਜਦੋਂ ਮੋਹ ਬਣਦਾ ਹੈ, ਫੇਰ ਵਾਹਿਗੁਰੂ ਨੂੰ ਨੇੜੇ-ਤੇੜੇ ਨਹੀਂ ਰਹਿਣ ਦਿੰਦਾ। ਜੀਵ ਨੂੰ ਭਟਕਾਉਂਦਾ ਹੈ। ਜਦੋਂ ਸਾਧਿਆ ਜਾਂਦਾ ਹੈ, ਇਹ ਫੇਰ ਪ੍ਰੇਮ ਬਣ ਜਾਂਦਾ ਹੈ। ਇਸੇ ਤਰ੍ਹਾਂ ਅਹੰਕਾਰ ਹੈ, ਜਦੋਂ ਇਹ ਦੇਹ ਹੰਗਤਾ ਬਣਦੀ ਹੈ, ਉਸ ਵੇਲੇ ਆਦਮੀ ਅਗਿਆਨੀ ਹੋ ਕੇ, ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ, ਇਹਨੂੰ ਹਉਮੈ ਕਹਿੰਦੇ ਨੇ, ਜਦੋਂ ਇਹ ਅਹੰਭਾਵ ਖਤਮ ਹੋ ਕੇ ਬ੍ਰਹਮ ਹੰਗਤਾ 'ਚ ਆਉਂਦਾ ਹੈ, ਤੇ ਆਪਣੇ ਆਪ ਨੂੰ ਮਿਟਾ ਕੇ ਸਭ ਤਰ੍ਹਾਂ ਦੇ ਉਤੇ ਪ੍ਰਮੇਸ਼ਰ ਨੂੰ ਹੀ ਦੇਖਦਾ ਹੈ। ਬ੍ਰਹਮਹੰਗਤਾ ਧਾਰਨ ਕਰਦਾ ਹੈ, ਉਸ ਵੇਲੇ ਫੇਰ ਇਹ ਪ੍ਰਮੇਸ਼ਰ ਦਾ ਸਰੂਪ ਬਣ ਜਾਂਦਾ ਹੈ। ਇਧਰਲੇ ਪਾਸੇ ਜੰਮ-ਜੰਮ ਮਰਦਾ ਹੈ ਤੇ ਉਧਰਲੇ ਪਾਸੇ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ, ਮਹਾਰਾਜ ਕਹਿੰਦੇ ਇਨ੍ਹਾਂ ਨੂੰ ਛੱਡ ਦਿਓ।

***ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥***
***ਅੰਗ - 377***

ਇਹ ਜਿਹੜੀ ਖੋਟੀ ਮਤ ਪੈਦਾ ਕੀਤੀ ਹੈ ਆਪਣੇ ਆਪ ਹੀ ਕਹਿੰਦੇ ਇਹਨੂੰ ਵੀ ਛੱਡੋ। ਕਰੋ ਕੀ ਫੇਰ? -

***ਹੋਇ ਨਿਮਾਣੀ ਸੇਵ ਕਮਾਵਹਿ***
***ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥*** ***ਅੰਗ - 377***

ਮਾਣ ਤੋਂ ਰਹਿਤ ਹੋ ਕੇ ਸੇਵਾ ਕਰੇ ਤਾਂ ਵਾਹਿਗੁਰੂ ਦੇ ਮਨ ਦੇ ਉਤੇ, ਗੁਰੂ ਦੇ ਮਨ ਦੇ ਵਿੱਚ ਪਿਆਰ ਪਾਏਗੀ, ਮਾਣ ਪਾਏਗੀ।

***ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥*** ***ਅੰਗ - 377***

ਕਹਿੰਦੇ ਸੁਣੋ! ਸੰਤਾਂ ਦਾ ਬਚਨ ਹੈ ਇਹ ਉਧਾਰ ਕਰ ਦਿੰਦਾ ਹੈ।

***ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥***
***ਅੰਗ - 377***

ਤੇ ਸੁੱਖਾਂ ਨੂੰ ਪ੍ਰਾਪਤ ਕਰਕੇ ਤੂੰ ਸੁੱਖ ਦੀ ਪ੍ਰਾਪਤੀ ਦੁੱਖ ਵੀ ਮਿਟ ਜਾਏਗਾ, ਭੁੱਖ ਵੀ ਮਿਟ ਜਾਏਗੀ, ਸਹਸੇ ਵੀ ਮਿਟ ਜਾਣਗੇ। ਸੁੱਖ ਦੀ ਪ੍ਰਾਪਤੀ ਸੇਵਾ ਕਰਨ ਦੇ ਨਾਲ ਤੇ ਸੰਤਾਂ ਦੇ ਬਚਨ ਧਾਰਨ ਕਰਨ ਨਾਲ ਪ੍ਰਾਪਤੀ ਹੁੰਦੀ ਹੈ।

***ਚਰਣ ਪਖਾਰਿ ਕਰਉ ਗੁਰ ਸੇਵਾ***
***ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥ ਅੰਗ - 377***

ਚਰਨ ਧੋ ਕੇ ਗੁਰਾਂ ਦੀ ਸੇਵਾ ਕਰੋ, ਵਿਹੁ ਇਕੱਠੀ ਕਰਦਾ ਹੈ ਇਹਦੀ ਜਿਹੜੀ ਪਿਆਸ ਲੱਗੀ ਹੋਈ ਹੈ ਇਹ ਸਾਰੀ ਖਤਮ ਹੋ ਜਾਇਆ ਕਰਦੀ ਹੈ -

***ਦਾਸਨ ਕੀ ਹੋਇ ਦਾਸਿ ਦਾਸਰੀ***
***ਤਾ ਪਾਵਹਿ ਸੋਭਾ ਹਰਿ ਦੁਆਰੀ ॥ ਅੰਗ - 377***

ਆਹ ਬੜੀ ਔਖੀ ਗੱਲ ਹੈ, ਬਹੁਤ ਔਖੀ ਹੈ, ਕਿ ਜਿਹੜੇ ਵਾਹਿਗੁਰੂ ਦੇ ਦਾਸ ਨੇ ਉਨ੍ਹਾਂ ਦੇ ਅੱਗੋਂ ਦਾਸ ਨੇ ਉਨ੍ਹਾਂ ਦਾ ਵੀ ਅੱਗੇ ਦਾਸ ਬਣ। ਆਹ ਤਾਂ ਗੱਲ ਸਾਡੇ ਤੋਂ ਮੰਨੀ ਨਹੀਂ ਜਾਂਦੀ। ਅਸੀਂ ਕਹਿੰਦੇ ਹਾਂ ਮੈਂ ਫੇਰ ਕਿੱਥੇ ਚਲਿਆ ਗਿਆ। ਜੇ ਮੈਂ ਤਾਂ ਕੁਛ ਵੀ ਨਾ ਰਿਹਾ ਜੇ ਐਨਾ ਛੋਟਾ ਹੋ ਗਿਆ। ਲੇਕਿਨ ਮਹਾਰਾਜ ਕਹਿੰਦੇ ਨਾ, ਤੂੰ ਆਹ ਗੱਲ ਬਣਾ, ਤਾਂ ਤੈਨੂੰ ਵਾਹਿਗੁਰੂ ਦੇ ਦਰ 'ਤੇ ਸੋਭਾ ਪ੍ਰਾਪਤ ਹੋਏਗੀ। ਜੇ ਐਨੀ ਨਿਮਰਤਾ 'ਚ ਨਹੀਂ ਆਉਂਦਾ, ਫੇਰ ਨਹੀਂ ਆਉਂਦਾ, ਜੇ ਅਭਿਮਾਨ ਹੈ ਤੇਰੇ ਮਨ ਵਿਚ ਫੇਰ ਨਹੀਂ ਮਿਲਣਾ।

***ਇਹੀ ਅਚਾਰ ਇਹੀ ਬਿਉਹਾਰਾ ਆਗਿਆ***
***ਮਾਨਿ ਭਗਤਿ ਹੋਇ ਤੁਮ੍ਾਰੀ ॥ ਅੰਗ - 377***

ਆਗਿਆ ਮੰਨ ਵਾਹਿਗੁਰੂ ਦੀ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੋ ਹੁਕਮ ਆਉਂਦੇ ਨੇ ਇਨ੍ਹਾਂ ਦੀ ਆਗਿਆ ਮੰਨ।

***ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥***
***ਅੰਗ - 377***

ਮਹਾਰਾਜ ਕਹਿੰਦੇ ਆਹ ਜਿਹੜਾ ਅਸੀਂ ਬਚਨ ਕਿਹਾ ਹੈ ਨਾ ਜਿਹੜਾ ਵੀ ਇਸਨੂੰ ਕਮਾ ਲਏਗਾ ਉਹ ਭਵਜਲ ਪਾਰ ਕਰ ਜਾਏਗਾ। ਮਹਾਰਾਜ ਨੇ ਵਾਹਿਗੁਰੂ ਨੂੰ ਮਿਲਣ ਤੱਕ ਦਾ ਰਸਤਾ ਸਾਰਾ ਹੀ ਇੱਕ ਸ਼ਬਦ ਵਿੱਚ ਦਸ ਦਿੱਤਾ। ਕੋਈ ਔਖਾ ਨਹੀਂ, ਕੋਈ ਗੁੰਝਲ ਨਹੀਂ ਹੈ, ਇਹਦੇ ਵਿੱਚ, ਸਿਰਫ ਕਮਾਈ ਕਰਨੀ ਹੈ। ਲੇਕਿਨ ਇਸ ਰਸਤੇ ਦੇ ਉਤੇ ਭਾਗਾਂ ਵਾਲੇ ਪੈ ਸਕਦੇ ਨੇ, ਸੇਵਾ ਵੀ ਜਿਹੜੀ ਹੈ, ਗੁਰੂ ਘਰ ਦੀ, ਮਹਾਰਾਜ ਦੀ ਸੇਵਾ ਬੇਅੰਤ ਕਿਸਮ ਦੀ ਹੈ, ਕੀਰਤਨ ਕਰਨਾ, ਹੋਰ ਅਨੇਕਾਂ ਕਿਸਮ ਦੀ ਸੇਵਾ ਹਰ ਰੋਜ਼ ਹੀ ਆਪ ਸੁਣਦੇ ਓਂ। ਉਹ ਸੇਵਾ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦੀ। ਭਾਗ ਹੋਣ, ਐਸਾ ਫੁਰਮਾਨ ਹੈ, ਗੁਰੂ ਮਹਾਰਾਜ ਦਾ ਕਿ ਧੱਕੇ ਵਾਲੇ ਨੂੰ ਨਹੀਂ ਮਿਲਦੀ। ਪਹਿਲਾਂ ਅਰਦਾਸਾਂ ਕਰੇ, ਹੇ ਵਾਹਿਗੁਰੂ! ਮੈਨੂੰ ਤੂੰ ਸੇਵਾ ਦਾਨ ਦੇ, ਮੈਂ ਸੇਵਾ ਕਰਾਂ, ਪ੍ਰਸੰਨ ਹੋਵੇ ਕਿਸੇ ਕਰਮ ਤੋਂ ਪ੍ਰਮੇਸ਼ਰ,

ਫੇਰ ਸੇਵਾ ਬਖਸ਼ ਦਿਆ ਕਰਦਾ ਹੈ, ਐਸਾ ਮਹਾਰਾਜ ਦੇ ਅੰਦਰ ਫੁਰਮਾਨ ਆਉਂਦਾ ਹੈ -

***ਧਾਰਨਾ - ਭਾਗਾਂ ਵਾਲਿਆਂ ਨੂੰ ਮਿਲਦੀ ਸੇਵਾ ਸਾਧੂਆਂ ਦੀ।***

***ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥***

***ਅੰਗ - 255***

ਜਿਹਦੇ ਉਤੇ ਗੁਰੂ ਪ੍ਰਸੰਨ ਹੋ ਜਾਵੇ, ਕਹਿੰਦੇ ਉਹਨੂੰ ਸੇਵਾ ਦਾ ਦਾਨ ਮਿਲ ਜਾਇਆ ਕਰਦਾ ਹੈ। ਉਹ ਸੰਗਤਾਂ ਦੀ ਸੇਵਾ ਕਰਦਾ ਹੈ, ਚਾਉ ਨਾਲ ਕਰਦਾ ਹੈ -

***ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥***

***ਅੰਗ - 255***

ਜਦੋਂ ਵਾਹਿਗੁਰੂ ਦਇਆਲ ਹੋ ਜਾਂਦਾ ਹੈ ਫੇਰ ਉਹ ਸੰਤਾਂ ਦੀ ਸੰਗਤ ਵਿੱਚ, ਗੁਰਸਿਖਾਂ ਦੀ ਸੰਗਤ ਵਿੱਚ ਉਸਦਾ ਵਾਸਾ ਹੋ ਜਾਇਆ ਕਰਦਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਮਹਾਰਾਜ, ਆਪ ਨੇ ਸੇਵਾ ਦਾ ਕੁੰਭ ਰਚਿਆ। ਅੰਮ੍ਰਿਤਸਰ ਸਾਹਿਬ ਦੇ ਸਰੋਵਰ ਦੇ ਵਿਚੋਂ ਗਾਰ ਕੱਢੀ ਜਾ ਰਹੀ ਹੈ। ਬੇਅੰਤ ਸੰਗਤਾਂ ਆਉਂਦੀਆਂ ਨੇ, ਸੇਵਾ ਕਰਦੀਆਂ ਨੇ। ਇੱਕ ਬੀਬੀ ਜਿਸਨੂੰ ਮਹਾਰਾਜ ਨੇ ਐਸੀ ਕ੍ਰਿਪਾ ਕਰੀ ਹੋਈ ਸੀ, ਕਿ ਉਸਨੂੰ ਅਨੁਭਵ ਪ੍ਰਾਪਤ ਸੀ। ਉਸਨੂੰ ਵੀ ਪਤਾ ਲੱਗਿਆ, ਕਾਬੁਲ ਦੇ ਰਹਿਣ ਵਾਲੀ ਸੀ ਕਿ ਸੇਵਾ ਦਾ ਕੁੰਭ ਲੱਗਿਆ ਹੋਇਆ ਹੈ, ਕਿਉਂ ਨਾ ਮੈਂ ਜਾ ਕੇ ਸੇਵਾ ਕਰਾਂ ਤਾਂ ਉਸ ਨੇ ਆਪਣੇ ਪਤੀ ਨੂੰ ਬੇਨਤੀ ਕਰੀ ਕਿ ਮਹਾਰਾਜ ਗੁਰੂ ਮਹਾਰਾਜ ਜੀ ਨੇ ਸੇਵਾ ਦਾ ਕੁੰਭ ਲਾਇਆ ਹੋਇਆ ਹੈ, ਬੇਅੰਤ ਸੰਗਤਾਂ ਜਾਂਦੀਆਂ ਨੇ, ਤੇ ਆਪ ਦੀ ਆਗਿਆ ਹੋਵੇ, ਤਾਂ ਮੈਂ ਵੀ ਸੇਵਾ ਕਰ ਆਇਆ ਕਰਾਂ ਕਿਉਂਕਿ ਸੇਵਾ ਤੋਂ ਬਗੈਰ ਹੱਥ 'ਤੇ ਪੈਰ ਦੋਵੇਂ ਧਿਰਕਾਰਯੋਗ ਦੱਸੇ ਨੇ।

***ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।***

***ਭਾਈ ਗੁਰਦਾਸ ਜੀ, ਵਾਰ 27/10***

ਕੰਨਾਂ ਦੀ ਸੇਵਾ ਹੋ ਜਾਂਦੀ ਹੈ, ਬਾਣੀ ਸੁਣਦੇ ਹਾਂ ਅਸੀਂ ਕੰਨਾਂ ਦੇ ਰਾਹੀਂ। ਜ਼ੁਬਾਨ ਰਾਹੀਂ ਸੇਵਾ ਹੋ ਜਾਂਦੀ ਹੈ, ਜਦੋਂ ਅਸੀਂ ਬਾਣੀ ਉਚਾਰਦੇ ਹਾਂ, ਗੁਰਮੰਤ੍ਰ ਉਚਾਰਦੇ ਹਾਂ। ਲੇਕਿਨ ਸਰੀਰ ਦੀ ਸੇਵਾ ਤਾਂ ਰਹਿ ਗਈ ਬਾਕੀ, ਜਿੰਨਾਂ ਚਿਰ ਸਰੀਰ ਸੇਵਾ 'ਚ ਨਹੀਂ ਲਗਦਾ, ਹੱਥ ਪੈਰ ਲਗਦੇ ਨਹੀਂ ਹਨ, ਓਨੀਂ ਦੇਰ ਤੱਕ ਇਹ ਹਿੱਸਾ ਸਫਲ ਨਹੀਂ ਹੁੰਦਾ, ਅਧੂਰਾ ਰਹਿ ਜਾਂਦਾ ਹੈ ਤੇ ਜੇ ਆਪ ਆਗਿਆ ਦੇਵੋਂ ਤਾਂ ਮੈਂ ਸੇਵਾ ਕਰ ਆਇਆ ਕਰਾਂ। ਉਹ ਕਹਿਣ ਲੱਗੇ, ਬੜੀ ਖੁਸ਼ੀ ਦੇ ਨਾਲ ਆਪ ਜਾਓ, ਪ੍ਰਸੰਨਤਾ ਹੈ ਸਾਡੀ। ਜ਼ਰੂਰ ਜਾ ਕੇ ਸੇਵਾ ਕਰੋ। ਉਹ ਬੀਬੀ ਰੋਜ਼ ਸੇਵਾ ਕਰਨ ਵਾਸਤੇ ਆਉਂਦੀ ਹੈ, ਹੌਲੀ-ਹੌਲੀ ਵਾਕਫੀ ਪੈ ਗਈ, ਨਾਲ ਬੀਬੀਆਂ ਜਿਹੜੀਆਂ

ਸੇਵਾ ਕਰਦੀਆਂ ਸੀ, ਟੋਕਰੀ ਚੁੱਕਦੀਆਂ ਸੀ, ਉਹ ਦੇਖਦੀਆਂ ਨੇ ਕਿ ਬੜਾ ਹੀ ਹਸਮੁੱਖ ਚਿਹਰਾ ਹੈ ਇਹਦਾ, ਸਦਾ ਹੀ ਖੁਸ਼ ਰਹਿੰਦੀ ਹੈ, ਨੱਠ-ਨੱਠ ਕੇ ਸੇਵਾ ਕਰਦੀ ਹੈ। ਪਰ ਇੱਕ ਗੱਲ ਉਨ੍ਹਾਂ ਦੀ ਸਮਝ 'ਚ ਨਹੀਂ ਸੀ ਪੈਂਦੀ, ਕਿ ਜਦੋਂ ਟੋਕਰਾ ਸੁੱਟ ਦਿੰਦੀ ਹੈ ਗਾਰ ਦਾ, ਉਸ ਵੇਲੇ ਕੱਛ ਵਿੱਚ ਲੈ ਕੇ ਟੋਕਰੇ ਨੂੰ ਦੋਵੇਂ ਹੱਥਾਂ ਦੇ ਨਾਲ ਹਵਾ ਦੇ ਵਿੱਚ ਇਸ ਤਰ੍ਹਾਂ ਕਰਦੀ ਹੈ, ਜਿਵੇਂ ਕਿਸੇ ਚੀਜ਼ ਨੂੰ ਝੂਟਾ ਦਿੰਦੀ ਹੈ । ਉਸ ਤੋਂ ਬਾਅਦ ਫੇਰ ਆ ਜਾਂਦੀ ਹੈ, ਹਰ ਟੋਕਰੇ ਤੋਂ ਬਾਅਦ ਝੂਟਾ ਦਿੰਦੀ ਹੈ। ਆਹ ਗੱਲ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੀ। ਆਪਸ ਵਿੱਚ ਗੱਲਬਾਤ ਚੱਲ ਪਈ, ਕਹਿਣ ਲੱਗੇ, ਦੇਖੋ ਆਹ ਬੀਬੀ! ਐਸੀ ਕੋਈ ਕਿਰਿਆ ਕਰਦੀ ਹੈ, ਜਿਸ ਵਕਤ ਟੋਕਰਾ ਸੁੱਟ ਕੇ ਆਉਂਦੀ ਹੈ, ਉਸ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਕਿਸੇ ਚੀਜ਼ ਨੂੰ ਧੱਕਾ ਦਿੰਦੀ ਹੈ । ਅੱਗੇ ਕੋਈ ਚੀਜ਼ ਨਜ਼ਰ ਨਹੀਂ ਆਉਂਦੀ ਤੇ ਕਈ ਬੀਬੀਆਂ ਐਸੀਆਂ ਸੀ, ਕਿ ਜਿਹੜੀਆਂ ਜਾਨਣ ਦਾ ਯਤਨ ਕਰਦੀਆਂ ਸੀ, ਕਿ ਇਹ ਕਿਸ ਥਾਂ ਤੋਂ ਆਉਂਦੀ ਹੈ, ਅੰਮ੍ਰਿਤਸਰ ਕਿੱਥੇ ਰਹਿੰਦੀ ਹੈ, ਜਾਂ ਕਿਸੇ ਨੇੜੇ ਦੇ ਪਿੰਡ ਤੋਂ ਆਉਂਦੀ ਹੈ। ਉਨ੍ਹਾਂ ਨੇ ਕੋਸ਼ਿਸ਼ ਕਰੀ ਕਿ ਇਹ ਜਿਸ ਰਸਤੇ ਜਾਵੇਗੀ ਤਾਂ ਅਸੀਂ ਖਿਆਲ ਰੱਖਾਂਗੀਆਂ, ਕੋਸ਼ਿਸ਼ ਕਰਾਂਗੀਆਂ ਕਿ ਨੇੜੇ-ਨੇੜੇ ਰਹੀਏ। ਕਿਉਂਕਿ ਜਦੋਂ ਪਤਾ ਪੁਛਦੇ ਕਿ ਕਿੱਥੇ ਰਹਿੰਦੇ ਓਂ ਤਾਂ ਕਹਿੰਦੀ ਸੀ, ਕਿ ਅਸੀਂ ਗੁਰੂ ਸਾਹਿਬ ਕੋਲ ਹੀ ਰਹਿੰਦੇ ਹਾਂ। ਸੱਚ ਬਾਤ ਕਹਿ ਦਿੰਦੀ ਸੀ, ਕਿਉਂਕਿ ਮਨ ਕਰਕੇ ਹਰ ਵਕਤ ਗੁਰੂ ਕੋਲ ਰਹਿੰਦੇ ਸੀ।

ਇੱਕ ਦਿਨ ਸੰਗਤ ਵਿੱਚ ਜਦੋਂ ਕਾਫੀ ਚਰਚਾ ਚੱਲ ਪਈ ਤਾਂ ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਇੱਕ ਗੱਲ ਸਾਨੂੰ ਸਮਝ 'ਚ ਨਹੀਂ ਆਉਂਦੀ ਇੱਕ ਬੀਬੀ ਸੇਵਾ ਕਰਨ ਵਾਸਤੇ ਆਉਂਦੀ ਹੈ, ਉਹ ਪਤਾ ਨਹੀਂ ਲਗਦਾ ਕਿ ਕਿੱਥੋਂ ਆਉਂਦੀ ਹੈ। ਜਦ ਤਾਂ ਅਸੀਂ ਕੰਮ ਕਰਦੇ ਹਾਂ, ਕੰਮ ਤੋਂ ਬਾਅਦ ਅਸੀਂ ਇਹ ਦੇਖਣ ਦਾ, ਜਾਨਣ ਦੀ ਕਈ ਵਾਰੀ ਕੋਸ਼ਿਸ਼ ਕਰੀ ਹੈ, ਕਿ ਇਹ ਕਿਹੜੇ ਰਸਤੇ ਜਾਂਦੀ ਹੈ, ਪੂਰਬ ਨੂੰ ਜਾਂਦੀ ਹੈ ਪੱਛਮ ਨੂੰ ਜਾਂਦੀ ਹੈ, ਉਤਰ ਨੂੰ ਜਾਂਦੀ ਹੈ ਦੱਖਣ ਨੂੰ ਜਾਂਦੀ ਹੈ। ਲੇਕਿਨ ਪਾਤਸ਼ਾਹ ਪਤਾ ਨਹੀਂ ਲਗਦਾ। ਥੋੜ੍ਹੀ ਦੇਰ ਤੋਂ ਬਾਅਦ ਜਦੋਂ ਅਸੀਂ ਦੇਖਦੇ ਹਾਂ ਨਿਗ੍ਹਾ ਤੋਂ ਓਹਲੇ ਹੋ ਜਾਂਦੀ ਹੈ ਇਹ ਕੌਤਕ ਸਾਡੇ ਸਮਝ ਵਿੱਚ ਨਹੀਂ ਆਉਂਦਾ ਕਿ ਇਹ ਕੌਣ ਹੋਈ, ਕਿੱਥੋਂ ਆਉਂਦੀ ਹੋਈ? ਉਸ ਵੇਲੇ ਮਹਾਰਾਜ ਜੀ ਨੇ ਅੰਤਰਧਿਆਨ ਹੋ ਕੇ ਦੇਖਿਆ, ਸਾਰੀ ਗੱਲ। ਲੇਕਿਨ ਸੰਗਤਾਂ ਦਾ ਸੰਸਾ ਦੂਰ ਕਰਨ ਵਾਸਤੇ, ਜਦੋਂ ਸੇਵਾ ਦੀ ਸਮਾਪਤੀ ਹੋਈ ਸ਼ਾਮ ਨੂੰ, ਉਸ ਵੇਲੇ ਗੁਰੂ ਮਹਾਰਾਜ ਆ ਕੇ ਕਹਿਣ ਲੱਗੇ ਉਹ ਬੀਬੀ ਨੂੰ ਬੁਲਾਓ। ਹੁਕਮ ਦੀ ਤਾਮੀਲ ਹੋਈ ਬੀਬੀ ਨੂੰ ਬੁਲਾਇਆ, ਬੁਲਾ ਕੇ ਮਹਾਰਾਜ ਕਹਿਣ ਲੱਗੇ, ਬੇਟਾ! ਤੁਸੀਂ ਕਿੱਥੋਂ ਆਉਂਦੇ ਹੁੰਦੇ ਓਂ, ਸੇਵਾ ਕਰਨ ਵਾਸਤੇ? ਕਹਿੰਦੇ, ਪਾਤਸ਼ਾਹ! ਤੁਸੀਂ ਤਾਂ ਜਾਣੀ ਜਾਣ ਓਂ, ਭੇਤ ਲੁਕਿਆ ਹੀ ਰਹੇ ਤਾਂ ਚੰਗਾ ਹੈ, ਪ੍ਰਗਟ ਨਹੀਂ ਹੋਣਾ ਚਾਹੀਦਾ। ਗੁਰੂ ਮਹਾਰਾਜ ਕਹਿੰਦੇ ਨਾ ਬੇਟਾ! ਸੰਗਤ ਪੁੱਛਦੀ ਹੈ, ਸੰਗਤ ਦਾ ਸੰਸਾ ਜਿਹੜਾ

ਹੈ ਨਵਿਰਤ ਹੋਣਾ ਚਾਹੀਦਾ ਹੈ। ਦੱਸੋ ਤੁਸੀਂ ਕਿਥੋਂ ਆਉਂਦੇ ਓਂ? ਕਹਿਣ ਲੱਗੀ, ਪਾਤਸ਼ਾਹ! ਮੈਂ ਕਾਬਲ ਤੋਂ ਆਉਂਦੀ ਹਾਂ ਰੋਜ਼। ਹੈਰਾਨ ਹੋ ਗਈ ਸੰਗਤ ਸੁਣ ਕੇ ਕਿ ਕਾਬਲ ਕਿਤੇ ਨੇੜੇ ਹੈ? ਕਿੰਨੇ ਸੈਂਕੜੇ ਮੀਲ ਅੰਮ੍ਰਿਤਸਰ ਤੋਂ ਕਾਬਲ ਹੈ। ਕਿਹੜੀ ਸਵਾਰੀ ਹੈ ਜਿਹਦੇ ਉਤੇ ਇਹ ਆ ਜਾਂਦੀ ਹੈ। ਕਿਹੜੀ ਸ਼ਕਤੀ ਹੈ ਇਹਦੇ ਕੋਲ ਜਿਹਦੇ ਨਾਲ ਇਹ ਇੱਥੇ ਪਹੁੰਚ ਜਾਂਦੀ ਹੈ?

ਮਹਾਰਾਜ ਕਹਿਣ ਲੱਗੇ ਕਿ ਬੇਟਾ! ਦੂਸਰੀ ਬਾਤ ਇਹ ਹੈ ਕਿ ਜਦੋਂ ਤੂੰ ਟੋਕਰਾ ਸੁੱਟਦੀ ਹੈਂ ਤੇ ਸੰਗਤ ਕਹਿੰਦੀ ਹੈ ਕਿ ਤੂੰ ਝੂਟਾ ਦਿੰਦੀ ਹੈਂ ਕਿਸੇ ਚੀਜ਼ ਨੂੰ। ਕਹਿੰਦੀ ਪਾਤਸ਼ਾਹ! ਸਾਰੀ ਵਾਰਤਾ ਇਸ ਤਰ੍ਹਾਂ ਹੈ ਕਿ ਮੇਰਾ ਜੋ ਪਤੀ ਹੈ ਤੇ ਮੇਰਾ ਜੋ ਪਿਤਾ ਹੈ, ਸਹੁਰਾ ਪਿਤਾ, ਇਹ ਗੁਰੂ ਨਾਨਕ ਪਾਤਸ਼ਾਹ ਜਦੋਂ ਕਾਬੁਲ ਗਏ ਨੇ ਤਾਂ ਆਪ ਬੜੇ ਦਇਆਲ ਹੋਏ, ਆਪ ਨੇ ਦਇਆਲ ਹੋ ਕੇ ਸਾਨੂੰ ਨਾਮ ਦੀ ਦਾਤ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਤੋਂ ਸਾਡੇ ਘਰ 'ਚ ਸਿੱਖੀ ਚਲੀ ਆਉਂਦੀ ਹੈ, ਤੇ ਕੇਵਲ ਸਿੱਖੀ ਹੀ ਨਹੀਂ ਹੈ, ਸਿੱਖੀ ਦੀ ਅਸੀਂ ਕਮਾਈ ਕੀਤੀ ਹੈ, ਜਿਵੇਂ ਪਾਤਸ਼ਾਹ ਨੇ ਦੱਸੀ ਤੇ ਉਹਦੇ ਨਾਲ ਗੁਰਸਿੱਖਾਂ ਵਾਲਾ ਜੀਵਨ ਸਾਡੇ ਘਰ ਵਿੱਚ ਹੋ ਗਿਆ। ਜੋ ਗੁਰਸਿੱਖਾਂ ਦਾ ਜੀਵਨ ਹੁੰਦਾ ਹੈ, ਉਸ ਤਰ੍ਹਾਂ ਦੀ ਸਾਡੇ ਘਰ ਕਰਨੀ ਕਮਾਈ ਹੋਈ ਹੋਈ ਹੈ। ਉਹਦੇ ਮੁਤਾਬਿਕ ਪਾਤਸ਼ਾਹ ਜਦੋਂ ਮੇਰੀ ਸ਼ਾਦੀ ਹੋਈ ਤੇ ਮੈਂ ਆ ਕੇ ਦੇਖਿਆ ਕਿ ਮੇਰੇ ਜੋ ਪਤੀ ਦੇਵ ਨੇ ਉਹ ਤਾਂ ਪ੍ਰਮੇਸ਼ਰ ਦਾ ਰੂਪ ਨੇ। ਸ਼ਾਸਤਰ, ਮੇਰੇ ਮਾਂ-ਬਾਪ ਜਿਨ੍ਹਾਂ ਨੇ ਮੇਰੀ ਸ਼ਾਦੀ ਦੇ ਵਿੱਚ ਹਿੱਸਾ ਲਿਆ ਸੀ, ਉਨ੍ਹਾਂ ਨੇ ਮੈਨੂੰ ਉਪਦੇਸ਼ ਦਿੱਤਾ ਸੀ ਕਿ ਜੋ ਪਤੀ ਹੈ ਉਹ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ ਉਹਨੂੰ ਪ੍ਰਮੇਸ਼ਰ ਕਰਕੇ ਜਾਣੀਂ। ਕਿਉਂਕਿ ਬੀਬੀ ਦਾ ਜੋ ਪ੍ਰਮੇਸ਼ਰ ਹੈ, ਉਹ ਪਤੀ ਹੀ ਹੋਇਆ ਕਰਦਾ ਹੈ। ਉਹਦੇ ਨਾਲ ਹੀ ਉਹਦਾ ਪਿਆਰ ਨਿਭਿਆ ਕਰਦਾ ਹੈ।

ਪਾਤਸ਼ਾਹ ਮੈਂ ਆਪਣੇ ਪਤੀ ਨੂੰ ਪ੍ਰਮੇਸ਼ਰ ਦਾ ਸਰੂਪ ਜਾਣ ਕੇ ਉਹਦੀ ਦਿਨ ਰਾਤ ਸੇਵਾ ਕਰਦੀ ਹਾਂ, ਕਿਸੇ ਕ੍ਰਿਆ ਦੇ ਉਤੇ ਮੈਂ ਕਦੇ ਕਿੰਤੂ ਨਹੀਂ ਕਰਿਆ। ਕਦੇ ਮੇਰੇ ਮਨ ਵਿੱਚ ਕੋਈ ਗਿਣਤੀ ਨਹੀਂ ਆਈ। ਸੇਵਾ ਤੇ ਸਿਮਰਨ ਦੋਵੇਂ ਕਰਦੇ ਹਾਂ। ਉਹਦਾ ਫਲ ਇਹ ਹੋਇਆ ਕਿ ਮੈਨੂੰ ਇਹ ਸ਼ਕਤੀ ਪ੍ਰਾਪਤ ਹੋ ਗਈ ਕਿ ਮੈਂ ਇਛਿਆ ਦੇ ਨਾਲ ਜਿੱਥੇ ਜਾਣਾ ਚਾਹਾਂ, ਉਥੇ ਮੈਂ ਉਧਰੋਂ ਪੈਰ ਪੁਟਾਂ ਤੇ ਦੂਜੇ ਪਾਸੇ ਰੱਖਾਂ ਤਾਂ ਉਥੇ ਹੀ ਪਹੁੰਚ ਜਾਂਦੀ ਹਾਂ।

ਕਈ ਪ੍ਰੇਮੀਆਂ ਨੂੰ ਇਹ ਬਾਤ ਲੱਗੇਗੀ ਕਿ ਐਸੀ ਬਾਤ ਹੁੰਦੀ ਹੈ ਕਦੇ? ਚਾਰ ਮਿਸਾਲਾਂ ਦਾ ਮੈਨੂੰ ਪਤਾ ਹੈ, ਮਹਾਤਮਾ ਹੋਏ ਨੇ ਥੋੜ੍ਹੀ ਦੇਰ ਪਹਿਲਾਂ ਹੀ ਹੋ ਕੇ ਹਟੇ ਨੇ। ਮੇਰੇ ਇੱਕ ਮਿੱਤਰ ਸੀ ਉਹ ਇਕ ਮਹਾਤਮਾ ਦੇ ਕੋਲ ਜਾਇਆ ਕਰਦੇ ਸੀ, ਕਪੂਰਥਲੇ ਦੇ ਵਿੱਚ ਉਹ ਸੰਤ ਸੀਗੇ। ਉਹ ਦਸਦੇ ਸੀ ਕਿ ਮੈਂ ਉਨ੍ਹਾਂ ਦੇ ਨਾਲ ਰਹਿੰਦਾ ਸੀ, ਦਵਾਈ ਬੂਟੀ ਦਾ ਕੰਮ ਕਰਦੇ ਸੀ। ਬੇਅੰਤ ਮਰੀਜ਼ ਉਨ੍ਹਾਂ ਦੇ ਕੋਲ ਆ ਕੇ ਰਾਜ਼ੀ ਹੁੰਦੇ ਸੀ ਤੇ

ਗੰਗਾ ਦਾ ਨਾਹੁੰਣ ਆ ਗਿਆ ਤੇ ਜਿੱਥੇ ਅਸੀਂ ਸੀਗੇ ਉਹ ਪਿੰਡ ਵਾਲੀ ਸੰਗਤ ਕਹਿਣ ਲੱਗੀ, ਸਾਰੇ ਗੰਗਾ ਦਾ ਇਸ਼ਨਾਨ ਕਰਨ ਜਾ ਰਹੇ ਨੇ ਤੇ ਤੁਸੀਂ ਵੀ ਸਾਡੇ ਨਾਲ ਚੱਲੋਂ ਤਾਂ ਬਹੁਤ ਵਧੀਆ ਹੈ। ਕਹਿਣ ਲੱਗੇ, ਕੋਈ ਨਾ ਸਾਧਸੰਗਤ ਜੀ! ਜਦੋਂ ਤੁਸੀਂ ਇਸ਼ਨਾਨ ਕਰੋਂਗੇ, ਫੇਰ ਮੈਂ ਤੁਹਾਡੇ ਨਾਲ ਹੀ ਇਸ਼ਨਾਨ ਕਰਾਂਗਾ। ਕਹਿੰਦੇ, ਸੰਗ ਤੁਰ ਗਿਆ। ਜਦੋਂ ਸਮਾਂ ਆਇਆ ਇਸ਼ਨਾਨ ਦਾ, ਕਹਿੰਦੇ ਮੈਨੂੰ ਕਹਿਣ ਲੱਗੇ, ਲੈ ਬਈ ਪ੍ਰੇਮੀਆਂ! ਥੋੜ੍ਹੀ ਦੇਰ ਤੂੰ ਦੇਖੀਂ ਅਸੀਂ ਇਸ਼ਨਾਨ ਕਰ ਆਈਏ। ਮੈਂ ਕਿਹਾ, ਬਾਬਾ ਜੀ ਕਿੱਥੇ ਕਰਨਾ ਹੈ? ਕਹਿੰਦੇ ਗੰਗਾ ਇਸ਼ਨਾਨ ਕਰਨਾ ਹੈ। ਜਲ ਅਸੀਂ ਵੀ ਲੈ ਆਵਾਂਗੇ ਤੂੰ ਵੀ ਇਸ਼ਨਾਨ ਕਰ ਲਈਂ। ਗੜਵਾ ਚੁੱਕਿਆ, ਥੋੜ੍ਹਾ ਜਿਹਾ ਦਿਸਦੇ ਮੈਨੂੰ ਉਸ ਤੋਂ ਬਾਅਦ ਅਲੋਪ ਹੀ ਹੋ ਗਏ। ਜਿੰਨਾ ਚਿਰ ਇਸ਼ਨਾਨ ਨੂੰ ਲਗਦਾ ਹੈ, ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਗੜਵਾ ਭਰਿਆ ਹੋਇਆ ਲੈ ਆਂਦਾ ਤੇ ਮੈਨੂੰ ਕਹਿਣ ਲੱਗੇ, ਪ੍ਰੇਮੀਆਂ! ਤੂੰ ਵੀ ਇਸ਼ਨਾਨ ਕਰ ਲੈ। ਆਹ ਮੈਂ ਜਲ ਲਿਆਇਆ ਹਾਂ, ਹੋਰ ਜਲ 'ਚ ਰਲਾ ਲੈ। ਕਹਿੰਦਾ, ਮੇਰਾ ਮਨ ਹੀ ਨਾ ਮੰਨੇ, ਕਿ ਇਹ ਗੰਗਾ ਕਿੱਥੇ ਜਾ ਆਏ, ਇਹ ਵੈਸੇ ਹੀ ਗੱਲ ਕਰਦੇ ਨੇ। ਐਨੇ ਨੂੰ ਜਿਹੜੀ ਸੰਗਤ ਇਸ਼ਨਾਨ ਕਰਨ ਵਾਸਤੇ ਗਈ ਹੋਈ ਸੀ ਉਹ ਵਾਪਸ ਆ ਗਈ। ਉਹ ਬਚਨ ਕਰਨ ਲੱਗੇ ਕਿ ਜਦੋਂ ਮਹਾਰਾਜ ਤੁਸੀਂ ਆਏ ਓਂ, ਪਤਾ ਹੀ ਨਹੀਂ ਲੱਗਿਆ ਕੀਹਦੇ ਨਾਲ ਆਏ ਓਂ, ਅੱਜ ਆਏ ਓਂ, ਕੱਲ੍ਹ ਆਏ ਓਂ? ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਹੈਂ? ਮੈਂ ਪੁੱਛਿਆ ਕਿ ਇਹ ਤੁਹਾਡੇ ਨਾਲ ਗਏ ਸੀ? ਕਹਿੰਦੇ ਹਾਂ ਅਸੀਂ ਇਸ਼ਨਾਨ ਇਕੱਠਿਆਂ ਨੇ ਕਰਿਆ ਹੈ। ਇਹ ਵੀ ਸਾਡੇ ਨਾਲ ਸੀਗੇ। ਉਹ ਕਹਿੰਦਾ ਕਿ ਇਹ ਤਾਂ ਇੱਥੇ ਬੈਠੇ ਸੀ, ਮੈਨੂੰ ਕਹਿ ਕੇ ਗਏ ਨੇ ਕਿ ਮੈਂ ਗੰਗਾ ਦਾ ਇਸ਼ਨਾਨ ਕਰ ਆਵਾਂ। ਜਲ ਮੈਨੂੰ ਲੈ ਕੇ ਆਏ ਨੇ, ਕੀ ਜਲ ਉਥੇ ਦਾ ਹੀ ਸੀ? ਕਹਿੰਦੇ ਹਾਂ, ਇਨ੍ਹਾਂ ਨੇ ਗੜ੍ਹਵਾ ਭਰਿਆ ਤੇ ਕਿਹਾ, ਉਥੇ ਲੈ ਚਲਦੇ ਹਾਂ, ਇਸ਼ਨਾਨ ਕਰਾਂਗੇ।

ਇੱਕ ਮਹਾਤਮਾ ਹੋਰ ਹੋਏ ਨੇ ਨਾਮਧਾਰੀ ਸੰਪਰਦਾ 'ਚ। ਉਨ੍ਹਾਂ ਦਾ ਨਾਉਂ, ਮੋਹਨ ਜੀ ਕਹਿੰਦੇ ਸੀ ਉਨ੍ਹਾਂ ਨੂੰ। ਗੁਰਦਾਸਪੁਰ ਖੜ੍ਹੇ ਨੇ ਤੇ ਉਥੇ ਮਹਾਂਪੁਰਸ਼ ਜਿਹੜੇ ਪਹਿਲੇ ਸੀ ਇਨ੍ਹਾਂ ਦੇ ਉਹ ਆ ਰਹੇ ਨੇ। ਉਨ੍ਹਾਂ ਦੀ ਕਾਰ ਰੋਕ ਲਈ ਕਿ ਬਾਬਾ ਜੀ ਮੈਨੂੰ ਨਾਲ ਹੀ ਲੈ ਚੱਲੋ। ਉਹ ਕਹਿੰਦੇ, ਕਾਰ 'ਚ ਤਾਂ ਜਗ੍ਹਾ ਨਹੀਂ ਹੈ ਤੂੰ ਹੌਲੀ-ਹੌਲੀ ਆ ਜਾਈਂ। ਉਹ ਗੁਰਦਾਸਪੁਰ ਤੋਂ ਇੱਥੇ ਪਹੁੰਚਦੇ ਨੇ ਅੱਗੇ ਕੀ ਦੇਖਦੇ ਨੇ, ਦੀਵਾਨ ਲੱਗਿਆ ਹੋਇਆ ਹੈ ਉਨ੍ਹਾਂ ਦਾ ਹੀ, ਉਹ ਕਹਿਣ ਲੱਗੇ ਕਿ ਇਹ ਕਦੋਂ ਦਾ ਆਇਆ ਹੋਇਆ ਹੈ? ਕਹਿਣ ਲੱਗੇ, ਮਹਾਰਾਜ! ਤਿੰਨ ਘੰਟੇ ਹੋ ਗਏ ਕੀਰਤਨ ਕਰਦੇ ਇਨ੍ਹਾਂ ਨੂੰ। ਕਹਿਣ ਲੱਗੇ, ਜਦੋਂ ਕੀਰਤਨ ਦੀ ਸਮਾਪਤੀ ਹੋਵੇ ਸਾਡੇ ਕੋਲ ਭੇਜਿਓ। ਸਮਾਪਤੀ ਤੋਂ ਬਾਅਦ ਕਹਿਣ ਲੱਗੇ, ਤੁਹਾਨੂੰ ਮਹਾਂਪੁਰਸ਼ ਯਾਦ ਕਰਦੇ ਨੇ। ਕਹਿੰਦੇ, ਯਾਦ ਕਾਹਦਾ ਕਰਦੇ ਨੇ ਡੰਡੇ ਪੈਣੇ ਨੇ ਮੇਰੇ। ਸੱਚਮੁੱਚ ਹੀ ਉਨ੍ਹਾਂ ਨੇ ਸੋਟੀ ਚੁੱਕ ਲਈ ਕਹਿੰਦੇ ਤੇਰੀਆਂ ਕਰਾਮਾਤਾਂ ਝਾੜਦੇ ਹਾਂ। ਐਨਾ ਤੂੰ ਸ਼ਕਤੀਆਂ ਦਿਖਾ ਰਿਹਾ ਹੈਂ, ਕਿੱਥੇ ਕਾਰ ਦੇ ਵਿੱਚ ਆ ਕੇ ਬੈਠਣਾ ਚਾਹੁੰਦਾ

ਸੀ, ਕਿੱਥੇ ਆ ਕੇ ਦੀਵਾਨ ਵੀ ਲਾ ਲਿਆ। ਇਸ ਤਰ੍ਹਾਂ ਇੱਕ ਨਹੀਂ ਹੋਰ ਵੀ ਬਹੁਤ ਸਾਰੇ ਮਹਾਤਮਾ ਨੇ।

ਲਾਹੌਰ ਦੇ ਅੰਦਰ ਬੀਬੀ ਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ) ਦੇ ਬਾਪੂ ਜੀ ਦਾ ਜਦੋਂ ਅੰਤ ਸਮਾਂ ਆਇਆ ਕਹਿਣ ਲੱਗੇ ਕਿ ਲੋਹਗੜ੍ਹੀਆ ਬਾਬਾ ਨਹੀਂ ਆਇਆ ਅਜੇ ਤੱਕ। ਕਹਿੰਦੇ ਆਇਆ ਨਹੀਂ ਹੈ, ਇਨ੍ਹਾਂ ਨੂੰ ਛੁੱਟੀ ਦੇ ਦਿਤੀ ਕਿ ਜਾਓ ਤੁਹਾਡਾ ਤੇ ਸਾਡਾ ਹਿਸਾਬ ਖਤਮ ਹੋ ਗਿਆ ਤੇ ਤੁਸੀਂ ਸਵੇਰੇ ਆ ਜਾਇਓ। ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸੀ, ਜਦੋਂ ਇਹ ਹਾਸਪੀਟਲ ਦੇ ਬਾਹਰ ਆਏ ਤਾਂ ਬਾਬਾ ਜੀ, ਖੜਾਵ੍ਹਾਂ ਪਾਈਆਂ ਹੋਈਆਂ, ਸਫੇਦ ਵਸਤਰ ਰੱਖਦੇ ਹੁੰਦੇ ਤੇ ਆਪ ਆ ਗਏ, ਇਨ੍ਹਾਂ ਨੇ ਕਿਹਾ ਬਾਬਾ ਜੀ! ਤੁਹਾਨੂੰ ਤਾਂ ਬਾਪੂ ਜੀ ਯਾਦ ਕਰਦੇ ਨੇ, ਨਾਲ ਹੀ ਉਤੇ ਚੜ੍ਹ ਆਏ। ਉਸ ਵੇਲੇ ਬਾਪੂ ਜੀ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਆਏ ਨਹੀਂ, ਕਹਿੰਦੇ ਤੁਸੀਂ ਹੁਣੇ ਹੀ ਯਾਦ ਕਰਿਆ ਹੈ। ਕਹਿੰਦੇ, ਕਿੱਥੇ ਸੀਗੇ। ਕਹਿੰਦੇ, ਅਸੀਂ ਲਾਲਾ ਮੂਸੇ ਸੀਗੇ, ਰਾਵਲਪਿੰਡੀ। ਇਸੇ ਤਰ੍ਹਾਂ ਸੰਤ ਬਾਬਾ ਜਵਾਲਾ ਸਿੰਘ ਜੀ ਆਪ ਇੱਕ ਪਿੰਡ ਗਏ ਹੋਏ ਨੇ, 'ਕੋਠਾ' ਪਿੰਡ ਦਾ ਨਾਮ ਹੈ। ਅਖੰਡਪਾਠ ਹੋ ਰਿਹਾ ਹੈ। ਉਸ ਤੋਂ ਬਾਅਦ ਟਹਿਲਣ ਵਾਸਤੇ ਬਾਹਰ ਨਿਕਲਦੇ ਨੇ ਤੇ ਨਿਹੰਗ ਟਹਿਲ ਸਿੰਘ ਨੂੰ ਕਿਹਾ, 'ਕਿ ਗੜਵਾ ਫੜ ਸਾਡਾ, ਤੇ ਅੱਗੇ ਜਦ ਗਏ, ਇੱਕ ਪਾਣੀ ਮੂਹਰੇ ਆ ਗਿਆ ਝਲ੍ਹਾ ਜਿਹਾ, ਉਥੋਂ ਛਾਲ ਮਾਰ ਕੇ ਟੱਪਣਾ ਪੈਣਾ ਸੀ। ਉਨ੍ਹਾਂ ਨੇ ਆਪ ਵੀ ਛਾਲ ਮਾਰਨ ਦੀ ਤਿਆਰੀ ਕਰੀ ਤੇ ਨਿਹੰਗ ਸਿੰਘ ਦੀ ਬਾਂਹ ਫੜ ਲਈ। ਜਦੋਂ ਟੱਪੇ, ਉਹ ਮੈਨੂੰ ਆਪ ਹੀ ਦਸਦਾ ਸੀ, ਕਿ ਜਦੋਂ ਮੈਂ ਹੈਰਾਨ ਹੋ ਗਿਆ, ਕਿ ਮੈਨੂੰ ਰਾਮਗੜ੍ਹ ਦਿੱਸਣ ਲੱਗ ਗਿਆ। ਮੈਨੂੰ ਸਮਝ 'ਚ ਕੁਛ ਨਾ ਆਵੇ, ਇਹ ਕੀ ਹੋ ਗਿਆ ਕਿ ਕੋਠਾ ਚਾਲੀ ਮੀਲ ਦੂਰੀ 'ਤੇ ਹੈ, ਤੇ ਰਾਮਗੜ੍ਹ ਨੇੜੇ ਹੀ ਹੈ। ਆਹ ਹੋ ਗਿਆ। ਕਹਿੰਦੇ ਸਿੱਧੇ ਕਰਤਾਰ ਸਿੰਘ ਦੇ ਘਰ ਗਏ। ਆਖਰੀ ਸਮਾਂ ਉਹਦਾ ਸੀਗਾ, ਮੰਜੇ 'ਤੇ ਬੈਠ ਗਏ, ਪੱਟ 'ਤੇ ਉਹਦਾ ਸੀਸ ਰੱਖ ਲਿਆ, ਕਹਿੰਦੇ ਲੈ ਕਰਤਾਰ ਸਿੰਘ ਕਹਿ ਵਾਹਿਗੁਰੂ। ਦਸ ਵਾਰੀ ਕਹਾਇਆ ਉਸ ਤੋਂ ਬਾਅਦ ਉਹਨੇ ਨੇਤਰ ਬੰਦ ਕਰ ਲਏ, ਸਰੀਰ ਉਹਨੇ ਛੱਡ ਦਿੱਤਾ। ਉਸ ਤੋਂ ਬਾਅਦ ਸਸਕਾਰ ਕਰਾਇਆ, 'ਕੀਰਤਨ ਸੋਹਿਲਾ' ਬਾਬਾ ਜੀ ਨੇ ਆਪ ਪੜ੍ਹਿਆ। ਕਹਿੰਦੇ, ਲਓ ਸਾਧਸੰਗਤ ਜੀ! ਤੁਸੀਂ ਹੁਣ ਗੁਰਦੁਆਰੇ ਸਾਹਿਬ ਜਾਓ ਉਥੇ ਜਾ ਕੇ ਕੜਾਹ ਪ੍ਰਸ਼ਾਦ ਕਰਾਓ, ਅਸੀਂ ਹਾਲੇ ਬੈਠੇ ਹਾਂ ਇੱਥੇ। ਕਹਿੰਦੇ ਜਦੋਂ ਸਾਰੇ ਚਲੇ ਗਏ, ਕਹਿੰਦੇ ਆ ਨਿਹੰਗ ਸਿੰਘਾ! ਹੁਣ ਵਾਪਸ ਚੱਲੀਏ। ਇਸੇ ਤਰ੍ਹਾਂ ਬਾਂਹ ਫੜੀ, ਅਸੀਂ ਮੁੜ ਕੇ ਆਏ ਤਾਂ ਕੋਠੇ। ਖੂਹ ਦੇ ਉਤੇ ਜਿਹੜੇ ਸਿੰਘ ਕੱਪੜੇ ਧੋਂਦੇ ਸੀ, ਕਹਿੰਦੇ ਜਦੋਂ ਅਸੀਂ ਦੇਖਿਆ ਕਿ ਹੁਣ ਸੁਕਾ ਲਏ ਨੇ ਕੱਪੜੇ ਤੇ ਅਜੇ ਇੱਥੇ ਹੀ ਨੇ। ਸਾਰੇ ਹੀ ਪੰਜ ਚਾਰ ਘੰਟੇ ਲੱਗੇ। ਬਾਬਾ ਜੀ ਨੂੰ ਮੈਂ ਪੁੱਛ ਨਾ ਸਕਿਆ, ਦੂਸਰੇ ਦਿਨ ਮੈਂ ਪਾਰਸ ਭਾਗ ਪੜ੍ਹਦਾ ਸੀ। ਉਹਦੇ ਵਿੱਚ ਆਇਆ ਕਿ ਮਹਾਤਮਾ ਕਈ ਵਾਰੀ ਆਪਣਾ ਬਚਨ ਪੂਰਾ ਕਰਨ ਵਾਸਤੇ ਸ਼ਕਤੀ ਵਰਤ ਲੈਂਦੇ ਨੇ।

ਜਦੋਂ ਪੁਸਤਕ ਪੜ੍ਹ ਹਟਿਆ ਤਾਂ ਬਾਬਾ ਜੀ ਕਹਿੰਦੇ ਨਿਹੰਗ ਸਿੰਘਾ! ਕੱਲ੍ਹ ਦਾ ਕੀ ਸੋਚੀ ਜਾਨਾਂ ਹੈਂ, ਸਾਡਾ ਇਹਦੇ ਨਾਲ ਬਚਨ ਸੀ। ਇਹਨੇ ਸਾਡੇ ਤੋਂ ਬਚਨ ਲਿਆ ਹੋਇਆ ਸੀ, ਕਿ ਜਦੋਂ ਮੇਰਾ ਅੰਤ ਸਮਾਂ ਹੋਵੇ ਤਾਂ ਤੁਸੀਂ ਮੇਰੇ ਕੋਲ ਹੋਵੋਂ। ਕਹਿੰਦੇ, ਹੁਣ ਆਪਾਂ ਚਾਲੀ ਮੀਲ 'ਤੇ ਕਿਵੇਂ ਪਹੁੰਚ ਜਾਂਦੇ। ਐਸੀਆਂ ਗੁਰੂ ਘਰ ਦੇ ਅੰਦਰ ਬੇਅੰਤ ਮਿਸਾਲਾਂ ਨੇ ਇੱਕ ਨਹੀਂ ਹੈ ਬੇਅੰਤ ਮਿਸਾਲਾਂ ਨੇ, ਕਿਉਂਕਿ ਕਰਨੀ ਕਮਾਈ ਕਰਦੇ ਸੀ। ਹੁਣ ਸਾਡੇ 'ਚ ਕਮਾਈ ਨਾ ਹੋਣ ਕਰਕੇ ਇਹ ਗੱਲਾਂ ਸਾਨੂੰ ਅਜੀਬ ਲੱਗ ਰਹੀਆਂ ਨੇ। ਇਹ ਸਹਿਜ ਸੁਭਾਅ ਬਾਤਾਂ ਹੋਇਆ ਕਰਦੀਆਂ ਸੀ ।

ਬੀਬੀ ਕਹਿਣ ਲੱਗੀ, 'ਕਿ ਮਹਾਰਾਜ ਜੀ! ਮੇਰੇ ਪਤੀ ਨੇ ਮੈਨੂੰ ਇਜਾਜ਼ਤ ਦੇ ਦਿੱਤੀ। ਮੈਂ ਇੱਥੇ ਸੇਵਾ ਕਰਨ ਵਾਸਤੇ ਆਉਂਦੀ ਹਾਂ। ਦੁੱਧ ਚੁੰਘਦਾ ਬੱਚਾ ਮੇਰਾ ਪਿੱਛੇ ਹੁੰਦਾ ਹੈ, ਉਹਨੂੰ ਮੈਂ ਦੁੱਧ ਚੁੰਘਾ ਕੇ, ਪੰਘੂੜੇ 'ਤੇ ਸੁਲਾ ਕੇ ਫੇਰ ਮੈਂ ਆ ਜਾਂਦੀ ਹਾਂ। ਮਹਾਰਾਜ! ਜਦੋਂ ਮੈਂ ਗਾਰੇ ਦਾ ਟੋਕਰਾ ਸੁੱਟਦੀ ਹਾਂ, ਉਸ ਤੋਂ ਬਾਅਦ ਇਸ ਕਰਕੇ, ਮੈਂ ਝੂਟਾ ਦਿੰਦੀ ਹਾਂ ਕਿ ਬੱਚਾ ਜਾਗ ਨਾ ਪਵੇ। ਮਹਾਰਾਜ ਨੇ ਸੰਗਤਾਂ ਦੀ ਹੋਰ ਨਿਸ਼ਾ ਕਰਨ ਵਾਸਤੇ ਕਾਬਲ ਤੋਂ ਪਤਾ ਮੰਗਾਇਆ। ਜਦੋਂ ਪਤਾ ਲੱਗਿਆ ਕਿ ਹਾਂ ਇਹ ਬੀਬੀ! ਇੱਥੇ ਦੀ ਹੀ ਹੈ ਤੇ ਬੱਚਾ ਇਹਦਾ ਹੀ ਹੈ । ਉਸ ਵੇਲੇ ਸੰਗਤ ਦੇ ਮਨ ਵਿੱਚ ਬੜਾ ਉਤਸ਼ਾਹ ਹੋਇਆ।

ਸੇਵਾ ਦਾ ਮਹਾਤਮ ਹੈ, ਭਾਗਾਂ ਵਾਲਿਆਂ ਨੂੰ ਸੇਵਾ ਪ੍ਰਾਪਤ ਹੋਇਆ ਕਰਦੀ ਹੈ। ਦੂਸਰਾ ਇਹ ਹੈ, ਕਿ ਜਿਹੜੇ ਇਸ ਤਰ੍ਹਾਂ ਦੇ ਜੀਵਨ ਹੁੰਦੇ ਨੇ, ਪਤੀਵਰਤਾ ਜੀਵਨ। ਆਪਣੀ ਭਾਰਤ ਵਰਸ਼ ਦੀ ਸਮਾਜ ਦੇ ਅੰਦਰ ਪਤੀਵਰਤਾ ਨੂੰ ਬਹੁਤ ਵੱਡਾ ਅਸਥਾਨ ਮਿਲਿਆ ਹੋਇਆ ਹੈ।

ਅੰਮ੍ਰਿਤਸਰ ਪ੍ਰਗਟ ਹੋਇਆ ਹੈ ਤਾਂ ਇੱਕ ਪਤੀਵਰਤਾ 'ਬੀਬੀ ਰਜਨੀ' ਨੇ ਪ੍ਰਗਟ ਕੀਤਾ ਸੀ। ਹੋਰ ਵੀ ਵੱਡੀਆਂ ਮਿਸਾਲਾਂ ਗੁਰੂ ਘਰ 'ਚ ਆਉਂਦੀਆਂ ਨੇ। ਜਿਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਸੰਗਤਾਂ ਨੂੰ ਦਿਖਾਇਆ, ਇਸ਼ਨਾਨ ਕਰਾਇਆ, ਪਿੱਪਲ ਦੇ ਥੱਲੇ। ਉਸੇ ਵੇਲੇ ਪਿੱਪਲ ਹਰਾ ਹੋ ਗਿਆ। ਇਸੇ ਤਰ੍ਹਾਂ ਇੱਕ ਵਾਰੀ ਜੂਨਾਂਗੜ੍ਹ ਦੇ ਵਿੱਚ। ਜੋਤਸ਼ੀਆਂ ਨੇ ਦੱਸਿਆ, 'ਕਿ ਬਾਰ੍ਹਾਂ ਸਾਲ ਮੀਂਹ ਨਹੀਂ ਪੈਣਾ। ਪਾਣੀ ਇਕੱਠਾ ਕੀਤਾ ਜਾਵੇ, ਉਸ ਵੇਲੇ ਵੱਡਾ ਭਾਰਾ ਤਲਾਅ ਬਣਾਇਆ ਤੇ ਉਹਦੇ ਵਿੱਚ ਪਾਣੀ ਇਕੱਠਾ ਕਰ ਲਿਆ। ਲੇਕਿਨ ਉਸ ਪਾਣੀ 'ਚ ਇੱਕ ਸਾਲ ਤੋਂ ਬਾਅਦ ਕੀੜੇ ਪੈ ਗਏ। ਹੁਣ ਫਿਕਰ ਹੋਇਆ, 'ਕਿ ਕੀ ਕੀਤਾ ਜਾਵੇ'। ਬ੍ਰਾਹਮਣਾਂ ਨੇ ਇਕੱਠੇ ਹੋ ਕੇ ਬੇਅੰਤ ਮੰਤਰ ਪੜ੍ਹੇ। ਲੇਕਿਨ ਜਲ ਨੂੰ ਕੋਈ ਮੰਤਰ ਸ਼ੁੱਧ ਨਾ ਕਰ ਸਕਿਆ । ਤਾਂ ਉਸ ਵੇਲੇ ਮਹਾਂਪੁਰਸ਼ਾਂ ਨੇ ਦੱਸਿਆ, 'ਕਿ ਕੋਈ ਇਸ ਸ਼ਹਿਰ ਦੇ ਅੰਦਰ ਪਤੀਵਰਤਾ ਇਸਤ੍ਰੀ ਹੋਵੇ ਤੇ ਉਹਦੇ ਚਰਨਾਂ ਦਾ ਜਲ ਇਹਦੇ ਵਿੱਚ ਪਾਇਆ ਜਾਵੇ। ਤਾਂ ਇਹ ਪਵਿੱਤਰ ਹੋਏਗਾ, ਨਹੀਂ ਤਾਂ ਹੋ ਨਹੀਂ ਸਕਦਾ। ਜਿਵੇਂ ਭਿਲਣੀ ਦੇ ਚਰਨ ਧੋ ਕੇ ਜਦ ਜਲ ਪਾਇਆ ਪੰਪਾਸਰ 'ਚ, ਪੰਪਾਸਰ ਦਾ ਜਲ ਪਵਿੱਤਰ ਹੋ ਗਿਆ। ਰਾਜੇ ਨੇ ਹੁਕਮ

ਕਰ ਦਿੱਤਾ, ਕਿ ਮੇਰੇ ਰਾਜ ਦੇ ਅੰਦਰ ਕੋਈ ਪਤੀਵਰਤਾ ਇਸਤ੍ਰੀ ਟੋਲ੍ਹੋ। ਹੁਣ ਤਲਾਸ਼ ਕਰਦੇ ਨੇ ਕੋਈ ਵੀ ਲੱਭਦੀ ਨਹੀਂ ਤੇ ਅਖੀਰ ਇੱਕ ਬੀਬੀ ਦੇ ਪਾਸ ਗਏ, ਕਹਿੰਦੇ ਬੀਬੀ! ਤੇਰੀ ਅਸੀਂ ਬੜੀ ਮਹਿਮਾ ਸੁਣੀ ਹੈ, ਤੇ ਤੂੰ ਕ੍ਰਿਪਾ ਕਰਕੇ ਆਪਣੇ ਚਰਨ ਧੋ, ਤੇ ਉਹਦਾ ਜਲ ਅਸੀਂ ਪਾਈਏ। ਉਸ ਵੇਲੇ ਬੀਬੀ ਕਹਿਣ ਲੱਗੀ, 'ਕਿ ਠੀਕ ਹੈ, ਪਰ ਕੁਛ ਦਿਨ ਹੋਏ, ਮੇਰਾ ਧਰਮ ਹਾਰ ਗਿਆ। ਕਹਿਣ ਲੱਗੇ, ਧਰਮ ਕਿਵੇਂ ਹਾਰ ਗਿਆ?

ਕਹਿਣ ਲੱਗੀ, 'ਕਿ ਮੈਂ ਪ੍ਰਣ ਕਰਿਆ ਹੋਇਆ ਸੀ ਪਤੀਵਰਤਾ ਧਰਮ ਨੂੰ ਨਿਭਾਉਣ ਦਾ ਪਰ ਮੈਂ ਲਾਲਚ ਵਸ ਹੋ ਗਈ। ਕੋਈ ਬੰਬਈ ਤੋਂ ਅੰਬ ਲੈ ਕੇ ਆਇਆ । ਕੁਰੁੱਤੇ ਅੰਬ ਸੀਗੇ, ਤੇ ਮੇਰੇ ਪਤੀ ਦੁਕਾਨ 'ਤੇ ਜਾ ਚੁੱਕੇ ਸੀ। ਅੰਬ ਆਇਆ ਤਾਂ, ਮੇਰੇ ਮਨ ਵਿੱਚ ਆਇਆ, ਕਿ ਮੈਂ ਪਤੀ ਨੂੰ ਖਿਲਾਵਾਂ ਤੇ ਫੇਰ ਆਪ ਖਾਵਾਂ। ਕਿਉਂਕਿ ਮੈਂ ਪਿੱਛੋਂ ਖਾਂਦੀ ਸੀ। ਜਦੋਂ ਉਹਨੇ ਛਕ ਲੈਣਾ, ਉਸ ਤੋਂ ਬਾਅਦ ਮੈਂ ਛਕਦੀ ਸੀ। ਮੈਂ ਪਹਿਲਾਂ ਨਹੀਂ ਸੀ ਛਕਦੀ। ਤਾਂ ਉਸ ਦਿਨ ਮੈਂ ਉਹ ਅੰਬ ਚੀਰ ਕੇ ਖਾਣ ਲੱਗ ਗਈ। ਐਨੇ ਨੂੰ ਜਿਹੜਾ ਬੰਦਾ ਸੀ ਉਹ ਦੁਕਾਨ 'ਤੇ ਚਲਿਆ ਗਿਆ ਜਾ ਕੇ ਕਹਿਣ ਲੱਗਿਆ, 'ਕਿ ਮੈਂ ਘਰ ਅੰਬ ਦੇ ਆਇਆ ਹਾਂ ਬਹੁਤ ਵਧੀਆ ਹੈ ਤੇ ਤੁਸੀਂ ਜਾਓ ਜਾ ਕੇ ਛਕ ਲਓ। ਕਹਿੰਦੀ, ਦੋ-ਤਿੰਨ ਅੰਬ ਸੀ, ਮੈਂ ਖਾ ਗਈ ਸੀ। ਐਨੇ ਨੂੰ ਮੇਰਾ ਪਤੀ ਆ ਗਿਆ। ਉਹ ਕਹਿਣ ਲੱਗਿਆ, 'ਕਿ ਕੀ ਖਾਂਦੀ ਸੀਂ, ਕਹਿੰਦੀ ਮੈਂ ਝੂਠ ਬੋਲ ਗਈ। ਝੂਠ ਬੋਲਣ ਨਾਲ ਉਸਨੇ ਮੈਨੂੰ ਕਿਹਾ, 'ਕਿ ਜਾਹ, ਧਰਮ ਤੇਰਾ ਹਾਰ ਗਿਆ। ਅੰਬ ਦੇ ਲਈ ਤੂੰ ਮੇਰੇ ਤੋਂ ਚੋਰੀ ਕਰ ਲਈ?

ਉਹ ਕਹਿੰਦੇ, ਨਹੀਂ ਤੂੰ ਚਰਨ ਤਾਂ ਧੋ, ਐਨੀ ਗੱਲ 'ਚ ਤੇਰਾ ਧਰਮ ਕੀ ਹਾਰ ਗਿਆ। ਚਰਨ ਧੋ ਕੇ ਜਦ ਪਾਏ ਤਾਂ ਪਾਣੀ ਸਾਫ ਨਾ ਹੋਇਆ।

ਦੂਸਰੀ ਇੱਕ ਬੀਬੀ ਹੋਰ ਸੀ, ਉਹਦੇ ਪਾਸ ਗਏ, ਉਹ ਕਹਿਣ ਲੱਗੀ, 'ਕਿ ਠੀਕ ਹੈ ਮਹਾਂਪੁਰਸ਼ੋ! ਲੇਕਿਨ ਕੋਈ ਦੋ ਮਹੀਨੇ ਦਾ ਸਮਾਂ ਹੋ ਗਿਆ, ਮੇਰੇ ਅੰਦਰ ਐਉਂ ਲੱਗਿਆ ਹੈ, 'ਕਿ ਮੇਰੀ ਸ਼ਕਤੀ ਹਟ ਗਈ। ਪਹਿਲਾਂ ਮੇਰੇ ਅੰਦਰ ਤਾਕਤ ਦਾ ਬਲ ਸੀ। ਕਹਿੰਦੇ ਉਹ ਕੀ ਗੱਲ ਹੋ ਗਈ? ਕਹਿਣ ਲੱਗੀ, ਇੱਕ ਮਹਾਤਮਾ ਆ ਗਏ, ਤੇ ਮੇਰੇ ਪਤੀ ਮੈਨੂੰ ਕਹਿਣ ਲੱਗੇ, ਕਿ ਤੂੰ ਪੈਸੇ ਲਿਆ। ਇਹ ਮਹਾਂਪੁਰਸ਼ਾਂ ਨੇ ਜਾਣਾ ਹੈ, ਤੇ ਆਪਾਂ ਉਨ੍ਹਾਂ ਦੀ ਸੇਵਾ ਕਰੀਏ, ਉਸ ਵੇਲੇ ਮੈਂ ਉਨ੍ਹਾਂ ਨੂੰ ਦੁਰਬਚਨ ਕਹਿ ਦਿੱਤੇ, 'ਕਿ ਤੂੰ ਤਾਂ ਘਰ ਲੁਟਾਈ ਜਾਂਦਾ ਹੈਂ। ਖਰਚ ਕਰੀ ਜਾਨਾਂ ਹੈਂ, 'ਨਾ ਇਹਨੂੰ ਜਾਣੀਏ ਨਾ ਪਛਾਣੀਏ'। ਕਹਿੰਦੀ, 'ਐਸੇ ਦੁਰਬਚਨ ਕਹੇ, ਕਿ ਮੈਨੂੰ ਉਸੇ ਵੇਲੇ ਮਹਿਸੂਸ ਹੋ ਗਿਆ, 'ਕਿ ਮੇਰਾ ਤਪ ਹਾਰ ਗਿਆ। ਫੇਰ ਇੱਕ ਦੇ ਕੋਲ ਗਏ। ਉਹ ਕਹਿਣ ਲੱਗੀ, 'ਕਿ ਚਾਰ ਮਹੀਨੇ ਤੋਂ ਮੈਂ ਖਾਲੀ ਹੋ ਗਈ। ਪਹਿਲਾਂ ਤਾਂ ਠੀਕ ਸੀ। ਕਹਿਣ ਲੱਗੇ, ਤੇਰੇ ਤੋਂ ਬੀਬੀ ਕੀ ਗਲਤੀ ਹੋ ਗਈ? ਕਹਿਣ ਲੱਗੀ, ਮੇਰਾ ਜਿਹੜਾ ਪਤੀ ਹੈ, ਇਹ ਮਾਤਾ ਦਾ ਰੁਖ

ਬਹੁਤ ਕਰਦਾ ਸੀ, ਇੱਕ ਦਿਨ ਮੈਨੂੰ ਕ੍ਰੋਧ ਆ ਗਿਆ। ਮੈਂ ਇਹਦੀ ਮਾਤਾ ਨਾਲ ਬਹੁਤ ਝਗੜਾ ਕਰ ਲਿਆ। ਝਗੜਾ ਕਰਨ ਦੇ ਨਾਲ ਓਦਣ ਮੈਨੂੰ ਮਹਿਸੂਸ ਹੋਇਆ, 'ਕਿ ਮੇਰਾ ਸਤਿ ਹਾਰ ਗਿਆ। ਮੇਰਾ ਤਪ ਹਾਰ ਗਿਆ, 'ਕਿਉਂਕਿ ਮੈਂ ਗਲਤ ਕੰਮ ਕਰਿਆ ਤੇ ਚੌਥੀ ਦੇ ਕੋਲ ਗਏ। ਕਹਿਣ ਲੱਗੀ, ਮੇਰਾ ਵੀ ਤਪ ਹਾਰ ਗਿਆ? ਪੁਛਿਆ, ਕਿਵੇਂ? ਕਹਿਣ ਲੱਗੀ, ਮੇਰਾ ਪੁੱਤਰ ਅੰਬ ਮੰਗਦਾ ਸੀ, ਮੇਰਾ ਪਤੀ ਜਿਹੜਾ ਸੀ, 'ਉਹ ਪੈਸੇ ਨਹੀਂ ਸੀ ਦਿੰਦਾ। ਕਹਿੰਦੇ, ਅਖੀਰ ਸਾਡਾ ਝਗੜਾ ਹੋ ਗਿਆ। ਝਗੜਾ ਐਨਾ ਹੋ ਗਿਆ ਕਿ ਉਹ ਗਿਰ ਗਿਆ, ਗਿਰਨ ਦੇ ਨਾਲ ਮੈਨੂੰ ਓਦੋਂ ਹੀ ਮਹਿਸੂਸ ਹੋ ਗਿਆ, 'ਕਿ ਮੇਰਾ ਤਪ ਹਾਰ ਗਿਆ। ਉਸ ਵੇਲੇ ਸਾਰੇ ਹੈਰਾਨ ਹੋ ਗਏ ਕਿ ਹੁਣ ਕਿੱਥੋਂ ਕਰੀਏ। ਕਿਸੇ ਨੇ ਦੱਸਿਆ, 'ਕਿ ਇੱਥੇ ਇੱਕ ਭੰਗਣ ਹੈ। ਉਹ ਮਸ਼ਹੂਰ ਹੈ ਉਹਨੂੰ ਸਾਰੇ ਪਤੀਵਰਤਾ ਕਹਿੰਦੇ ਨੇ। ਇਹ ਰਾਜਾ ਤੇ ਸਾਰੇ ਅਮੀਰ ਵਜ਼ੀਰ ਉਹਦੇ ਘਰ ਚਲੇ ਗਏ। ਹਾਕਾਂ ਮਾਰਦੇ ਨੇ, ਉਹਨੇ ਦਰਵਾਜ਼ਾ ਹੀ ਨਾ ਖੋਲ੍ਹਿਆ। ਉਹ ਕਹਿਣ ਲੱਗੇ, ਬੀਬੀ ਸਾਨੂੰ ਬੜਾ ਕੰਮ ਹੈ, ਜਲ ਗੰਦਾ ਹੋ ਗਿਆ ਹੈ, 'ਤੇ ਉਹ ਸ਼ੁੱਧ ਨਹੀਂ ਹੁੰਦਾ, ਜਿੰਨਾਂ ਚਿਰ ਅਸੀਂ ਚਰਨ ਧੋ ਕੇ ਨਹੀਂ ਪਾਉਂਦੇ। ਉਹ ਕਹਿਣ ਲੱਗੀ, ਨਾ ਮੇਰੇ ਨਾਲ ਨਾ ਕੋਈ ਗੱਲ ਕਰੋ। ਮੇਰੇ ਪਤੀ ਨਾਲ ਗੱਲ ਕਰੋ। ਐਨੇ ਨੂੰ ਉਹਨੂੰ ਲਿਆਏ ਟੋਲ੍ਹ ਕੇ ਰਾਜੇ ਨੇ ਗੱਲ ਕਹੀ ਕਿ ਆਹ ਗੱਲ ਹੈ ਤਾਂ ਉਹਦੇ ਮਨ ਵਿੱਚ ਥੋੜ੍ਹਾ ਜਿਹਾ ਗੁੱਸਾ ਆ ਗਿਆ ਕਹਿਣ ਲੱਗਿਆ, ਮੇਰੀ ਘਰਵਾਲੀ ਨੇ ਦਿਖਾਵਾ ਕਰਨ ਵਾਸਤੇ ਇਹ ਬਾਤ ਕਰੀ ਹੈ। ਇਨ੍ਹਾਂ ਨੂੰ ਬਿਠਾਲ ਛੱਡਿਆ ਹੈ, ਤਾਂ ਕਿ ਮੇਰੀ ਮਹਿਮਾ ਹੋਵੇ। ਅੰਦਰ ਆ ਕੇ ਉਸਨੇ ਕਿਹਾ, 'ਕਿ ਚੰਗਾ ਜਾਹ ਫੇਰ ਤੂੰ। ਹੁਕਮ ਮੰਨ ਕੇ ਚਲੀ ਗਈ, ਚਰਨ ਧੋ ਕੇ ਪਾਏ, ਜਲ ਸ਼ੁੱਧ ਹੋ ਗਿਆ। ਜੈਕਾਰੇ ਸ਼ੁਰੂ ਹੋ ਗਏ। ਕਹਿਣ ਲੱਗੇ, ਬੀਬੀ! ਅਸੀਂ ਤੇਰਾ ਬੜਾ ਧੰਨਵਾਦ ਕਰਦੇ ਹਾਂ, ਹੁਣ ਕੋਈ ਸੇਵਾ ਦੱਸ? ਕਹਿਣ ਲੱਗੀ ਸੇਵਾ ਤਾਂ ਇਹ ਹੈ ਕਿ ਲੱਕੜੀਆਂ ਲਿਆਓ। ਚਿਖਾ ਚਿਣ ਦਿਓ। ਕਹਿੰਦੇ, ਕਿਉਂ? ਕਹਿਣ ਲੱਗੀ, ਮੇਰੇ ਪਤੀ ਦੇ ਮਨ ਵਿੱਚ ਗੁੱਸਾ ਆ ਗਿਆ ਸੀ, ਤੁਸੀਂ ਬੈਠੇ ਸੀ ਉਥੇ ਗੰਦੀ-ਮੰਦੀ ਥਾਂ 'ਤੇ। ਉਹਨੇ ਕਿਹਾ, ਕਿ ਤੁਹਾਨੂੰ ਸ਼ਾਇਦ ਮੈਂ ਬਿਠਾਇਆ ਹੈ, ਆਪਣੀ ਮਹਿਮਾ ਕਰਾਉਣ ਵਾਸਤੇ, ਉਹਦੇ ਮਨ ਵਿਚ ਗੁੱਸਾ ਹੋਣ ਕਰਕੇ, ਉਹਨੇ ਮੈਨੂੰ ਕਹਿ ਦਿੱਤਾ, ਕਿ ਜਾਹ। ਮੈਨੂੰ ਐਉਂ ਨਹੀਂ ਕਿਹਾ, 'ਕਿ ਕੰਮ ਕਰਕੇ ਵਾਪਸ ਆ ਜਾਈਂ। ਜਾਹ ਹੀ ਕਿਹਾ। ਹੁਣ ਮੈਂ ਉਹਦਾ ਹੁਕਮ ਨਹੀਂ ਮੋੜ ਸਕਦੀ। ਹੁਣ ਮੈਂ ਜਾਣਾ ਕਿੱਥੇ ਹੈ। ਇਸ ਕਰਕੇ ਚਿਖਾ ਤਿਆਰ ਕਰੋ, ਮੈਂ ਇੱਥੇ ਹੀ ਭਸਮ ਹੋ ਜਾਣਾ ਹੈ।

ਰਾਜਾ ਆਪ ਗਿਆ ਜਾ ਕੇ ਉਸਨੂੰ ਕਿਹਾ ਕਿ ਪ੍ਰੇਮੀਆਂ! ਉਹ ਤਾਂ ਆਹ ਗੱਲ ਬਣ ਗਈ। ਤੂੰ ਗੁੱਸੇ ਹੋ ਗਿਆ। ਕਹਿੰਦਾ, ਹਾਂ ਮੇਰੇ ਮਨ 'ਚ ਗੁੱਸਾ ਆ ਗਿਆ ਸੀ। ਕਹਿੰਦੇ, ਨਾ ਜਾ ਉਹਨੂੰ ਲੈ ਕੇ ਆ।

ਇਸੇ ਤਰ੍ਹਾਂ ਬਾਬਾ ਫਰੀਦ ਬਾਰ੍ਹਾਂ ਸਾਲ ਤਪ ਕਰਕੇ ਆਉਂਦਾ ਹੈ। ਰਸਤੇ ਦੇ ਅੰਦਰ ਖਿਆਲ ਆਇਆ, 'ਕਿ ਮੇਰੇ ਅੰਦਰ ਸ਼ਕਤੀ ਵੀ ਆ

ਗਈ ਕਿ ਨਹੀਂ? ਦੇਖਾਂ ਤਾਂ ਸਹੀ। ਚਿੜੀਆਂ ਰੌਲਾ ਪਾ ਰਹੀਆਂ ਨੇ ਦਰਖਤ ਦੇ ਥੱਲੇ ਬੈਠਾ ਹੈ। ਕਹਿੰਦਾ ਚਿੜੀਓ ਮਰ ਜਾਓ। ਕਿਉਂ ਰੌਲਾ ਪਾਇਆ ਹੈ। ਸਾਰੇ ਜਿੰਨੇ ਪੰਛੀ ਬੈਠੇ ਸੀ, ਤੜੱਕ-ਤੜੱਕ ਕਰਕੇ ਥੱਲੇ ਆ ਗਏ। ਖਿਆਲ ਆਇਆ ਮਨਾਂ ਇਨ੍ਹਾਂ ਨੇ ਕੀ ਕਸੂਰ ਕਰਿਆ ਹੈ? ਇਹ ਤਾਂ ਪੰਛੀ ਨੇ ਆਪਣਾ ਸਹਿਜ ਸੁਭਾਅ ਬੋਲਦੇ ਸੀ, ਉਸੇ ਵੇਲੇ ਕਿਹਾ, 'ਕਿ ਚੰਗਾ ਉਡ ਜਾਓ ਸਾਰੇ। ਸਭ ਉਡ ਗਏ। ਅੱਗੇ ਜੰਗਲ ਤੋਂ ਬਾਹਰ ਆ ਜਾਂਦਾ ਹੈ, ਖੂਹ ਦੇ ਉਤੇ ਇੱਕ ਬਾਈ ਕੁ ਸਾਲ ਦੀ ਬੀਬੀ ਪਾਣੀ ਭਰਦੀ ਹੈ, ਡੋਲ੍ਹੀ ਜਾਂਦੀ ਹੈ-ਭਰਦੀ ਹੈ ਤੇ ਡੋਲ੍ਹੀ ਜਾਂਦੀ ਹੈ। ਇਹਨੇ ਕਿਹਾ ਬੀਬਾ! ਮੈਨੂੰ ਜਲ ਪਿਲਾਓ, ਦਰਵੇਸ਼ ਨੂੰ ਪਿਆਸ ਲੱਗੀ ਹੈ। ਉਹ ਕਹਿੰਦੀ, ਬਾਬਾ! ਉਥੇ ਬਹਿ ਜਾਹ। ਹੋਰ ਕੋਈ ਬੰਦਾ ਆਇਆ ਉਹਨੂੰ ਪਾਣੀ ਪਿਲਾ ਦਿਤਾ, ਹੋਰ ਆਇਆ ਉਹਨੂੰ ਪਿਲਾ ਦਿੱਤਾ। ਇਹਨੇ ਜਦ ਫੇਰ ਮੰਗਿਆ ਫੇਰ ਨਾ ਦਿੱਤਾ। ਕਹਿਣ ਲੱਗੀ, ਬਹਿ ਜਾਹ। ਬੈਠ ਗਿਆ ਕਿ ਪਾਣੀ ਪੀ ਕੇ ਜਾਵਾਂਗਾ। ਮੈਨੂੰ ਕਿਉਂ ਨਹੀਂ ਪਾਣੀ ਪਿਲਾਉਂਦੀ, ਮੈਂ ਦਰਵੇਸ਼ ਹਾਂ ਇਹ ਸਾਧਾਰਣ ਬੰਦੇ ਆ ਕੇ ਪਾਣੀ ਪੀ ਲੈਂਦੇ ਨੇ।

ਉਸ ਵੇਲੇ ਜਦੋਂ ਕੰਮ ਕਰ ਹਟੀ, ਕਹਿਣ ਲੱਗੀ, ਆਓ ਸਾਂਈ! ਹੁਣ ਪਾਣੀ ਪੀਓ। ਕਹਿੰਦਾ, ਬੀਬਾ! ਮੈਂ ਪਾਣੀ ਨਹੀਂ ਹੁਣ ਪੀਣਾ, ਹੁਣ ਪਹਿਲਾਂ ਮੈਨੂੰ ਇਹ ਦੱਸ ਕਿ ਮੈਨੂੰ ਪਹਿਲਾਂ ਪਾਣੀ ਕਿਉਂ ਨਹੀਂ ਪਿਲਾਇਆ? ਕਹਿਣ ਲੱਗੀ, "ਬਾਬਾ! ਇਹ ਚਿੜੀਆਂ ਨਹੀਂ ਸੀ, ਕਿ ਮਾਰ ਦਏਂਗਾ ਤੇ ਜੀਉਂਦੀਆਂ ਕਰ ਦਏਂਗਾ।" ਤੂੰ ਨੇਤਰਾਂ ਵਾਲਾ ਬੰਦਾ ਹੈਂ। ਕਹਿੰਦਾ ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਚਿੜੀਆਂ ਮਾਰੀਆਂ ਨੇ ਤੇ ਜੀਉਂਦੀਆਂ ਕਰੀਆਂ ਨੇ ਤੇ ਹੁਣ ਤੂੰ ਕਿਉਂ ਪਾਣੀ ਡੋਲ੍ਹਦੀ ਹੈਂ। ਕਹਿਣ ਲੱਗੀ, ਅਸੀਂ ਤੀਵੀਆਂ ਹਾਂ ਸਾਡੀ ਭਗਤੀ ਪਤੀ ਭਗਤੀ ਹੋਇਆ ਕਰਦੀ ਹੈ, ਤੇ ਮੇਰਾ ਪਤੀ ਸਤਿਆ ਵਾਲਾ, ਬੰਦਗੀ ਵਾਲਾ ਹੈ ਮੈਂ ਉਸਦੀ ਭਗਤੀ ਕੀਤੀ ਹੈ । ਭਗਤੀ ਦਾ ਫਲ ਮੈਨੂੰ ਇਹ ਹੋਇਆ, 'ਕਿ ਮੇਰੀ ਦ੍ਰਿਸ਼ਟੀ ਖੁੱਲ੍ਹ ਗਈ ਤੇ ਮੈਨੂੰ ਦੂਰ ਤੱਕ ਨਜ਼ਰ ਆਉਂਦਾ ਹੈ। ਤੇਰੀਆਂ ਚਿੜੀਆਂ ਵੀ ਨਜ਼ਰ ਆਈਆਂ ਸੀ, 'ਤੇ ਦੂਰ ਮੇਰੀ ਭੈਣ ਦਾ ਪਿੰਡ ਹੈ ਉਹ ਬਾਹਰ ਗਈ ਹੋਈ ਹੈ, ਅਚਾਨਕ ਉਸ ਦੇ ਘਰ ਨੂੰ ਅੱਗ ਲੱਗ ਗਈ, ਤੇ ਮੈਂ ਅੱਗ ਬੁਝਾਉਂਦੀ ਸੀ, ਦੇਖਣ ਚਲਿਆ ਗਿਆ, ਪਿਆਸ ਬੁੱਝ ਗਈ। ਦੇਖਿਆ, 'ਸੱਚ ਹੈ ਮੁੜ ਕੇ ਆ ਗਿਆ।

ਇਸ ਤਰ੍ਹਾਂ ਦੇ ਨਾਲ ਇਹ ਬੀਬੀ ਰੋਜ਼ ਆਉਂਦੀ ਹੈ ਤੇ ਮਹਾਰਾਜ ਨੂੰ ਕਹਿਣ ਲੱਗੀ ਕਿ ਪਾਤਸ਼ਾਹ! ਮੇਰਾ ਜੋ ਪਤੀ ਹੈ ਉਹ ਹਰ ਵਕਤ ਆਪ ਦੇ ਚਰਨਾਂ ਵਿੱਚ ਲੀਨ ਰਹਿੰਦਾ ਹੈ। ਜਿਹੜਾ ਪਰਮੇਸ਼ਰ ਦੇ ਵਿੱਚ ਲੀਨ ਰਹੇ ਕਹਿੰਦੀ ਉਹਦੇ ਵਿੱਚ ਤੇ ਪ੍ਰਮੇਸ਼ਰ ਦੇ ਵਿੱਚ ਤੇ ਗੁਰੂ ਵਿੱਚ ਕੋਈ ਭੇਤ ਨਹੀਂ ਹੋਇਆ ਕਰਦਾ। ਮੈਂ ਆਪ ਦਾ ਸਰੂਪ ਕਰਕੇ ਉਸਨੂੰ ਮੰਨਦੀ ਹਾਂ, 'ਕਿਉਂਕਿ ਮਹਾਰਾਜ ਦਾ ਐਸਾ ਫੁਰਮਾਨ ਹੈ -

*ਧਾਰਨਾ - ਸਾਂਈ ਹੀ ਵਰਗੇ ਨੇ,*
*ਵਿਸਰੇ ਨਾ ਨਾਮ ਜਿਨ੍ਹਾਂ ਨੂੰ - 2, 2.*

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397***

ਪਾਤਸ਼ਾਹ ਇਸ ਹੁਕਮ ਦੇ ਮੁਤਾਬਿਕ ਮੇਰਾ ਜੋ ਪਤੀ ਹੈ ਹਰ ਵਕਤ ਬੰਦਗੀ 'ਚ ਲੀਨ ਰਹਿੰਦਾ ਹੈ ਤੇ ਮੈਂ ਉਹਨੂੰ ਪ੍ਰਮੇਸ਼ਰ ਸਰੂਪ ਜਾਣ ਕੇ ਮੰਨਦੀ ਹਾਂ ਤੇ ਆਪ ਦੀ ਸੇਵਾ ਕਰਨ ਵਾਸਤੇ ਮੈਂ ਆਪ ਦੀ ਆਗਿਆ ਲੈ ਕੇ ਆਉਂਦੀ ਹਾਂ। ਇਸ ਕਰਕੇ ਇਹ ਸਾਰੀ ਜੋ ਸ਼ਕਤੀ ਹੈ ਆਪ ਦੀ ਬਦੌਲਤ ਪ੍ਰਾਪਤ ਹੋਈ ਹੈ।

ਉਸ ਵੇਲੇ ਸਾਰੀਆਂ ਸੰਗਤਾਂ ਨੂੰ ਮਹਾਰਾਜ ਜੀ ਨੇ ਦੱਸਿਆ ਕਿ ਦੇਖੋ, ਪਤੀਬਰਤਾ ਧਰਮ ਦੇ ਵਿੱਚ ਕਿੰਨੀ ਸ਼ਕਤੀ ਹੈ। ਬੀਬੀਆਂ ਨੂੰ ਕਹਿੰਦੇ ਨੇ, ਕਿ ਇਹ ਲੰਘ ਨਹੀਂ ਸਕਦੀਆਂ। ਕਹਿੰਦੇ, ਵੱਡੀਆਂ-ਵੱਡੀਆਂ ਪਦਵੀਆਂ ਬੀਬੀਆਂ ਨੇ ਪ੍ਰਾਪਤ ਕੀਤੀਆਂ ਨੇ, ਭਾਰਤਵਰਸ਼ ਦੀ ਸੰਸਕ੍ਰਿਤੀ ਦੇ ਅੰਦਰ।

ਸੇਵਾ ਦਾ ਮੈਂ ਜ਼ਿਕਰ ਕਰ ਰਿਹਾ ਸੀ ਕਿ ਭਾਗ ਹੋਣ ਤਾਂ ਸੇਵਾ ਮਿਲਦੀ ਹੈ। ਸੇਵਾ ਕਰਨ ਦੇ ਨਾਲ ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੁੰਦੀ ਹੈ। ਇੱਕ ਗੁਰਸਿੱਖ ਦਾ ਜ਼ਿਕਰ ਆਉਂਦਾ ਹੈ ਇਤਿਹਾਸ ਦੇ ਅੰਦਰ ਫਫੜਿਆਂ ਦੇ ਰਹਿਣ ਵਾਲਾ ਸੀ। ਮਾਨਸਾ ਦੇ ਕੋਲ ਪਿੰਡ ਹੈ ਉਹ ਤੇ ਉਥੇ ਦਾ ਮੁਖੀ ਸੀਗਾ, ਸਰਵਰੀਆ ਸੀ। ਖੇਡ ਪਾਇਆ ਕਰਦਾ ਸੀ। ਚਮੜੇ ਦੀ ਕੋਟੀ ਪਾ ਕੇ ਪਿੱਠ ਦੇ ਉਤੇ ਜ਼ੋਰ-ਜ਼ੋਰ ਦੀ ਮਾਰਦੇ ਨੇ ਲੋਹੇ ਦੀਆਂ ਛਟੀਆਂ, ਫੇਰ ਪੁੱਛਿਆ ਦਿੰਦੇ ਨੇ, ਤੇ ਇਹਨੇ ਬੜਾ ਸਾਰੇ ਮਾਲਵੇ ਨੂੰ ਕਾਬੂ ਕੀਤਾ ਹੋਇਆ ਸੀ। ਲੇਕਿਨ ਸੀ ਕੁਛ ਈਮਾਨਦਾਰ ਬੰਦਾ। ਚਾਹੁੰਦਾ ਸੀ, ਕਿ ਕੋਈ ਰਸਤਾ ਲੱਭੇ ਕੋਈ ਸ਼ਾਂਤੀ ਪ੍ਰਾਪਤ ਹੋਵੇ, ਹਰ ਸਾਲ ਚੌਂਕੀਆਂ ਭਰਦਾ-ਭਰਦਾ ਕਿਤੇ ਇੱਕ-ਇੱਕ ਦਿਨ ਰਹਿ ਕੇ ਤੁਰਦਾ ਜਾਂਦਾ ਸੀ, ਖੇਡਾਂ ਪਾਉਂਦੇ ਸੀ ਲੋਕ, ਉਨ੍ਹਾਂ ਦਿਨਾਂ 'ਚ ਵੱਡਾ ਭਾਰਾ ਇਕੱਠ ਹੋਇਆ ਕਰਦਾ ਸੀ, ਤੇ ਸੰਗ ਲੈ ਕੇ ਉਥੇ ਪਹੁੰਚਿਆ ਕਰਦਾ ਸੀ। ਹਰ ਸਾਲ ਦਾ ਹੀ ਇਹਦਾ ਨੇਮ ਸੀ, ਮੈਂ ਵੀ ਦੇਖਿਆ ਹੈ ਜਦ ਛੋਟਾ ਸੀ। ਕਹਿੰਦੇ, ਜੀ ਆਹ ਸੰਗ ਜਾ ਰਿਹਾ ਹੈ ਜੀ। ਰਾਤ ਨੂੰ, ਉਨ੍ਹਾਂ ਨੇ ਲੋਹੇ ਲੈ ਕੇ ਆਪਣੀ ਪਿੱਠ ਉਪਰ ਬਹੁਤ ਜ਼ੋਰ-ਜ਼ੋਰ ਦੀ ਮਾਰਨਾ। ਕਹਿਣਾ ਜੀ, ਸੱਟ ਨਹੀਂ ਲਗਦੀ ਆਹੀ ਉਨ੍ਹਾਂ ਦੀ ਕਰਾਮਾਤ ਗਿਣਦੇ ਸੀ ਤੇ ਉਹ ਸਰਵਰ ਦੀ ਕਬਰ ਨੂੰ ਲੈ ਕੇ ਲੋਕਾਂ ਨਾਲ ਜਾਇਆ ਕਰਦੇ ਸੀ, ਆਹ ਥੋੜ੍ਹੇ ਚਿਰਾ ਦੀ ਹੀ ਗੱਲ ਹੈ। ਹੁਣੇ ਹਟੇ ਨੇ, ਅਜੇ ਵੀ ਬਹੁਤ ਮੰਨਦੇ ਨੇ ਕਬਰਾਂ ਨੂੰ ਬਹੁਤ ਮੱਥੇ ਟੇਕਦੇ ਹਾਂ ਅਸੀਂ। ਕਿਤੇ ਹੋਵੇ, ਉਥੇ ਨੱਠ ਕੇ ਜਾ ਕੇ ਮੱਥਾ ਪਹਿਲਾਂ ਟੇਕਾਂਗੇ। ਮਹਾਰਾਜ ਨੇ ਸਾਨੂੰ ਮਨ੍ਹਾ ਕੀਤਾ ਹੈ, ਉਹ ਜਿਸ ਵਕਤ ਜਾਂਦਾ ਹੈ, ਜਾਂਦੇ-ਜਾਂਦੇ ਤਾਂ ਉਹ ਦਰਬਾਰ ਸਾਹਿਬ ਚਲਿਆ ਗਿਆ। ਜਿਵੇਂ ਭਾਈ ਮੰਝ ਚਲਿਆ ਗਿਆ ਸੀ। ਉਥੇ ਗਿਆ ਤਾਂ ਗੁਰੂ ਮਹਾਰਾਜ ਦੇ ਬਚਨ ਹੋ

ਰਹੇ ਸੀ, ਇਹ ਵੀ ਚਲਿਆ ਗਿਆ, ਲੰਗਰ ਵਿੱਚ ਪ੍ਰਸ਼ਾਦਾ ਵਰਤ ਰਿਹਾ ਸੀ, ਕਿਸਮਤ ਚੰਗੀ ਸੀ, ਜਾ ਕੇ ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਦੇ ਦਰ 'ਤੇ ਦੀਵਾਨ ਦੇ ਅੰਦਰ ਹਾਜ਼ਰ ਹੋ ਗਿਆ ਤਾਂ ਉਸ ਵੇਲੇ ਮਹਾਰਾਜ ਜੀ ਐਸੇ ਬਚਨ ਕਰ ਰਹੇ ਸੀ ਕਿ ਪ੍ਰੇਮੀਓ! ਮਾਨਸ ਦੇਹ ਬਹੁਤ ਮੁਸ਼ਕਲ ਦੇ ਨਾਲ ਪ੍ਰਾਪਤ ਹੋਈ ਹੈ। ਤੁਸੀਂ ਕਦ ਤੋਂ ਤੁਰੇ ਫਿਰਦੇ ਓਂ, ਕਦੇ ਸੋਚਿਆ ਹੈ ਕਿੰਨੀ ਦੇਰ ਹੋ ਗਈ ਤੁਹਾਨੂੰ ਫਿਰਦਿਆਂ ਨੂੰ? ਬੇਅੰਤ ਯੁੱਗ ਬੀਤ ਗਏ ਜਦੋਂ ਸੰਸਾਰ ਦੀ ਉਤਪਤੀ ਹੋਈ ਹੈ, ਅਕਾਲਪੁਰਖ ਨੇ ਕਰੀ ਹੈ, ਉਸ ਵੇਲੇ ਤੋਂ ਸਾਡਾ ਵਜੂਦ ਕਾਇਮ ਹੋਇਆ ਹੈ। ਅਨੇਕਾਂ ਜੂਨਾਂ ਦੇ ਅੰਦਰ ਘੁੰਮਦੇ-ਘੁੰਮਦੇ ਸਾਨੂੰ ਇਹ ਦੇਹ ਪ੍ਰਾਪਤ ਹੋਈ ਹੈ ਇਹ ਕੋਈ ਐਵੇਂ ਨਹੀਂ ਹੋਈ ਇਸ ਤਰ੍ਹਾਂ ਨਾਲ ਫੁਰਮਾਨ ਹੈ ਬਾਣੀ ਦੇ ਅੰਦਰ -

***ਧਾਰਨਾ - ਬਹੁਤੇ ਜੁਗ ਫਿਰਦੇ-ਫਿਰਦੇ ਨੂੰ,***

***ਤੈਨੂੰ ਮਾਨਸ ਦੇਹੀ ਮਿਲ ਗਈ।***
***ਫਿਰਤ ਫਿਰਤ ਬਹੁਤੇ ਜੁਗ ਹਾਰਿਓ ..........॥***

***ਅੰਗ - 631***

ਜੇ ਚਾਰ ਜੁਗ ਮਹਾਰਾਜ ਕਹਿੰਦੇ ਤਾਂ 43 ਲੱਖ ਵੀਹ ਹਜ਼ਾਰ ਸਾਲ ਹੋਣੇ ਸੀ, ਜੇ ਦਸ ਯੁੱਗ ਕਹਿ ਦਿੰਦੇ ਤਾਂ 4 ਕਰੋੜ 32 ਲੱਖ ਸਾਲ ਹੋਣੇ ਸੀ। ਮਹਾਰਾਜ ਕਹਿੰਦੇ ਇਹ ਤਾਂ ਗਿਣਤੀ ਮਿਣਤੀ ਤੋਂ ਬਾਹਰਲੀਆਂ ਗੱਲਾਂ ਨੇ। 'ਫਿਰਤ ਫਿਰਤ ਬਹੁਤੇ ਜੁਗ ਹਾਰਿਓ ..........॥' ਫੇਰ ਤਾਂ ਸਾਨੂੰ ਫਿਕਰ ਕਰਨਾ ਚਾਹੀਦਾ ਹੈ ਸਾਧਸੰਗਤ ਜੀ। ਐਸਾ ਬਚਨ ਮਹਾਰਾਜ ਜੀ ਦਾ ਹੈ, 'ਇਹਨੂੰ ਧਿਆਨ ਦੇਵੋ ਥੋੜ੍ਹਾ ਜਿਹਾ ਕਿ ਹੈਂ ਐਨਾ ਚਿਰ ਹੋ ਗਿਆ। ਕਿੰਨੀ ਤਕਲੀਫ ਕੱਟਦੇ ਹਾਂ, ਹਰ ਵਾਰੀ ਪੁੱਠੇ ਲਟਕਣਾ ਪੈਂਦਾ ਹੈ ਜਾ ਕੇ। ਜਦੋਂ ਆਹ ਸਰੀਰ ਛੱਡ ਦੇਵਾਂਗੇ, ਅੱਗੇ ਫੇਰ ਮਿਲਣਾ ਹੈ, 'ਕਿਉਂਕਿ ਅਸੀਂ ਪੂਰੇ ਤਾਂ ਹੋਏ ਨਹੀਂ, ਅਧੂਰੇ ਚਲਦੇ ਹਾਂ। ਮੁੜ ਕੇ ਫੇਰ ਪੁੱਠੇ ਲਟਕੋ, ਫੇਰ ਕੁੰਭੀ ਨਰਕ ਵਿੱਚ ਰਹੋ, ਫੇਰ ਓਹੀ ਬੱਚੇ, ਫੇਰ ਓਹੀ ਗਾਲ੍ਹਾਂ ਖਾਓ, ਫੇਰ ਸਕੂਲਾਂ 'ਚ ਜਾਓ, ਫੇਰ ਮਾਸਟਰਾਂ ਦੀਆਂ ਝਿੜਕਾਂ ਖਾਓ, ਫੇਰ ਕੰਮ ਕਰੋ, ਰੋਟੀ ਦਾ ਪ੍ਰਬੰਧ ਕਰੋ, ਓਹੀ ਕੰਮ ਕਰਦੇ-ਕਰਦੇ, ਮੁੜ-ਮੁੜ ਕੇ ਅਸੀਂ ਫੇਰ ਉਸੇ ਚੱਕਰ 'ਚ ਪਈ ਜਾਂਦੇ ਹਾਂ। ਗੁਰੂ ਦੀ ਬਾਤ ਨਹੀਂ ਸੁਣਨ ਨੂੰ ਤਿਆਰ। ਮਹਾਰਾਜ ਕਹਿੰਦੇ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - 631***

ਪਹਿਲਾਂ ਨਹੀਂ ਸੀ ਮਨੁੱਖ ਮਹਾਰਾਜ ਅਸੀਂ? ਮਹਾਰਾਜ ਕਹਿੰਦੇ ਨਾ। ਸਦਾ ਤੋਂ ਤੂੰ ਮਨੁੱਖ ਬਣਦਾ ਨਹੀਂ ਆਇਆ -

***ਕਈ ਜਨਮ ਭਏ ਕੀਟ ਪਤੰਗਾ ॥***
***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***

***ਕਈ ਜਨਮ ਹੈਵਰ ਬ੍ਰਿਖ ਜੋਇਓ ॥*** ***ਅੰਗ - 176***

ਬਹੁਤ ਕੁਛ ਬਣਦਾ ਆਇਆ ਹੈਂ ਤੂੰ। ਨਾਗ ਵੀ ਬਣਿਆ ਹੈਂ, ਪੰਛੀ ਵੀ ਬਣਿਆ ਹੈਂ -

***ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,***
***ਕੇਤੇ ਪੰਖ ਉਡਾਏ ਨੇ।***

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***

***ਅੰਗ - 156***

ਮੁੱਢ ਤੋਂ ਹੀ ਐਸਾ ਨਹੀਂ ਹੈ ਪ੍ਰੇਮੀਆਂ। ਕਿਤੇ ਨਾਗਾਂ ਦੀ ਕੁਲ 'ਚ ਆਉਂਦਾ ਹੈ, ਕਿੰਨੀਆਂ ਕੁਲਾਂ ਨੇ, 360 ਗਿਣਦੇ ਨੇ। ਕਿਸੇ ਥਾਂ ਦੇ ਉਤੇ ਪੰਛੀ ਬਣਦਾ ਹੈ, ਕਿਤੇ ਦਰਖਤ ਬਣਦਾ ਰਿਹਾ ਹੈਂ। ਚਾਰ ਖਾਣੀਆਂ ਨੇ, ਚਾਰਾਂ ਦੇ ਵਿਚੀਂ ਲੰਘਿਆ ਹੈ - **ਅੰਡਜ, ਜੇਰਜ, ਸੇਤਜ, ਉਤਭੁਜ। ਚਾਰਾਂ ਦੇ ਵਿਚੀਂ ਹੋ ਕੇ ਬੜੀ ਮੁਸ਼ਕਲ ਦੇ ਨਾਲ ਮਨੁੱਖਾਂ ਦੇਹੀ ਪ੍ਰਾਪਤ ਹੋਈ ਹੈ।** ਬਹੁਤ ਵਿਸਥਾਰ ਦੇ ਨਾਲ ਮਹਾਰਾਜ ਜੀ ਨੇ ਸਮਝਾਉਣਾ ਕੀਤਾ। ਇਹ ਪ੍ਰੇਮੀ ਨੇ ਪਹਿਲੀ ਵਾਰੀ ਸੁਣਿਆ। ਮਾਲਵੇ ਦੇ ਰਹਿਣ ਵਾਲਾ ਸੀ, ਕਿਸੇ ਸੰਗਤ ਦਾ ਇਸਨੂੰ ਗਿਆਨ ਨਹੀਂ ਸੀ। ਕਿਉਂਕਿ ਆਪ ਹੀ ਪੀਰ ਬਣਿਆ ਹੋਇਆ ਸੀ। ਖੇਡ ਪਾਉਂਦਾ ਸੀ, ਪੁੱਛਿਆ ਦਿੰਦਾ ਸੀ, ਸੰਸਕਾਰ ਹੀ ਨਹੀਂ ਸੀ, ਅੱਜ ਪਹਿਲੇ ਦਿਨ ਕੋਈ ਸੰਸਕਾਰ ਬਣ ਗਏ, ਕੋਈ ਪਿਛਲੇ ਜਨਮ ਦਾ ਕੋਈ ਪੁੰਨ ਕਰਮ ਜਾਗ ਪਿਆ। ਮਹਾਰਾਜ ਜੀ ਇਸਨੂੰ ਜਾਣਦੇ ਸੀ। ਇਹ ਨਹੀਂ ਸੀ ਜਾਣਦਾ ਕਿ ਮੈਨੂੰ ਇਹ ਜਾਣਦੇ ਨੇ।

ਐਸੀ ਵੀ ਇੱਕ ਸਾਖੀ ਆਉਂਦੀ ਹੈ ਕਿ ਮਹਾਰਾਜ ਨੇ ਤਿੰਨ ਵਾਰੀ ਬੁਲਾਇਆ ਇਸਨੂੰ ਕਿ ਉਹਨੂੰ ਲਿਆਓ ਬੁਲਾ ਕੇ। ਉਹ ਕਹਿੰਦਾ, ਕਿ ਮੈਂ ਤਾਂ ਜਾਣਦਾ ਹੀ ਨਹੀਂ ਹਾਂ ਸਿੱਖਾਂ ਦੇ ਗੁਰੂ ਨੂੰ। ਤੀਸਰੀ ਵਾਰੀ ਜਦੋਂ ਗਏ ਕਹਿੰਦਾ, 'ਲੈ ਬਈ ਫੇਰ ਆਹ ਗੱਲ ਹੈ। ਫੇਰ ਮੈਂ ਸਤਿਲੁਜ ਤੱਕ ਤਾਂ ਹੈਗਾ ਪੀਰ ਦਾ। ਦਰਿਆ ਦੇ ਵਿਚਾਲੇ ਜਾ ਕੇ ਕਹਾਂਗਾ ਕਿ ਜੇ ਤਾਂ ਪੀਰ ਜੀ ਤੇਰਾ ਹਾਂ ਤਾਂ, ਤਾਂ ਮੈਂ ਹੁਣ ਲੱਗਿਆਂ ਗੁਰੂ ਦਾ ਬਣਨ ਤੇ ਆਹ ਸੁੱਟਣ ਲੱਗਿਆਂ, ਤਾਂ ਤੂੰ ਦਿਖਾ ਦੇ ਮੈਨੂੰ ਕੋਈ ਕ੍ਰਿਸ਼ਮਾ, ਜੇ ਮੈਂ ਪਾਰ ਲੰਘ ਗਿਆ। ਫੇਰ ਮੈਂ ਗੁਰੂ ਦਾ ਹੋ ਜਾਣਾ ਹੈ। ਅੱਧ ਦਰਿਆ ਦੇ ਵਿੱਚ ਆ ਕੇ ਇਸਨੇ ਸਭ ਕੁਛ ਸੁੱਟ ਦਿੱਤਾ। ਪੀਰ ਨੇ ਕੁਛ ਨਾ ਕਰਿਆ ਤੇ ਗੁਰੂ ਦਾ ਬਣ ਕੇ ਮਨ ਮੰਨ ਗਿਆ।

ਇਹ ਸੰਗਤ ਦੇ ਵਿੱਚ ਬੈਠਾ ਹੈ ਤੇ ਮਹਾਰਾਜ ਐਸੇ ਉਪਦੇਸ਼ ਕਰ ਰਹੇ ਨੇ।

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - 631***

ਤੇਰੀ ਵਾਰੀ ਆ ਗਈ ਪ੍ਰੇਮੀਆਂ! ਸਾਡੀ ਵੀ ਵਾਰੀ ਆ ਗਈ। ਆਪਾਂ ਵੀ ਹੁਣ ਗੁਰੂ ਦੀ ਹਜ਼ੂਰੀ 'ਚ ਬੈਠੇ ਹਾਂ ਤੇ ਮਹਾਰਾਜ ਕਹਿੰਦੇ ਹੁਣ ਕਿਉਂ ਨਹੀਂ ਸਿਮਰਦਾ? ਕਿਉਂ ਨਹੀਂ ਹੁਣ ਤੂੰ ਇਸ ਦਾ ਫਾਇਦਾ ਉਠਾਉਂਦਾ ਤੇ ਚੌਰਾਸੀ ਦੇ ਚੱਕਰ ਜ਼ਰੂਰ ਖਾਣੇ ਨੇ ਤੂੰ? ਚੌਰਾਸੀ ਦੇ ਜਿਹੜੇ ਚੱਕਰ ਨੇ ਇਹ ਜਿੰਨੀ ਦੇਰ ਤੱਕ ਪੂਰੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਨਹੀਂ ਆਉਂਦਾ, ਗੁਰੂ ਦੀ ਸੰਗਤ ਵਿੱਚ ਆ ਕੇ ਤਰੀਕੇ ਦੇ ਨਾਲ ਪਹਿਲਾਂ ਸੁਣਨਾਂ ਫੇਰ ਮੰਨਣਾ, ਫੇਰ ਨਿਧਿਆਸਣ ਕਰਨਾ, ਫੇਰ ਪ੍ਰਾਪਤੀ ਕਰਨੀ, ਇਹ ਚਾਰ ਦਰਜੇ ਹੁੰਦੇ ਨੇ ਸੰਗਤ 'ਚ ਆਉਣ ਦੇ -

***ਸੁਣਿਆ ਮੰਨਿਆ ਮਨਿ ਕੀਤਾ ਭਾਉ ॥*** ***ਅੰਗ - 4***

ਪਹਿਲਾਂ ਸੁਣਨਾ ਹੈ ਤੇ ਫੇਰ ਮਨਾਉਣਾ ਹੈ ਆਪਣੇ ਮਨ ਨੂੰ। ਸਾਡੇ 'ਚ ਨੁਕਸ ਇਹ ਹੈ, ਕਿ ਅਸੀਂ ਸੁਣ ਤਾਂ ਲੈਂਦੇ ਹਾਂ, ਲੇਕਿਨ 90% ਮਨ ਸਾਡਾ ਬਾਹਰ ਹੁੰਦਾ ਹੈ, 10% ਸੰਗਤ 'ਚ ਲੈ ਕੇ ਆਉਂਦੇ ਹਾਂ। ਪੂਰੀ ਤਰ੍ਹਾਂ ਮੰਨਦਾ ਨਹੀਂ ਹੈ, ਮੰਨਣ ਵਾਲੀ ਅਵਸਥਾ 'ਚ ਅਸੀਂ ਪੂਰੀ ਤਰ੍ਹਾਂ ਪਹੁੰਚਦੇ ਨਹੀਂ। ਸੁਣਦੇ ਤਾਂ ਹੈਗੇ, ਉਹ ਵੀ ਥੋੜ੍ਹਾ ਜਿਹਾ ਸੁਣਦੇ ਹਾਂ, ਜੇ ਅਸੀਂ ਪੂਰਾ ਸੁਣ ਲਾਈਏ ਤਾਂ ਚਾਰ ਪਉੜੀਆਂ ਮਹਾਰਾਜ ਨੇ ਸੁਣਨ ਦੇ ਮਹਾਤਮ ਦੀਆਂ ਦੱਸੀਆਂ ਨੇ ਜੇ ਪੂਰਾ ਮੰਨ ਲਈਏ ਤਾਂ ਚਾਰ ਪੌੜੀਆਂ ਮੰਨਣ ਦੇ ਮਹਾਤਮ ਦੀਆਂ ਨੇ। ਉਸ ਤੋਂ ਬਾਅਦ ਫੇਰ 'ਨਿਧਿਆਸਣ' ਰਹਿ ਜਾਂਦਾ ਹੈ, ਜਿਹਨੂੰ ਅਭਿਆਸ ਕਹਿੰਦੇ ਨੇ। ਅਭਿਆਸ ਕਰਦਾ ਹੈ ਜਦ ਉਸ ਤੋਂ ਬਾਅਦ ਪ੍ਰਾਪਤੀ ਹੋਣੀ ਅਵੱਸ਼ ਹੁੰਦੀ ਹੈ ਕਿਉਂਕਿ ਅਕਾਲ ਪੁਰਖ ਦੀ ਐਸੀ ਨੇਤ ਹੈ, ਕਿਸੇ ਦਾ ਘਾਲਿਆ ਹੋਇਆ ਇਕ ਤਿਲ ਜਿੰਨਾਂ ਵੀ ਨਹੀਂ ਆਪ ਗਵਾਉਂਦੇ। ਉਸ ਵੇਲੇ ਐਸਾ ਵਿਚਾਰ ਚਲਦਾ ਹੈ -

***ਧਾਰਨਾ - ਮੁੱਕ ਜਾਂਦੇ ਨੇ ਚੌਰਾਸੀ ਵਾਲੇ ਗੇੜੇ,***
***ਸੰਗਤ ਕਰਕੇ ਸਾਧੂਆਂ ਦੀ।***

***ਖਾਣੀ ਬਾਣੀ ਜੁਗ ਚਾਰਿ ਲਖ ਚਉਰਾਸੀਹ ਜੂਨਿ ਉਪਾਈ।***
***ਉਤਮੁ ਜੂਨਿ ਵਖਾਣੀਐ ਮਾਨਸ ਜੂਨਿ ਦੁਲੰਭ ਦਿਖਾਈ।***
***ਸਭ ਜੂਨੀ ਕਰਿ ਵਸ ਤਿਸੁ ਮਾਣਸ ਨੋ ਦਿਤੀ ਵਡਿਆਈ।***
***ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝ ਨ ਪਾਈ।***
***ਤਿਨ ਮੈ ਸੋ ਆਧੀਨ ਜੋ ਮੰਦੀ ਕੰਮੀ ਜਨਮੁ ਗਵਾਈ।***
***ਸਾਧ ਸੰਗਤਿ ਦੇ ਵੁਠਿਆਂ ਲਖ ਚਉਰਾਸੀਹ ਫੇਰ ਮਿਟਾਈ।***
***ਗੁਰੁ ਸਬਦੀ ਵਡੀ ਵਡਿਆਈ॥***

***ਭਾਈ ਗੁਰਦਾਸ ਜੀ, ਵਾਰ 40/10***

ਦਸਦੇ ਨੇ ਕਿ ਪ੍ਰਮੇਸ਼ਰ ਨੇ ਚਾਰ ਖਾਣੀਆਂ, ਚਾਰ ਬਾਣੀਆਂ ਤੇ ਚਾਰ ਖਾਣੀਆਂ ਦੇ ਅੰਦਰ ਚੌਰਾਸੀ ਲੱਖ ਇੱਕੀ-ਇੱਕੀ ਲੱਖ ਇੱਕ-ਇੱਕ ਖਾਣੀ ਦੇ ਅੰਦਰ ਜੂਨਾਂ ਪੈਦਾ ਕੀਤੀਆਂ। ਸਾਰਿਆਂ ਦੇ ਵਿਚੋਂ ਜਿਹੜੀ ਉਤਮ ਜੂਨ ਹੈ। ਸਾਰੀਆਂ ਜੂਨੀਆਂ ਇਹਦੇ ਅਧੀਨ ਕਰ ਦਿੱਤੀਆਂ। ਅਕਾਲ ਪੁਰਖ ਨੇ

ਮਨੁੱਖ ਨੂੰ ਵਡਿਆਈ ਦੇ ਦਿੱਤੀ। ਜੇ ਹੁਣ ਮਨੁੱਖ ਮੁੜ ਕੇ ਪਸ਼ੂ ਬਣ ਜਾਵੇ, ਫੇਰ ਤਾਂ ਉਹਦੀ ਵਡਿਆਈ ਰਹੀ ਨਾ। ਮਹਾਰਾਜ ਕਹਿੰਦੇ –

*ਕਰਤੂਤਿ ਪਸੂ ਕੀ ਮਾਨਸ ਜਾਤਿ ॥*
*ਲੋਕ ਪਚਾਰਾ ਕਰੈ ਦਿਨੁ ਰਾਤਿ ॥* ***ਅੰਗ – 267***

ਵਡਿਆਈ ਤਾਂ ਦਿੱਤੀ ਸੀ ਕਿ ਸਾਰੀਆਂ ਜੂਨਾਂ ਤੇਰੇ ਵਸ ਵਿੱਚ ਹੋਣਗੀਆਂ। ਲੇਕਿਨ ਮੁੜ ਕੇ ਮਨੁੱਖ ਦੀ ਜੂਨੀ 'ਚ ਹੁੰਦਾ ਹੋਇਆ ਫੇਰ ਪਸ਼ੂ ਬਣ ਜਾਂਦਾ ਹੈ। ਹੁਣ ਦਸਦੇ ਨੇ ਭਾਈ ਗੁਰਦਾਸ ਜੀ ਕਿ ਬਹੁਤੇ ਮਾਨਸ, ਲੱਖਾਂ ਹੀ ਪਰਾਏ ਅਧੀਨ ਹੋ ਕੇ ਪ੍ਰਮੇਸ਼ਰ ਨੂੰ ਛੱਡ ਕੇ ਕੋਈ ਸਮਝ ਦੇ ਵਿੱਚ ਨਹੀਂ ਪੈਂਦੇ ਕਿ ਸਾਡਾ ਉਧਾਰ ਕਿਵੇਂ ਹੋਏਗਾ, ਖਾਣ ਪੀਣ ਦੇ ਵਿੱਚ ਹੀ ਜ਼ਿੰਦਗੀ ਬਤੀਤ ਕਰਦੇ ਨੇ। ਮਾੜੇ ਕੰਮਾਂ 'ਚ ਪੈ ਕੇ ਜਨਮ ਗਵਾ ਲੈਂਦੇ ਨੇ। ਜੇ ਸਾਧੂਆਂ ਦੀ ਸੰਗਤ ਕਰੇ, ਗੁਰੂ ਦੀ ਸੰਗਤ ਕਰੇ, ਫੇਰ ਚੌਰਾਸੀ ਲੱਖ ਜੂਨੀ ਦਾ ਫੇਰ ਮਿਟ ਜਾਂਦਾ ਹੈ, ਕਿਉਂਕਿ ਉਥੇ 'ਗੁਰੂ ਸ਼ਬਦ' ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਸ਼ਬਦ ਦੀ ਮਹਿਮਾ ਹੁੰਦੀ ਹੈ। ਬਾਕੀ ਜਿਹੜਾ ਗੁਰੂ ਤੋਂ ਬਗੈਰ ਆਦਮੀ ਤੁਰਿਆ ਫਿਰਦਾ ਹੈ, ਨਿਗੁਰਾ ਬੰਦਾ, ਆਪੇ ਹੀ ਕਰਮ ਧਰਮ ਕਰਦਾ, ਗੁਰੂ ਧਾਰਨ ਨਹੀਂ ਕਰਦਾ। ਬਹੁਤ ਸਾਰੇ ਪ੍ਰੇਮੀ ਐਸੇ ਹੁੰਦੇ ਨੇ ਨਿਗੁਰੇ ਹੁੰਦੇ ਨੇ, ਚੰਗੇ ਕੰਮ ਵੀ ਕਰਦੇ ਨੇ, ਹਨ ਵੀ ਚੰਗੇ, ਕਹਿੰਦੇ ਜੀ, 'ਅਸੀਂ ਝੂਠ ਨਹੀਂ ਬੋਲਦੇ, ਮਾੜੇ ਕੰਮ ਨਹੀਂ ਕਰਦੇ, ਫੇਰ ਸਾਨੂੰ ਗੁਰੂ ਧਾਰਨ ਦੀ ਕੀ ਲੋੜ ਹੈ। ਮਹਾਰਾਜ ਕਹਿੰਦੇ ਨਾ ਭਾਈ –

*................ਨਿਗੁਰੇ ਕਾ ਹੈ ਨਾਉ ਬੁਰਾ ॥* ***ਅੰਗ – 435***

ਨਿਗੁਰੇ ਦਾ ਤਾਂ ਨਾਉਂ ਹੀ ਬੁਰਾ ਹੋਇਆ ਕਰਦਾ ਹੈ। ਬਾਕੀ ਜਿਹੜੇ ਕੰਮ ਨੇ ਉਨ੍ਹਾਂ ਦੇ ਉਹ ਸਾਰੇ ਐਵੇਂ ਹੀ ਹੋਇਆ ਕਰਦੇ ਨੇ –

***ਧਾਰਨਾ – ਸਭਿ ਆਲ ਜੰਜਾਲਾ ਜੀ,***
***ਇਕਸੁ ਸਤਿਗੁਰ ਬਾਹਰੇ।***

*ਕੋਟੀ ਸਾਦੀ ਕੇਤੜੇ ਜੰਗਲ ਭੂਪਾਲਾ।*
*ਥਲੀ ਵਰੋਲੇ ਕੇਤੜੇ ਪਰਬਤ ਬੇਤਾਲਾ।*
*ਨਦੀਆ ਨਾਲੇ ਕੇਤੜੇ ਸਰਵਰ ਅਸਰਾਲਾ।*
*ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ।*
*ਭੰਭਲਭੂਸੇ ਭੁਲਿਆ ਭਵਜਲ ਭਰਨਾਲਾ।*
*ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ।*

***ਭਾਈ ਗੁਰਦਾਸ ਜੀ, ਵਾਰ 34/18***

ਜੋ ਗੁਰੂ ਤੋਂ ਬਗੈਰ ਨਿਗੁਰਾ ਪੁਰਸ਼ ਹੈ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*

***ਅੰਗ – 1356***

ਸਾਰੇ ਗੇੜੇ ਖਾਂਦੇ ਫਿਰਦੇ ਨੇ ਭਵਜਲ ਦੇ ਅੰਦਰ, ਜਿੰਨਾਂ ਚਿਰ ਗੁਰੂ

ਧਾਰਨ ਨਹੀਂ ਕਰਦਾ, ਗੁਰੂ ਤੋਂ ਕਮਾਈ ਨਹੀਂ ਕਰਦਾ ਨਾਮ ਲੈ ਕੇ, ਓਨਾਂ ਚਿਰ ਕੋਈ ਗੱਲ ਨਹੀਂ ਬਣਿਆ ਕਰਦੀ। ਜਿਹੜੇ ਬੇਮੁਖ ਬੰਦੇ ਨੇ, ਗੁਰੂ ਨਹੀਂ ਧਾਰਨ ਕਰਿਆ, ਨਿਗੁਰੇ ਪੁਰਸ਼ ਨੇ ਉਨ੍ਹਾਂ ਦੇ ਬਾਰੇ ਐਸਾ ਫੁਰਮਾਨ ਹੈ -

***ਧਾਰਨਾ - ਉਹ ਬੇਮੁਖ ਬੰਦੇ, ਬਿਨ ਗੁਰ ਪੂਜਨ ਹੋਰਨਾ।***

***ਬਹੁਤੀ ਘਰੀ ਪਰਾਹੁਣਾ ਜਿਉ ਰਹਦਾ ਭੁਖਾ।***
***ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।***
***ਬਹੁਤੀ ਡੂਮੀ ਢਢ ਜਿਉ ਓਹੁ ਕਿਸੈ ਨ ਧੁਖਾ।***
***ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।***
***ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।***
***ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥***

***ਭਾਈ ਗੁਰਦਾਸ ਜੀ, ਵਾਰ 34/19***

ਗੁਰੂ ਨੂੰ ਛੱਡ ਕੇ ਏਧਰ ਮੱਥਾ ਟੇਕ ਲਿਆ, ਉਹਨੂੰ ਮੱਥਾ ਟੇਕ ਲਿਆ। ਕਹਿੰਦੇ ਉਹ ਤਾਂ ਗੱਲ ਹੀ ਨਹੀਂ ਬਣਦੀ, ***'ਬਹੁਤੀ ਘਰੀ ਪਰਾਹੁਣਾ ਜਿਉ ਰਹਦਾ ਭੁਖਾ।'*** ਕੋਈ ਵੀ ਉਹਦੀ ਭੁੱਖ ਦੂਰ ਨਹੀਂ ਕਰ ਸਕਦਾ। 'ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।' ਸਾਂਝਾ ਬੰਦਾ ਮਰ ਜਾਏ, ਸਾਂਝਾ ਕੰਮ ਹੋ ਜਾਏ ਕਿਸੇ ਦੇ ਮਨ 'ਚ ਚਿੰਤਾ ਹੀ ਨਹੀਂ ਆਇਆ ਕਰਦੀ। ਬਹੁਤੇ ਡੂੰਮ ਹੋਣ ਢੱਡ ਹੀ ਨਹੀਂ ਵੱਜਿਆ ਕਰਦਾ। 'ਵਣਿ ਵਣਿ ਕਾਉ ਨ ਸੋਹਈ ਕਿਉ ਮਾਣੈ ਸੁਖਾ।' ਜਿਹੜਾ ਛਲਾਗਾਂ ਮਾਰਦਾ ਫਿਰਦਾ ਹੈ, ਕਦੇ ਔਹ ਦਰਖਤ 'ਤੇ, ਕਦੇ ਓਸ 'ਤੇ। ਕਹਿੰਦੇ ਉਹਨੂੰ ਸੁੱਖ ਕਿੱਥੋਂ ਮਿਲ ਜਾਏਗਾ। 'ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।' ਜਿਵੇਂ ਵੇਸਵਾ ਹੁੰਦੀ ਹੈ ਬਹੁਤੇ ਮਿੱਤਰਾਂ ਵਾਲੀ ਉਹਨੂੰ ਹਮੇਸ਼ਾਂ ਹੀ ਦੁੱਖ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਇਵੇਂ ਹੀ - 'ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥' ਜਿੰਨੀ ਦੇਰ ਤੱਕ ਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ ਤੇ ਗੁਰੂ ਪ੍ਰਾਪਤ ਕਰਕੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀ ਦੇਰ ਤੱਕ ਬੰਦਾ ਜਿਹੜਾ ਹੈ, ਉਹ ਭੰਬਲ ਭੂਸੇ ਖਾਂਦਾ ਫਿਰਦਾ ਹੈ ਕਿਸੇ ਕਿਨਾਰੇ ਨਹੀਂ ਪਹੁੰਚ ਸਕਦਾ। ਮਾਨਸ ਜਨਮ ਉਹਦਾ ਬਰਬਾਦ ਹੋ ਜਾਂਦਾ ਹੈ। ਮਹਾਰਾਜ ਨੇ ਫੁਰਮਾਨ ਕੀਤਾ ਕਿ ਪ੍ਰੇਮੀਓ! ਮਾਨਸ ਦੇਹੀ ਬੜੀ ਮੁਸ਼ਕਲ ਦੇ ਨਾਲ ਪ੍ਰਾਪਤ ਹੋਈ ਹੈ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥***
***ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥***
***ਮਾਨਸ ਜਨਮ ਕਾ ਏਹੀ ਲਾਹੁ ॥*** ***ਅੰਗ - 1159***

ਮਾਨਸ ਜਨਮ ਲੈ ਕੇ ਜੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਫੇਰ ਕੀ

ਫਾਇਦਾ ਹੈ।

ਇਹ ਭਾਈ ਬਹਿਲੋ ਅੱਜ ਤੱਕ ਕਬਰ ਨੂੰ ਮੱਥੇ ਟੇਕਦਾ ਸੀ, ਖੇਲ੍ਹ ਪਾਉਂਦਾ ਸੀ, ਇਹਨੇ ਸੁਣਿਆ ਹੀ ਨਹੀਂ ਸੀ ਕਿ ਗੁਰੂ ਦੀ ਵੀ ਲੋੜ ਹੁੰਦੀ ਹੈ। ਨਾਮ ਵੀ ਕੋਈ ਚੀਜ਼ ਹੈ, ਪ੍ਰਮੇਸ਼ਰ ਵੀ ਕੋਈ ਚੀਜ਼ ਹੈ, ਇਹ ਤਾਂ ਇਸੇ ਗੱਲ ਵਿੱਚ ਸੀਗਾ ਕਿ ਮੈਨੂੰ ਲੋਕ ਪੂਜਦੇ ਨੇ। ਲਿਆ ਕੇ ਭੇਟਾ ਚਾੜ੍ਹਦੇ ਨੇ, ਪੀਰ ਬਣਿਆ ਹੋਇਆ ਸੀ। ਜਦੋਂ ਮਹਾਰਾਜ ਜੀ ਦੇ ਬਚਨ ਸਰਵਣ ਕੀਤੇ ਨੇਤਰ ਖੁਲ੍ਹਦੇ ਜਾਂਦੇ ਨੇ ਤੇ ਫੁਰਮਾਨ ਹੋਇਆ ਕਿ ਜਿਹੜਾ ਮਾਨਸ ਜਨਮ ਹੈ ਇਹ ਬੜਾ ਪਵਿੱਤਰ ਹੈ ਲੇਕਿਨ ਅਕਾਰਥਾ ਚਲਿਆ ਜਾਂਦਾ ਹੈ। ਜੇ ਇਹਦੇ ਨਾਲ ਕੋਈ ਚੀਜ਼ ਲੱਗ ਜਾਂਦੀ ਹੈ। ਇਹ ਕੇਵਲ ਨਾਮ ਨਾਲ ਪਵਿੱਤਰ ਹੈ, ਜੇ ਨਾਮ ਨਹੀਂ ਹੈ ਤਾਂ ਇਹ ਪਸ਼ੂਆਂ ਤੋਂ ਵੀ ਮਾੜਾ ਹੈ –

***ਧਾਰਨਾ – ਪਸ਼ੂਆਂ ਤੋਂ ਮਾੜੀ ਹੈ ਨਾਮ ਵਿਹੂਣੀ ਦੇਹੀ।***

ਜਿਸ ਦੇਹੀ ਦੇ ਅੰਦਰ ਨਾਮ ਨਹੀਂ ਹੈ, ਕਹਿੰਦੇ ਉਹ ਕਿੰਨਾ ਹੀ ਸੁੰਦਰ ਹੈ, ਪਰ ਉਹ ਦੇਹੀ ਪਸ਼ੂਆਂ ਤੋਂ ਮਾੜੀ ਹੈ, ਪਸ਼ੂਆਂ ਦਾ ਸਰੀਰ ਕੰਮ ਆਉਂਦਾ ਹੈ। ਪਸ਼ੂਆਂ ਦੇ ਹੱਡ ਕੰਮ ਆਉਂਦੇ ਨੇ। ਗੋਹਾ ਵੀ ਉਨ੍ਹਾਂ ਦਾ ਕੰਮ ਆਉਂਦਾ ਹੈ। ਲੇਕਿਨ ਇਹ ਮਨੁੱਖ ਇਹੋ ਜਿਹਾ ਹੈ, ਫੁਰਮਾਨ ਕਰਦੇ ਨੇ ਕਿ –

***ਸਭ ਸਰੀਰ ਅਕਾਰਥੇ ਅਤਿ ਅਪਵਿਤ੍ਰ ਸੁ ਮਾਣਸ ਦੇਹੀ।***
***ਭਾਈ ਗੁਰਦਾਸ ਜੀ, ਵਾਰ 23/14***

ਬਾਕੀ ਜਿਹੜੇ ਸਰੀਰ ਨੇ ਸਾਰੇ ਅਕਾਰਥੇ ਨੇ, ਸਾਰਿਆਂ ਤੋਂ extreme ਤੱਕ ਜਿਹੜੀ ਪਵਿੱਤਰਤਾ ਹੈ ਉਹ ਮਾਨਸ ਦੇਹੀ ਹੈ।

***ਬਹੁਤ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕਸੂਤ੍ਰ ਇਵੇਹੀ।***
***ਭਾਈ ਗੁਰਦਾਸ ਜੀ, ਵਾਰ 23/14***

ਕਹਿੰਦੇ, ਕਿੰਨੇ ਹੀ ਛੱਤੀ ਪ੍ਰਕਾਰ ਦੇ ਭੋਜਨ ਬਣਾ ਕੇ ਖਾ ਲਓ, ਜਦੋਂ ਇਸ ਤੋਬਰੇ 'ਚ ਪੈ ਜਾਣਗੇ ਮਲ ਮੂਤ੍ਰ ਬਣ ਜਾਂਦਾ ਹੈ। ਕੋਈ ਝਾਕਦਾ ਵੀ ਨਹੀਂ। ਥੁੱਕਾਂ ਪਾ-ਪਾ ਕੇ ਨਿਕਲਦੇ ਨੇ।

***ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ।***
***ਭਾਈ ਗੁਰਦਾਸ ਜੀ, ਵਾਰ 23/14***

ਵਧੀਆਂ ਤੋਂ ਵਧੀਆਂ ਲਿਆ ਕੇ ਬਜ਼ਾਰ 'ਚੋਂ ਪਹਿਨ ਲਓ ਤੇ ਚੰਗੀ ਤੋਂ ਚੰਗੀ ਚੀਜ਼ ਖਾ ਲਓ। ਜਦੋਂ ਸਰੀਰ ਦੇ ਨਾਲ ਪੰਜ ਸੱਤ ਦਿਨ ਰਹਿ ਗਏ ਕਹਿੰਦੇ, ਸਾਰੇ ਹੀ ਵਿਗੜ ਜਾਂਦੇ ਨੇ। ਬਦਬੂ ਆਉਣ ਲੱਗ ਜਾਂਦੀ ਹੈ। ਮੁਸ਼ਕ ਮਾਰਨ ਲਗ ਜਾਂਦਾ ਹੈ ਇਹਦੇ ਵਿਚੋਂ।

***ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹਰੇਹੀ।***
***ਭਾਈ ਗੁਰਦਾਸ ਜੀ, ਵਾਰ 23/14***

ਸੌ-ਸੌ ਰੁਪਏ ਦੇ ਸੈਂਟ ਲੈ ਆਓ, ਹਜ਼ਾਰ-ਹਜ਼ਾਰ ਦੇ ਲੈ ਆਓ।

ਲਿਆ ਕੇ ਛਿੜਕੀ ਜਾਓ ਸਰੀਰ 'ਤੇ ਵੀ ਛਿੜਕੀ ਜਾਓ, ਕੱਪੜਿਆਂ 'ਤੇ ਵੀ ਛਿੜਕੀ ਜਾਓ। ਕਹਿੰਦੇ ਹੁੰਦਾ ਕੀ ਹੈ, ਥੋੜ੍ਹੀ ਦੇਰ ਬਾਅਦ ਦੁਰਗੰਧ ਦੇ ਵਿਚ ਬਦਲ ਜਾਂਦਾ ਹੈ –

*ਰਾਜੇ ਰਾਜ ਕਮਾਵਦੇ ਪਤਿਸਾਹ ਖਹਿ ਮੁਏ ਸਭੇਹੀ।*

*ਭਾਈ ਗੁਰਦਾਸ ਜੀ, ਵਾਰ 23/14*

ਰਾਜੇ ਰਾਜ ਕਰਦੇ ਨੇ ਲੇਕਿਨ ਅਹੰਕਾਰ ਦੇ ਅਧੀਨ ਆ ਕੇ ਖਹਿ-ਖਹਿ ਕੇ ਮਰ ਕੇ ਸਾਰੇ ਖਾਕ ਬਣ ਜਾਂਦੇ ਨੇ।

*ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।*

*ਭਾਈ ਗੁਰਦਾਸ ਜੀ, ਵਾਰ 23/14*

ਜਿੰਨਾਂ ਚਿਰ ਸੰਗਤ ਨਹੀਂ ਪ੍ਰਾਪਤ ਹੁੰਦੀ, ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਸ਼ਬਦ ਦੀ ਕਮਾਈ ਨਹੀਂ ਕਰਦੇ, ਮਹਾਰਾਜ ਕਹਿੰਦੇ ਇਹ ਨਿਹਫਲ ਜਾਂਦੀ ਹੈ। ਚਾਹੇ ਇਹ ਸਾਰੇ ਪਾਸਿਓਂ ਹੀ ਗੰਦੀ ਹੈ, ਇੱਕ ਪਾਸਿਓਂ ਹੀ ਚੰਗੀ ਹੈ।

*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥* *ਅੰਗ – 374*

ਮਹਾਰਾਜ ਕਹਿੰਦੇ, ਇੱਕ ਗੱਲ ਜੇ ਤੂੰ ਬੁੱਝ ਲਈ ਤਾਂ, ਤਾਂ ਤੂੰ ਪਵਿੱਤਰ ਹੋ ਜਾਏਂਗਾ। ਜਿਥੇ ਚਰਨ ਧਰੇਂਗਾ, ਉਹ ਧੂੜ ਵੀ ਪਵਿੱਤਰ ਹੋ ਜਾਏਗੀ। ਬਚਨ ਕਰੇਂਗਾ, ਸ਼ਾਂਤੀ ਪਾ ਦਏਂਗਾ। ਲੇਕਿਨ ਇਹ ਚੀਜ਼ ਤੇਰੇ ਕੋਲ ਨਹੀਂ ਤਾਂ ਅਪਵਿੱਤਰਤਾ ਨੂੰ ਚੁੱਕੀਂ ਫਿਰਦਾ ਹੈ, ਗੰਦ-ਮੂਤ ਦਾ ਥੈਲਾ ਲਈ ਫਿਰਦਾ ਹੈਂ –

*ਬਿਸਟਾ ਅਸਤ ਰਕਤੁ ਪਰੇਟੇ ਚਾਮ ॥*
*ਇਸੁ ਊਪਰਿ ਲੇ ਰਾਖਿਓ ਗੁਮਾਨ ॥*
*ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥*
*ਬਿਨੁ ਬੂਝੇ ਤੂੰ ਸਦਾ ਨਾਪਾਕ ॥* *ਅੰਗ – 374*

ਜੇ ਤਾਂ ਇਹਦੇ ਵਿੱਚ ਆਤਮ ਵਸਤੂ ਬੁੱਝ ਲਈ ਤਾਂ, ਤੂੰ ਪਾਕ ਨਹੀਂ ਤਾਂ ਤੂੰ ਨਾਪਾਕ ਹੈਂ। ਸਰੀਰ ਨਾਪਾਕ ਹੈ ਤੇਰਾ –

*ਸਾਧ ਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਣਸ ਦੇਹ ਇਵੇਹੀ।*

*ਭਾਈ ਗੁਰਦਾਸ ਜੀ, ਵਾਰ 23/15*

ਜਦੋਂ ਇਸ ਤਰ੍ਹਾਂ ਦੇ ਬਚਨ ਸੁਣੇ, ਘੰਟਾ, ਡੇਢ ਘੰਟਾ ਮਹਾਰਾਜ ਜੀ ਬਚਨ ਕਰਦੇ ਰਹੇ, 'ਭਾਈ ਬਹਿਲੋ' ਬੜੇ ਧਿਆਨ ਦੇ ਨਾਲ ਸੁਣਦਾ ਰਿਹਾ ਹੈ। ਉਸ ਵੇਲੇ ਨਾਲ ਦਾ ਜਿਹੜਾ ਸੰਗੀ ਸੀ ਉਹਨੇ ਕਿਹਾ ਪੀਰ ਜੀ, ਹੁਣ ਆਪਾਂ ਚੱਲੀਏ। ਤੁਸੀਂ ਤਾਂ ਇਸ ਤਰ੍ਹਾਂ ਬਹਿ ਗਏ ਜਿਵੇਂ ਇੱਥੇ ਹੀ ਰਹਿਣਾ ਹੁੰਦਾ ਹੈ। ਕਹਿੰਦਾ ਬਈ ਗੱਲ ਸੁਣ, ਮੈਂ ਤਾਂ ਜਿੱਥੇ ਆਉਣਾ ਸੀ ਆ ਗਿਆ ਹੁਣ ਨਹੀਂ ਮੈਂ ਜਾਣਾ। ਮੈਨੂੰ ਤਾਂ ਸੋਝੀ ਹੀ ਨਹੀਂ ਪਈ।

ਉਤਮ ਅਧਿਕਾਰੀ ਸੀ ਸਾਧਸੰਗਤ ਜੀ! ਉਤਮ ਅਧਿਕਾਰੀ ਇੱਕ

ਬਚਨ ਨਾਲ ਤਰ ਜਾਂਦਾ ਹੈ। ਦੂਜਾ ਜਿਹੜਾ ਹੈ ਮੱਧਮ ਹੈ, ਕਨਿਸ਼ਟ ਹੈ, ਉਹਨੂੰ ਕਿੰਨਾ ਹੀ ਉਪਦੇਸ਼ ਦੇਈ ਜਾਓ, ਨਹੀਂ ਅਸਰ ਹੋਇਆ ਕਰਦਾ ਉਸ 'ਤੇ। ਉੱਤਮ ਅਧਿਕਾਰੀ ਨੂੰ ਇੱਕੋ ਹੀ ਬਚਨ ਪਾਰ ਕਰ ਦਿੰਦਾ ਹੈ।

ਇੱਕ ਮਹਾਤਮਾ, ਆਪ ਦੇ ਪਾਸ ਇੱਕ ਲਗਨ ਵਾਲਾ ਜਗਿਆਸੂ ਆਇਆ ਪਰ ਸੀ ਸਿੱਧੇ ਸੁਭਾਅ ਦਾ, ਤੇ ਮਹਾਂਪੁਰਸ਼ਾਂ ਕੋਲ ਆ ਗਿਆ ਕਹਿੰਦੇ ਕਿਵੇਂ ਆਇਆ ਹੈਂ? ਕਹਿੰਦਾ ਮਹਾਰਾਜ ਮੈਂ ਤਾਂ ਸਤਿਸੰਗ ਸੁਣੇ ਨੇ ਤੇ ਮੈਨੂੰ ਇਹ ਪਤਾ ਲੱਗਿਆ ਹੈ ਕਿ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਤਰਨਾ ਮੁਸ਼ਕਲ ਹੋ ਜਾਂਦਾ ਹੈ ਤੇ ਨਾਮ ਦੀ ਪ੍ਰਾਪਤੀ ਮੇਰੇ ਕੋਲ ਹੈ ਨਹੀਂ। ਨਾਮ ਤੋਂ ਬਿਨਾਂ ਬੰਦਾ ਪਸ਼ੂ ਹੈ ਤੇ ਕ੍ਰਿਪਾ ਕਰੋ ਮੈਨੂੰ ਨਾਮ ਦੀ ਦਾਤ ਬਖਸ਼ੋ। ਮਹਾਂਪੁਰਸ਼ ਕਹਿੰਦੇ ਪ੍ਰੇਮੀਆਂ! ਪਹਿਲਾਂ ਸ਼ੁੱਧ ਹੋਣਾ ਚਾਹੀਦਾ ਹੈ, ਜਗਿਆਸਾ ਹੋਣੀ ਚਾਹੀਦੀ ਹੈ। ਫੇਰ ਨਾਮ ਦੀ ਦਾਤ ਮਿਲੇ, ਫੇਰ ਉਹ ਕੰਮ ਕਰਿਆ ਕਰਦੀ ਹੈ। ਜੇ ਐਵੇਂ ਹੀ ਧੱਕੋ ਧੱਕੀ ਕਹੋ ਕਿ ਤੂੰ ਅੰਮ੍ਰਿਤ ਛਕ ਲੈ, ਆ ਜਾ। ਅੰਮ੍ਰਿਤ ਕੀ ਕਰੇਗਾ, ਉਹਦੇ ਅੰਦਰ ਨਾਮ ਤਾਂ ਚੱਲਣਾ ਨਹੀਂ। ਜ਼ਬਰੀ ਨਹੀਂ ਸਾਧਸੰਗਤ ਜੀ। ਮਨ ਮੰਨਦਾ ਹੋਵੇ, ਗੁਰੂ ਦੀ ਸਿੱਖੀ ਧਾਰਨ ਕਰਨੀ ਹੈ ਫੇਰ ਉਹ ਨਹੀਂ ਗਿਰਿਆ ਕਰਦਾ।

ਕਿੰਨਿਆਂ ਨੂੰ ਅਸੀਂ ਅੰਮ੍ਰਿਤ ਛਕਾਇਆ ਹੈ। ਥੋੜ੍ਹੀ ਜਿਹੀ ਦੇਰ ਬਾਅਦ ਦੇਖਦੇ ਨੇ ਇੱਕ ਪ੍ਰੇਮੀ ਇੱਥੇ ਅੰਮ੍ਰਿਤ ਵੀ ਉਹਨੇ ਛਕਿਆ, ਇੱਥੇ ਮੇਰੇ ਕੋਲ ਆਇਆ ਕਹਿੰਦਾ ਜੀ, ਮੈਨੂੰ ਬੜਾ ਮੁਸ਼ਕਲ ਹੋ ਗਿਆ। ਮੈਂ ਕਿਹਾ ਕੀ ਹੋ ਗਿਆ? ਕਹਿੰਦਾ, ਮੇਰਾ ਜਿਹੜਾ ਭਰਾ ਹੈ ਉਹ ਸਿਗਰਟਾਂ ਪੀਂਦਾ ਹੈ। ਜਦੋਂ ਰੋਟੀ ਚੁੱਲ੍ਹੇ 'ਤੇ ਪੈਂਦੀ ਹੈ ਉਹ ਸਿਗਰਟਾ ਵਿੱਚ ਸੁੱਟਣੀਆਂ ਸ਼ੁਰੂ ਕਰ ਦਿੰਦਾ ਹੈ, ਅੱਧੀ-ਅੱਧੀ ਪੀ ਕੇ ਵਿੱਚ ਸੁੱਟ ਦਿੰਦਾ ਹੈ, ਤੇ ਮੈਂ ਭੁੱਖਾ ਰਹਿ ਜਾਂਦਾ ਹਾਂ।

ਮੈਂ ਕਿਹਾ, ਤੂੰ ਐਂ ਕਰ ਰਾੜਾ ਸਾਹਿਬ ਭੇਜ ਦਿੰਦੇ ਹਾਂ ਤੈਨੂੰ, ਉਥੇ ਚਲਿਆ ਜਾਹ। ਮੇਰੇ ਕੋਲ ਤਾਂ ਹਾਲੇ ਬੰਦੋਬਸਤ ਨਹੀਂ, ਜੇ ਹੋ ਗਿਆ ਤੂੰ ਆ ਜਾਈਂ। ਰਾੜਾ ਸਾਹਿਬ ਭੇਜ ਦਿਤਾ, ਉਥੇ ਉਸਨੇ ਬਹੁਤ ਸੇਵਾ ਕਰੀ, ਬਹੁਤ ਵਧੀਆ ਚੋਲਾ ਗਿੱਟਿਆਂ ਤੱਕ, ਬੀਬੀਆ ਮੱਥੇ ਟੇਕਿਆ ਕਰਨ। ਭਾਈ ਮੱਥੇ ਟੇਕਿਆ ਕਰਨ। ਚਾਰ-ਪੰਜ ਸਾਲ ਲੰਘ ਗਏ। ਸ੍ਰੀ ਮਾਨ ਜੀ (ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ) ਵੀ ਉਹਦੀ ਬੜੀ ਇੱਜ਼ਤ ਕਰਨ ਲੱਗ ਗਏ। ਮੁੜ ਕੇ ਇੱਥੇ ਮੇਰੇ ਕੋਲ ਆ ਗਿਆ ਰਤਵਾੜਾ ਸਾਹਿਬ। ਮੈਂ ਕਿਹਾ, ਦੇਖ ਤੂੰ ਤਾਂ ਮਹੰਤ ਬਣ ਗਿਆ। ਅਸੀਂ ਮਹੰਤ ਨਹੀਂ ਕਿਸੇ ਨੂੰ ਬਣਾਉਣਾ, ਅਸੀਂ ਤਾਂ ਸੇਵਾਦਾਰ ਪੈਦਾ ਕਰਨੇ ਨੇ। ਮੱਥੇ ਟਿਕਾਉਣ ਵਾਲਾ ਨਹੀਂ ਅਸੀਂ ਕੋਈ ਵੀ ਡੇਰੇ 'ਚ ਵੜਨ ਦੇਣਾ। ਮੱਥੇ ਟੇਕਣ ਵਾਲੇ ਪੈਦਾ ਕਰਨੇ ਨੇ। ਤੂੰ ਆਹ ਕੀ ਕੰਮ ਕਰਦਾ ਹੈਂ ਖੜ੍ਹ ਗਿਆ ਨਹਿਰ 'ਤੇ, ਬੀਬੀਆਂ ਮੱਥਾ ਟੇਕਦੀਆਂ ਨੇ। ਇੱਥੇ ਨਹੀਂ, ਜੇ ਸਾਡੇ ਕੋਲ ਰਹਿਣਾ ਹੈ ਤਾਂ ਸੇਵਾ ਕਰਿਆ ਕਰ। ਕਹੀ ਚੁੱਕ, ਕੰਮ ਚੱਲ ਰਿਹਾ ਸੀ। ਉਸ ਨੇ ਦੋ ਦਿਨ ਸੇਵਾ ਕਰੀ ਕਹਿੰਦਾ ਇੱਥੇ ਤਾਂ ਨਹੀਂ ਚਲਦਾ, ਮੁੜ ਕੇ ਨੱਠ ਗਿਆ। ਮੈਨੂੰ ਉਲਾਂਭਾ ਦਿੱਤਾ ਉਨ੍ਹਾਂ ਨੇ ਕਿ ਸਾਡਾ ਸਿੰਘ ਤੁਹਾਡੇ ਕੋਲ ਆ ਗਿਆ,

ਮੈਂ ਕਿਹਾ ਕਿ ਅਸੀਂ ਤਾਂ ਪ੍ਰਣ ਕਰਿਆ ਹੋਇਆ ਹੈ ਕਿ ਕਿਸੇ ਡੇਰੇ ਦੇ ਸਿੰਘ ਨੂੰ, ਜਿਹੜਾ ਇੱਕ ਵਾਰੀ ਕਿਸੇ ਹੋਰ ਡੇਰੇ 'ਚ ਰਹਿ ਆਇਆ ਉਹਨੂੰ ਨਹੀਂ ਅਸੀਂ ਰਹਿਣ ਦੇਣਾ ਇੱਥੇ। ਕਿਉਂਕਿ ਉਹ ਤਾਂ ਬਣੇ ਬਣਾਏ ਸੰਤ ਆਉਂਦੇ ਨੇ। ਸਾਡਾ ਇਹ ਮੰਤਵ ਨਹੀਂ ਕਿ ਐਵੇਂ ਹੀ ਚੋਲੇ ਵਗੈਰਾ ਪੁਆ ਕੇ ਇੱਥੇ ਗੇੜੇ ਖਲਾਈ ਜਾਈਏ। ਸਾਡਾ ਤਾਂ ਅੰਦਰੋਂ ਇਰਾਦਾ ਇਹ ਰਹਿੰਦਾ ਹੈ ਕਿ ਇਹਨੇ ਘਰ ਛੱਡਿਆ, ਬਾਰ ਛੱਡਿਆ, ਹੁਣ ਇਹ ਕਿਸੇ ਕਿਨਾਰੇ ਪਹੁੰਚੇ। ਇਹਦੇ 'ਚ ਨਿਮਰਤਾ ਆਵੇ, ਸੇਵਾਦਾਰ ਬਣੇ। ਅਸਲੀ ਗੁਰਸਿੱਖੀ ਨੂੰ ਧਾਰਨ ਕਰੇ, ਜੋ ਗੁਰਮਤਿ ਕਹਿੰਦੀ ਹੈ, ਉਹਦੇ ਮੁਤਾਬਿਕ ਆਪਣਾ ਜੀਵਨ ਧਾਰਨ ਕਰੇ। ਮੈਂ ਕਿਹਾ ਅਸੀਂ ਤਾਂ ਪਹਿਲਾਂ ਹੀ ਨਹੀਂ ਕਹਿੰਦੇ ਇਹਨੂੰ ਰਹਿਣ ਲਈ, ਅਸੀਂ ਤਾਂ ਤੋਰਿਆ ਹੈ। ਉਹ ਵੀ ਨਰਾਜ਼ ਹੋ ਗਏ, ਉਥੋਂ ਫੇਰ ਆ ਗਿਆ। ਫੇਰ ਆਇਆ ਹੋਇਆ ਇਧਰ ਉਧਰ ਘੁੰਮਦਾ ਰਿਹਾ।

ਕਈ ਸਾਲ ਹੋ ਗਏ ਇੱਥੇ ਇੱਕ ਸੁੱਕਿਆ ਜਿਹਾ ਬੰਦਾ ਖੜ੍ਹਾ। ਉਹ ਬਾਰ-ਬਾਰ ਕਦੇ ਅੰਦਰ ਨੂੰ ਆਵੇ, ਫੇਰ ਬਾਹਰ ਨੂੰ ਤੁਰ ਜਾਵੇ। ਦਾੜ੍ਹੀ ਕੱਟੀ ਹੋਈ ਉਹਨੇ, ਕੇਸ ਮੁਨਾਏ ਹੋਏ, ਮੈਂ ਕਿਹਾ ਤੂੰ ਫਲਾਣਾ ਨਹੀਂ ਹੈਂ? ਕਹਿੰਦਾ ਹਾਂ। ਮੈਂ ਕਿਹਾ, ਤੈਨੂੰ ਕੀ ਮਰਜ਼ ਹੋ ਗਈ? ਤੂੰ ਮਸਾਂ ਕੱਢਿਆ ਸੀ ਇਹਦੇ 'ਚੋ, ਆਹ ਫੇਰ ਤੂੰ ਸਿਗਰਟਾਂ ਪੀਣ ਲੱਗ ਗਿਆ, ਕੇਸ ਕੱਟ ਦਿੱਤੇ ਤੂੰ ਤਾਂ ਸੰਤ ਬਣਿਆ ਹੋਇਆ ਸੀ, ਲੋਕ ਤੈਨੂੰ ਮੱਥਾ ਟੇਕਦੇ ਸੀ ਚਰਨਾਂ 'ਤੇ।

ਉਹ ਇਸ ਕਰਕੇ ਕਿ ਅੰਦਰ ਨਹੀਂ ਅਜੇ ਸਮਝ ਆਉਂਦੀ, ਉਤੋਂ-ਉਤੋਂ ਬਣ ਜਾਂਦੇ ਨੇ। ਅੰਮ੍ਰਿਤ ਛਕਾ ਕੇ ਵੀ ਦੇਖ ਲਿਆ, ਸਭ ਕੁਛ ਕਰਕੇ ਦੇਖ ਲਿਆ। ਜਦੋਂ ਆਦਮੀ ਗਿਰਦਾ ਹੈ, ਪਤਾ ਹੀ ਨਹੀਂ ਲਗਦਾ ਕਿ ਕਿੱਥੇ ਜਾਂਦਾ ਹੈ ਥੱਲੇ। ਜਦੋਂ ਉੱਤਮ ਅਧਿਕਾਰੀ ਆਉਂਦਾ ਹੈ ਉਹ ਨਹੀਂ ਫੇਰ ਗਿਰਿਆ ਕਰਦਾ।

ਇਹ ਜਿਹੜਾ ਮਹਾਂਪੁਰਸ਼ਾਂ ਦੇ ਪਾਸ ਆਇਆ, ਸੀ ਉੱਤਮ। ਲੇਕਿਨ ਉਨ੍ਹਾ ਨੇ ਕਿਹਾ ਕਿ ਕਸਵੱਟੀ ਲਾਓ ਇਹਦੇ ਉਤੇ, ਪਰਖੋ ਹੋਰ। ਕਹਿੰਦੇ, ਸੇਵਾ ਕਰਿਆ ਕਰ। ਦੱਸੋ, ਮਹਾਰਾਜ? ਕਹਿੰਦੇ, ਡੰਗਰਾਂ ਦੇ ਪੱਠੇ ਵੱਢਿਆ ਕਰ। ਧਾਰਾਂ ਕੱਢਿਆ ਕਰ, ਨਾਲੇ ਗੋਹਾ ਚੁੱਕਿਆ ਕਰ। ਅੱਠ ਸਾਲ ਲੰਘ ਗਏ, ਮਨ ਵਿਚ ਹਰ ਵਕਤ ਸੋਚਦਾ ਰਹਿੰਦਾ ਹੈ ਕਿ ਮਹਾਂਪੁਰਸ਼ਾਂ ਤੋਂ ਅਜੇ ਮੈਂ ਉਪਦੇਸ਼ ਨਹੀਂ ਲਿਆ। ਅੱਠ ਸਾਲ ਹੋ ਗਏ ਮੈਨੂੰ ਤੇ ਇੱਕ ਦਿਨ ਮਹਾਂਪੁਰਸ਼ਾਂ ਕੋਲ ਗਿਆ, ਜਾ ਕੇ ਕਹਿਣ ਲੱਗਿਆ ਕਿ ਮਹਾਰਾਜ ਮੇਰੀ ਇੱਕ ਬੇਨਤੀ ਹੈ, ਕਹਿੰਦੇ ਦੱਸੋ? ਕਹਿੰਦੇ, ਮੈਨੂੰ ਅੱਠ ਸਾਲ ਹੋ ਗਏ ਮਹਾਰਾਜ, ਆਪ ਨੇ ਨਾਮ ਦੀ ਦਾਤ ਨਹੀਂ ਬਖਸ਼ੀ। ਉਹ ਕਹਿੰਦੇ ਐਸ ਤਰ੍ਹਾਂ ਕਰੀਂ ਸਵੇਰੇ ਅੱਠ ਵਜੇ ਆ ਜਾਈਂ। ਠੀਕ ਹੈ ਅਸੀਂ ਤੇਰੀ ਸੇਵਾ 'ਤੇ ਪ੍ਰਸੰਨ ਹੋਏ ਹਾਂ, ਬਹੁਤ ਸੋਹਣੀ ਤੂੰ ਸੇਵਾ ਕੀਤੀ ਹੈ। ਦੂਸਰੇ ਦਿਨ ਅੱਠ ਵਜੇ ਦਾ ਸਮਾਂ ਮਹਾਂਪੁਰਸ਼ਾਂ ਨੇ ਦੇ ਦਿਤਾ, ਉਹ ਜਿਸ ਵਕਤ ਅੱਠ ਵਜੇ ਜਾਣ

ਲੱਗਿਆ, ਓਧਰਲੇ ਪਾਸਿਓਂ ਰਾਤ ਨੂੰ ਹੀ ਇੰਤਜ਼ਾਮ ਬਣ ਗਿਆ ਕਿ ਉਥੇ ਦਾ ਜੋ ਰਾਜਾ ਸੀ ਉਹਨੇ ਸੰਤਾਂ ਦੇ ਦਰਸ਼ਨ ਕਰਨ ਆਉਣਾ ਸੀ। ਉਹਦੇ ਜਿਹੜੇ ਕਰਿੰਦੇ ਸੀ, ਕਿਉਂਕਿ ਸੰਤਾਂ ਦਾ ਸੁਭਾਅ ਖੁਲ੍ਹਾ ਸੀ, ਧਰਤੀ 'ਤੇ ਬੈਠੇ ਸੀ ਤਾਂ ਧਰਤੀ 'ਤੇ ਬੈਠੇ ਨੇ, ਪਰਵਾਹ ਨਹੀਂ ਕਰਿਆ ਕਰਦੇ ਮਹਾਤਮਾ ਕਿਸੇ ਦੀ ਵੀ ਕਿ ਕੌਣ ਆਇਆ ਹੈ, ਇਹਨੂੰ ਕਿੱਥੇ ਬਿਠਾਲੀਏ। ਇਸ ਕਰਕੇ ਨਹੀਂ, ਕਿ ਉਹ ਅਹੰਕਾਰੀ ਹੁੰਦੇ ਨੇ, ਇਸ ਕਰਕੇ ਕਰਦੇ ਨੇ ਇਹਦੀ ਜਿਹੜੀ ਹਉਮੈ ਹੈ, ਉਹ ਥੋੜ੍ਹੀ ਜਿਹੀ ਹੇਠਾਂ ਲਾਹੀਏ, ਹੇਠਾਂ ਹੋਵੇ ਥੋੜ੍ਹਾ ਜਿਹਾ, ਤਾਂ ਕਿ ਇਹ ਕੋਈ ਲਾਭ ਲੈ ਕੇ ਜਾਵੇ, ਜੇ ਅਸੀਂ ਇਹਦੀ ਹਉਮੈ ਨੂੰ ਪੱਠੇ ਪਾ ਦਿੱਤੇ ਫੇਰ ਤਾਂ ਇਹਦਾ ਬਣਨਾ ਕੁਛ ਨਹੀਂ।

ਬਾਬਾ ਖੁਦਾ ਸਿੰਘ ਜੀ ਮਹਾਰਾਜ ਲਾਹੌਰ ਨੇ, ਮਹਾਰਾਜ ਪਟਿਆਲਾ ਤੇ ਮਹਾਰਾਜ ਨਾਭਾ ਦਰਸ਼ਨ ਕਰਨ ਜਾਂਦੇ ਨੇ ਦੋਵੇਂ ਇਕੱਠੇ ਹੀ। ਆਪ ਅੰਤਰਜਾਮੀ ਸੀ ਕਹਿਣ ਲੱਗੇ ਕਿ ਅੱਜ ਸਾਡੇ ਕਮਰੇ ਦੇ ਵਿੱਚ ਚਾਰ-ਚਾਰ ਉਂਗਲ ਪਾਣੀ ਖੜ੍ਹਾ ਕਰ ਦਿਓ। ਹੁਕਮ ਦੀ ਤਾਮੀਲ ਕੀਤੀ ਗਈ, ਆਪ ਗਏ ਚੌਂਕੜਾ ਮਾਰ ਕੇ ਪਾਣੀ 'ਚ ਬਹਿ ਗਏ। ਰਾਜੇ ਆਏ ਜਦੋਂ ਦਰਸ਼ਨ ਕਰਨ ਵਾਸਤੇ, ਕਹਿੰਦੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਨੇ ਨੇ। ਕਹਿੰਦੇ ਭੇਜ ਦਿਓ। ਉਹਨੇ ਦੋਵੇਂ ਰਾਜੇ ਭੇਜ ਦਿੱਤੇ, ਹੁਣ ਦੋਵੇਂ ਖੜ੍ਹੇ ਨੇ, ਬੈਠਣ ਕਿੱਥੇ, ਪਾਣੀ ਵਿੱਚ ਪੈਰ ਨਹੀਂ ਧਰਦੇ ਜ਼ੁਰਾਬਾਂ ਭਿੱਜਦੀਆਂ ਨੇ। ਕਹਿੰਦੇ, ਲੰਘ ਆਓ। ਬੈਠੋ ਰਾਜਨ! ਕੋਈ ਨਹੀਂ ਬਹਿੰਦਾ। ਕਿਉਂਕਿ ਬੇਪਰਵਾਹ ਹੁੰਦੇ ਨੇ ਸਾਧਸੰਗਤ ਜੀ! ਕਿਉਂਕਿ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ - 186***

ਜਿਹਦਾ ਕਹਿਆ ਹੋਇਆ ਦਰਗਾਹ 'ਚ ਧਰਮਰਾਜ ਮੰਨਦਾ ਹੈ, ਉਹ ਇੱਥੇ ਦੇ ਰਾਜਿਆਂ ਨੂੰ ਕੀ ਸਮਝਦਾ ਹੈ। ਫੇਰ ਝੂਠੇ ਨੇ, ਉਹ ਸੱਚੇ ਪਾਤਸ਼ਾਹ ਨੇ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ - 5***
***ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥***
***ਅੰਗ - 1413***

ਇਸ ਤਰ੍ਹਾਂ ਇਹ ਮਹਾਤਮਾ ਨੂੰ ਲੋੜ ਨਹੀਂ ਹੋਇਆ ਕਰਦੀ। ਉਹਦੇ ਕਰਿੰਦਿਆਂ ਨੇ, ਵਜ਼ੀਰਾਂ ਨੇ ਸੋਚਿਆ ਕਿ ਰਾਜੇ ਨੇ ਜਾਣਾ ਹੈ, ਸੰਤ ਤਾਂ ਭੁੰਝੇ ਹੀ ਬੈਠਦੇ ਨੇ, ਚਲੋ ਸੰਤ ਤਾਂ ਬਹਿ ਜਾਣਗੇ ਕਿਸੇ ਚੀਜ਼ 'ਤੇ। ਰਾਜਾ ਸਾਡਾ ਬਹਿ ਜਾਏਗਾ, ਰਾਤ ਨੂੰ ਆ ਕੇ ਗਲੀਚੇ ਵਿਛਾ ਗਏ ਤੇ ਬਾਹਰਲੇ ਪਾਸੇ ਵੀ ਕਾਰਪੈਟ ਵਿਛਾ ਦਿੱਤਾ। ਇਹ ਪ੍ਰੇਮੀ ਗੋਹਾ ਚੁੱਕਦਾ-ਚੁੱਕਦਾ, ਇਹਦੇ ਯਾਦ ਆਇਆ ਕਿ ਮੈਨੂੰ ਤਾਂ ਅੱਠ ਵਜੇ ਦਾ ਸਮਾਂ ਦਿੱਤਾ ਸੀ। ਇਹ ਇੱਕ ਦਮ ਦੌੜ ਕੇ ਆਇਆ ਮਹਾਂਪੁਰਸ਼ਾਂ ਕੋਲ। ਪੈਰ ਗੋਹੇ ਨਾਲ ਲਿਬੜੇ ਹੋਏ ਨੇ ਤੇ ਸੰਤ ਬਾਹਰ ਬੈਠੇ ਨੇ। ਉਧਰੋਂ ਰਾਜੇ ਦੇ ਆਉਣ ਦਾ

ਸਮਾਂ ਹੋਇਆ ਤੇ ਜਦੋਂ ਇਹ ਆਇਆ ਤਾਂ ਸੰਤਾਂ ਦੀ ਨਿਗ੍ਹਾ ਚਲੀ ਗਈ ਇਹਦੇ ਪੈਰਾਂ 'ਤੇ। ਇਹਨੂੰ ਰੋਕਣ ਵਾਸਤੇ ਹੱਥ ਕਰ ਦਿੱਤਾ ਕਹਿੰਦੇ, ਪਰ੍ਹੇ-ਪਰ੍ਹੇ, ਉਥੇ ਹੀ ਇਹਨੇ ਮੱਥਾ ਟੇਕ ਦਿੱਤਾ। ਚਲਿਆ ਗਿਆ ਘਰ ਜਾ ਕੇ ਇਹਨੇ ਪਰ੍ਹੇ-ਪਰ੍ਹੇ ਕਰਨਾ ਸ਼ੁਰੂ ਕਰ ਦਿੱਤਾ, ਐਸਾ ਕਰਿਆ ਕਿ ਲਿਵ ਲੱਗ ਗਈ ਇਹਦੀ, ਦਿਨ ਰਾਤ ਕਰਦੇ ਦੀ।

ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਹ ਵੀ ਕੋਈ ਮੰਤਰ ਹੈ ਜਿਹਦੇ ਨਾਲ ਤਰ ਜਾਂਦਾ ਹੈ। ਭੇਤ ਹੈ ਇਹਦੇ ਵਿੱਚ ਵੀ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - 1374***

ਇਹ ਭੇਤ ਹੈ, ਮਹਾਂਪੁਰਸ਼ ਦਸਦੇ ਨੇ ਕਿ ਆਹ ਭੇਤ ਹੈ, ਇਹਦੇ ਨਾਲ ਜੇ ਤੂੰ ਨਾਮ ਜਪੇਂਗਾ, ਤੈਨੂੰ ਹਜ਼ਾਰਾਂ ਗੁਣਾਂ ਇੱਕ ਵਾਰੀ ਕਹਿਣ ਦਾ ਫਲ ਹੋਏਗਾ। ਬੈਖਰੀ ਬਾਣੀ 'ਚ ਸੌ ਵਾਰੀ ਵਾਹਿਗੁਰੂ-ਵਾਹਿਗੁਰੂ ਕਹੀ ਜਾਓ, ਮਧਮਾ 'ਚ ਇੱਕ ਵਾਰੀ ਕਹਿ ਲਓ। ਦਸ ਵਾਰੀ ਕਹੋ ਮਧਮਾ 'ਚ, ਸੌ ਵਾਰੀ ਕਹੋ ਬਾਹਰ, ਪਸੰਤੀ ਬਾਣੀ 'ਚ ਇੱਕ ਵਾਰੀ। ਹਜ਼ਾਰ ਵਾਰੀ ਵਾਹਿਗੁਰੂ-ਵਾਹਿਗੁਰੂ ਕਹੋ ਬੈਖਰੀ ਬਾਣੀ 'ਚ, ਇੱਕ ਵਾਰੀ ਕਹੋ ਪਰਾ ਬਾਣੀ 'ਚ। ਇਸ ਤਰ੍ਹਾਂ ਫਲ ਵਧਦੇ ਜਾਂਦੇ ਨੇ। ਮਾਨਸਕਿ ਜਾਪ ਦਾ ਬੇਅੰਤ ਫਲ ਵੱਧ ਜਾਂਦਾ ਹੈ। ਤ੍ਰਿਕੁਟੀ ਦੇ ਜਾਪ ਦਾ ਹੋਰ ਫਲ ਹੈ, ਦਸਵੇਂ ਦੁਆਰ ਦੇ ਜਾਪ ਦਾ ਬੇਅੰਤ ਫਲ ਹੈ। ਫਲ ਵਧਦੇ ਜਾਂਦੇ ਨੇ, ਢੰਗ ਹੋਇਆ ਕਰਦਾ ਹੈ। ਓਹੀ ਰਾਮ ਸਭ ਕਹਿੰਦੇ ਨੇ, ਓਹੀ ਰਾਮ ਮਾਤਾ ਲੋਈ ਨੇ ਕਿਹਾ ਸੀ, ਕੋਹੜੀ ਦਾ ਕੋਹੜ ਹਟਾ ਦਿੱਤਾ।

ਇਹ ਜਦੋਂ ਆਇਆ ਤਾਂ ਆਪ ਨੇ ਫੁਰਮਾਇਆ ਪਰ੍ਹੇ-ਪਰ੍ਹੇ; ਲਿਵ ਲੱਗ ਗਈ। ਦਿਨ ਰਾਤ ਪਰ੍ਹੇ-ਪਰ੍ਹੇ ਕਰੀ ਜਾਂਦਾ ਹੈ ਕਿ ਬੜੀ ਮੁਸ਼ਕਲ ਦੇ ਨਾਲ ਮੈਨੂੰ ਨਾਮ ਪ੍ਰਾਪਤ ਹੋਇਆ ਹੈ। ਕਾਫੀ ਸਮੇਂ ਤੋਂ ਬਾਅਦ ਮਹਾਂਪੁਰਸ਼ ਕਹਿਣ ਲੱਗੇ, ਪ੍ਰੇਮੀਆਂ! ਇੱਕ ਸਾਡੇ ਮਿੱਤਰ ਨੇ ਹੋਰ ਮਹਾਂਪੁਰਸ਼ ਅਸੀਂ ਆਹ ਸੁਨੇਹਾ ਭੇਜਣਾ ਹੈ ਚਿੱਠੀ ਲੈ ਜਾ। ਪਰ ਜਵਾਬ ਲੈ ਕੇ ਆਈਂ ਤੂੰ। ਉਸ ਵੇਲੇ ਚਿੱਠੀ ਲੈ ਲਈ ਤੇ ਮਨ ਵਿਚ ਖਿਆਲ ਆ ਗਿਆ ਕਿ ਮੇਰਾ ਪਰ੍ਹੇ-ਪਰ੍ਹੇ 'ਨਾਮ' ਨਾ ਕਿਤੇ ਭੁੱਲ ਜਾਵੇ। ਚਿੰਤਾ 'ਚ ਬੈਠਾ ਹੈ, ਕੀ ਦੇਖਦਾ ਹੈ ਕਿ ਸਾਹ੍ਮਣੇ ਇੱਕ ਦਮ ਪ੍ਰਕਾਸ਼ ਹੋ ਕੇ ਮਨੁੱਖ ਰੂਪ ਦੇ ਅੰਦਰ ਪ੍ਰਮੇਸ਼ਰ ਜੀ ਪ੍ਰਗਟ ਹੋ ਗਏ। ਕਹਿਣ ਲੱਗੇ, ਤੁਸੀਂ ਕੌਣ ਹੋਂ। ਕਹਿਣ ਲੱਗੇ, ਮੈਂ ਪਰ੍ਹੇ-ਪਰ੍ਹੇ ਹਾਂ। ਲਿਆ ਚਿੱਠੀ ਮੈਨੂੰ ਦੇ, ਤੂੰ ਬੈਠ ਕੇ ਨਾਮ ਜਪ ਤੇ ਮੈਂ ਧੰਨੇ ਦੇ ਵੀ ਨੱਕੇ ਛੱਡਦਾ ਰਿਹਾ ਹਾਂ। ਉਹ ਨਾਮ ਜਪਦਾ ਸੀ ਮੈਂ ਉਹਦੇ ਨੱਕੇ ਛੱਡਦਾ ਸੀ। ਮੈਂ ਉਹਦੇ ਹਲਟ ਚਾਰਦਾ ਸੀ ਉਹ ਇਕ ਚਿੱਤ ਹੋ ਕੇ ਨਾਮ ਜਪਦਾ ਸੀ, ਮੈਂ ਤਾਂ ਭਗਤਾਂ ਦੇ ਅਧੀਨ ਹਾਂ, ਫੜਾ ਚਿੱਠੀ। ਉਸੇ ਵੇਲੇ ਫੜੀ, ਚਿੱਠੀ ਦਾ ਜਵਾਬ ਲਿਆ ਕੇ ਕਹਿੰਦੇ ਲੈ ਦੇ ਦੇ ਸੰਤਾਂ ਨੂੰ। ਸੰਤ ਕਹਿੰਦੇ ਗਿਆ ਨਹੀਂ ਤੂੰ? ਕਹਿੰਦੇ, ਜਵਾਬ ਲੈ ਆਇਆ। ਚਿੱਠੀ ਲੈ ਕੇ ਪੜ੍ਹੀ, ਹੈਰਾਨ ਹੋ ਗਏ ਕਿ ਕਿਵੇਂ ਲੈ ਆਇਆ ਇਹ ਜਵਾਬ। ਕਹਿੰਦੇ,

ਕਿਵੇਂ ਲੈ ਆਇਆ ਜਵਾਬ? ਕਹਿੰਦਾ ਜੀ, ਮੈਂ ਤਾਂ ਨਹੀਂ ਗਿਆ ਪਰ੍ਹੇ-ਪਰ੍ਹੇ ਗਿਆ ਸੀ। ਕਹਿੰਦੇ, ਪਰ੍ਹੇ-ਪਰ੍ਹੇ ਕੀ? ਕਹਿੰਦਾ, ਜਿਹੜਾ ਤੁਸੀਂ ਮੈਨੂੰ ਮੰਤਰ ਦਿੱਤਾ ਸੀ, ਪਰ੍ਹੇ-ਪਰ੍ਹੇ ਦਾ, ਤੇ ਮੈਂ ਉਹਦਾ ਜਾਪ ਕਰਦਾ ਹਾਂ, ਤੇ ਪ੍ਰਮੇਸ਼ਰ ਪ੍ਰਗਟ ਹੋ ਗਿਆ। ਉਹ ਜਵਾਬ ਲੈ ਆਇਆ। ਸੰਤ ਹੈਰਾਨ ਹੋ ਗਏ। ਯਾਦ ਆ ਗਿਆ ਕਿ ਇਹਦੇ ਪੈਰ ਲਿਬੜੇ ਹੋਏ ਸੀ, ਅਸੀਂ ਇਹਨੂੰ ਪਰ੍ਹੇ-ਪਰ੍ਹੇ ਕਿਹਾ ਸੀ। ਉਸ ਵੇਲੇ ਸੰਤਾਂ ਦੇ ਮਨ ਵਿੱਚ ਖਿਆਲ ਆਇਆ ਕਿ ਇਹ ਕਿਹੜਾ ਨਾਮ ਹੈ ਪਰ੍ਹੇ-ਪਰ੍ਹੇ। ਅਰਾਧਨਾ ਕੀਤੀ, ਪਹੁੰਚੇ ਹੋਏ ਮਹਾਤਮਾ ਸੀ। ਅੰਦਰੋਂ ਆਵਾਜ਼ ਆਈ, ਕਹਿੰਦੇ ਸੰਤ ਜੀ! ਇਹ ਮੇਰਾ ਪਹਿਲਾ ਮੁੱਢ ਦਾ ਨਾਮ ਹੈ, ਜਿਹੜਾ ਪਰ੍ਹੇ-ਪਰ੍ਹੇ ਹੈ। ਮੈਨੂੰ ਅਪਰੰਪਰੁ ਕਹਿੰਦੇ ਨੇ -

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***
***ਨਾਨਕ ਗੁਰੁ ਮਿਲਿਆ ਸੋਈ ਜੀਉ ॥*** ***ਅੰਗ - 599***

ਪਰ੍ਹੇ ਤੋਂ ਪਰ੍ਹੇ ਹਾਂ ਮੈਂ। ਜਿੰਨਾਂ ਕੁਛ ਤੁਹਾਨੂੰ ਨਜ਼ਰ ਆਉਂਦਾ ਹੈ, ਪੰਜ ਤੱਤ ਨਜ਼ਰ ਆਉਂਦੇ ਨੇ, ਪੰਜ ਇਨ੍ਹਾਂ ਦੇ ਬੀਜ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਉਂਦੇ ਨੇ, ਤਿੰਨ ਗੁਣ ਨਜ਼ਰ ਆਉਂਦੇ ਨੇ। ਇਨ੍ਹਾਂ ਤੋਂ ਪਰ੍ਹੇ ਤਿੰਨ ਗੁਣ ਨੇ, ਤਿੰਨਾਂ ਗੁਣਾਂ ਤੋਂ ਪਰ੍ਹੇ ਪ੍ਰਾਕ੍ਰਿਤੀ ਹੈ। ਪ੍ਰਕ੍ਰਿਤੀ ਤੋਂ ਪਰ੍ਹੇ ਮਾਇਆ ਹੈ। ਉਸ ਤੋਂ ਪਰ੍ਹੇ ਮੈਂ ਹਾਂ ਜਿੱਥੇ ਕੋਈ ਨਹੀਂ ਪਹੁੰਚ ਸਕਦਾ, ਮੇਰਾ ਨਾਮ ਹੀ ਆਰਦ ਹੈ, ਪਰ੍ਹੇ-ਪਰ੍ਹੇ। ਉੱਤਮ ਜਗਿਆਸੂ ਸੀ, ਉੱਤਮ ਜਗਿਆਸੂ ਹੋਣ ਕਰਕੇ ਲਿਵ ਲੱਗ ਗਈ।

ਭਾਈ ਬਹਿਲੋ ਵੀ ਉੱਤਮ ਜਗਿਆਸੂ ਸੀ, ਬਚਨ ਸੁਣਦੇ ਸਾਰ ਮਨ ਵਿੱਚ ਫੈਸਲਾ ਕਰ ਲਿਆ, ਦਲੇਰ ਬੰਦਾ ਸੀ। ਕਈ ਬੰਦੇ ਸ਼ਰਾਬ ਪੀਣ ਵਾਲਿਆਂ ਨੂੰ ਮਾੜਾ ਕਹਿੰਦੇ ਨੇ। ਮੈਂ ਨਹੀਂ ਕਦੇ ਮਾੜਾ ਕਿਹਾ। ਮੈਂ ਕਿਹਾ ਜਿਹੜਾ ਪੈਸਾ ਖਰਚ ਸਕਦਾ ਹੈ ਬੇਤਹਾਸ਼ਾ ਇਹ ਬੰਦਾ ਜੇ ਇਧਰ ਆ ਜਾਵੇ ਇਹ ਦਾਨ ਵੀ ਬਹੁਤ ਕੱਢ ਸਕਦਾ ਹੈ। ਮਾੜਾ ਬੰਦਾ ਜੇ ਚੰਗਾ ਬਣ ਜਾਵੇ ਤਾਂ extreme 'ਤੇ ਚੰਗਾ ਬਣਦਾ ਹੈ। ਜਿੰਨੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਫੌਜ ਵਿੱਚ ਹੋਏ ਨੇ। ਦਲੇਰ ਹੁੰਦੇ ਨੇ, ਫੈਸਲਾ ਕਰਨ ਦੀ ਜ਼ੁਰਅੱਤ ਹੁੰਦੀ ਹੈ ਉਨ੍ਹਾ 'ਚ। ਫੈਸਲਾ ਕਰ ਸਕਦੇ ਨੇ। ਇਹ ਵੀ ਇਸਨੇ ਫੈਸਲਾ ਕਰ ਲਿਆ ਕਿ ਮੈਂ ਜਿੱਥੇ ਆਉਣਾ ਸੀ ਆ ਗਿਆ ਤੇ ਮੈਂ ਹੁਣ ਇਹ ਦਰ ਛੱਡ ਕੇ ਨਹੀਂ ਕਿਸੇ ਥਾਂ 'ਤੇ ਜਾਣਾ। ਨਾਲ ਦੇ ਸਾਥੀ ਕਹਿੰਦੇ ਨੇ ਕਿ ਚੱਲੀਏ, ਹੁਣ ਤਾਂ ਦੋ ਚੌਂਕੀਆਂ ਆਪਣੀਆਂ ਹੋਰ ਨੇ, ਫੇਰ ਆਪਾਂ ਪਹੁੰਚ ਜਾਣਾ ਹੈ। ਕਹਿੰਦਾ, ਹੁਣ ਨਹੀਂ ਮੈਂ ਜਾਂਦਾ, ਜਿੱਥੇ ਆਉਣਾ ਸੀ ਆ ਗਿਆ। ਆਹ ਮੈਂ ਬਚਨ ਨਹੀਂ ਸੁਣੇ ਇਹ ਤਾਂ ਭਰੇ ਹੋਏ ਬਾਣ ਸੀ, ਕਿਉਂਕਿ ਦੋਹਾਂ 'ਚ ਫਰਕ ਹੁੰਦਾ ਹੈ। ਜਿਹਦੇ ਅੰਦਰ ਨਿਰੰਕਾਰ ਦਾ ਵਾਸਾ ਹੁੰਦਾ ਹੈ, ਉਹਦੇ ਬਚਨ ਭਰੇ ਹੋਏ ਹੁੰਦੇ ਨੇ। ਜਿਹੜਾ ਖਾਲੀ ਹੁੰਦਾ ਹੈ ਉਹਦੇ ਖਾਲੀ ਬਚਨ ਹੁੰਦੇ ਨੇ।

***ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥***
***ਤਿਸ ਕੀ ਸੀਖ ਤਰੈ ਸੰਸਾਰੁ ॥***

***ਅੰਗ - 269***

ਉਹਦੀ ਇੱਕ ਗੱਲ ਕਹੀ ਹੋਈ, ਬੰਦਾ ਤਰ ਜਾਂਦਾ ਹੈ। ਉਹਨੂੰ ਬਹੁਤੇ ਉਪਦੇਸ਼ ਦੇਣ ਦੀ ਲੋੜ ਨਹੀਂ ਹੁੰਦੀ। ਕਿਉਂਕਿ ਭਰੇ ਹੋਏ ਬਾਣ ਮਾਰਦਾ ਹੈ। ਉਸੇ ਅਵਸਥਾ ਨੂੰ ਇਸ ਤਰ੍ਹਾਂ ਵਰਨਣ ਕੀਤਾ ਹੈ -

***ਧਾਰਨਾ - ਗੁਰਾਂ ਨੇ ਮੇਰੇ ਓ ਬਾਣ ਮਾਰਿਆ,***
***ਮੇਰੇ ਪੈ ਗਿਆ ਕਲੇਜੇ ਛੇਕ।***

***ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥***
***ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥***

*ਅੰਗ - ੧੩੭੨*

ਕਹਿਣ ਲੱਗਿਆ, ਮੈਂ ਹੁਣ ਨਹੀਂ ਜਾ ਸਕਦਾ ਕਿਤੇ, ਜਿਥੇ ਆਉਣਾ ਸੀ ਆ ਗਿਆ। ਮੇਰੇ 'ਚ ਤਾਕਤ ਨਹੀਂ ਰਹੀ, ਸੱਤਾ ਨਹੀਂ ਰਹੀ। ਮੈਂ ਕਿਤੇ ਨਹੀਂ ਜਾ ਸਕਦਾ -

***ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥***

***ਅੰਗ - 1374***

ਕਹਿੰਦੇ ਮੇਰੇ ਤਾਂ ਪੈਰ ਪਿੰਗਲੇ ਹੋ ਗਏ, ਜਦੋਂ ਦੇ ਮੈਂ ਸਤਿਗੁਰੂ ਦੇ ਬਚਨ ਸੁਣੇ ਨੇ ਤੇ ਹੁਣ ਨਹੀਂ ਮੈਂ ਕਿਤੇ ਜਾ ਸਕਦਾ। ਕਹਿੰਦੇ, ਭਾਈ ਬਹਿਲੋ ਤੂੰ ਪੀਰ ਹੈਂ, ਸਾਰਾ ਇਲਾਕਾ ਤੇਰੇ ਪਿੱਛੇ ਲੱਗਿਆ ਹੋਇਆ ਹੈ। ਤੂੰ ਖੇਲ੍ਹ ਪਾਉਣਾ ਹੈ, ਤੇਰੀ ਮਾਨਤਾ ਹੈ, ਬੇਅੰਤ ਪਿੰਡਾਂ ਦੇ ਅੰਦਰ। ਜੇ ਪੀਰ ਹੋ ਕੇ ਤੂੰ ਆਹ ਕੰਮ ਕਰਿਆ ਤਾਂ ਸਾਡਾ ਕੀ ਹਾਲ ਹੋਏਗਾ। ਦੇਖ ਪੀਰ ਨਰਾਜ਼ ਹੋ ਜਾਏਗਾ, ਡੰਗਰ ਮਾਰ ਦਏਗਾ, ਘਰਵਾਲੀ, ਬੱਚੇ ਮਾਰ ਦਏਗਾ। ਉਜਾੜਾ ਪਾ ਦਏਗਾ, ਕਰਾਮਾਤੀ ਪੀਰ ਹੈ। ਕਹਿੰਦਾ, ਨਾ ਮੈਂ ਨਹੀਂ ਕਿਤੇ ਜਾਣਾ, ਜਿੱਥੇ ਆਉਣਾ ਸੀ ਆ ਗਿਆ, ਤੇ ਮੈਨੂੰ ਤਾਂ ਪੂਰਾ ਸਤਿਗੁਰੂ ਮਿਲ ਗਿਆ। ਉਹ ਕਹਿੰਦੇ ਦੁਖੀ ਹੋ ਜਾਏਂਗਾ, ਸਾਰਾ ਭਾਈਚਾਰਾ ਸਰਵਰੀਆ ਹੈ। ਉਹ ਕਹਿੰਦਾ ਜੋ ਹੋਣਾ ਹੈ ਹੋਵੇ, ਹੁਣ ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ। ਜੇ ਮੇਰਾ ਸਿਰ ਵੀ ਲਹਿ ਜਾਵੇ ਤਾਂ ਉਹ ਵੀ ਮਾਮੂਲੀ ਗਿਣਦਾ ਹਾਂ ਇਸ ਗੱਲ ਦੇ ਉਤੇ ਤੇ ਆਹ ਜਿਹੜੇ ਗੁਰੂ ਮਹਾਰਾਜ ਨੇ ਬਚਨ ਦੱਸੇ ਨੇ, ਇਹ ਤਾਂ ਮੈਂ ਅੱਜ ਤੱਕ ਸੁਣੇ ਹੀ ਨਹੀਂ ਹਨ, ਸਤਿ ਦੇ ਬਚਨ ਨੇ। ਸੋ ਸੰਗ ਛੱਡ ਕੇ ਤੁਰ ਜਾਂਦਾ ਹੈ। ਦੀਵਾਨ ਦੀ ਸਮਾਪਤੀ ਹੁੰਦੀ ਹੈ ਤੇ ਗੁਰੂ ਮਹਾਰਾਜ ਦੇ ਸਾਮ੍ਹਣੇ ਗਲ 'ਚ ਪੱਲਾ ਪਾਉਂਦਾ ਹੈ। ਉਸ ਵੇਲੇ ਬੇਨਤੀ ਕਰਦਾ ਹੈ ਇਸ ਤਰ੍ਹਾਂ, ਪੜ੍ਹੋ ਪਿਆਰ ਨਾਲ -

***ਧਾਰਨਾ - ਇਹੋ ਮੇਰੀ ਓ ਬੇਨਤੀ ਗੁਰਾਂ,***
***ਜੀ ਮੈਂ ਬਹੁੜ ਜਨਮ ਨਾ ਆਵਾਂ।***

ਪਾਤਸ਼ਾਹ! ਆਪ ਦੇ ਪ੍ਰਵਚਨ ਸੁਣੇ ਨੇ, ਜਨਮ ਮਰਨ ਤੋਂ ਮੈਨੂੰ ਬਹੁਤ ਦੁੱਖ ਲੱਗਿਆ ਹੈ, ਡਰ ਲਗਦਾ ਹੈ ਪਾਤਸ਼ਾਹ, ਇਹ ਕੱਟ ਦੇ -

***ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ॥***

***ਅੰਗ - 457***

ਹੇ ਸਮਰੱਥ ਸਤਿਗੁਰੂ, ਜੇ ਨਿਰਮਲ, ਨਾ ਕਥੇ ਜਾਣ ਵਾਲੇ ਮਾਲਿਕ

ਮੇਰੀ ਇੱਕ ਬੇਨਤੀ ਸੁਣ –

*ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥*
*ਅੰਗ – 457*

ਮੈਨੂੰ ਜਨਮ ਮਰਨ ਦੇ ਚੱਕਰ ਵਿਚੋਂ ਕੱਢ ਦੇ। ਮਹਾਰਾਜ ਜੀ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਜਗਿਆਸੂ ਉੱਤਮ ਹੈ, ਮਾਇਆ ਦੇ ਹੇਰ-ਫੇਰ ਦੇ ਅੰਦਰ ਬੜਾ ਵਕਤ ਇਹਦਾ ਲੰਘ ਗਿਆ। ਉਸ ਵੇਲੇ ਆਪ ਨੇ ਕਿਹਾ ਕਿ ਬਾਈ ਬਹਿਲੋ! ਕੀ ਕਰਦਾ ਹੁੰਦਾ ਹੈ? ਕਹਿਣ ਲੱਗਿਆ, ਮਹਾਰਾਜ! ਮੈਂ ਬੜਾ ਨਿੰਦਨੀ ਕੰਮ ਕਰਦਾ ਰਿਹਾਂ। ਕਬਰਾਂ ਨੂੰ ਮੱਥੇ ਟੇਕਦਾ ਰਿਹਾਂ, ਆਪ ਨਹੀਂ ਹਜ਼ਾਰਾਂ ਬੰਦਿਆਂ ਨੂੰ ਨਾਲ ਲਿਜਾ ਕੇ ਇਹੀ ਸਮਝਦਾ ਸੀ ਕਿ ਜ਼ਿੰਦਗੀ ਦਾ ਮਨੋਰਥ ਇਹੀ ਹੈ। ਕਹਿਣ ਲੱਗੇ, ਦੇਖ ਭਾਈ! ਗੱਲ ਸਮਝ ਲੈ ਪਹਿਲਾਂ ਕਿ ਆਹ ਸਾਰਾ ਜਿੰਨਾਂ ਤੈਨੂੰ ਨਜ਼ਰ ਆਉਂਦਾ ਹੈ, ਜਿੱਥੇ ਤੱਕ ਤੇਰੀ ਨਿਗ੍ਹਾ ਜਾਂਦੀ ਹੈ, ਜਿੱਥੇ ਨਹੀਂ ਜਾਂਦੀ ਉਥੇ ਵੀ, ਜਿਹਦੇ ਬਾਰੇ ਸੋਚਦਾ ਹੈਂ ਤੇ ਜਿਹਦੇ ਬਾਰੇ ਨਹੀਂ ਵੀ ਸੋਚਦਾ, ਉਹ ਸਾਰੇ ਇੱਕੋ ਸ਼ਕਤੀ ਪਰੀਪੂਰਨ ਹੈ। ਜਿਹਨੂੰ ਵਾਹਿਗੁਰੂ ਰਾਮ, ਅੱਲਾਹ, ਕਹਿੰਦੇ ਨੇ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਉਹ ਜਾਗ੍ਰਤ ਜੋਤ ਹੈ ਜੇਹੜੀ ਮੜੀ ਨੂੰ ਤੂੰ ਮੰਨਦਾ ਹੈਂ, ਇਹ ਮਰੀ ਹੋਈ ਚੀਜ਼ ਹੈ ਇਹਦੀਆਂ ਇੱਟਾਂ ਲਾਹ ਕੇ ਲੈ ਜਾ। ਚੁੱਕ ਕੇ ਮਿੱਟੀ ਲੈ ਜਾ, ਜਿਹੜਾ ਵਿੱਚ ਕਰੰਗ ਪਿਆ ਹੈ ਉਹਨੂੰ ਚੁੱਕ ਕੇ ਚਾਹੇ ਜਾਲ ਦੇ, ਚਾਹੇ ਸੁੱਟ ਦੇ। ਉਹਨੇ ਨਹੀਂ ਬੋਲਣਾ ਹੈਗਾ। ਨਾ ਮੂਹਰੇ ਆਉਣਾ ਹੈ, ਇਹ ਪ੍ਰਮੇਸ਼ਰ ਸਰਬਸ਼ਕਤੀਮਾਨ ਹੈ, ਇਹਦਾ ਧਿਆਨ ਕਰ ਤੇ ਧਿਆਨ ਕਰਕੇ ਇਸਦਾ ਜਪਣਾ ਕਰ, ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਦਾ ਫੁਰਮਾਨ ਹੈ –

*ਧਾਰਨਾ – ਜਪੋ ਖਾਲਸਾ ਤੁਸੀਂ ਜਾਗਦੀ ਜੋਤ ਨੂੰ – 2*

*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥*

ਭਾਈ ਬਹਿਲੋ! ਵਾਹਿਗੁਰੂ ਸਾਰੇ ਪਰੀਪੂਰਨ ਹੈ, ਪਹਿਲਾਂ ਇਹ ਨਿਹਚਾ ਲਿਆ। ਅੱਖਾਂ ਨਾਲ ਤਾਂ ਨਹੀਂ ਦਿਸਦਾ, ਪਰ ਅੱਖਾਂ ਖੁਲ੍ਹ ਜਾਣਗੀਆਂ। ਜਿਨ੍ਹਾਂ ਨਾਲ ਬਾਅਦ 'ਚ ਦਿਸਿਆ ਕਰਦਾ ਹੈ। ਆਹ ਜਿਹੜੀਆਂ ਸਰੀਰ ਦੀਆਂ ਅੱਖਾਂ ਨੇ ਇਹ ਲਾਈਟ ਦਾ ਪ੍ਰਤੀਬਿੰਬ ਪਵੇ ਤਾਂ ਦਿਸਦਾ ਹੈ, ਹਨ੍ਹੇਰਾ ਹੋ ਜਾਏ ਇਨ੍ਹਾਂ ਨਾਲ ਨਹੀਂ ਦਿਸਦਾ। ਬਿੱਲੀ ਦੀਆਂ ਅੱਖਾਂ ਨੇ ਇਹ ਹਨ੍ਹੇਰੇ 'ਚ ਦੇਖ ਲੈਂਦੀਆਂ ਨੇ, ਉਨ੍ਹਾਂ 'ਚ ਕੋਈ ਵਿਸ਼ੇਸ਼ਤਾਈ

ਹੈ। ਅੱਖ ਦੇ ਉਤੇ ਕੋਈ ਇਤਬਾਰ ਨਹੀਂ ਹੈ। ਹਨ੍ਹੇਰੇ ਵਿੱਚ ਕਹੇ ਕੋਈ ਚੀਜ਼ ਨਹੀਂ, ਤਾਂ ਉਹਦੀ ਗਲਤੀ ਹੈ ਕਿਉਂਕਿ ਉਹਦੇ ਕੋਲ ਅੱਖ ਨਹੀਂ ਹੈ। ਉੱਲੂ ਦਿਨ ਵਿੱਚ ਨਹੀਂ ਦੇਖ ਸਕਦਾ ਜੇ ਉਹ ਕਹੇ ਦੁਨੀਆਂ ਹੈ ਹੀ ਨਹੀਂ ਤੇ ਇੱਥੇ ਤਾਂ ਜਦ ਮੈਂ ਦੇਖਦਾ ਹਾਂ ਸਭ ਸੁੱਤੇ ਪਏ ਹੁੰਦੇ ਨੇ, ਤਾਂ ਉਹਦੀ ਵੀ ਗਲਤੀ ਹੈ, ਕਿਉਂਕਿ ਉਹਦੇ ਕੋਲ ਦਿਨ ਨੂੰ ਦੇਖਣ ਵਾਲੀ ਅੱਖ ਨਹੀਂ ਹੈ। ਰਾਤ ਨੂੰ ਦੇਖਣ ਵਾਲੀ ਅੱਖ। ਮਹਾਰਾਜ ਕਹਿੰਦੇ ਇਸੇ ਤਰ੍ਹਾਂ ਪ੍ਰੇਮੀਆਂ! ਉਹ ਅੱਖ ਹੋਰ ਹੈ ਪਰ ਉਹਦੇ ਉਤੇ ਮੋਤੀਆਬਿੰਦ ਹੋਇਆ-ਹੋਇਆ ਹੈ। ਜਦੋਂ ਓਪਰੇਸ਼ਨ ਹੋ ਜਾਂਦਾ ਹੈ, ਗੁਰੂ ਸੁਰਮਾ ਪਾਉਂਦਾ ਹੈ -

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*

*ਅੰਗ - 293*

ਉਹ ਅੱਖ ਖੁਲ੍ਹ ਜਾਏਗੀ, ਜਿਹੜੀ ਲਾਈਟ ਤੋਂ ਬਗੈਰ ਦੇਖ ਸਕਦੀ ਹੈ, ਬਿੱਲੀ ਵਾਂਗਣ ਨਹੀਂ, ਬਿੱਲੀ ਨੂੰ ਨਹੀਂ ਦਿਸਦਾ ਕਿ ਵਿਚਾਲੇ ਕੀ ਹੈ। ਕੁੱਤਿਆਂ ਨੂੰ ਕਹਿੰਦੇ ਨੇ ਕਿ ਦਿਸਦਾ ਹੈ। ਇੱਕ ਹੋਰ ਚੀਜ਼ ਦਸਦੇ ਨੇ ਕਿ ਆਹ ਜਿਹੜੇ ਜਮਦੂਤ ਲੈਣ ਆਉਂਦੇ ਨੇ, ਮਾੜੀਆਂ ਰੂਹਾਂ ਫਿਰਦੀਆਂ ਨੇ ਕੁੱਤਿਆਂ ਨੂੰ ਤੇ ਬਿੱਲੀਆਂ ਨੂੰ ਦਿਸ ਜਾਂਦੀਆਂ ਨੇ। ਐਸਾ ਨਿਹਚਾ ਹੈ ਕਿਉਂਕਿ ਕੂਕਣ ਲਗ ਜਾਂਦੇ ਨੇ, ਰੋਣ ਲਗ ਜਾਂਦੇ ਨੇ। ਜਦ ਕੋਈ ਮਰਦਾ ਹੈ, ਪਹਿਲਾਂ ਹੀ ਰੋਣ ਲਗ ਜਾਂਦੇ ਨੇ। ਨੱਠੇ ਫਿਰਦੇ ਨੇ ਪਿੰਡਾਂ 'ਚ ਮਾਰੋ ਕੁੱਤੇ ਨੂੰ, ਬਦਸ਼ਗਨ ਕਰ ਰਿਹਾ ਹੈ। ਰੋਂਦਾ ਹੈ ਇਹ। ਦਿਸਦਾ ਹੈ ਉਨ੍ਹਾਂ ਨੂੰ ਜ਼ਰੂਰ ਕੁਛ ਅਨੁਭਵ ਹੁੰਦਾ ਹੈ। ਪਸ਼ੂਆਂ ਨੂੰ ਕਹਿੰਦੇ ਪਤਾ ਲਗ ਜਾਂਦਾ ਹੈ ਉਨ੍ਹਾਂ ਦੀ ਨਿਗ੍ਹਾ 'ਚ ਕਹਿੰਦੇ ਫਰਕ ਹੈ, ਨਿਗ੍ਹਾ ਵਾਹਿਗੁਰੂ ਨੇ ਹਰੇਕ ਨੂੰ ਆਪਣੇ ਕੰਮ ਜੋਗੀ ਦਿੱਤੀ ਹੋਈ ਹੈ। ਮਨੁੱਖ ਨੂੰ ਨਿਗ੍ਹਾ ਸਿਰਫ ਐਨੀ ਹੀ ਦਿੱਤੀ ਹੈ ਕਿ ਲਾਈਟ ਪਵੇ ਤਾਂ ਇਹ ਦੇਖ ਸਕਦਾ ਹੈ, ਨਹੀਂ ਤਾਂ ਦੇਖ ਨਹੀਂ ਸਕਦਾ, ਮਹਾਰਾਜ ਕਹਿੰਦੇ ਇਹਦੇ ਅੰਦਰ ਇੱਕ ਅੱਖ ਹੋਰ ਹੈ। ਜਿਹਦੇ ਉਤੇ ਮੋਤੀਆਬਿੰਦ ਹੋਇਆ-ਹੋਇਆ ਹੈ। ਉਹ ਭਜਨ ਕਰਕੇ, ਨਾਮ ਜਪ ਕੇ ਜਦੋਂ ਉਸ ਅਵਸਥਾ 'ਚ ਪਹੁੰਚਦਾ ਹੈ ਉਥੇ ਫੇਰ ਗੁਰੂ ਓਪਰੇਸ਼ਨ ਕਰ ਦਿੰਦਾ ਹੈ ਤੇ ਸੁਰਮਾ ਐਸਾ ਦੇ ਦਿੰਦਾ ਹੈ ਕਿ ਉਹ ਜਾਲਾ ਆਪੇ ਹੀ ਕੱਟਿਆ ਜਾਂਦਾ ਹੈ, ਫੇਰ ਆਹੀ ਜਾਗ੍ਰਤ ਜੋਤ ਹੈ ਜਿਹੜੀ-

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਇਹ ਪ੍ਰਤੱਖ ਨਜ਼ਰ ਆਉਣ ਲੱਗ ਜਾਂਦੀ ਹੈ ਹੁਣ ਇਹ ਨਿਹਚੇ 'ਚ ਆ ਕਿ ਇਹ ਜੋਤ ਮੇਰੇ ਚਾਰੇ ਪਾਸੇ ਹੈ। ਮੇਰੇ ਅੰਦਰ ਵੀ ਹੈ ਤੇ ਬਾਹਰ ਵੀ ਹੈ ਤੇ ਦੂਸਰਾ ਪ੍ਰੇਮੀਆਂ! ਉਸ ਨੇ ਹੀ ਆਪਣਾ ਪਸਾਰਾ ਆਪੇ ਹੀ ਕੀਤਾ ਹੋਇਆ ਹੈ ਕਿ ਇਸ ਸੰਸਾਰ ਦੇ ਅੰਦਰ ਹੋਰ ਕੁਛ ਹੈ ਨਹੀਂ। ਅਨੇਕਾਂ ਹੀ ਰੂਪਾਂ 'ਚ ਆਪ ਖੇਲ੍ਹ ਰਿਹਾ ਹੈ, ਐਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਆਪੇ ਹੀ ਪਸਰਿਆ ਅਨਤ ਤਰੰਗ ਹੋ ਕੇ - 2, 2.*

*ਪਾਰਬ੍ਰਹਮ ਕੇ ਸਗਲੇ ਠਾਉ ॥* *ਅੰਗ - 275*

ਜਿੰਨੇ ਸਰੀਰ ਤੁਹਾਨੂੰ ਨਜ਼ਰ ਆਉਂਦੇ ਨੇ ਮਹਾਰਾਜ ਕਹਿੰਦੇ, ਸਾਰੇ ਪਾਰਬ੍ਰਹਮ ਦੇ ਰਹਿਣ ਦੇ ਥਾਂ ਨੇ।

*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥* *ਅੰਗ - 275*

ਜਿਹੜੇ-ਜਿਹੜੇ ਸਰੀਰ 'ਚ ਜਿਹੋ ਜਿਹੀ ਚੀਜ਼ ਪਾ ਦਿੱਤੀ, ਕਿਤੇ ਤਮੋ ਗੁਣ ਵੱਧ ਪਾ ਦਿੱਤਾ, ਕਿਤੇ ਰਜੋ ਗੁਣ ਵੱਧ ਪਾ ਦਿੱਤਾ, ਕਿਤੇ ਸਤੋ ਗੁਣ ਵੱਧ ਪਿਆ ਹੋਇਆ। ਕਿਤੇ ਰਜੋ ਬਰਾਬਰ ਨੇ, ਕਿਤੇ ਸਤੋ ਬਰਾਬਰ ਨੇ। ਓਹਾ ਜਿਹਾ ਹੀ ਉਹਦਾ ਨਾਉਂ ਪੈ ਗਿਆ-

*ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥*
*ਅੰਗ - 275*

ਹੋਰ ਕੋਈ ਨਹੀਂ ਇੱਥੇ ਕਰਦਾ, ਆਪੇ ਹੀ ਕਰਦਾ ਹੈ, ਜੋ ਉਹਨੂੰ ਭਾਉਂਦਾ ਹੁੰਦਾ ਹੈ -

*ਪਸਰਿਓ ਆਪਿ ਹੋਇ ਅਨਤ ਤਰੰਗ ॥ ਅੰਗ - 275*

ਇੱਕ ਤੋਂ ਅਨੇਕ ਹੋ ਗਿਆ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥* *ਜਾਪੁ ਸਾਹਿਬ*

ਆਹ ਨਿਹਚਾ ਰੱਖੀਂ ਤੂੰ। ਭੇਤ ਦੀ ਗੱਲ ਦਸਦੇ ਹਾਂ ਪ੍ਰੇਮੀਆਂ ਤੈਨੂੰ। ਇਸ ਨਿਸ਼ਚੇ ਵਿੱਚ ਜੀਈਂ -

*ਪਸਰਿਓ ਆਪਿ ਹੋਇ ਅਨਤ ਤਰੰਗ ॥*
*ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥*
*ਜੈਸੀ ਮਤਿ ਦੇਇ ਤੈਸਾ ਪਰਗਾਸ ॥* *ਅੰਗ - 275*

ਕਿਸੇ ਨੂੰ ਵਿਦਵਾਨ ਬਣਾ ਦਿੱਤਾ, ਕਿਸੇ ਨੂੰ ਪੀ.ਐਚ.ਡੀ ਬਣਾ ਦਿੱਤਾ, ਕਿਸੇ ਨੂੰ ਡਾਕਟਰ ਦੀ ਮੱਤ ਦੇ ਦਿਤੀ, ਕਿਸੇ ਨੂੰ ਸਾਇੰਸਦਾਨ ਦੀ ਦੇ ਦਿਤੀ। ਕਿਸੇ ਨੂੰ ਮਾਰਨ ਮਰਾਉਣ ਵਾਲੀ ਦੇ ਦਿੱਤੀ। ਕਹਿੰਦੇ, 'ਉਹੋ ਜਿਹਾ ਹੀ ਉਹਦੇ ਦਿਮਾਗ 'ਚ ਪ੍ਰਕਾਸ਼ ਹੋ ਗਿਆ। ਪਾਰਬ੍ਰਹਮ ਜਿਹੜਾ ਹੈ ਉਹ ਕਰਤਾ ਹੈ ਤੇ ਨਾਸ਼ ਤੋਂ ਰਹਿਤ ਹੈ। ਫੇਰ ਜਿਹੜਾ ਪਾਰਬ੍ਰਹਮ ਹੈ ਐਸ ਤਰ੍ਹਾਂ ਨਹੀਂ ਕਿ ਇਨ੍ਹਾਂ ਵਿੱਚ ਫਸ ਗਿਆ, ਉਹ ਫੇਰ ਨਿਆਰਾ ਹੈ। ਫਸਿਆ ਨਹੀਂ ਹੈ, ਸਭ ਕੁਛ ਦੇਖਦਾ ਹੈ ਤੇ ਫੇਰ ਨਿਆਰਾ ਹੈ। ਲੇਪ ਨਹੀਂ ਉਹਨੂੰ ਹੋਇਆ, ਆਹ ਗੱਲ ਸਮਝਣੀ ਔਖੀ ਹੈ, ਕਈਆਂ ਨੂੰ ਇਹ ਸ਼ੰਕਾ ਪੈ ਜਾਂਦਾ ਹੈ ਕਿ ਆਹ ਮਾੜੇ ਬੰਦੇ ਵੀ ਰੱਬ ਨੇ। ਰੱਬ ਤੋਂ ਬਾਹਰ ਤਾਂ ਹੈ ਨਹੀਂ, ਰੱਬ ਨਿਆਰਾ ਹੈ, ਦੇਖਣ ਵਾਲਾ ਵੀ ਹੈ। ਕੁਦਰਤ ਵਾਂਗਣ ਨਾ ਕਰੋ, ਪ੍ਰਾਕ੍ਰਿਤੀ ਵਿੱਚੋਂ ਇੰਤਜ਼ਾਮ ਨਹੀਂ ਹੈ ਕਿ ਇੱਕ ਹੁੰਦਾ, ਦੋ ਵੀ ਹੋ ਜਾਏ। ਉਹ ਦੋ ਵੀ ਹੈ ਤੇ ਇੱਕ ਵੀ ਹੈ। ਲੇਕਿਨ ਉਹਦਾ ਸਤਿ ਸਰੂਪ ਜਿਹੜਾ ਹੈ ਉਹ ਇੱਕ ਹੈ। ਆਹ ਦੂਸਰੇ ਨੂੰ ਮਾਇਆ ਕਹਿ ਦਿੰਦੇ ਨੇ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ - 537*

ਨਿਆਰਾ ਜਿਹੜਾ ਹੈ ਉਹ -

*ਸਦਾ ਸਦਾ ਸਦਾ ਦਇਆਲ ॥*
*ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥* *ਅੰਗ - 275*

ਭੂਤ, ਭਵਿੱਖਤ, ਵਰਤਮਾਨ; ਉਹਦੇ ਸੁਭਾਅ 'ਚ ਨਹੀਂ ਬਦਲੀ ਪੈਂਦੀ, ਉਹ ਤਾਂ ਦਇਆਲ ਹੀ ਹੈ, ਸਦਾ ਹੀ ਦਇਆਲ ਹੈ। ਉਹਨੂੰ ਯਾਦ ਕਰ, ਯਾਦ ਕਰ, ਯਾਦ ਕਰ। ਜੇ ਅੱਜ ਇੱਕ ਘੰਟਾ ਯਾਦ ਰੱਖਿਆ ਹੈ ਕੱਲ੍ਹ ਨੂੰ ਇੱਕ ਘੰਟਾ ਇੱਕ ਮਿੰਟ ਯਾਦ ਰੱਖੀਂ। ਐਸ ਤਰ੍ਹਾਂ ਹੀ ਕਰ ਲਓ ਕਿ ਪਰਸੋਂ ਨੂੰ ਮੈਂ ਐਨਾ ਕਰਾਂਗਾ, ਡੇਢ ਘੰਟਾ ਫੇਰ ਯਾਦ ਰੱਖਾਂਗਾ। ਯਾਦ ਰੱਖਣਾ ਹੈ ਭੁੱਲਣਾ ਨਹੀਂ ਹੈ। ਪ੍ਰੈਕਟਿਸ ਕਰ ਲਓ, ਇੱਕ ਮਿੰਟ ਤੋਂ ਸ਼ੁਰੂ ਕਰ ਲਓ ਕਿ ਇੱਕ ਮਿੰਟ ਵਾਹਿਗੁਰੂ ਯਾਦ ਰੱਖਣਾ ਹੈ। ਵਾਹਿਗੁਰੂ-ਵਾਹਿਗੁਰੂ ਤਾਂ ਅਸੀਂ ਸਾਰਾ ਦਿਨ ਕਰੀ ਜਾਵਾਂਗੇ, ਔਖਾ ਨਹੀਂ ਹੈ, ਯਾਦ ਰੱਖਣਾ ਬੜਾ ਔਖਾ ਹੈ। ਬਿਰਤੀ ਟਿਕਾ ਕੇ ਰੱਖਣੀ ਬਹੁਤ ਔਖੀ ਹੈ। ਕਹਿੰਦੇ ਯਾਦ ਰੱਖ, ਯਾਦ ਰੱਖ, ਯਾਦ ਰੱਖਣ ਦੇ ਨਾਲ ਹੀ ਨਿਹਾਲ ਹੋ ਜਾਏਂਗਾ।

*ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥*

*ਅੰਗ - 287*

ਸਮਝ 'ਚ ਆ ਗਈ ਗੱਲ, ਕੋਸ਼ਿਸ਼ ਕਰ ਰਿਹਾ ਹੈ ਕਿ ਮੈਂ ਯਾਦ ਰੱਖਾਂ। ਹੱਥ ਜੋੜ ਲਏ ਕਿ ਪਾਤਸ਼ਾਹ! ਜਦੋਂ ਤੁਸੀਂ ਫੁਰਮਾ ਰਹੇ ਸੀ ਉਸ ਵੇਲੇ ਯਾਦ ਸੀ ਹੁਣ ਨਹੀਂ ਮੇਰੇ ਯਾਦ ਆ ਰਿਹਾ। ਕਹਿੰਦੇ, ਇਸ ਤਰ੍ਹਾਂ ਨਹੀਂ ਯਾਦ ਆਉਣਾ ਭਾਈ ਬਹਿਲੋ। ਹੋ ਸਾਵਧਾਨ ਤੈਨੂੰ ਯਾਦ ਕਰਨ ਦਾ ਮੰਤਰ ਦੇਈਏ। ਸਾਵਧਾਨ ਹੋ ਗਿਆ, ਉਸੇ ਵੇਲੇ ਮੁਖਾਰਬਿੰਦ ਤੋਂ ਹੋਇਆ ਕਹੁ ਵਾਹਿਗੁਰੂ-ਕਹੁ ਵਾਹਿਗੁਰੂ। ਵਾਹਿਗੁਰੂ ਕਹਿਣ ਦੀ ਦੇਰ ਸੀ, ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਤੱਕ ਝਰਨ੍ਹਾਟਾਂ ਚੱਲਣ ਲੱਗ ਗਈਆਂ। ਯਾਦ ਵਿੱਚ ਚਲਿਆ ਗਿਆ। ਸਮਾਧੀ ਲੱਗ ਗਈ। ਉਹਦੇ 'ਚੋਂ ਨਿਕਲਣ ਨੂੰ ਜੀਅ ਨਹੀਂ ਕਰਦਾ। ਸਾਵਧਾਨ ਹੋਇਆ, ਮਹਾਰਾਜ ਕਹਿੰਦੇ ਹੁਣ ਪ੍ਰੇਮੀਆਂ! ਸਰੀਰ ਨੇ ਕੁਛ ਨਾ ਕੁਛ ਕਰਨਾ ਹੀ ਹੈ। ਜੇ ਇਹਨੂੰ ਵਿਹਲਾ ਬਿਠਾ ਦਿਓ ਇਹ ਵੀ ਠੀਕ ਹੈ। ਸਾਰੇ ਕਰਮ ਕਰਨ ਨਾਲੋਂ ਸੇਵਾ ਕਰਨਾ ਸਭ ਤੋਂ ਉੱਤਮ ਕਰਮ ਹੈ। ਲੇਕਿਨ ਸੇਵਾ ਦੇ ਵਿੱਚ ਭੇਤ ਹੈ, ਇੱਕ ਜੀਉਂਦਾ ਬੰਦਾ ਸੇਵਾ ਕਰਦਾ ਹੈ। ਇੱਕ ਆਪਣੇ ਆਪ ਨੂੰ ਮਰਿਆ ਹੋਇਆ ਸਮਝਦਾ ਹੈ। ਇੱਕ ਤਾਂ ਸਿਦਕ ਦੇ ਵਿੱਚ ਰਹਿਣਾ ਹੈ। ਸ਼ਕਤੀਆਂ ਆਉਣੀਆਂ ਨੇ ਫੇਰ ਸਬਰ ਵਿੱਚ ਰਹਿਣਾ ਹੈ। ਦਿਖਾਉਣੀਆਂ ਨਹੀਂ ਹਨ, ਆਪਣਾ ਆਪਾ ਨਹੀਂ ਦਿਖਾਉਣਾ, ਉਛਲ-ਉਛਲ ਨਹੀਂ ਪੈਣਾ, ਇਹ ਕੁਛ ਰਹਿਤਾਂ ਨੇ ਸੇਵਾ ਦੀਆਂ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕਰ ਸਿਦਕ ਸਬੂਰੀ ਜੀ,*
*ਮੁਰਦੇ ਵਾਂਗ ਮੁਰੀਦ ਹੋਇ।*

*ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।*
*ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।*
*ਤ੍ਰਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।*
*ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।*
*ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।*
*ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥*

*ਭਾਈ ਗੁਰਦਾਸ ਜੀ, ਵਾਰ 27/19*

ਕਹਿਣ ਲੱਗੇ, ਸੇਵਾ ਕਰ, ਸਿਮਰਨ ਕਰ, ਹੱਥਾਂ ਪੈਰਾਂ ਨਾਲ ਸੇਵਾ ਕਰ ਤੇ ਮਨ ਦੇ ਅੰਦਰ ਇਹ ਵਿਸ਼ਵਾਸ਼ ਹਰ ਵਕਤ ਕਾਇਮ ਰੱਖਣ ਦਾ ਯਤਨ ਕਰ ਕਿ ਮੇਰੇ ਚਾਰੇ ਪਾਸੇ ਦਿਆਲੂ ਕ੍ਰਿਪਾਲੂ, ਪਤਿਤ ਪਾਵਨ ਵਾਹਿਗੁਰੂ ਜਿਹਦਾ ਕੋਈ ਆਦਿ ਅੰਤ ਨਹੀਂ, ਉਹਨੂੰ ਮਹਿਸੂਸ ਕਰ ਕਿ ਮੇਰੇ ਨਾਲ ਪਿਆਰ ਕਰਦਾ ਹੈ। ਉਹ ਮੇਰਾ ਆਪਣਾ ਹੀ ਹੈ। ਮਹਾਰਾਜ ਕਹਿੰਦੇ, ਕੋਈ ਦੁਨੀਆਂ 'ਚ ਹੈ ਜਿਹੜਾ ਕਹੇ ਮੇਰਾ ਨਹੀਂ ਵਾਹਿਗੁਰੂ -

*ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥*

*ਅੰਗ - 473*

ਕਹਿੰਦੇ, ਲਿਆਓ ਕੱਢ ਕੇ ਜਿਹੜਾ ਕਹੇ ਕਿ ਮੇਰਾ ਰੱਬ ਨਹੀਂ ਹੈ। ਬਿਪਤਾ ਪੈਂਦੀ ਹੈ, ਕਹਿੰਦਾ ਹੈ ਹਾਇ ਓ ਮੇਰੇ ਰੱਬਾ! ਕਦੇ ਨਹੀਂ ਕਹਿੰਦਾ ਕਿ ਫਲਾਣੇ ਦਿਆ ਰੱਬਾ! ਸਭ ਦਾ ਰੱਬ ਆਪਣਾ ਹੈ। ਇਸ ਤਰ੍ਹਾਂ ਤੂੰ ਮਹਿਸੂਸ ਕਰਕੇ - 'ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।' ਖਾਕ ਬਣ ਜਾ, ਚਰਨਾਂ ਦੀ ਧੂੜੀ ਬਣ ਜਾ। 'ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ। ਤ੍ਰਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।' ਆਹ ਗੱਲ ਬੜੀ ਔਖੀ ਹੁੰਦੀ ਹੈ, ਕਹਿੰਦਾ ਹੈ ਗਰਦ ਪੈ ਜਾਏਗੀ ਮੇਰੇ ਉਤੇ ਜੇ ਤਪੜ ਝਾੜੇ। ਮਹਾਰਾਜ ਨੇ ਪ੍ਰਸ਼ਾਦੇ ਲਾਹੁੰਣ ਵਾਲਿਆਂ ਨਾਲੋਂ ਇਹਨੂੰ ਜ਼ਿਆਦਾ ਮਹੱਤਤਾ ਦਿਤੀ ਹੈ ਜਿਹੜੇ ਝੋਕਾ ਲਾਉਂਦੇ ਨੇ। ਕਿਉਂ? ਉਪਰ ਤਾਂ ਤਵੀ ਹੁੰਦੀ ਹੈ, ਰੋਟੀਆਂ ਪੈ ਜਾਂਦੀਆਂ ਨੇ, ਸੇਕ ਨਹੀਂ ਆਉਂਦਾ। ਜਿਹੜਾ ਸਾਮ੍ਹਣੇ ਅੱਗ ਦੇ ਬੈਠਾ ਹੈ, ਉਹ ਸਾਧ ਨਾਲੋਂ ਹਜ਼ਾਰਾਂ ਗੁਣਾਂ ਚੰਗਾ ਹੈ, ਜਿਹੜਾ ਧੂਣੀਆਂ ਤਾਪਦਾ ਹੈ। '.........ਚੁਲਿ ਝੋਕਿ ਨ ਝੂਰੀ।' ਝੋਰਾ ਨਹੀਂ ਕੋਈ ਮਨ ਦੇ ਅੰਦਰ। ਹੋਏਗਾ ਕੀ? ਚੰਦਨ ਤੋਂ ਸਿੰਮਲ ਬਣ ਜਾਏਗਾ। ਨਾਮ ਦਾ ਰਸ ਉਹਦੇ 'ਚ ਆ ਜਾਏਗਾ।

ਸੇਵਾ ਵੀ ਕਰਦਾ ਹੈ ਤੇ ਸਿਮਰਨ ਵੀ ਕਰਦਾ ਹੈ। ਐਸਾ ਬਾਣ ਲੱਗਿਆ ਕਿ ਇੱਕ ਘੜੀ ਵੀ ਸਿਮਰਨ ਤੋਂ ਬਗੈਰ ਨਹੀਂ ਰਹਿੰਦਾ। ਅਵਸਥਾ ਵੱਧ ਗਈ, ਰਸਨਾ ਤੋਂ ਸਵਾਸ 'ਤੇ ਨਾਮ ਆ ਗਿਆ, ਸਵਾਸ ਤੋਂ ਹਿਰਦੇ 'ਚ ਚਲਿਆ ਗਿਆ, ਹਿਰਦੇ 'ਚੋਂ ਨਾਭੀ 'ਚ ਚਲਿਆ ਗਿਆ। ਨਾਭੀ ਤੋਂ ਆਗਿਆ ਚੱਕਰ 'ਚ ਆ ਗਿਆ। ਫੈਲ ਗਿਆ ਸਾਰੇ ਸਰੀਰ ਦੇ ਅੰਦਰ

ਤੇ ਰੋਮ-ਰੋਮ ਦੇ ਅੰਦਰੋਂ ਨਾਮ ਦੀ ਧੁਨ ਆ ਰਹੀ ਹੈ।

*ਧਾਰਨਾ - ਰੋਮ-ਰੋਮ ਹਰਿ ਧਿਆਵੈ,*
*ਗੁਰਮੁਖ ਪਿਆਰੇ ਦਾ।*

ਮਹਾਰਾਜ ਕਹਿੰਦੇ, ਜਿਹਦਾ ਰੋਮ-ਰੋਮ ਨਾਮ ਜਪਦਾ ਹੈ, ਭੁੱਲਦਾ ਨਹੀਂ ਅੱਠੇ ਪਹਿਰ ਸੌਂਦਾ ਜਾਗਦਾ, ਸੱਚ 'ਚ ਉਹਦੀ ਸਮਾਈ ਹੋ ਜਾਂਦੀ ਹੈ ਤੇ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਸਨੂੰ ਮਹਾਰਾਜ ਨੇ ਇਸ ਤਰ੍ਹਾਂ ਵਰਣਨ ਕੀਤਾ ਹੈ -

*ਧਾਰਨਾ - ਮਨ ਚੜ੍ਹਿਆ ਦਸਵੇਂ ਆਕਾਸ਼ ਗੁਰਮੁਖ ਪਿਆਰੇ ਦਾ।*

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥*

*ਅੰਗ - 1414*

ਸਹਜਿ ਅਵਸਥਾ 'ਚ ਮਨ ਚਲਿਆ ਗਿਆ।

*ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥*
*ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥*

*ਅੰਗ - 653*

ਹਰ ਵਕਤ ਨਾਮ 'ਚ ਰਹਿੰਦਾ ਹੈ। ਇਧਰਲੇ ਪਾਸੇ ਸੇਵਾ ਕਿੰਨੀ ਕਠਿਨ ਕਰ ਰਿਹਾ ਹੈ। ਆਵੇ ਲਾਏ ਹੋਏ ਨੇ ਗੁਰੂ ਮਹਾਰਾਜ ਨੇ, ਸਰੋਵਰ ਦੀਆਂ ਬਾਂਹੀਆਂ ਪੱਕੀਆਂ ਕਰਨ ਵਾਸਤੇ। ਇੱਕ ਆਵਾ ਇਸਨੂੰ ਵੀ ਸਪੁਰਦ ਕੀਤਾ ਗਿਆ। ਇਹਨੂੰ ਮਿਸਤਰੀਆ ਨੇ ਦੱਸਿਆ, ਕਿ ਆਵੇ ਦੇ ਅੰਦਰ ਜੇ ਮਨੁੱਖ ਦਾ ਵਿਸ਼ਟਾ ਪਾਇਆ ਜਾਵੇ ਤਾਂ ਇੱਟ ਬਹੁਤ ਪੱਕਦੀ ਹੈ। ਚਾਉ ਚੜ੍ਹ ਗਿਆ, ਜੁਗਤੀ ਆ ਗਈ। ਬੋਰੀਆਂ ਮੰਗਾ ਲਈਆਂ, ਝੁੰਬ ਮਾਰ ਲਿਆ, ਟੋਕਰਾ ਲੈ ਲਿਆ, ਸਿਉਂ ਲਿਆ ਚੰਗੀ ਤਰ੍ਹਾਂ ਦੇ ਨਾਲ, ਉਸੇ ਵੇਲੇ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਵਿਸ਼ਟਾ ਚੁੱਕਦਾ ਹੈ ਦੂਰ-ਦੂਰ ਤੋਂ ਲਿਆਂਦਾ ਹੈ। ਕਿਸੇ ਨੂੰ ਨਹੀਂ ਜਣਾਉਂਦਾ, ਕਿਸੇ ਨਾਲ ਨਹੀਂ ਗੱਲ ਕਰਦਾ। ਹਰ ਵਕਤ ਨਾਮ 'ਚ ਰਹਿੰਦਾ ਹੈ, ਹੱਥਾਂ ਪੈਰਾਂ ਦੇ ਨਾਲ ਕੰਮ ਕਰਦਾ, ਸੁਰਤੀ ਦੇ ਵਿੱਚ ਹਰ ਵਕਤ ਨਾਮ ਹੈ। ਨਾਲ ਦੀ ਨਾਲ ਇੱਕ ਹੋਰ ਗੱਲ ਦੀ ਵੀ ਸੋਝੀ ਪਈ ਕਿ ਗੁਰੂ ਘਰ 'ਚ ਪ੍ਰਸ਼ਾਦਾ ਛਕ ਕੇ ਕਮਾਈ ਵੰਡੀ ਜਾਂਦੀ ਹੈ। ਝਾਕ ਹੋ ਜਾਂਦੀ ਹੈ ਰਹਿਣ ਵਾਲਿਆਂ ਨੂੰ ਕਿ ਮੈਨੂੰ ਆਹ ਚੀਜ਼ ਨਹੀਂ ਅੱਜ ਦਿੱਤੀ। ਲੱਡੂ-ਜਲੇਬੀਆਂ ਆ ਜਾਣ, ਇੱਕ ਨੂੰ ਛੱਡ ਕੇ ਦੇਖ ਲਓ ਉਹ ਕਹੇਗਾ ਕਿ ਮੈਨੂੰ ਤਾਂ ਦਿੱਤਾ ਹੀ ਨਹੀਂ ਹੈ। ਇਹਨੂੰ ਝਾਕ ਕਹਿੰਦੇ ਨੇ। ਚਿੱਤ ਦੇ ਅੰਦਰ ਫੁਰਨਾ ਉੱਠਣਾ ਕਿ ਆਹ ਚੀਜ਼ ਮੈਨੂੰ ਕਿਉਂ ਨਹੀਂ ਦਿੱਤੀ, ਬਾਕੀ ਸਾਰਿਆਂ ਨੂੰ ਦਿੱਤੀ ਹੈ। ਇਹ ਝਾਕ ਹੋ ਜਾਂਦੀ ਹੈ ਇਸਨੂੰ ਜ਼ਹਿਰ ਕਹਿੰਦੇ ਨੇ। ਐਸ ਤਰ੍ਹਾਂ ਦੇ ਨਾਲ ਫੁਰਮਾਨ ਹੈ -

*ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,*
*ਧਾਨ ਬੂਰਾ ਪੂਜਾ ਦਾ।*

*ਜਿਉ ਮਰਿਜਾਦਾ ਹਿੰਦੂਆਂ ਗਊ ਮਾਸ ਅਖਾਜੁ।*
*ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ।*
*ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।*
*ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।*
*ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।*
*ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥*

***ਭਾਈ ਗੁਰਦਾਸ ਜੀ, ਵਾਰ 35/12***

ਜੈਸਾ ਵਿਹੁ ਦਾ ਕੈਪਸੂਲ ਖਾ ਲਿਆ, ਜਿਹੋ ਜਿਹਾ ਧਰਮਸਾਲਾ ਦਾ ਪੈਸਾ ਖਾ ਲਿਆ। ਕਿਉਂਕਿ ਇਹ ਔਖਾ ਕਰਦਾ ਹੈ –

*ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ।*
*ਸੋਇਨੇ ਨੋ ਹਥੁ ਪਾਇਦਾ ਹੁਇ ਵੰਵੈ ਖਾਕੁ।*

***ਭਾਈ ਗੁਰਦਾਸ ਜੀ ਵਾਰ 35/13***

ਸੋਨੇ ਨੂੰ ਹੱਥ ਪਾ ਲਏ ਪੂਜਾ ਖਾਣ ਵਾਲਾ, ਖਾਕ ਬਣ ਜਾਏਗਾ।

*ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕ।*

***ਭਾਈ ਗੁਰਦਾਸ ਜੀ ਵਾਰ 35/13***

ਸਭ ਵਿਗੜ ਜਾਣਗੇ, ਵਿਕਾਰੀ ਹੋ ਜਾਣਗੇ।

*ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ।*
*ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ।*

***ਭਾਈ ਗੁਰਦਾਸ ਜੀ ਵਾਰ 35/13***

ਰੱਬ ਦੇ ਦਰ ਤੋਂ ਤਲਾਕ ਮਿਲ ਜਾਂਦਾ ਹੈ। ਕਹਿੰਦੇ ਜਿਵੇਂ, ਔਰਤ ਹੁੰਦੀ ਹੈ ਛੱਡੀ ਹੋਈ, ਐਂ ਤੁਰਿਆ ਫਿਰਦਾ ਹੈ –

*ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ॥*

***ਭਾਈ ਗੁਰਦਾਸ ਜੀ ਵਾਰ 35/13***

ਦੁਖ ਵੀ ਆ ਜਾਏਗਾ, ਭੁੱਖ ਵੀ ਆ ਜਾਏਗੀ ਤੇ ਦਲਿੱਦਰ ਵੀ ਆ ਜਾਏਗਾ, ਦੋਜਕ ਦਾ ਸੰਗਲ ਗਲ ਵਿੱਚ ਪੈ ਜਾਏਗਾ।

ਸੁਣਿਆ, ਫੈਸਲਾ ਕਰ ਲਿਆ, ਉਸੇ ਵੇਲੇ ਇੱਕ ਸੇਠ ਕੋਲ ਗਏ, ਸਾਰਾ ਦਿਨ ਸੇਵਾ ਕਰਦੇ ਨੇ ਹਨ੍ਹੇਰੇ ਹੋਏ ਜਾ ਕੇ ਸੇਠ ਦਾ ਕੰਮ ਕਰਦੇ ਨੇ, ਚੱਕੀ ਪੀਂਹਦੇ ਨੇ, ਦਾਲਾਂ ਦਲਦੇ ਨੇ। ਹੋਰ ਅਨੇਕਾਂ ਕੰਮ ਕਰਦੇ ਨੇ। ਉਹਦੇ ਨਾਲ ਸਿਰਫ ਇਹ ਕਰਿਆ ਕਿ ਮੈਨੂੰ ਪ੍ਰਸ਼ਾਦਾ ਦੇ ਦਿਆ ਕਰ। ਕੱਪੜਾ ਮੇਰਾ ਫਟ ਜਾਏ, ਕੱਪੜਾ ਦੇ ਦੇਈਂ। ਹੋਰ ਮੈਂ ਤੇਰੇ ਤੋਂ ਕੋਈ ਮਜ਼ੂਰੀ ਨਹੀਂ ਮੰਗਦਾ। ਸਮਾਂ ਲੰਘ ਗਿਆ, ਆਵੇ ਪੱਕ ਗਏ। ਹਰ ਵਕਤ ਧਿਆਨ ਵਾਹਿਗੁਰੂ 'ਚ ਰਹਿੰਦਾ ਹੈ, ਸੇਵਾ 'ਚ ਰਹਿੰਦਾ ਹੈ। ਇੱਕ ਸਕਿੰਟ ਵੀ ਜ਼ਾਇਆ ਨਹੀਂ ਜਾਂਦਾ। ਇੱਟਾਂ ਨਿਕਲ ਆਈਆਂ, ਗੁਰੂ ਮਹਾਰਾਜ ਕੋਲ ਸਾਰੇ ਆਵਿਆਂ ਦੀਆਂ ਇੱਟਾਂ ਆ ਗਈਆਂ, ਮਹਾਰਾਜ ਆਪਣੇ ਦਸਤ-ਏ-ਮੁਬਾਰਕ ਦੇ ਨਾਲ ਖੜਕਾ-ਖੜਕਾ ਕੇ ਦੇਖਦੇ ਨੇ ਇੱਟਾਂ ਨੂੰ, ਇੱਟ ਨਾਲ ਇੱਟ ਮਾਰਦੇ ਨੇ ਕਿਹੋ ਜਿਹੀ ਆਵਾਜ਼ ਆਉਂਦੀ ਹੈ। ਜਦ ਭਾਈ ਬਹਿਲੋ

ਦੇ ਆਵੇ ਦੀ ਇੱਟ ਆ ਗਈ ਸਾਮ੍ਹਣੇ, ਗੁਰੂ ਮਹਾਰਾਜ ਨੇ ਜਦੋਂ ਇੱਕ ਇੱਟ ਨਾਲ ਦੂਜੀ ਖੜ੍ਹਕਾਈ, ਐਂ ਲੱਗਿਆ ਜਿਵੇਂ ਵਿਚੋਂ ਕੋਈ ਰਾਗ ਨਿਕਲਦਾ ਹੁੰਦਾ ਹੈ । ਬਹੁਤ ਹੀ ਵਧੀਆ ਆਵਾਜ਼ ਆਈ ਰਸੀਲੀ। ਫੇਰ ਮਹਾਰਾਜ ਨੇ ਵਜਾਈ, ਫੇਰ ਵਜਾਈ, ਫੇਰ ਵਜਾਈ। ਕਹਿਣ ਲੱਗੇ, ਇਹ ਆਵਾ ਕਿਸ ਦਾ ਹੈ? ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਉਸੇ 'ਭਾਈ ਬਹਿਲੋ' ਦਾ ਹੈ, ਜਿਹੜਾ ਸਰਵਰੀਆ ਸਿੱਖ ਸੀ, ਜਦ ਤੋਂ ਆਪ ਨੇ ਨਾਮ ਦਾਨ ਦੀ ਦਾਤ ਦਿੱਤੀ ਹੈ, ਮੁੜ ਕੇ ਘਰ ਨਹੀਂ ਗਿਆ। ਪਾਤਸ਼ਾਹ ਉਹ ਹਰ ਵਕਤ ਬੰਦਗੀ ਕਰਦਾ ਰਹਿੰਦਾ ਹੈ। ਕਿਸੇ ਨਾਲ ਬੋਲਦਾ ਨਹੀਂ, ਇਸ ਤੋਂ ਵਿਸ਼ੇਸ਼ ਇਹ ਹੈ ਕਿ ਉਸਨੂੰ ਪਤਾ ਲੱਗਿਆ ਕਿ ਮਨੁੱਖ ਦਾ ਵਿਸ਼ਟਾ ਜੇ ਪਾਇਆ ਜਾਵੇ ਆਵਿਆਂ 'ਚ ਤਾਂ ਇੱਟ ਬਹੁਤ ਵਧੀਆ ਪੱਕਦੀ ਹੈ। ਪਾਤਸ਼ਾਹ! ਉਹ ਤਾਂ ਦਿਨ ਰਾਤ ਇਹੀ ਕੰਮ ਕਰਦਾ ਹੈ ਤੇ ਮਹਾਰਾਜ ਜੀ ਉਸੇ ਵੇਲੇ ਪੁੱਛਣ ਲੱਗੇ ਕਿ ਹੁਣ ਕਿੱਥੇ ਹੈ? ਕਹਿੰਦੇ, ਮਹਾਰਾਜ! ਆਵੇ 'ਚ ਵਿਸ਼ਟਾ ਪਾ ਰਿਹਾ ਹੈ। ਉਸੇ ਵੇਲੇ ਮਹਾਰਾਜ ਜੀ ਚਲੇ ਜਾਂਦੇ ਨੇ। ਦੇਖਿਆ, ਕਿਸੇ ਦਾ ਧਿਆਨ ਨਹੀਂ। ਆਵਾਜ਼ ਆ ਰਹੀ ਹੈ ਸਤਿਨਾਮ ਵਾਹਿਗੁਰੂ-ਵਾਹਿਗੁਰੂ। ਟੋਕਰੀ ਭਰੀ ਆਉਂਦਾ ਹੈ, ਲਿਆ ਕੇ ਸੁੱਟ ਦਿੱਤੀ। ਮਹਾਰਾਜ ਕਹਿੰਦੇ, ਭਾਈ ਬਹਿਲੋ! ਲਾਹ ਦੇ ਇਹ। ਬੁੱਕਲ 'ਚ ਲੈ ਲਿਆ, ਤਿੰਨ ਵਾਰੀ ਕਿਹਾ ਭਾਈ ਬਹਿਲੋ! ਨਿਹਾਲ! ਨਿਹਾਲ! ਨਿਹਾਲ। 'ਭਾਈ ਬਹਿਲੋ ਸਭ ਤੋਂ ਪਹਿਲੋਂ।' ਬੇਅੰਤ ਗੁਰਸਿੱਖ ਸੀਗੇ ਉਥੇ, ਬੇਅੰਤ ਹੀ ਸੇਵਾ ਕਰਦੇ ਸੀ। ਪਰ ਇਸ ਦੀ ਸੇਵਾ 'ਤੇ ਗੁਰੂ ਮਹਾਰਾਜ ਜੀ ਐਨੇ ਪ੍ਰਸੰਨ ਹੋਏ ਕਿ ਸਾਰਿਆਂ ਤੋਂ ਪਹਿਲੇ ਨੰਬਰ 'ਤੇ ਕੱਢ ਲਿਆ। ਰੂਪ ਹੀ ਬਣ ਗਿਆ ਗੁਰੂ ਦਾ ਸਾਧਸੰਗਤ ਜੀ।

***ਧਾਰਨਾ - ਬਣ ਗਿਆ ਗੁਰਾਂ ਦਾ ਰੂਪ,***
***ਸੇਵਾ ਕਰਕੇ ਗੁਰਮੁਖ ਪਿਆਰਾ।***

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥*** ***ਅੰਗ - 1076***

ਜਿਵੇਂ ਪਾਣੀ 'ਚੋਂ ਲਹਿਰ ਉਠਦੀ ਹੈ, ਮੁੜ ਕੇ ਪਾਣੀ 'ਚ ਸਮਾਅ ਜਾਂਦੀ ਹੈ। ਇਸ ਤਰ੍ਹਾਂ ਨਿਹਾਲ ਕਰ ਦਿੱਤਾ, ਸਾਰੀਆਂ ਰਿੱਧੀਆਂ-ਸਿੱਧੀਆਂ, ਬ੍ਰਹਮਗਿਆਨ ਦੇ ਭੰਡਾਰ ਬਖਸ਼ ਦਿੱਤੇ ਗੁਰੂ ਮਹਾਰਾਜ ਨੇ, ਸੇਵਕ 'ਤੇ ਖੁਸ਼ ਹੋ ਕੇ। ਕਹਿਣ ਲੱਗੇ, ਭਾਈ ਬਹਿਲੋ! ਤੇਰੀ ਸੇਵਾ ਥਾਂ ਪਈ, ਹੁਣ ਤੂੰ ਜਾਹ। ਘਰ ਚਲਿਆ ਜਾਹ, ਤੇਰੀ ਜ਼ੁਬਾਨ ਦੇ ਉਤੇ ਗੁਰੂ ਨਾਨਕ ਦਾ ਵਾਸਾ ਹੋਏਗਾ। ਜਾਹ, ਤੈਨੂੰ ਬਠਿੰਡਾ ਜ਼ਿਲੇ ਦੀ ਸਾਰੀ ਸਿੱਖੀ ਸੇਵਕੀ ਦਿੱਤੀ। ਜਿਨ੍ਹਾਂ ਨੂੰ ਕਬਰਾਂ 'ਤੇ ਲੈ ਕੇ ਜਾਂਦਾ ਸੀ, ਉਨ੍ਹਾਂ ਨੂੰ ਮਤ ਦੇਹ ਤੇ ਗੁਰੂ ਦੀ ਸਿੱਖੀ ਧਾਰਨ ਕਰਾ ਤੇ ਪ੍ਰਮੇਸ਼ਰ ਨਾਲ ਜੋੜ।

ਭਾਈ ਬਹਿਲੋ ਹੁਕਮ ਮੰਨ ਕੇ ਘਰ ਆ ਗਿਆ। ਵਿਛੜਨਾ ਨਹੀਂ ਚਾਹੁੰਦਾ, ਘਰ ਆਇਆ ਮੁਕਾਮ ਵਗੈਰਾ ਢਾਹ ਦਿੱਤੇ। ਇੱਕ ਬਚਨ ਕਰਦਾ

ਸੀ ਅਸਰ ਹੋ ਜਾਂਦਾ ਸੀ। ਸਾਰਾ ਮਾਲਵਾ ਸਿੱਖੀ 'ਚ ਲੈ ਆਇਆ। ਗੁਰੂ ਮਹਾਰਾਜ ਦੇ ਕੋਲ ਵੱਡਾ ਭਾਰਾ ਸੰਗ, ਜਿਹੋ ਜਿਹੇ ਉਥੇ ਲੈ ਕੇ ਜਾਂਦਾ ਸੀ, ਉਸ ਤੋਂ ਵੀ ਵੱਡੇ-ਵੱਡੇ ਸੰਗ, ਸੰਗਤਾਂ ਦੇ ਜੱਥੇ ਬਣਾ-ਬਣਾ ਕੇ ਗੁਰੂ ਮਹਾਰਾਜ ਕੋਲ ਅੰਮ੍ਰਿਤਸਰ ਲੈ ਕੇ ਆਉਣਾ। ਐਸਾ ਗੁਰਸਿੱਖ ਸੇਵਾ ਕਰਕੇ, ਕਿੰਨਾ ਪਿਆਰ ਹਾਸਿਲ ਕਰਿਆ। ਗੁਰੂ ਨੂੰ ਪਿਆਰਾ ਹੋਇਆ ਕਰਦਾ ਹੈ ਸਿੱਖ ਜੋ ਸੇਵਾ ਕਰਦਾ ਹੈ -

***ਧਾਰਨਾ - ਸਤਿਗੁਰੂ ਨੂੰ ਪਿਆਰੇ ਨੇ, ਸੇਵਾ ਜੋ ਕਰਦੇ ਗੁਰਾਂ ਦੀ।***

ਕਿੱਡੀ ਵੱਡੀ ਪਦਵੀ ਸੇਵਾ ਨਾਲ ਪ੍ਰਾਪਤ ਹੁੰਦੀ ਹੈ। ਸੇਵਾ ਅਨਿਕ ਭਾਂਤ ਦੀ ਹੈ, ਕੀਰਤਨ ਕਰਨਾ, ਨਿਸ਼ਕਾਮ ਹੋ ਕੇ, ਮਸਤ ਹੋ ਕੇ ਹਰੀ ਦਾ ਜਸ ਕਰਨਾ। ਕਿੱਡੀ ਵੱਡੀ ਸੇਵਾ ਹੁੰਦੀ ਹੈ, ਅੰਮ੍ਰਿਤ ਵੇਲੇ ਜਾਗਦੇ ਨੇ। ਦੂਰ-ਦੂਰ ਜਾਂਦੇ ਨੇ, ਆਸਾ ਜੀ ਦੀਆਂ ਵਾਰਾਂ ਲਗਦੀਆਂ ਨੇ। ਸੇਵਾ ਹੋ ਰਹੀ ਹੈ। ਲੰਗਰ ਵਾਸਤੇ ਪ੍ਰਸ਼ਾਦੇ ਲਿਆ-ਲਿਆ ਕੇ ਲਿਆਉਂਦੇ ਨੇ। ਅਨੇਕ ਤਰ੍ਹਾਂ ਦੀਆਂ ਸੇਵਾ ਚਲ ਰਹੀਆਂ ਨੇ ਤੇ ਸੇਵਾ ਦੇ ਨਾਲ ਹੀ ਪਿਆਰ ਪ੍ਰਾਪਤ ਹੁੰਦਾ ਹੈ। ਹੁਕਮ ਹੈ ਮਹਾਰਾਜ ਦਾ -

***ਗੁਰ ਕੇ ਸੇਵਕ ਸਤਿਗੁਰ ਪਿਆਰੇ ॥***
***ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥***
***ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ॥***

***ਅੰਗ - 1026***

ਕਿੰਨੇ ਬਚਨ ਕਹਿ ਗਏ ਇੱਕ ਤੁਕ ਦੇ ਅੰਦਰ। ਕਹਿੰਦੇ, ਗੁਰੂ ਦੇ ਪਿਆਰੇ ਨੇ ਤੇ ਸੱਚੇ ਤਖਤ ਦੇ ਉਤੇ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ। 'ਸੋ ਸ਼ਬਦ' ਓਅੰਕਾਰ ਦੇ ਸ਼ਬਦ ਨੂੰ ਵਿਚਾਰਦੇ ਨੇ ਤੇ ਆਤਮ ਤੱਤ ਨੂੰ ਪ੍ਰਾਪਤ ਕਰ ਲੈਂਦੇ ਨੇ। ਇਹ ਸਤਿਸੰਗ ਦੇ ਵਿੱਚ ਆਉਣ ਦੀ ਵਡਿਆਈ ਹੈ ਸਾਧਸੰਗਤ ਜੀ। ਇਸ ਕਰਕੇ ਆਪਾਂ ਅਰਦਾਸ ਕਰੀਏ ਕਿ ਹੇ ਵਾਹਿਗੁਰੂ! ਕ੍ਰਿਪਾ ਕਰ ਤੇ ਸਾਨੂੰ ਸਤਿਸੰਗ ਦੇ ਦੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਕਰ ਕ੍ਰਿਪਾ ਸਤਿਸੰਗ ਮਿਲਾਵੋ,***
***ਦੇਵੋ ਆਪਣਾ ਨਾਮ ਜੀ।***

***ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥***

***ਅੰਗ - 1119***

ਅਰਦਾਸ ਹੈ ਸਿੱਖ ਦੀ ਕਿਉਂਕਿ ਸੇਵਾ ਤੇ ਨਾਮ ਦੋਵੇਂ ਚੀਜ਼ਾਂ ਸਾਡੇ ਪਰਮ ਪਦ ਦੀ ਪ੍ਰਾਪਤੀ ਵਾਸਤੇ ਸਹਾਇਕ ਨੇ ਸਾਧਸੰਗਤ ਜੀ। ਜੋ ਆਪਾਂ ਵਿਚਾਰਾਂ ਕਰੀਆਂ ਨੇ ਉਸ ਤੋਂ ਸੈਂਕੜੇ ਗੁਣਾਂ ਘੱਟ ਵੀ ਜੇ ਆਪਾਂ ਹਿਰਦੇ 'ਚ ਵਸਾ ਲਈਏ, ਕਿਤੇ ਦੀ ਕਿਤੇ ਅਸੀਂ ਪਹੁੰਚ ਜਾਈਏ। ਮੁਸ਼ਕਲ ਇਹ ਹੈ ਕਿ ਸਾਨੂੰ ਵਾਹਿਗੁਰੂ ਯਾਦ ਨਹੀਂ ਰਹਿੰਦਾ। ਮੂੰਹ ਨਾਲ ਤਾਂ ਅਸੀਂ ਕਰੀ ਜਾਂਦੇ ਹਾਂ ਵਾਹਿਗੁਰੂ-ਵਾਹਿਗੁਰੂ, ਲੇਕਿਨ ਉਹ ਯਾਦ ਨਹੀਂ ਰਹਿੰਦਾ ਕਿ ਜਿਹਦਾ ਨਾਮ ਜਪਦੇ ਹਾਂ ਉਹ ਦਿਆਲੂ-ਕ੍ਰਿਪਾਲੂ ਮੇਰੇ ਅੰਦਰ ਬਾਹਰ ਸਾਰੇ ਹੀ ਹੈ। ਜੇ ਕਿਤੇ ਆਹ ਗੱਲ ਯਾਦ ਰਹਿ ਜਾਏ, ਫੇਰ ਨਾਮ ਜਪ ਕੇ ਦੇਖਿਓ ਕੀ ਝਰਨ੍ਹਾਟਾਂ ਆਉਂਦੀਆਂ ਨੇ, ਕਿਵੇਂ ਉੱਚਾ ਉਠਦਾ ਹੈ ਆਦਮੀ।

ਅੰਦਰਲੇ ਨੇਤਰ ਖੁਲ੍ਹ ਜਾਂਦੇ ਨੇ, ਵਿਕਾਰ ਸਾਰੇ ਨੱਠ ਜਾਂਦੇ ਨੇ। ਕਿਉਂਕਿ ਥਾਉਂ ਹੀ ਨਹੀਂ ਹੈ ਵਿਕਾਰਾਂ ਵਾਸਤੇ ਕੋਈ, ਜਦ ਅੰਦਰ ਬਾਹਰ ਹਰ ਵਕਤ ਵਾਹਿਗੁਰੂ ਹੀ ਹੈ। ਇਸ ਤਰ੍ਹਾਂ ਦੇ ਨਾਲ ਆਪਾਂ ਵਿਚਾਰ ਕਰੀ ਹੈ, ਕਿਉਂਕਿ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰਸਤੋਤਰ, ਅਰਦਾਸ, ਹੁਕਮਨਾਮਾ।

# ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸ਼ਾਨ..................................................।*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,*
*ਮੇਰੇ ਵਰਗਾ ਪਾਪੀ ਕੋਈ ਨਾ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ, ਵਾਰ 36/21*

ਸਾਧਸੰਗਤ ਜੀ! ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਗੁਰੂ ਮਹਾਰਾਜ ਦੇ ਚਰਨਾਂ ਦੇ ਨਾਲ ਸੁਰਤ ਨੂੰ ਜੋੜੋ, ਬਾਹਰ ਜਾਣ ਤੋਂ ਰੋਕੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵਿਚਾਰ ਸਰਵਣ ਕਰੋ; ਬੁੱਧੀ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਰਸਨਾ ਦੇ ਨਾਲ ਗੱਜ-ਵੱਜ ਕੇ ਬੋਲੋ ਇਸ ਤਰ੍ਹਾਂ ਜੋ ਆਪਾਂ ਨੂੰ ਥੋੜ੍ਹਾ ਜਿਹਾ ਸਮਾਂ ਪ੍ਰਾਪਤ ਹੋਇਆ ਹੈ, ਉਸ ਦੇ ਅੰਦਰ ਕੁਝ ਵਿਚਾਰ ਕਰੀਏ। ਵਾਹਿਗੁਰੂ ਜੀ ਬਖਸਿੰਦ ਹਨ, ਕੀਤੇ ਹੋਏ ਔਗੁਣਾਂ ਨੂੰ ਉਹ ਨਹੀਂ ਚਿਤਾਰਿਆ ਕਰਦੇ, ਕਿਉਂਕਿ ਅਸੀਂ ਭੁੱਲਣ ਵਾਲੇ ਹਾਂ, ਉਹ ਬਖਸ਼ਣ ਵਾਲੇ ਨੇ, ਜੋ ਵੀ ਉਨ੍ਹਾਂ ਦੀ ਸ਼ਰਨ ਵਿੱਚ ਆ ਜਾਵੇ, ਉਸ ਦੇ ਉਹ ਬਣ ਜਾਇਆ ਕਰਦੇ ਨੇ। ਪਰ ਸ਼ਰਨ ਵਿੱਚ ਆਉਣਾ ਔਖਾ ਹੈ, ਕਿਉਂਕਿ ਜਦੋਂ ਤੱਕ ਆਦਮੀ ਦੇ ਅੰਦਰ ਚਤੁਰਾਈ ਹੈ, ਚਤੁਰਤਾ ਹੈ। ਜਿੰਨਾਂ ਚਿਰ ਆਦਮੀ ਨੂੰ ਇਹ ਪਤਾ ਹੈ ਕਿ ਮੇਰੇ ਵਿੱਚ ਬਲ ਹੈ, ਮੇਰੀ ਬੁੱਧੀ 'ਚ ਬਲ ਹੈ, ਗੱਲਾਂ ਕਰਕੇ ਮੈਂ ਠੀਕ ਕਰ ਸਕਦਾ ਹਾਂ, ਉਨ੍ਹਾਂ-ਉਨ੍ਹਾਂ ਬੰਦਿਆਂ ਨੂੰ ਮੈਂ ਮਿਲ ਕੇ ਮੈਂ ਗੱਲ ਠੀਕ ਕਰ ਸਕਦਾ ਹਾਂ। ਓਨੀਂ ਦੇਰ ਤੱਕ ਵਾਹਿਗੁਰੂ ਦੇ ਨਾਲ ਕੋਈ ਸਬੰਧ ਨਹੀਂ ਜੁੜਿਆ ਕਰਦਾ। ਸਿਰਫ ਓਦੋਂ ਸਬੰਧ ਜੁੜਦਾ ਹੈ ਜਦੋਂ ਸਭ ਕੁਛ ਛੱਡ ਕੇ ਅਸੀਂ ਵਾਹਿਗੁਰੂ ਨੂੰ ਮੰਨਦੇ ਹਾਂ। ਪਹਿਲਾਂ ਤਾਂ ਸਾਡੇ ਅੰਦਰ ਪੂਰਾ ਵਿਸ਼ਵਾਸ਼ ਹੋਣਾ ਚਾਹੀਦਾ ਹੈ, ਕਿ ਵਾਹਿਗੁਰੂ ਜੀ ਹੈ ਕੀ ਤੇ ਸਾਡਾ ਉਹਦੇ ਨਾਲ ਸਬੰਧ ਕੀ ਹੈ? ਕਿੱਥੇ ਉਹ ਰਹਿੰਦਾ ਹੈ? ਜਦੋਂ ਤੱਕ ਸਾਨੂੰ ਇਸ ਗੱਲ ਦਾ

ਪਤਾ ਨਹੀਂ ਲਗਦਾ ਕਿ ਵਾਹਿਗੁਰੂ ਜੀ ਦਾ ਕੀ ਸੁਭਾਅ ਹੈ, ਕਿਉਂਕਿ ਸਾਡਾ ਦੁਨੀਆ ਨਾਲ ਵਾਹ ਪੈਂਦਾ ਹੈ, ਗਲਤੀਆਂ ਕਰਦੇ ਹਾਂ, ਉਹਦੀ ਸਜ਼ਾ ਮਿਲਦੀ ਹੈ, ਬੰਦਾ ਵੈਰ ਕਰਦਾ ਹੈ, ਨੁਕਸਾਨ ਪਹੁੰਚਾਉਂਦਾ ਹੈ, ਇਸੇ ਤਰ੍ਹਾਂ ਅਸੀਂ ਸਮਝਦੇ ਹਾਂ ਕਿ ਵਾਹਿਗੁਰੂ ਜੀ ਦਾ ਸ਼ਾਇਦ ਇਹ ਸੁਭਾਅ ਹੋਵੇ। ਮਹਾਰਾਜ ਜੀ ਕਹਿੰਦੇ ਵਾਹਿਗੁਰੂ ਜੀ ਤਾਂ – 'ਸਦਾ ਸਦਾ ਸਦਾ ਦਇਆਲ' ਉਹ ਕਦੇ ਵੀ ਕੁ-ਦਇਆਲ ਨਹੀਂ ਹੁੰਦਾ, ਸਦਾ ਹੀ ਦਇਆਲ ਰਹਿੰਦਾ ਹੈ ਤੇ ਜਦੋਂ ਵੀ ਆਦਮੀ ਚਰਨ ਸ਼ਰਨ ਵਿੱਚ ਆ ਜਾਏ, ਉਹ ਬਖਸ਼ ਦਿੰਦਾ ਹੈ। ਸਿਰਫ ਨੁਕਸ ਕੀ ਹੈ ਸਾਡੀ ਤਾਰ ਨਹੀਂ ਜੁੜਦੀ ਉਹਦੇ ਨਾਲ, ਸਾਡਾ ਸਬੰਧ ਨਹੀਂ ਜੁੜਦਾ, ਉਹ ਇਸ ਕਰਕੇ ਕਿ ਸਾਡੇ ਅੰਦਰ ਇਕ ਚੀਜ਼ ਐਸੀ ਵਾਹਿਗੁਰੂ ਨੇ ਪਾ ਦਿਤੀ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***

***ਅੰਗ – 999***

ਮੈਂ ਪੁਣਾ ਇਹਦੇ ਵਿੱਚ ਪਾ ਦਿੱਤਾ। ਮੈਂ ਵੱਡਾ ਜ਼ਿੰਮੀਦਾਰ ਹਾਂ, ਮੈਂ ਵੱਡੇ ਪਰਿਵਾਰ ਵਾਲਾ ਹਾਂ, ਮੈਂ ਵੱਡਾ ਸੁਖੀ ਹਾਂ, ਮੈਂ ਕੀਰਤਨੀ ਹਾਂ, ਮੈਂ ਵੱਡਾ ਸੰਤ ਹਾਂ। ਜੋ ਕੁਛ ਵੀ ਅਸੀਂ ਕਰ ਰਹੇ ਹਾਂ ਸਾਰਾ ਮੈਂ ਦੇ sphere 'ਚ ਕਰ ਰਹੇ ਹਾਂ। under influence of ego ਕਰ ਰਹੇ ਹਾਂ। ਵਿਚਾਰ ਕੇ ਦੇਖ ਲਓ ਜਿੰਨੇ ਸਾਰੇ ਪ੍ਰੇਮੀ ਬੈਠੇ ਓਂ। ਮਹਾਰਾਜ ਕਹਿੰਦੇ, ਜਦ ਤੱਕ ਤੇਰੇ ਅੰਦਰ ego vanish ਨਹੀਂ ਨਾ ਹੁੰਦੀ, ਹਉਮੈ ਦਾ ਨਾਸ਼ ਨਹੀਂ ਹੁੰਦਾ। ਓਨੀਂ ਦੇਰ ਤੱਕ ਤੇਰਾ ਸਬੰਧ ਵਾਹਿਗੁਰੂ ਨਾਲ ਜੁੜ ਨਹੀਂ ਸਕਦਾ, ਕਿਉਂਕਿ ਇੱਕ ਪੜ੍ਹਦਾ ਪੈ ਗਿਆ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥ ਅੰਗ – 624***

ਹੈ ਬਿਲਕੁਲ ਨੇੜੇ, ਲੇਕਿਨ ਪੜਦਾ ਪੈ ਗਿਆ। ਆਹ ਤੁਹਾਡੀ ਕਾਰ ਵਿੱਚ distributor ਲੱਗਿਆ ਹੁੰਦਾ ਹੈ। ਬੈਟਰੀ 'ਚੋਂ ਕਰੰਟ ਜਾਂਦੀ ਹੈ ਇੰਜਣ ਨੂੰ। ਉਹਦੇ 'ਚ ਜੇ ਪਤਲਾ ਜਿਹਾ ਕਾਗਜ਼ ਰੱਖ ਦਿਓ, ਪਲਾਸਟਿਕ ਦਾ ਚਾਰੋਂ ਤਾਰਾਂ ਦੇ ਹੇਠ, ਬੈਟਰੀ ਵੀ ਠੀਕ ਹੈ, ਕਾਰ ਵੀ ਨਵੀਂ ਲੈ ਕੇ ਆਇਆ ਹੈ, ਲੇਕਿਨ ਨਹੀਂ start ਹੁੰਦੀ, ਕਿਉਂਕਿ ਕਰੰਟ ਪਾਸ ਨਹੀਂ ਹੁੰਦੀ, ਉਥੇ ਰੁਕ ਜਾਂਦੀ ਹੈ। ਇਸੇ ਤਰ੍ਹਾਂ ਨਾਲ ਸਾਡੇ ਅੰਦਰ ਜਿਹੜਾ ਮੈਂ ਭਾਵ ਹੈ, ਜਦੋਂ ਤੱਕ ਮੈਂ ਭਾਵ ਸਾਡਾ ਕਾਇਮ ਹੈ, ਸਾਡਾ ਵਾਹਿਗੁਰੂ ਦੇ ਨਾਲ ਸੰਪਰਕ ਹੋ ਹੀ ਨਹੀਂ ਸਕਦਾ, ਕਿਸੇ ਤਰੀਕੇ ਨਾਲ। ਮਹਾਰਾਜ ਕਹਿੰਦੇ ਬੰਧਨ ਆਹੀ ਹੈ, ਤੇਰੇ 'ਚ ਤੇ ਪ੍ਰਮੇਸ਼ਰ ਦੇ ਵਿਚ। ਜਦੋਂ ਤੂੰ ਹੈਂ ਉਹ ਨਹੀਂ ਹੈ, ਜਦੋਂ ਉਹ ਹੈ ਫੇਰ ਤੂੰ ਨਹੀਂ ਹੈਂ। ਮੈਂ ਤੇ ਤੂੰ ਦਾ ਸਵਾਲ ਹੈ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***

***ਅੰਗ – 657***

ਸਾਫ ਹੀ ਕਹਿ ਦਿੱਤਾ ਮਹਾਰਾਜ ਨੇ ਕਿ ਜਿੰਨਾਂ ਚਿਰ ਮੈਂ ਹਾਂ,

ਓਨਾਂ ਚਿਰ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਵਾਹਿਗੁਰੂ ਅੰਦਰ ਪ੍ਰਗਟ ਹੋਵੇ। ਕਿਉਂਕਿ ਮੈਂ ਨੇ ਹਨ੍ਹੇਰਾ ਪਾ ਛੱਡਿਆ। ਹਰ ਪਾਸੇ ਮੈਂ ਹੈ, ਜ਼ਿੰਦਗੀ ਦੇ ਹਰ ਪਾਸੇ, ਨੇਕੀਆਂ 'ਚ ਮੈਂ, ਬਦੀਆ 'ਚ ਮੈਂ, ਪੁੰਨਾਂ 'ਚ ਮੈਂ, ਪਾਪਾਂ 'ਚ ਮੈਂ। ਮਹਾਰਾਜ ਕਹਿੰਦੇ ਹਉਮੈ ਦੇ ਅੰਦਰ ਕੰਮ ਕਰ ਰਿਹਾ ਹੈ ਸਾਰੇ। ਹਉਮੈ 'ਚ ਜਿਹੜਾ ਕੰਮ ਕਰੇਗਾ ਉਹਦਾ ਫਲ ਭੋਗਣਾ ਪਵੇਗਾ। ਕਿਉਂਕਿ ਬੀਜ ਹਉਮੈ ਦੇ ਵਿੱਚ ਪਲਦਾ ਹੈ। ਜੇ 'ਮੈਂ' ਨਾ ਹੋਵੇ ਤਾਂ ਬੀਜ ਪਲਦਾ ਹੀ ਨਹੀਂ। ਇਹ ਚੀਜ਼ ਹੈ ਜਿਹੜੀ ਸਾਨੂੰ ਵਾਹਿਗੁਰੂ ਦੀ ਸ਼ਰਨ ਵਿੱਚ ਨਹੀਂ ਆਉਣ ਦਿੰਦੀ, ਕਿਉਂਕਿ ਸਾਡਾ ਆਪਣਾ ਬਲ ਹੈ, ਅਸੀਂ ਕਹਿੰਦੇ ਹਾਂ ਕਿ ਮੈਂ ਪੜ੍ਹਿਆ ਹੋਇਆ ਹਾਂ। ਮੇਰੇ ਕੋਲ ਲੱਖਾਂ ਰੁਪਿਆ ਹੈ, ਮੇਰੇ ਵੱਡੇ-ਵੱਡੇ ਵਜ਼ੀਰ ਵਾਕਫ ਨੇ। ਵੱਡੀਆਂ-ਵੱਡੀਆਂ ਸ਼ਕਤੀਆਂ ਵਾਲੇ ਲੋਕ ਮੇਰੇ ਵਾਕਫ ਨੇ। ਕਦੇ ਕੋਈ ਕਹਿੰਦਾ ਹੈ ਕਿ ਮੇਰਾ ਪ੍ਰਮੇਸ਼ਰ ਵਾਕਫ ਹੈ। ਮੈਨੂੰ ਕਿਸੇ ਹੋਰ ਦੀ ਲੋੜ ਹੀ ਨਹੀਂ ਹੈ। ਉਹ ਕੇਵਲ ਜਿਨ੍ਹਾਂ ਦਾ ਵਾਹਿਗੁਰੂ ਨਾਲ ਸੰਪਰਕ ਹੋ ਚੁੱਕਿਆ ਹੈ, ਇੱਕ ਓਹੀ ਨੇ ਜਿਨ੍ਹਾਂ ਦੇ ਮਨ ਵਿੱਚ ਇਹ ਸ਼ਰਧਾ ਕੰਮ ਕਰਦੀ ਹੈ ਕਿ ਮੇਰਾ ਇੱਕ ਚਾਹੀਦਾ ਹੈ। ਉਸ ਤੋਂ ਬਗੈਰ ਸਾਰਾ ਸੰਸਾਰ ਜਿਹੜਾ ਹੈ, ਸਾਰੇ ਸੰਸਾਰ ਦੀਆਂ ਦੌਲਤਾਂ, ਸਾਰੇ ਸੰਸਾਰ ਦੀਆਂ ਮਾਨ-ਵਡਿਆਈਆਂ, ਕੋਈ ਚੀਜ਼ ਵੀ ਮਾਇਅਨੇ ਨਹੀਂ ਰੱਖਦੀਆਂ। ਮਹਾਰਾਜ ਕਹਿੰਦੇ, ਕਿੰਨੀ ਵੀ ਵਡਿਆਈ ਹੋਵੇ -

***ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥*** ***ਅੰਗ - 2***

ਚਾਰਾਂ ਜੁਗਾਂ ਦੀ, 43 ਲੱਖ 20000 ਹਜ਼ਾਰ ਸਾਲ ਤੋਂ, ਦੱਸ ਗੁਣਾਂ, ਚਾਰ ਕਰੋੜ 23 ਲੱਖ ਸਾਲ ਉਮਰ ਹੋ ਜਾਵੇ। ਸਾਰੀ ਧਰਤੀ ਦੇ ਲੋਕ ਜਾਣਦੇ ਹੋਣ -

***ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥***

***ਅੰਗ - 2***

ਤੇ ਨਾਉਂ ਐਨਾ ਚੰਗਾ ਹੋਵੇ ਕਿ ਹਰ ਦੇਸ਼ doctorate ਦੀਆਂ ਡਿਗਰੀਆਂ ਦਿੰਦਾ ਹੋਵੇ, ਵੱਡੇ-ਵੱਡੇ ਇਨਾਮ ਦਿੰਦਾ ਹੋਵੇ, ਸਨਮਾਨ ਦਿੰਦਾ ਹੋਵੇ। ਜਿੰਨੀਆਂ ਵੀ ਦੁਨੀਆਂ ਦੀਆਂ ਵਡਿਆਈਆਂ ਮਹਾਰਾਜ ਕਹਿੰਦੇ ਸਾਰੀਆਂ ਉਹਦੇ ਕੋਲ ਹੋਣ ਤੇ ਦੁਨੀਆਂ ਸਤਿਕਾਰ ਕਿੰਨਾਂ ਕਰਦੀ ਹੋਵੇ ਕਿ ਉਹਦੇ ਨਾਲ ਉੱਠ ਕੇ ਤੁਰਨਾ ਫਖਰ ਸਮਝਦੇ ਹੋਣ। ਪਰ ਜੇ ਵਾਹਿਗੁਰੂ ਦੇ ਨਾਲ ਨਹੀਂ ਉਹਦੀ ਬਣ ਆਈ। ਮਹਾਰਾਜ ਕਹਿੰਦੇ ਫੇਰ ਕੁਛ ਵੀ ਨਹੀਂ ਹੈ। ਇਹ ਤਾਂ ਸਾਰਾ ਹਉਮੈ ਦਾ ਖੇਲ੍ਹ ਹੋ ਰਿਹਾ ਹੈ। ਵਾਹਿਗੁਰੂ ਦਾ ਬਣਨਾ ਹੋਰ ਹੈ, ਹਉਮੈ ਦਾ ਖੇਲ੍ਹ ਹੋਰ ਹੈ।

***ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥***
***ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥***

***ਅੰਗ - 2***

ਰੋਜ਼ ਟੈਲੀਵੀਜ਼ਨਾਂ 'ਤੇ ਉਹਦੇ ਦਰਸ਼ਨ ਕਰਾਏ ਜਾਂਦੇ ਹੋਣ, ਉਹਦੇ ਭਾਸ਼ਣ ਆਉਂਦੇ ਹੋਣ, ਅਸ਼-ਅਸ਼ ਕਰਦਾ ਹੋਵੇ ਸੰਸਾਰ। ਮਹਾਰਾਜ ਕਹਿੰਦੇ, ਜੇ ਵਾਹਿਗੁਰੂ ਨਾਲ ਨਹੀਂ ਨਾ ਬਣ ਆਈ। ਇਹ ego ਦਾ ਜਿਹੜਾ ਖੇਲ੍ਹ

ਹੈ ਉਹਨੂੰ ਕਿਸੇ ਕਿਨਾਰੇ ਨਹੀਂ ਪਹੁੰਚਾਉਂਦਾ-

*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਅੰਗ - 2*

ਬਹੁਤ ਛੋਟੀ ਤੋਂ ਛੋਟੀ ਦਰਗਾਹ ਦੇ ਅੰਦਰ ਪਦਵੀ ਪੈਂਦੀ ਹੈ। ਉਹਦੇ ਵਾਸਤੇ ਪਹਿਲਾਂ ਮਨ ਵਿੱਚ ਵਿਸ਼ਵਾਸ਼ ਜ਼ਰੂਰੀ ਹੈ। ਮਹਾਰਾਜ ਕਹਿੰਦੇ ਜੇ ਵਿਸ਼ਵਾਸ਼ ਨਹੀਂ ਆਇਆ, ਜਿੰਨਾਂ ਜੀਅ ਕਰਦਾ ਹੈ ਪੜ੍ਹੀ ਜਾਹ, ਜਿੰਨਾ ਜੀਅ ਕਰਦਾ ਹੈ ਘੁੰਮੀ ਜਾਹ, ਤੀਰਥ ਕਰ ਲੈ, ਵਰਤ ਕਰ ਲੈ, ਵੱਡੇ-ਵੱਡੇ ਸਾਧਨ ਕਰ ਲੈ। ਵੱਡੇ-ਵੱਡੇ ਚਿਲੇ ਕੱਟ ਲੈ। ਜੇ ਵਿਸ਼ਵਾਸ਼ ਤੋਂ ਹੀਣਾ ਹੈ ਤਾਂ ਗੱਲ ਨਹੀਂ ਬਣਨੀ। ਜੇ ਵਿਸ਼ਵਾਸ਼ ਆ ਜਾਏ ਮਨ ਦੇ ਅੰਦਰ, ਫੇਰ ਉਹਨੂੰ ਕੋਈ ਮੁਹਥਾਜੀ ਨਹੀਂ ਕਿਸੇ ਦੀ ਰਹਿੰਦੀ। ਉਹਦੀ ਪ੍ਰਮੇਸ਼ਰ ਨਾਲ ਬਣ ਜਾਂਦੀ ਹੈ, ਜਿਹਦੀ ਬਣ ਗਈ ਉਹਨੂੰ ਦੁਨੀਆਂ ਦੀ ਕੋਈ ਲੋੜ ਨਹੀਂ ਰਿਹਾ ਕਰਦੀ। ਕਿਉਂਕਿ ਉਹਦੀ ਪ੍ਰਮੇਸ਼ਰ ਨਾਲ ਬਣ ਗਈ, ਚਾਹੇ ਉਹਦੇ ਕਿੰਨੇ ਹੀ adverse ਹਾਲਾਤ ਹੋਣ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ - 707*

ਕੱਪੜੇ ਪਾਟੇ ਹੋਏ ਨੇ ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ

*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*

*ਅੰਗ - 707*

ਦੁਨੀਆਂ ਦੀ ਨਿਗ੍ਹਾ ਦੇ ਅੰਦਰ ਘਟੀਆਂ ਬੰਦੇ ਦੀ ਇਹ ਹਾਲਤ ਹੋਇਆ ਕਰਦੀ ਹੈ, ਜਿਹਨੂੰ ਅਸੀਂ ਬੁਲਾਉਣ 'ਚ ਰਾਜ਼ੀ ਨਹੀਂ ਹੁੰਦੇ। ਮਹਾਰਾਜ ਕਹਿੰਦੇ, ਜੇ ਉਹਦਾ ਪ੍ਰਮੇਸ਼ਰ ਨਾਲ ਪਿਆਰ ਲੱਗਿਆ ਹੋਇਆ, ਪਿਆਰ ਵਿੱਚ ਭਿੱਜਿਆ ਰਹਿੰਦਾ ਹੈ ਉਹਦਾ ਮਨ ਫੇਰ ਉਹਦੀ ਬਾਦਸ਼ਾਹੀ ਚਲਦੀ ਹੈ ਸਾਰੀ ਕਾਇਨਾਤ ਦੇ ਅੰਦਰ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*

*ਅੰਗ - 707*

ਤੇ ਉਹਦੇ 'ਚ ਪਵਿੱਤਰਤਾ ਕਿੰਨੀ ਹੁੰਦੀ ਹੈ, ਜਿਸ ਥਾਂ ਦੇ ਉਤੇ ਚਰਨ ਰੱਖ ਦੇਵੇ, ਉਹ ਜੇ ਮਹਾਂ-ਪਵਿੱਤਰ ਧੂੜੀ ਮਿਲ ਜਾਵੇ, ਜਿਹਦੀ ਅਸੀਂ ਅਰਦਾਸ ਕਰਦੇ ਹਾਂ ਬਾਰ-ਬਾਰ ਕਿ ਹੇ ਸੱਚੇ ਪਾਤਸ਼ਾਹ! ਜੇ ਤੂੰ ਮੇਰੇ 'ਤੇ ਕ੍ਰਿਪਾਲੂ ਹੈਂ ਕਿਸੇ ਬਖਸ਼ੇ ਹੋਏ ਦੀ ਧੂੜੀ ਬਖਸ਼ ਦੇਹ। ਮਹਾਰਾਜ ਕਹਿੰਦੇ ਉਹਦੇ ਨਾਲ ਉਧਾਰ ਹੋ ਜਾਂਦਾ ਹੈ -

*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

*ਅੰਗ - 707*

ਦੂਜੇ ਪਾਸੇ ਵੱਡੀਆਂ ਤੋਂ ਵੱਡੀਆਂ ਪ੍ਰਾਪਤੀਆਂ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥ ਅੰਗ - 707*

ਘਰ ਸਜਾਏ ਹੋਏ ਨੇ ਹੀਰੇ ਜਵਾਹਾਰਾਤ ਲਾ ਕੇ, ਸੋਨੇ ਦੀਆਂ ਪਲੇਟਾਂ ਦਰਵਾਜ਼ਿਆਂ 'ਤੇ ਲੱਗੀਆਂ ਹੋਈਆਂ ਨੇ, ਝਿਲਮਿਲ-ਝਿਲਮਿਲ ਕਰਦਾ ਹੈ

ਘਰ। ਅੰਦਰ ਸੁਗੰਧੀਆਂ ਹੀ ਸੁਗੰਧੀਆਂ ਆਉਂਦੀਆਂ ਨੇ।

*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*

***ਅੰਗ- 707***

ਇਸ ਤਰ੍ਹਾਂ ਸਾਧਸੰਗਤ ਜੀ! ਜੇ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਨਹੀਂ ਆਉਂਦਾ, ਮਹਾਰਾਜ ਕਹਿੰਦੇ ਜਿਹਦੇ ਮਨ ਵਿੱਚ ਵਿਸ਼ਵਾਸ਼ ਨਹੀਂ ਆਉਂਦਾ। ਉਹਦੀ ਧਰਮ ਦੇ ਅੰਦਰ ਜੜ੍ਹ ਨਹੀਂ ਲੱਗ ਸਕੀ, ਕਿਉਂਕਿ ਜੜ੍ਹ ਜਿਹੜੀ ਹੈ ਉਹਦਾ ਵਿਸ਼ਵਾਸ਼ ਨਾ ਹੋਣ ਕਰਕੇ ਧਰਤੀ ਨੂੰ ਫੜ ਨਹੀਂ ਰਹੀ। ਸ਼ੱਕ ਵਿੱਚ ਪਿਆ ਹੋਇਆ ਹੈ ਕਿ ਵਾਹਿਗੁਰੂ ਸ਼ਾਇਦ ਰੱਖੇ ਕਿ ਨਾ ਰੱਖੇ। ਪਤਾ ਨਹੀਂ ਕਦ ਆਵੇ, ਕਦ ਨਾ ਆਵੇ, ਆਹ ਸ਼ੱਕ ਜਿਹੜੇ ਨੇ ਆਦਮੀ ਨੂੰ ਵਾਹਿਗੁਰੂ ਨਾਲ ਜੁੜਨ ਨਹੀਂ ਦਿੰਦੇ। ਵਾਹਿਗੁਰੂ ਸਰਬ ਕਲਾ ਸਮਰੱਥ ਹੈ। ਫੇਰ ਦੂਸਰਾ ਸਵਾਲ ਆ ਜਾਂਦਾ ਹੈ, ਕਿ ਵਿਸ਼ਵਾਸ਼ ਤਾਂ ਅਸੀਂ ਕਰ ਲਈਏ, ਪਰ ਉਹ ਰਹਿੰਦਾ ਕਿੱਥੇ ਹੈ? ਸੱਤਵੇਂ ਅਸਮਾਨ 'ਤੇ ਹੈ ਜਾਂ ਉਸ ਤੋਂ ਵੀ ਉਪਰ ਹੈ? ਸਾਧਸੰਗਤ ਜੀ! ਧਿਆਨ ਦੇਵੋ ਜਦੋਂ ਤੱਕ ਸਾਨੂੰ ਇਹ ਨਹੀਂ ਪਤਾ ਲਗਦਾ ਕਿ ਵਾਹਿਗੁਰੂ ਜੀ ਹੈਂ ਕਿੱਥੇ, ਸਾਡਾ ਉਨ੍ਹਾਂ ਨਾਲ ਸਬੰਧ ਨਹੀਂ ਜੁੜ ਸਕਦਾ। ਉਹਦੇ ਵਾਸਤੇ ਸਾਨੂੰ ਸੁਭਾਅ ਇਹ ਪਿਆ ਹੋਇਆ ਹੈ ਕਿ ਜਿਵੇਂ ਅਸੀਂ ਇੱਕ ਦੂਜੇ ਬੰਦੇ ਨਾਲ ਮਿਲਦੇ ਹਾਂ, ਰੱਬ ਇਹੋ ਜਿਹਾ ਹੀ ਹੋਣਾ ਚਾਹੀਦਾ ਹੈ। ਜਿਹਦੇ ਨਾਲ ਅਸੀਂ ਗੱਲਾਂ ਕਰ ਲਈਏ, ਜਿਹੜਾ ਸਾਨੂੰ ਦਰਸ਼ਨ ਦੇ ਦੇਵੇ। ਮਹਾਰਾਜ ਕਹਿੰਦੇ, ਉਹ ਤਾਂ ਦੂਰ ਹੈ, ਕਦੇ-ਕਦੇ ਆਵੇਗਾ। ਨਾਮਦੇਵ ਨੂੰ 72 ਵਾਰੀ ਆਇਆ ਹੈ ਸਾਰੀ ਜ਼ਿੰਦਗੀ ਦੇ ਅੰਦਰ ਤੇ ਪ੍ਰਮੇਸ਼ਰ ਉਹ ਚਾਹੀਦਾ ਹੈ ਜਿਹੜਾ ਇੱਕ ਸਵਾਸ ਵੀ ਨਾ ਵਿਸਰੇ। ਮਹਾਰਾਜ ਕਹਿੰਦੇ, ਉਹ ਜਿਹੜਾ ਪ੍ਰਮੇਸ਼ਰ ਹੈ, ਉਹ ਤੇਰੇ ਅੰਦਰ ਰਹਿੰਦਾ ਹੈ ਹਰ ਵਕਤ, ਬਾਹਰ ਨਹੀਂ ਉਹ ਤੇਰੇ ਤੋਂ। ਸਰਬ ਕਲਾ ਸਮਰੱਥ ਹੈ, ਸਾਨੂੰ ਸ਼ੱਕ ਹੋ ਜਾਂਦਾ ਹੈ ਕਿ ਜੇ ਮੇਰੇ ਅੰਦਰ ਰਹਿੰਦਾ ਹੈ ਤਾਂ ਫੇਰ ਮੇਰਾ ਹੀ ਹੋਇਆ, ਬਾਕੀਆਂ ਦੇ ਨਾਲ ਤਾਂ ਨਾ ਰਹਿੰਦਾ ਹੋਇਆ। ਮਹਾਰਾਜ ਕਹਿੰਦੇ ਉਹਦੀਆਂ ਦੋ ਕਿਸਮਾਂ ਨੇ ਇੱਕ ਤਾਂ ਉਹ ਨਿਰੰਕਾਰ ਹੈ।

ਇਹ ਵੀ ਨਿਰਗੁਨ ਸਰੂਪ ਹੈ ਰੂਪ-ਰੰਗ, ਰੇਖ-ਭੇਖ ਤੋਂ ਨਿਆਰਾ, ਸਭ ਦੇ ਅੰਦਰ ਵਸਦਾ ਹੈ, ਅੰਦਰ ਵੀ ਹੈ, ਬਾਹਰ ਵੀ ਹੈ, ਦੋਵੇਂ ਪਾਸੇ ਹੈ, ਉਹ ਪਰੀਪੂਰਨ ਜੋਤੀ ਹੈ।

ਉਹ ਪਰਮ ਜੋਤੀ ਹੈ, ਸਭ ਦੇ ਅੰਦਰ ਤੇ ਸਭ ਦੇ ਬਾਹਰ। ਉਹਨੂੰ ਦੇਖਣ ਵਾਸਤੇ ਸਾਡਾ ਜਿਹੜਾ ਮਨ ਹੈ ਇਹ ਬਾਹਰ ਫਿਰਦਾ, ਇਹਦੇ ਵਿੱਚ ਸ਼ਕਤੀ ਨਹੀਂ ਕਿ ਇਹ ਦੇਖ ਸਕੇ, ਸਾਡੀਆਂ ਅੱਖਾਂ 'ਚ ਸ਼ਕਤੀ ਨਹੀਂ ਵਾਹਿਗੁਰੂ ਨੂੰ ਦੇਖਣ ਦੀ। ਜਦੋਂ ਤੱਕ ਅੰਦਰੋਂ ਨਾ ਦਿਸ ਜਾਵੇ। ਜਦੋਂ ਅੰਦਰ ਦਿਸ ਜਾਂਦਾ ਹੈ, ਫੇਰ ਬਾਹਰ ਵੀ ਦਿਸਣ ਲੱਗ ਜਾਂਦਾ ਹੈ। ਸਾਡੀ

ਬੁੱਧੀ 'ਚ ਸ਼ਕਤੀ ਨਹੀਂ ਕਿ ਵਾਹਿਗੁਰੂ ਦੇ ਬਾਰੇ ਬਹੁਤ ਕੁਛ ਜਾਣ ਸਕੇ, ਇਹ ਅਲਪੱਗ ਚੀਜ਼ਾਂ ਸਾਨੂੰ ਦਿੱਤੀਆਂ ਨੇ, ਸੰਸਾਰ ਦਾ ਕੰਮ ਕਰਨ ਵਾਸਤੇ। ਮਹਾਰਾਜ ਕਹਿੰਦੇ ਜਦੋਂ ਤੂੰ ਇਹਦੀ ਢੂੰਡ 'ਚ ਪਿਆ ਤੇਰੀ ਬੁੱਧੀ ਤੀਖਣ ਹੋ ਜਾਏਗੀ। ਉਹਦਾ ਨਾਉਂ ਬਦਲ ਜਾਏਗਾ।

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* *ਅੰਗ - 339*

ਉਸ ਵੇਲੇ ਆਤਮ ਵਿਸ਼ੈਣੀ ਬੁੱਧੀ ਪ੍ਰਾਪਤ ਹੋ ਜਾਏਗੀ, ਜਿਸਦੇ ਨਾਲ ਅੰਦਰ ਪ੍ਰਮੇਸ਼ਰ ਦਾ ਅਨੁਭਵ ਪ੍ਰਗਟ ਹੋ ਜਾਂਦਾ ਹੈ । ਕਹਿੰਦੇ ਤੇਰੇ ਅੰਦਰ ਰਹਿੰਦਾ ਹੈ ਦੂਰ ਨਹੀਂ ਹੈ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥* *ਅੰਗ - 1033*

ਆਹ ਜਿਹੜਾ ਗੜ੍ਹ ਹੈ ਨਾ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਅੰਗ - 954*

ਇਹਦੇ ਵਿੱਚ ਹੀ ਵਾਹਿਗੁਰੂ ਦਾ ਵਾਸਾ ਹੈ, ਜੇ ਐਨੀ ਗੱਲ ਮੰਨ ਲਈ ਆਪਾਂ ਫੇਰ ਤਾਂ ਵਾਹਿਗੁਰੂ ਦੇ ਬਹੁਤ ਨੇੜੇ ਚਲੇ ਗਏ । ਕਿਉਂਕਿ ਗੱਲ ਮੰਨ ਲਈ, ਅੰਦਰ ਆ ਗਈ। ਜਦੋਂ ਅੱਖਾਂ ਮੀਚਾਂਗੇ ਉਦੋਂ ਹੀ ਯਾਦ ਆ ਜਾਏਗਾ ਕਿ ਮੇਰੇ ਅੰਦਰ ਤਾਂ ਵਾਹਿਗੁਰੂ ਹੈ। ਜਦੋਂ ਵਾਹਿਗੁਰੂ ਜੀ ਨਾਲ ਹੈ, ਫੇਰ ਆਪਾਂ ਗਲਤੀਆਂ ਕਿੱਥੋਂ ਕਰਾਂਗੇ, ਕਿਹਦੀ ਨਿੰਦਿਆ ਕਰਾਂਗੇ, ਕਿਹਦੀਆਂ ਚੁਗਲੀਆਂ ਕਰਾਂਗੇ। ਕਿਹਦੇ ਨਾਲ ਈਰਖਾ ਕਰਾਂਗੇ, ਕੀਹਨੂੰ ਮਾੜਾ ਕਹਾਂਗੇ, ਕਿਉਂਕਿ ਉਹ ਅੰਦਰ ਹੈ । ਅੰਦਰ ਹੁੰਦਾ ਹੋਇਆ ਫੇਰ ਸਾਨੂੰ ਪਿਆਰ ਕਰਦਾ ਹੈ। ਮਹਾਰਾਜ ਕਹਿੰਦੇ ਉਹ ਹੈ ਹੀ ਪਿਆਰ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥ ਜਾਪੁ ਸਾਹਿਬ*

ਜਿਹਦਾ ਸਰੂਪ ਹੀ ਪਿਆਰ ਹੈ ਫੇਰ ਤਾਂ ਗਲਤੀ ਸਾਡੀ ਹੀ ਹੈ, ਅਸੀਂ ਨਹੀਂ ਉਹਨੂੰ ਪਿਆਰ ਕਰਦੇ। ਕਿਉਂਕਿ ਉਹ ਤਾਂ ਨਿਰਾ ਹੀ ਪਿਆਰ ਹੈ, ਪਿਆਰ ਦੇ ਵਸ ਵਿੱਚ ਆਉਂਦਾ ਹੈ।

*ਗੋਬਿੰਦ ਭਾਉ ਭਗਤਿ ਦਾ ਭੁਖਾ।*

ਸੋ ਸਾਡੇ ਅੰਦਰ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ॥ ਅੰਦਰਿ ਕੋਟ ਛਜੇ ਹਟਨਾਲੇ ॥*
*ਅੰਗ - 1033*

ਐਨੀਆਂ ਚੀਜ਼ਾਂ, ਸਾਰਾ ਬ੍ਰਹਿਮੰਡ ਇਸ ਕਿਲੇ ਦੇ ਅੰਦਰ ਹੈ, ਟੈਲੀਵੀਜ਼ਨ ਦੇਖਦੇ ਓਂ ਤੁਸੀਂ ਬੇਅੰਤ ਦੂਰ-ਦੂਰ ਤੱਕ ਦਾ ਟੈਲੀਵੀਜ਼ਨ 'ਚ

ਦਿਸਣ ਲੱਗ ਜਾਂਦਾ ਹੈ। ਹਜ਼ਾਰਾਂ ਬੰਦੇ ਦਿਸਦੇ ਨੇ ਇੱਕ ਸ਼ੀਸ਼ੇ 'ਚ ਦਿਸਦੇ ਨੇ। ਐਸੇ ਤਰ੍ਹਾਂ ਵਾਹਿਗੁਰੂ ਜੀ ਨੇ, ਸਾਰੇ ਬ੍ਰਹਿਮੰਡ ਸਾਡੇ ਅੰਦਰ ਨੇ, ਸਾਰੀਆਂ ਚੀਜ਼ਾਂ ਸਾਡੇ ਅੰਦਰ ਨੇ, ਕੋਈ ਚੀਜ਼ ਬਾਹਰ ਨਹੀਂ ਹੈ। ਐਨਾ Inter connected ਹੈ ਸਾਡਾ ਅੰਦਰ, ਇਹਦੇ ਵਿੱਚ ਸਾਰੇ ਗੁਣ ਨੇ, ਉਹ ਕੀਮਤੀ ਗੁਣ ਜਿਨ੍ਹਾਂ ਦੀ ਕੋਈ ਕੀਮਤ ਨਹੀਂ ਪੈ ਸਕਦੀ। ਬੇਅੰਤ ਸ਼ਕਤੀਆਂ ਨੇ ਰਿੱਧੀਆਂ-ਸਿੱਧੀਆਂ, ਅੰਤਰਜਾਮਤਾ, ਜੋ ਵੀ ਸ਼ਕਤੀਆਂ ਨੇ ਇਹਦੇ ਵਿੱਚ ਰੱਖੀਆਂ ਹੋਈਆਂ ਨੇ। ਮਹਾਰਾਜ ਕਹਿੰਦੇ ਬਹੁਤ ਚੀਜ਼ਾਂ ਐਸ ਸਰੀਰ ਦੇ ਅੰਦਰ ਨੇ। ਪਰ ਇੱਕ ਰੁਕਾਵਟ ਹੈ ਵਿੱਚ ਖੜ੍ਹੀ ਹੋਈ, ਉਹ ਇਸ ਕਰਕੇ ਹੈ ਕਿ ਇੱਕ ਪਾਸੇ ਤਾਂ ਗਾਰਵੇਜ਼ ਹੈ, ਮਾੜੀਆਂ ਚੀਜ਼ਾਂ ਨੇ। ਜਿਵੇਂ ਸੀਵਰੇਜ ਜਾਂਦੀਆਂ ਹੈ ਚੰਡੀਗੜ੍ਹ ਦੀ, ਔਹ ਪਰਲੇ ਪਾਸੇ ਜਾ ਕੇ, ਉਥੇ-ਉਥੇ ਵੱਡੇ-ਵੱਡੇ ਤਲਾਅ ਬਣੇ ਹੋਏ ਨੇ, ਇੱਕ ਪਾਸੇ ਵੱਡੇ-ਵੱਡੇ ਗਾਰਡਨ ਬਣੇ ਹੋਏ ਨੇ ਵਧੀਆ, ਜਿਨ੍ਹਾਂ ਦੇ ਵਿੱਚ ਰੰਗਾਂ-ਰੰਗਾਂ ਦੇ ਫੁੱਲ ਲੱਗੇ ਹੋਏ ਨੇ, ਸੀਵਰੇਜ ਦਾ ਤੇ ਉਹਦਾ ਕਾਫੀ ਫਰਕ ਪਾ ਦਿੱਤਾ ਆਪਸ ਵਿਚ, ਇਸੇ ਤਰ੍ਹਾਂ ਪ੍ਰਮੇਸ਼ਰ ਨੇ ਜਿਹੜੀਆਂ ਸਾਡੇ ਅੰਦਰ ਗੰਦੀਆਂ ਚੀਜ਼ਾਂ ਨੇ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਇਹ ਨੀਵੇਂ ਪੱਧਰ ਵਿੱਚ ਸੁੱਟ ਦਿਤੀਆਂ। ਹਉਮੈ ਦੇ ਮੰਡਲ ਵਿੱਚ ਸੁੱਟ ਦਿੱਤੀਆਂ। ਲੇਕਿਨ ਜਿੱਥੇ ਇਹ ਮੰਡਲ ਖਤਮ ਹੁੰਦਾ ਹੈ ਉਸ ਤੋਂ ਅੱਗੇ ਇੱਕ ਗੇਟ ਆਉਂਦਾ ਹੈ ਜਿਹਨੂੰ ਬਜਰ ਕਪਾਟ ਲੱਗੇ ਹੋਏ ਨੇ, ਖੁਲ੍ਹਦਾ ਨਹੀਂ ਹੈ।

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***

***ਅੰਗ - 1033***

ਪਵਿੱਤਰ ਚੀਜ਼ਾਂ ਜਿਹੜੀਆਂ ਨੇ ਉਨ੍ਹਾਂ ਦੀ ਰਾਖੀ ਕੀਤੀ ਗਈ ਹੈ, ਉਨ੍ਹਾਂ ਨੂੰ save ਕੀਤਾ ਗਿਆ ਹੈ, ਕਹਿੰਦੇ ਉਹ ਦਰਵਾਜ਼ੇ ਬੰਦ ਨੇ, ਲੇਕਿਨ ਉਨ੍ਹਾਂ ਦਰਵਾਜ਼ਿਆਂ ਨੂੰ ਖੋਲ੍ਹਣ ਵਾਸਤੇ-

***.....ਗੁਰ ਸਬਦੀ ਖੋਲਾਇਦਾ ॥*** ***ਅੰਗ - 1033***

ਗੁਰੂ ਦਾ ਸ਼ਬਦ ਜੇ ਪੰਜ ਪਿਆਰਿਆਂ ਤੋਂ ਪ੍ਰਾਪਤ ਹੋ ਜਾਵੇ, ਉਹਦਾ ਅਭਿਆਸ ਕਰਨ ਨਾਲ ਉਹ ਦਰਵਾਜ਼ਾ ਖੁਲ੍ਹ ਜਾਇਆ ਕਰਦਾ ਹੈ। ਜਦੋਂ ਖੁਲ੍ਹ ਜਾਂਦਾ ਹੈ ਫੇਰ ਨਿਸ਼ਾਨੀਆਂ ਨੇ, Imagination ਨਹੀਂ ਹੈ ਇੱਥੇ।

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***

***ਅੰਗ - 954***

ਉਸ ਥਾਂ ਦੀਆਂ ਨਿਸ਼ਾਨੀਆਂ ਨੇ। ਨਿਸ਼ਾਨੀਆਂ ਦਿਖਾਉਂਦਾ ਗੁਰੂ ਹੈ ਪੂਰਾ।

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***

***ਅੰਗ - 1291***

ਜਿਹੜਾ ਆਹ ਸਰੀਰ ਰੂਪੀ ਘਰ ਦੇ ਅੰਦਰ ਪ੍ਰਮੇਸ਼ਰ ਦਾ aboard of God ਦਿਖਾ ਦੇਵੇ ਉਹ ਪੂਰਾ ਸਤਿਗੁਰੂ ਹੁੰਦਾ ਹੈ।

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***

***ਅੰਗ - 1291***

ਉਥੇ ਨਿਸ਼ਾਨੀ ਹੈ, ਆਤਮਕ ਸੰਗੀਤ ਹਰ ਵਕਤ ਬਿਨਾਂ ਵਜਾਏ ਚਲਦਾ ਹੈ। ਕੋਈ ਵਜਾਉਣ ਵਾਲਾ ਨਹੀਂ ਹੈ। ਆਪਣੇ ਆਪ ਚਲਦਾ ਹੈ।

ਮੈਂ ਅਮਰੀਕਾ ਹੋਇਆ ਗਿਆ ਸੀ, ਉਥੇ ਇਕ house on the rock ਹੈ, ਬੜੀ ਦੁਨੀਆਂ ਦੇਖਣ ਜਾਂਦੀ ਹੈ, ਦੋ ਭਰਾਵਾਂ ਨੇ ਉਹ 27 ਸਾਲ 'ਚ ਬਣਾਇਆ ਹੈ। ਉਹਦੇ ਜਦੋਂ ਅੰਦਰ ਗਏ, ਆਦਮੀ ਕੋਈ ਨਾ, ਲੇਕਿਨ ਸਾਜ ਸਾਰੇ ਹੀ ਪਏ, ਚਾਲੀ-ਪੰਜਾਹ ਸਾਜ ਪਏ। ਇੱਕ ਨੇ ਉਹਦੇ ਵਿਚ ਪੈਸੇ ਪਾ ਦਿੱਤੇ, ਉਸੇ ਵੇਲੇ ਆਪਣੇ ਆਪ ਹੀ ਵਾਜੇ ਵੱਜਣੇ ਸ਼ੁਰੂ ਹੋ ਗਏ, ਆਪੇ ਸੀਤਾਰਾਂ ਵੱਜਣੀਆਂ ਸ਼ੁਰੂ ਹੋ ਗਈਆਂ। ਆਪੇ ਬਿਗਲ ਵੱਜਣੇ ਸ਼ੁਰੂ ਹੋ ਗਏ, ਢੋਲ ਵੱਜਣੇ ਸ਼ੁਰੂ ਹੋ ਗਏ। ਬੰਦਾ ਕੋਈ ਨਜ਼ਰ ਨਾ ਆਵੇ। ਸਾਜ ਸਾਰੇ ਹਿਲਦੇ ਨੇ, ਗਜ ਹਿਲ ਰਹੇ ਨੇ, ਵਾਜੇ ਦੀਆਂ ਸੁਰਾਂ ਦੱਬੀਆਂ ਜਾ ਰਹੀਆਂ ਨੇ, ਬੰਦਾ ਤਾਂ ਕੋਈ ਨਹੀਂ ਸੀ। ਇਹ ਮਨੁੱਖ ਜੇ ਕਰ ਸਕਦਾ ਹੈ, ਤਾਂ ਵਾਹਿਗੁਰੂ ਜੀ ਨੇ ਸਾਰਿਆਂ ਦੇ ਅੰਦਰ ਇੱਕ ਐਸਾ ਮਿਊਜ਼ਿਕ ਪਾਇਆ ਹੈ, ਇਸਲਾਮ ਵਾਲਿਆਂ ਦੀ ਕਹਾਣੀ ਹੈ, ਈਸਾਈਅਤ ਦੀ ਕਹਾਣੀ ਹੈ ਕਿ ਜਦ ਰੂਹ ਸਰੀਰ ਦੇ ਅੰਦਰ ਦਾਖਲ ਨਹੀਂ ਸੀ ਹੁੰਦੀ, ਪ੍ਰਮੇਸ਼ਰ ਕੋਲ ਕਹਿਣ ਲੱਗੀ ਕਿ ਮੈਂ ਕਾਹਦਾ ਇਹਦੇ 'ਚ ਦਾਖਲ ਹੋਵਾਂ, ਇਹ ਲੋਥੜਾ ਜਿਹੜਾ ਤੂੰ ਬਣਾਇਆ ਹੈ ਹਨ੍ਹੇਰ ਗਵਾਰ ਹੈ ਇਹਦੇ ਵਿੱਚ। ਜੀਅ ਨਹੀਂ ਲਗਦਾ, ਸੁੰਨਾ ਪਿਆ ਹੈ। ਉਹ ਕਹਿਣ ਲੱਗੇ, ਹੁਣ ਤੂੰ ਜਾਹ। ਬੜੀ ਦੇਰ ਤੱਕ ਨਾ ਵਾਪਸ ਆਈ, ਫੇਰ ਵਾਪਸ ਨਿਕਲੀ। ਕਹਿਣ ਲੱਗੇ, ਹੁਣ ਕਿਉਂ ਨਿਕਲ ਆਈ? ਕਹਿੰਦਾ ਠੀਕ ਹੈ, ਤੇਰੇ ਦਰਬਾਰ ਨਾਲ connection ਤਾਂ ਜੁੜ ਗਿਆ। ਸੰਗੀਤ ਤਾਂ ਆਉਂਦਾ ਹੈ ਪਰ ਹਨ੍ਹੇਰਾ ਪਿਆ ਹੈ, ਉਹ ਕਹਿੰਦੇ ਜਾਹ, ਇਹਦੇ ਵਿੱਚ ਪ੍ਰਕਾਸ਼ ਵੀ ਪਾ ਦਿੱਤਾ । ਉਸ ਵੇਲੇ ਜਦੋਂ ਦਾਖਲ ਹੋਈ ਫੇਰ ਪ੍ਰਕਾਸ਼ ਤੇ ਦੋਵੇਂ ਚੀਜ਼ਾਂ ਸੁਣੀਆਂ, ਉਸ ਵੇਲੇ ਤੋਂ ਅਸੀਂ ਕਿਸੇ ਨਾ ਕਿਸੇ ਸਰੀਰ ਵਿੱਚ ਪਏ ਹੋਏ, ਉਸ ਨੂੰ ਭੁੱਲ ਗਏ ਤੇ ਬਾਹਰਲੀਆਂ ਚੀਜ਼ਾਂ ਨੇ ਸਾਨੂੰ ਮੋਹ ਲਿਆ -

***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥***

***ਅੰਗ - 339***

ਉਪਮਾ ਰਹਿਤ ਜਿਹੜੀ ਆਤਮ ਵਸਤੂ ਸੀ ਉਸ ਤੋਂ ਅਸੀਂ ਟੁੱਟ ਗਏ। ਸੋ ਮਹਾਰਾਜ ਕਹਿੰਦੇ, ਉਹ ਚੀਜ਼ਾਂ ਪ੍ਰਗਟ ਹੋ ਜਾਂਦੀਆਂ ਨੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***

***ਅੰਗ - 954***

ਅਨੁਭਵ ਦਾ ਪ੍ਰਕਾਸ਼ ਹੋ ਜਾਂਦਾ ਹੈ। ਜਦੋਂ ਪ੍ਰਕਾਸ਼ ਹੋਇਆ ਨਜ਼ਰ ਕੀ ਆਉਂਦਾ ਹੈ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥***

***ਅੰਗ - 947***

ਕਿਉਂਕਿ ਦਰਵਾਜ਼ਾ ਖੁਲ੍ਹ ਗਿਆ, ਅੰਦਰ ਪ੍ਰਕਾਸ਼ ਹੋ ਗਿਆ -

***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥***

***ਅੰਗ - 1033***

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***

***ਅੰਗ - 1033***

ਕਹਿੰਦੇ ਆਹ ਸਰੀਰ 'ਚ ਬੈਠਾ ਹੈ। ਹੁਣ ਇਹਦੇ ਉਤੇ ਜੇ ਵਿਸ਼ਵਾਸ਼ ਸਾਡਾ ਬਣ ਜਾਵੇ, ਤਾਂ ਹੈ। ਆਹੀ ਚੀਜ਼ ਔਖੀ ਹੈ, ਵਿਸ਼ਵਾਸ਼ ਨਹੀਂ ਆਉਂਦਾ। ਜੇ ਵਿਸ਼ਵਾਸ਼ ਬਣ ਜਾਵੇ, ਫੇਰ ਸਾਡੇ ਅੰਦਰ ਨਾਮ ਆਪੇ ਹੀ ਚੱਲ ਪੈਂਦਾ ਹੁੰਦਾ ਹੈ, ਜਿਹੜੀ ਸ਼ਿਕਾਇਤ ਹੈ ਮੇਰੇ ਅੰਦਰ ਕਿ ਨਾਮ ਨਹੀਂ ਜੀ ਚਲਦਾ। ਨਾਮ ਤਾਂ ਨਹੀਂ ਚਲਦਾ, ਵਿਸ਼ਵਾਸ਼ ਤੋਂ ਹੀਣੇ ਹਾਂ ਅਸੀਂ। ਵਿਸ਼ਵਾਸ਼ ਆਉਂਦਾ ਹੀ ਨਹੀਂ, ਬਾਹਰਲੀਆਂ ਚੀਜ਼ਾਂ ਨੇ ਸਾਡੇ ਮਨ ਨੂੰ ਮੋਹ ਲਿਆ। ਚਿੱਤ 'ਚ ਨਹੀਂ ਰਹਿੰਦਾ ਵਾਹਿਗੁਰੂ। ਤਾਂ ਨਹੀਂ ਰਹਿੰਦਾ ਕਿਉਂਕਿ ਗੁਰੂ ਦੇ ਬਚਨਾਂ 'ਤੇ ਪ੍ਰਤੀਤ ਨਹੀਂ ਹੈ। ਗੁਰੂ ਦੇ ਬਚਨ ਨੂੰ ਸਤਿ ਕਰਕੇ ਨਹੀਂ ਮੰਨਦੇ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ।

***ਧਾਰਨਾ - ਗੁਰ ਕੀ ਪਰਤੀਤ ਜੀ,***
***ਜਿਸਦੇ ਮਨ ਵਿੱਚ ਹੈ ਭਾਈ।***

ਜਿਸ ਮਨ ਵਿੱਚ ਪ੍ਰਤੀਤ ਵਸ ਗਈ, ਉਸ ਨੂੰ ਚਿੱਤ ਆਏਗਾ। ਦੂਸਰੇ ਨੂੰ ਨਹੀਂ ਆਏਗਾ। ਸੋ ਮੈਂ ਵਿਸ਼ਵਾਸ਼ ਦੀ ਗੱਲ ਕਰ ਰਿਹਾ ਸੀ ਕਿ ਸਾਡਾ ਵਿਸ਼ਵਾਸ਼ ਨਹੀਂ ਵਾਹਿਗੁਰੂ 'ਤੇ ਬੱਝਦਾ। ਆਪਣਾ ਤਾਣ, ਆਪਣੀ ਅਕਲ ਹਰ ਵਕਤ ਸਾਡੇ ਮੂਹਰੇ ਰਹਿੰਦੀ ਹੈ। ਮਹਾਰਾਜ ਕਹਿੰਦੇ ਜੇ ਸਿੱਖ ਬਣਨਾ ਹੈ, ਜੇ ਤੇਰੇ ਅੰਦਰ ਖਿਆਲ ਹੈ ਕਿ ਮੈਂ ਗੁਰੂ ਦਾ ਸਿੱਖ ਬਣ ਜਾਵਾਂ। ਕਹਿੰਦੇ ਫੇਰ-

***ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥***

***ਅੰਗ - 920***

ਇਹ ਜਿਹੜਾ ਮੈਂ ਹੈ ਇਹਨੂੰ ਛੱਡ ਦੇ ਤੇ ਗੁਰੂ ਦੇ ਪਰਨੇ ਰਹਿ ਹਰ ਵਕਤ। ਉਹਦੇ ਉਤੇ ਵਿਸ਼ਵਾਸ਼ ਰੱਖ। ਮਹਾਰਾਜ ਗਏ ਝੰਡੇ ਬਾਢੀ ਕੋਲ। ਕਹਿੰਦੇ, ਝੰਡਿਆ! ਇਹ ਪ੍ਰਸ਼ਾਦਾ ਕੀਹਦਾ ਲੈ ਕੇ ਆਇਆ ਹੈਂ। ਕਿੱਥੋਂ ਲੈ ਕੇ ਆਇਆ ਹੈਂ ਕਹਿੰਦਾ ਪਾਤਸ਼ਾਹ! ਪ੍ਰਸ਼ਾਦਾ ਤਾਂ ਪ੍ਰਮੇਸ਼ਰ ਦਾ ਹੈ ਉਹ

ਲੈ ਕੇ ਆਇਆ ਹਾਂ। ਮਹਾਰਾਜ ਕਹਿੰਦੇ ਝੰਡਿਆ! ਪ੍ਰਮੇਸ਼ਰ ਨੂੰ ਪਛਾਣਿਆ ਹੈ ਤੂੰ? ਕਹਿੰਦਾ, ਨਹੀਂ ਪਛਾਣ ਨਹੀਂ ਸਕਿਆ। ਤਰਦੱਦ ਕਰ ਰਿਹਾ ਹਾਂ। ਬਚਪਨ ਤੋਂ ਲੈ ਕੇ ਕੋਸ਼ਿਸ਼ਾਂ ਕਰ ਰਿਹਾ ਹਾਂ ਕਿ ਮੈਨੂੰ ਪਛਾਣ ਆ ਜਾਵੇ। ਕਹਿੰਦੇ ਫੇਰ ਤੈਨੂੰ ਕਿਵੇਂ ਪਤਾ ਲੱਗ ਗਿਆ ਕਿ ਇਹ ਪ੍ਰਮੇਸ਼ਰ ਦਾ ਹੈ ਪ੍ਰਸ਼ਾਦਾ ਹੈ। ਝੰਡਿਆ! ਜਾਣਿਆ ਹੈ, ਪਛਾਣਿਆ ਨਹੀਂ ਹੈ। ਬੁੱਝਿਆ ਨਹੀਂ ਹੈ, ਬੁੱਧੀ ਨਾਲ ਜਾਣ ਲਿਆ। ਬੁੱਧੀ ਨਾਲ ਜਾਣਨਾ ਹੋਰ ਚੀਜ਼ ਹੁੰਦਾ ਹੈ, ਬੁੱਝਣਾ ਹੋਰ ਚੀਜ਼ ਹੁੰਦਾ ਹੈ। ਮਹਾਰਾਜ ਕਹਿੰਦੇ, ਜਿਹਨੇ ਬੁੱਝਿਆ ਨਹੀਂ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*

*ਅੰਗ – 251*

ਜੇ ਬੁੱਝਿਆ ਨਹੀਂ ਹੈ, ਪ੍ਰਮੇਸ਼ਰ ਆਪਣੇ ਆਪ ਨੂੰ ਨਹੀਂ ਬੁੱਝਿਆ, ਮੈਂ ਕੌਣ ਹਾਂ? ਕਹਿੰਦੇ ਫੇਰ ਤਾਂ ਤੂੰ ਪਸ਼ੂ ਦਾ ਪਸ਼ੂ ਰਹਿ ਗਿਆ। ਮਨੁੱਖ ਨਹੀਂ, ਮਨੁੱਖ ਕਹਾਉਂਦਾ ਹੈਂ ਲੇਕਿਨ ਬੁੱਝ ਨਹੀਂ ਸਕਿਆ।

ਕਹਿੰਦਾ, ਜੀ ਮੈਂ ਆਤਮਾ ਹਾਂ।

ਕਹਿੰਦੇ, ਬੁੱਝਿਆ ਹੈ ਕਿ ਜਾਣਿਆ ਹੈ?

ਕਹਿੰਦਾ, ਜਾਣਿਆ ਹੈ ਜੀ ਬੁੱਝਿਆ ਨਹੀਂ ਮੈਨੂੰ ਸਮਝ ਆਉਂਦੀ, ਬੁੱਝਿਆ ਕੀ ਹੁੰਦਾ ਹੈ।

ਇੱਕ ਚੰਗਾ ਬੂਟਿਆਂ ਦਾ ਮਾਹਰ ਅੰਬ ਦੇ ਕੋਲ ਖੜ੍ਹਾ ਹੈ, ਅੰਬ ਲੱਗੇ ਹੋਏ ਨੇ, ਪੱਕੇ ਅੰਬ ਨੇ, ਦੁਸ਼ਹਿਰੀ ਅੰਬ ਲੱਗਿਆ ਹੋਇਆ ਹੈ, ਗਿਣਦਾ ਹੈ ਕਿ ਉਸ ਵਿਚ ਕਿੰਨੀ ਕੈਲਰੀ ਹੈ, ਕਿੰਨੀ % ਸ਼ੂਗਰ ਹੈ, ਕਿੰਨੇ % ਇਸ ਵਿੱਚ ਤੇਜ਼ਾਬ ਹੈ, ਕਿੰਨੀ ਇਸ ਦੀ food value ਹੈ। ਇਹ ਕਿਹੜਾ-ਕਿਹੜਾ ਅਸਰ ਕਰਦੀ ਹੈ ਸਰੀਰ ਦੇ ਅੰਦਰ। ਗਿਣੀ ਜਾਂਦਾ ਹੈ, ਗਿਣੀ ਜਾਂਦਾ ਹੈ, ਫੇਰ ਗਿਣਦਾ ਹੈ ਕਿ ਐਨਾ ਚਿਰ ਐਸ ਤਰ੍ਹਾਂ ਬੀਜਿਆ ਜਾਵੇ, ਐਸ ਤਰ੍ਹਾਂ ਖਾਦ ਪਾਇਆ ਜਾਵੇ, ਉਸ ਤੋਂ ਬਾਅਦ ਫੇਰ ਇਹਨੂੰ ਫੁੱਲ ਆਉਂਦੇ ਨੇ, ਫੇਰ ਸਪਰੇਅ ਕੀਤੀ ਜਾਵੇ, ਕੋਈ ਬੀਮਾਰੀ ਨਾ ਲੱਗੇ, ਫੇਰ ਅੰਬ ਲਗਦੇ ਨੇ। ਬੜੀ ਸੋਹਣੀ ਗੱਲ ਜਾਣ ਲਈ, ਬੜੀ detail ਉਹਦੀ ਸਮਝ 'ਚ ਆ ਗਈ। ਲੇਕਿਨ ਜਾਣਿਆ ਉਸ ਨੇ ਬੁੱਝਿਆ ਨਹੀਂ। ਐਨੇ ਨੂੰ ਇੱਕ ਬੰਦਾ ਆਉਂਦਾ ਹੈ, ਆ ਕੇ ਅੰਬ ਤੋੜਦਾ ਹੈ, ਅੰਬ ਤੋੜ ਕੇ ਚੂਪਣਾ ਸ਼ੁਰੂ ਕਰ ਦਿੰਦਾ ਹੈ, ਹੁਣ ਬੁੱਝਿਆ ਉਸ ਨੇ ਹੈ, ਉਸਨੂੰ ਪਤਾ ਹੈ ਕਿ ਅੰਬ ਦਾ ਕੀ ਸੁਆਦ ਆ ਰਿਹਾ ਹੈ ਅੰਦਰ। ਜਿਹੜਾ ਗਿਣਤੀ ਕਰ ਰਿਹਾ ਸੀ, ਉਹਨੂੰ ਨਹੀਂ ਪਤਾ। ਸੋ ਬੁੱਝਣਾ 'ਤੇ ਜਾਣਨਾ ਦੋ ਚੀਜ਼ਾਂ ਨੇ। ਜਿਹਨੇ ਬੁੱਝ ਲਿਆ ਮਹਾਰਾਜ ਕਹਿੰਦੇ ਉਹਦਾ ਸਫਲ ਹੈ ਇਸ ਸੰਸਾਰ 'ਤੇ ਆਉਣਾ, ਜਿਹਨੇ ਜਾਣਿਆ ਹੈ ਉਹ ਆਪਣੀ ਜਾਣਕਾਰੀ ਲਈ ਜਾਣਿਆ

ਹੈ, ਬੁੱਧੀ ਮੰਡਲ ਦੀ ਕੈਦ ਵਿੱਚ ਤੁਰਿਆ ਫਿਰਦਾ ਹੈ। ਜਿਨ੍ਹਾਂ ਨੇ ਬੁੱਝਿਆ ਹੈ ਉਹ ਇਸ ਤੋਂ ਉਪਰ ਲੰਘ ਜਾਂਦੇ ਨੇ। ਭਾਈ ਵੀਰ ਸਿੰਘ ਕਹਿੰਦੇ ਨੇ ਕਿ –

*ਜਿਨ੍ਹਾਂ ਉਚਯਾਈਆਂ ਉਤੋਂ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਯਾਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*
*'ਗਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*
*ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।*

ਸਾਡਾ ਤਾਂ ਪਿਆਰ ਲੱਗ ਗਿਆ ਉਥੇ ਜਿੱਥੇ ਬੁੱਧੀ ਦਾ ਖੰਭ ਜਲ ਗਿਆ ਤੇ ਬੁੱਧੀਵਾਨ ਸਾਨੂੰ, ਫਿਲਾਸਫਰ ਲੋਕ ਕਹਿੰਦੇ ਨੇ, ਪੜ੍ਹੇ ਲਿਖੇ ਕਹਿੰਦੇ ਨੇ, ਪੀ.ਐਚ.ਡੀ ਕਹਿੰਦੇ ਨੇ, ਕਹਿਣ ਲੱਗੇ ਗਲਤ ਕੰਮ ਕਰ ਲਿਆ ਤੂੰ, ਬੁੱਧੀ ਤੋਂ ਪਰ੍ਹੇ ਮੰਜ਼ਲ ਹੀ ਕੋਈ ਨਹੀਂ ਹੈ।

ਅਸੀਂ ਤਾਂ ਆਤਮ ਮੰਡਲ 'ਚ ਪ੍ਰਵੇਸ਼ ਕਰ ਗਏ, ਸੋ ਬੁੱਧੀ ਮੰਡਲ ਦੇ ਅੰਦਰ ਅਸੀਂ ਪ੍ਰਮੇਸ਼ਰ ਨੂੰ ਜਾਣਦੇ ਹਾਂ। ਝੱਿਡਆ! ਬੁੱਧੀ ਨਾਲ ਜਾਣਿਆ ਹੈ। ਜੇ ਜਾਣਿਆ ਹੁੰਦਾ ਪ੍ਰਮੇਸ਼ਰ ਤੌਖਲੇ ਕਿਹੜੀ ਗੱਲ ਦੇ, ਘਾਟੇ ਕਿਹੜੀ ਗੱਲ ਦੇ। ਕਿਹੜੀ ਗੱਲ ਦੀ ਚਿੰਤਾ, ਫੇਰ ਤਾਂ ਉਹ ਆਪੇ ਹੀ ਆਪ ਹੈ ਤੇਰੇ ਨਾਲ ਹੈ। ਦਿਆਲੂ ਹੈ ਕ੍ਰਿਪਾਲੂ ਹੈ, ਫੇਰ ਤੂੰ ਜੇ ਉਹਨੂੰ ਪਛਾਣ ਲਿਆ, ਫੇਰ ਤਾਂ ਤੂੰ ਜਿੱਤ ਗਿਆ। ਜਦੋਂ ਤੱਕ ਦ੍ਰਿਸ਼ਟੀਕੋਣ ਤੇ ਵਿਸ਼ਵਾਸ਼ ਅੰਦਰ ਨਹੀਂ ਆਉਂਦਾ ਓਨਾਂ ਚਿਰ ਅਸੀਂ ਪ੍ਰਮੇਸ਼ਰ ਦੀ ਸ਼ਰਨ ਨਹੀਂ ਲੈ ਸਕਦੇ। ਆਪਣੇ ਬਲ ਉਤੇ ਸਾਨੂੰ ਵਿਸ਼ਵਾਸ਼ ਹੈ। ਮਹਾਰਾਜ ਕਹਿੰਦੇ –

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥* *ਅੰਗ – 277*

ਇਹ ਤਾਂ ਵਾਹਿਗੁਰੂ ਕਰਨ ਕਾਰਨਹਾਰ ਹੈ, ਅਸੀਂ ਤਾਂ ਇੱਕ ਮੋਹਰਿਆਂ ਦੇ ਵਾਂਗਣ ਤੁਰੇ ਫਿਰਦੇ ਹਾਂ, ਜਿੱਧਰ ਲਾ ਦਿੰਦਾ ਹੈ ਤੁਰ ਪੈਂਦੇ ਹਾਂ। ਜਿੱਧਰ ਨੂੰ ਭੇਜ ਦਿੰਦਾ ਹੈ ਤੁਰ ਪੈਂਦੇ ਹਾਂ, ਅਸੀਂ ਖਾਹਮਖਾਹ ਆਪਣੇ ਉਤੇ ਗੱਲਾਂ ਲੈ ਰਹੇ ਹਾਂ, ਕਿ ਮੈਂ ਕਰਦਾ ਹਾਂ, ਮੈਂ ਪ੍ਰਚਾਰ ਕਰਦਾ ਹਾਂ, ਮੈਂ ਅੰਮ੍ਰਿਤ ਛਕਾ ਰਿਹਾ ਹਾਂ। ਬੰਨ੍ਹੇ ਗਏ ਐਨੀ ਗੱਲ ਦੇ ਨਾਲ, ਠੀਕ ਹੈ ਪੁੰਨ ਫਲ ਮਿਲੇਗਾ ਬਹੁਤ ਜ਼ਬਰਦਸਤ, ਵੱਡਾ ਪੁੰਨ ਮਿਲੇਗਾ, ਵੱਡੇ ਤੋਂ ਵੱਡੇ ਸਵਰਗ ਦੇ ਵਿੱਚ ਵਾਸਾ ਹੋ ਜਾਏਗਾ। ਕਿਉਂਕਿ ਬੜਾ ਨੇਕ ਕੰਮ ਕਰਿਆ ਹੈ, ਲੇਕਿਨ ਵਾਹਿਗੁਰੂ ਦੇ ਦਰ 'ਤੇ ਸਮਾਈ ਨਹੀਂ ਹੁੰਦੀ, ਵਾਹਿਗੁਰੂ ਦੇ ਦਰ 'ਤੇ ਸਮਾਈ ਤਾਂ ਹੁੰਦੀ ਹੈ, ਜੇ ਵਿੱਚ 'ਮੈਂ' ਦਾ ਖਾਤਮਾ ਹੋ ਜਾਏ। ਦੋ ਦਾ ਉਥੇ ਥਾਂ ਨਹੀਂ ਇੱਕ ਦਾ ਥਾਂ ਹੈ। ਮਹਾਰਾਜ ਕਹਿੰਦੇ ਉਹਦੀ ਸ਼ਰਨ ਲੈ ਲੈ ਤੂੰ, ਸ਼ਰਨ 'ਚ ਲੈ ਕੇ ਐਸ ਤਰ੍ਹਾਂ ਹੋ ਜਾ ਜਿਵੇਂ ਬਿੱਲੀ ਦਾ

ਬੱਚਾ ਹੁੰਦਾ ਹੈ। ਜਿੱਥੇ ਬਿੱਲੀ ਦਾ ਜੀਅ ਕਰਦਾ ਹੈ ਲੈ ਜਾਂਦੀ ਹੈ। ਚੂਹੇ ਨੂੰ ਵੀ ਬਿੱਲੀ ਉਸੇ ਮੂੰਹ ਨਾਲ ਫੜਦੀ ਹੈ, ਉਸੇ ਮੂੰਹ ਨਾਲ ਆਪਣੇ ਬੱਚੇ ਨੂੰ ਬਦਲਦੀ ਹੈ ਆਪਣੇ ਦੂਸਰੇ ਘਰ 'ਚ, ਕਿਉਂਕਿ ਉਹ ਪਰਾਇਣ ਹੋਇਆ ਹੋਇਆ ਹੈ ਉਹਦੇ। ਸ਼ਰਨ ਲਈ ਹੋਈ ਹੈ ਉਹਨੇ। ਜੇ ਅਸੀਂ ਵਾਹਿਗੁਰੂ ਦੀ ਸ਼ਰਨ ਲੈ ਲਈਏ ਤਾਂ ਫੇਰ ਵਾਹਿਗੁਰੂ ਜੀ ਤਾਂ ਸਾਡੇ ਨਾਲ ਰਹਿੰਦਾ ਹੈ। ਐਸੀਆਂ ਮਿਸਾਲਾਂ ਗੁਰਬਾਣੀ 'ਚ ਬਹੁਤ ਆਉਂਦੀਆਂ ਨੇ। ਪੜ੍ਹੋ ਪਿਆਰ ਨਾ –

***ਧਾਰਨਾ – ਸ਼ਰਨ ਬਿਚਾਰੋ ਮਨ ਰੇ ਪ੍ਰਭ ਕੀ।***

***ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥***
***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥***

***ਅੰਗ – 632***

ਚਾਰ ਮਿਸਾਲਾਂ ਮਹਾਰਾਜ ਜੀ ਨੇ ਦਿੱਤੀਆਂ ਨੇ, extream ਦੀਆਂ ਦਿੱਤੀਆਂ ਨੇ ਵਿਚਾਲੀਆਂ-ਵਿਚਾਲੀਆਂ ਨਹੀਂ ਹਨ। ਇੱਕ ਤਾਂ ਗਨਕਾ ਦੀ ਦਿੱਤੀ ਹੈ –

***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥***

***ਅੰਗ – 632***

ਸਾਰੇ ਲੋਕ ਕਹਾਣੀਆਂ ਜਾਣਦੇ ਨੇ ਇਕ ਉਹਨੇ ਜਸ ਕਿਵੇਂ ਹਿਰਦੇ 'ਚ ਧਾਰਿਆ, ਇਹ ਗੱਲ ਸਾਡੇ ਸਮਝਣ ਵਾਲੀ ਹੈ।

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥*** ***ਅੰਗ – 632***

ਪੰਜ ਸਾਲ ਦਾ ਬੱਚਾ, ਬੱਚੇ ਨੂੰ ਸੋਝੀ ਨਹੀਂ ਹੁੰਦੀ। ਲੇਕਿਨ ਉਹਦੇ ਮਨ 'ਚ ਐਨਾ ਵਿਸ਼ਵਾਸ਼ ਵਾਹਿਗੁਰੂ ਜੀ ਦਾ ਆਇਆ ਕਿ ਅਟੱਲ ਪਦਵੀ ਸਾਰੀ ਦੁਨੀਆਂ ਦੇ ਵਿੱਚ।

ਜਦ ਗੁਰੂ ਨਾਨਕ ਪਾਤਸ਼ਾਹ ਆਤਮ ਦੇਸ਼ਾਂ ਦੇ ਅੰਦਰ ਬਖਸ਼ੀਆਂ ਹੋਈਆਂ ਰੂਹਾਂ ਦੇ ਨਾਲ ਮਿਲ ਰਹੇ ਨੇ। ਉਸ ਵੇਲੇ ਸਾਰਿਆਂ ਤੋਂ ਉਪਰ ਧਰੂੰ ਭਗਤ ਦਾ ਮੰਡਲ ਆਇਆ, ਪ੍ਰਹਿਲਾਦ ਕੋਲ ਦੀ ਹੋ ਕੇ ਲੰਘੇ। ਧਰੂੰ ਪਾਸ ਪਹੁੰਚੇ। ਉਸ ਵੇਲੇ ਮਰਦਾਨੇ ਨੇ ਕਿਹਾ ਕਿ ਮਹਾਰਾਜ! ਧਰੂੰ ਦੇ ਬਚਨ ਤਾਂ ਸੁਣੇ ਬਹੁਤ ਵਾਰੀ ਨੇ, ਪਰ ਕ੍ਰਿਪਾ ਕਰਕੇ ਆਪ ਜੇ ਆਪਣੇ ਮੁਖਾਰਬਿੰਦ ਤੋਂ ਦੱਸੋਂ ਤਾਂ ਮੈਨੂੰ ਭਰੋਸਾ ਹੋ ਜਾਵੇ ਕਿ ਐਡਾ ਛੋਟਾ ਜਿਹਾ ਬੱਚਾ ਤੇ ਜਿੱਥੇ ਵੱਡੇ-ਵੱਡੇ ਰਿਸ਼ੀ-ਮੁਨੀ ਤਪਸਿਆ ਕਰਨ ਵਾਲੇ, ਵੱਡੇ-ਵੱਡੇ ਦੇਵੀ ਦੇਵਤੇ ਨਹੀਂ ਪਹੁੰਚ ਸਕੇ, ਉਥੇ ਇਹ ਬੱਚਾ ਕਿਵੇਂ ਪਹੁੰਚ ਗਿਆ। ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਸੌ ਪ੍ਰਤੀਸ਼ਤ ਮੇਰਾ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਸੀ। ਇਹਦੇ ਮਨ ਵਿੱਚ ਅਗਰ ਮਗਰ ਨਹੀਂ ਸੀ। ਅਰਥਾਂ ਦਾ ਉਲਟ ਪੁਲਟ ਨਹੀਂ ਸੀਗਾ, ਜੋ ਕੁਛ ਇਹ ਜਾਣਦਾ ਸੀ ਬਿਲਕੁਲ ਸਹੀ ਜਾਣਦਾ ਸੀ। ਇਹਦਾ ਸਬੰਧ ਵਾਹਿਗੁਰੂ ਨਾਲ ਜੁੜਿਆ, ਭੋਲੇ ਭਾਅ ਕਰਕੇ।

ਕਹਿਣ ਲੱਗੇ, ਮਹਾਰਾਜ ਕੌਣ ਸੀਗਾ ਇਹ? ਮਹਾਰਾਜ ਕਹਿੰਦੇ ਕਿ ਇਹ ਸਤਿਜੁਗ ਦੀ ਬਾਤ ਹੈ, ਇਸ ਭਾਰਤ ਵਰਸ਼ ਦੇ ਵਿੱਚ ਇੱਕ ਰਾਜਾ ਰਾਜ ਕਰਦਾ ਸੀ, ਉਤਾਂਗਪਾਦ ਉਹਦਾ ਨਾਮ ਸੀ। ਦੋ ਉਸ ਦੇ ਰਾਣੀਆਂ ਸੀ ਇਕ ਦਾ ਨਾਂ ਸੁਰੀਤੀ ਸੀ, ਦੂਜੀ ਦਾ ਨਾਂ ਸੁਨੀਤੀ ਸੀ। ਸੁਨੀਤੀ ਜਿਹੜੀ ਸੀ ਉਹ ਅਨਚਾਹੀ ਸੀ, ਅਨਪਿਆਰੀ ਸੀ, ਉਹਨੂੰ ਪਿਆਰ ਨਹੀਂ ਸੀ ਕਰਦਾ ਰਾਜਾ। ਦੂਸਰੀ ਜਿਹੜੀ ਸੀ ਉਹ ਬਹੁਤ ਪਿਆਰੀ ਸੀ ਉਸਨੂੰ ਹਾਵ-ਭਾਵ ਕਰਦੀ ਸੀ, ਚੰਚਲ ਸੀ। ਸੁਨੀਤੀ ਪ੍ਰਮੇਸ਼ਰ 'ਤੇ ਭਰੋਸਾ ਰੱਖਣ ਵਾਲੀ ਸੀ, ਪ੍ਰਹਿਲਾਦ ਦੀ ਮਾਂ। ਇਹਨੂੰ ਦੂਰ ਹੀ ਰੱਖਦਾ ਸੀ ਕੋਈ ਹੱਕ ਨਹੀਂ ਦਿੰਦਾ। ਇਸਦੇ ਪ੍ਰਹਿਲਾਦ ਪੈਦਾ ਹੋਇਆ। ਉਸਦੇ ਵੀ ਲੜਕਾ ਪੈਦਾ ਹੋਇਆ, ਇੱਕ ਵਾਰੀ ਬੱਚਿਆਂ ਦੇ ਨਾਲ ਆ ਕੇ ਆਪਣੇ ਪਿਤਾ ਦੇ ਪਾਰਕ ਵਿੱਚ ਖੇਲ੍ਹ ਰਿਹਾ ਹੈ ਤੇ ਪਿਤਾ ਨੇ ਬੱਚਿਆਂ ਨੂੰ ਬੁਲਾਇਆ, ਇਹਨੂੰ ਵੀ ਬੁਲਾਇਆ ਤੇ ਜਿਸ ਵਕਤ ਦੇਖਿਆ ਕਿ ਅੱਜ ਮੇਰਾ ਲੜਕਾ ਆਇਆ ਹੈ, ਪਿਆਰ ਜਾਗ ਪਿਆ ਤੇ ਉਹਨੇ ਗੋਦੀ ਵਿੱਚ ਚੁੱਕ ਲਿਆ। ਪਿੱਛੇ ਖੜ੍ਹੀ ਹੋਈ ਇਸ ਦੀ ਸੁਤੇਲੀ ਮਾਂ ਦੇਖਦੀ ਸੀ, ਉਹਨੇ ਜਦ ਦੇਖਿਆ ਕਿ ਹੈਂ ਅੱਜ ਇਹ ਗੋਦੀ 'ਚ ਬਹਿ ਗਿਆ। ਕੱਲ੍ਹ ਨੂੰ ਇਹ ਨੇੜੇ ਹੋ ਜਾਏਗਾ, ਪਰਸੋਂ ਨੂੰ ਰਾਜ ਗੱਦੀ 'ਤੇ ਬੈਠ ਜਾਏਗਾ, ਵੱਡਾ ਹੈ, ਇਹਨੂੰ ਹੁਣੇ ਰੋਕਣਾ ਚਾਹੀਦਾ ਹੈ। ਉਸ ਵੇਲੇ ਬਹੁਤ ਕ੍ਰੋਧ ਦੀ ਭਰੀ ਹੋਈ ਉਹ ਆਉਂਦੀ ਹੈ, ਉਹਨੇ ਆ ਕੇ ਬੱਚੇ ਨੂੰ ਬਾਂਹ ਤੋਂ ਫੜਿਆ, ਫੜ ਕੇ ਵਗਾਹ ਕੇ ਮਾਰਿਆ, ਜਿੱਥੇ ਤੱਕ ਮਾਰ ਸਕਦੀ ਸੀ, ਬੱਚਾ ਗਿਰਿਆ, ਗਿਰਦੇ ਸਾਰ ਉਹਦੇ ਸੱਜੀ ਗੱਲ੍ਹ ਤੇ ਖੱਬੀ ਗੱਲ੍ਹ ਤੇ ਥੱਪੜ ਮਾਰੇ, ਨਾਲ ਦੀ ਨਾਲ ਉਂਗਲੀਆਂ ਦਾ ਨੀਲ ਪੈ ਗਿਆ, ਬੱਚਾ ਰੋਣ ਲੱਗ ਗਿਆ। ਕਹਿੰਦੇ, ਐਨਾ ਫਿੱਕਾ ਬੋਲੀ ਉਹ ਕਹਿਣ ਲੱਗੀ ਕਿ ਜੇ ਤੂੰ ਇਸ ਗੋਦੀ 'ਚ ਬਹਿਣਾ ਸੀ ਤਾਂ ਤੂੰ ਤੂੰ ਮੇਰੇ ਜਨਮ ਲੈਣਾ ਸੀ। ਪੂਰੇ ਬਲ ਨਾਲ ਗੋਦੀ 'ਚੋਂ ਖਿੱਚ ਕੇ ਉਠਾ ਦਿੱਤਾ। ਬਹੁਤ ਕਠੋਰ, ਹਿਰਦੇ ਨੂੰ ਵਿੰਨਣ ਵਾਲੇ ਬਚਨ ਕਹੇ। ਤੇਰਾ ਅਧਿਕਾਰ ਨਹੀਂ ਇੱਥੇ ਬੈਠਣ ਦਾ, ਤੇਰੀ ਮਾਂ ਕੋਲ ਉਹ ਪਦਵੀ ਨਹੀਂ ਹੈ ਜੋ ਮੈਨੂੰ ਮਿਲੀ ਹੋਈ ਹੈ। ਤੂੰ ਇੱਥੇ ਨਹੀਂ ਬੈਠ ਸਕਦਾ, ਜਾਹ ਕਠਨ ਤਪ ਕਰ। ਫੇਰ ਤੂੰ ਜਨਮ ਭੋਗ ਕੇ ਮਰੀਂ, ਮਰ ਕੇ ਫੇਰ ਮੇਰੇ ਆ ਕੇ ਜਨਮ ਲਈਂ ਤਾਂ ਇਸ ਗੋਦੀ 'ਚ ਬੈਠ ਸਕੇਂਗਾ। ਮੇਰੀ ਕੁੱਖ ਤੋਂ ਜਨਮ ਲੈ।

ਕਿੱਡੇ ਕਠੋਰ ਬਚਨ ਕੇ। ਬੜਾ ਜ਼ਹੀਨ ਬਾਲਕ ਸੀ, ਕਾਲਜਾ ਵਿੰਨ੍ਹ ਗਈ ਇਹ ਗੱਲ। ਮਹਾਰਾਜ ਕਹਿੰਦੇ, ਐਹੋ ਜਿਹੇ ਫਿੱਕੇ ਬੋਲ ਬੋਲਣ ਵਾਲਾ ਜਿਹੜਾ ਹੈ ਉਹ ਪ੍ਰਮੇਸ਼ਰ ਨੂੰ ਨਹੀਂ ਭਾਇਆ ਕਰਦਾ। ਪ੍ਰਮੇਸ਼ਰ ਦੇ ਦਰ ਤੋਂ ਸੁੱਟ ਦਿੱਤਾ ਜਾਂਦਾ ਹੈ -

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥ ਅੰਗ - 473***

ਫਿੱਕਾ ਬੋਲਣ ਵਾਲਾ ਗੁਰਸਿੱਖੀ ਦੇ ਵਿੱਚ ਪ੍ਰਵਾਨ ਨਹੀਂ ਹੈ। ਕਿਉਂਕਿ

ਗੁਰਮੁਖ ਜਿਹੜੇ ਨੇ ਮਿੱਠੇ ਬੋਲ ਬੋਲਦੇ ਨੇ। ਕਦੇ ਭੁੱਲ ਕੇ ਵੀ ਫਿੱਕਾ ਨਹੀਂ ਬੋਲਦੇ। ਕੋਈ ਐਸਾ ਬਚਨ ਨਹੀਂ ਕਰਦੇ ਕਿ ਦਿਲ ਟੁੱਟ ਜਾਵੇ। ਕਿਉਂਕਿ ਦਿਲ ਟੁੱਟਣ ਦੇ ਨਾਲ ਪ੍ਰਮੇਸ਼ਰ ਰੁੱਸ ਜਾਂਦਾ ਹੈ। ਪ੍ਰਮੇਸ਼ਰ ਰਹਿੰਦਾ ਹੀ ਦਿਲ ਦੇ ਵਿੱਚ ਹੈ, ਜੇ ਕਿਸੇ ਦਾ ਦਿਲ ਤੋੜ ਦਿੱਤਾ, ਮਹਾਰਾਜ ਕਹਿੰਦੇ ਨੇ –

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*
*ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥*
*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥*

*ਅੰਗ – 1384*

ਜੇ ਪਿਆਰਿਆ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਫੇਰ ਕਿਸੇ ਦਾ ਦਿਲ ਨਾ ਤੋੜ, ਕਹਿੰਦੇ ਬਹੁਤ ਔਖਾ ਹੋ ਜਾਂਦਾ ਹੈ ਇਸ ਤਰ੍ਹਾਂ ਨਾਲ ਪੜ੍ਹ ਲਓ।

*ਧਾਰਨਾ – ਦਰਗਾਹ ਵਿੱਚ ਨਾ ਢੋਈ ਤੈਨੂੰ ਮਿਲਣੀ,*
*ਦਿਲ ਤੋੜੇਂ ਫਿੱਕਾ ਬੋਲ ਕੇ।*

ਫਿੱਕਾ ਬੋਲਣਾ, ਇੱਕ ਪਾਸੇ ਨਾਮ ਜਪਣਾ, ਇੱਕ ਪਾਸੇ ਬਾਣੀਆਂ ਦਾ ਨਿਤਨੇਮੀ ਹੋਣਾ, ਅਖੰਡਪਾਠੀ ਹੋਣਾ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਜਾਣੂ ਹੋਣਾ ਤੇ ਇੱਕ ਪਾਸੇ ਫਿੱਕਾ ਬੋਲਣਾ। ਮਹਾਰਾਜ ਕਹਿੰਦੇ ਤੈਨੂੰ ਦਰਗਾਹ 'ਚ ਥਾਂ ਨਹੀਂ ਮਿਲਣਾ।

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*

*ਅੰਗ – 473*

ਕਿਉਂਕਿ ਫਿੱਕਾ ਜਿਹੜਾ ਹੈ ਦੋ ਤਰ੍ਹਾਂ ਦੇ ਬਚਨ ਨੇ ਇੱਕ ਪਿਆਰ ਦੇ ਬਚਨ ਹੁੰਦੇ ਨੇ, ਮਿੱਠੇ ਬਚਨ, ਦਿਲ ਮੋਹ ਲੈਂਦੇ ਨੇ ਆਦਮੀ ਦਾ, ਇੱਕ ਕੌੜੇ ਬਚਨ ਹੁੰਦੇ ਨੇ। ਭਾਈ ਗੁਰਦਾਸ ਜੀ ਲਿਖਦੇ ਨੇ –

*ਮਧੁਰ ਬਚਨ ਸਮਸਰਿ ਨ ਪੁਜਸਿ ਮਧੁ,*
*ਕਰਕ ਸਬਦ ਸਰਿ ਬਿਖੁ ਨ ਬਿਖਮ ਹੈ॥*

*ਭਾਈ ਗੁਰਦਾਸ ਜੀ, ਕਬਿੱਤ 256*

ਜਿਹੜਾ ਸ਼ਹਿਦ ਹੈ ਮਿੱਠੇ ਬਚਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਕਹਿੰਦੇ ਜੇ ਕੌੜੇ ਸ਼ਬਦ ਬੋਲੇ, ਉਹ ਬਿਹੁ ਤੋਂ ਵੀ ਜ਼ਿਆਦਾ ਜ਼ਹਿਰੀਲੇ ਨੇ, ਆਦਮੀ ਦਾ ਦਿਲ ਵਿੰਨ ਦਿੰਦੇ ਨੇ। ਸੋਟਾ ਮਾਰ ਲਓ ਆਦਮੀ ਭੁੱਲ ਜਾਂਦਾ ਹੈ। ਗੰਡਾਸਾ ਮਾਰੋ ਬੰਦਾ ਰਾਜ਼ੀ ਹੋ ਜਾਂਦਾ ਹੈ। ਲੇਕਿਨ ਜੇ ਬੋਲੀ ਮਾਰ ਦੇਵੇ ਕਿਸੇ ਬੰਦੇ ਨੂੰ ਉਹ ਭੁੱਲਣੀ ਬੜੀ ਔਖੀ ਹੈ। ਬੋਲੀਆਂ ਜਿਹੜੀਆਂ ਮਾਰਦੇ ਨੇ, ਉਹਦੇ ਨਾਲ ਬਖੇੜੇ ਪੈਂਦੇ ਨੇ ਬਹੁਤ ਭਾਰੇ। ਭਾਰਤ ਵਰਸ਼ ਦਾ 45 ਲੱਖ ਬੰਦਾ ਇੱਕ ਫਿੱਕਾ ਬੋਲ ਬੋਲਣ ਦੇ ਨਾਲ ਮਾਰਿਆ ਗਿਆ। ਸਿਰਫ ਫਿੱਕਾ ਬੋਲਣ ਨਾਲ। ਦਰੋਪਤੀ ਨੇ ਮਹਿਲ ਬਣਾਇਆ ਸੀ, ਬਹੁਤ ਕਮਾਲ ਦਰਜੇ ਦਾ, ਉਹ ਜਿੱਥੇ ਤਾਂ ਸੁੱਕਾ ਸੀ ਉਹ ਤਾਂ ਲਗਦਾ ਸੀ ਜਿਵੇਂ ਪਾਣੀ ਹੁੰਦਾ ਹੈ। ਜਿੱਥੇ ਪਾਣੀ ਸੀ ਉਹ ਲਗਦਾ ਸੀ ਜਿਵੇਂ ਸੁੱਕਾ ਹੁੰਦਾ

ਹੈ। ਜਿੱਥੇ ਦਰਵਾਜ਼ਾ ਸੀ ਉਹ ਲਗਦਾ ਸੀ ਬੰਦ ਹੈ, ਜਿੱਥੇ ਬੰਦ ਸੀ ਉਥੇ ਦਰਵਾਜ਼ਾ ਲਗਦਾ ਸੀ।

ਕਿਉਂਕਿ ਐਸੇ ਬਣਦੇ ਨੇ। ਅਮਰੀਕਾ 'ਚ ਮੈਂ ਦੇਖੇ ਸੀ, ਪਤਾ ਨਹੀਂ ਲੱਗਦਾ ਕਿ ਪੈਰ ਰੱਖ ਦੇਈਏ ਥੱਲੇ ਕਿ ਨਾ ਰੱਖੀਏ। ਐਸਾ ਹੀ ਪੱਥਰ ਲਾਇਆ ਜਾਂਦਾ ਹੈ।

ਦੁਰਯੋਧਨ ਜਾ ਰਿਹਾ ਹੈ, ਨਿਮੰਤਰਣ ਦਿੱਤਾ ਹੋਇਆ ਹੈ ਉਹ ਇਸ ਭੁਲੇਖੇ ਨਾਲ ਕਿ ਖਾਲੀ ਥਾਉਂ ਹੈ, ਪਾਣੀ ਦੇ ਵਿੱਚ ਗਿਰ ਗਿਆ। ਦਰੋਪਤੀ ਦੇਖਦੀ ਸੀ, ਉਹਦੇ ਮੂੰਹ 'ਚੋਂ ਨਿਕਲਿਆ ਕਿ ਅੰਨ੍ਹੇ ਦਾ ਅੰਨ੍ਹਾ ਹੀ ਰਿਹਾ। ਇਸ ਗੱਲ ਨੇ ਪੁਆੜਾ ਪਾ ਦਿੱਤਾ। ਉਹਨੇ ਕਿਹਾ ਚੰਗਾ, ਕਿੱਥੇ ਗਈ ਗੱਲ, ਕਿੱਡਾ ਵੱਡਾ ਮਹਾਂ ਯੁਧ ਹੋਇਆ। ਉਸ ਗੱਲ ਦਾ ਬਦਲਾ ਲੈਣ ਵਾਸਤੇ। ਕਿਉਂਕਿ ਬਿਹੁ ਤੋਂ ਵੀ ਜ਼ਿਆਦਾ ਜ਼ਹਿਰੀਲਾ ਹੁੰਦਾ ਹੈ, ਹਿਰਦਾ ਵਿੰਨ੍ਹਿਆ ਜਾਂਦਾ ਹੈ, ਜਿਹੜਾ ਕੌੜਾ ਬਚਨ ਹੁੰਦਾ ਹੈ। ਗੁਰਸਿੱਖੀ ਦੇ ਵਿੱਚ ਪ੍ਰਵਾਨ ਨਹੀਂ ਹੈ, ਕੌੜਾ ਬਚਨ ਬਿਲਕੁਲ ਵੀ। ਗੁਰਸਿੱਖੀ 'ਚ ਮਿੱਠੇ ਬਚਨ ਨੇ।

ਗੁਰਸਿੱਖ ਮਿੱਠਾ ਬੋਲਦੇ ਨੇ, ਪਿਆਰ ਨਾਲ ਬੋਲਦੇ ਨੇ, ਦੁਸ਼ਮਣ ਵੀ ਹੋਵੇ। ਉਹਦੇ ਨਾਲ ਵੀ ਪਿਆਰ ਦੀ ਗੱਲ ਕਰਦੇ ਨੇ। ਗੁਰੂ ਗ੍ਰੰਥ ਸਾਹਿਬ ਜੀ ਤਾਂ ਹੈ ਹੀ ਨਿਰਾ ਪਿਆਰ।

***ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥***
***ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥***

***ਅੰਗ - 1378***

ਦੁਸ਼ਮਣ ਆ ਗਿਆ, ਜਦੋਂ ਆ ਗਿਆ ਤਾਂ ਕਹਿੰਦੇ ਪੂਰਾ ਸਤਿਕਾਰ ਕਰ ਉਹਦਾ। ਕਿਉਂਕਿ ਤੇਰਾ ਫਰਜ਼ ਹੈ, ਤੂੰ ਮੂਰਖ ਨਹੀਂ ਹੈਗਾ, ਤੂੰ ਰੱਬ ਵਾਲਾ ਬੰਦਾ ਹੈਂ। ਤੂੰ ਦੇਖ ਉਹਦੇ ਵਿੱਚ ਪ੍ਰਮੇਸ਼ਰ ਹੈ।

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ਅੰਗ - 1382***

ਬੁਰੇ ਦਾ ਭਲਾ ਕਰ, ਬੁਰੇ ਨੂੰ ਬੁਰਾ ਨਾ ਕਹਿ। ਸੰਸਾਰ ਕਹਿ ਰਿਹਾ ਹੈ, ਤੇਰਾ ਰਸਤਾ ਹੋਰ ਹੈ, ਸੰਸਾਰ ਦਾ ਹੋਰ ਹੈ। ਤੇਰਾ ਜੋੜ ਨਹੀਂ ਹੋਣਾ ਸੰਸਾਰੀਆਂ ਦੇ ਨਾਲ।

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਅੰਗ - 145***

ਤੂੰ ਮਿੱਠਾ ਬੋਲਣਾ ਹੈ, ਉਹਨੇ ਕੌੜਾ ਬੋਲਣਾ ਹੈ, ਉਹਨੇ ਤਾਅਨੇ-ਮਿਹਣੇ ਦੇਣੇ ਨੇ, ਤੂੰ ਪਿਆਰ ਦੇ ਬਚਨ ਕਹਿਣੇ ਨੇ। ਤੂੰ ਸੁਮੱਤ ਦੇਣੀ ਹੈ, ਉਹਨੇ ਕੁਮੱਤ ਦੇਣੀ ਹੈ, ਤੇਰਾ ਤੇ ਸੰਸਾਰ ਦਾ ਫਰਕ ਹੈ ਪਿਆਰਿਆ। ਤੂੰ ਗੁਰੂ ਦਾ ਸਿੱਖ ਹੈ, ਗੁਰੂ ਦਾ ਸਿੱਖ ਹੋ ਕੇ ਫਿੱਕਾ ਨਾ ਬੋਲੀਂ, ਕਿਸੇ ਨੂੰ ਮਿਹਣਾ ਨਾ ਦੇਈਂ, ਬੋਲੀ ਨਾ ਮਾਰੀਂ। ਦਿਲ ਟੁੱਟ ਜਾਏਗਾ, ਫੇਰ ਰੱਬ ਮਨਾਉਣਾ ਔਖਾ ਹੋ ਜਾਏਗਾ । ਕਿਉਂਕਿ ਗੱਲ ਸਾਮ੍ਹਣੇ ਖੜ੍ਹ ਜਾਂਦੀ ਹੈ ।

ਦਿਲ ਟੁੱਟਿਆਂ 'ਤੇ ਪ੍ਰਮੇਸ਼ਰ ਨਰਾਜ਼ ਹੋ ਜਾਇਆ ਕਰਦਾ ਹੈ। ਉਸਨੇ ਬਿਹੁ ਵਰਗੀ ਬੋਲੀ ਬੋਲੀ । ਅਖੀਰ 45 ਲੱਖ ਬੰਦਾ ਮਰਿਆ, ਕਿੱਡਾ ਯੋਧਾ। ਕਿੱਡਾ ਨੁਕਸਾਨ ਹੋਇਆ। ਸੋ -

*ਮਧੁਰ ਬਚਨ ਸੀਤਲਤਾ ਮਿਸਟਾਨ ਪਾਨ,*
*ਕਰਕ ਬਸਦ ਸ-ਤਪਤ ਕਟੁ ਕਮ ਹੈ॥*

***ਭਾਈ ਗੁਰਦਾਸ ਜੀ, ਕਬਿੱਤ 256***

ਐਨਾ ਤਪਦਾ ਹੈ, ਐਨਾ ਤਪਦਾ ਹੈ, ਆਪ ਵੀ ਤਪਦਾ ਹੈ ਤੇ ਤਪ ਕੇ ਹੀ ਗੱਲ ਕਹਿੰਦਾ ਹੈ, ਦੂਜੇ ਦੇ ਹਿਰਦੇ ਨੂੰ ਤਾਂ ਬੇਅੰਤ ਸਾਲ ਤਪਾਉਂਦਾ ਹੈ।

ਇੱਕ ਕਹਾਣੀ ਦਸਦੇ ਨੇ, ਰਾਜਨੀਤੀ ਦੀਆਂ ਕਹਾਣੀਆਂ ਨੇ ਇਹ ਕਿ ਇੱਕ ਕੋਈ ਬ੍ਰਾਹਮਣ ਸ਼ੇਰ ਦਾ ਮਿੱਤਰ ਬਣ ਗਿਆ, ਉਹਨੇ ਕਿਹਾ ਦੇਖ ਬਈ ਮਿੱਤਰਤਾ ਤੂੰ ਪਾਉਂਦਾ ਹੈਂ, ਮੈਂ ਤਾਮਸੀ ਜਾਨਵਰ ਤੇ ਤੂੰ ਬ੍ਰਾਹਮਣ ਕਰਮ ਧਰਮ ਵਾਲਾ, ਆਪਣੀ ਦੋਸਤੀ ਕਿਵੇਂ ਨਿਭੇਗੀ, ਕਹਿੰਦਾ ਨਹੀਂ। ਤੂੰ ਬੜੇ ਚੰਗੇ ਸੁਭਾਅ ਦਾ ਮਾਲਿਕ ਹੈਂ, ਤੇਰੇ ਵਿੱਚ ਬਹੁਤ ਗੁਣ ਹੈ। ਤੂੰ ਆਪਣੀ ਖੁਰਾਕ ਵਾਸਤੇ ਤਾਂ ਮਾਰਦਾ ਹੈਂ। ਸਾਡੇ ਬੰਦਿਆਂ ਨਾਲੋਂ ਤੂੰ ਹਜ਼ਾਰ ਗੁਣਾਂ ਚੰਗਾ ਹੈਂ। ਤੈਨੂੰ ਜਦ ਭੁੱਖ ਲਗਦੀ ਹੈ, ਤਾਂ ਤੂੰ ਮਾਰਦਾ ਹੈਂ, ਅਸੀਂ ਤਾਂ ਬੰਦਿਆਂ ਨੂੰ ਮਾਰਨ ਵਾਸਤੇ ਐਟਮ ਬੰਬ ਬਣਾ ਰਹੇ ਹਾਂ। ਕਿਸੇ ਨੇ ਕੀ ਸਾਡਾ ਵਿਗਾੜਿਆ ਹੈ। ਉਨ੍ਹਾਂ ਬੱਚਿਆਂ ਨੇ ਕੀ ਵਿਗਾੜਿਆ ਹੈ ਜਿਹੜੇ ਅਜੇ ਮਾਂ ਦੀ ਗੋਦੀ ਵਿੱਚ ਨੇ। ਆਦਮੀ ਤੋਂ ਵੀ ਬੁਰਾ ਹੈ, ਆਦਮੀ ਤਾਂ ਮਹਾਰਾਜ ਕਹਿੰਦੇ ਜੇ ਇਨਸਾਨੀਅਤ ਨਹੀਂ ਇਹਦੇ ਵਿੱਚ ਤਾਂ ਮਾੜੇ ਤੋਂ ਮਾੜੇ ਜਾਨਵਰਾਂ, ਇਹ ਸੱਪਾਂ ਤੋਂ ਵੀ ਮਾੜਾ ਹੈ। ਉਸ ਤੋਂ ਵੀ ਮਾੜਾ ਹੈ, ਸੱਪ ਵਿੱਚ ਵੀ ਅਜੇ ਕੋਈ ਨਾ ਕੋਈ ਗੁਣ ਹੋਣਾ। ਉਹਦੀ ਜ਼ਹਿਰ ਕਿਸੇ ਨਾ ਕਿਸੇ ਦਵਾਈ 'ਚ ਕੰਮ ਆਉਂਦੀ ਹੋਣੀ। ਕਹਿਣ ਲੱਗਿਆ, ਤੁਸੀਂ ਆਦਮੀ ਹੋਂ, ਕਹਿੰਦਾ ਨਾ ਤੇਰੇ 'ਚ ਗੁਣ ਹੈ ਬੜਾ ਜ਼ਬਰਦਸਤ, ਜਦੋਂ ਤੈਨੂੰ ਭੁੱਖ ਲਗਦੀ ਹੈ। ਓਦੋਂ ਹੀ ਮਾਰਦਾ ਹੈਂ। ਅਸੀਂ ਤਾਂ ਬਹੁਤ ਗਲਤ ਗੱਲਾਂ ਕਰ ਦਿੰਦੇ ਹਾਂ, ਸਾਨੂੰ ਭੁੱਖ ਹੋਵੇ ਨਾ ਹੋਵੇ, ਸਾਡੇ ਭੰਡਾਰੇ ਭਰੇ ਪਏ ਨੇ, ਦੂਜਿਆਂ ਨੂੰ ਭੁੱਖੇ ਮਾਰ ਦਿੰਦੇ ਹਾਂ। ਅਸੀਂ ਅੰਨ੍ਹ ਤੇ ਕੰਟਰੋਲ ਕਰ ਲੈਂਦੇ ਹਾਂ। ਪੈਸੇ ਤੇ ਕੰਟਰੋਲ ਕਰ ਲੈਂਦੇ ਹਾਂ। ਅਸੀਂ ਤਾਂ ਦੂਜਿਆਂ ਨੂੰ ਭੁੱਖੇ ਮਾਰ ਦਿੰਦੇ ਹਾਂ। ਸਾਡੇ ਵਾਲਾ, ਇਹ ਤਾਂ ਤੇਰੇ 'ਚ ਨਹੀਂ ਨਾ ਔਗੁਣ । ਮਿਤਰਤਾ ਪੈ ਗਈ। ਇੱਕ ਦਿਨ ਆਇਆ ਤਾਂ ਬ੍ਰਾਹਮਣੀ ਕਹਿਣ ਲੱਗੀ ਕਿ ਦੇਖ, ਤੂੰ ਸ਼ੇਰ ਨੂੰ ਮਿੱਤਰ ਬਣਾਇਆ ਹੈ। ਬਦਬੂ ਉਹਦੇ ਮੂੰਹ 'ਚੋਂ ਆਉਂਦੀ ਹੈ, ਕਦੇ ਨਹਾਉਂਦਾ-ਧੋਂਦਾ ਨਹੀਂ ਹੈ। ਮਾਰ-ਮਾਰ ਜਾਨਵਰਾਂ ਨੂੰ ਖਾਈ ਜਾਂਦਾ ਹੈ। ਤੇਰੀ ਪੁੱਠੀ ਮੱਤ ਹੋਈ ਹੋਈ ਹੈ, ਤੂੰ ਉਹਨੂੰ ਦੋਸਤ ਬਣਾਈ ਫਿਰਦਾ ਹੈਂ। ਸ਼ੇਰ ਨੇ ਸੁਣ ਲਿਆ, ਅੰਦਰ ਆ ਗਿਆ ਤੇ ਅੱਜ ਬੋਲਦਾ ਨਹੀਂ ਉਸ ਤਰ੍ਹਾਂ ਦੇ ਨਾਲ, ਝਾਕਦਾ ਨਹੀਂ ਹੈ। ਕਹਿਣ ਲੱਗਿਆ ਕਿ ਇੱਕ ਕੁਹਾੜਾ ਲੈ ਕੇ ਆ, ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਵਾਂਗਾ, ਜੇ ਨਾ ਲਿਆਂਦਾ। ਕੁਹਾੜਾ ਲਿਆਂਦਾ। ਕਹਿੰਦਾ, ਪੂਰੇ ਜ਼ੋਰ ਨਾਲ ਮੇਰੇ ਸਿਰ ਵਿੱਚ ਮਾਰ।

ਬ੍ਰਾਹਮਣ ਨੇ ਕਿਹਾ ਕਿ ਤੂੰ ਮੇਰਾ ਕੀ ਵਿਗਾੜਿਆ ਹੈ? ਕਹਿੰਦਾ, ਅੱਜ ਮੈਂ ਬਹੁਤ ਨਰਾਜ਼ ਹਾਂ, ਮੇਰਾ ਅੱਜ ਕਰੂਰ ਸੁਭਾਅ ਜਾਗ ਪਿਆ ਹੈ। ਮੈਂ ਤੈਨੂੰ ਮਾਰ ਦੇਵਾਂਗਾ ਜੇ ਤੂੰ ਮੇਰੇ ਕੁਹਾੜਾ ਨਾ ਮਾਰਿਆ। ਉਸ ਵੇਲੇ ਬ੍ਰਾਹਮਣ ਨੇ ਪੂਰੇ ਜ਼ੋਰ ਨਾਲ ਸਿਰ 'ਚ ਕੁਹਾੜਾ ਮਾਰਿਆ। ਖ਼ੂਨ ਚੱਲ ਪਿਆ, ਸ਼ੇਰ ਚਲਿਆ ਗਿਆ। ਦੋ ਮਹੀਨੇ ਬਾਅਦ ਵਾਪਸ ਆਇਆ ਕਹਿਣ ਲੱਗਿਆ, ਦੇਖ ਤਾਂ ਮੇਰੇ ਜਿਹੜਾ ਕੁਹਾੜਾ ਤੂੰ ਮਾਰਿਆ ਸੀ, ਫੱਟ ਜੁੜ ਗਿਆ? ਬ੍ਰਾਹਮਣ ਨੇ ਕਿਹਾ ਕਿ ਉਹਦੇ ਉਤੇ ਤਾਂ ਰੋਮ ਵੀ ਆ ਗਏ। ਕਹਿੰਦਾ, ਦੇਖ ਉਹ ਤਾਂ ਜੁੜ ਗਿਆ, ਪਰ ਜਿਹੜਾ ਤੇਰੀ ਘਰਵਾਲੀ ਨੇ ਮਿਹਣਾ ਮਾਰਿਆ ਸੀ। ਉਹ ਮੇਰੇ ਉਵੇਂ ਜਿਵੇਂ ਤਾਜ਼ਾ ਖੜ੍ਹਾ ਹੈ, ਉਹ ਨਹੀਂ ਮਿਲ ਰਿਹਾ ਜ਼ਖਮ। ਮੈਂ ਬੜਾ ਯਤਨ ਕੀਤਾ ਹੈ।

ਸੋ ਕਹਿੰਦੇ ਆਪ ਤਪਦਾ ਹੈ, ਦੂਸਰੇ ਨੂੰ ਤਪਾਉਂਦਾ ਹੈ, ਕੌੜਾ ਬੋਲਣ ਵਾਲਾ।

***ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ,***
***ਕਰਕ ਸਬਦ ਅਸੰਤੋਖ ਦੋਖ ਸ੍ਰਮ ਹੈ॥***
***ਮਧੁਰ ਬਚਨ ਲਗਿ ਅਗਮ ਸੁਗਮ ਹੋਇ,***
***ਕਰਕ ਸਬਦ ਲਗਿ ਸੁਗਮ ਅਗਮ ਹੈ॥***

***ਭਾਈ ਗੁਰਦਾਸ ਜੀ, ਕਬਿੱਤ 256***

ਮਿੱਠਾ ਬੋਲ ਕੇ, ਔਖੀਆਂ ਗੱਲਾਂ ਸੁਖਾਲੀਆਂ ਹੋ ਜਾਂਦੀਆਂ ਨੇ। ਜਦੋਂ ਕੌੜਾ ਬੋਲ ਬੋਲ ਦਿੰਦੇ ਨੇ, ਬਣਦਾ-ਬਣਦਾ ਕੰਮ ਵਿਗੜ ਜਾਂਦਾ ਹੈ, ਮਿਲਦੇ-ਮਿਲਦੇ ਮਿੱਤਰ, ਸਮਝੌਤੇ ਹੁੰਦੇ-ਹੁੰਦੇ ਵਿਗੜ ਜਾਂਦੇ ਨੇ । ਸੋ ਮਹਾਰਾਜ ਕਹਿੰਦੇ ਕੌੜਾ ਨਾ ਬੋਲ ਪਿਆਰਿਆ, ਕੌੜਾ ਬੋਲਣਾ ਗੁਰਸਿੱਖੀ 'ਚ ਮਨ੍ਹਾ ਹੈ।

***ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਅੰਗ - 15***
***ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥***
***ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥***

***ਅੰਗ - 594***

ਇਸ ਤਰ੍ਹਾਂ ਦੇ ਨਾਲ ਫਿੱਕਾ ਬੋਲ ਬੋਲਿਆ, ਬੱਚੇ ਦੇ ਤਨ ਮਨ 'ਚੋਂ ਲੰਘ ਗਿਆ ਕਿ ਹੈਂ ਮੈਂ ਮਰਾਂ ਹੁਣ ਫੇਰ। ਤਪ ਕਰਾਂ, ਤਪ ਕਰਕੇ, ਫੇਰ ਇਹਦੇ ਜਨਮ ਲਵਾਂ ਤੇ ਫੇਰ ਮੈਂ ਜਾ ਕੇ ਪਿਤਾ ਦੀ ਗੋਦੀ 'ਚ ਬੈਠਾਂ। ਮੇਰੇ ਤੋਂ ਪਿਆਰ ਖੋਹ ਲਿਆ ਇਸ ਕਰਕੇ ਕਿ ਮੈਂ ਦੂਜੀ ਮਾਂ ਦੇ ਪੇਟ 'ਚੋਂ ਪੈਦਾ ਹੋਇਆ ਹਾਂ। ਬਹੁਤ ਡੂੰਘਾ ਸੋਚਣ ਲੱਗ ਗਿਆ। ਉਸ ਵੇਲੇ ਰੋ ਰਿਹਾ ਹੈ, ਨੀਲ ਪਏ ਹੋਏ ਨੇ ਮੂੰਹ ਦੇ ਉਤੇ। ਮਾਂ ਨੇ ਪੁਛਿਆ, ਸਾਰੀ ਗੱਲ ਦੱਸੀ। ਮਾਂ ਕਹਿਣ ਲੱਗੀ ਕਿ ਬੇਟਾ! ਤੇਰੀ ਮਤਰੇਈ ਮਾਂ ਠੀਕ ਕਹਿੰਦੀ ਹੈ। ਜੋ ਕੁਛ ਕਿਹਾ ਹੈ ਉਹ ਬਿਲਕੁਲ ਠੀਕ ਕਿਹਾ ਹੈ, ਤੂੰ ਗੁੱਸਾ ਨਾ ਕਰ, ਕਿਉਂਕਿ ਦੋਸ਼ ਆਪਾਂ ਕੀਹਨੂੰ ਦੇਣਾ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਨੇ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ - 433***

ਗੁਰਬਾਣੀ ਦੀ ਅਪਰੋਚ ਨੂੰ ਸਮਝੋ ਸਾਧਸੰਗਤ ਜੀ। ਦੋਸ਼ ਨਹੀਂ ਦੂਜੇ ਨੂੰ ਦਿੰਦਾ ਗੁਰਬਾਣੀ ਪੜ੍ਹ ਕੇ, ਆਪਣੇ ਆਪ ਨੂੰ ਦੋਸ਼ ਦਿੰਦਾ ਹੈ।

***ਦੁਖ ਸੁਖ ਕੋ ਨ ਦੇਤਿ ਕਿਹ ਤਾਈਂ।***
***ਕਰਮ ਕਰਹਿ ਜਸ ਤਸ ਫਲ ਪਾਈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 747***

ਕਹਿਣ ਲੱਗੀ, ਦੁੱਖ ਸੁਖ ਕੋਈ ਕਿਸੇ ਨੂੰ ਨਹੀਂ ਦਿੰਦਾ, ਜਿਹੋ ਜਿਹੇ ਕਰਮ ਕੋਈ ਕਰਦਾ ਹੈ ਓਹੋ ਜਿਹਾ ਫਲ ਉਹਨੂੰ ਮਿਲ ਜਾਂਦਾ ਹੈ।

***ਪ੍ਰਿਥਮ ਪੁੰਨ ਤੇ ਸੁਖ ਚਲਿ ਆਵੈ।***
***ਕਰੇ ਪਾਪ ਤੇ ਦੁਖ ਫਲ ਪਾਵੈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 747***

ਜੇ ਪਹਿਲਾਂ ਪੁੰਨ ਕਰੇ ਹੋਏ ਨੇ, ਨੇਕ ਕਰਮ ਕਰੇ ਹੋਏ ਨੇ ਘਰ ਵਿੱਚ ਸੁੱਖ ਆਪੇ ਹੀ ਚਲਿਆ ਆਉਂਦਾ ਹੈ। ਪਾਪ ਕਰਦਾ ਹੈ ਤਾਂ ਦੁੱਖ ਫਲ ਕੁਦਰਤੀ ਮਿਲਦਾ ਹੈ।

ਭਾਈ ਗੁਰਦਾਸ ਜੀ ਨੇ ਲਿਖਿਆ ਹੈ ਸੰਖੇਪ ਤੌਰ ਦੇ ਉਤੇ -

***ਧਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।***
***ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਬਹੁਤ ਬੇਚੈਨ ਹੋਇਆ-ਹੋਇਆ ਮਾਂ ਨੂੰ ਆ ਕੇ ਪੁੱਛਦਾ ਹੈ ਕਿ ਮਾਂ ਤੂੰ ਸਾਵਾਣੀ ਹੈਂ ਕਿ ਸੁਰੀਤਾ? ਕਹਿਣ ਲੱਗੀ, ਬੇਟਾ! ਮੈਂ ਹਾਂ ਤਾਂ ਰਾਜੇ ਦੀ ਲੜਕੀ ਤੇ ਰਾਜੇ ਨਾਲ ਵਿਆਹੀ ਗਈ। ਪਰ ਕਰਮ ਨਹੀਂ ਮੈਂ ਕਰ ਸਕੀ ਜਿਸ ਕਰਕੇ ਮੇਰਾ ਆਦਰ ਹੁੰਦਾ, ਤੇਰਾ ਆਦਰ ਹੁੰਦਾ। ਉਹ ਕਰਮ ਨਹੀਂ ਮੈਂ ਕਰਿਆ -

***ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?***
***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।***

***ਭਾਈ ਗੁਰਦਾਸ ਜੀ, ਵਾਰ 10/1***

***ਧਾਰਨਾ - ਲਾਲ ਵੇ, ਭਗਤੀ ਨਾ ਕੀਤੀ ਰੱਬ ਦੀ,***
***ਤਾਂਹੀਓਂ ਹੋਇਆ ਨਿਰਾਦਰ ਤੇਰਾ।***

ਕਹਿਣ ਲੱਗੀ, ਬੇਟਾ! ਆਪਣੀ ਮਤਰੇਈ ਮਾਂ ਦੇ ਉਤੇ ਨਰਾਜ਼ ਨਾ ਹੋ, ਇਹ ਤੇਰੇ ਤੇ ਮੇਰੇ ਮੰਦ ਕਰਮ ਨੇ, ਮਾੜੇ ਕਰਮ ਕਰੇ ਹੋਏ ਨੇ। ਰਾਜੇ ਦੇ ਘਰ ਪੈਦਾ ਤਾਂ ਹੋ ਗਏ, ਲੇਕਿਨ ਤਪ ਨਾਲ ਨਹੀਂ ਲੈ ਕੇ ਆਏ। ਪੈਦਾ ਤਾਂ ਹੋ ਗਏ ਕਿਸੇ ਪੁੰਨ ਕਰਕੇ, ਮੈਂ ਰਾਜੇ ਦੀ ਲੜਕੀ ਬਣ ਗਈ ਕਿਸੇ ਪੁੰਨ ਕਰਕੇ, ਤੂੰ ਰਾਜੇ ਦੇ ਘਰ ਪੈਦਾ ਹੋ ਗਿਆ। ਪਰ ਦੋਸ਼ ਆਪਣੇ ਕਰਮਾਂ ਨੂੰ ਦੇ, ਉਹਨੂੰ ਨਾ ਦੇ। ਕਿਉਂਕਿ ਜੋ ਗੁਰਮੁਖ ਬਿਰਤੀ ਹੈ ਉਹ

ਦੂਸਰੇ ਨੂੰ ਦੋਸ਼ ਨਹੀਂ ਦਿਆ ਕਰਦੀ ਕਦੇ ਵੀ ਕਿ ਉਹਨੇ ਮੇਰੇ ਨਾਲ ਐਸ ਤਰ੍ਹਾਂ ਕਰਿਆ। ਇਹ ਓਹੀ ਕਰਦਾ ਹੈ ਜਿਹਨੂੰ ਪ੍ਰਮੇਸ਼ਰ ਭੁੱਲਿਆ ਹੋਇਆ ਹੈ। ਗੁਰਮੁਖ ਕਦੇ ਨਹੀਂ ਕਹੇਗਾ। ਗੁਰਮੁਖ ਕਹੇਗਾ ਹੁਕਮ ਹੈ ਪ੍ਰਮੇਸ਼ਰ ਦਾ ਇਵੇਂ ਹੀ ਹੋਣਾ ਸੀ ਮੇਰੇ ਨਾਲ ਤਾਂ ਹੋ ਗਿਆ। ਫਰਕ ਹੈ ਸਾਧਸੰਗਤ ਜੀ, ਪੈਰ-ਪੈਰ ਦੇ ਉਤੇ, ਗੁਰੂ ਦੇ ਪਿਆਰਿਆਂ ਦਾ ਤੇ ਸੰਸਾਰ ਦਾ -

***ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥***

***ਅੰਗ - 465***

ਜਿਨ੍ਹਾਂ ਦੇ ਮਨਾਂ 'ਚ ਸ਼ੌਂਕ ਪੈਦਾ ਹੋਇਆ ਹੈ ਪ੍ਰਮੇਸ਼ਰ ਨੂੰ ਮਿਲਣ ਦਾ। ਉਨ੍ਹਾਂ ਦਾ ਵਰਤਾਅ ਸੰਸਾਰ ਦੇ ਨਾਲ ਬਿਲਕੁਲ ਅਲੱਗ ਹੋਇਆ ਕਰਦਾ ਹੈ। ਸੰਸਾਰ ਵਾਲਾ ਨਹੀਂ ਹੋਇਆ ਕਰਦਾ ਕਿ ਦੂਸਰਿਆਂ 'ਚ ਦੋਸ਼ ਕੱਢੋ ਕਿ ਉਹਨੇ ਕਰਿਆ, ਉਹਨੇ ਕਰਿਆ। ਉਹ ਕਹਿੰਦਾ ਮੇਰੇ ਹੀ ਮੰਦ ਕਰਮ ਸੀ, ਕਹਿਣ ਲੱਗੀ ਬੇਟਾ -

***ਗਿਰਾ ਸਵਤ ਨੈ ਸਾਚ ਉਚਾਰੀ।***
***ਤੂੰ ਜਨਮਯੋ ਮਮ ਗਰਭ ਮਝਾਰੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 747***

ਤੇਰੀ ਮਤਰੇਈ ਮਾਂ ਨੇ ਬਿਲਕੁਲ ਸੱਚੀ ਗੱਲ ਕਹੀ ਹੈ, ਤੂੰ ਮੇਰੇ ਪੇਟ 'ਚੋਂ ਆ ਕੇ ਜਨਮ ਲਿਆ -

***ਮੰਦ ਭਾ ਮੋ ਕੋ ਲਖਿ ਲੀਜੈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 747***

ਉਹ ਤਾਂ ਭਾਗਾਂ ਵਾਲੀ ਹੈ ਜਿਹੜੀ ਆਪਣੇ ਰਾਜੇ ਨੂੰ ਪਿਆਰੀ ਹੈ, ਮੈਂ ਹੀ ਮੰਦ ਭਾਗਣ ਹਾਂ। ਜਿਹੜੀ ਦੁਰਕਾਰੀ ਹੋਈ, ਦੂਰ ਕੱਢੀ ਹੋਈ ਹਾਂ। ਉਹ ਨਹੀਂ ਮੰਦ ਭਾਗਣ, ਉਹ ਤਾਂ ਭਾਗਾਂ ਵਾਲੀ ਹੈ। ਉਹ ਰਾਜ ਦਾ ਸੁੱਖ ਭੋਗ ਰਹੀ ਹੈ, ਮੈਂ ਗੋਲੀਆਂ ਵਾਂਗੂੰ ਰਹਿੰਦੀ ਹਾਂ -

***ਦਾਸੀ ਸਮ ਨਹਿਂ ਮੁਝੈ ਲਖੀਜੈ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 747***

ਅਜੇ ਮੇਰੇ ਨਾਲੋਂ ਗੋਲੀਆਂ ਦੀ ਵੀ ਇਜ਼ਤ ਹੈ ਬੇਟਾ, ਮੈਂ ਤਾਂ ਗੋਲੀਆਂ ਤੋਂ ਵੀ ਥੱਲੇ ਹਾਂ। ਗੁੱਸਾ ਨਾ ਕਰ, ਮਨ ਦੇ ਅੰਦਰ। ਕਹਿੰਦਾ, ਮਾਤਾ! ਫੇਰ ਠੀਕ ਹੈ, ਗੁੱਸਾ ਮੈਂ ਨਹੀਂ ਕਰਦਾ, ਹੁਣ ਤੂੰ ਮੈਨੂੰ ਦੱਸ ਰਾਜ ਕਿਵੇਂ ਮਿਲੇ?

***ਕਿਸੁ ਉਦਮ ਤੇ ਰਾਜੁ ਮਿਲੈ ਸਤਰੂ ਤੇ ਸਭ ਹੋਵਨਿ ਮੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਉਹ ਉਦਮ ਕਿਹੜਾ ਹੈ। ਜਿਸ ਨਾਲ ਰਾਜ ਮਿਲ ਜਾਏ ਤੇ ਦੁਸ਼ਮਣ ਸਾਰੇ ਮਿੱਤਰ ਬਣ ਜਾਣ। ਉਹ ਤਰੀਕਾ ਮੈਨੂੰ ਦੱਸ। ਹੁਣ ਬੱਚਾ 100% ਮਨ ਬਣਾਈ ਬੈਠਾ ਹੈ ਕਿ ਜਿਹੜਾ ਕੁਛ ਮੇਰੀ ਮਾਂ ਦੱਸੇਗੀ, ਉਹ ਸੱਚ ਕਹੇਗੀ। ਇੱਕ ਕਲੇਸ਼ ਹੁੰਦਾ ਹੈ। ਸਾਡੇ ਮਨ ਦੇ ਅੰਦਰ ਪੰਜ ਕਲੇਸ਼ ਨੇ। ਸਭ ਦੇ ਅੰਦਰ ਨੇ। ਕੋਈ ਵਿਰਲਾ ਹੈ ਜਿਹੜਾ ਪੰਜਾਂ ਕਲੇਸ਼ਾਂ ਤੋਂ ਬਰੀ

ਹੈ। ਇਸੇ ਕਰਕੇ ਅਸੀਂ ਦੁਖੀ ਸੰਸਾਰ ਦੇ ਅੰਦਰ ਘੁੰਮ ਰਹੇ ਹਾਂ। ਪੰਜਾਂ ਕਲੇਸ਼ਾਂ ਨੇ ਸਾਨੂੰ ਪ੍ਰਮੇਸ਼ਰ ਨਾਲੋਂ ਤੋੜ ਕੇ ਰੱਖਿਆ ਹੋਇਆ ਹੈ। ਪਹਿਲਾ ਕਲੇਸ਼ ਹੈ ਅਵਿਦਿਆ। 'ਅਵਿਦਿਆ' ਹੁੰਦਾ ਹੈ ਕਿ ਚੀਜ਼ ਪਈ ਹੈ, ਅਸਲ ਨੂੰ ਨਕਲ ਜਾਣਨਾ। ignorant ਰਹਿਣਾ।

ਮਿਸਾਲ ਦੇ ਨਾਲ ਗੱਲ ਸਮਝ 'ਚ ਆ ਜਾਏਗੀ। ਤੁਸੀਂ ਕਿਸੇ ਮਾਰੂਥਲ 'ਚ ਤੁਰੇ ਜਾ ਰਹੇ ਓਂ। ਪਾਣੀ ਦੀ ਬੇਹੱਦ ਪਿਆਸ ਲੱਗੀ ਹੋਈ ਹੈ। ਤੁਹਾਨੂੰ ਦੂਰ ਰੜਾ ਮੈਦਾਨ ਦਿੱਸਦਾ ਹੈ, ਉਥੇ ਦਰਖਤ ਖੜ੍ਹਾ ਕੋਈ ਨਜ਼ਰ ਆ ਰਿਹਾ ਹੈ। ਦਰਖਤ ਦਾ ਪਰਛਾਵਾਂ ਤੁਹਾਨੂੰ ਪੈਂਦਾ ਦਿਸਦਾ ਹੈ ਕਿ ਪਾਣੀ ਦੇ ਉਤੇ ਪੈ ਰਿਹਾ ਹੈ। ਸੱਚਮੁੱਚ ਲੱਗੇਗਾ ਕਿ ਪਾਣੀ ਦੀ ਕੋਈ ਨਦੀ ਵਗ ਰਹੀ ਹੈ। ਓਧਰ ਨੂੰ ਤੁਸੀਂ ਤੁਰ ਪਵੋਂਗੇ। ਉਥੇ ਜਾ ਕੇ ਦੇਖੋਂਗੇ ਨਦੀ ਹੈ ਨਹੀਂ, ਉਸ ਤੋਂ ਅੱਗੇ, ਓਨੇ ਹੀ ਫਾਸਲੇ 'ਤੇ ਫੇਰ ਅੱਗੇ ਦਿਸਦੀ ਹੈ। ਇਹਨੂੰ illusion ਕਹਿੰਦੇ ਨੇ, ignorance ਕਹਿੰਦੇ ਨੇ। ਅਸਲ ਚੀਜ਼ ਨੂੰ ਨਕਲ ਕਰਕੇ ਦੇਖਣਾ। ਹੁਣ ਅਸਲ ਚੀਜ਼ ਤਾਂ ਇੱਥੇ ਹੈਗਾ, ਵਾਹਿਗੁਰੂ ਤੋਂ ਬਗੈਰ ਇੱਥੇ ਕੋਈ ਹੈ, ਨਹੀਂ ਹੈ ਸੰਸਾਰ ਦੇ ਅੰਦਰ। ਜੋ ਕੁਛ ਸਾਨੂੰ ਦਿਸਦਾ ਹੈ। ਇਹ ਸਾਰਾ ਛਿਨਭੰਗਰ ਹੈ ਇਹ ਪੱਕਾ ਨਹੀਂ ਹੈ। ਇਹ ਮਿਥਿਆ ਹੈ । ਬਦਲ ਜਾਣ ਵਾਲੀ ਚੀਜ਼ ਹੈ। ਇਹਨੂੰ ਤਾਂ ਅਸੀਂ ਸਤਿ ਕਰਕੇ ਮੰਨਦੇ ਹਾਂ। ਜਿਹੜਾ ਪ੍ਰਮੇਸ਼ਰ ਪਰੀਪੂਰਨ ਹੈ ਉਹਦੇ ਬਾਰੇ ਸਾਨੂੰ ਗਿਆਨ ਨਹੀਂ। ਇਹ ਅਗਿਆਨ ਜਿਹੜਾ ਹੈ ignorant ਰਹਿਣਾ, ਨਾ ਤਾਂ ਆਪਣੇ ਆਪ ਦਾ ਸਾਨੂੰ ਪਤਾ ਹੈ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ –

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥***

***ਅੰਗ – 999***

ਦੱਸ ਤੂੰ ਕੌਣ ਹੈਂ? ਅਸੀਂ ਕਹਿੰਦੇ ਹਾਂ ਜੀ ਤੁਹਾਡੇ ਸਾਮ੍ਹਣੇ ਖੜ੍ਹੇ ਹਾਂ, ਮੇਰਾ ਨਾਉਂ ਵਰਿਆਮ ਸਿੰਘ ਹੈ। ਸਿਆਣਾ ਬੰਦਾ ਹੱਸ ਪਏਗਾ ਕਿ ਤੂੰ ਜਾਣਦਾ ਹੈਂ ਕਿ ਤੂੰ ਵਰਿਆਮ ਸਿੰਘ ਹੈਂ।

ਕਿੰਨੇ ਸਾਲ ਤੋਂ ਤੂੰ ਇਹ ਹੈਂ?

ਜੀ ਮੈਂ ਐਨੇ ਸਾਲਾਂ ਤੋਂ ਹਾਂ।

ਉਸ ਤੋਂ ਪਹਿਲਾਂ ਕੀ ਸੀਗਾ?

ਛਿੱਥਾ ਪੈ ਜਾਏਗਾ ਕਿ ਗੱਲ ਤਾਂ ਮੈਂ ਬੜੀ ਗਲਤ ਦੱਸ ਦਿੱਤੀ। ਕਹਿੰਦੇ –

***'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥'***

ਤੂੰ ਕੌਣ ਹੈਂ, ਕਿੱਥੋਂ ਆਇਆ ਹੈਂ?

ਮਹਾਰਾਜ, ਤੁਸੀਂ ਦੱਸ ਦਿਓ?

ਮਹਾਰਾਜ ਕਹਿੰਦੇ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 176*

ਤੈਨੂੰ ਮਨੁੱਖ ਦੀ ਦੇਹੀ ਮਿਲ ਗਈ, ਇਹਦਾ ਨਾਉਂ ਰੱਖ ਦਿੱਤਾ ਘਰਦਿਆਂ ਨੇ, ਭਾਈਚਾਰੇ ਨੇ। ਵਿਚਾਰ ਕਰ ਤੂੰ ਕੌਣ ਹੈਂ? ਵਿਚਾਰ ਨਹੀਂ ਆਉਂਦੀ, ਗੁਰਮੁਖ ਨੂੰ ਮਿਲ ਕੇ ਵਿਚਾਰ ਕਰੋ, ਫੇਰ ਪਤਾ ਲਗ ਜਾਂਦਾ ਹੈ। ਮਹਾਰਾਜ ਕਹਿੰਦੇ, ਪੀ.ਐਚ.ਡੀ ਕਰੀ ਹੋਈ ਹੈ ਤੇਰੀ, ਵੱਡੇ ਤੋਂ ਵੱਡਾ ਪੰਡਤ ਹੈਂ। ਵੱਡਾ ਗਿਆਨੀ ਕਹਾਉਂਦਾ ਹੈਂ। ਤੈਨੂੰ ਪਤਾ ਹੈ ਕਦੋਂ ਦਾ ਤੂੰ ਚੱਲਿਆ ਹੋਇਆ ਹੈਂ? ਕੋਈ ਪਤਾ ਨਹੀਂ, ਕੋਈ ਬੰਦਾ ਨਹੀਂ ਜਿਹੜਾ ਕਹਿ ਸਕੇ ਕਿ ਮੈਂ ਖਰਬ ਸਾਲ ਤੋਂ ਚੱਲਿਆ ਹੋਇਆ ਹਾਂ। ਮੈਂ ਕਰੋੜ ਖਰਬ ਸਾਲ ਤੋਂ ਚੱਲਿਆ ਹਾਂ। ਕਦੇ ਵਿਚਾਰ ਹੀ ਨਹੀਂ ਅਸੀਂ ਕਰਦੇ। ਇਸ ਚੀਜ਼ ਨੂੰ ਨਾ ਜਾਨਣਾ, ਪ੍ਰਮੇਸ਼ਰ ਨੂੰ ਨਾ ਜਾਨਣਾ; ignorance, ਅਵਿਦਿਆ ਕਹਾਉਂਦੀ ਹੈ। ਦੂਸਰਾ ਹੋਇਆ ਕਰਦਾ ਹੈ ਅਸਿਮਿਤਾ। 'ਅਸਿਮਿਤਾ' ਹੋਇਆ ਕਰਦਾ ਹੈ, ਸੱਚੀ ਚੀਜ਼ ਨੂੰ ਝੂਠੀ ਕਰਕੇ ਜਾਨਣਾ, ਝੂਠੀ ਨੂੰ ਸੱਚੀ ਕਰਕੇ ਜਾਨਣਾ। ਉਲਟ ਬੁੱਧੀ ਰੱਖਣੀ। ਤੀਸਰਾ ਹੋਇਆ ਕਰਦਾ ਹੈ 'ਅਭੀਨਿਵੇਸ਼' ਉਹ ਇਹ ਹੁੰਦਾ ਹੈ ਕਿ ਗੁਰੂ ਦੇ ਹੁਕਮ ਨੂੰ ਸਤਿ ਕਰਕੇ ਨਾ ਮੰਨਣਾ। ਗੁਰੂ ਮਹਾਰਾਜ ਕਹਿੰਦੇ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥* *ਅੰਗ - 1*

ਪੜ੍ਹਦੇ ਹਾਂ ਨਾ ਰੋਜ਼, ਮੰਨਦੇ ਕਿੰਨੇ ਕੁ ਨੇ ਇਸ ਗੱਲ ਨੂੰ। ਵੱਡੇ-ਵੱਡੇ ਲਿਖਾਰੀ ਭੁੱਲ ਕਰਦੇ ਨੇ, ਵੱਡੇ-ਵੱਡੇ ਫਿਲਾਸਫਰ ਭੁੱਲ ਕਰਦੇ ਨੇ। ਆਹ ਇੱਕ ਮੈਂ ਕਿਤਾਬ ਪੜ੍ਹ ਰਿਹਾ ਸੀ, ਬਹੁਤ ਵੱਡੇ ਲਿਖਾਰੀ ਦੀ ਲਿਖੀ ਹੋਈ। ਉਹਦੇ 'ਚ ਲਿਖਿਆ ਹੋਇਆ ਸੀ ਗੁਰੂ ਨਾਨਕ ਸਾਹਿਬ ਗਏ। ਉਥੇ ਬਾਬਰ ਦੀਆਂ ਫੌਜਾਂ ਨੇ ਹੱਲਾ ਕਰਿਆ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਫੜ ਕੇ ਬੰਦੀ ਬਣਾ ਲਿਆ ਤੇ ਕਤਲਾਮ ਹੋਣੀ ਸ਼ੁਰੂ ਹੋ ਗਈ, ਹਾਹਾਕਾਰ ਮੱਚ ਰਹੀ ਹੈ। ਕਹਿੰਦੇ, ਗੁਰੂ ਨਾਨਕ ਐਨੇ ਦਲੇਰ ਸੀ, ਸੱਚ ਬੋਲਣ ਵਾਲੇ ਕਿ ਵਾਹਿਗੁਰੂ ਨੂੰ ਵੀ ਉਲਾਂਭਾ ਦੇ ਦਿੱਤਾ ਉਨ੍ਹਾਂ ਨੇ। ਲਿਖਾਰੀ ਲਿਖਦੇ ਨੇ ਬਹੁਤ ਵੱਡੇ, ਪ੍ਰਮਾਣਨੀਕ ਨੇ, ਜਿਨ੍ਹਾਂ ਨੇ ਹਜ਼ਾਰਾਂ ਨੂੰ ਕਿਤਾਬ ਨੂੰ ਪੜ੍ਹਨਾ ਹੈ। ਸ਼੍ਰੋਮਣੀ ਕਮੇਟੀ ਦੀ ਛਪਾਈ ਹੋਈ ਹੈ, ਉਹ ਕਹਿੰਦਾ ਗੁਰੂ ਨਾਨਕ ਪਾਤਸ਼ਾਹ ਐਡੇ ਦਲੇਰ ਸੀ ਕਿ ਵਾਹਿਗੁਰੂ ਨੂੰ ਵੀ ਚੈਲੰਜ ਕਰ ਦਿੱਤਾ ਉਨ੍ਹਾਂ ਨੇ –

*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥*
*ਅੰਗ - 360*

ਤੈਨੂੰ ਦਰਦ ਨਾ ਆਇਆ ਹੇ ਪ੍ਰਭੂ! ਐਨੀ ਮਾਰ ਪੈ ਰਹੀ ਹੈ। ਕੀ ਤੇਰਾ ਦਿਲ ਪੱਥਰ ਬਣ ਗਿਆ। ਤੈਨੂੰ ਦਰਦ ਨਹੀਂ ਆ ਰਿਹਾ।

***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥***

***ਅੰਗ - 360***

ਤੂੰ ਮਾਲਕ ਹੈਂ ਦੁਨੀਆਂ ਦਾ ਤੇ ਇੱਥੇ ਸ਼ੇਰ ਬੱਕਰੀਆਂ ਪਾੜ ਰਿਹਾ ਹੈ, ਗਾਈਆਂ ਨੂੰ ਪਾੜ ਰਿਹਾ ਹੈ, ਤੈਨੂੰ ਦਰਦ ਨਹੀਂ ਆ ਰਿਹਾ। ਸਾਡੇ ਹੀ ਮੰਨ ਜਾਣਗੇ ਕਿ ਹਾਂ।

ਸਾਧਸੰਗਤ ਜੀ! ਇਸ ਅਰਥ ਨੇ ਸਾਰਾ ਹੀ ਉਲਟ ਪੁਲਟ ਕਰ ਦਿੱਤਾ, ਸਾਡਾ ਜੋ ਢਾਂਚਾ ਸੀ, ਸਾਡੀ ਜੋ ਸੋਚ ਪ੍ਰਣਾਲੀ ਸੀ, ਸਾਡੀ ਗੁਰਮਤਿ ਦੀ ਸੇਧ ਸੀ ਉਹ ਸਾਰੀ ਉਲਟ-ਪੁਲਟ ਕਰ ਦਿੱਤੀ। ਉਹਦੇ ਨਾਲ ਕੀ ਹੋਇਆ? ਸਾਡੇ 'ਚ ਬੈਲੰਸ ਪੈਦਾ ਹੋ ਗਿਆ। ਹੋਰ ਹੀ ਪਾਸੇ ਸੋਚਣਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਸ਼ੁਰੂ ਵਿੱਚ ਜਦੋਂ ਸਾਡੀ ਏ, ਬੀ, ਸੀ ਚਲਦੀ ਹੈ, ਉਹਦੇ 'ਚ ਕਹਿੰਦਾ ਹੈ ਕਿ ਵਾਹਿਗੁਰੂ ਤੱਕ ਪਹੁੰਚਣ ਵਾਸਤੇ ਕੋਈ ਫਿਲਾਸਫੀ, ਕੋਈ ਅਕਲ ਨਹੀਂ ਪਹੁੰਚ ਸਕਦੀ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥*** ***ਅੰਗ - 1***

ਲੱਖਾਂ ਫਿਲਾਸਫੀਆਂ ਲਾ ਲੈ, ਲੱਖਾਂ ਇਸ਼ਨਾਨ ਕਰ ਲੈ, ਸੁੱਚਾਂ ਰੱਖ ਲੈ, ਨਹੀਂ ਵਾਹਿਗੁਰੂ ਤੱਕ ਪਹੁੰਚ ਸਕਦਾ। ਜੇ ਤੂੰ ਕਹੇਂ ਕਿ ਮਨ ਨੂੰ ਸ਼ਾਂਤ ਕਰਕੇ ਪਹੁੰਚ ਜਾਏਂਗਾ, ਲਿਵ ਲਾ ਕੇ ਬੈਠਾ ਰਹਿ, ਸਮਾਧੀ ਹਜ਼ਾਰ-ਹਜ਼ਾਰ ਸਾਲ ਦੀ ਲਾ ਲੈ। ਜਦੋਂ mind ਨੇ ਜਾਗਣਾ ਹੈ, ਇਹਨੇ ਫੁਰਨਾ ਜ਼ਰੂਰ ਕਰਨਾ ਹੈ। ਇਹ ਵੀ ਚੁੱਪ ਨਹੀਂ ਹੋ ਸਕਦਾ। ਜੇ ਤੂੰ ਕਹੇਂ ਕਿ 'eat drink and be merry' ਖਾਓ ਪੀਓ ਤੇ ਮਨ ਨੂੰ ਭੁੱਖਾ ਨਾ ਰੱਖੋ, ਇਹਦੀ ਭੁੱਖ ਲਾਹ ਦੇਈਏ ਤੇ ਐਨਾ ਪਦਾਰਥ ਚਾਹੀਦਾ ਹੈ। ਕਹਿੰਦੇ ਜੇ ਸਾਰੇ ਸੰਸਾਰ ਦਾ ਪਦਾਰਥ ਤੇਰੇ ਕੋਲ ਆ ਜਾਵੇ, ਤਾਂ ਵੀ ਮਨ ਦੀ ਭੁੱਖ ਨਹੀਂ ਲਹਿਆ ਕਰਦੀ। ਅੱਗੇ ਵੱਧਦੀ ਤੁਰੀ ਜਾਏਗੀ।

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥***
***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥***

***ਅੰਗ - 1***

ਜੇ ਮੰਤਕਾਂ, ਦਲੀਲਾਂ ਦੇ ਨਾਲ ਪ੍ਰਮੇਸ਼ਰ ਮਿਲਦਾ ਹੋਵੇ, ਤਾਂ ਇੱਕ ਵੀ ਉਹਦੇ ਤੱਕ ਪਹੁੰਚਣ ਨੂੰ ਸਮਰੱਥ ਨਹੀਂ ਹੈ।

***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥***

***ਅੰਗ - 1***

ਗੋਰਖ ਨੇ ਕਿਹਾ ਕਿ ਹੇ ਗੁਰੂ ਨਾਨਕ! ਸਾਡਾ ਤਾਂ ਮੱਤ ਬਿਲਕੁਲ ਸਿੱਧਾ ਸੀ, ਇਹ ਸੀਗਾ ਕਿ ਕਰਮਾਂ ਦੇ ਬੰਧਨ ਨਾਲ ਸੰਸਾਰ ਚੱਲ ਰਿਹਾ ਹੈ ਤੇ ਇੱਕ ਈਸ਼ਵਰ ਹੈ, ਇੱਕ ਪ੍ਰਾਕ੍ਰਿਤੀ ਹੈ, ਇੱਕ ਜੀਵ ਹੈ ਤੇ ਤੂੰ ਕਹਿੰਦਾ ਹੈਂ, ਇੱਕੋ ਹੀ ਵਾਹਿਗੁਰੂ ਹੈ। ਇੱਥੇ ਦੂਜਾ ਕੋਈ ਹੈ ਹੀ ਨਹੀਂ। ਨਾ ਕੋਈ ਜੀਵ ਹੈ, ਨਾ ਕੋਈ ਪ੍ਰਾਕ੍ਰਿਤੀ ਹੈ, ਉਹਨੇ ਤਾਂ ਆਪਣਾ ਖੇਲ੍ਹ ਆਪੇ ਹੀ ਕਰਿਆ ਹੋਇਆ ਹੈ।

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ - 537*

ਕਹਿੰਦੇ ਫੇਰ ਇਹ ਜਿਹੜੀ ਝੂਠ ਦੀ ਦੀਵਾਰ ਸਾਡੇ ਤੇ ਰੱਬ ਦੇ ਵਿੱਚ ਖੜ੍ਹੀ ਹੋ ਗਈ ਇਹ ਟੁੱਟੇਗੀ ਕਿਵੇਂ? ਮਹਾਰਾਜ ਕਹਿੰਦੇ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ - 1*

ਹੁਕਮ ਦੇ ਉਤੇ base ਕਰ ਦਿਤਾ ਸਿੱਖੀ ਨੂੰ ਕਿ ਹੁਕਮ ਤੇ ਰਜ਼ਾ, ਪ੍ਰਮੇਸ਼ਰ ਐਨਾ ਸਮਰੱਥ ਹੈ ਕਿ ਉਹਦੀ ਮਰਜ਼ੀ ਤੋਂ ਬਗੈਰ ਕੁਛ ਵੀ ਨਹੀਂ ਹੋ ਰਿਹਾ। ਮੋਹਰਿਆਂ ਦੇ ਵਾਂਗਣ ਅਸੀਂ ਖੇਲ੍ਹ ਰਹੇ ਹਾਂ, ਜਿਵੇਂ ਨਚਾਉਂਦਾ ਹੈ ਐਸ ਤਰ੍ਹਾਂ ਨੱਚ ਰਹੇ ਹਾਂ -

*ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥*

*ਅੰਗ - 736*

ਪਹਿਲਾਂ ਵੀ ਓਹੀ ਸੀ ਬਾਅਦ ਵਿੱਚ ਵੀ ਓਹੀ ਹੈ, ਕਹਿੰਦੇ ਹੁਕਮ ਦੀ ਖੇਡ ਹੋ ਰਹੀ ਹੈ। ਜਿਹੜਾ ਗੁਰੂ ਨਾਨਕ ਹੁਕਮ ਦੀ ਖੇਡ ਦਸਦਾ ਹੈ, ਫੇਰ ਰੱਬ ਨੂੰ ਉਲਾਂਭਾ ਮਾਰੇ, ਉਹ ਤਾਂ ਫੇਰ ਵਿਸ਼ਵਾਸ਼ ਤੋਂ ਹਿੱਲ ਗਿਆ। ਫੇਰ ਤਾਂ ਵਿਸ਼ਵਾਸ਼ ਰਿਹਾ ਹੀ ਨਾ ਗੁਰੂ ਨਾਨਕ ਸਾਹਿਬ 'ਤੇ। ਉਹ ਸਾਡੇ ਲਿਖਾਰੀਆਂ ਵਾਂਗਣ ਹੋ ਗਏ । ਐਸ ਤਰ੍ਹਾਂ ਦੀਆਂ ਗੱਲਾਂ ਜਿਹੜੀਆਂ ਨੇ ਗੁਰੂ ਦੇ ਬਚਨ ਨੂੰ ਸਤਿ ਕਰਕੇ ਨਾ ਮੰਨਣਾ, ਆਪਣੀ ਅਕਲ ਦੀ ਚਤੁਰਾਈ, ਚੁੰਚਤਾਈ, ਗੁਰੂ ਦੇ ਬਚਨ ਵਿੱਚ ਦਖਲ ਦੇ ਕੇ ਉਹਨੂੰ ਸਿੱਧ ਕਰਨਾ, ਏਸਨੂੰ ਅਭਿਨਿਵੇਸ਼ ਬਿਰਤੀ ਕਹਿੰਦੇ ਨੇ।

ਗੁਰੂ ਨਾਨਕ ਨੇ ਬਾਬਰ ਨੂੰ ਕਿਹਾ ਸੀ ਕਿ ਐ ਬਾਬਰ! ਤੇਰੀ ਰਾਖੀ ਕੀਤੀ ਪ੍ਰਮੇਸ਼ਰ ਨੇ, ਹਿੰਦੋਸਤਾਨ ਨੂੰ ਡਰਾਇਆ। ਇੱਥੇ ਆ ਕੇ ਤੂੰ ਲੜਾਈ ਕਰੀ, ਏਮਨਾਬਾਦ ਤੂੰ ਫਤਹਿ ਕਰ ਲਿਆ, ਪਠਾਣੀ ਫੌਜਾਂ ਹਾਰ ਗਈਆ, ਇੱਥੇ ਤੱਕ ਤੇਰਾ ਕੰਮ ਜਾਇਜ਼ ਸੀ ਤੇ ਜਦੋਂ ਉਹ ਫੌਜ ਨੱਠ ਗਈ, ਤੇਰਾ ਰਾਜ ਕਾਇਮ ਹੋ ਗਿਆ। ਤੂੰ ਏਸ ਪਰਜਾ ਦਾ ਮਾਲਕ ਹੋ ਗਿਆ। ਤੇ ਆਪਣੀ ਪਰਜਾ ਬੈਠ ਕੇ ਮਰਵਾਈ। ਰਾਜ ਕਿਸ 'ਤੇ ਕਰੇਂਗਾ, ਤੈਨੂੰ ਤਰਸ ਨਾ ਆਇਆ? ਲੜਦਾ ਸੀ ਜਦੋਂ ਤੂੰ ਸਾਡਾ ਕੋਈ ਨਹੀਂ ਸੀ ਸਬੰਧ ਤੇਰੇ ਨਾਲ। ਠੀਕ ਹੈ ਓਧਰ ਫੌਜਾਂ ਓਧਰ ਫੌਜਾਂ। ਪਰ ਪਬਲਿਕ ਦਾ ਘਾਤ ਕਿਉਂ ਕਰ ਰਿਹਾ ਹੈਂ? ਉਸੇ ਵੇਲੇ ਬਾਬਰ ਨੇ ਹੁਕਮ ਦੇ ਦਿੱਤਾ ਕਿ ਹਾਂ, ਗੁਰੂ ਨਾਨਕ ਨੇ ਗੱਲ ਸਹੀ ਕਹੀ ਹੈ, ਸਮਝ ਗਿਆ।

ਇਸ ਤਰ੍ਹਾਂ ਗੁਰੂ ਦੇ ਬਚਨ ਨੂੰ ਸਤਿ ਕਰਕੇ ਨਾ ਮੰਨਣਾ, ਗੁਰੂ ਨਾਨਕ ਕਹਿੰਦਾ ਹੈ ਕਿ ਇੱਥੇ ਪ੍ਰਮੇਸ਼ਰ ਤੋਂ ਬਿਨਾਂ ਕੋਈ ਹੈ ਨਹੀਂ। ਅਸੀਂ ਕਹਿੰਦੇ ਹਾਂ ਕਿ ਰੱਬ ਹੈ ਹੀ ਨਹੀਂ। ਜੇ ਹੋਵੇ ਤਾਂ ਐਸ ਤਰ੍ਹਾਂ ਨਾ ਕਰੇ, ਹੋਵੇ ਨਾ ਤਾਂ ਐਸ ਤਰ੍ਹਾਂ ਨਾ ਕਰੇ। ਇਹ ਜਿਹੜੀ ਚੀਜ਼ ਹੈ ਇਹਨੂੰ 'ਅਭਿਨਿਵੇਸ਼' ਬਿਰਤੀ ਕਹਿੰਦੇ ਨੇ। 'ਅਭਿਨਿਵੇਸ਼' ਬਿਰਤੀ ਦੇ ਵਿੱਚ ਗੁਰੂ

ਦੇ ਵਾਕ ਨੂੰ ਸਤਿ ਨਹੀਂ ਮੰਨਦਾ ਆਦਮੀ। ਆਪਣੀ ਮੱਤ ਨੂੰ ਉਪਰ ਰੱਖਦਾ ਹੈ, ਗੁਰੂ ਦੀ ਮੱਤ ਨੂੰ ਥੱਲੇ ਰੱਖਦਾ ਹੈ। ਸਾਰੀ ਜ਼ਿੰਦਗੀ ਸਾਡੇ ਨਾਲ ਇਹੀ ਵਾਪਰਦਾ ਹੈ। ਹਰ ਵਕਤ ਅਸੀਂ ਭੁੱਲੇ ਰਹਿੰਦੇ ਹਾਂ।

ਚੌਥੀ ਹੋਇਆ ਕਰਦੀ ਹੈ 'ਰਾਗ' attachment' ਪੰਜਵਾਂ ਹੋਇਆ ਕਰਦੀ ਹੈ, 'ਦਵੈਸ਼'। ਜਿਹੜੇ ਆਪਣੇ ਸੁਭਾਅ ਦੇ ਮੁਤਾਬਿਕ ਨਹੀਂ, ਆਪਣੇ ਖਿਆਲਾਂ ਦੇ ਮੁਤਾਬਿਕ ਨਹੀਂ। ਉਨ੍ਹਾਂ ਨੂੰ ਬੁਰੇ ਕਹਿਣਾ। ਉਨ੍ਹਾਂ ਦੇ ਨਾਲ ਬਾਈਕਾਟ ਰੱਖਣਾ, ਬੋਲਣਾ ਨਾ ਉਨ੍ਹਾਂ ਨਾਲ। ਸਹਿਨਸ਼ੀਲਤਾ ਨਹੀਂ ਹੈ। ਇੱਕ ਦਮ ਪਾਸੇ ਕਰ ਦੇਣਾ, ਉਨ੍ਹਾਂ ਨੂੰ ਮਾੜੇ ਕਹਿਣ । ਮਹਾਰਾਜ ਕਹਿੰਦੇ, ਜੇ ਤੈਨੂੰ ਮਾੜੇ ਕਹਿਣ ਦਾ ਸ਼ੌਂਕ ਹੈ, ਅਸੀਂ ਦੱਸ ਦਿੰਦੇ ਹਾਂ, ਤੈਨੂੰ ਮਨ੍ਹਾ ਨਹੀਂ ਕਰਦੇ। ਕਹਿ ਮਾੜਾ, ਕਹਿੰਦਾ, ਦੱਸੋ ਕੀਹਨੂੰ ਕਹਾਂ, ਮੇਰਾ ਤਾਂ ਸੁਭਾਅ ਬਣਿਆ ਹੋਇਆ ਹੈ, ਮੈਂ ਤਾਂ ਕਹਿਣਾ ਹੈ। ਮਹਾਰਾਜ ਕਹਿੰਦੇ, ਫੇਰ ਦੱਸ ਤੂੰ ਕਹਿਣ ਹੀ ਹੈ, ਤੂੰ ਐਸ ਤਰ੍ਹਾਂ ਕਹਿ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਐਸ ਤਰ੍ਹਾਂ ਕਹਿ ਕਿ ਮੈਂ ਹੀ ਮਾੜਾ ਹਾਂ -

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥*** ***ਅੰਗ - 728***

ਜਿਹਨੇ ਪਛਾਣ ਲਿਆ ਰੱਬ ਉਹ ਨਹੀਂ ਕਿਸੇ ਨੂੰ ਬੁਰਾ ਕਹਿੰਦਾ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***

***ਅੰਗ - 610***

ਜਿਹਦੇ ਪਛਾਣ ਆ ਗਈ, ਉਹ ਨਹੀਂ ਕਿਸੇ ਨੂੰ ਮਾੜਾ ਕਹਿੰਦਾ। ਉਹ ਆਪਣੇ ਆਪ ਨੂੰ ਕਹਿੰਦਾ ਹੈ, ਜਿਹੜਾ ਕਹਿੰਦਾ ਹੈ ਉਹਦੀ ਪਦਵੀ ਕਿੰਨੀ ਕੁ ਹੈ? ਮਾੜਿਆਂ 'ਚ ਹੈ। ਕਹਿੰਦੇ, ਨਹੀਂ ਮਾੜਿਆ 'ਚ ਨਹੀਂ ਹੈ -

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਉਹ ਗੁਰੂ ਨਾਨਕ ਦਾ ਮਿੱਤਰ ਹੈ, ਕਬੀਰ ਸਾਹਿਬ ਦਾ ਮਿੱਤਰ ਹੈ। ਕਿਉਂਕਿ ਉਸਨੇ ਗੱਲ ਬੁੱਝ ਲਈ । ਇਸ ਤਰ੍ਹਾਂ ਦੇ ਨਾਲ ਅਸੀਂ ਬਚਨ ਨਹੀਂ ਮੰਨਦੇ। ਸਾਡੇ ਅੰਦਰ 'ਅਭਿਨਿਵੇਸ਼' ਬਿਰਤੀ ਕੰਮ ਕਰਦੀ ਹੈ। ਮਾਂ ਕਹਿਣ ਲੱਗੀ ਬੇਟਾ! ਜੇ ਤੂੰ ਰਾਜ ਲੈਣਾ ਹੈ ਤਾਂ -

***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਪ੍ਰਮੇਸ਼ਰ ਦੇ ਆਰਾਧਣ ਦੇ ਨਾਲ ਜੋ ਵੀ ਮੰਗਦੇ ਹਾਂ, ਉਹ ਪ੍ਰਾਪਤ ਹੋ ਜਾਂਦਾ ਹੈ -

*ਧਾਰਨਾ - ਹਰਿ ਕੇ ਚਰਣ ਰਾਸਾਇਣ ਜੀ,*
*ਜੋ ਜੋ ਮਾਂਗਹਿ ਸੋਈ ਸੋਈ ਪਾਵੈ।*

ਬੇਟਾ! ਸਾਰੀਆਂ ਦਾਤਾਂ ਦਾ ਦੇਣ ਵਾਲਾ ਪ੍ਰਮੇਸ਼ਰ ਹੈ। ਉਹਦਾ ਧਿਆਨ ਧਰ ਕੇ, ਉਹਦੇ ਨਾਲ ਪਿਆਰ ਕਰਕੇ, ਉਹਦਾ ਨਾਮ ਜਪ ਕੇ, ਦੁਨੀਆਂ ਦੀ ਕੋਈ ਵਸਤ ਅਲੱਭ ਨਹੀਂ ਜਿਹੜੀ ਨਾ ਪ੍ਰਾਪਤ ਹੋਵੇ।

*ਰਸਨਾ ਗੁਣ ਗੋਪਾਲ ਨਿਧਿ ਗਾਇਣ ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ*
*ਸਗਲੇ ਦੂਖ ਪਲਾਇਣ॥ 1 ॥ ਰਹਾਉ ॥*
*ਜੋ ਮਾਗਹਿ ਸੋਈ ਸੋਈ ਪਾਵਹਿ*
*ਸੇਵਿ ਹਰਿ ਕੇ ਚਰਣ ਰਸਾਇਣ ॥*
*ਜਨਮ ਮਰਣ ਦੁਹਹੂ ਤੇ ਛੂਟਹਿ*
*ਭਵਜਲੁ ਜਗਤੁ ਤਰਾਇਣ ॥ 1 ॥*
*ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥*
*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥*
*ਅੰਗ - 714*

ਤੱਤ ਦੀ ਗੱਲ ਮਹਾਰਾਜ ਕਹਿੰਦੇ ਸੁਣੋ ਤੁਸੀਂ। ਉਹ ਕੀ ਹੈ? ਗੁਰੂ ਦੇ 'ਪਰਾਇਣ' ਹੋ ਜਾਓ। ਸਾਰੇ ਆਸਰੇ ਛੱਡ ਕੇ ਉਹਦੀ ਸ਼ਰਨ ਵਿੱਚ ਆ ਜਾਓ। ਪਰਾਇਣ ਹੋ ਜਾਓ ਉਹਦੇ। ਜਿੱਥੇ ਰੱਖਣਾ ਹੈ ਰੱਖ ਮਾਲਕਾ, ਤੇਰੀ ਮੌਜ ਹੈ। ਫੇਰ ਵਾਹਿਗੁਰੂ ਨੂੰ ਹਰ ਵਕਤ ਯਾਦ ਰੱਖ। ਨਾਮ ਜਪਣਾ ਹੋਰ ਚੀਜ਼ ਹੈ, ਯਾਦ ਰੱਖਣਾ ਹੋਰ ਚੀਜ਼ ਹੈ। ਯਾਦ ਰੱਖਿਆ ਜਾਂਦਾ ਹੈ ਨਾਮ ਜਪ ਕੇ। ਜੇ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਹਿੰਦਾ ਹੈ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ- 491*

ਸਾਰੀ ਦੁਨੀਆਂ ਰਾਮ-ਰਾਮ ਕਹਿੰਦੀ ਹੈ, ਜਿੰਨੀ ਦੇਰ ਤੱਕ ਮਨ 'ਚ ਨਹੀਂ ਵਸਦਾ ਤੇ ਉਹਦੀ Presance (ਹਾਜਰੀ) ਨਹੀਂ ਆਉਂਦੀ ਹਰ ਵਕਤ, ਅੱਖਾਂ ਦੇ ਸਾਮ੍ਹਣੇ, ਬੋਲਣ, ਚੱਲਣ, ਫਿਰਨ, ਤੁਰਨ, ਜਾਗਣ, ਉਠਣ, ਬੈਠਣ ਵੇਲੇ, ਕਹਿੰਦੇ ਫੇਰ ਤਾਂ ਭੁੱਲਿਆ ਰਹਿੰਦਾ ਹੈਂ ਪਿਆਰਿਆ, ਥੋੜ੍ਹਾ ਹੀ ਯਾਦ ਆਉਂਦਾ ਹੈ। ਤੇਰੇ ਕਲੇਸ਼ਾਂ ਦਾ ਨਾਸ਼ ਹੋਣਾ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* *ਅੰਗ - 262*

ਪੰਜਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਸੋ ਪ੍ਰਮੇਸ਼ਰ ਨੂੰ ਮਿਲਕੇ ਕੋਈ ਚੀਜ਼ ਦੁਰਲੱਭ ਨਹੀਂ -

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥*
*ਅੰਗ - 70*

ਆਹ ਮਾੜਾ ਜਿਹਾ ਰਾਜ ਕੀ ਹੈ? ਮਹਾਰਾਜ ਤਾਂ ਰਾਜ ਨੂੰ ਗਿਣਦੇ ਹੀ ਨਹੀਂ, ਕਹਿੰਦੇ ਨੇ –

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥***

*ਅੰਗ – ੯੧੧*

ਅੱਗ 'ਚ ਜਾਲ ਦੇ ਇਨ੍ਹਾਂ ਨੂੰ, ਤੈਨੂੰ ਫਸਾ ਦੇਣਗੀਆਂ।

***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ – 14***

ਅਸਲੀ ਚੀਜ਼ ਤਾਂ ਨਾਮ ਹੈ, ਜਿਹੜੀ ਅਸੀਂ ਲੈਣੀ ਹੈ। ਜੇ ਨਾਮ ਆ ਗਿਆ –

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ – 5***

ਉਹ ਤਾਂ ਪਾਤਸ਼ਾਹਾਂ ਦਾ ਪਾਤਸ਼ਾਹ ਆਪੇ ਹੋ ਜਾਂਦਾ ਹੈ। ਰਾਜੇ ਦਾ ਕਿਹਾ ਹੋਇਆ ਬਿਮਾਰੀ ਮੰਨਦੀ ਹੈ। ਪ੍ਰਮੇਸ਼ਰ ਦੇ ਪਿਆਰੇ ਦਾ ਕਿਹਾ ਹੋਇਆ ਮੰਨ ਲੈਂਦੀ ਹੈ ਕਿ ਛੱਡ ਦੇ ਇਹਦਾ ਖਹਿੜਾ, ਇਹਨੂੰ ਰਾਜ਼ੀ ਹੋ ਜਾਣ ਦੇ। ਰਾਜੇ ਦਾ ਕਿਹਾ ਕੋਈ ਨਹੀਂ ਮੰਨਦਾ, ਤੇਰੇ ਓਲਾਦ ਹੋ ਜਾਏਗੀ। ਪ੍ਰਮੇਸ਼ਰ ਦਾ ਪਿਆਰਾ ਕਹਿ ਦੇ, ਦੇ ਦਏਗਾ ਤੈਨੂੰ ਇੱਕ ਪੁੱਤਰ।

ਰਾਜਾ ਉਹ ਹੋਇਆ ਕਿ ਉਹ ਹੋਇਆ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ – 186***

ਮਹਾਰਾਜ ਕਹਿੰਦੇ, ਜੇ ਰਾਜ ਲੈਣਾ ਹੈ ਤਾਂ ਵੱਡਾ ਰਾਜ ਲੈ। ਆਹ ਦੁਨੀਆਂ ਦੇ ਰਾਜ ਦੇ ਪਿੱਛੇ ਕਿਉਂ ਤੁਰਿਆ ਫਿਰਦਾ ਹੈਂ।

***ਏ ਭੂਪਤਿ ਸਭ ਦਿਵਸ ਚਾਰਿ ਕੇ***
***ਝੂਠੇ ਕਰਤ ਦਿਵਾਜਾ ॥*** ***ਅੰਗ – 856***

ਇਹ ਤਾਂ ਐਵੇਂ ਹੀ ਹੈ, ਪਾਖੰਡ ਹੈ, ਰਾਹ 'ਚ ਰਹਿ ਜਾਏਂਗਾ। ਤੂੰ ਅਸਲੀ ਰਾਜ ਦੇ ਬਾਰੇ ਚਿਤਵ। ਅਟੱਲ ਰਾਜ ਲੈ ਤੂੰ, ਜਿੱਥੇ ਜਾ ਕੇ ਫੇਰ ਗਿਰਨਾ ਨਾ ਹੋਵੇ, ਇਹ ਤਾਂ ਰਾਜ ਲਹਿ ਜਾਂਦਾ ਹੈ। ਜਿਹੜੇ ਬਣਾਉਂਦੇ ਨੇ ਇਲੈਕਸ਼ਨਾਂ ਦੇ ਨਾਲ ਉਹ ਲਾਹ ਵੀ ਦਿੰਦੇ ਨੇ। ਉਹਦੇ 'ਤੇ ਕੀ ਤੂੰ ਮਸਤ ਹੋਇਆ ਫਿਰਦਾ ਹੈਂ। ਜੇ ਆ ਗਿਆ ਠੀਕ ਹੈ, ਆਪਣਾ ਧਰਮ ਪਾਲ।

***ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥***

***ਅੰਗ – 1240***

ਸੋ ਇਸ ਤਰ੍ਹਾਂ ਦੇ ਨਾਲ ਮਾਂ ਕਹਿਣ ਲੱਗੀ, ਬੇਟਾ! ਸਭ ਕੁਛ ਮਿਲ ਜਾਂਦਾ ਹੈ, ਇੱਕ ਰਾਜ ਕੀ। ਸੋ ਉਸ ਵੇਲੇ ਮਾਂ ਦਾ ਬਚਨ ਪੂਰੇ ਧਿਆਨ ਨਾਲ ਸੁਣ ਕੇ, 100% ਮੰਨ ਲਿਆ, ਅਸੀਂ ਗੁਰੂ ਸਾਹਿਬ ਦਾ ਬਚਨ ਨਹੀਂ ਮੰਨਦੇ 100% ਆਹੀ ਸਾਡੇ 'ਚ ਫਰਕ ਹੈ। ਉਸ ਬੱਚੇ ਨੇ ਮੰਨ ਲਿਆ

ਕਿਉਂਕਿ ਉਹਦੇ ਵਿੱਚ ਤਰਕ ਬੁੱਧੀ ਹੈ ਨਹੀਂ ਬਿਲਕੁਲ ਹੀ। ਜੋ ਕੁਛ ਮਾਂ ਕਹਿੰਦੀ ਸੀ ਉਹ ਕਹਿੰਦਾ ਬਿਲਕੁਲ ਸੱਚ ਬੋਲਦੀ ਹੈ। ਜੋ ਕੁਛ ਗੁਰੂ ਕਹਿੰਦਾ ਹੈ, ਅਸੀਂ ਕਹਿੰਦੇ ਹਾਂ ਇਹ ਤਾਂ ਮੁਸ਼ਕਲ ਹੈ, ਸਾਨੂੰ ਤਾਂ ਔਖਾ ਹੈ, ਅਸੀਂ ਦੁਨੀਆਂਦਾਰ ਬੰਦੇ। ਅਸੀਂ ਝੂਠ ਵੀ ਬੋਲਣਾ ਹੋਇਆ, ਰੌਲਾ-ਰੱਪਾ ਵੀ ਅਸੀਂ ਪਾਉਣਾ ਹੋਇਆ। ਹੁਣ ਦੱਸੋ, ਕਿਵੇਂ ਕਰੀਏ, ਜਿਵੇਂ ਤੁਸੀਂ ਕਹਿੰਦੇ ਓਂ, ਇਹ ਤਾਂ ਜੀਵਨ ਬੜਾ ਔਖਾ ਹੈ, ਫੇਰ ਤਾਂ ਘਰ ਬਾਰ ਛੱਡ ਕੇ ਚਲੇ ਜਾਈਏ। ਮਹਾਰਾਜ ਕਹਿੰਦੇ, ਘਰ ਬਾਰ ਨਾ ਛੱਡ। ਵਿਚ ਰਹਿ, ਲੇਕਿਨ ਗੁਰੂ ਦੀ ਜੁਗਤੀ ਨੂੰ ਕਮਾ।

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ ਪੈਨੰਦਿਆ***
***ਖਾਵੰਦਿਆ ਵਿਚੇ ਹੋਵੈ ਮੁਕਤਿ॥*** ***ਅੰਗ - 522***

ਘਰ ਨਾ ਛੱਡ, ਜੁਗਤ ਪਾਲ, ਗੁਰੂ ਦੇ ਹੁਕਮ ਨੂੰ ਮੰਨ। ਗੁਰੂ ਤਾਂ ਕਹਿੰਦਾ ਹੀ ਨਹੀਂ ਕਿ ਘਰ ਛੱਡ। ਗੁਰੂ ਤਾਂ ਕਹਿੰਦਾ ਹੀ ਨਹੀਂ ਕਿ ਘਰ ਛੱਡ। ਗੁਰੂ ਕਹਿੰਦਾ ਹੈ, ਜਿੱਥੇ ਕੰਮ ਕਰਦਾ ਹੈਂ, ਪੂਰੀ ਤਨ ਦੇਹੀ ਨਾਲ ਕਰ। ਕਿਸਾਨ ਬਣਿਆ ਹੋਇਆ ਹੈਂ, ਪੂਰੀ ਖੇਤੀ ਕਰ। ਘੱਟ ਨਾ ਤੇਰੇ ਖੇਤਾਂ 'ਚੋਂ ਨਿਕਲੇ, ਤੈਨੂੰ ਪ੍ਰਮੇਸ਼ਰ ਨੇ ਜ਼ਮੀਨ ਦਿੱਤੀ ਹੋਈ ਹੈ। ਜ਼ਮੀਨ 'ਚੋਂ ਤੂੰ ਅਨਾਜ ਪੈਦਾ ਕਰਨਾ ਹੈ, ਉਹ ਅਨਾਜ ਪ੍ਰਮੇਸ਼ਰ ਦੀ ਦੁਨੀਆਂ ਨੇ ਖਾਣਾ ਹੈ। ਤੈਨੂੰ ਵੱਡਾ ਜੋਬ (ਸਰਕਾਰੀ ਨੌਕਰੀ) ਦਿੱਤਾ ਹੈ, ਟਰਕਾਅ ਨਾ ਲੋਕਾਂ ਨੂੰ ਕਿ ਮੈਨੂੰ ਤੇਰੀ ਫਾਈਲ ਨਹੀਂ ਲੱਭਦੀ । ਕੱਲ੍ਹ ਨੂੰ ਆਈਂ, ਪਰਸੋਂ ਨੂੰ ਆਈਂ, ਤੂੰ ਕਿੰਨਾ ਦੋਸ਼ੀ ਬਣਦਾ ਹੈਂ। ਇੱਕ ਪਾਸੇ ਨਿਤਨੇਮ, ਕਰਦਾ ਹੈਂ ਇੱਕ ਪਾਸੇ ਲੋਕਾਂ ਨੂੰ ਟਰਕਾਈ ਜਾਂਦਾ ਹੈਂ। ਪੈਸੇ ਮੰਗਦਾ ਹੈਂ ਰਿਸ਼ਵਤਾਂ ਖਾਂਦਾ ਹੈਂ, ਪ੍ਰੇਮੀਆਂ! ਇਹ ਇੱਥੇ ਹੀ ਰਹਿ ਜਾਣਾ ਹੈ ਸਭ ਕੁਛ। ਅੱਗੇ ਨਹੀਂ ਜਾਣਾ, ਰੱਬ ਦੇ ਰਾਹ ਨੂੰ ਪਛਾਣ। ਇਮਾਨਦਾਰੀ ਨਾਲ ਕੰਮ ਕਰ। ਸੋ ਸਾਨੂੰ ਗੁਰੂ ਨਠਾਉਂਦਾ ਨਹੀਂ। ਨੱਠਿਆਂ ਹੋਇਆਂ ਨੂੰ ਕਹਿੰਦਾ ਹੈ -

***ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।***
***ਭਾਈ ਗੁਰਦਾਸ ਜੀ, ਵਾਰ 1/29***

ਗੋਰਖਨਾਥ ਇੱਥੇ ਸਮਾਧੀਆਂ ਲਾ ਰਿਹਾ ਹੈਂ ਤੇ ਸਮਾਜ ਦਾ ਬੁਰਾ ਹਾਲ ਹੋ ਰਿਹਾ ਹੈ। ਆਤਮ ਅਨੰਦ ਤੂੰ ਇੱਥੇ ਬੈਠਾ ਲੈ ਰਿਹਾ ਹੈ, ਪ੍ਰਮੇਸ਼ਰ ਦਾ ਰੂਪ ਸਮਝ ਕੇ ਉਥੇ ਅੱਖਾਂ ਖੁਲ੍ਹੀਆਂ ਨਾਲ ਆਤਮ ਅਨੰਦ ਲੈ। ਇਹ ਤੇਰੀ ਬਹਾਦਰੀ ਹੈ, ਛੁਪ ਜਾਣਾ, ਦੌੜ ਜਾਣਾ ਬਹਾਦਰੀ ਨਹੀਂ ਹੁੰਦਾ। ਵਿੱਚ ਰਹਿ ਸੰਸਾਰ ਦੇ, ਵਿੱਚ ਰਹਿ ਕੇ ਦੁੱਖ ਸੁੱਖ ਪਹਿਲਾਂ ਆਪ ਭੋਗ, ਫੇਰ ਦੁਨੀਆਂ ਨੂੰ ਦੱਸ ਕਿ ਇਹਦਾ ਆਹ ਇਲਾਜ ਹੋ ਸਕਦਾ ਹੈ, ਮੇਰੇ ਨਾਲ ਇਸ ਤਰ੍ਹਾਂ ਹੋਈ ਸੀ, ਐਸ ਤਰ੍ਹਾਂ ਮੈਂ ਬਚਿਆ ਸੀ। ਮਹਾਰਾਜ ਕਹਿੰਦੇ ਉਹ ਇਲਾਜ ਹੈ ਪ੍ਰਮੇਸ਼ਰ ਦਾ ਨਾਮ। ਸੋ ਨਠਾਉਂਦੇ ਨਹੀਂ ਗੁਰੂ ਸਾਹਿਬ।

ਸੋ ਮਾਂ ਨੇ ਕਹਿ ਦਿੱਤਾ ਕਿ ਬੇਟਾ! ਕਿਸੇ ਇਕਾਂਤ ਥਾਂ 'ਤੇ ਜਾ ਕੇ ਤਪ ਕਰ। ਉਸ ਵੇਲੇ -

*ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।*

*ਭਾਈ ਗੁਰਦਾਸ ਜੀ, ਵਾਰ 10/1*

ਬੈਰਾਗ ਹੋ ਗਿਆ, ਤਪ ਕਰਨ ਜਾਂਦਾ ਹੈ ਲੇਕਿਨ ਪਤਾ ਹੀ ਨਹੀਂ ਹੈ ਕਿ ਕਰੀਏ। ਆਪਣੇ ਆਪ ਕਿਸੇ ਨੂੰ ਕੀ ਪਤਾ। ਰੱਬ ਦੇ ਰਾਹ ਕਿਸੇ ਨੂੰ ਪਤਾ ਹੈ ਜੇ ਨਾ ਦੱਸਿਆ ਜਾਵੇ। ਟੱਕਰਾਂ ਮਾਰਦੀ ਹੈ ਦੁਨੀਆਂ। ਮਹਾਰਾਜ ਕਹਿੰਦੇ, ਉਹ ਤਾਂ ਰਸਤਾ ਐਨਾ ਗੁਪਤ ਹੈ ਨਹੀਂ ਤੇਰੀ ਸਮਝ ਵਿੱਚ ਆਉਣਾ। ਜਿੰਨਾਂ ਚਿਰ ਕੋਈ ਦੱਸਣ ਵਾਲਾ ਨਹੀਂ ਆਉਂਦਾ। ਕਿਉਂਕਿ ਰਸਤਾ ਐਸਾ ਹੈ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥*

*ਅੰਗ – 1291*

ਕਹਿੰਦੇ, ਰਾਹ ਲੱਭ ਜਾਏਗਾ, ਤੈਨੂੰ ਆਪਣੇ ਆਪ। ਰਸਤਾ ਸਹਿਯੋਗੀਆਂ ਦੇ ਨਾਲ, ਗੁਰਮੁਖਾਂ ਦੀ ਸੰਗਤ ਵਿੱਚ, ਬੈਠ ਕੇ ਲੱਭਣਾ ਹੈ। ਈਰਖਾ ਵਾਲਿਆਂ ਦੀ ਸੰਗਤ 'ਚ ਬੈਠੇਂਗਾ ਨਹੀਂ ਲੱਭਣਾ। ਨਿੰਦਿਆਂ ਵਾਲਿਆਂ 'ਚ ਬੈਠੇਂਗਾ ਨਹੀਂ ਲੱਭਣਾ। ਕੇਵਲ ਗਿਆਨੀਆਂ ਦੀ ਸੰਗਤ 'ਚ ਬੈਠੇਂਗਾ ਨਹੀਂ ਲੱਭਣਾ। ਇਹ ਤਾਂ ਜਿਨ੍ਹਾਂ ਨੇ ਕਰਿਆ, ਗੁਰਮੁਖ ਪਦ ਜਿਨ੍ਹਾਂ ਨੂੰ ਪ੍ਰਾਪਤ ਹੋਇਆ ਹੈ ਉਨ੍ਹਾਂ ਦੀ ਸੰਗਤ 'ਚ ਬੈਠ ਤਾਂ ਤੈਨੂੰ ਰਾਹ ਲੱਭੇਗਾ ਨਹੀਂ ਤਾਂ ਲੱਭਣਾ ਨਹੀਂ ਹੈ। ਵਿਚਾਰੇ ਨੂੰ ਬੈਰਾਗ ਤਾਂ ਹੋ ਗਿਆ, ਘਰ ਛੱਡ ਗਿਆ, ਰਾਤ ਨੂੰ ਤੁਰਿਆ ਜਾ ਰਿਹਾ ਹੈ। ਰਾਹ 'ਚ ਨਾਰਦ ਮਿਲੇ ਕਹਿਣ ਲੱਗੇ, ਬਾਲਕਿਆ! ਆਹ ਜੰਗਲ 'ਚ ਤੁਰਿਆ ਜਾਂਦਾ ਹੈਂ, ਬੇਟਾ ਤੂੰ। ਸਾਰੀ ਕਥਾ ਦੱਸੀ ਕਿ ਐਸ ਤਰ੍ਹਾਂ ਮੈਨੂੰ ਮਾਂ ਨੇ ਕਿਹਾ ਹੈ। ਕਹਿਣ ਲੱਗੇ ਇਸ ਤਰ੍ਹਾਂ ਤਾਂ ਨਹੀਂ ਪ੍ਰਮੇਸ਼ਰ ਮਿਲਣਾ। ਦੂਜਾ ਇਹ ਹੈ ਕਿ ਤਕਲੀਫਾਂ ਬਹੁਤ ਨੇ। ਤੈਨੂੰ ਰਾਹ ਦਾ ਨਹੀਂ ਪਤਾ, ਫੇਰ ਜੰਗਲ 'ਚ ਬੈਠ ਕੇ ਤੂੰ ਤਪ ਕਰਨਾ ਹੈ, ਤੈਨੂੰ ਖਾਣ ਨੂੰ ਕੌਣ ਦਏਗਾ, ਨਾਹੁੰਣ ਦਾ ਤੈਨੂੰ ਪਤਾ ਨਹੀਂ, ਬੈਠਣ ਦਾ ਤੈਨੂੰ ਪਤਾ ਨਹੀਂ, ਉਸ ਵੇਲੇ ਚਰਨ ਫੜ ਲਏ। ਕਹਿਣ ਲੱਗਿਆ, ਬਾਬਾ ਜੀ! ਮੈਂ ਅਣਜਾਣ ਬੱਚਾ ਹਾਂ, ਮੈਂ ਤਪ ਕਰਨਾ ਹੈ, ਜਾਣਾ ਨਹੀਂ ਮੈਂ ਵਾਪਸ ਕਿਸੇ ਵੀ ਤਰ੍ਹਾਂ। ਬਥੇਰਾ ਸਮਝਾਇਆ। ਲੇਕਿਨ ਮੁੜਿਆ ਨਾ। ਉਹਨੇ ਕਿਹਾ ਕਿ ਇਹ ਤਾਂ 'ਉਤਮ ਅਧਿਕਾਰੀ' ਹੈ। ਕਹਿਣ ਲੱਗਿਆ, ਮੈਨੂੰ ਉਹ ਦੱਸੋ ਰਸਤਾ ਜਿਹੜਾ ਪਦ ਇੱਕ ਵਾਰੀ ਮਿਲ ਜਾਵੇ ਫੇਰ ਥੱਲੇ ਨਾ ਮੈਂ ਗਿਰਾਂ।

*ਜਹ ਪਦ ਲੌ ਪਹੁੰਚਯੋ ਨ ਪਿਤਾਮਾ।*
*ਤਾਂ ਪਦ ਕੀ ਇੱਛਾ ਅਭਿਰਾਮਾ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 748*

ਮੈਂ ਉਹ ਪਦ ਹਾਸਲ ਕਰਨਾ ਚਾਹੁੰਦਾ ਹਾਂ।

*ਸੋ ਮਾਰਗ ਮੁਝ ਦੇਹੁ ਬਤਾਈ।*
*ਰਾਵਰ ਕ੍ਰਿਪਾ ਨਿਧਾਨ ਸਦਾਈ॥*

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 749***

ਕਹਿੰਦੇ ਹੇ ਕ੍ਰਿਪਾ ਦੇ ਘਰ, ਮਹਾਂਪੁਰਸ਼ੋ! ਮੈਨੂੰ ਉਹ ਰਸਤਾ ਦਸ ਦਿਓ। ਮੈਨੂੰ ਉਹ ਗੱਲ ਸਮਝਾ ਦਿਓ।

ਕਹਿਣ ਲੱਗੇ, ਬੇਟਾ! ਫੇਰ ਰਸਤਾ ਸਮਝ, ਬਹਿ ਜਾ। ਉਸ ਵੇਲੇ ਉਨ੍ਹਾਂ ਨੇ ਮੰਤਰ ਦੇ ਦਿੱਤਾ। ਕਹਿਣ ਲੱਗੇ ਦੇਖ ਇਹ ਮੰਤਰ ਹੈ, 'ਓਨਮ ਵਾਸਦੇਵ।' ਖੋੜਸ ਮੰਤਰ ਇਹਨੂੰ ਕਹਿੰਦੇ ਨੇ। ਗੁਰੂ ਘਰ ਦੇ ਅੰਦਰ ਪੰਜ ਪਿਆਰੇ ਮੰਤਰ ਦਿੰਦੇ ਨੇ। ਕਹਿਣ ਲੱਗੇ ਤੂੰ ਇਹਦਾ ਜਾਪ ਕਰ। ਉਨ੍ਹਾਂ ਦਿਨਾਂ ਦੇ ਅੰਦਰ ਪ੍ਰਾਣਾਯਾਮ ਪ੍ਰਧਾਨ ਸੀ, ਹੁਣ ਸੁਰਤ ਪ੍ਰਧਾਨ ਹੈ। ਹੁਣ ਪ੍ਰਾਣਾਯਾਮ ਪ੍ਰਧਾਨ ਨਹੀਂ ਹੈ। ਹੁਣ ਦਿਮਾਗ ਬੜੇ ਕਮਜ਼ੋਰ ਹੋ ਚੁੱਕੇ ਨੇ। ਇੱਕ ਤਾਂ ਕਿਸੇ 'ਚ ਬ੍ਰਹਮਚਰੀਆ ਨਹੀਂ । ਬ੍ਰਹਮਚਰੀਆ ਨਾ ਹੋਣ ਕਰਕੇ vital force ਇਹਦੇ ਅੰਦਰ ਰਹਿੰਦੀ ਨਹੀਂ ਤੇ ਸਿਰ ਦੁਖਣ ਲੱਗ ਜਾਂਦਾ ਹੈ।

ਕਹੇਗਾ ਜੀ ਸਿਰ ਦੁਖਣ ਲੱਗ ਗਿਆ ਜੀ, ਮੇਰੀਆਂ ਅੱਖਾਂ ਦੁਖਣ ਲੱਗ ਗਈਆਂ ਜੀ, ਮੇਰਾ ਸਿਰ ਭਾਰੀ ਹੋ ਗਿਆ। ਪ੍ਰਾਣਾਯਾਮ ਤਾਂ ਕਰ ਹੀ ਨਹੀਂ ਸਕਦਾ ਬੜਾ ਔਖਾ ਹੈ। ਨਾ ਹੱਠ ਯੋਗ ਕਰ ਸਕਦਾ ਹੈ, ਨਾ ਨੇਤੀ, ਧੋਤੀ ਕਰ ਸਕਦਾ ਹੈ, ਨਾ ਕਪਾਲੀ ਕਰ ਸਕਦਾ ਹੈ, ਨਾ ਬਸਤੀ ਕਰ ਸਕਦਾ ਹੈ, ਨਾ ਤ੍ਰਾਟਕ ਕਰ ਸਕਦਾ ਹੈ, ਉਨ੍ਹਾਂ ਦਿਨਾਂ ਦੇ ਅੰਦਰ ਸਰੀਰ ਤੰਦਰੁਸਤ ਹੁੰਦੇ। ਨਾਰਦ ਜੀ ਨੇ ਸੁਖਾਲਾ ਤਰੀਕਾ ਦੱਸਿਆ ਕਿ ਤੂੰ ਇਸ ਤਰ੍ਹਾਂ ਦੇ ਨਾਲ ਇਸ ਸ਼ਬਦ ਦੇ ਨਾਲ ਪ੍ਰਾਣਾਯਾਮ ਕਰ। ਸੁਰਤ ਨੂੰ ਅੰਦਰ ਖਿੱਚ। ਦਸਵੇਂ ਦੁਆਰ ਦਾ ਰਸਤਾ ਦੱਸ ਦਿੱਤਾ ਕਿ ਆਹ ਰਸਤੇ ਬੇਟਾ ਤੂੰ ਚਲਿਆ ਚੱਲ। ਪ੍ਰਮੇਸ਼ਰ ਦਾ ਧਿਆਨ ਦੱਸ ਦਿੱਤਾ। ਨਿਰਾਕਾਰ ਦਾ ਧਿਆਨ ਬੱਚਾ ਸਮਝ ਨਹੀਂ ਸੀ ਸਕਦਾ।

ਸਾਕਾਰ ਦਾ ਧਿਆਨ ਦਸ ਦਿੱਤਾ, ਰੂਪ ਦੱਸ ਦਿੱਤਾ ਕਿ ਐਸ ਤਰ੍ਹਾਂ ਦਾ ਰੂਪ ਹੈ। ਉਹਦਾ ਤੂੰ ਧਿਆਨ ਪਰਪੱਕ ਕਰ ਉਹ ਆ ਜਾਏਗਾ। ਤਿੰਨ ਕਿਸਮ ਦਾ ਧਿਆਨ ਹੁੰਦਾ ਹੈ, ਇੱਕ ਨੂੰ 'ਅਹੰਗ੍ਰਹਿ ਧਿਆਨ' ਕਹਿੰਦੇ ਨੇ, ਇੱਕ ਨੂੰ 'ਸੰਪਤ ਧਿਆਨ' ਕਹਿੰਦੇ ਨੇ, ਇੱਕ ਧਿਆਨ ਉਹ ਹੁੰਦਾ ਹੈ ਕਿ ਆਪਣੇ ਇਸ਼ਟ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਇਸ ਤਰ੍ਹਾਂ ਸਮਝਣਾ ਕਿ ਸਾਖਸ਼ਾਤ ਗੁਰੂ ਨਾਨਕ ਸਾਹਿਬ ਨੇ। ਇਹਦੇ ਵਿੱਚ ਪ੍ਰਮੇਸ਼ਰ ਬੁੱਧੀ ਕਰਨੀ। ਚੀਜ਼ ਨਜ਼ਰ ਹੋਰ ਆ ਰਹੀ ਹੈ, ਲੇਕਿਨ ਧਿਆਨ ਉਹਦੀ back 'ਤੇ ਹੈ। ਦੂਸਰਾ ਧਿਆਨ ਹੋਇਆ ਕਰਦਾ ਹੈ ਕਿ ਗੁਰੂ ਸਾਕਾਰ ਹੈ, ਸ਼ਕਲ ਸੁਰਤ ਵਾਲਾ ਹੈ ਉਹਨੂੰ ਪ੍ਰਮੇਸ਼ਰ ਬੁੱਧੀ ਧਾਰ ਕੇ, ਉਹਦਾ ਧਿਆਨ ਧਰ ਕੇ ਪ੍ਰਮੇਸ਼ਰ ਵਿੱਚ ਜਾਣਾ। ਇਹਨੂੰ 'ਸੰਪਤ ਧਿਆਨ' ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ 'ਅਹੰਗ੍ਰਹਿ ਧਿਆਨ'। ਉਹ ਜਿਹੜਾ ਧਿਆਨ ਹੈ ਉਹ

ਸਾਰੇ ਨਹੀਂ ਰੱਖ ਸਕਦੇ, ਅੰਦਰ ਸੁਰਤ ਜਾਗੀ ਹੋਵੇ ਉਹ ਰੱਖ ਸਕਦਾ ਹੈ। ਉਹ ਹੁੰਦਾ ਹੈ ਕਿ ਹਰ ਥਾਂ ਦੇ ਉਤੇ ਮੇਰੇ ਅੰਦਰ ਵਾਹਿਗੁਰੂ ਹੈ। ਜਦੋਂ ਮੈਂ ਵਾਹਿਗੁਰੂ ਕਹਿੰਦਾ ਹਾਂ ਇਹਦੇ ਪਿੱਛੇ ਉਹ ਸ਼ਕਤੀ ਹੈ ਜਿਹਦਾ ਮੈਂ ਨਾਉਂ ਲੈਂਦਾ ਹਾਂ। ਉਹਦੇ ਵਿੱਚ ਧਿਆਨ ਰੱਖਣਾ ਹੈ ਇਹਨੂੰ ਅਹੰਗ੍ਰਹਿ ਧਿਆਨ ਕਹਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਸ਼ਬਦ ਦੀ ਧੁਨ ਦਾ ਧਿਆਨ ਧਰਨਾ। ਧੁਨ ਹੈ 'ਵਾਹਿਗੁਰੂ' ਨਾਮ ਦੀ ਧੁਨ। ਉਹ ਧੁਨ ਦੇ ਵਿਚ-

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥*** ***ਅੰਗ - 879***

ਇਹ ਸ਼ਬਦ ਸੁਰਤ ਦਾ ਮਾਰਗ ਹੈ। ਸਾਡਾ ਜੋ ਗੁਰਸਿੱਖੀ ਦਾ ਮਾਰਗ ਹੈ, 'ਸੁਬਦਿ ਸੁਰਤਿ' ਦਾ ਹੈ। ਕਈ ਬੰਦੇ ਗਲਤੀ ਨਾਲ ਪ੍ਰਾਣਾਯਾਮ ਕਰਨ ਲੱਗ ਜਾਂਦੇ ਨੇ ਫੇਰ ਸਿਰ ਦੁਖਣ ਲੱਗ ਜਾਂਦਾ ਹੈ, ਬਿਮਾਰੀਆਂ ਲੱਗ ਜਾਂਦੀਆਂ ਨੇ। ਸਾਡਾ ਹੈ ਅਸੀਂ ਸ਼ਬਦ ਨੂੰ ਅੰਦਰ ਵਸਾਉਣਾ ਹੈ। ਇੱਕ ਗਲਤੀ ਦੇ ਨਾਲ ਸ਼ਬਦ ਦੇ ਅੱਖਰਾਂ ਦਾ ਧਿਆਨ ਧਰਦੇ ਨੇ, ਬਿਲਕੁਲ ਗਲਤ ਹੈ। ਸ਼ਬਦ ਦੀ ਧੁਨ ਦਾ ਧਿਆਨ ਕਰਨਾ ਹੈ, ਧੁਨ ਬਣਾਉਣੀ ਹੈ ਸ਼ਬਦ ਦੀ। ਉਸ ਧੁਨ ਨੇ ਸਾਨੂੰ ਟਿਕਾ ਲੈਣਾ ਹੈ। ਬੰਨ੍ਹ ਲੈਣਾ ਹੈ ਸਾਡੇ ਮਨ ਨੂੰ। ਜਦੋਂ ਧੁਨ ਪੈਦਾ ਹੋ ਗਈ ਫੇਰ ਮਨ ਨਹੀਂ ਦੌੜਦਾ। ਧੁਨ ਪੈਦਾ ਹੁੰਦੇ ਸਾਰ ਸੰਗੀਤ ਅੰਦਰ ਪੈਦਾ ਹੋ ਜਾਂਦਾ ਹੈ।

ਸੋ ਨਾਰਦ ਜੀ ਨੇ ਉਸ ਵੇਲੇ ਸਾਕਾਰ ਦਾ ਧਿਆਨ ਦੱਸ ਦਿੱਤਾ ਜਿਸ ਤਰ੍ਹਾਂ ਸਾਡੇ ਵੀ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਧਰੀਏ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।***

ਇਸ ਤਰ੍ਹਾਂ ਤਿੰਨੋ ਕਿਸਮ ਦਾ ਧਿਆਨ ਹੋਇਆ ਕਰਦਾ ਹੈ ਜਿਹੋ ਜਿਹੀ ਕਿਸੇ ਦੀ ਅੰਦਰਲੀ ਅਵਸਥਾ ਹੋਵੇ ਉਸੇ ਤਰ੍ਹਾਂ ਹੁੰਦਾ ਹੈ, ਕਿਉਂਕਿ ਸਾਡਾ ਜਿਹੜਾ ਰਸਤਾ ਹੈ ਕਰਮ, ਉਪਾਸਨਾ, ਗਿਆਨ, ਵਿਗਿਆਨ। ਪਹਿਲਾਂ ਸਾਡੇ 'ਤੇ ਕਰਮ ਕਰਕੇ ਤਿੰਨ ਚੀਜ਼ਾਂ ਦਾ ਦੋਸ਼ ਹੈ । ਮਲ, ਵਿਖਸ਼ੇਪ ਤੇ ਆਵਰਨ। ਮੈਲ ਜਿਹੜੀ ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਹੈ। ਉਹ ਅਸੀਂ ਬਾਣੀ ਪੜ੍ਹ ਕੇ, ਸੇਵਾ ਕਰਕੇ, ਰਸਨਾ ਦੇ ਨਾਲ ਨਾਮ ਜਪ ਕੇ, ਸਤਿਸੰਗ ਕਰਕੇ-

***ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥***
***ਅੰਗ - 639***

ਉਹਦੇ ਬਚਨਾਂ ਦੇ ਨਾਲ ਮਨ ਦਾ ਮਾਂਜਣਾ ਕਰਨਾ ਹੈ ਤੇ ਫੇਰ ਨਾਮ ਦਾ ਨਿਵਾਸ ਸਾਡੇ ਅੰਦਰ ਹੋਇਆ ਕਰਦਾ ਹੈ। ਉਸ ਤੋਂ ਬਾਅਦ ਮਨ ਵਿਖਸ਼ੇਪਤਾ 'ਚ ਰਹਿੰਦਾ ਹੈ ਟਿਕਦਾ ਨਹੀਂ ਹੈ। ਜੀ, ਮੈਂ ਬਾਣੀ ਪੜ੍ਹਦਾ ਹਾਂ, ਮਨ ਦੌੜ ਜਾਂਦਾ ਹੈ, ਕਿਉਂ ਦੌੜਦਾ ਹੈ ਕਿਉਂਕਿ ਸਹਾਰਾ ਨਹੀਂ ਕੋਈ ਹੈ। ਕਿੱਲੀ ਤੋਂ ਬਗੈਰ ਕੰਧ ਵਿੱਚ ਕੱਪੜਾ ਨਹੀਂ ਟੰਗ ਹੁੰਦਾ। ਖੂੰਟੀਆਂ ਹੋਣ ਕੱਪੜਾ ਟੰਗ ਹੁੰਦਾ ਹੈ। ਉਹਦੇ ਵਾਸਤੇ ਗੁਰਮੁਖ ਦਸਦੇ ਨੇ ਕਿ ਤੂੰ ਧਿਆਨ

ਧਰ, ਜਿਹੜਾ ਵੀ ਇਨ੍ਹਾਂ ਧਿਆਨਾਂ 'ਚੋਂ ਫਿੱਟ ਬੈਠਦਾ ਹੈ, ਉਹ ਤਾਂ ਮਹਾਂਪੁਰਸ਼ਾਂ ਨੂੰ ਪਤਾ ਹੁੰਦਾ ਹੈ ਇਹਨੂੰ ਸ਼ਬਦ ਦਾ ਧਿਆਨ ਠੀਕ ਹੈ, ਕਿਉਂਕਿ ਬੁੱਧੀ ਨਿਰਮਲ ਹੈ ਇਹਦੀ ਤੇ ਸੁਰਤ ਤੇ ਸ਼ਬਦ ਦੇ ਮਾਰਗ ਵਿੱਚ ਏਸਨੂੰ ਲਾਇਆ ਜਾਵੇ। ਧੁਨ ਦੇ ਵਿੱਚ ਧਿਆਨ ਲਾ ਕੇ ਫੇਰ ਇਹ ਪਹੁੰਚੇ। ਦੂਸਰਾ ਹੋਇਆ ਕਰਦਾ ਹੈ ਸਾਕਾਰ ਦਾ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥* *ਅੰਗ - 864*

ਸੋ ਇਸ ਤਰ੍ਹਾਂ ਦੇ ਨਾਲ -

*ਅਕਾਲ ਮੂਰਤਿ ਹੈ ਸਾਧ ਸੰਤਨ ਕੀ*
*ਠਾਹਰ ਨੀਕੀ ਧਿਆਨ ਕਉ ॥* *ਅੰਗ - 1208*

ਧਿਆਨ ਟਿਕਾਉਣ ਵਾਸਤੇ ਕੋਈ ਚੀਜ਼ ਚਾਹੀਦੀ ਹੈ। ਉਹਨੂੰ ਪ੍ਰਮੇਸ਼ਰ ਰੂਪ ਸਮਝ ਕੇ ਧਿਆਨ ਧਰਨਾ। ਉਹਦੇ ਨਾਲ ਕੀ ਹੁੰਦਾ ਹੈ ਇੱਕ ਤ੍ਰਿਕੁਟੀ ਹੁੰਦੀ ਹੈ - ਧਿਆਤਾ, ਧਿਆਨ, ਧੇਅ ਦੀ। ਇਹ ਅੰਦਰ ਉਪਾਸਨਾ ਹੁੰਦੀ ਹੈ। ਦੋ ਤਰ੍ਹਾਂ ਦੀ ਉਪਾਸਨਾ ਹੈ ਇੱਕ 'ਬਾਹਰਲੀ ਉਪਾਸਨਾ' ਹੈ ਇੱਕ 'ਅੰਦਰਲੀ ਉਪਾਸਨਾ' ਹੈ। ਬਾਹਰੋਂ ਉਪਾਸਨਾ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਕਰਦੇ ਹਾਂ, ਮੱਥੇ ਟੇਕਦੇ ਹਾਂ। ਚੌਰ ਕਰਦੇ ਹਾਂ, ਰੁਮਾਲੇ ਲਿਆਉਂਦੇ ਹਾਂ, ਫੁੱਲ ਲਿਆਉਂਦੇ ਹਾਂ। ਨਮਸ਼ਕਾਰਾਂ ਕਰਦੇ ਹਾਂ, ਬਾਣੀ ਸੁਣਦੇ ਹਾਂ, ਕੜਾਹ ਪ੍ਰਸ਼ਾਦ ਦੀ ਦੇਗ ਭੇਟ ਕਰਦੇ ਹਾਂ। ਇੱਕ ਅੰਤਰ ਆਤਮੇ ਹੋਇਆ ਕਰਦੀ ਹੈ। ਕੁਛ ਵੀ ਨਹੀਂ ਸਮਾਨ ਕੋਲ ਲੇਕਿਨ 'ਅੰਤਰ ਉਪਾਸਨਾ' ਹੋ ਰਹੀ ਹੈ।

ਰਾਮਾਨੰਦ ਜੀ ਉਪਾਸਨਾ ਕਰ ਰਹੇ ਸੀ, ਉਨ੍ਹਾਂ ਨੇ ਆਪਣੇ ਈਸ਼ਟ ਦੇਵ ਨੂੰ ਭੋਗ ਲਵਾਇਆ, ਇਸ਼ਨਾਨ ਕਰਾਉਣ ਤੋਂ ਬਾਅਦ ਮੁਕਟ ਰੱਖ ਦਿੱਤਾ, ਮਾਲਾ ਨਹੀਂ ਪੈ ਸਕੀ; ਜੇ ਮਾਲਾ ਨਹੀਂ ਪਾਉਂਦੇ ਤਾਂ ਧਿਆਨ ਅਧੂਰਾ ਰਹਿੰਦਾ ਹੈ। ਕਬੀਰ ਸਾਹਿਬ ਬਾਹਰ ਬੈਠੇ ਨੇ, ਜਦ ਦੇਖਿਆ ਕਬੀਰ ਸਾਹਿਬ ਨੇ ਕਿ ਮੇਰੇ ਗੁਰੂਦੇਵ ਪਰੇਸ਼ਾਨ ਨੇ, ਬਾਹਰੋਂ ਹੀ ਆਵਾਜ਼ ਦੇ ਦਿੱਤੀ, ਮਹਾਰਾਜ! ਮਾਲਾ ਦੀ ਗੰਢ ਖੋਲ੍ਹ ਕੇ ਪਾ ਦਿਓ, ਗਲ 'ਚ। ਦੇਖ ਲਿਆ ਕਿ ਤਾਜ ਲਾਹੋ ਤਾਂ ਮਾਲਾ ਪੈਂਦੀ ਹੈ, ਤਾਜ ਨਾਲ ਮਾਲਾ ਨਹੀਂ ਪੈਂਦੀ। ਉਸੇ ਵੇਲੇ ਹੈਰਾਨ ਹੋ ਗਏ ਕਿ ਕਬੀਰ ਤਾਂ ਮੇਰੇ ਅੰਦਰਲੀਆਂ ਗੱਲਾਂ ਜਾਣਦਾ ਹੈ ਸਾਰੀਆਂ। ਕਿਉਂਕਿ ਉਪਾਸਨਾ ਕਰ ਰਿਹਾ ਸੀ, ਅੰਤਰੀਵ ਉਪਾਸਨਾ। ਇੱਕ ਬਹਿਰੰਗ ਸਤਿਸੰਗ ਹੁੰਦਾ, ਜਿਹੜਾ ਤੁਸੀਂ ਕਰ ਰਹੇ ਓਂ। ਇੱਕ ਅੰਤਰੰਗ ਹੁੰਦਾ ਹੈ, ਜਿਹੜੇ ਬਚਨ ਨੇ ਇਨ੍ਹਾਂ ਨੂੰ ਫੇਰ ਵਿਚਾਰਨਾ, ਫੇਰ ਧਾਰਨਾ।

ਸੋ ਉਪਾਸਨਾ ਦੇ ਨਾਲ ਮਨ ਦੀ ਵਿਖਸ਼ੇਪਤਾ ਦੂਰ ਹੁੰਦੀ ਹੈ ਤੇ ਗਿਆਨ ਦੇ ਨਾਲ ਮੈਲ ਦੂਰ ਹੁੰਦੀ ਹੈ। ਵਿਗਿਆਨ ਗਿਆਨਮਈ ਅਵਸਥਾ ਹੈ -

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*

*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ - 275*

ਉਹ ਵਿਗਿਆਨਮਈ ਅਵਸਥਾ ਹੁੰਦੀ ਹੈ, ਗੁਰਮੁਖ ਕਿਵੇਂ ਸੰਸਾਰ 'ਚ ਰਹਿੰਦਾ ਹੈ, ਕਿਵੇਂ ਮੁਸ਼ਕਲਾਂ ਨੂੰ ਹੱਲ ਕਰਦਾ ਹੈ, ਕਿਵੇਂ ਪ੍ਰਮੇਸ਼ਰ ਦੇ ਨਾਲ ਹਰ ਵਕਤ, ਦੁਨੀਆਂ ਦੀਆਂ, ਮਾਇਆ ਦੀਆਂ, ਥਪੇੜਾਂ ਵਿੱਚ ਕਿਵੇਂ ਨਿਰਲੇਪ ਰਹਿੰਦਾ ਹੈ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਅੰਗ - 938*

ਉਹ ਅਵਸਥਾ ਹੋਇਆ ਕਰਦੀ ਹੈ। ਇਸ ਤਰ੍ਹਾਂ ਦੇ ਨਾਲ ਉਸ ਨੇ ਧਿਆਨ ਦਾ ਰਾਹ ਦੱਸ ਦਿੱਤਾ। ਸਾਕਾਰ ਦੇ ਧਿਆਨ ਦਾ। ਉਸ ਵੇਲੇ ਬੈਰਾਗੀ ਸੀ, ਬੈਰਾਗੀ ਹੋਣ ਕਰਕੇ -

*ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥*
*ਅੰਗ - 830*

ਉਸੇ ਵੇਲੇ ਲਪਟ ਗਿਆ, ਇੱਕ ਸਕਿੰਟ ਵੀ ਜ਼ਾਇਆ ਨਾ ਕਰਿਆ। ਭਜਨ ਕਰਦਾ ਹੈ। ਕਹਿੰਦਾ, ਪਹਿਲਾਂ ਰੋਜ਼ ਖਾਂਦਾ ਸੀ, ਪੱਤੇ ਵਗੈਰਾ। ਫਲ ਵਗੈਰਾ। ਇੱਕ ਹਫਤੇ ਦੇ ਬਾਅਦ ਇੱਕ ਦਿਨ ਛੱਡਣਾ ਸ਼ੁਰੂ ਕਰ ਦਿੱਤਾ। ਤੀਸਰੇ ਦਿਨ ਖਾਣ ਲੱਗ ਗਿਆ। ਫੇਰ ਦੂਸਰੇ ਹਫਤੇ ਦੇ ਵਿੱਚ ਦੋ ਦਿਨ ਛੱਡਣ ਲੱਗ ਗਿਆ। ਚੌਥੇ ਦੇ ਵਿੱਚ ਚਾਰ ਦਿਨ ਛੱਡਣ ਲੱਗ ਗਿਆ। ਫੇਰ ਇਸੇ ਤਰ੍ਹਾਂ ਦੂਜੇ ਮਹੀਨੇ ਪੱਤੇ ਖਾਣ ਲੱਗ ਗਿਆ। ਹਫਤੇ ਤੋਂ ਬਾਅਦ ਪੱਤੇ ਖਾਇਆ ਕਰੇ। ਤੀਜੇ ਮਹੀਨੇ ਹਰੇ ਪੱਤੇ ਖਾਣ ਤੋਂ ਹਟ ਗਿਆ। ਸੁੱਕੇ ਪੱਤੇ ਖਾਇਆ ਕਰੇ, ਨੌਂਵੇਂ ਦਿਨ ਖਾਇਆ ਕਰੇ। ਇਸੇ ਤਰ੍ਹਾਂ ਚੌਥੇ ਮਹੀਨੇ ਬਾਰ੍ਹਵੇਂ ਦਿਨ ਖਾਣ ਲੱਗ ਗਿਆ। 12 ਦਿਨ ਨਾ ਸੁਰਤ ਹਿਲਾਇਆ ਕਰੇ, ਧਿਆਨ 'ਚ ਲੱਗਿਆ ਰਿਹਾ ਕਰੇ। ਪੰਜਵੇਂ ਮਹੀਨੇ 'ਚ ਇਹਦੇ ਸਵਾਸ ਦਸਵੇਂ ਦੁਆਰ 'ਚ ਜਾ ਚੜ੍ਹੇ। ਇਹਨੇ ਆਸਣ ਕੀ ਲਿਆ, ਪਹਿਲੇ ਦਿਨ ਤੋਂ ਆਸਣ ਖੜ੍ਹ ਕੇ ਲੈ ਲਿਆ, ਇੱਕ ਲੱਤ ਦੇ ਭਾਰ। ਇੱਕ ਪੈਰ ਜ਼ਮੀਨ 'ਤੇ ਰੱਖਿਆ, ਦੂਜਾ ਗੋਡੇ 'ਤੇ ਰੱਖ ਲਿਆ। ਛੋਟਾ ਜਿਹਾ ਬਾਲਕ ਪੰਜ ਸਾਲ ਦਾ, ਦੇਖੋ ਕਿਵੇਂ ਤਪ ਕਰ ਰਿਹਾ ਹੈ। ਛੇਵੇਂ ਮਹੀਨੇ ਇਹਨੇ ਸਵਾਸ ਰੋਕ ਲਏ। ਇਹਦੇ ਸਵਾਸ ਰੋਕਣ ਦੀ ਦੇਰ ਸੀ ਪ੍ਰਾਕ੍ਰਿਤੀ ਦੇ ਵਿੱਚ ਸਵਾਸ ਰੁਕਣੇ ਸ਼ੁਰੂ ਹੋ ਗਏ। ਸਾਰਿਆਂ ਨਾਲੋਂ ਪਹਿਲਾਂ ਦੇਵਤਿਆਂ 'ਤੇ ਅਸਰ ਪਿਆ। ਉਨ੍ਹਾਂ ਨੇ ਕਿਹਾ ਕਿ ਕੀ ਹੋ ਗਿਆ, ਸਵਾਸ ਕਿਉਂ ਰੁਕ ਗਏ? ਬੜੀ ਨਿਗ੍ਹਾ ਮਾਰਦੇ ਨੇ। ਉਸ ਵੇਲੇ ਪ੍ਰਮੇਸ਼ਰ ਦੇ ਦਰ 'ਤੇ ਪਹੁੰਚੇ ਕਿ ਪ੍ਰਭੂ

ਕੋਈ ਲੀਲਾ ਐਸੀ ਹੋ ਗਈ ਕਿ ਸਵਾਸ ਰੁਕ ਗਏ ਤੇ ਸੰਸਾਰ ਦੇ ਸਵਾਸ ਰੁਕ ਗਏ ਤਾਂ ਸੰਸਾਰ ਦਾ ਖਾਤਮਾ ਹੋ ਜਾਏਗਾ। ਉਸ ਵੇਲੇ ਆਵਾਜ਼ ਆਈ ਕਿ ਮੇਰਾ ਇੱਕ ਪਿਆਰਾ ਸਵਾਸ ਰੋਕ ਕੇ ਖੜ੍ਹਾ ਹੈ, ਪੰਜ ਸਾਲ ਦਾ ਬਾਲਕ ਹੈ -

***ਜੋ ਮਹਿ ਦਾਦਿਕ ਬਹੁਤ ਪ੍ਰਧਾਨਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 751***

ਜਿਹੜਾ ਪ੍ਰਧਾਨ ਵਾਹਿਗੁਰੂ ਹੈ, ਮਹੀ ਤੱਤ ਜਿਹੜੀ ਮਾਇਆ ਹੈ -

***ਸਭਿ ਕੋ ਹੈ ਅਧਾਰ ਭਗਵਾਨਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 751***

ਵਾਹਿਗੁਰੂ ਸਾਰਿਆਂ ਦਾ ਆਧਾਰ ਹੈ -

***ਤਿਹ ਕੋ ਧਯਾਨ ਅਡੋਲ ਸੁ ਧਰਿਕੈ।***
***ਰਹਯੋ ਠਾਂਢ ਉਰ ਦ੍ਰਿੜਤਾ ਕਰਿ ਕੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 751***

ਅਡੋਲ ਹੋ ਕੇ ਉਸ ਦਾ ਧਿਆਨ ਧਰ ਲਿਆ, ਇੱਕ ਸਕਿੰਟ ਵਾਸਤੇ ਵੀ ਮਨ ਬਾਹਰ ਨਹੀਂ ਜਾ ਰਿਹਾ। ਪੂਰੀ 100% ਦ੍ਰਿੜਤਾ ਹੈ, ਖੜ੍ਹਾ ਹੋ ਗਿਆ ਉਸ ਵੇਲੇ, ਇੱਕ ਪੈਰ ਦੇ ਭਾਰ।

***ਰੋਕ ਸ੍ਵਾਸ ਜਬ ਕਿਯ ਅਸ ਕਰਨੀ।***
***ਡਗਮਗ ਡੋਲ ਗਈ ਸਭਿ ਧਰਨੀ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 751***

ਸਾਰੀ ਧਰਤੀ ਡੋਲਣ ਲੱਗ ਗਈ -

***ਸਭਿ ਕੇ ਸ੍ਵਾਸ ਰੁਕੇ ਤਿਹ ਕਾਲਾ।***
***ਜਗ ਮੈਂ ਖਰਭਰ ਪਰਯੋ ਬਿਸਾਲਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੰਨਾ - 751***

ਗੜਬੜ ਮਚ ਗਈ ਸਾਰੇ ਸੰਸਾਰ 'ਚ। ਉਸ ਵੇਲੇ ਪ੍ਰਮੇਸ਼ਰ ਸਾਮ੍ਹਣੇ ਆ ਕੇ ਖੜ੍ਹ ਗਏ। ਮਹਾਰਾਜ ਕਹਿੰਦੇ ਨੇ ਕਿ ਕਿਸੇ ਨੂੰ ਤਾਂ ਪ੍ਰਮੇਸ਼ਰ ਕਿਸੇ ਰੂਪ 'ਚ ਮਿਲਿਆ ਹੈ, ਕਿਸੇ ਨੂੰ ਕਿਸੇ ਰੂਪ 'ਚ -

***ਸੁਣਿ ਸਾਖੀ ਮਨ ਜਪਿ ਪਿਆਰ ॥***
***ਅਜਾਮਲੁ ਉਧਰਿਆ ਕਹਿ ਏਕ ਬਾਰ ॥***
***ਬਾਲਮੀਕੈ ਹੋਆ ਸਾਧਸੰਗੁ ॥***
***ਧ੍ਰੂ ਕਉ ਮਿਲਿਆ ਹਰਿ ਨਿਸੰਗ ॥*** ***ਅੰਗ - 1192***

ਨਿਸੰਗ ਹੋ ਕੇ ਸਾਮ੍ਹਣੇ ਖੜ੍ਹ ਗਿਆ। ਧਰੂੰ ਨੂੰ ਆਵਾਜ਼ ਮਾਰੀ, ਅੱਖ ਨਹੀਂ ਖੋਲ੍ਹਦਾ ਤੇ ਪ੍ਰਮੇਸ਼ਰ ਨੇ ਆਪਣਾ ਸਰੂਪ ਅੰਦਰੋਂ ਕੱਢ ਲਿਆ। ਅੰਦਰੋਂ ਕੱਢ ਕੇ ਡਾਵਾਂਡੋਲ ਹੋ ਗਿਆ ਜਿਵੇਂ ਮੱਛੀ ਤੜਫਦੀ ਹੈ ਐਸ ਤਰ੍ਹਾਂ ਤੜਫਣ ਲੱਗ ਗਿਆ। ਸਾਮ੍ਹਣੇ ਜਦ ਨੇਤਰ ਖੋਲ੍ਹੇ ਸਾਮ੍ਹਣੇ ਪ੍ਰਮੇਸ਼ਰ, ਹੈਰਾਨ ਰਹਿ ਗਿਆ ਕਿ ਜਿਹੜਾ ਮੇਰੇ ਅੰਦਰ ਸੀ ਉਹ ਤਾਂ ਬਾਹਰ ਖੜ੍ਹਾ ਹੈ। ਉਸ ਵੇਲੇ ਆਵਾਜ਼ ਆਈ, ਕਹਿਣ ਲੱਗੇ, ਧਰੂੰ! ਤੂੰ ਤਪ ਕਰ ਰਿਹਾ ਹੈਂ, ਰਾਜ

ਨੂੰ ਮੁੱਖ ਰੱਖ ਕੇ। ਜਾਹ ਤੈਨੂੰ ਅਸੀਂ ਰਾਜ ਦਿੱਤਾ -

***ਦਾਸ ਰਿਗਾ ਅਸ ਸੁਨਿਤਿ ਕ੍ਰਿਪਾਲਾ॥***
***ਹਰਖ ਪ੍ਰਸੀਦਤਿ ਭਏ ਬਿਸਾਲਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 752***

ਧਰੂੰ ਨੇ ਕਿਹਾ, ਮੇਰੇ ਕੋਲ ਜ਼ੁਬਾਨ ਨਹੀਂ ਕਿ ਮੈਂ ਉਸਤਤ ਕਰਾਂ। ਮੈਂ ਤੇਰੀ ਆਰਤੀ ਨਹੀਂ ਉਤਾਰ ਸਕਦਾ। ਪ੍ਰਮੇਸ਼ਰ ਨੇ ਆਪਣਾ ਸੰਖ ਨਾਲ ਲਾ ਦਿੱਤਾ ਉਹਦੇ, ਵੱਡੀ ਬੁੱਧੀ ਦੇ ਦਿੱਤੀ, ਉਸੇ ਵੇਲੇ ਉਚਾਰਨਾ ਸ਼ੁਰੂ ਕਰ ਦਿੱਤਾ। ਉਸ ਵੇਲੇ ਪ੍ਰਮੇਸ਼ਰ ਨੇ ਕਿਹਾ -

***ਬੋਲੇ - ਹੇ ਨ੍ਰਿਪ ਸੁਤ! ਸੁਨਿ ਬਾਨੀ।***
***ਤਵ ਅੰਤਰ ਕੀ ਮੈਂ ਸਭਿ ਜਾਨੀ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 752***

ਤੇਰੇ ਅੰਦਰ ਜੋ ਬਾਤ ਹੋ ਰਹੀ ਹੈ ਮੇਰੇ ਵਾਸਤੇ, ਪਿਆਰ ਹੈ ਮੈਂ ਸਾਰੀ ਜਾਣ ਲਈ ਤੇ ਤੈਨੂੰ ਉਹ ਅਵਸਥਾ।

***ਸੋ ਅਬ ਲੇਹੁ ਪਰ ਪਦ ਊਚਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 752***

ਤੂੰ ਹੁਣ ਬੇਟਾ! ਅੱਜ ਤੱਕ ਜੋ ਮੈਂ ਕਿਸੇ ਨੂੰ ਵੀ ਪਰਮ ਪਦ ਨਹੀਂ ਦਿੱਤਾ ਉਹ ਮੈਂ ਤੈਨੂੰ ਦਿਤਾ -

***ਕੋ ਨਹਿਂ ਜਹਿਂ ਸੁਰ ਅਸੁਰ ਪਹੁੰਚਾ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 752***

ਅੱਜ ਤੱਕ ਮੇਰੀ ਬਣਾਈ ਹੋਈ ਦੁਨੀਆਂ 'ਚੋਂ ਕੋਈ ਨਹੀਂ ਉਥੇ ਤੱਕ ਪਹੁੰਚ ਸਕਿਆ।

***ਮਾਰਤੰਡ, ਗ੍ਰਹ, ਸੋਮ, ਨਛੱਤ੍ਰਾ।***
***ਸਭਿਹਿ ਪ੍ਰਦੱਛਨ ਕਰਿਹਂ ਪਵਿੱਤ੍ਰਾ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 752***

ਤੇਰੀ ਪ੍ਰਦੱਛਨਾ ਕਰਿਆ ਕਰਨਗੇ ਸਾਰੇ। ਉੱਚਾ ਪਦ ਦੇ ਦਿੱਤਾ। ਮਹਾਰਾਜ ਕਹਿੰਦੇ ਦੇਖੋ ਕਿੱਡੀ ਹੈਰਾਨੀ -

***ਨਾਰਦ ਕਹਤ ਸੁਨਤ ਧ੍ਰੂਅ ਬਾਰਿਕ***
***ਭਜਨ ਮਾਹਿ ਲਪਟਾਨੋ ॥*** ***ਅੰਗ - 830***

ਐਂ ਨਹੀਂ ਕਿ ਅੰਮ੍ਰਿਤ ਛਕਾਉਣ ਤੋਂ ਬਾਅਦ ਘਰ ਗਿਆ, ਭੁੱਲ ਗਿਆ ਕਿ ਮੰਤਰ ਕਿਹੜਾ ਦਿੱਤਾ ਸੀ, ਹੋਰ ਪਾਸੇ ਨੂੰ ਤੁਰ ਪਿਆ, ਕਹਿੰਦਾ ਮੈਨੂੰ ਨਾਮ ਨਹੀਂ ਮਿਲਿਆ ਜੀ, ਨਾਮ ਨਹੀਂ ਮਿਲਿਆ, ਫਲਾਣੇ ਥਾਉਂ ਤੋਂ ਨਾਮ ਲੈ ਲਵਾਂ।

ਉਸੇ ਵੇਲੇ ਲੱਗ ਗਿਆ।

ਜਦੋਂ ਪੰਜ ਪਿਆਰਿਆਂ ਨੇ ਮੁੱਖ ਤੋਂ ਉਚਾਰਿਆ, ਉਸੇ ਵੇਲੇ ਨਾਮ ਪ੍ਰਵੇਸ਼ ਕਰ ਜਾਂਦਾ ਹੈ ਗੁਰਸਿੱਖ ਦੇ ਅੰਦਰ। ਜੇ ਪੰਜ ਪਿਆਰੇ ਸਹੀ ਹੋਣ।

ਆਹ ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ (ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਦਾਉਦਪੁਰੀਏ) ਜੀ ਉਨ੍ਹਾਂ ਦੇ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਲਿਖਿਆ ਹੈ ਉਹ ਵੀ ਬੜੇ ਮਹਾਨ ਮਹਾਤਮਾ ਹੋਏ ਨੇ। ਕਹਿੰਦੇ ਲੁਧਿਆਣੇ ਅੰਮ੍ਰਿਤ ਛਕਾ ਰਹੇ ਤੇ ਫਲੇਵਾਲ ਦਾ ਇੱਕ ਲੜਕਾ ਸੀ, ਜਦੋਂ ਉਨ੍ਹਾਂ ਨੇ ਅੰਮ੍ਰਿਤ ਛਕਾਇਆ ਪੰਜ ਚੂਲੇ ਸੀਸ 'ਚ ਪਾਏ ਤੇ ਪੰਜ ਪਿਲਾਏ ਤੇ ਨੇਤਰਾਂ ਦੇ ਨਾਲ ਨੇਤਰ ਸਾਮ੍ਹਣੇ ਕਰਕੇ ਜਿਸ ਵਕਤ ਕਿਹਾ ਕਿ ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਉਹ ਬੱਚੇ ਤੋਂ ਬੋਲਿਆ ਨਾ ਗਿਆ, ਵਾਹਿਗੁਰੂ-ਵਾਹਿਗੁਰੂ ਹੋਣ ਲੱਗ ਗਿਆ ਅੰਦਰ। ਐਨਾ ਹੋਇਆ ਕਿ ਉਸ ਨੂੰ ਦੇਹ ਅਧਿਆਸ ਭੁੱਲ ਗਿਆ। ਦੇਹ ਦਾ ਅਧਿਆਸ ਭੁੱਲ ਗਿਆ। ਚਲਿਆ ਗਿਆ ਕਿਸੇ ਹੋਰ ਮੰਡਲ 'ਚ। ਭਾਈ ਸਾਹਿਬ ਰਣਧੀਰ ਸਿੰਘ ਹੋਣੀਂ ਕਹਿਣ ਲੱਗੇ ਕਿ ਹੁਣ ਕਿਵੇਂ ਹੋਏਗਾ? ਕਹਿੰਦੇ ਹੁਣ ਤਾਂ ਇਹਨੂੰ 56 ਘੰਟੇ ਬਾਅਦ ਸੁਰਤ ਆਏਗੀ। ਹੁਣ ਨਹੀਂ ਆਉਂਦੀ। ਇੱਕ ਪਾਸੇ ਬਿਠਾ ਦਿੱਤਾ। 56 ਘੰਟੇ ਬੀਤ ਗਏ, ਅਖੰਡਪਾਠ ਸਾਹਿਬ ਦਾ ਭੋਗ ਪੈ ਗਿਆ, ਕੀਰਤਨ ਹੋ ਗਿਆ, ਉਸ ਵੇਲੇ ਉੱਡਣ ਲੱਗ ਗਿਆ ਬੱਚਾ ਸੰਗਤ ਦੇ ਉਤੇ, ਭਾਈ ਸਾਹਿਬ ਕਹਿੰਦੇ ਸਾਡੇ ਸੀਸ ਤੋਂ ਹੋ ਕੇ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੰਮਾ ਪੈ ਗਿਆ। ਬਾਪੂ ਜੀ ਕਹਿੰਦੇ ਕਿ ਤੁਸੀਂ ਹੁਣ ਲਾਵਾਂ ਦਾ ਕੀਰਤਨ ਕਰੋ ਇਹਦੀ ਜਿਹੜੀ ਰੂਹ ਹੈ ਉਹ ਸੰਜੋਗ ਮੰਗ ਰਹੀ ਹੈ ਦਰਗਾਹ 'ਚ ਖੜ੍ਹੀ।

ਕਿੱਥੇ ਪਹੁੰਚਾ ਦਿੰਦੇ ਨੇ ਗੁਰਮੁਖ, ਅੰਮ੍ਰਿਤ ਐਵੇਂ ਨਹੀਂ ਕਿ ਮਿੱਠਾ ਪਾਣੀ ਪਿਲਾਈ ਜਾਣਾ। ਇਹਦੇ ਵਿੱਚ ਸ਼ਕਤੀ ਹੁੰਦੀ ਹੈ, ਗੁਰੂ ਹਾਜ਼ਰ ਨਾਜ਼ਰ ਹੁੰਦਾ ਹੈ। ਜਿੰਨੀ ਸ਼ਰਧਾ ਨਾਲ ਛਕੋ, ਓਨਾਂ ਹੀ ਉਹਦਾ ਫਲ ਹੁੰਦਾ ਹੈ, ਇਹ ਨਹੀਂ ਕਿ ਨਾਮ ਦੇ ਦਿੱਤਾ ਹੁਣ ਪੰਜ ਪਿਆਰਿਆਂ ਨੇ, ਭੁੱਲ ਜਾਓ। ਜੇ ਨਾਮ ਦੀ ਕਦਰ ਹੈ, ਉਸੇ ਸੱਚਮੁੱਚ ਅੰਮ੍ਰਿਤ ਦੇ ਅਭਿਲਾਸ਼ੀ ਓਂ, ਉਸੇ ਵੇਲੇ ਲੱਗ ਜਾਓ। ਅੰਮ੍ਰਿਤ ਅੰਦਰੋਂ ਪ੍ਰਗਟ ਹੋ ਜਾਣਾ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥*** ***ਅੰਗ - 293***

ਉਸ ਅੰਮ੍ਰਿਤ ਨੇ ਅੰਦਰੋਂ ਪ੍ਰਗਟ ਹੋ ਜਾਣਾ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥***
***ਅੰਗ - 644***

ਲੇਕਿਨ ਲੁੱਟਿਆ ਜਾ ਰਿਹਾ ਹੈ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥***
***ਅੰਗ - 600***

ਸਾਡਾ ਤਾਂ ਹਾਲ ਇਹ ਹੁੰਦਾ ਹੈ। ਉਹ ਚਾਬੀ ਤਾਂ ਫੜਾ ਦਿੱਤੀ ਗੁਰੂ

ਨੇ, ਕਿਉਂਕਿ ਚਾਬੀ ਗੁਰੂ ਦੇ ਹੱਥ ਹੈ –

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

***ਅੰਗ – 205***

ਸਮਰੱਥ ਗੁਰੂ ਨੇ ਚਾਬੀ ਫੜਾ ਦਿੱਤੀ, ਹੁਣ ਚਾਬੀ ਲਿਜਾ ਕੇ ਘਰ ਰੱਖ ਦੇਣੀ ਹੈ ਕਿ ਤਾਲਾ ਖੋਲ੍ਹਣਾ ਹੈ।

ਧਰੂੰ ਨੇ ਐਸ ਤਰ੍ਹਾਂ ਨਹੀਂ ਕਰਿਆ ਸਾਧਸੰਗਤ ਜੀ! ਲਓ ਮਿਸਾਲ ਉਸ ਤੋਂ। ਮਹਾਰਾਜ ਕਹਿੰਦੇ, ਉਸੇ ਵੇਲੇ ਲੱਗ ਗਿਆ। ਹੋਇਆ ਕੀ?

***ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥***

***ਅੰਗ – 830***

ਕਾਲ ਤੋਂ ਉਪਰਲਾ ਮੰਡਲ ਖੁਲ੍ਹ ਗਿਆ ਉਹਦੇ ਵਾਸਤੇ ਜਿੱਥੇ ਕਾਲ ਦੀ ਪਹੁੰਚ ਨਹੀਂ। ਵਿਸ਼ਨੂੰ ਜੀ ਦੇ ਮੰਡਲ ਤੱਕ ਕਾਲ ਦੀ ਪਹੁੰਚ ਹੈ। ਜਿਹਨੂੰ ਬੈਕੁੰਠ ਕਹਿੰਦੇ ਨੇ, ਬੈਕੁੰਠ ਵਿਚੋਂ ਵਾਪਸ ਆਉਣਾ ਪੈਂਦਾ ਹੈ। ਸ਼ਿਵ ਲੋਕ 'ਚੋਂ ਬਾਹਰ ਆਉਣਾ ਪੈਂਦਾ ਹੈ। ਅਜਾਨ ਦੇਵ, ਪਰਜਾ ਪਤ, ਕਰਮ ਦੇਵ ਲੋਕ, ਇੰਦ੍ਰ ਲੋਕ, ਸਵਰਗ ਲੋਕ, ਪਿੱਤਰ ਲੋਕ, ਗੰਧਰਭ ਲੋਕ, ਦੇਵ ਗੰਧਰਭ ਲੋਕ, ਸਭ ਤੋਂ ਹੇਠਾਂ ਆਉਣਾ ਪੈਂਦਾ ਹੈ। ਜਿਸ ਵਕਤ ਸਮਾਂ ਮੁੱਕ ਜਾਂਦਾ ਹੈ। ਕਿਉਂਕਿ ਇਹ ਕਾਲ ਦੇ ਚੱਕਰ 'ਚ ਨੇ। ਜਿਹੜਾ ਪ੍ਰਮੇਸ਼ਰ ਦਾ ਪਿਆਰਾ ਹੁੰਦਾ ਹੈ ਉਹ time ਤੇ space ਤੋਂ ਉਪਰ ਲੰਘ ਜਾਂਦਾ ਹੈ –

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***
***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
***ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥***
***ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥***
***ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥***

***ਅੰਗ – 517***

ਕਾਲ ਤੋਂ ਉਪਰਲੇ ਥਾਂ ਜਾ ਕੇ ਜਗ੍ਹਾ ਮਿਲ ਜਾਂਦੀ ਹੈ। ਕਹਿੰਦੇ ਧਰੂੰ ਨੂੰ ਉਹ ਪਦ ਮਿਲ ਗਿਆ –

***ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥***

***ਅੰਗ – 830***

ਜਗਤ ਹੈਰਾਨ ਹੋ ਰਿਹਾ ਹੈ, ਵਿਸਮਾਦ ਵਿੱਚ ਆ ਰਿਹਾ ਹੈ ਕਿ ਹੈਂ ਇੱਕ ਬੱਚੇ ਨੇ?

***ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥***

***ਅੰਗ – 830***

ਕਹਿੰਦੇ, ਤੁਸੀਂ ਵੀ ਨੇੜੇ ਜਾਣ ਲਓ ਇਹਨੂੰ। ਉਸ ਵੇਲੇ ਰਾਜ ਕਿਹੜਾ ਮਿਲ ਗਿਆ ਸਾਧਸੰਗਤ ਜੀ! ਸੱਚਾ ਰਾਜ ਮਿਲ ਗਿਆ –

***ਧਾਰਨਾ – ਰਾਜ ਲੀਆ ਅਬਿਨਾਸ਼ੀ ਹਰੀ ਦਿਆਂ ਸੰਤਾਂ ਨੇ।***

ਨਾਸ਼ਵਾਨ ਰਾਜ ਇੱਛਾ ਕਰੀ, ਲੇਕਿਨ ਬੰਦਗੀ ਕਰਕੇ ਕਿੱਥੇ ਪਹੁੰਚਿਆ, ਅਬਿਨਾਸ਼ੀ ਰਾਜ 'ਚ। ਅਬਿਨਾਸ਼ੀ ਰਾਜ ਦਾ ਨਕਸ਼ਾ ਖਿਚਦੇ ਨੇ ਗੁਰੂ ਮਹਾਰਾਜ ਸੱਚੇ ਪਾਤਸ਼ਾਹ। ਜਗਿਆਸੂ ਸਵਾਲ ਕਰਦਾ ਹੈ –

***ਕਿਉ ਲੀਜੈ ਗਢੁ ਬੰਕਾ ਭਾਈ ॥***
***ਦੋਵਰ ਕੋਟ ਅਰੁ ਤੇਵਰ ਖਾਈ ॥*** ***ਅੰਗ – 1161***

ਕਹਿੰਦੇ ਇਹੋ ਜਿਹਾ ਕਿਲ੍ਹਾ ਹੈ ਜਿਹਦੇ ਆਲੇ-ਦੁਆਲੇ ਦੂਹਰੀ ਕੰਧ ਹੈ, ਅਗਿਆਨ ਦਾ ਕਿਲ੍ਹਾ ਹੈ ਤੇ ਇਹਦੇ ਸੰਸੇ ਤੇ ਬਿਪਰਜੇ ਦੀਆਂ ਕੰਧਾਂ ਬਣੀਆਂ ਹੋਈਆਂ ਨੇ। ਜਿਨ੍ਹਾਂ ਨੂੰ ਅਸੀਂ ਲੰਘ ਨਹੀਂ ਸਕਦੇ। ਕਿਉਂਕਿ ਸੰਸਾ ਸੰਸਾਰ ਹੈ। ਜੇ ਸੰਸਾ ਹਟ ਜਾਵੇ ਇਹੀ ਸੰਸਾਰ ਵਾਹਿਗੁਰੂ ਬਣ ਜਾਂਦਾ ਹੈ। ਸੰਸਾ ਰਹਿੰਦਾ ਹੈ ਨਹੀਂ ਅਸੀਂ ਵਾਹਿਗੁਰੂ ਨੂੰ ਮੰਨਦੇ। ਮਹਾਰਾਜ ਕਹਿੰਦੇ, ਤੁਸੀਂ ਸਾਡਾ ਬਚਨ ਵੀ ਨਹੀਂ ਮੰਨਦੇ।

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥***
***ਅੰਗ – 922***

ਕਹਿੰਦੇ ਆਹੀ ਸੰਸਾਰ ਪ੍ਰਮੇਸ਼ਰ ਦਾ ਰੂਪ ਬਣ ਜਾਂਦਾ ਹੈ।

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥*** ***ਅੰਗ – 407***

ਲੇਕਿਨ ਸੰਸੇ ਦੀ ਕੰਧ ਨਹੀਂ ਬਣਨ ਦਿੰਦੀ। ਬੁੱਧੀ ਦੇ ਵਿੱਚ ਗੱਲ ਆ ਜਾਂਦੀ ਹੈ, ਅਨੁਭਵ 'ਚ ਨਹੀਂ ਆਉਂਦੀ। ਕਿਉਂਕਿ ਸੰਸਾ ਕੰਧ ਬਣਿਆ ਖੜ੍ਹਾ ਹੈ। ਸੰਸਾ ਤੇ ਬਿਪਰਜਾ ਦੋ ਬਿਰਤੀਆਂ ਹੁੰਦੀਆਂ ਨੇ। ਇਹ ਕਿਲ੍ਹਾ ਹੈ ਦੂਹਰੀ ਕੰਧ ਵਾਲਾ ਤੇ ਰਜੋ, ਤਮੋ, ਸਤੋ ਤਿੰਨ ਜਿਹੜੀਆਂ ਇਹਦੇ ਵਿੱਚ ਮਾਇਆ ਦੀਆਂ ਲਹਿਰਾਂ ਨੇ, ਤਿੰਨ ਖਾਈਆਂ ਨੇ ਇਹਦੇ ਵਿੱਚ –

***ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥***
***ਅੰਗ – 1161***

ਕਹਿੰਦੇ, ਪੰਜ ਤੱਤ, ਪੰਜ ਵਿਸ਼ੇ – ਸ਼ਬਦ, ਸਪਰਸ਼, ਰੂਪ, ਰਸ, ਗੰਧ; ਇਨ੍ਹਾਂ ਤੋਂ ਪੰਜ ਭੂਤ ਪੈਦਾ ਹੋਏ, ਮਿੱਟੀ ਵਗੈਰਾ, ਪੰਜੋ ਤੱਤ। ਇਹ ਪੰਜ ਨੇ, ਪੱਚੀ ਪ੍ਰਕ੍ਰਿਤੀਆਂ ਨੇ ਜਿਨ੍ਹਾਂ ਤੋਂ ਗਿਆਨ ਇੰਦਰੇ ਤੇ ਕਰਮ ਇੰਦਰੇ ਬਣੇ ਨੇ। ਮੋਹ, ਅਹੰਕਾਰ, ਈਰਖਾ ਇਹ ਵੱਡੇ ਭਾਰੇ ਸੂਰਮੇ ਨੇ।

***ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥***
***ਅੰਗ – 1161***

ਹੇ ਵਾਹਿਗੁਰੂ! ਮੈਂ ਕੀ ਕਰਾਂ ਮੇਰਾ ਜ਼ੋਰ ਨਹੀਂ ਚਲਦਾ ਇਨ੍ਹਾਂ ਚੀਜ਼ਾਂ 'ਤੇ। ਮੈਂ ਗਰੀਬ ਹਾਂ, ਇਹਦੇ ਤਾਂ ਬਹੁਤ ਵੱਡੇ-ਵੱਡੇ ਸੂਰਮੇ ਨੇ –

***ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥***
***ਅੰਗ - 1161***

ਕਾਮਨਾਵਾਂ, ਵਾਸ਼ਨਾਵਾਂ ਤਾਂ ਇਹਦੇ ਅੰਦਰ ਕਬਾੜੀ ਬਣੀਆਂ ਹੋਈਆਂ ਨੇ। ਦਰਵਾਜ਼ਾ ਬਣਿਆ ਹੋਇਆ ਹੈ ਵਾਸ਼ਨਾ ਦਾ। ਵਾਸ਼ਨਾ ਨੂੰ ਲੰਘ ਨਹੀਂ ਸਕਦਾ ਕੋਈ ਵੀ। ਕੋਈ ਵਿਰਲਾ ਹੈ ਜਿਹੜਾ ਵਾਸ਼ਨਾਵਾਂ ਨੂੰ ਪਾਰ ਕਰ ਜਾਵੇ। ਓਹੀ ਕਰਦਾ ਹੈ ਜਿਹਦਾ ਮਨੋਨਾਸ਼, ਵਾਸ਼ਨਾ ਖ੍ਰੈ, ਤੱਤ ਗਿਆਨ ਜਿਹਦੇ ਅੰਦਰ ਪ੍ਰਗਟ ਹੋ ਗਿਆ ਨਹੀਂ ਤਾਂ ਵਾਸ਼ਨਾ ਨਹੀਂ ਖ੍ਰੈ ਹੋਇਆ ਕਰਦੀ। ਸੋ ਕਹਿਣ ਲੱਗੇ, ਵਾਸ਼ਨਾਵਾਂ ਹੀ ਵਾਸ਼ਨਾਵਾਂ ਨੇ। ਕਦੇ ਦੁਖ ਆ ਜਾਂਦਾ ਹੈ, ਕਦੇ ਸੁਖ, ਦੋਹਾਂ ਨਾਲ ਸਮਝੌਤਾ ਬਣੇ ਤਾਂ ਦੁੱਖ ਲੰਘਣ ਦਿੰਦੇ ਨੇ, ਦੁੱਖ ਤਾਂ ਲੰਘਣ ਹੀ ਨਹੀਂ ਦਿੰਦਾ, ਜਦੋਂ ਤੱਕ ਉਹਨੂੰ ਸੁੱਖ ਕਰਕੇ ਨਹੀਂ ਮੰਨਦਾ।

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥*** ***ਅੰਗ - 5***

ਜਦੋਂ ਦੁਖ ਨੂੰ ਸੁਖ ਕਰਕੇ ਮੰਨਦਾ ਹੈ ਉਸ ਵੇਲੇ ਦੁਖ ਨਾਲ ਸਮਝੌਤਾ ਹੁੰਦਾ ਹੈ। ਜਿੰਨਾਂ ਚਿਰ ਦੁੱਖ ਨੂੰ ਨਫਰਤ ਕਰਦਾ ਹੈ, ਨਹੀਂ ਲੰਘ ਸਕਦਾ। ਕਹਿੰਦੇ ਬੜਾ ਔਖਾ ਹੈ। ***'ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ '*** ਪਹਿਰੇਦਾਰ ਖੜ੍ਹੇ ਨੇ। ਹਉਮੈ ਦੇ ਅੰਦਰ ਨੇਕ ਕੰਮ ਕਰਦੇ ਹਾਂ ਪੁੰਨ ਬਣ ਜਾਂਦੇ ਨੇ, ਗਲਤ ਕਰਦੇ ਪਾਪ ਬਣ ਜਾਂਦੇ ਨੇ, ਇਸ ਦਰਵਾਜ਼ੇ 'ਚੋਂ ਮੈਂ ਲੰਘਾਂ ਕਿਵੇਂ? ਤੇ ਇਨ੍ਹਾਂ ਸਾਰਿਆਂ ਦੇ ਪਿੱਛੇ ਵੱਡਾ ਪ੍ਰਧਾਨ ਬੈਠਾ ਹੈ, ਮਹਾਂ ਵਡ ਦੁੰਦਰ, ਬੜੀ ਖੱਪ ਪਾਉਣ ਵਾਲਾ, ਉਹ ਕਿਹੜਾ ਹੈ? ਕਹਿੰਦੇ ਬਹੁਤ ਵੱਡਾ ਸੂਰਮਾ ਹੈ।

***ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਮਹ ਮਨੁ ਮਾਵਾਸੀ ਰਾਜਾ ॥***
***ਅੰਗ - 1161***

ਉਹਦੇ ਅੰਦਰ ਆਕੀ ਹੋ ਰਾਜਾ ਬੈਠਾ ਹੈ ਤੇ ਜੀਵ ਆਤਮਾ ਨੂੰ ਕੈਦ ਕਰ ਲਿਆ, ਆਪਣੇ ਪਿਉ ਨੂੰ ਮੰਨ ਗਿਆ। ਜਿਵੇਂ ਸ਼ਾਹਜਹਾਨ ਨੂੰ ਕੈਦ ਕਰ ਲਿਆ ਸੀ ਔਰੰਗਜ਼ੇਬ ਨੇ, ਐਸ ਤਰ੍ਹਾਂ ਜੀਵ ਆਤਮਾ ਨੂੰ ਕੈਦ ਕਰ ਲਿਆ। ਹੁਣ ਉਹ ਕੈਦ ਦੇ ਵਿੱਚ ਪਿਆ ਹੈ। ਕਹਿੰਦੇ ਐਹੋ ਜਿਹੇ ਸੂਰਮੇ ਨੇ -

***ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥***
***ਅੰਗ- 1161***

ਜਿਹੜੇ ਸੁਆਦ ਨੇ ਦੁਨੀਆਂ ਦੀਆਂ ਵਾਸ਼ਨਾਵਾਂ ਦੇ, ਉਹ ਤਾਂ ਸੰਜੋਅ ਪਹਿਨੀ ਹੋਈ ਹੈ, ਟੋਪ ਜਿਹੜਾ ਲਿਆ ਹੋਇਆ ਹੈ ਉਹ ਮੋਹ ਦਾ ਲਿਆ ਹੋਇਆ ਹੈ। ਮੋਹ ਦੇ ਨਾਲ ਸਾਰੇ ਹੀ ਵਿਕਾਰ ਇਕੱਠੇ ਹੋ ਜਾਂਦੇ ਨੇ। ਉਥੇ ਮਾੜੀ ਬੁੱਧੀ ਜਿਹੜੀ ਹੈ ਉਹ ਕਮਾਨ ਚਲਾਉਂਦੀ ਹੈ, ਤ੍ਰਿਸ਼ਨਾ ਦੇ ਤੀਰ ਭਰ-ਭਰ ਕੇ ਮਾਰਦੀ ਹੈ -

***ਤ੍ਰਿਸਨਾ ਤੀਰ ਰਹੇ ਘਟ ਭੀਤਰਿ ਇਉ ਗੜੁ ਲੀਓ ਨ ਜਾਈ ॥***

***ਅੰਗ - 1161***

ਕਹਿੰਦੇ ਹੁਣ ਕਿਵੇਂ ਲਿਆ ਜਾਵੇ ਮਹਾਰਾਜ। ਆਵਾਜ਼ ਆਈ, ਕਹਿਣ ਲੱਗੇ, ਪ੍ਰੇਮੀਆਂ! ਪਿਆਰ ਦਾ ਪੁਲੀਤਾ ਲਾ ਤੇ ਸੁਰਤ ਦੀ ਹਵਾਈ ਕਰ ਲੈ। ਉਹਦੇ ਵਿੱਚ ਗੋਲਾ ਪਾ ਲੈ ਤੇ ਗੋਲਾ ਚਲਾ ਦੇ ਤੂੰ ਗਿਆਨ ਦਾ। ਬਹੁਤਾ ਲੜਨ ਦੀ ਲੋੜ ਨਹੀਂ। ਐਸਾ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਪ੍ਰੇਮ ਪਲੀਤਾ ਸੁਰਤ ਹਵਾਈ,***
***ਗੋਲਾ ਗਿਆਨ ਚਲਾਇਆ ਜੀ।***

***ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ ॥***
***ਅੰਗ - 1161***

ਪਿਆਰ ਦਾ ਪਲੀਤਾ ਦਿੱਤਾ, ਖੁਸ਼ਕ ਨਹੀਂ। ਖੁਸ਼ਕ ਗਿਆਨੀ ਜਿਹੜਾ ਹੁੰਦਾ ਹੈ ਉਹ ਨਾਸਤਕ ਹੁੰਦਾ ਹੈ। ਜਿਹੜਾ ਰਸਕ ਬੈਰਾਗੀ ਹੁੰਦਾ ਹੈ ਉਹ ਸਹੀ ਹੋਇਆ ਕਰਦਾ ਹੈ। ਲੇਕਿਨ ਦਰਸ਼ਨ ਕਦੋਂ ਹੁੰਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਜਦੋਂ ਰਸਕ ਬੈਰਾਗੀ ਮਿਲਿਆ ਫੇਰ ਕੀ ਹੁੰਦਾ ਹੈ? ਅਗਿਆਨਤਾ ਦਾ ਹਨ੍ਹੇਰਾ ਮਿਟ ਜਾਂਦਾ ਹੈ। ਕਰੋੜਾਂ ਸਾਲ ਸਾਡੀ ਸੁਰਤੀ ਨੂੰ ਸੁੱਤੀ ਪਈ ਨੂੰ ਹੋ ਗਏ। ਇਹ ਜਾਗਣ 'ਚ ਨਹੀਂ ਆਉਂਦੀ, ਮਹਾਰਾਜ ਬੜੀ ਵਾਰੀ ਸਾਨੂੰ ਸਮਝਾ ਕੇ ਕਹਿੰਦੇ ਨੇ -

***ਧਾਰਨਾ - ਮਨ ਭੋਲਿਆ! ਹਉਮੈ ਸੁਰਤ ਵਿਸਾਰ।***
***ਭੋਲਿਆ ਹਉਮੈ ਸੁਰਤਿ ਵਿਸਾਰਿ ॥***

ਕਿਉਂਕਿ ਸੁਰਤ ਨੇ ਸਾਨੂੰ ਕਰੋੜਾਂ ਜਨਮਾਂ ਤੋਂ ਸੁਲਾਇਆ ਹੋਇਆ ਹੈ। ਜਾਗ ਨਹੀਂ ਆ ਰਹੀ ਸਾਧਸੰਗਤ ਜੀ, ਹਉਮੈ ਦੇ ਅੰਦਰ। ਸੁੱਤਾ ਪਿਆ ਹੈ ਜੀਵ। ਨਹੀਂ ਜਾਗਦਾ -

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ ॥***
***.... .... ......***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*** ***ਅੰਗ - 182***

ਲੁੱਟਦੇ ਤੁਰੇ ਜਾ ਰਹੇ, 24000 ਸਵਾਸ ਰੋਜ਼ ਲੁੱਟਿਆ ਜਾ ਰਿਹਾ ਹੈ ਕਿਉਂਕਿ ਹਉਮੈ ਦੀ ਸੁਰਤ 'ਚ ਜਾ ਰਹੇ ਹਾਂ। ਦੋ ਕਿਸਮ ਦੀ ਸੁਰਤ ਹੈ ਸਾਡੇ ਅੰਦਰ। ਇੱਕ ਤਾਂ ਉਹ ਹੈ ਜਿਹੜੀ ਮੈਡੀਕਲ ਸੁਰਤ ਹੈ। ਉਹ ਇਹ ਹੈ ਕਿ ਸਾਡੇ brain ਦੇ ਅੰਦਰ 15 ਅਰਬ ਸੈਲ ਲੱਗੇ ਹੋਏ ਨੇ। ਸਾਡੇ ਸਰੀਰ 'ਚ ਦੋ ਖਰਬ ਪੰਦਰਾਂ ਅਰਬ ਸੈਲ ਹੈ। ਇਹ ਪੰਦਰਾਂ ਅਰਬ

ਸੈਲ ਦੇ ਵਿੱਚ ਖਾਨੇ ਬਣੇ ਹੋਏ ਨੇ, ਕਿਤੇ ਯਾਦਦਾਸ਼ਤ ਦਾ ਖਾਨਾ ਹੈ, ਕਿਤੇ ਡਰ ਦਾ, ਕਿਤੇ ਚਿੰਤਾ ਦਾ, ਕਿਤੇ ਤ੍ਰਿਸ਼ਨਾ ਦਾ। ਅੱਡ-ਅੱਡ ਖਾਨੇ ਨੇ, 72 ਘਰ ਦਸਦੇ ਨੇ। ਇਨ੍ਹਾਂ ਸਾਰਿਆਂ ਨੂੰ magnetic ਤੇ electronic waves ਸ਼ਕਤੀ ਦਿੰਦੀਆਂ ਨੇ। ਜੇ ਨਾ ਦੇਣ ਤਾਂ ਦਿਮਾਗ dull ਹੋ ਜਾਂਦਾ ਹੈ ਕੁਛ ਵੀ ਨਹੀਂ ਰਹਿੰਦਾ, ਆਦਮੀ ਨੂੰ ਪਾਗਲਖਾਨੇ ਦਾਖਲ ਕਰਾ ਆਉਂਦੇ ਨੇ, ਕਿਉਂਕਿ ਉਹ ਕਰੰਟ ਨੁਕਸਾਨਦਾਇਕ ਹੋ ਜਾਂਦੀ ਹੈ। ਉਹਦੇ ਨਾਲ ਇਹ ਕੈਮੀਕਲ ਸੁਰਤ ਸਾਡੇ ਅੰਦਰ ਜਾਗ ਪੈਂਦੀ ਹੈ, ਸਰੀਰ ਦੀ ਸੁਰਤ। ਜੇ ਪ੍ਰਸ਼ਾਦਾ ਨਾ ਛਕੀਏ ਫੇਰ ਮਾਰੀ ਜਾਂਦੀ ਹੈ ਸੁਰਤ। ਕੋਈ ਚਿੰਤਾ ਬਹੁਤ ਹੋ ਜਾਏ ਫੇਰ ਮਾਰੀ ਜਾਂਦੀ ਹੈ ਕਿਉਂਕਿ ਕੈਮੀਕਲ ਸੁਰਤ ਹੈ। ਇਹਦੇ ਉਤੇ ਜਿਹੜੀ ਸਾਖੀ ਸੁਰਤ ਹੈ ਸਾਡੀ, ਇਹਨੂੰ ਦੇਖਣ ਵਾਲੀ, ਇਹਨੂੰ ਕਰੰਟ ਦੇਣ ਵਾਲੀ। ਉਹ ਸਾਡਾ ਆਪਣਾ ਸਰੂਪ ਹੈ, ਉਹ ਸਾਡੀ ਆਪਣੀ ਸੁਰਤ। ਜਿਹਨੂੰ ਮਹਾਰਾਜ ਕਹਿੰਦੇ ਨੇ-

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*** ***ਅੰਗ - 8***

ਵਾਹਿਗੁਰੂ ਨੂੰ ਪਛਾਨਣ ਵਾਲੀ ਜਿਹੜੀ ਹੈ ਇਹ ਉਹਦੇ ਉਪਰਲੇ ਪਾਸੇ ਹੈ ਜਿੱਥੇ ਮਨ ਮੁੱਕਦਾ ਹੈ, ਉਸ ਤੋਂ ਅਗਾਂਹਾਂ ਵਾਹਿਗੁਰੂ ਸ਼ੁਰੂ ਹੋ ਜਾਂਦਾ ਹੈ -

***ਮਨ ਮਹਿ ਆਪਿ ਮਨ ਅਪੁਨੇ ਮਾਹਿ ॥***
***ਨਾਨਕ ਕੀਮਤਿ ਕਹਨੁ ਨ ਜਾਇ ॥*** ***ਅੰਗ - 279***

ਜਿੱਥੇ ਮਨ ਖਤਮ ਹੋ ਜਾਂਦਾ ਹੈ ਸਾਡਾ, ਉਸੇ ਥਾਂ ਤੋਂ ਉਨਮਨ ਸ਼ੁਰੂ ਹੋ ਜਾਂਦਾ ਹੈ। ਆਤਮ ਸ਼੍ਰੇਣੀ ਬੁੱਧੀ ਉਸ ਥਾਂ ਤੋਂ ਸ਼ੁਰੂ ਹੋ ਜਾਂਦੀ ਹੈ ਪ੍ਰਮੇਸ਼ਰ ਨੂੰ ਦੇਖਣ ਵਾਲੀ। ਕਹਿੰਦੇ ਉਹ ਜਾਗ ਪੈਂਦੀ ਹੈ, ਸੰਤਾਂ ਨੂੰ ਰਸਕ ਬੈਰਾਗੀਆਂ ਨੂੰ ਮਿਲ ਕੇ। ਜੇ ਪਿਆਰ ਨਹੀਂ, ਰਸ ਨਹੀਂ ਅੰਦਰ ਕੇਵਲ ਫਿਲਾਸਫਰ ਹੈ, ਕੇਵਲ ਗਿਆਨੀ ਹੈ। ਰਸ ਤੋਂ ਹੀਣਾ ਹੈ ਤਾਂ ਮਹਾਰਾਜ ਕਹਿੰਦੇ ਪਿਆ ਹੋਵੇ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ - 253***

ਜੇ ਇਹਦੇ ਅੰਦਰ ਖਿੱਚ ਨਹੀਂ ਪੈਂਦੀ, ਕਹਿੰਦੇ ਉਹ ਫੇਰ ਮੁਰਦਾ ਹੈ, ਜੀਉਂਦਾ ਨਹੀਂ ਹੈ ਉਹਦੀ ਕੈਮੀਕਲ ਸੁਰਤ ਕੰਮ ਕਰ ਰਹੀ ਹੈ, ਹਉਮੈ ਵਾਲੀ ਸੁਰਤ। ਉਹ ਵੱਡਾ ਵਿਦਵਾਨ ਹੈ, ਵੱਡੀਆਂ-ਵੱਡੀਆਂ ਪੜ੍ਹਾਈਆਂ ਕਰ ਲਏਗਾ। ਲੇਕਿਨ ਆਤਮਕ ਸੋਝੀ ਨਹੀਂ ਉਹਨੂੰ ਹੋਇਆ ਕਰਦੀ। ਸੋ ਮਹਾਰਾਜ ਕਹਿੰਦੇ ਉਹ ਪਿਆਰ ਦਾ ਪਲੀਤਾ ਦੇ ਦਿੱਤਾ। ਸੁਰਤ ਨੂੰ ਹਵਾਈ ਬਣਾ ਲਿਆ ਜਿਹੜੀ ਲੈ ਕੇ ਜਾਂਦੀ ਸੀ ਗੋਲੇ ਨੂੰ, ਗੋਲਾ ਪਾ ਦਿੱਤਾ ਵਿੱਚ ਗਿਆਨ ਦਾ, ਜਿਹਦੇ ਨਾਲ ਦੋਖ ਦ੍ਰਿਸ਼ਟੀ ਖਤਮ ਹੋ ਕੇ 'ਏਕੋ ਬ੍ਰਹਮੁ ਦੁਤੀਆ ਨਾਸਤਿ' ਇੱਥੇ ਵਾਹਿਗੁਰੂ ਤੋਂ ਬਗੈਰ ਨਾ ਕੋਈ ਹੋਇਆ ਹੈ, ਨਾ ਕੋਈ ਹੋਣਾ ਹੈ। ਕਿੰਨਾਂ ਭਰਮ ਪਾ ਦਿੱਤਾ, ਅਸੀਂ ਕਹਿੰਦੇ ਹਾਂ ਵਾਹਿਗੁਰੂ

ਤੋਂ ਬਗੈਰ ਸਭ ਕੁਛ ਹੈਗਾ, ਸਭ ਕੁਛ ਹੋਣਾ ਹੈ। ਉਲਟ ਖਿਆਲ ਸਾਡਾ ਤੇ ਜਾਗਿਆ ਹੋਇਆਂ ਦਾ ਬਿਲਕੁਲ ਸਤਿ ਖਿਆਲ ਹੈ। ਕਹਿੰਦੇ ਉਹ ਗਿਆਨ ਦਾ ਗੋਲਾ ਪਾ ਕੇ ਚਲਾ ਦਿੱਤਾ, ਫੇਰ ਗਿਆਨ ਦੇ ਜਿਹੜੇ ਸਾਥੀ ਸੀ -

***ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥***

***ਅੰਗ - 1161***

ਸਤਿ ਲੈ ਲਿਆ, ਸੰਤੋਖ ਨੇ ਤ੍ਰਿਸ਼ਨਾ ਮਾਰ ਦਿੱਤੀ। ਧਰਮ ਨੇ ਅਧਰਮ ਦਾ ਖਾਤਮਾ ਪੈਦਾ ਕਰ ਦਿੱਤਾ। ਧਰਮ ਵਿਚੋਂ ਦਇਆ ਪੈਦਾ ਹੋ ਗਈ।

***ਧੌਲੁ ਧਰਮੁ ਦਇਆ ਕਾ ਪੂਤੁ ॥*** ***ਅੰਗ - 3***

ਦਇਆ ਦਾ ਪੁੱਤਰ ਕੀ ਹੁੰਦਾ ਹੈ? ਜੇ ਦਇਆ ਹੀ ਨਾ ਹੋਵੇ, ਬੱਕਰੇ ਵੱਢ-ਵੱਢ ਖਾਈ ਜਾਂਦਾ ਹੈ, ਮੁਰਗੇ ਖਾਈ ਜਾਂਦਾ ਹੈ। ਕਹਿੰਦੇ -

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥*** ***ਅੰਗ - 1103***

ਦੱਸੋ ਅਧਰਮ ਕਿਹੜੀ ਚੀਜ਼ ਨੂੰ ਕਹੋਂਗੇ। ਵੱਢ-ਵੱਢ ਕੇ ਜਾਨਵਰ ਖਾਂਦਾ ਹੈਂ ਤੂੰ ਅਧਰਮ ਕਿਹੜੀ ਚੀਜ਼ ਗੱਲ ਨੂੰ ਕਹੇਂਗਾ ਤੇ ਫੇਰ ਵੱਡਾ ਬਣਿਆ ਹੋਇਆ ਹੈਂ।

***ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥***

***ਅੰਗ - 1103***

ਫੇਰ ਕਸਾਈ ਕਿਹੜਾ ਰਹਿ ਗਿਆ, ਦਇਆ ਤੇਰੇ ਅੰਦਰ ਪੈਦਾ ਨਹੀਂ ਹੋਈ। ਦਇਆ ਤੋਂ ਬਗੈਰ ਧਰਮ ਨੇ ਪੈਦਾ ਨਹੀਂ ਹੋਣਾ। ਧਰਮ ਦੇ ਦਸ ਥੰਮ ਹੁੰਦੇ ਨੇ। ਉਹ ਗੁਣ ਕਿੱਥੋਂ ਆ ਜਾਏਗਾ। ਸ਼ੀਲ, ਸੁੱਚਤਾ ਕਿੱਥੋਂ ਆ ਜਾਏਗੀ। ਉਹ ਤਾਂ ਆਉਣੇ ਹੀ ਨਹੀਂ। ਧਰਮ ਪੈਦਾ ਹੁੰਦਾ ਹੈ ਪਹਿਲਾਂ, ਕਹਿੰਦੇ ਧਰਮ ਨੂੰ ਲਿਆ, ਦਇਆ ਦੇ ਪੁੱਤਰ ਨੂੰ। ਧੀਰਜ ਨੇ ਕਾਹਲਾਪੁਣ ਖਤਮ ਕਰ ਦਿੱਤਾ। ਵਸਤ ਵਿਚਾਰ ਨਾਲ ਕਾਮ ਨਾਲ ਲੜਾਈ ਸ਼ੁਰੂ ਕਰੀ। ਇਸਤ੍ਰੀ ਨੂੰ ਦੇਖ ਕੇ ਪੁਰਸ਼, ਪੁਰਸ਼ ਨੂੰ ਦੇਖ ਕੇ ਇਸਤ੍ਰੀ ਮਨ 'ਚ ਖਿੱਚ ਖਾਂਦੀ ਹੈ ਕੀ ਹੈ ਇਹਦੇ ਵਿਚ? ਗੰਦ ਮੰਦ ਹੈ। ਮਹਾਰਾਜ ਕਹਿੰਦੇ -

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥*** ***ਅੰਗ - 374***

ਗਾਰਵੇਜ ਬੈਗ ਹੈ ਟੱਟੀ ਪੇਸ਼ਾਬ ਦਾ। ਇਹਦੇ ਅੰਦਰ ਤਾਂ ਇੱਕੋ ਚੀਜ਼ ਸੁੱਚੀ ਹੈ -

***ਏਕ ਵਸਤੁ ਬੂਝਹਿ ਤਾ ਹੋਵਹਿ ਪਾਕ ॥***
***ਬਿਨੁ ਬੂਝੇ ਤੂੰ ਸਦਾ ਨਾਪਾਕ ॥*** ***ਅੰਗ - 374***

ਉਹ ਵਸਤੂ ਵਿਚਾਰ ਨੇ ਕਾਮ ਦੀ ਜੜ੍ਹ ਕੱਟ ਦਿੱਤੀ। ਖਿਮਾ ਲਈ, ਖਿਮਾ ਨੇ ਕ੍ਰੋਧ ਨੂੰ ਮਾਰ ਲਿਆ। ਵਿਵੇਕ ਬੁੱਧੀ ਲਈ, ਵਿਵੇਕ ਬੁੱਧੀ ਨੇ ਮੋਹ ਨੂੰ ਖਤਮ ਕਰ ਦਿੱਤਾ। ਨਿਮਰਤਾ ਨੇ ਹੰਕਾਰ ਮਾਰ ਦਿੱਤਾ। ਸਮਤਾ ਨੇ ਈਰਖਾ ਮਾਰ ਦਿੱਤੀ, ਕਹਿੰਦੇ ਆਹ ਲੜਾਈ ਅਸੀਂ ਕਰਨ ਲੱਗ ਗਏ।

ਫੇਰ ਸਾਡੇ ਨਾਲ ਸੀਗੇ ਕੌਣ? ਕਹਿੰਦੇ, ਸਾਧੂ ਦੀ ਸੰਗਤ ਸੀ, ਮਹਾਂਪੁਰਸ਼ ਦੀ।

***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥***

***ਅੰਗ - 1162***

ਸਾਧੂਆਂ ਦੀ, ਬੰਦਗੀ ਕਰਨ ਵਾਲਿਆਂ ਦੀ ਸੰਗਤ 'ਚ ਬੈਠ ਕੇ ਗੁਰੂ ਦੀ ਕ੍ਰਿਪਾ ਨਾਲ ਫੜ ਲਿਆ ਮਨ। ਕਾਬੂ ਕਰ ਲਿਆ ਮਨ। ਜਦੋਂ ਮਨ ਕਾਬੂ ਹੋ ਗਿਆ -

***ਮਨ ਜੀਤੈ ਜਗੁ ਜੀਤੁ।***

ਜੇ ਮਨ ਜੀਉਂਦਾ ਹੈ -

***ਮਨ ਰਿਪੁ ਜੀਤੇ ਸਭ ਰਿਪੁ ਜੀਤੇ।***

ਮਨ ਦੁਸ਼ਮਣ ਜੀਉਂਦਾ ਹੈ ਤਾਂ ਸਭ ਦੁਸ਼ਮਣ ਜੀਉਂਦੇ ਨੇ-

***ਮਨ ਰਿਪੁ ਜਿੱਤੇ ਸਭ ਰਿਪੁ ਜਿੱਤੇ।***

ਜੇ ਮਨ ਦੁਸ਼ਮਣ ਜਿੱਤ ਲਿਆ, ਸਾਰੇ ਦੁਸ਼ਮਣ ਜਿੱਤ ਲਏ। ਕਹਿੰਦੇ ਗੜ੍ਹ ਦਾ ਰਾਜਾ ਫੜ ਲਿਆ।

***ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥***

***ਅੰਗ - 1162***

ਸਿਮਰਨ ਦੀ ਸ਼ਕਤੀ ਦੇ ਨਾਲ ਤੇ ਸਾਧਸੰਗਤ ਦੇ ਕਿਲੇ 'ਚ ਬੈਠ ਕੇ ਪ੍ਰਮੇਸ਼ਰ ਦੇ ਪਿਆਰਿਆਂ ਦੀ ਭੀੜ ਦੇ ਵਿੱਚ ਬੈਠ ਕੇ ਕਰਿਆ ਕੀ ਅਸੀਂ? ਕਾਲ ਦੀ ਫਾਂਸੀ ਕੱਟ ਦਿੱਤੀ ਗਲ ਵਿਚੋਂ। ਟਾਈਮ ਦੇ ਵਿਚੋਂ ਉਪਰ ਹੋ ਗਏ।

***ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥***

***ਅੰਗ - 1162***

ਦਸਵੇਂ ਦੁਆਰੇ 'ਚ ਚੜ੍ਹ ਗਿਆ, ਗੜ੍ਹ ਦੇ ਆਖਰੀ ਹਿੱਸੇ 'ਚ ਤੇ ਹੁਣ ਉਥੇ ਜਾ ਕੇ ਅਬਿਨਾਸ਼ੀ ਰਾਜ ਮਿਲ ਗਿਆ। ਉਥੇ ਫੁਰਨਾ ਸ਼ਾਂਤ ਹੋ ਗਿਆ। ਪ੍ਰਮੇਸ਼ਰ aboard ਵਿੱਚ ਚਲਿਆ ਗਿਆ। ਜਿੱਥੇ ਵਾਹਿਗੁਰੂ ਰਹਿੰਦਾ ਸੀ, ਕਬੀਰ ਸਾਹਿਬ ਕਹਿੰਦੇ ਹੈਰਾਨੀ ਦੀ ਗੱਲ ਹੋਈ, ਮੈਂ ਤਾਂ ਤੂੰ ਤੂੰ ਕਰਦਾ ਸੀ ਪਰ ਹੋਇਆ ਕੀ? -

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***

***ਅੰਗ - 1375***

ਹੁਣ ਕਹਿਣ ਕੀ ਲੱਗ ਗਏ? ਕਹਿੰਦੇ ਹੁਣ ਤਾਂ ਕਬੀਰ ਦਾ ਹੀ ਪਤਾ ਨਹੀਂ ਲਗਦਾ -

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥***

***ਅੰਗ - 969***

ਸੋ ਇਸ ਤਰ੍ਹਾਂ ਇਹ ਪਦਵੀ ਧਰੂੰ ਨੂੰ ਪ੍ਰਾਪਤ ਹੋ ਗਈ ਸਾਧਸੰਗਤ

ਜੀ। ਪੰਜ ਸਾਲ ਬੱਚਾ, ਮਹਾਰਾਜ ਕਹਿੰਦੇ ਦੇਖੋ, ਉਹਨੇ ਪ੍ਰਮੇਸ਼ਰ ਦੀ ਸ਼ਰਨ ਲਈ।

***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ***
***ਅਰੁ ਨਿਰਭੈ ਪਦੁ ਪਾਇਆ ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥***
***ਅੰਗ - 632***

ਹੁਣ ਸਾਨੂੰ ਕਹਿੰਦੇ ਨੇ ਤੁਸੀਂ ਬਈ ਦੱਸੋ, ਤੁਸੀਂ ਕਿਉਂ ਵਿਸਾਰੀ ਬੈਠੇਂ ਓਂ ਉਸਨੂੰ। ਮਹਾਰਾਜ ਅੱਗੇ ਅਰਦਾਸ ਕਰੋ ਆਪਣੀ ਵੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ

ਅਨੰਦ ਸਾਿ0

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ ਅੰਗ - 522

ਘਰ ਨਾ ਛੱਡ, ਜੁਗਤ ਪਾਲ, ਗੁਰੂ ਦੇ ਹੁਕਮ ਨੂੰ ਮੰਨ। ਗੁਰੂ ਤਾਂ ਕਹਿੰਦਾ ਹੀ ਨਹੀਂ ਕਿ ਘਰ ਛੱਡ। ਗੁਰੂ ਤਾਂ ਕਹਿੰਦਾ ਹੀ ਨਹੀਂ ਕਿ ਘਰ ਛੱਡ। ਗੁਰੂ ਕਹਿੰਦਾ ਹੈ, ਜਿੱਥੇ ਕੰਮ ਕਰਦਾ ਹੈਂ, ਪੂਰੀ ਤਨ ਦੇਹੀ ਨਾਲ ਕਰ। ਕਿਸਾਨ ਬਣਿਆ ਹੋਇਆ ਹੈਂ, ਪੂਰੀ ਖੇਤੀ ਕਰ। ਘੱਟ ਨਾ ਤੇਰੇ ਖੇਤਾਂ 'ਚੋਂ ਨਿਕਲੇ, ਤੈਨੂੰ ਪ੍ਰਮੇਸ਼ਰ ਨੇ ਜ਼ਮੀਨ ਦਿੱਤੀ ਹੋਈ ਹੈ। ਜ਼ਮੀਨ 'ਚੋਂ ਤੂੰ ਅਨਾਜ ਪੈਦਾ ਕਰਨਾ ਹੈ, ਉਹ ਅਨਾਜ ਪ੍ਰਮੇਸ਼ਰ ਦੀ ਦੁਨੀਆਂ ਨੇ ਖਾਣਾ ਹੈ। ਤੈਨੂੰ ਵੱਡਾ ਜੋਬ (ਸਰਕਾਰੀ ਨੌਕਰੀ) ਦਿੱਤਾ ਹੈ, ਟਰਕਾਅ ਨਾ ਲੋਕਾਂ ਨੂੰ ਕਿ ਮੈਨੂੰ ਤੇਰੀ ਫਾਈਲ ਨਹੀਂ ਲੱਭਦੀ । ਕੱਲ੍ਹ ਨੂੰ ਆਈਂ, ਪਰਸੋਂ ਨੂੰ ਆਈਂ, ਤੂੰ ਕਿੰਨਾ ਦੋਸ਼ੀ ਬਣਦਾ ਹੈਂ। ਇੱਕ ਪਾਸੇ ਨਿਤਨੇਮ, ਕਰਦਾ ਹੈਂ ਇੱਕ ਪਾਸੇ ਲੋਕਾਂ ਨੂੰ ਟਰਕਾਈ ਜਾਂਦਾ ਹੈਂ। ਪੈਸੇ ਮੰਗਦਾ ਹੈਂ ਰਿਸ਼ਵਤਾਂ ਖਾਂਦਾ ਹੈਂ, ਪ੍ਰੇਮੀਆਂ! ਇਹ ਇੱਥੇ ਹੀ ਰਹਿ ਜਾਣਾ ਹੈ ਸਭ ਕੁਛ। ਅੱਗੇ ਨਹੀਂ ਜਾਣਾ, ਰੱਬ ਦੇ ਰਾਹ ਨੂੰ ਪਛਾਣ। ਇਮਾਨਦਾਰੀ ਨਾਲ ਕੰਮ ਕਰ। ਸੋ ਸਾਨੂੰ ਗੁਰੂ ਨਠਾਉਂਦਾ ਨਹੀਂ। ਨੱਠਿਆਂ ਹੋਇਆਂ ਨੂੰ ਕਹਿੰਦਾ ਹੈ -

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।

ਭਾਈ ਗੁਰਦਾਸ ਜੀ, ਵਾਰ 1/29

ਗੋਰਖਨਾਥ ਇੱਥੇ ਸਮਾਧੀਆਂ ਲਾ ਰਿਹਾ ਹੈਂ ਤੇ ਸਮਾਜ ਦਾ ਬੁਰਾ ਹਾਲ ਹੋ ਰਿਹਾ ਹੈ। ਆਤਮ ਅਨੰਦ ਤੂੰ ਇੱਥੇ ਬੈਠਾ ਲੈ ਰਿਹਾ ਹੈ, ਪ੍ਰਮੇਸ਼ਰ ਦਾ ਰੂਪ ਸਮਝ ਕੇ ਉਥੇ ਅੱਖਾਂ ਖੁਲ੍ਹੀਆਂ ਨਾਲ ਆਤਮ ਅਨੰਦ ਲੈ। ਇਹ ਤੇਰੀ ਬਹਾਦਰੀ ਹੈ, ਛੁਪ ਜਾਣਾ, ਦੌੜ ਜਾਣਾ ਬਹਾਦਰੀ ਨਹੀਂ ਹੁੰਦਾ। ਵਿੱਚ ਰਹਿ ਸੰਸਾਰ ਦੇ, ਵਿੱਚ ਰਹਿ ਕੇ ਦੁੱਖ ਸੁੱਖ ਪਹਿਲਾਂ ਆਪ ਭੋਗ, ਫੇਰ ਦੁਨੀਆਂ ਨੂੰ ਦੱਸ ਕਿ ਇਹਦਾ ਆਹ ਇਲਾਜ ਹੋ ਸਕਦਾ ਹੈ, ਮੇਰੇ ਨਾਲ ਇਸ ਤਰ੍ਹਾਂ ਹੋਈ ਸੀ, ਐਸ ਤਰ੍ਹਾਂ ਮੈਂ ਬਚਿਆ ਸੀ। ਮਹਾਰਾਜ ਕਹਿੰਦੇ ਉਹ ਇਲਾਜ ਹੈ ਪ੍ਰਮੇਸ਼ਰ ਦਾ ਨਾਮ। ਸੋ ਨਠਾਉਂਦੇ ਨਹੀਂ ਗੁਰੂ ਸਾਹਿਬ।

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ